

# ਹੀਰਾ ਮੰਡੀ ਲਾਹੌਰ ਦੀ

ਫੌਜ਼ੀਆ ਸਈਦ

www.PunjabiLibrary.com

# ਹੀਰਾ ਮੰਡੀ ਲਹੌਰ ਦੀ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਹੀਰਾ ਮੰਡੀ ਲਹੌਰ ਦੀ

ਫੌਜ਼ੀਆ ਸਈਦ

By arrangement with Oxford University Press Karachi
© Oxford University Press Karachi

HERTFORDSHIRE
LIBRARIES

46265889X ba044777

BOOKS ASIA 18/10/2011

PUN 306.742 £15.00

www.booksasia.co.uk

**Hira Mandi Lahore Di**

*by*

**Fouzia Saeed**

2011
Published by Science and General Publishers
S.C.O. 26-27, Sector 34 A, Chandigarh-160022
India
Ph.0172-5089761, 98150-00873
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)

*© 2011*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


| | | |
|---|---|---|
| • | ਦੋ ਸ਼ਬਦ | 7 |
| • | ਜਾਣ ਪਛਾਣ | 15 |
| • | ਧੰਨਵਾਦ | 21 |
| 1. | ਨਜ਼ਰੋਂ ਉਹਲੇ | 23 |
| 2. | ਸ਼ਾਹੀ ਮੁਹੱਲਾ-ਦਿਨੇਂ ਤੇ ਰਾਤੀਂ | 29 |
| 3. | ਲਾਲ ਬੱਤੀ ਇਲਾਕੇ ਵਿਚ ਇਕ ਪੀ. ਐਚ. ਡੀ. ਕੁੜੀ | 33 |
| 4. | ਮੁਹੱਲੇ ਵਿਚ ਮੇਰਾ ਪਹਿਲਾ ਸੰਪਰਕ | 42 |
| 5. | ਸ਼ਾਹੀ ਮੁਹੱਲੇ ਲਈ ਬਦਲਵਾਂ ਰਾਹ: ਸਾਜ਼ਿੰਦੇ | 50 |
| 6. | ਕਹਾਣੀਆਂ ਦੀ ਸ਼ੁਰੂਆਤ | 57 |
| 7. | ਤੇਲ ਤੇ ਪਾਣੀ ਦਾ ਅਟੁੱਟ ਸਬੰਧ | 71 |
| 8. | ਸਾਡੇ ਸਮਿਆਂ ਦੇ ਸਭ ਤੋਂ ਵੱਡੇ ਦੱਲੇ ਨਾਲ ਮੁਲਾਕਾਤ | 83 |
| 9. | ਨਵੇਂ ਸਾਲ ਦੀ ਪਹਿਲੀ ਸ਼ਾਮ | 98 |
| 10. | ਪਸੰਦ | 112 |
| 11. | ਤਿੰਨ ਨਾਚੀਆਂ | 122 |
| 12. | ਪਮੀ ਦਾ ਟੱਬਰ | 130 |
| 13. | ਬੈਠਕ ਵਿਚ | 137 |
| 14. | ਪੇਸ਼ਕਾਰੀ ਕਲਾਵਾਂ ਦੀ ਅਕਾਦਮੀ | 147 |
| 15. | ਫਿਲਮ ਸਟੂਡੀਉਜ਼ ਦਾ ਗੇੜਾ | 156 |
| 16. | ਉਲਝੇ ਰਿਸ਼ਤੇ | 164 |
| 17. | ਲੈਲਾ ਦੇ ਬਾਪ ਨਾਲ ਮੁਲਾਕਾਤ | 173 |
| 18. | ਲੈਲਾ ਦੀ ਸਕੀ ਮਾਂ | 180 |
| 19. | ਬੰਦਿਆਂ ਬਾਰੇ ਕੁਝ ਹੋਰ | 186 |
| 20. | ਕੋਠਾ ਅਤੇ ਕੋਠੀਖਾਨੇ | 194 |
| 21. | ਲੈਲਾ ਦਾ ਵਿਆਹ | 207 |
| 22. | ਨਰਗਿਸ ਨਾ ਵਿਆਹ ਕਰਵਾ ਕੇ ਚੰਗੀ ਰਹੀ | 212 |

23. ਬਿਖਰੇ ਸੁਪਨੇ 219
24. ਮੁਹੱਲੇ ਵਿਚ ਆਉਣ-ਜਾਣ 224
25. ਮਿੱਟੀ ਖਾਣੀਆਂ 236
26. ਪਮੀ ਦੇ ਘਰ ਦਾ ਗੇੜਾ 246
27. ਜਗਰਾਤਾ 251
28. ਰਜ਼ੀਆ ਤੇ ਸੋਨੀ 256
29. ਯਾਦਾਂ ਦੇ ਝਰੋਖੇ 'ਚੋਂ 261
30. ਨਾਇਕਾ ਬਣਨ ਦਾ ਸਫਰ 268
31. ਜ਼ਿੰਦਾ ਰਹਿਣ ਦਾ ਇਕੋ ਰਾਹ 283
32. ਨੁਕਤਿਆਂ ਦੀ ਤਲਾਸ਼ 291
33. ਅਸਲ ਕਾਰਨ : ਚੰਦਾ ਅਤੇ ਫੌਜ਼ਾ ਨਾਲ ਗੱਲਬਾਤ 306

# ਦੋ ਸ਼ਬਦ

ਲਾਹੌਰ ਦਾ ਲਾਲ ਬੱਤੀ ਖੇਤਰ ਸ਼ਾਹੀ ਮੁਹੱਲਾ ਇਕ ਅਜਿਹਾ ਮੈਦਾਨੇ ਜੰਗ ਏ ਜਿੱਥੇ ਪਾਕਿਸਤਾਨੀ ਔਰਤ ਆਪਣੀ ਆਜ਼ਾਦੀ, ਮੁਰਾਤਬੇ ਅਤੇ ਸਮਾਜ ਵਿਚ ਆਪਣੀ ਸਹੀ ਥਾਂ ਵਾਸਤੇ ਲੜ ਰਹੀ ਏ। ਪਰ ਇਸ ਨੂੰ ਕਦੀ ਇਸ ਤਰ੍ਹਾਂ ਦੇਖਿਆ ਨਹੀਂ ਜਾਂਦਾ। ਕਈ ਵੱਖੋ-ਵੱਖਰੇ ਨਾਵਾਂ ਨਾਲ ਜਾਣੀ ਜਾਂਦੀ ਇਹ ਥਾਂ ਧਰਤੀ ਉੱਤੇ ਸਭ ਤੋਂ ਪੁਰਾਣੀਆਂ ਜਿਸਮਫਰੋਸ਼ੀ ਦੀਆਂ ਥਾਵਾਂ ਵਿਚੋਂ ਇਕ ਏ ਜਿੱਥੇ ਜਿਸਮਫਰੋਸ਼ੀ ਅਤੇ ਪੇਸ਼ਕਾਰੀ ਕਲਾਵਾਂ ਨੂੰ ਮਾਨਵੀ ਰਿਸ਼ਤਿਆ ਦੇ ਇਕ ਗੁੰਝਲਦਾਰ ਤਾਣੇ-ਬਾਣੇ ਨਾਲ ਜੋੜ ਦਿੱਤਾ ਗਿਆ ਏ।

ਕੋਈ ਵੀ ਸਾਧਾਰਨ ਸੂਝ ਰੱਖਣ ਵਾਲਾ ਨਾਗਰਿਕ ਇਸ ਇਲਾਕੇ ਦੇ ਲੋਕਾਂ ਬਾਰੇ ਅਣਜਾਣ ਹੋਣ ਦਾ ਦਿਖਾਵਾ ਨਹੀਂ ਕਰ ਸਕਦਾ ਪਰ ਉਨ੍ਹਾਂ ਲੋਕਾਂ ਦਾ ਇਹ ਹੱਕ ਹੀ ਨਹੀਂ ਸਮਝਿਆ ਜਾਂਦਾ ਕਿ ਉਨ੍ਹਾਂ ਬਾਰੇ ਕੋਈ ਕੁਝ ਜਾਣੇ। ਜਿਹੜਾ ਵੀ ਕੋਈ ਉੱਥੇ ਜਾਂਦਾ ਏ, ਭਾਵੇਂ ਇਸ ਦਾ ਬਹਾਨਾ ਉਹ ਕੋਈ ਵੀ ਲਾਵੇ, ਉਹ ਲੋਕ ਨੈਤਿਕਤਾ ਪ੍ਰਤਿ ਆਪਣੀ ਖਬਰਦਾਰੀ ਨੂੰ ਖਤਰੇ ਵਿਚ ਪਾਉਂਦਾ ਏ ਅਤੇ ਜੇ ਕੋਈ ਉਨ੍ਹਾਂ ਦੀ ਹਾਲਤ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰਦਾ ਏ ਉਹ ਉਨ੍ਹਾਂ ਦੀ ਦੁਨੀਆਂ ਅਤੇ ਆਪਣੇ ਸੰਸਾਰ ਦੋਹਾਂ ਵਿਚ ਹੀ ਵਧੇਰੇ ਖਤਰੇ ਨਾਲ ਦੋ-ਚਾਰ ਹੁੰਦਾ ਏ। ਇਸ ਸਾਰੀ ਗੱਲ ਦੀ ਭਰਪੂਰ ਤਾਈਦ ਪ੍ਰੈਸ ਦੇ ਭੱਦਰ ਪੁਰਖਾਂ ਨੇ ਕਰ ਵਿਖਾਈ ਜਦੋਂ ਫੌਜ਼ੀਆ ਸਈਦ ਵੱਲੋਂ ਸ਼ਾਹੀ ਮੁਹੱਲੇ ਦੇ ਸਭਿਆਚਾਰ ਦੇ ਅਧਿਐਨ ਦੀਆਂ ਯੋਜਨਾਵਾਂ ਦੀ ਬਦਖੋਈ ਕੀਤੀ ਗਈ। ਉਹ ਕਿਸੇ ਖਾਸ ਭੈੜੀ ਜੁੰਡਲੀ ਨਾਲ ਸਬੰਧਤ ਨਹੀਂ ਸਨ, ਬਲਕਿ ਸੁੱਚੀਮੁੱਚੀ ਉਹ ਸਿਰਫ ਹਾਵੀ ਸਮਾਜੀ ਨਜ਼ਰੀਏ ਨੂੰ ਹੀ ਝਲਕਾਅ ਰਹੇ ਸਨ।

ਇਹ ਉਹ ਖੇਤਰ ਵੀ ਏ ਜੋ ਹਕੂਮਤ ਦੇ ਸਮੁੱਚੇ ਸਿਲਸਿਲੇ ਨੂੰ ਨੰਗਾ ਕਰਦਾ ਏ। ਜ਼ੀਨਾ (ਹਦੂਦ ਲਾਗੂ ਕਰਨਾ) ਆਰਡੀਨੈਂਸ ਦੇਸ਼ ਦੇ ਤੀਜੇ ਫੌਜੀ ਹਾਕਮ ਜਨਰਲ ਜ਼ਿਆ-ਉਲ-ਹੱਕ ਨੇ 1979 ਵਿਚ ਲਾਗੂ ਕੀਤਾ ਸੀ, ਜਿਸ ਤਹਿਤ ਨਿਕਾਹ-ਬਾਹਰੇ ਸੈਕਸ ਨੂੰ ਵੱਡਾ ਅਪਰਾਧ ਕਰਾਰ ਦਿੱਤਾ ਗਿਆ ਅਤੇ ਇਸ ਵਾਸਤੇ ਬੜੀ ਸਖਤ ਸਜ਼ਾ ਦੀ ਵਿਵਸਥਾ ਰੱਖੀ ਗਈ, ਜਿਸ ਵਿਚ ਕੁਝ ਸਾਲਾਂ ਲਈ ਕੈਦ ਦੇ ਨਾਲ-ਨਾਲ ਪੱਥਰ ਮਾਰ-ਮਾਰ ਕੇ ਮਾਰ ਦੇਣ ਦੀ ਸਜ਼ਾ ਵੀ ਸ਼ਾਮਿਲ ਸੀ। ਇਸ ਕਾਨੂੰਨ ਰਾਹੀਂ ਰੰਡੀਖਾਨੇ ਦੇ ਖਾਤਮੇ ਦੀ ਵਿਵਸਥਾ ਕੀਤੀ ਗਈ। ਪਰ ਨਾ ਹੀ ਧਰਮ ਅਤੇ ਨਾ ਹੀ ਕਾਨੂੰਨ ਪਾਕਿਸਤਾਨ ਵਿਚੋਂ ਜਿਸਮਫਰੋਸ਼ੀ ਖਤਮ ਕਰ ਸਕਿਆ। ਲਾਹੌਰ ਦੇ ਰੰਡੀਖਾਨੇ, ਜਿਵੇਂ ਦੇਸ਼ ਦੇ ਬਾਕੀ ਸ਼ਹਿਰਾਂ ਅਤੇ ਕਸਬਿਆਂ ਵਿਚ ਵੀ, ਨਾ ਸਿਰਫ ਇਸ ਵੇਲੇ ਉਥੇ ਹੀ ਨੇ ਬਲਕਿ ਬੜੀ ਤੇਜੀ ਨਾਲ ਵੱਧ ਰਹੇ ਨੇ। ਬੇਜੋੜ ਢੰਗ ਨਾਲ ਜਿਸਮਫਰੋਸ਼ੀ ਵਿਚ ਹੋ ਰਿਹਾ ਵਾਧਾ ਅਜਿਹੇ ਕਾਨੂੰਨ ਉੱਤੇ ਗੰਭੀਰ ਕਿੰਤੂ ਉਠਾਉਂਦਾ ਏ ਜੋ ਲਾਗੂ ਹੀ ਨਹੀਂ ਕੀਤਾ ਜਾ ਸਕਦਾ ਅਤੇ ਉਸ ਬਹੁ-ਨਿਕਾਹ ਦੇ ਤੱਤ ਬਾਰੇ ਵੀ ਜੋ ਸਮਾਜਕ ਮੁੱਦਿਆ ਨੂੰ ਕਾਨੂੰਨ-ਵਿਵਸਥਾ ਦੇ ਮਾਮਲੇ

ਬਣਾਉਂਦਾ ਏ। ਜੋ ਜਿਸਮਫਰੋਸ਼ੀ ਨਾਲ ਰੋਜ਼ੀ ਕਮਾ ਰਹੇ ਨੇ ਉਨ੍ਹਾਂ ਨੂੰ ਕਾਨੂੰਨ ਦੇ ਦਾਇਰੇ ਤੋਂ ਬਾਹਰ ਰਹਿਣ ਦੇ ਸਾਧਨ ਵੀ ਜੁੜਦੇ ਰਹਿੰਦੇ ਨੇ। ਇਸ ਵਪਾਰ ਨੂੰ ਚੱਲਦਾ ਰੱਖਣ ਲਈ ਏਜੰਟ, ਦਲਾਲ, ਦੱਲੇ ਅਤੇ ਅਖੌਤੀ ਕਾਨੂੰਨ ਲਾਗੂਕਰਤਾਵਾਂ ਦਾ ਇਕ ਵਿਸਤ੍ਰਿਤ ਤਾਣਾ-ਬਾਣਾ ਫੈਲਿਆ ਹੋਇਆ ਏ। ਇਹ ਤਾਣਾ-ਬਾਣਾ ਦੁਨੀਆਂ ਦੇ ਸਭ ਤੋਂ ਪੁਰਾਣੇ ਪੇਸ਼ੇ ਵਿਚ ਪਏ ਲੋਕਾਂ ਦਾ ਕੁਝ ਨਹੀਂ ਸਵਾਰਦਾ ਬਲਕਿ ਇਹ ਉਨ੍ਹਾਂ ਦੇ ਗਾਹਕਾਂ ਦੀ ਸੇਵਾ ਲਈ ਏ, ਭਾਵੇਂ ਜਿਸਮ ਵਪਾਰ ਦੇ ਧੰਦੇ ਵਿਚ ਉਨ੍ਹਾਂ ਦੀ ਲਿਪਤਤਾ ਨੂੰ ਮਾੜਾ-ਮੰਦਾ ਹੀ ਮੰਨਿਆ ਜਾਂਦਾ ਏ, ਜਿਸਮ ਫਰੋਸ਼ਾਂ ਨਾਲੋਂ ਕਾਫੀ ਉੱਚਾ  ਹੀ ਰਹਿੰਦਾ ਏ।

ਸ਼ਾਹੀ ਮੁਹੱਲੇ ਦੇ ਰੰਡੀਖਾਨਿਆਂ ਦੇ ਕਾਇਮ ਰਹਿਣ ਦਾ ਸਪਸ਼ਟ ਕਾਰਨ ਇਹੀ ਏ ਕਿ ਉਸ ਨੂੰ ਮਨੋਰੰਜਨ ਦੀਆਂ ਰਵਾਇਤੀ ਥਾਵਾਂ ਦਾ ਦਰਜਾ ਅਜੇ ਵੀ ਪ੍ਰਾਪਤ ਏ ਜਿੱਥੇ ਫਿਲਮ ਨਿਰਮਾਤਾ ਅਤੇ ਮੰਚ ਸੰਚਾਲਕ ਦਿਲਕਸ਼ ਜਿਸਮਾਂ ਅਤੇ ਅਦਾਕਾਰੀ ਦੀਆਂ ਕੁਸ਼ਲਤਾਵਾਂ ਦੀ ਭਾਲ ਵਿਚ ਆਉਂਦੇ ਰਹਿੰਦੇ ਨੇ। ਇਨ੍ਹਾਂ ਗਤੀਵਿਧੀਆਂ ਨੂੰ ਅਜੇ ਉਸ ਕਾਨੂੰਨ ਦੀ ਸੂਚੀ ਵਿਚ ਨਹੀਂ ਜੋੜਿਆ ਗਿਆ ਏ, ਭਾਵੇਂ ਧਾਰਮਕ ਕੱਟੜਵਾਦੀ ਇਨ੍ਹਾਂ ਸਾਰੀਆਂ ਪੇਸ਼ਕਾਰੀ ਕਲਾਵਾਂ ਨੂੰ ਬੰਦ ਕਰਨ ਲਈ ਜ਼ੋਰ-ਸ਼ੋਰ ਨਾਲ ਰੌਲਾ ਪਾ ਰਹੇ ਨੇ ਜਿਸ ਨੂੰ ਉਹ ਲੱਚਰਤਾ ਦੀ ਚੇਪੀ ਥੱਲੇ ਹੀ ਰੱਖਦੇ ਨੇ।

ਜਿਸਮਫਰੋਸ਼ੀ ਅਤੇ ਪੇਸ਼ਕਾਰੀ ਕਲਾਵਾਂ ਵਿਚ ਸਾਂਝਾ-ਗਾਂਢਾ ਉਨਾਂ ਹੀ ਪੁਰਾਣਾ ਏ ਜਿੰਨਾ ਖੁਦ ਇਹ ਰੰਡੀਗਿਰੀ ਦਾ ਧੰਦਾ ਏ। ਇਹ ਭਾਵੇਂ ਕਿਸੇ ਵੀ ਰੂਪ ਵਿਚ ਸ਼ੁਰੂ ਹੋਇਆ ਹੋਵੇ ਜਿਸਮ ਫਰੋਸ਼ ਇਕੋ ਵੇਲੇ ਹੀ ਮਰਦ-ਪ੍ਰਧਾਨ ਸਮਾਜ ਅਤੇ ਇਸ ਨੂੰ ਚੁਣੌਤੀ ਦੇਣ ਵਾਲੇ ਬਾਗੀ ਦੋਹਾਂ ਦਾ ਹੀ ਸ਼ਿਕਾਰ ਰਹੀਆਂ ਨੇ। ਜਿਨ੍ਹਾਂ ਨੂੰ ਧਾਰਮਕ ਜਾਂ ਹੋਰ ਕਿਸੇ ਦੁਨਿਆ ਵੀ ਸੱਤਾ ਨੇ ਜਿਸਮਫਰੋਸ਼ੀ ਵਿਚ ਨਾ ਧੱਕਿਆ ਹੋਵੇ ਉਹ ਸਮਾਜੀ ਬੰਧਨਾਂ ਤੋਂ ਛੁਟਕਾਰਾ ਪਾਉਣ ਲਈ ਇਸ ਵਿਚ ਆ ਗਈਆਂ, ਉਹ ਨਾ ਸਿਰਫ ਆਪਣੇ ਜਿਸਮ ਜਾਂ ਜੋ ਚੰਗਾ ਲਗਦਾ ਸੀ ਉਹ ਕਰਨ ਲਈ ਆਜ਼ਾਦੀ ਚਾਹੁੰਦੀਆਂ ਸੀ ਬਲਕਿ ਆਪਣੇ ਤੁਰਨ-ਫਿਰਨ ਅਤੇ ਜੀਵਨ-ਜਾਚ ਵਾਸਤੇ ਵੀ ਆਪਣੇ ਨੇਮਾਂ ਦੀ ਆਜ਼ਾਦੀ ਚਾਹੁੰਦੀਆਂ ਸਨ। ਸੰਗੀਤ ਅਤੇ ਨਾਚ ਅਜਿਹੀ ਆਜ਼ਾਦੀ ਲਈ ਬੁਨਿਆਦੀ ਸਾਧਨ ਸਨ।

ਲਾਹੌਰ ਅਤੇ ਪਾਕਿਸਤਾਨ ਦੇ ਹੋਰ ਸ਼ਹਿਰ ਜਿਸਮਫਰੋਸ਼ੀ ਦੇ ਸਭਿਆਚਾਰ ਵਿਚ ਉਪਮਹਾਂਦੀਪ ਦੀਆਂ ਪੁਰਾਣੀਆਂ ਰਾਜਧਾਨੀਆਂ ਨਾਲੋਂ ਕਾਫੀ ਬਾਦ ਵਿਚ ਉਤਰੇ-ਮਹਾਬਲੀਪੁਰਮ, ਲਖਨਊ, ਦਿੱਲੀ। ਪਰ ਤਵਾਇਫਾਂ ਹੁੰਦੀਆਂ ਸਨ ਅਤੇ ਕਈਆਂ ਦੀ ਤਾਕਤ ਤਾਂ ਆਪਣੇ ਸਰਪ੍ਰਸਤਾਂ ਦੇ ਬਰਾਬਰ ਹੁੰਦੀ ਸੀ। ਉਸ ਵੇਲੇ ਦੇ ਉੱਤਰੀ ਭਾਰਤ ਵਿਚ ਮੁਸਲਿਮ ਹਕੂਮਤ ਸਥਾਪਤ ਹੋਣ ਨਾਲ, ਜਿਸਦੇ ਉੱਤਰ-ਪੱਛਮੀ ਹਿੱਸੇ ਤੋਂ ਹੁਣ ਪਾਕਿਸਤਾਨ ਬਣਿਆ ਏ, ਉਸ ਨੇ ਜਿਸਮਫਰੋਸ਼ਾਂ ਦੇ ਰੁਤਬੇ ਵਿਚ ਤਿੱਖੀ ਤਬਦੀਲੀ ਲਿਆਂਦੀ। ਜਦੋਂ ਕਿ ਪਿਛਲੇ ਧਾਰਮਕ ਆਗੂ ਜਿਸਮਫਰੋਸ਼ਾਂ ਨੂੰ ਇਕ ਨਾ ਬਚ ਸਕਣ ਵਾਲੀ ਬੁਰਾਈ ਮੰਨਦੇ ਸਨ, ਇਸਲਾਮ ਦੇ ਪੈਰੋਕਾਰਾਂ ਨੇ ਬਿਨ੍ਹਾਂ ਕਿਸੇ ਹਿਚਕ ਏ, ਉਸਨੂੰ ਸਰਾਪੀ ਹੋਈ ਚੀਜ਼ ਐਲਾਨ ਦਿੱਤਾ। ਤਵਾਇਫ ਦੀ ਥਾਂ, ਜੋ ਆਪਣੇ ਲਬੋ-ਲੁਆਬ ਨਾਲ ਰਾਜਿਆਂ-ਮਹਾਰਾਜਿਆਂ ਦੇ ਦਿਲ ਮੋਹ ਲੈਂਦੀ ਸੀ, ਸੁੰਗੜ ਗਈ ਅਤੇ ਇਸੇ ਕਾਰਨ ਇਹ ਹਰਮਾਂ ਵਾਲਾ ਸਿਲਸਿਲਾ ਚਾਲੂ ਹੋਇਆ। ਪਰ ਸਮੁੱਚੇ ਸੁਲਤਾਨੀ ਦੌਰ

ਵਿਚ ਸਾਨੂੰ ਤਵਾਇਫਾਂ ਅਤੇ ਨਾਚੀਆ ਬਾਰੇ ਜਿਕਰ ਮਿਲਦੇ ਨੇ ਜਿਨ੍ਹਾਂ ਦਾ ਰੁਤਬਾ ਰਾਜੇ ਦੇ ਪਿਆਰਿਆਂ ਵਿਚ ਸਭ ਤੋਂ ਉੱਤੇ ਹੁੰਦਾ ਸੀ। ਉਹ ਸਾਰੇ ਸ਼ਾਹੀ ਜਸ਼ਨਾਂ ਵਿਚ ਮਨੋਰੰਜਨ ਪੇਸ਼ ਕਰਦੇ ਸਨ। ਉਨ੍ਹਾਂ ਦਾ ਸੁਹੱਪਣ ਅਤੇ ਅਦਾਕਾਰੀ ਦਰਬਾਰ ਲਈ ਬੜੀ ਕਮਾਲ ਦੀ ਚੀਜ਼ ਸਮਝੀ ਜਾਂਦੀ ਸੀ। ਪਰ ਅੰਤਮ ਵਿਸ਼ਲੇਸ਼ਣ ਇਹ ਕਹਿੰਦਾ ਏ ਕਿ ਔਰਤ ਨੇ ਬਤੌਰ ਇਕ ਬੀਵੀ ਏ, ਕਿਸੇ ਹੋਰ ਧਰਤੀ ਦੀ ਤਵਾਇਫ ਤੋਂ ਧੱਕੇ ਨਾਲ ਵਾਧੂ ਲਾਹਾ ਖੱਟਿਆ ਅਤੇ ਇਕ ਆਮ ਚਾਲੂ ਔਰਤ ਦੇ ਤੌਰ ਤੇ ਤਾਕਤ ਅਤੇ ਧਨ ਵੀ। ਇਸ ਤਰ੍ਹਾਂ ਅਸੀਂ ਇਬਨ ਬਤੂਤਾ ਨੂੰ ਦੇਖਦੇ ਹਾਂ ਕਿ ਉਹ ਦੇਖਦਾ ਏ ਕਿ ਨਾਚੀਆਂ ਦੀ ਅਗਵਾਈ ਕਰਨ ਵਾਲੀ ਮੁਹੰਮਦ ਤੁਗਲਕ ਦੇ ਦਰਬਾਰ ਦੀ ਤੀਵੀਂ ਰਾਜਿਆਂ ਦੇ ਘਰਾਣੇ ਵਿਚੋਂ ਸੀ। ਕਿਹਾ ਜਾਂਦਾ ਏ ਕਿ ਜਹਾਂਗੀਰ ਦੇ ਹਰਮ ਵਿਚ ਕਰੀਬ 6000 ਰਖੇਲਾਂ ਸਨ ਜਿਨਾਂ ਵਿਚ ਚੀਨੀ ਕਾਕੇਸ਼ਿਆਈ ਅਤੇ ਅਫਰੀਕੀ ਔਰਤਾਂ ਵੀ ਸ਼ਾਮਲ ਸਨ ਜਿਵੇਂ ਕਿ ਇਹ ਰਾਜੇ ਦੀ ਵਡਿਆਈ ਦਿਖਾਉਂਦੀਆਂ ਹੋਣ, ਭਾਵੇਂ ਇਹ ਪ੍ਰਭੁਤਾ ਨਾ ਵੀ ਦਿਖਾਉਂਦੀਆਂ ਹੋਣ ਉਨ੍ਹਾਂ ਦੇਸ਼ਾਂ ਤੇ ਜਿੱਥੇ ਉਹ ਜੰਮੀਆਂ ਸਨ। ਐਪਰ, ਮੁਗਲਾਂ ਨੇ ਪੇਸ਼ਕਾਰੀ ਕਲਾਵਾਂ ਨੂੰ ਸਰਪ੍ਰਸਤੀ ਦਿੱਤੀ ਅਤੇ ਇਸ ਨੇ ਇਹ ਸੰਭਾਵਨਾ ਕਾਇਮ ਰੱਖੀ ਕਿ ਇਕ ਚੰਗੀ ਨਾਚੀ ਜਾਂ ਗਾਇਕਾ ਵੇਸ਼ਵਾ ਦਾ ਉੱਚਾ ਥਾਂ ਪ੍ਰਾਪਤ ਕਰ ਸਕਦੀ ਸੀ। ਮੁਗਲਾਂ ਦੇ ਰਾਜ ਵਿਚ ਰੰਡੀਗਿਰੀ ਬਹੁਤ ਹੀ ਫੈਲੀ ਤੇ ਵਧੀ।

ਮੁਗਲਾਂ ਦੀ ਹਕੂਮਤ ਦੇ ਜਾਣ ਅਤੇ ਸਿੱਖਾਂ ਦੀ ਹਕੂਮਤ ਦੇ ਆਉਣ ਨਾਲ ਪੰਜਾਬ ਅਤੇ ਸਰਹਦ ਵਿਚ ਰੰਡੀਗਿਰੀ ਦੇ ਖਿਲਾਫ ਸਮਾਜਕ ਮਨਾਹੀਆਂ ਘਟੀਆਂ ਅਤੇ ਇਹ ਖੁੱਲ ਕੇ ਸਾਹਮਣੇ ਆਈਆਂ। ਸਿੱਖ ਰਾਜ ਦੇ ਖਾਤਮੇ ਤੋਂ ਬਾਦ ਬਰਤਾਨਵੀਆਂ ਦੇ ਆਉਣ ਨਾਲ ਨਵੀਂ ਤਰ੍ਹਾਂ ਦੀ ਰੰਡੀਗਿਰੀ ਦਾ ਧੰਦਾ ਸਾਮਹਣੇ ਆਇਆ। ਸ਼ਾਹੀ ਮੁਹੱਲੇ ਵਿਚ ਦੌਲਤਮੰਦ ਲੋਕਾ ਦਾ ਨਵਾ ਪੋਚ ਦਿਖਾਈ ਦੇਣ ਲੱਗਾ। ਅਦਬੀ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਬਦਲ ਗਈਆਂ। ਅਰਬੀ ਅਤੇ ਫਾਰਸੀ ਦੇ ਅਖ਼ਬਾਰਾਂ ਦੇ ਪ੍ਰਕਾਸ਼ਨ ਨਾਲ ਉਰਦੂ ਅਤੇ ਅੰਗਰੇਜ਼ੀ ਭਾਸ਼ਾ ਵਿਚ ਦਵਾਈਆਂ ਦੇ ਨਾਂ ਸੁਝਾਉਣ, ਲਿਬਾਸ, ਅਤੇ ਜੀਵਨ ਜਾਚ ਬਾਰੇ ਪਿਛਲੀ ਜੀਵਨ ਜਾਚ ਦੇ ਅਤੇ ਸਭਿਆਚਾਰਕ ਪ੍ਰਗਟਾਵੇ ਬਦਲ ਦਿੱਤੇ ਗਏ। ਰੰਡੀਗਿਰੀ ਦੇ ਵਿਰਸੇ ਦੀ ਟੀਸੀ ਢਹਿ ਗਈ ਅਦਬੀ ਅਤੇ ਸਭਿਆਚਾਰਕ ਪ੍ਰਾਪਤੀਆਂ ਦੇ ਜੋ ਪਿਛਲੇ ਮਿਆਰ ਸਨ, ਜਿਨ੍ਹਾਂ ਨੇ ਰੰਡੀਆਂ ਦੇ ਮਰਦਾਂ ਉੱਤੇ ਦਾਬੇ ਨੂੰ ਬਰਕਰਾਰ ਰੱਖਣ ਵਿਚ ਮਦਦ ਕੀਤੀ ਸੀ, ਉਹ ਗੈਰਪ੍ਰਸੰਗਕ ਹੋ ਗਏ। ਸਾਰੇ ਵਰਤਾਰੇ ਉੱਤੇ ਹੇਠਲੇ ਦਰਜੇ ਦੀਆਂ ਰੰਡੀਆਂ ਦਾ ਦਾਬਾ ਕਾਇਮ ਹੋ ਗਿਆ।

ਆਜ਼ਾਦੀ ਦੇ ਪੰਜ ਦਹਾਕਿਆਂ ਦੌਰਾਨ ਸ਼ਾਹੀ ਮੁਹੱਲਾ ਗਾਹਕਾਂ ਅਤੇ ਸਰਪ੍ਰਸਤੀਆਂ ਦੀਆਂ ਕਈ ਤਬਦੀਲੀਆਂ ਵਿਚੋਂ ਗੁਜ਼ਰਿਆ। ਰਾਜੇ ਸਿਆਸਤਦਾਨ ਬਣ ਗਏ, ਜੋ ਸਭਿਆਚਾਰਕ ਪੱਧਰ ਤੇ ਕਾਫੀ ਹੇਠਲੇ ਪੱਧਰ ਤੇ ਆ ਗਏ ਅਤੇ ਰੰਡੀਆਂ ਦੀਆਂ ਪੇਸ਼ਕਾਰੀ ਕਲਾਵਾਂ ਦੇ ਮੁਕਾਬਲੇ ਉਨ੍ਹਾਂ ਦੀ ਜਿਸਮਾਨੀ ਖਿੱਚ ਵੱਲ ਵਧੇਰੇ ਦਿਲਚਸਪੀ ਰੱਖਣ ਲੱਗੇ। ਵਪਾਰੀਆਂ ਉਦਮੀਆਂ ਅਤੇ ਮੁਲਾਜਮਾਂ ਦੀ ਨਵੀਂ ਜਮਾਤ ਨੇ ਸ਼ਾਹੀ ਮੁਹੱਲੇ ਦੀ ਸਰਪ੍ਰਸਤੀ ਸਾਂਭ ਲਈ। ਨਿਰੋਲ ਗਾਇਕਾਵਾਂ ਦੇ ਰੁਤਬੇ ਵਿਚ ਨਿਘਾਰ ਆਉਣ ਕਾਰਨ ਗਾਉਣ ਅਤੇ ਨੱਚਣ ਦੀ ਕਲਾ ਵਿਚ ਤਿੱਖੀ ਗਿਰਾਵਟ ਆਈ ਅਤੇ ਆਮ ਗਸ਼ਤੀਆਂ ਵਿਚ ਵਾਧਾ ਹੋ ਗਿਆ। ਚਾਲੀ ਸਾਲ ਪਹਿਲਾਂ ਇਹ ਬੜਾ ਸੌਖਾ

ਸੀ ਕਿ ਕੋਈ ਵੀ ਸੰਗੀਤ ਪ੍ਰੇਮੀ ਕਲਾਸਕੀ ਸੰਗੀਤ ਲਈ ਬਣਾਏ ਕੋਠਿਆਂ ਵਿਚੋਂ ਕਿਸੇ ਦੀ ਚੋਣ ਕਰ ਸਕਦਾ ਪਰ ਅੱਜ ਇਹ ਖੋਜ ਬੜੀ ਸੀਮਤ ਹੋ ਚੁੱਕੀ ਸੀ। ਦੋ ਦਹਾਕੇ ਪਹਿਲਾਂ ਦੀ ਗਾਇਕਾ ਮੰਗ ਕਰਨ ਉੱਤੇ ਗਾਲਿਬ, ਇਕਬਾਲ, ਜਾਂ ਹਸਰਤ ਮੋਹਾਨੀ ਦੀਆ ਗਜ਼ਲਾਂ ਸੁਣਾਉਣ ਦੀ ਮੁਹਾਰਤ ਰੱਖਦੀ ਸੀ। ਪਰ ਹੁਣ ਉਹ ਨਸਲ ਘਟ ਚੁੱਕੀ ਏ ਅਤੇ ਜੇ ਤੁਸੀਂ ਫੈਜ਼ ਜਾਂ ਫਰਜ਼ ਦੀਆਂ ਗਜ਼ਲਾਂ ਸੁਣਦੇ ਹੋ ਤਾਂ ਇਸ ਦਾ ਸਿਹਰਾ ਸਿਨਮੇ ਦੇ ਪਰਦੇ ਉੱਤੇ ਮਹਿੰਦੀ ਹਸਨ ਜਾਂ ਗੁਲਾਮ ਅਲੀ ਰਾਹੀਂ ਆਉਣ ਨੂੰ ਜਾਂਦਾ ਏ। ਇਸ ਵੇਲੇ ਮੁੱਖ ਪ੍ਰੇਰਨਾ ਭਾਰਤੀ ਫਿਲਮਾਂ ਅਤੇ ਕੇਬਲ ਟੀ ਵੀ ਏ। ਪੇਸ਼ਕਾਰੀ ਕਲਾਵਾਂ ਅਤੇ ਰੰਡੀਗਿਰੀ ਵਿਚਕਾਰ ਗੱਠਜੋੜ ਹੋਰ ਕਾਠਾ ਹੋ ਗਿਆ ਏ। ਸਿਨਮੇ, ਮੰਚ ਅਤੇ ਵਰਾਇਟੀ ਸ਼ੋਆਂ ਨਾਲ ਛੇਤੀ ਅਮੀਰ ਹੋਣ ਦੀਆਂ ਗਾਇਕਾਵਾਂ ਅਤੇ ਗਾਇਕਾ-ਵੇਸਵਾਵਾਂ ਦੀ ਪਸੰਦ ਨੇ ਇਸ ਨੂੰ ਜ਼ਿੰਦਾ ਰੱਖਿਆ ਹੋਇਆ ਏ ਕਿਉਂਕਿ ਉਹ ਧੰਦੇ ਨਾਲ ਜੁੜੇ ਸਾਜ਼ਿੰਦਿਆਂ ਨੂੰ ਆਪਣੇ ਅਹੁਦਿਆਂ ਤੇ ਜੋੜੀ ਰੱਖਦੀਆਂ ਨੇ। ਜਿੱਥੋਂ ਤਕ ਕੰਜਰੀ ਖਾਨਿਆਂ ਦਾ ਸਬੰਧ ਏ ਸ਼ਹਿਰ ਵਿਚ ਫੈਲ ਰਹੇ ਹੋਰ ਨਵੇਂ ਅੱਡਿਆਂ ਕਾਰਨ ਸ਼ਾਹੀ ਮੁਹੱਲਾ ਪਿੱਛੇ ਛੁਟ ਰਿਹਾ ਏ। ਪਰ ਅੱਧੇ ਘੰਟੇ ਵਾਸਤੇ ਪਾਣੀ ਕੱਢਣ ਲਈ ਸ਼ਾਹੀ ਮੁਹੱਲਾ ਅਜੇ ਵੀ ਸਭ ਤੋਂ ਸਸਤਾ ਏ।

ਗਾਇਕਾਂ ਅਤੇ ਰੰਡੀਆਂ ਦੇ ਅੰਦਰੂਨੀ ਤਾਣੇ-ਬਾਣੇ ਵਿਚ ਸਦੀਆਂ ਤੋਂ ਬੜਾ ਥੋੜਾ ਫਰਕ ਪਿਆ ਏ। ਜੋ ਕੁਝ ਫੌਜ਼ੀਆ ਸਈਦ ਨੂੰ ਨਜ਼ਰ ਆਇਆ ਏ ਉਹ ਗਿਆਰਵੀਂ ਸਦੀ ਦੇ ਲਾਹੌਰ ਦੇ ਕਵੀ ਮਸੂਦ ਸਾਦ ਸਲਮਾਨ ਦੇ ਕਹੇ ਤੋਂ ਬਹੁਤਾ ਵੱਖ ਨਹੀਂ ਏ। ਆਪਣੀ ਕਵਿਤਾ ਵਿਚ ਸ਼ਾਹਜ਼ਾਦੇ ਸ਼ੀਰਜ਼ਾਦ ਦੇ ਦਰਬਾਰ ਵਿਚ ਸਾਜ਼ਿੰਦਿਆਂ ਨੂੰ ਔਰਤ ਨਾਚੀਆਂ ਸੰਗੀਤਕਾਰਾਂ ਤੋਂ ਪਹਿਲਾਂ ਗਿਣਿਆ ਗਿਆ ਏ। ਬੰਸਰੀ ਵਾਦਕ ਨੂੰ ਸਭ ਤੋਂ ਉੱਚੀ ਥਾਂ ਹਾਸਿਲ ਏ ਜਿਸਦੇ ਜੱਥੇ ਵਿਚ ਕਈ ਸਾਜਿੰਦੇ ਅਤੇ ਰੰਡੀਆਂ ਸ਼ਾਮਲ ਹੁੰਦੀਆਂ ਸਨ।[3]

ਸ਼ਾਹੀ ਮੁਹੱਲੇ ਦੀ ਖੋਜ ਦਿਲਕਸ਼ ਪਰ ਇਕ ਮੁਸ਼ਕਿਲ ਕੰਮ ਸੀ। ਇਸ ਥਾਂ ਤੇ ਕੁੜੀ ਦੇ ਜਨਮ ਨੂੰ ਮੁੰਡੇ ਦੇ ਜੰਮਣ ਤੋਂ ਵੱਧ ਅਹਿਮੀਅਤ ਦਿੱਤੀ ਜਾਂਦੀ ਏ, ਜਿਸ ਨੂੰ ਅੱਖ-ਪਰੋਖ ਕੀਤਾ ਜਾ ਸਕਦਾ ਏ ਕਿਉਂਕਿ ਉਹ ਇਕ ਮਾਇਕ ਮਜਬੂਰੀ ਹੋ ਜਾਂਦਾ ਏ । ਕੁਆਰਪੁਣੇ ਦੀ ਖਾਸ ਵਿਕਰੀ ਵੀ ਇਸੇ ਵਰਗ ਵਿਚ ਆਉਂਦੀ ਏ। ਇਸ ਨਾਲ ਕਿਸੇ ਬੁਝੜ ਨੂੰ ਦਿਲਕਸ਼ ਸਰੀਰ ਦਾ ਸੌਦਾ ਲੁਭਾਉਂਦਾ ਏ ਅਤੇ ਨਿਕਾਹ ਕਾਰਨ ਹੋਣ ਵਾਲੇ ਝਗੜੇ ਸਗੋਂ ਹੋਰ ਘਟ ਜਾਂਦੇ ਨੇ। ਪਰ ਇਸ ਸੱਭਿਆਚਾਰ ਵਿਚ ਬਹੁਤ ਕੁਝ ਅਜਿਹਾ ਏ ਜੋ ਸੁਰੱਖਿਆ ਦੀ ਰਣਨੀਤੀ ਵਿਚੋਂ ਪੈਦਾ ਹੁੰਦਾ ਏ। ਕਿਹਾ ਜਾਂਦਾ ਏ ਕਿ ਸ਼ਾਹੀ ਮੁਹੱਲਾ ਕਲਾਕਾਰਾਂ ਦੀ ਪੈਦਾਇਸ਼ਗਾਹ ਏ ਜੋ ਵੱਡੀ ਪੱਧਰ ਤੇ ਲੋਕਾਂ ਦਾ ਮਨੋਰੰਜਨ ਕਰਦੇ ਨੇ, ਅਮੀਰ ਅਤੇ ਗਰੀਬ ਦੋਹਾਂ ਦਾ, ਜੋ ਸੰਗੀਤ ਅਤੇ ਨਾਚ ਦੀ ਰਵਾਇਤ ਨੂੰ ਕਾਇਮ ਰੱਖਦੇ ਨੇ ਅਤੇ ਜਿਨ੍ਹਾਂ ਨੇ ਸਿਨਮੇ ਨੂੰ ਸਫਲ ਅਤੇ ਕਾਮਯਾਬ ਕੀਤਾ ਏ। ਐਪਰ, ਔਰਤ ਗਾਇਕਾਵਾਂ ਅਤੇ ਨਾਚੀਆਂ ਨੂੰ ਰਵਾਇਤੀ ਤੌਰ ਤੇ ਰੰਡੀਆਂ ਦੇ ਵਰਗ ਵਿਚ ਰੱਖਿਆ ਜਾਂਦਾ ਏ, ਭਾਵੇਂ ਕਿ ਉਹ ਆਪਣੇ ਜਿਸਮਾਂ ਨੂੰ ਫਰੋਸ਼ੀ ਤੇ ਨਾ ਵੀ ਲਾਉਣ, ਪਰ ਉਨ੍ਹਾਂ ਨੂੰ ਸਾਂਝੀ ਸੁੱਰਖਿਆ ਰਣਨੀਤੀ ਲਈ ਰੰਡੀਆਂ ਦੇ ਨਾਲ ਹੀ ਸ਼ਾਮਲ ਹੋਣਾ ਪੈਂਦਾ ਏ ਤਾਂ ਕਿ ਉਹ ਆਪਣੇ ਧੰਦੇ ਨੂੰ ਕੁਚਲਣ ਦੇ ਸਰਕਾਰੀ ਮਨਸੂਬਿਆਂ ਤੋਂ ਬਚਾਉ ਕਰ ਸਕਣ।

ਰੰਡੀਗਿਰੀ ਦੀ ਭੰਡੀ ਇਤਿਹਾਸ ਵਿਚ ਬਹੁਤ ਪਹਿਲਾਂ ਤੋਂ ਸ਼ੁਰੂ ਹੋ ਗਈ ਸੀ। ਮਨੂ

ਰੰਡੀਆਂ ਨੂੰ ਜੁਆਰੀਆਂ ਅਤੇ ਚੋਰਾਂ ਦੀ ਸ੍ਰੇਣੀ ਵਿਚ ਰੱਖਦਾ ਏ। ਕੋਈ ਵੇਲਾ ਸੀ ਜਦੋਂ ਉਪਮਹਾਂਦੀਪ ਦੀ ਇਕ ਹਕੂਮਤ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਰੰਡੀ ਨੂੰ ਮਾਰਨਾ ਕੋਈ ਜੁਰਮ ਨਹੀਂ। ਪਰ ਛੇਤੀ ਹੀ ਇਹ ਮਹਿਸੂਸ ਕਰ ਲਿਆ ਗਿਆ ਕਿ ਰੰਡੀਗਿਰੀ ਰਾਜ ਵਾਸਤੇ ਇਕ ਆਮਦਨ ਦਾ ਸਰੋਤ ਸੀ। ਇਸ ਲਈ ਭਾਵੇਂ ਰੰਡੀਗਿਰੀ ਤੋਂ ਪਾਬੰਦੀ ਚੁੱਕੀ ਨਹੀਂ ਗਈ ਪਰ ਬਹੁਤ ਸਾਰੇ ਹਾਕਮਾਂ ਨੇ ਇਸ ਧੰਦੇ ਨੂੰ ਨਿਯਮਿਤ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ। ਰੰਡੀਆਂ ਨੂੰ ਵਸੇਬੇ ਦੇ ਸਿਰਿਆਂ ਤੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਗਈ। ਅਕਬਰ ਨੇ ਰੰਡੀਖਾਨਿਆਂ ਵਿਚ ਜਾਣ ਵਾਸਤੇ ਇਕ ਖਾਸ ਤਰ੍ਹਾਂ ਦੀ ਯੋਜਨਾ ਤਿਆਰ ਕੀਤੀ ਸੀ ਜਿਸ ਕਰਕੇ ਇਹ ਯਕੀਨੀ ਬਣ ਸਕਦਾ ਕਿ ਇਕ ਪਾਸੇ ਤਾਂ ਰਾਜ ਦੇ ਹਿਤਾਂ ਦੀ ਰਾਖੀ ਹੁੰਦੀ ਰਹਿੰਦੀ ਅਤੇ ਦੂਜੇ ਪਾਸੋਂ ਰੰਡੀਆਂ ਅਤੇ ਗਾਹਕਾਂ ਦੇ ਹਿਤਾਂ ਦੀ ਪੂਰਤੀ ਹੁੰਦੀ ਰਹਿੰਦੀ।

ਇਹ ਨਿਯਮ ਜ਼ਰੂਰੀ ਹੋ ਗਏ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਜ ਦੇ ਕਾਰਕੁੰਨ ਆਪਣੇ ਮਨੋਰੰਜਨਕਾਰਾਂ ਦੇ ਪੂਰੀ ਤਰ੍ਹਾਂ ਹੱਥਾਂ ਵਿਚ ਨਾ ਚਲੇ ਜਾਣ। ਇਹ ਰਵਾਇਤ ਅੰਗਰੇਜ਼ਾਂ ਦੇ ਦੌਰ ਵਿਚ ਵੀ ਕਾਇਮ ਰਹੀ। ਬਹੁਤ ਸਾਰੀਆਂ ਥਾਵਾਂ ਦੇ ਲਾਲ ਬੱਤੀ ਖੇਤਰਾਂ ਵਿਚ ਫੌਜੀਆਂ ਨੂੰ ਜਾਣ ਦੀ ਮਨਾਹੀ ਸੀ। ਇਸੇ ਤਰਾਂ ਦਾ ਇਕ ਕੱਚਾ-ਪੱਕਾ ਜਿਹਾ ਨਿਯਮ ਆਜ਼ਾਦੀ ਤੋਂ ਬਾਦ ਵੀ ਰਿਹਾ ਕਿ ਮਨਮਰਜ਼ੀ ਦੀ ਜਿਸਮਫਰੋਸ਼ੀ ਨੂੰ ਬੁਰਾ ਨਹੀਂ ਸਮਝਿਆ ਜਾਂਦਾ ਸੀ ਜਿਸ ਕਾਰਨ ਇਹ ਜੁਰਮ ਨਹੀਂ ਸੀ ਕਿਉਂਕਿ ਕੁੜੀਆਂ ਨੂੰ ਚੁੱਕ-ਵੇਚ ਕੇ ਚਕਲੇ ਚਲਾਉਣਾ ਬਾਸਜ਼ਾ ਜੁਰਮ ਸਨ। ਹੁਣ ਜਿਸਮਫਰੋਸ਼ੀ ਤੇ ਪਾਬੰਦੀ ਲਾਉਣ ਦਾ ਸਵਾਲ ਹੀ ਨਹੀਂ ਉੱਠਦਾ ਕਿਉਂਕਿ ਹੁਣ ਇਹ ਗੰਭੀਰ ਜੁਰਮ ਐਲਾਨੀ ਜਾ ਚੁੱਕੀ ਏ। ਕੋਈ ਵੀ ਕਿਸੇ ਅਜਿਹੇ ਕਾਰੋਬਾਰ ਨੂੰ ਨਿਯਮਤ ਨਹੀਂ ਕਰ ਸਕਦਾ ਜੋ ਗੈਰ ਕਾਨੂੰਨੀ ਹੋਵੇ। ਤੁਸੀਂ ਤਸਕਰੀ, ਡਕੈਤੀ ਅਤੇ ਨਸ਼ਿਆਂ ਦੇ ਕਾਰੋਬਾਰ ਨੂੰ ਨਿਯਮਤ ਨਹੀਂ ਕਰ ਸਕਦੇ ਅਤੇ ਇਸੇ ਤਰ੍ਹਾਂ ਜਿਸਮਫਰੋਸ਼ੀ ਨੂੰ ਵੀ ਨਿਯਮਤ ਨਹੀਂ ਕੀਤਾ ਜਾ ਸਕਦਾ। ਇਸੇ ਕਰਕੇ ਰੰਡੀਆਂ ਦੀ ਡਾਕਟਰੀ ਜਾਂਚ ਦੇ ਪੁਰਾਣੇ ਤਰੀਕੇ ਖਤਮ ਹੋ ਗਏ ਅਤੇ ਉਹ ਨੀਮ-ਹਕੀਮਾਂ ਦੇ ਧੱਕੇ ਜਾਂ ਚੜੀਆਂ। ਉਨ੍ਹਾਂ ਨੂੰ ਬੱਚਾ ਡੇਗਣ ਅਤੇ ਹੋਰ ਕਈ ਬੀਮਾਰੀਆਂ ਤੋਂ ਬਚਣ ਲਈ ਇਨ੍ਹਾਂ ਨੀਮ-ਹਕੀਮਾਂ ਦੇ ਰਾਹ ਤੁਰਨਾ ਪਿਆ।

ਸਮਾਜ ਰੰਡੀਆਂ ਨੂੰ ਆਪਣੇ ਦਾਇਰੇ ਵਿਚੋਂ ਬਾਹਰ ਰੱਖਣ ਲਈ ਹਕੂਮਤ ਦੇ ਰਾਹ ਤੇ ਹੀ ਚੱਲਿਆ ਏ। ਰਵਾਇਤ ਇਹੀ ਰਹੀ ਏ ਕਿ ਉਨ੍ਹਾਂ ਦੀ ਹੋਂਦ ਨੂੰ ਨਕਾਰਿਆ ਜਾਏ। ਪੁਰਾਣੇ ਲਾਹੌਰ ਦੇ ਇਤਿਹਾਸਕਾਰ ਕਿਤੇ ਵੀ ਦੇਹ ਵਪਾਰ ਦੀ ਗੱਲ ਨਹੀਂ ਕਰਦੇ। ਇਸ ਵਪਾਰ ਬਾਰੇ ਜੇ ਕਿਸੇ ਨੂੰ ਪਤਾ ਲੱਗਦਾ ਏ ਤਾਂ ਇਹ ਜਾਂ ਤਾਂ ਦੱਖਣੀ ਭਾਰਤ ਦੇ ਕਲਾਸਕੀ ਸਾਹਿਤ ਤੋਂ ਲੱਗਦਾ ਏ ਜਿੱਥੇ ਇਹ ਸੰਭਵ ਸੀ ਕਿ ਜਿਸਮਫਰੋਸ਼ੀ ਬਾਰੇ ਬਿਨ੍ਹਾਂ ਕਿਸੇ ਫੂ-ਫਾਂ ਜਾਂ ਨਿਖੇਧੀ ਦੇ ਲਿਖਿਆ ਜਾ ਸਕੇ।

ਜਬਰੀ ਜਿਸਮਫਰੋਸ਼ੀ ਅਤੇ ਔਰਤਾਂ ਦੀ ਵਿਕਰੀ ਇਕ ਕਿਸਮ ਦਾ ਆਮਦਨ ਵਾਲਾ ਧੰਦਾ ਏ ਜਿਸ ਵਿਚ ਔਰਤਾਂ ਨੂੰ ਫਸਾਇਆ ਗਿਆ ਏ। ਪਿਛੜੀ ਆਮਦਨ ਵਾਲੇ ਲੋਕਾਂ ਦੀਆਂ ਕੁੜੀਆਂ ਵਿਚ ਇਹ ਜਬਰੀ ਜਿਸਮਫਰੋਸ਼ੀ ਅਕਸਰ ਹਾਵੀ ਰਹੀ ਏ ਅਤੇ ਬਹੁਤ ਥੋੜੀਆਂ ਕੁੜੀਆਂ ਅਜਿਹੀਆਂ ਰਹੀਆਂ ਨੇ ਜਿਹੜੀਆਂ ਇਸ ਤੋਂ ਬੜਾ ਜ਼ੋਰ ਲਾ ਕੇ ਬਚ ਰਹੀਆਂ ਨੇ। ਐਪਰ ਇਸ ਕੰਮ ਲਈ ਬਹੁਤ ਘੱਟ ਯਤਨ ਕੀਤੇ ਗਏ ਨੇ ਕਿ ਇਨ੍ਹਾਂ ਕੁੜੀਆਂ ਦੇ ਪੁਨਰਵਸੇਵੇ ਲਈ ਕੋਈ ਠੋਸ

ਯਤਨ ਕੀਤੇ ਗਏ ਹੋਣ।

ਪਰ ਜਬਰੀ ਜਿਸਮਫਰੋਸ਼ੀ ਨੂੰ ਰੋਕਣ ਲਈ ਬਹੁਤ ਘੱਟ ਯਤਨ ਕੀਤੇ ਗਏ ਨੇ ਅਤੇ ਜੋ ਔਰਤਾਂ ਮਨਮਰਜੀ ਨਾਲ ਘਰਦਿਆਂ ਜਾਂ ਸਮਾਜ ਦੇ ਦਮਨ ਦੇ ਖਿਲਾਫ ਬਗਾਵਤ ਕਰਕੇ ਇਸ ਧੰਦੇ ਵਿਚ ਪੈਂਦੀਆਂ ਨੇ ਜਾਂ ਜੋ ਇਸ ਦੇਹ ਵਪਾਰ ਦੇ ਧੰਦੇ ਦੇ ਵਿਚ ਰਚ ਗਈਆਂ ਨੇ ਉਹ ਆਪਣੀ ਮਰਜ਼ੀ ਨਾਲ ਇਸ ਧੰਦੇ ਵਿਚ ਫਸੀਆਂ ਹੋਈਆ ਨੇ।

ਨੈਸ਼ਨਲ ਪਲਾਨ ਆਫ ਐਕਸ਼ਨ ਦੇ ਸਥਾਪਕ, ਜੋ ਔਰਤਾਂ ਦੇ ਖਿਲਾਫ ਹਰ ਤਰ੍ਹਾਂ ਦੇ ਵਿਤਕਰੇ ਨੂੰ ਖਤਮ ਕਰਨ ਦੀ ਕਨਵੈਨਸ਼ਨ ਨੂੰ ਲਾਗੂ ਕਰਨ ਦੇ ਮਕਸਦ ਨਾਲ ਬਣਾਈ ਗਈ ਸੀ, ਉਹ ਵੀ ਜਿਸਮਫਰੋਸ਼ੀ ਨਾਲ ਸਿਝਣ ਦੇ ਢੰਗਾਂ ਬਾਰੇ ਕੁਝ ਨਹੀਂ ਸੁਝਾਉਂਦੀ। ਇਸ ਮਜ਼ਮੂਨ ਨੂੰ ਫੇਰ ਔਰਤਾਂ ਦੇ ਖਿਲਾਫ ਜ਼ਬਰ ਦੇ ਵਰਗ ਵਿਚ ਰੱਖ ਦਿੱਤਾ ਗਿਆ ਏ। ਕੰਮ ਦੀਆਂ ਥਾਵਾਂ ਤੇ ਕਾਮੁਕ ਹਿੰਸਾ ਅਤੇ ਸਮੂਹ ਬਲਾਤਕਾਰ ਅਤੇ ਹਿਰਾਸਤ ਵਿਚ ਬਲਾਤਕਾਰ, ਜਿਨਸੀ ਸਬੰਧ, ਬੱਚਿਆਂ ਨਾਲ ਕੁਕਰਮ ਆਦਿ ਦੀ ਚਰਚਾ ਕਰਨ ਤੋਂ ਬਾਦ ਇਹ ਯੋਜਨਾ ਸਿਰਫ ਇਹ ਪ੍ਰੇਖਣ ਕਰਦੀ ਏ ਕਿ ਹਿੰਸਾਂ ਦੇ ਹੋਰ ਰੂਪਾਂ ਵਿਚ, ਜਬਰੀ ਜਿਸਮਫਰੋਸ਼ੀ, ਔਰਤਾਂ ਦਾ ਵਪਾਰ ਅਤੇ ਅਜਿਹੇ ਰਿਵਾਜ ਜੋ ਬਹੂ ਦੀ ਕੀਮਤ ਮੰਗਦੇ ਨੇ, ਸ਼ਾਮਲ ਨੇ।

ਜਿਸਮਫਰੋਸ਼ਾਂ ਵਾਸਤੇ ਕੰਮ ਕਰਨ ਲਈ ਕੋਈ ਤਿਆਰ ਨਹੀਂ ਏ ਕਿਉਂਕਿ ਜਿਸਮਫਰੋਸ਼ੀ ਨੂੰ ਖਤਮ ਕਰਨ ਦਾ ਇਕੋ ਇਕ ਬਦਲ ਜਿਸ ਨੂੰ ਔਰਗਜ਼ੇਬ ਤੋਂ ਲੈ ਕੇ ਜਿਆ-ਉਲ-ਹੱਕ ਤੱਕ ਕਈ ਹਾਕਮਾਂ ਨੇ ਨਾਕਾਮਯਾਬੀ ਨਾਲ ਵਰਤਿਆ-ਜਿਸਮਫਰੋਸ਼ਾਂ ਨੂੰ ਨਿਕਾਹ ਦੀ ਪੇਸ਼ਕਸ਼ ਕਰਨਾ ਏ। ਜਿਹੜੇ ਪਾਕ ਲੋਕ ਜਿਸਮਫਰੋਸ਼ੀ ਨੂੰ ਖਤਮ ਕਰਨਾ ਚਾਹੁੰਦੇ ਸਨ ਉਨ੍ਹਾਂ ਤੋਂ ਫਿਰੋਜ਼ ਤੁਗਲਕ ਨੇ ਪੁੱਛਿਆ ਸੀ ਕਿ ਕੀ ਉਹ ਉਨ੍ਹਾਂ ਜਿਸਮਫਰੋਸ਼ਾਂ ਨਾਲ ਨਿਕਾਹ ਕਰਨ ਨੂੰ ਰਾਜ਼ੀ ਨੇ ਅਤੇ ਜਦੋਂ ਕੋਈ ਵੀ ਅੱਗੇ ਨਾ ਆਇਆ ਤਾਂ ਉਸ ਨੇ ਕਾਨੂੰਨ ਬਣਾਉਣ ਦੀ ਰਾਹ ਫੜੀ। ਜ਼ਿਆ ਦੇ ਸਮੇਂ ਵਿਚ ਵੀ ਇਹੀ ਅਮਲ ਦੁਹਰਾਇਆ ਗਿਆ ਜਦੋਂ ਪੰਜਾਬ ਮਾਰਸ਼ਲ ਲਾਅ ਪ੍ਰਸ਼ਾਸਕ ਨੇ ਦੇਖਿਆ ਕਿ ਜਿਸਮਫਰੋਸ਼ੀ ਵਿਰੋਧੀ ਮਹਾਂਪੁਰਖ ਜਿਸਮਫਰੋਸ਼ਾਂ ਨੂੰ ਆਪਣੀਆਂ ਬੀਵੀਆਂ ਬਣਾਉਣ ਦੇ ਖਾਹਸ਼ਮੰਦ ਨਜ਼ਰ ਨਾ ਆਏ। ਵਿਚਲੇ ਸਾਲਾਂ ਵਿਚ ਬਹੁਤ ਸਾਰੇ ਸਮਾਜ ਸੁਧਾਰਕਾਂ ਨੇ ਜਿਸਮਫਰੋਸ਼ਾਂ ਨੂੰ ਵਿਆਹ ਕਰਵਾ ਕੇ ਟਿਕ ਜਾਣ ਦਾ ਸੱਦਾ ਦਿੱਤਾ ਪਰ ਉਨ੍ਹਾਂ ਦਾ ਜੋਸ਼ ਉਦੋਂ ਹੀ ਮੱਠਾ ਪੈ ਗਿਆ ਜਦੋਂ ਇਕ ਨਾਇਕਾ ਨੇ ਉਨ੍ਹਾਂ ਨੂੰ ਉਸ ਨਾਲ ਨਿਕਾਹ ਕਰਵਾਉਣ ਦਾ ਸੱਦਾ ਦੇ ਦਿੱਤਾ।

ਜਿਸਮਫਰੋਸ਼ਾਂ ਨੂੰ ਆਪਣਾ ਧੰਦਾ ਨਿਕਾਹ ਨਾਲ ਬਦਲ ਲੈਣ ਦਾ ਕਹਿਣਾ ਵੀ ਇਕ ਮੁੱਦਾ ਖੜਾ ਕਰਦਾ ਏ। ਇਸ ਤੋਂ ਬਿਨ੍ਹਾਂ ਇਹ ਇਕ ਤਰ੍ਹਾਂ ਦੇ ਬੰਧਨ ਨੂੰ ਜਿਸ ਵਿਚ ਰਤਾ ਕੁ ਆਜ਼ਾਦੀ ਏ, ਦੂਜੀ ਤਰ੍ਹਾਂ ਦੇ ਬੰਧਨ ਵਿਚ ਪਾਉਣ ਦੀ ਕਲਪਨਾ ਪੇਸ਼ ਕਰਦਾ ਏ, ਜਿਸ ਵਿਚ ਔਰਤਾਂ ਨੂੰ ਬਿਲਕੁਲ ਆਜ਼ਾਦੀ ਨਹੀਂ ਏ (ਪਾਕਿਸਤਾਨੀ ਸਮਾਜ ਵਿਚ)। ਫੌਜ਼ੀਆ ਸਈਦ ਆਖਰਕਾਰ ਪਿਤਰੀ ਪ੍ਰਬੰਧ ਨੂੰ ਨੰਗਾ ਕਰਕੇ ਇਸ ਸਵਾਲ ਦਾ ਜਵਾਬ ਪਾ ਲੈਂਦੀ ਏ, ਜੋ ਗੰਦੀਆਂ ਔਰਤਾਂ ਅਤੇ ਚੰਗੀਆਂ ਔਰਤਾਂ ਨੂੰ ਉਸੇ ਸਿੱਕੇ ਦੇ ਦੋ ਪਾਸਿਆਂ ਵਜੋਂ ਵਿਚਾਰਦਾ ਏ। ਇਹੀ ਇਕ ਉਹ ਮੌਕਾ ਏ ਜਦੋਂ ਇਕ ਮਾਨਵ-ਵਿਗਿਆਨੀ ਦੀ ਓੜ੍ਹੀ ਹੋਈ ਭੂਮਿਕਾ ਨੂੰ ਛੱਡ ਕੇ ਲੇਖਕ ਖੁਦ ਨੂੰ ਔਰਤਾਂ ਦੇ ਹੱਕਾਂ ਦੇ ਕਾਜ ਲਈ ਇਕ ਕਾਰਜਕਰਤਾ ਦੇ ਰੂਪ ਵਿਚ ਸਾਹਮਣੇ ਲਿਆਉਂਦੀ ਏ। ਆਪਣੀ

ਅੰਤਮ ਚੋਟ ਤੋਂ ਪਹਿਲਾਂ ਇਕ ਵਿਵਾਦੀ ਮੁੱਦਾ ਦਰਪੇਸ਼ ਹੁੰਦਾ ਹੈ ਜਿਸ ਵਿਚ ਉਹ ਜਿਸਮਫਰੋਸ਼ੀ ਦਾ ਇਤਹਾਸਕ ਪਰਿਪੇਖ ਤੋਂ ਵਿਸ਼ਲੇਸ਼ਣ ਕਰਦੀ ਏ ਅਤੇ ਆਪਣੇ ਨਾਲ ਜਿਸਮਫਰੋਸ਼ੀ ਅਤੇ ਪਿਤਰੀ ਸਮਾਜ ਦੀ ਸੱਤਾ ਦੀ ਕਿਸਮ ਅਤੇ ਇਸ ਦੇ ਜਾਲ ਵਿਚਕਾਰ ਸਬੰਧ ਬਾਰੇ ਬਹਿਸ ਕਰਦੀ ਏ। ਇਸ ਨਾਲ ਜਿਸਮਫਰੋਸ਼ੀ ਦੇ ਕਿਉਂ ਅਤੇ ਕਿਵੇਂ ਬਾਰੇ ਡੂਘੇਰੀ ਖੋਜ ਦਾ ਮੁੱਢ ਬੱਝਦਾ ਏ।

ਇਹ ਜਾਂਚ ਇਸ ਧਾਰਨਾ ਨੂੰ ਪਾਸੇ ਛੱਡ ਕੇ ਸ਼ੁਰੂ ਹੁੰਦੀ ਏ ਕਿ ਜਿਸਮਫਰੋਸ਼ੀ ਇਕ ਸਮੱਸਿਆ ਏ ਅਤੇ ਇਸ ਹਕੀਕਤ ਨੂੰ ਪ੍ਰਵਾਨ ਕਰਦੇ ਹੋਏ ਕਿ ਜਿਸਮਫਰੋਸ਼ੀ ਉਸ ਬਹੁਪਾਸਾਰੀ ਸਮੱਸਿਆ ਦਾ ਹੀ ਇਕ ਲੱਛਣ ਏ ਜੋ ਸਮਾਜ ਦੇ ਆਰਥਕ ਢਾਂਚੇ ਅਤੇ ਇਸ ਦੇ ਸਮਾਜੀ ਲੋਕਾਚਾਰ ਨੇ ਰਚੀ ਏ। ਕਾਮਸੂਤਰ ਰੱਜੇ-ਪੁੱਜੇ ਲੋਕਾਂ ਦੀ ਅਗਵਾਈ ਲਈ ਰਚਿਆ ਗਿਆ ਸੀ। ਇਸ ਵਿਚ ਜੀਵਨ ਦੀ ਨਫਾਸਤ ਸਬੰਧੀ ਸਾਊ ਹੋਂਦ ਦਾ ਨਿਰਧਾਰਨ ਉਨ੍ਹਾਂ ਲੋਕਾਂ ਲਈ ਕੀਤਾ ਹੋਇਆ ਏ ਜਿਨ੍ਹਾਂ ਕੋਲ ਵਿਹਲ ਵੀ ਏ ਅਤੇ ਅਜਿਹਾ ਜੀਵਨ ਜੀਣ ਦਾ ਸਮਾਨ ਵੀ। ਪਾਕਿਸਤਾਨ ਹਕੂਮਤ ਅਤੇ ਸਮਾਜ ਦੋਵੇਂ ਹੀ ਇਕ ਇਸ ਤਰ੍ਹਾਂ ਦਾ ਮਾਲੀ ਪ੍ਰਬੰਧ ਕਾਇਮ ਰੱਖਕੇ ਜਿਸਮਫਰੋਸ਼ੀ ਵਿਚ ਯੋਗਦਾਨ ਪਾ ਰਹੇ ਨੇ, ਜਿਸ ਵਿਚ ਕੁਝ ਲੋਕ ਬਿਨ੍ਹਾਂ ਕੰਮ ਕਰੇ ਦੌਲਤ ਪਾ ਜਾਂਦੇ ਨੇ, ਜਿਸ ਨੂੰ ਉਹ ਜਿਵੇਂ ਚਾਹੁਣ ਲੁਟਾ ਸਕਣ, ਅਤੇ ਪੇਸ਼ਕਾਰੀ ਕਲਾਵਾਂ ਰਾਹੀ ਮਨੋਰੰਜਨ ਦਾ ਰਾਹ ਬੰਦ ਕਰ ਸਕਣ। ਜਦੋਂ ਤਕ ਕਿਰਤ ਦੇ ਲਾਭ ਦੀ ਵੰਡ ਦੀ ਨਾਬਰਾਬਰੀ ਕਾਇਮ ਰਹੇਗੀ ਅਤੇ ਜਦੋਂ ਤਕ ਸੰਗੀਤ, ਨਾਚ, ਹਾਸੇ ਅਤੇ ਪਿਆਰ ਨੂੰ ਪਾਪੀ ਕਰਵਾਈਆਂ ਕਹਿ ਕੇ ਭੰਡਿਆ ਜਾਂਦਾ ਰਹੇਗਾ ਉਦੋਂ ਤਕ ਜਿਸਮਫਰੋਸ਼ੀ ਫਲਦੀ ਰਹੇਗੀ।

ਇਕ ਹੋਰ ਅਹਿਮ ਮੁੱਦਾ ਉਹ ਭੂਮਿਕਾ ਏ ਜੋ ਸਮਾਜ ਆਪਣੀਆਂ ਔਰਤਾਂ ਲਈ ਮਖ਼ਸੂਸ ਕਰਦਾ ਏ। ਪਾਕਿਸਤਾਨ ਵਿਚ, ਜਿਸਮਫਰੋਸ਼ੀ ਦਾ ਇਹ ਭੈੜਾ ਰੂਪ ਔਰਤਾਂ ਦੇ ਨਿਹਤ ਸਵੈਮਾਣ ਅਤੇ ਹੱਕਾਂ ਤੋਂ ਇਨਕਾਰੀ ਹੋਣ ਦਾ ਸਿੱਧਾ ਸਿੱਟਾ ਏ। ਪਹਿਲਾ ਹਮਲਾ ਔਰਤ ਦੇ ਕੰਮ ਦੇ ਹੱਕ ਤੇ ਏ ਕਿਉਂਕਿ ਉਹ ਇਸ ਨ਼ਾਲ ਖੁਦ ਨੂੰ ਪਿਤਰੀ ਪ੍ਰਬੰਧ ਨੂੰ ਤੋੜਨ ਦੇ ਕਾਬਲ ਬਣਾ ਲੈਂਦੀ ਏ। ਜਿਸਮਫਰੋਸ਼ੀ ਲਈ ਵਰਤਿਆ ਜਾਣ ਵਾਲਾ ਇਕ ਸ਼ਬਦ ਕਸਬੀ ਏ (ਜੋ ਆਪਣੀ ਰੋਜ਼ੀ ਕਮਾਉਂਦਾ ਏ) ਅਤੇ ਸਾਡੇ ਮੱਧਵਰਗੀ ਸਭਿਆਚਾਰ ਵਿਚ ਜਿਸਮਫਰੋਸ਼ੀ ਪੇਸ਼ੇ ਵਿਚ ਰੁਝੀ ਰਹਿੰਦੀ ਏ। ਇਸ ਤਰ੍ਹਾਂ ਜੋ ਔਰਤ ਆਪਣੀ ਰੋਜ਼ੀ ਕਮਾਉਂਦੀ ਏ, ਜਿਸ ਦਾ ਧੰਦਾ ਏ, ਉਸ ਨੂੰ ਵੇਸ਼ਵਾ ਨਾਲ ਹੀ ਜੋੜਿਆ ਜਾਂਦਾ ਏ। ਫੇਰ ਪਿਤਰੀ ਪ੍ਰਬੰਧ ਗੰਦੀਆਂ ਔਰਤਾਂ ਦਾ ਸਮੂਹ ਸਿਰਜਦਾ ਏ ਅਤੇ ਉਨ੍ਹਾਂ ਨੂੰ ਡੋਰੇ ਪਾਉਣ ਵਾਲੀਆਂ, ਘਰ ਤੋੜਨ ਵਾਲੀਆਂ, ਮਰਦ ਮਨ ਨੂੰ ਭੰਗ ਕਰਨ ਵਾਲੀਆਂ, ਅਤੇ ਨੌਜਵਾਨਾਂ ਨੂੰ ਵਿਗਾੜਨ ਵਾਲੀਆਂ ਕਹਿ ਕੇ ਨਿੰਦਦਾ ਏ ਅਤੇ ਇਸ ਦੁਰਾਚਾਰ ਦੀਆਂ ਸਾਰੀਆਂ ਕਿਸਮਾਂ ਦੀ ਜ਼ਿੰਮੇਵਾਰੀ ਔਰਤਾਂ ਤੇ ਥੋਪਦਾ ਏ।

ਪਾਕਿਸਤਾਨੀ ਔਰਤਾਂ ਦੀ ਹਾਲਤ ਲਈ ਹੋਰ ਬੜੀਆਂ ਜਿਲਦਾਂ, ਆਮ ਸਮਾਜਕ ਰਵਾਇਤਾਂ ਡੂੰਘੇਰੀ ਖੋਜ ਦੀ ਲੋੜ ਰਹੇਗੀ ਜੋ ਇਸ ਵੇਲੇ ਕਿਤੇ ਨਜ਼ਰ ਨਹੀਂ ਪੈਂਦੇ। ਅਜਿਹੀ ਹਾਲਤ ਵਿਚ ਜਿੱਥੇ ਗੈਰਇਖਲਾਕੀ ਸਮਝੇ ਜਾਂਦੇ ਕੰਮਾਂ ਲਈ ਸਿਰਫ ਔਰਤ ਨੂੰ ਹੀ ਦੋਸ਼ੀ ਗਰਦਾਨਿਆਂ ਜਾਂਦਾ ਏ, ਜਿੱਥੇ ਕਿਸੇ ਖਾਵੰਦ ਤੋਂ ਬੀਵੀ ਨਾਲ ਬਲਾਤਕਾਰ ਕਰਨ ਦੀ ਆਸ ਨਹੀਂ ਰੱਖੀ ਜਾਂਦੀ, ਜਿੱਥੇ ਸੰਕਲਪੀ ਨਿਕਾਹ ਦੇ ਤਹਿਤ ਔਰਤ ਨੂੰ ਵੇਚਿਆ ਜਾ ਸਕਦਾ ਏ ਜਿੱਥੇ ਔਰਤ ਦੇ ਕੰਮ ਦੇ ਹੱਕ

ਲਈ ਸੌਦੇਬਾਜ਼ੀ ਕੀਤੀ ਜਾ ਸਕਦੀ ਏ, ਜਿੱਥੇ ਔਰਤ ਕਾਰਜਕਰਤਾਵਾਂ ਨਾਲ ਗੈਰਇਖਲਾਕੀ ਔਰਤਾਂ ਵਰਗਾ ਵਿਹਾਰ ਕੀਤਾ ਜਾਂਦਾ ਏ, ਅਤੇ ਉਨ੍ਹਾਂ ਦਾ ਜਬਰਦਸਤੀ ਨਿਕਾਹ ਮੁੱਲਿਆਂ ਰਾਹੀਂ ਕੀਤਾ ਜਾਂਦਾ ਏ, ਪਾਕਿਸਤਾਨ ਦੀ ਔਰਤ ਨੂੰ ਕਈ ਮੁਹਾਜ਼ਾਂ ਤੇ ਲੜਨਾ ਪੈਣਾ ਏ। ਸ਼ਾਹੀ ਮੁਹੱਲਾ ਤਾਂ ਉਨ੍ਹਾਂ ਵਿਚੋਂ ਸਿਰਫ ਇਕ ਹੀ ਏ।

**ਆਈ. ਏ. ਰਹਿਮਾਨ**

## ਵਿਚਾਰਗੋਚਰੇ

1. ਦੱਖਣ ਭਾਰਤੀ ਮੰਦਰ ਦੀਆਂ ਦੇਵਦਾਸੀਆਂ ਦੇ ਮਹੰਤਾਂ ਦੀਆਂ ਰਖੇਲਾਂ ਅਤੇ ਜਿਸਮਫਰੋਸ਼ਾਂ ਬਣਨ ਦੀ ਕਹਾਣੀ ਬੜੀ ਮਸ਼ਹੂਰ ਏ। ਪਾਕਿਸਤਾਨ ਦੇ ਮੁਸਲਿਮ ਸਮਾਜ ਦੇ ਹਿੱਸਿਆਂ ਵਿਚ ਪੀਰ ਨੂੰ ਪੇਸ਼ ਕੀਤੀ ਗਈ ਔਰਤ ਨੂੰ ਅਜੇ ਵੀ ਪੀਰ ਦੀ ਉੱਠਣੀ ਕਿਹਾ ਜਾਂਦਾ ਏ। ਉਹ ਕੱਚੀ ਉਮਰ ਦੀ ਅਛੋਹ ਹੋਣੀ ਚਾਹੀਦੀ ਏ ਅਤੇ ਉਹ ਪੀਰ ਨਾਲ ਸੌਣ ਤੋਂ ਬਾਦ ਕਿਸੇ ਹੋਰ ਨਾਲ ਨਿਕਾਹ ਨਹੀਂ ਕਰ ਸਕਦੀ। ਕਈ ਥਾਵਾਂ ਤੇ ਜਿਸ ਕਮਰੇ ਵਿਚ ਪੀਰ ਆਪਣੇ ਸ਼ਿਕਾਰ ਨੂੰ ਉਧੇੜਦਾ ਏ ਉਸਦੀ ਵਰਤੋਂ ਇਸੇ ਕੰਮ ਤੋਂ ਬਿਨ੍ਹਾਂ ਹੋਰ ਕਾਸੇ ਵਾਸਤੇ ਨਹੀਂ ਕੀਤੀ ਜਾ ਸਕਦੀ ਸਿਵਾਏ ਇਸ ਕੰਮ ਦੀ ਦੁਹਰਾਈ ਦੇ ਜਦੋਂ ਵੀ ਪੀਰ ਉਸ ਨੂੰ ਦੁਹਰਾਉਣਾ ਚਾਹੁੰਦਾ ਹੋਵੇ।
2. ਇਬਨ ਬਤੂਤਾ, ਟਰੈਵਲਾਗ, ਜਿਸ ਦਾ ਤਰਜਮਾ ਉਰਦੂ ਵਿਚ ਮੁਹੰਮਦ ਹੁਸੈਨ, ਤਖਲੀਕਾਤ, ਲਾਹੌਰ, 1996, ਪੰ: 132, ਨੇ ਕੀਤਾ।
3. ਸਈਦ ਹਾਸ਼ਮੀ ਫਰੀਦਾਬਾਦੀ ਮਾਅਸਿਰ ਲਾਹੌਰ, ਇੰਸਟੀਚਿਊਟ ਆਫ ਇਸਲਾਮਿਕ ਕਲਚਰ, ਲਾਹੌਰ 1976 ਐਡੀਸ਼ਨ, ਪੰ. 103-105
4. ਕਮਿਸ਼ਨ ਫਾਰ ਇਨਕੁਆਰੀ ਫਾਰ ਵਿਮਨ, 1997, ਪੰ. 85
5. ਨੈਸ਼ਨਲ ਪਲਾਨ ਫਾਰ ਐਕਸ਼ਨ ਫਾਰ ਵਿਮਨ, ਮਿਨਿਸਟਰੀ ਆਫ ਵਿਮਨਜ਼ ਡਿਵੈਲਪਮੈਂਟ, ਇਸਲਾਮਾਬਾਦ, 1998, ਪੰ.27

# ਜਾਣ-ਪਛਾਣ

ਅਮਰੀਕਾ ਤੋਂ ਆਪਣੀ ਡਾਕਟ੍ਰੇਟ ਪੂਰੀ ਕਰਨ ਤੋਂ ਬਾਦ ਮੈਂ ਪਾਕਿਸਤਾਨ ਪਰਤ ਆਈ ਅਤੇ ਇਸਲਾਮਾਬਾਦ ਵਿਖੇ ਆਪਣੇ ਮਾਪਿਆਂ ਨਾਲ ਰਹਿਕੇ ਮੈਂ ਆਪਣੇ ਭਵਿੱਖ ਦੀਆਂ ਯੋਜਨਾਵਾਂ ਵਿਚ ਰੁੱਝ ਗਈ। ਮੈਂ ਉਦੋਂ ਤੋਂ ਹੀ ਸਦਾ ਔਰਤਾਂ ਦੇ ਮੁੱਦਿਆਂ ਤੇ ਕੰਮ ਕਰਨਾ ਚਾਹੁੰਦੀ ਰਹੀ ਹਾਂ ਜਦੋਂ ਮੈਂ ਪਾਕਿਸਤਾਨ ਵਿਚ ਪੜ੍ਹਦੀ ਸੀ। ਅਮਰੀਕਾ ਵਿਚ ਬਹੁਤ ਸਾਰੀਆਂ ਔਰਤ ਜਥੇਬੰਦੀਆਂ ਵਿਚ ਕੰਮ ਕਰਕੇ ਮੈਂ ਬੜੇ ਕੀਮਤੀ ਤਜ਼ਰਬੇ ਹਾਸਲ ਕੀਤੇ। ਐਪਰ, ਮੇਰਾ ਇਹ ਪੱਕਾ ਅਕੀਦਾ ਸੀ ਕਿ ਪਾਕਿਸਤਾਨ ਵਿਚ ਔਰਤਾਂ ਦੇ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਸਾਨੂੰ ਆਪਣੇ ਰਵਾਇਤੀ ਸੱਭਿਆਚਾਰ ਦੀ ਖੋਜ-ਬੀਨ ਕਰਨ ਅਤੇ ਇਸ ਦੀ ਨੀਂਹ ਸਾਡੇ ਸਮਾਜ ਵਿਚ ਪਹਿਲਾਂ ਤੋਂ ਹੀ ਮੌਜੂਦ ਅਗਾਂਹਵਧੂ ਤੱਤਾਂ ਤੇ ਧਰਨ ਦੀ ਲੋੜ ਏ। ਮੈਂ ਇਹ ਵਿਸ਼ਵਾਸ ਨਹੀਂ ਕਰਦੀ ਕਿ ਉਨ੍ਹਾਂ ਵਿਦੇਸ਼ੀ ਸੰਕਲਪਾਂ ਨੂੰ ਦਰਾਮਦ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਜਿਨ੍ਹਾਂ ਦੀਆਂ ਜੜ੍ਹਾਂ ਪੱਕੇ ਤੌਰ ਤੇ ਪਾਕਿਸਤਾਨ ਵਿਚ ਨਹੀਂ ਜੜੀਆਂ ਹੋਈਆਂ। ਮੈਨੂੰ ਪੱਕਾ ਯਕੀਨ ਸੀ ਕਿ ਤਬਦੀਲੀ ਸਾਡੇ ਆਪਣੇ ਸਮਾਜ ਦੇ ਅੰਦਰੋਂ ਹੀ ਆਵੇਗੀ ਅਤੇ ਕਿ ਇਸ ਨੂੰ ਢੁਕਵੇਂ ਮੌਜੂਦਾਂ ਅਮਲਾਂ ਉੱਤੇ ਆਧਾਰਤ ਕਰਨ ਦੀ ਲੋੜ ਏ।

ਜ਼ਾਤੀ ਤੌਰ ਤੇ, ਮੈਂ ਸਾਡੀਆਂ ਜੜ੍ਹਾਂ, ਸਾਡੀਆਂ ਲੋਕ ਰਵਾਇਤਾਂ ਅਤੇ ਸਾਡੇ ਦੇਸ਼ ਦੇ ਵਿਭਿੰਨ ਉਪ ਸੱਭਿਆਚਾਰਾਂ ਅਤੇ ਜਮਾਤਾਂ ਬਾਰੇ ਜਾਣਨ ਦੀ ਲੋੜ ਮਹਿਸੂਸ ਕੀਤੀ। ਮੇਰੇ ਵਰਗੇ ਸ਼ਹਿਰੀ ਮੱਧ ਵਰਗੀ ਪਾਕਿਸਤਾਨੀਆਂ ਨੂੰ ਵੀ ਉਨ੍ਹਾਂ ਦੇ ਬਚਪਨ ਦੌਰਾਨ ਇਸ ਦਾ ਬਹੁਤਾ ਅਨੁਭਵ ਕਦੀ ਨਹੀਂ ਮਿਲਿਆ। ਆਪਣੀ ਸੰਕਲਪੀ ਸਪਸ਼ਟਤਾ ਅਤੇ ਕਾਰਜਕੀ ਅਨੁਭਵ ਦੇ ਬਾਵਜੂਦ ਮੈਂ ਜਾਣਦੀ ਸੀ ਕਿ ਮੈਨੂੰ ਪੇਂਡੂ ਪਾਕਿਸਤਾਨ ਅਤੇ ਰਵਾਇਤੀ ਸੰਦਰਭ ਵਿਚ ਅੰਦਰੂਨੀ ਸ਼ਹਿਰਾਂ ਵਿਚ ਰਹਿੰਦੀਆਂ ਔਰਤਾਂ ਦੇ ਸੰਪਰਕ ਵਿਚ ਆਉਣ ਦੀ ਲੋੜ ਪਏਗੀ। ਇਕ ਖੋਜੀ ਦੇ ਤੌਰ ਤੇ ਮੈਂ ਵਿਭਿੰਨ ਰਵਾਇਤੀ ਬਰਾਦਰੀਆਂ ਵਿਚ ਔਰਤਾਂ ਦੀ ਭੂਮਿਕਾ ਦਾ ਅਧਿਐਨ ਕਰਨਾ ਅਤੇ ਕਈ ਪੱਧਰਾਂ ਤੇ ਔਰਤਾਂ ਨਾਲ ਮਿਲਣਾ ਚਾਹੁੰਦੀ ਸੀ। ਮੈਂ ਮਹਿਸੂਸ ਕੀਤਾ ਕਿ ਸਮਾਜ ਵਿਚ ਆਪਣਾ ਸਵੈ-ਮਾਣ ਅਤੇ ਰੁਤਬਾ ਕਾਇਮ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਸਾਨੂੰ ਉਨ੍ਹਾਂ ਵਿਭਿੰਨ ਹਾਲਤਾਂ ਨੂੰ ਸਹੀ ਢੰਗ ਨਾਲ ਸਮਝਣ ਵਾਸਤੇ ਬੜਾ ਕੁਝ ਕਰਨਾ ਪਏਗਾ ਜਿਨ੍ਹਾਂ ਨਾਲ ਔਰਤਾਂ ਦਾ ਵਾਹ ਪੈਂਦਾ ਏ। ਔਰਤਾਂ ਦੇ ਕਿਸੇ ਵੀ ਤਰ੍ਹਾਂ ਦੇ ਸੁਤੰਤਰ ਅਤੇ ਨਿਰਬਾਧ ਪ੍ਰਗਟਾਵੇ ਨਾਲ ਜੁੜੀਆਂ ਸਮਾਜਕ ਪਾਬੰਦੀਆਂ ਵਿਚ ਮੇਰੀ ਖਾਸ ਦਿਲਚਸਪੀ ਸੀ।

ਲੰਬੇ ਸਮੇਂ ਤੋਂ ਮੇਰੀ ਦਿਲਚਸਪੀ ਲੋਕ ਨਾਚ ਵਿਚ ਰਹੀ ਏ ਅਤੇ ਸਾਲਾਬੱਧੀ ਮੈਂ ਕਈ ਪਾਕਿਸਤਾਨੀ ਲੋਕ ਨਾਚ ਸਿੱਖੇ ਵੀ ਨੇ। ਅਕਸਰ ਮੇਰੇ ਰਾਹ ਵਿਚ ਨਾਚ ਨਾਲ ਸਬੰਧਤ ਸਮਾਜਕ

ਵਰਜਣਾ ਨੇ ਅੜਿਕਾ ਵੀ ਪਾਇਆ ਏ, ਇੱਥੋਂ ਤੱਕ ਕਿ ਕਈ ਵਾਰੀ ਪਰਿਵਾਰਕ ਇਕੱਠ ਵਿਚ ਵੀ ਜੋ ਔਰਤਾਂ ਗਾਉਣ, ਨੱਚਣ ਜਾਂ ਅਦਾਕਾਰੀ ਵਰਗੀਆਂ ਪੇਸ਼ਕਾਰੀ ਕਲਾਵਾਂ ਰਾਹੀਂ ਖੁਦ ਨੂੰ ਪ੍ਰਗਟਾਵਾ ਦਿੰਦੀਆਂ ਨੇ ਉਨ੍ਹਾਂ ਨੂੰ ਅਕਸਰ, ਗਲਤ ਜਾਂ ਸਹੀ, ਜਿਸਮਫਰੋਸ਼ੀ ਨਾਲ ਜੋੜ ਦਿੱਤਾ ਜਾਂਦਾ ਏ। ਲੋਕ ਮੰਚ ਬਾਰੇ ਆਪਣੀ ਮੁਢਲੀ ਖੋਜ ਵਿਚ ਮੈਨੂੰ ਪਤਾ ਲੱਗਾ ਕਿ ਲਾਲ ਬੱਤੀ ਖੇਤਰਾਂ ਦੀਆਂ ਔਰਤਾਂ ਨੂੰ ਵੀ ਮੰਚ ਸੰਸਾਰ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ ਜਦੋਂ ਡਾਇਰੈਕਟਰਾਂ ਨੂੰ ਅਜਿਹੀਆਂ ਹੋਰ ਔਰਤਾਂ ਭਰਤੀ ਕਰਨ ਵਿਚ ਮੁਸ਼ਕਿਲ ਪੇਸ਼ ਆਉਂਦੀ ਸੀ ਜਿਨ੍ਹਾਂ ਦੇ ਘਰ ਦੇ ਆਮ ਦਰਸ਼ਕਾਂ ਸਾਮਣੇ ਉਨ੍ਹਾਂ ਨੂੰ ਪੇਸ਼ਕਾਰੀ ਦੀ ਇਜਾਜ਼ਤ ਨਹੀਂ ਦਿੰਦੇ ਸਨ। ਬਾਲੀ ਜੱਟੀ, ਜਿਸ ਦੇ ਜੀਵਨ ਦਾ ਅਧਿਐਨ ਮੈਂ ਆਪਣੀ ਮੁਢਲੀ ਖੋਜ ਦੇ ਹਿੱਸੇ ਵਜੋਂ ਕੀਤਾ ਸੀ, ਇਕ ਮੰਚ ਕਲਾਕਾਰ ਸੀ। ਹਾਲਾਕਿ ਉਹ ਕਦੀ ਜਿਸਮਫਰੋਸ਼ੀ ਵਿਚ ਨਹੀਂ ਰਹੀ ਸੀ ਪਰ ਇਕ ਔਰਤ ਕਲਾਕਾਰ ਦੇ ਤੌਰ ਤੇ ਉਸ ਉੱਤੇ ਵੀ ਦਾਗ਼ ਲੱਗਾ ਹੋਇਆ ਸੀ। ਤਾਂ ਵੀ ਤਿੱਖੀਆਂ ਸਮਾਜਕ ਵਰਜਣਾਵਾਂ ਦੇ ਬਾਵਜੂਦ ਵੀ ਬਾਦ ਵਿਚ ਉਸ ਨੂੰ ਇਕ ਮਸ਼ਹੂਰ ਮੰਚ ਕਲਾਕਾਰ ਦੇ ਤੌਰ ਤੇ ਮਾਨਤਾ ਮਿਲੀ ਅਤੇ ਉਹ ਇਕ ਅਜਿਹੀ ਪਹਿਲੀ ਔਰਤ ਬਣੀ ਜਿਸ ਦੀ ਆਪਣੀ ਮੰਚ ਕੰਪਨੀ ਸੀ।

ਇਸ ਹਕੀਕਤ ਨੇ ਇਸ ਵਰਤਾਰੇ ਨੂੰ ਵਧੇਰੇ ਨੇੜਿਉਂ ਦੇਖਣ ਲਈ ਮੈਨੂੰ ਤਿਆਰ ਕੀਤਾ ਕਿ ਪਾਕਿਸਤਾਨ ਦੇ ਬਹੁਤੇ ਸਾਜ਼ਿੰਦੇ, ਗਾਇਕ ਅਤੇ ਫਿਲਮ ਅਦਾਕਾਰ ਖਾਸ ਕਰਕੇ ਔਰਤਾਂ, ਦੇਸ਼ ਦੇ ਲਾਲ ਬੱਤੀ ਖੇਤਰਾਂ ਵਿਚੋਂ ਆਏ ਸਨ। ਮੈਂ ਇਕ ਅਜਿਹੇ ਸਮਾਜ ਦੀਆਂ ਵਿਰੋਧੀ ਕਦਰਾਂ ਦਾ ਅਧਿਐਨ ਕਰਨ ਲਈ ਉਤਸੁਕ ਸੀ ਜਿੱਥੇ ਇਕ ਪਾਸੇ ਕੁਝ ਮਾਮਲਿਆਂ ਵਿਚ ਔਰਤ ਪੇਸ਼ਕਾਰਾਂ ਦਾ ਆਦਰ ਹੋ ਸਕਦਾ ਸੀ, ਜਿਨ੍ਹਾਂ ਨੂੰ ਰਾਸ਼ਟਰਪਤੀ ਤਕ ਤੋਂ ਮਾਨਤਾ ਮਿਲੀ ਸੀ, ਪਰ ਜਿੱਥੇ ਇਸ ਦੇ ਉਲਟ, ਬਹੁਤੇ ਪਰਿਵਾਰ ਔਰਤਾਂ ਨੂੰ ਕਿਸੇ ਵੀ ਤਰ੍ਹਾਂ ਦਾ ਸੰਗੀਤ ਜਾਂ ਨਾਚ ਸਿੱਖਣ ਦੀ ਇਜਾਜ਼ਤ ਦੇਣ ਤੋਂ ਇਨਕਾਰੀ ਸਨ।

ਇਹ ਕਿਤਾਬ ਸ਼ਾਹੀ ਮੁਹੱਲੇ, ਲਾਹੌਰ ਦਾ ਇਕ ਖੇਤਰ ਜਿੱਥੇ ਰਵਾਇਤੀ ਜਿਸਮਫਰੋਸ਼ੀ ਦੀ ਰੀਤ ਕਾਇਮ ਰੱਖੀ ਹੋਈ ਏ, ਬਾਰੇ ਮੇਰੇ ਅਧਿਐਨ ਤੇ ਆਧਾਰਤ ਏ। ਸ਼ਾਹੀ ਮੁਹੱਲਾ ਜਿਸਮਫਰੋਸ਼ੀ ਲਈ ਦੱਖਣੀ ਏਸ਼ੀਆ ਦੇ ਮਸ਼ਹੂਰ ਖੇਤਰਾਂ ਵਿਚ ਇਕ ਰਿਹਾ ਏ। ਜਿਸਮਫਰੋਸ਼ੀ ਨਾਲ ਸੰਗੀਤ ਅਤੇ ਨਾਚ ਪੇਸ਼ਕਾਰੀਆਂ ਨੂੰ ਜੋੜਨ ਦੀਆਂ ਪ੍ਰਾਚੀਨ ਜੜਾਂ ਦੱਖਣੀ ਏਸ਼ੀਆ ਨਾਲ ਜੁੜੀਆ ਹੋਈਆਂ ਨੇ। ਜਿਨ੍ਹਾਂ ਖੇਤਰਾਂ ਵਿਚ ਇਹ ਅਮਲ ਕੇਂਦਰਤ ਏ, ਜਿਵੇਂ ਕਿ ਸ਼ਾਹੀ ਮੁਹੱਲਾ ਉਨ੍ਹਾਂ ਨੇ ਬਹੁਤ ਸਾਰੇ ਮਸ਼ਹੂਰ ਪੇਸ਼ਕਾਰੀ ਕਲਾਕਾਰ ਪੈਦਾ ਕੀਤੇ ਨੇ। ਇਹ ਖੇਤਰ, ਪੱਛਮ ਦੇ ਲਾਲ ਬੱਤੀ ਖੇਤਰਾਂ ਤੋਂ ਐਨ ਵੱਖਰੇ, ਸਦੀਆਂ ਤੋਂ ਰਚਨਾਤਮਕਤਾ ਦਾ ਧੁਰਾ ਅਤੇ ਕਵੀਆਂ, ਗਾਇਕਾਂ, ਅਦਾਕਾਰਾਂ ਅਤੇ ਗੁਰੂਆਂ, ਕਲਾਸਕੀ ਸੰਗੀਤ ਦੇ ਸਾਜ਼ਿੰਦਿਆਂ ਅਤੇ ਲਿਖਾਰੀਆਂ ਲਈ ਮਾਹੌਲ ਤਿਆਰ ਕਰਦੇ ਰਹੇ ਨੇ। ਇਹ ਮੌਜੂਦਾ ਰੁਝਾਨ ਵਾਲੇ ਘਟੀਆ ਰੰਡੀਖਾਨਿਆਂ ਤੋਂ ਵੀ ਭਿੰਨ ਨੇ ਜਿਹੜੇ ਇਸ ਵੇਲੇ ਲਾਹੌਰ ਅਤੇ ਹੋਰ ਪਾਕਿਸਤਾਨੀ ਸ਼ਹਿਰਾਂ ਵਿਚ ਵੱਡੀ ਗਿਣਤੀ ਵਿਚ ਉੱਭਰ ਰਹੇ ਨੇ। ਰਵਾਇਤੀ ਜਿਸਮਫਰੋਸ਼ੀ ਪ੍ਰਬੰਧ ਵਿਚ, ਵਿਸ਼ੇਸ਼ ਨਸਲੀ ਸਮੂਹ ਇਸ ਧੰਦੇ ਨੂੰ ਆਪਣੇ ਪਰਿਵਾਰਕ ਕਾਰੋਬਾਰ ਦੇ ਰੂਪ ਵਿਚ ਕਰਦੇ ਨੇ ਜਿਵੇਂ ਕੰਜਰ, ਇਹ ਨਸਲੀ ਸਮੂਹ ਆਮ ਤੌਰ ਤੇ ਜਿਸਮਫਰੋਸ਼ੀ ਨਾਲ ਸਦੀਆਂ ਤੋਂ ਜੁੜਿਆ ਹੋਇਆ ਏ। ਮਿਰਾਸੀ ਇਕ ਹੋਰ ਨਸਲੀ ਸਮੂਹ ਏ ਜੋ

ਸਿੱਧਾ ਜਿਸਮਫੋਸ਼ੀ ਦੇ ਧੰਦੇ ਵਿਚ ਨਹੀਂ ਪਰ ਇਹ ਕੰਜਰਾਂ ਲਈ ਸੰਗੀਤ ਮੁਹੱਈਆ ਕਰਦਾ ਏ ਜਦੋਂ ਉਹ ਆਪਣੇ ਗਾਹਕਾਂ ਦਾ ਮਨੋਰੰਜਨ ਕਰਦੇ ਨੇ। ਸਮੁੱਚੇ ਦੱਖਣੀ ਏਸ਼ੀਆ ਵਿਚ ਕਈ ਨਸਲੀ ਸਮੂਹ ਆਪਣੇ ਰਵਾਇਤੀ ਪਰਿਵਾਰਕ ਵਿਰਸੇ ਵਜੋਂ ਇਨ੍ਹਾਂ ਧੰਦਿਆਂ ਨੂੰ ਅਪਣਾਉਂਦੇ ਨੇ: ਪਾਕਿਸਤਾਨ ਵਿਚ ਕੰਜਰ ਅਤੇ ਮਿਰਾਸੀ ਵਿਸ਼ੇਸ਼ ਰੂਪ ਵਿਚ ਨੇ।

ਇਸ ਖੋਜ ਲਈ ਲੋੜੀਂਦਾ ਮਸਾਲਾ ਇੱਕਠਾ ਕਰਨ ਲਈ ਮੈਂ ਸ਼ਾਹੀ ਮੁੱਹਲੇ ਦੇ ਬਾਸ਼ਿੰਦਿਆਂ ਦੇ ਜੀਵਨਾਂ ਨੂੰ ਲੇਖਬੱਧ ਕਰਨ ਲਈ ਮਾਨਵ-ਵਿਗਿਆਨੀਆਂ ਦੇ ਨਸਲ ਸ਼ਾਸ਼ਤਰੀ ਢੰਗਾਂ ਨੂੰ ਵਰਤਿਆ ਏ। ਮੈਂ ਬਹੁਤ ਸਾਰੇ ਜੀਵਨ ਮਾਰਗਾਂ ਵਿਚੋਂ ਕਰੀਬ ਦੋ ਸੌ ਤੋਂ ਵੱਧ ਲੋਕਾਂ ਦੀ ਇੰਟਵਿਊ ਕੀਤੀ ਏ ਜਿਹੜੇ ਇਕ ਜਾਂ ਦੂਜੇ ਢੰਗ ਨਾਲ ਜਿਸਮਫਰੋਸ਼ੀ ਦੇ ਧੰਦੇ ਨਾਲ ਜੁੜੇ ਹੋਏ ਸਨ। ਇਸ ਪਿਛੋਕੜੀ ਕੰਮ ਨੇ ਮੈਨੂੰ ਜਿਸਮਫਰੋਸ਼ਾਂ ਦੇ ਸਮਾਜੀਕਰਨ, ਉਨ੍ਹਾਂ ਦੀਆਂ ਰਵਾਇਤਾਂ, ਉਨ੍ਹਾਂ ਦੇ ਕਾਰੋਬਾਰ ਅਤੇ ਇਸ ਦੀਆਂ ਪ੍ਰਤੱਖ ਗੁੰਝਲਾਂ ਦਾ ਵਰਨਣ ਕਰਨ ਦੇ ਯੋਗ ਬਣਾਇਆ ਏ। ਮੈਨੂੰ ਜਿਸਮਫਰੋਸ਼ਾਂ ਦੇ ਪਰਿਵਾਰ ਵਿਚ ਸੱਤਾ ਗਤੀਸ਼ੀਲਤਾ ਦੀ ਜਾਣਕਾਰੀ ਵੀ ਪ੍ਰਾਪਤ ਹੋਈ, ਜਿੱਥੇ ਔਰਤ ਇਸ ਦੀ ਮੁਖੀ ਏ, ਜਿੱਥੇ ਕੁੜੀ ਦੇ ਜਨਮ ਦਾ ਜਸ਼ਨ ਮਨਾਇਆ ਜਾਂਦਾ ਏ, ਅਤੇ ਜਿੱਥੇ ਮੁੰਡਾ ਜੰਮਣ ਦਾ ਸੋਗ ਮਨਾਇਆ ਜਾਂਦਾ ਏ।

ਨਸਲ ਸ਼ਾਸ਼ਤਰ ਇਕ ਵਡੇਰੇ ਪ੍ਰਬੰਧ ਤੇ ਝਾਤੀ ਮਾਰਨ ਲਈ ਸਮਾਜ ਦੇ ਇਕ ਪੱਖ ਨੂੰ ਫੜਨ ਲਈ ਬਹੁਤ ਲਾਭਕਾਰੀ ਏ। ਇੱਥੇ ਮੈਂ ਨਾ ਸਿਰਫ ਜਿਸਮਫਰੋਸ਼ੀ ਦੇ ਵਰਤਾਰੇ ਦਾ ਵਿਸ਼ਲੇਸ਼ਣ ਹੀ ਕੀਤਾ ਏ ਬਲਕਿ ਇਸ ਰਾਹੀਂ ਮੈਂ ਪਾਕਿਸਤਾਨੀ ਸਮਾਜ ਅਤੇ ਇਸ ਦੀਆਂ ਲਿੰਗੀ ਭੂਮਿਕਾਵਾਂ ਤੇ ਵੀ ਝਾਤੀ ਮਾਰੀ ਏ। ਮੈਂ ਇਹ ਖੋਜ ਇਸ ਲਈ ਸ਼ੁਰੂ ਕੀਤੀ ਕਿ ਮੈਂ ਪਾਕਿਸਤਾਨੀ ਔਰਤਾਂ ਨੂੰ ਖੁਦ ਨੂੰ ਬੇਹਤਰ ਢੰਗ ਨਾਲ ਸਮਝਣ ਵਿਚ ਕੁਝ ਮਦਦ ਕਰ ਸਕਾਂ। ਮੈਂ ਮਹਿਸੂਸ ਕੀਤਾ ਕਿ ਇਸ ਵਿਸ਼ੇ ਨਾਲ ਸਿੱਧਾ ਅਕਾਦਮਿਕ ਢੰਗ ਨਾਲ ਨਜਿੱਠਣਾ ਇਸ ਉਦੇਸ਼ ਦੀ ਪ੍ਰਾਪਤੀ ਦਾ ਇਕ ਵਧੀਆ ਤਰੀਕਾ ਨਹੀਂ ਹੋਵੇਗਾ। ਇਸ ਲਈ ਮੈਂ ਇਕ ਕਥਾ ਵਿਧਾ ਵਰਤੀ ਏ ਜਿਸ ਰਾਹੀਂ ਉਨ੍ਹਾਂ ਲੋਕਾਂ ਦੇ ਜੀਵਨ ਦੀ ਤਸਵੀਰ ਪੇਸ਼ ਕੀਤੀ ਗਈ ਏ ਜੋ ਸ਼ਾਹੀ ਮੁਹੱਲੇ ਵਿਚ ਰਹਿੰਦੇ ਨੇ ਅਤੇ ਸਾਡੇ ਸਮਾਜ ਵਿਚ ਪ੍ਰਚਲਤ ਮਿੱਥਾਂ ਨੂੰ ਤੋੜਦੇ ਨੇ। ਮੈਂ ਉਨ੍ਹਾਂ ਲੋਕਾਂ ਨੂੰ ਇੰਨ-ਬਿੰਨ ਪੇਸ਼ ਕੀਤਾ ਏ-ਮਿਹਨਤੀ ਜਾਂ ਸੁਸਤ, ਚੰਗੇ ਜਾਂ ਮਾੜੇ, ਲਾਚਾਰ ਜਾਂ ਤਕੜੇ, ਕੁਸ਼ਲ ਜਾਂ ਅਯੋਗ, ਸਮੇਤ ਉਨ੍ਹਾਂ ਦੇ ਆਪਣੇ ਦੁੱਖਾਂ ਅਤੇ ਪ੍ਰਾਪਤੀਆਂ ਦੇ, ਸਮੱਸਿਆਵਾਂ ਅਤੇ ਚੁਣੌਤੀਆਂ, ਆਸਾਂ ਅਤੇ ਤਾਂਘਾ ਦੇ। ਮੇਰੀ ਖੋਜ ਉਨ੍ਹਾਂ ਨੂੰ ਉਹ ਮਨੁੱਖ ਦਰਸਾਉਂਦੀ ਏ ਜੋ ਰੋਜ਼ੀ ਕਮਾਉਣ ਲਈ ਸੰਘਰਸ਼ ਕਰ ਰਹੇ ਨੇ ਪਰ ਇਹ ਸਾਫ ਤੌਰ ਤੇ ਨਹੀਂ ਜਾਣਦੇ ਕਿ ਪਾਕਿਸਤਾਨੀ ਸਮਾਜ ਦੀ ਵਡੇਰੀ ਤਸਵੀਰ ਵਿਚ ਉਹ ਕਿੱਥੇ ਫਿੱਟ ਬੈਠਦੇ ਨੇ।

ਦਸਾਂ ਸਾਲਾਂ ਦੇ ਅਰਸੇ ਵਿਚ ਮੈਂ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕਾਂ ਨੂੰ ਵੇਖਿਆ ਏ ਤੇ ਉਨ੍ਹਾਂ ਨਾਲ ਗੱਲ-ਬਾਤ ਕੀਤੀ ਏ। ਇਸ ਸਾਰੇ ਕੰਮ ਨਾਲ ਇਨ੍ਹਾਂ ਮੁੱਦਿਆਂ ਬਾਰੇ ਸਮਝ ਹੋਰ ਸਪਸ਼ਟ ਹੋਈ ਏ ਅਤੇ ਇਸ ਵਿਸ਼ੇ ਉੱਤੇ ਮੈਂ ਸਿੱਖਿਆ ਦੇ ਆਪਣੇ ਅਮਲ ਨੂੰ ਮੁਖਾਤਬ ਹੋਈ ਹਾਂ। ਇਸਤਰੀਵਾਦੀ ਖੋਜ ਦਾ ਇਕ ਅਹਿਮ ਪੱਖ ਇਹ ਏ ਕਿ ਖੋਜ ਸਾਮ੍ਹਣੇ ਨਜ਼ਰ ਆਵੇ। ਫੈਮਿਨਿਜ਼ਮ ਐਂਡ ਮੈਥੋਡੋਲੋਜੀ ਵਿਚ ਸੰਪਾਦਕ, ਸਾਦਰਾ ਹਾਰਡਿੰਗ ਨੇ ਲਿਖਿਆ ਏ:

ਬੇਹਤਰੀਨ ਇਸਤਰੀਵਾਦੀ ਵਿਸ਼ਲੇਸ਼ਣ ਬੜੇ ਅਹਿਮ ਢੰਗ ਨਾਲ ਵਿਸ਼ਾ-ਤੱਤ ਦੀ ਨਵੀਨਤਾਕਾਰੀ ਤੋਂ ਪਰੇ ਤਕ ਜਾਂਦਾ ਏ। ਇਸ ਉੱਤੇ ਜੋਰ ਹੁੰਦਾ ਏ ਕਿ ਖੋਜੀ ਵੀ ਲੁਕਵੇਂ ਵਿਸ਼ਾ ਤੱਤ ਦੇ ਉਸੇ ਅਹਿਮ ਧਰਾਤਲ ਤੇ ਖੁਦ ਨੂੰ ਰੱਖੇ, ਅਤੇ ਖੋਜ ਦੇ ਸਿੱਟਿਆਂ ਵਿਚ ਹੋਰ ਜਾਂਚ ਲਈ ਖੋਜ ਅਮਲ ਨੂੰ ਪੂਰੀ ਤਰ੍ਹਾਂ ਹੱਥ ਵਿਚ ਲਏ।

ਇਸ ਤਰਾਂ, ਲੋਕਾਂ ਵਿਚਕਾਰ ਨੱਚਣ ਵਾਲੀਆਂ ਔਰਤਾਂ ਦੇ ਖਿਲਾਫ ਸਮਾਜਕ ਵਰਜਣਾਂ ਦੇ ਆਧਾਰ ਨੂੰ ਨੰਗਾ ਕਰਨ ਦੀ ਤਾਂਘ ਮੇਰੇ ਲਈ ਖੋਜ ਦੇ ਸਫਰ ਵਿਚ ਇਕ ਲਾਂਘਾ ਬਣਿਆਂ, ਜੋ ਹੈਰਾਨੀਆਂ ਅਤੇ ਸੂਝਾਂ ਨਾਲ ਭਰਪੂਰ ਸੀ। ਹੋਰ ਦਿਲਚਸਪ ਗੱਲ ਇਹ ਏ ਕਿ ਸਾਡੇ ਸਮਾਜ ਦੇ ਲਿੰਗੀ ਸੱਤਾ ਸਬੰਧਾਂ ਦੇ ਬੜੇ ਹੀ ਬੁਨਿਆਦੀ ਸੰਕਲਪਾਂ ਨੂੰ ਸਾਮਣੇ ਲਿਆਉਣ ਵਿਚ ਇਸ ਨੇ ਮੇਰੀ ਮਦਦ ਕੀਤੀ ਅਤੇ ਇਨ੍ਹਾਂ ਸਬੰਧਾਂ ਨੂੰ ਸ਼ਕਲ ਦੇਣ ਵਿਚ ਪਿਤਰੀ ਪ੍ਰਬੰਧ ਦੀ ਭੂਮਿਕਾ ਨੂੰ ਸਮਝਣ ਵਿਚ ਇਸ ਨੇ ਯੋਗਦਾਨ ਪਾਇਆ।

ਮੈਂ ਇਸ ਉਪ ਸੱਭਿਆਚਾਰ ਦੀ ਸਮੱਗਰ ਸਮਝ ਵਿਕਸਿਤ ਕਰਨ ਲਈ ਆਪਣੀਆਂ ਅਧਿਐਨ ਲੱਭਤਾਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ। ਇਹ ਲੱਭਤਾਂ ਖੁਦ ਉਨ੍ਹਾਂ ਲੋਕਾਂ ਦੀਆਂ ਕਹਾਣੀਆਂ ਵਿਚ ਦੱਸੀਆਂ ਗਈਆਂ ਨੇ। ਜੋ ਅੰਕੜੇ ਸਾਲਾਂ ਵਿਚ ਇਕੱਤਰ ਕੀਤੇ ਗਏ ਸਨ ਉਹ ਇਸ ਕਿਤਾਬ ਲਈ ਚੁਣੀਆਂ ਕਹਾਣੀਆਂ ਵਿਚ ਪਰੋਏ ਗਏ ਨੇ। ਇਸ ਤਰ੍ਹਾਂ ਪੇਸ਼ ਕੀਤੇ ਗਏ ਕੁਝ ਪਾਤਰ ਖੇਤਰ ਦੇ ਬਹੁਤ ਪ੍ਰਤਿਨਿਧ ਵਿਅਕਤੀਆਂ ਦਾ ਮਿਸ਼ਰਣ ਨੇ; ਜੋ ਇਸ ਉਪ ਸੱਭਿਆਚਾਰ ਵਿਚ ਉਨ੍ਹਾਂ ਦੇ ਜੀਵਨ ਅਤੇ ਸ਼ਬਦਾਂ ਰਾਹੀਂ ਸਾਮ੍ਹਣੇ ਆਉਂਦੇ ਨੇ। ਕੁਝ ਲੋਕਾਂ ਦੀ ਆਪਣੀ ਸੁਰੱਖਿਆ ਲਈ ਕੁਝ ਲੋਕਾਂ ਦੇ ਨਾਂ ਬਦਲੇ ਗਏ ਨੇ, ਪਰ ਸ਼ਾਹੀ ਮੁਹੱਲੇ ਬਾਰੇ ਸਾਰੀ ਜਾਣਕਾਰੀ ਹਕੀਕੀ ਏ। ਸਾਰੀ ਮੂਲ ਖੋਜ ਪੰਜਾਬੀ ਭਾਸ਼ਾ ਵਰਤ ਕੇ ਕੀਤੀ ਗਈ ਏ ਅਤੇ ਕੁਝ ਉਰਦੂ ਵੀ ਵਰਤਿਆ ਗਿਆ ਏ। ਕੁਝ ਇਸ ਤਰ੍ਹਾਂ ਦੇ ਮੂਲ ਸ਼ਬਦ ਅਤੇ ਪਦ ਕਿਤਾਬ ਵਿਚ ਇੰਨ-ਬਿੰਨ ਵਰਤੇ ਗਏ ਨੇ।

ਹੋਰ ਕਸਬੀਆਂ ਦੇ ਉਲਟ, ਜੋ 'ਕਾਰੋਬਾਰੀ ਸੈਕਸ ਕਾਮਾ' ਸ਼ਬਦ ਵਰਮਣ ਨੂੰ ਤਰਜੀਹ ਦਿੰਦੇ ਨੇ, ਮੈਂ ਆਪਣੇ ਅਧਿਐਨ ਵਿਚ ਜਿਸਮਫਰੋਸ਼ ਸ਼ਬਦ ਵਰਤਿਆ ਏ। ਮੇਰਾ ਖਿਆਲ ਏ ਕਿ ਸੈਕਸ ਵਰਕਰ ਇਨ੍ਹਾਂ ਔਰਤਾਂ ਲਈ ਇਕ ਬੜਾ ਸੀਮਤ ਅਰਥਾਂ ਵਾਲਾ ਸ਼ਬਦ ਏ ਕਿਉਂਕਿ ਰਵਾਇਤ ਅਤੇ ਕਲਾ ਦਾ ਇਕ ਅਮੀਰ ਉਪ ਸਭਿਆਚਾਰ ਏ ਅਤੇ ਉਨ੍ਹਾਂ ਨੂੰ ਸਿਰਫ ਸੈਕਸ ਮੁਹੱਈਆ ਕਰਨ ਤੋਂ ਕਿਤੇ ਵੱਧ ਸਿਖਲਾਈ ਨਿੱਕੀ ਉਮਰ ਤੋਂ ਹੀ ਦਿੱਤੀ ਜਾਂਦੀ ਰਹੀ ਏ। ਇਸੇ ਤਰ੍ਹਾਂ ਕਾਰੋਬਾਰੀ ਸੈਕਸ ਕਾਮਾ ਜਪਾਨੀ ਸ਼ਬਦ ਗੀਸ਼ਾ ਦੀ ਥਾਂ ਦੇਣ ਲਈ ਕਾਫੀ ਸੀਮਤ ਸ਼ਬਦ ਏ। ਐਪਰ ਕੋਈ ਇਕ ਵੀ ਸਥਾਨਕ ਅਜਿਹਾ ਸ਼ਬਦ ਨਹੀਂ ਏ ਜਿਸ ਵਿਚ ਸਭ ਕੁਝ ਸਮਾਇਆ ਹੋਵੇ ਤੇ ਮੈਂ ਉਸ ਨੂੰ ਚੁਣ ਸਕਦੀ। ਖੁਦ ਔਰਤਾਂ ਵਲੋਂ ਵਰਤੇ ਜਾਂਦੇ ਸਥਾਨਕ ਬੋਲੀ ਦੇ ਸ਼ਬਦ ਜਿਸਮਫਰੋਸ਼ਾਂ ਦੇ ਹਰ ਵਰਗ ਵਿਚ ਵੱਖਰੇ ਨੇ। ਉਹ ਨੇ ਤਵਾਇਫ਼, ਕੰਜਰੀ ਅਤੇ ਗਸ਼ਤੀ। ਪਾਕਿਸਤਾਨੀ ਸਮਾਜ ਵਿਚ ਹੋਰ ਲੋਕ ਪੁਲਸੀਆ ਸ਼ਬਦ ਵਰਤਦੇ ਨੇ ਜਿਵੇਂ ਤਵਾਇਫ਼, ਜਿਸ ਦਾ ਅਸਲ ਮਤਲਬ ਏ ਉੱਚੇ ਪੱਧਰ ਦੀ ਜਿਸਮਫਰੋਸ਼ ਜਿਸ ਦੇ ਕੁਝ ਕੁ ਹੀ ਗਾਹਕ ਹੁੰਦੇ ਨੇ, ਪਰ ਇਸ ਨੂੰ ਵਿਸਤ੍ਰਿਤ ਰੂਪ ਵਿਚ ਵਰਤਿਆ ਜਾ ਸਕਦਾ ਏ, ਅਤੇ 'ਨੱਚਣ ਵਾਲੀ' ਉਨ੍ਹਾਂ ਸਾਰੀਆਂ ਨੂੰ

ਕਿਹਾ ਜਾਂਦਾ ਏ ਜੋ ਆਪਣੇ ਧੰਦੇ ਵਿਚ ਸੰਗੀਤ ਦਾ ਇਸਤੇਮਾਲ ਕਰਦੀਆਂ ਨੇ। ਮੈਂ ਸ਼ਾਹੀ ਮੁਹੱਲੇ ਵਿਚ ਸੈਕਸ ਕਾਰੋਬਾਰ ਵਿਚ ਲੱਗੀਆਂ ਔਰਤਾਂ ਦੀਆਂ ਸਾਰੀਆਂ ਜਮਾਤਾਂ ਲਈ ਜਿਸਮਫਰੋਸ਼ ਸ਼ਬਦ ਵਰਤਿਆ ਏ। ਸੈਕਸ ਵਰਕਰ ਸ਼ਬਦ ਭਾਵੇਂ ਉਨ੍ਹਾਂ ਔਰਤਾਂ ਲਈ ਵਧੇਰੇ ਢੁਕਵਾਂ ਹੋਵੇ ਜੋ ਰੰਡੀਖਾਨਿਆਂ ਜਾਂ ਗਲੀਆਂ ਵਿਚ ਧੰਦਾ ਕਰਦੀਆਂ ਨੇ ਅਤੇ ਸਿਰਫ ਸੈਕਸ ਸੇਵਾਵਾਂ ਮੁਹੱਈਆਂ ਕਰਨ ਤਕ ਹੀ ਸੀਮਤ ਹੁੰਦੀਆ ਨੇ। ਹੋ ਸਕਦਾ ਏ ਕਿ ਇਹ ਜਿਸਮਫਰੋਸ਼ੀ ਦੇ ਪੱਛਮੀ ਪ੍ਰਬੰਧ ਤੇ ਵਧੇਰੇ ਲਾਗੂ ਹੁੰਦੀ ਹੋਵੇ ਜਿੱਥੇ ਉਨ੍ਹਾਂ ਦਾ ਕੰਮ ਆਮ ਤੌਰ ਤੇ ਸੈਕਸ ਮੁਹੱਈਆਂ ਕਰਨ ਤਕ ਸੀਮਤ ਹੁੰਦਾ ਏ। ਐਪਰ, ਅੰਤ ਵਿਚ ਮੇਰੀ ਕਿਤਾਬ ਦਾ ਮਕਸਦ ਇਸ ਧੰਦੇ ਨਾਲ ਜੁੜੀਆਂ ਔਰਤਾਂ ਤੇ ਲੱਗੇ ਸਮਾਜਕ ਕਲੰਕ ਨੂੰ ਖਤਮ ਕਰਨਾ ਏ। ਇੰਝ ਕਰਨ ਲਈ ਸਾਨੂੰ ਆਪਣੇ ਅਰਥ-ਵਿਗਿਆਨ ਦੀ ਸਿਆਸੀ ਦਰੁਸਤੀ ਬਾਰੇ ਫਿਕਰ ਕਰਨ ਤੋਂ ਕਿਤੇ ਵੱਧ ਕੁਝ ਕਰਨ ਪਏਗਾ।

# ਧੰਨਵਾਦ

ਮੈਂ ਉਨ੍ਹਾਂ ਕੁਝ ਮਹੱਤਵਪੂਰਨ ਲੋਕਾਂ ਦਾ ਧੰਨਵਾਦ ਕਰਨਾ ਚਾਹਾਂਗੀ ਜਿਨ੍ਹਾਂ ਦੀ ਮਦਦ ਤੋਂ ਬਿਨ੍ਹਾ ਮੇਰੇ ਲਈ ਇਹ ਕਿਤਾਬ ਪੂਰੀ ਕਰਨੀ ਮੁਸ਼ਕਿਲ ਸੀ। ਆਪਣਾ ਆਭਾਰ ਪ੍ਰਗਟਾਉਣ ਲਈ ਮੈਨੂੰ ਆਪਣੇ ਸ਼ਬਦ ਬੜੇ ਨਿਗੂਣੇ ਜਿਹੇ ਜਾਪਦੇ ਨੇ।

ਸਭ ਤੋਂ ਪਹਿਲਾਂ ਮੈਂ ਸ਼ਾਹੀ ਮੁਹੱਲੇ ਦੇ ਲੋਕਾਂ ਦਾ ਸ਼ੁਕਰੀਆ ਕਰਦੀ ਹਾਂ ਜਿਨ੍ਹਾਂ ਨੇ ਆਪਣੇ ਘਰ ਅਤੇ ਜੀਵਨ ਮੇਰੇ ਸਾਹਮਣੇ ਖੋਲ ਦਿੱਤੇ ਅਤੇ ਮੇਰੇ ਤੇ ਭਰੋਸਾ ਕੀਤਾ। ਇਹ ਉਨ੍ਹਾਂ ਦੀ ਫਰਾਖ਼ਦਿਲੀ ਹੀ ਸੀ ਕਿ ਮੇਰੇ ਲਈ ਉਨ੍ਹਾਂ ਦੇ ਸੰਸਾਰ ਨੂੰ ਲੋਕਾਂ ਦੇ ਸਾਹਮਣੇ ਰੱਖਣਾ ਸੰਭਵ ਬਣਾਇਆ। ਗੁਪਤਤਾ ਕਾਰਨ ਮੈਂ ਉਨ੍ਹਾਂ ਸਾਰਿਆਂ ਦੇ ਨਾਂ ਵਿਅਕਤੀਗਤ ਰੂਪ ਵਿਚ ਨਹੀਂ ਲੈ ਸਕਦੀ ਪਰ ਮੈਂ ਉਸਤਾਦ ਮੁਹੰਮਦ ਸਦੀਕ ਅਤੇ ਮਹਿਮੂਦ ਕੰਜਰ ਸਾਹਿਬ ਦਾ ਜ਼ਿਕਰ ਜਰੂਰ ਕਰਾਂਗੀ ਜਿਨ੍ਹਾਂ ਨੇ ਆਪਣੇ ਨਾਂ ਇਸ ਕਿਤਾਬ ਵਿਚ ਵਰਤਣ ਦੀ ਮੈਨੂੰ ਖਾਸ ਖੁਲ ਦਿੱਤੀ ਏ। ਮੈਂ ਉਨ੍ਹਾਂ ਦੀ ਮਦਦ ਅਤੇ ਫਰਾਖਦਿਲੀ ਲਈ ਧੰਨਵਾਦੀ ਹਾਂ।

ਮੇਰੇ ਮਾਪਿਆਂ, ਸਈਦ ਅਹਿਮਦ ਅਤੇ ਫਰਹਤ ਸਈਦ ਨੇ ਮੈਨੂੰ ਅਜਿਹੇ ਵਰਜਿਤ ਵਿਸ਼ੇ ਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਅਤੇ ਮੇਰੀ ਖੋਜ ਦੇ ਕਈ ਸਾਲਾਂ ਦੌਰਾਨ ਉਨ੍ਹਾਂ ਨੇ ਮੇਰੀ ਮਦਦ ਕੀਤੀ ਅਤੇ ਹੱਲਾਸ਼ੇਰੀ ਦਿੱਤੀ। ਮੈਂ ਖੁਸ਼ਕਿਸਮਤ ਹਾਂ ਕਿ ਮੇਰੇ ਮਾਪੇ ਏਨੇ ਉਦਾਰ ਨੇ ਅਤੇ ਉਨ੍ਹਾਂ ਲਈ ਬੱਚਿਆਂ ਦੀ ਸਿੱਖਿਆ ਅਤੇ ਖੁਸ਼ੀ ਹੀ ਸਭ ਤੋਂ ਉਚੀ ਤਰਜੀਹ ਏ। ਮੇਰੇ ਭਾਈਜਾਨ ਡਾ. ਕਾਮਰਾਨ ਅਹਿਮਦ ਅਤੇ ਭਤੀਜੀ ਸਦਫ਼ ਅਹਿਮਦ ਨੇ ਮੈਨੂੰ ਕਾਫੀ ਕੁਝ ਸੁਝਾਇਆ ਤੇ ਹੱਲਾਸ਼ੇਰੀ ਦਿੱਤੀ। ਮੇਰੀ ਭੈਣ ਮਲੀਹਾ ਨੇ ਮੇਰੀ ਸਰਗਰਮ ਹਮਾਇਤ ਕੀਤੀ ਅੰਤੇ ਮੇਰੀ ਸੁਰੱਖਿਆ ਲਈ ਪ੍ਰਾਥਨਾ ਕੀਤੀ।

ਮੇਰੇ ਖਾਵੰਦ ਅਤੇ ਵਧੀਆ ਦੋਸਤ ਪਾਲ ਲੰਡਬਰਗ ਨੇ ਮੇਰੀ ਸ਼ੈਲੀ ਨੂੰ ਨਿਰੋਲ ਅਕਾਦਮਿਕ ਤੋਂ ਬਦਲ ਕੇ ਵਧੇਰੇ ਗੈਰਰਸਮੀ ਬਣਾਉਣ ਲਈ ਉਤਸ਼ਾਹਿਤ ਕਰਕੇ ਇਸ ਕਿਤਾਬ ਵਿਚ ਸਭ ਤੋਂ ਵੱਡਾ ਯੋਗਦਾਨ ਪਾਇਆ ਜਿਸ ਕਰਕੇ ਇਹ ਵਿਸਤ੍ਰਿਤ ਪਾਠਕ ਸਮੂਹ ਦੀ ਦਿਲਚਸਪੀ ਦਾ ਕਾਰਨ ਬਣੀ। ਲਿਖਣ ਦੇ ਅਮਲ ਵਿਚ ਉਹ ਸਦਾ ਮੇਰੇ ਦੋਸਤ ਅਤੇ ਭਾਈਵਾਲ ਰਹੇ, ਮੇਰੇ ਵਿਚਾਰਾਂ ਦੇ ਮਜਬੂਤ ਹਮਾਇਤੀ। ਉਨ੍ਹਾਂ ਨੇ ਮੇਰੇ ਰੌਂਆਂ ਨੂੰ ਉਭਾਰਿਆ ਅਤੇ ਜਦੋਂ ਮੈਂ ਹੋਰ ਕੰਮ ਕਰਨ ਤੋਂ ਅੱਕੀ-ਥੱਕੀ ਲੱਗਦੀ ਮੈਨੂੰ ਰੱਜ ਕੇ ਚਾਕਲੇਟ ਆਈਸਕਰੀਮ ਪੇਸ਼ ਕੀਤੀ।

ਸਭਿਆਚਾਰ ਦੇ ਖੇਤਰ ਵਿਚ ਬਹੁਤ ਸਾਰੇ ਪੇਸ਼ਾਵਰ ਅਤੇ ਹੋਰ ਦੋਸਤਾਂ ਨੇ ਮੈਨੂੰ ਪਰਤਵੀਂ ਜਾਣਕਾਰੀ ਦਿੱਤੀ ਅਤੇ ਖਰੜੇ ਬਾਰੇ ਟਿੱਪਣੀਆਂ ਪੇਸ਼ ਕੀਤੀਆਂ। ਮੇਰੇ ਦੋਸਤ ਯਾਸਰ ਨੋਮਾਨ ਨੇ

ਸੰਗੀਤਕ ਪੱਖਾਂ ਤੋਂ ਨਾ ਸਿਰਫ ਆਪਣੀ ਮਾਹਿਰ ਰਾਏ ਹੀ ਮੈਨੂੰ ਦਿੱਤੀ ਬਲਕਿ ਕਿਤਾਬ ਦੇ ਸਾਰੇ ਪੜਾਵਾਂ ਤੇ ਮੇਰੀ ਸਰਗਰਮ ਮਦਦ ਵੀ ਕੀਤੀ।

ਸ੍ਰੀ ਆਈ.ਏ.ਰਹਿਮਾਨ ਨੇ ਇਹ ਖੋਜ ਅਧਿਐਨ ਕਰਨ ਦੀ ਮੇਰੀ ਯੋਗਤਾ ਤੇ ਵਿਸ਼ਵਾਸ ਕੀਤਾ ਅਤੇ ਪਿਛਲੇ ਕਈ ਸਾਲਾਂ ਤੋਂ ਇਹ ਪ੍ਰਾਜੈਕਟ ਪੂਰਾ ਕਰਨ ਲਈ ਮੈਨੂੰ ਲਗਾਤਾਰ ਉਤਸ਼ਾਹ ਦਿੱਤਾ। ਇਸ ਅਮਲ ਵਿਚ ਉਹ ਮੇਰੇ ਲਈ ਸ਼ੁਰੂ ਤੋਂ ਹੀ ਬੜੇ ਅਹਿਮ ਰਹੇ ਅਤੇ ਜੋ ਤਕਲੀਫਾਂ ਮੈਂ ਝੱਲੀਆਂ ਉਨ੍ਹਾਂ ਬਾਰੇ ਉਨ੍ਹਾਂ ਨੂੰ ਸਾਰੀ ਜਾਣਕਾਰੀ ਏ। ਜਦੋਂ ਵੀ ਮੇਰੇ ਸਾਹਮਣੇ ਕੋਈ ਬੰਦ ਸਿਰਾ ਆ ਜਾਂਦਾ ਉਹ ਹਮੇਸ਼ਾ ਮੈਨੂੰ ਸਲਾਹ ਦੇਣ ਲਈ ਮੌਜੂਦ ਹੁੰਦੇ।

ਮੇਰੇ ਦੋਸਤ ਜਾਹਨ ਕਰਿਗਨੇਨ, ਸਵਿੱਸ ਇੰਟਰਕਾਪੋਰੇਸ਼ਨ ਤੋਂ, ਨੇ ਮੇਰੇ ਅੰਕੜਾ ਇੱਕਤਰਣ ਦੇ ਆਖਰੀ ਪੜਾਅ ਲਈ ਸਫਰ ਵਾਸਤੇ ਪੈਸੇ ਦਾ ਪ੍ਰਬੰਧ ਕੀਤਾ, ਜਦੋਂ ਮੇਰੇ ਕੋਲ ਜ਼ਾਤੀ ਤੌਰ ਤੇ ਸਾਰੇ ਸਰੋਤ ਪੂਰੀ ਤਰ੍ਹਾਂ ਸੁੱਕ ਚੁੱਕੇ ਸਨ।

ਸਾਜਿਦ ਮੁਨੀਰ ਨੇ ਆਪਣੀਆਂ ਤਸਵੀਰਾਂ ਰਾਹੀ ਮੁਹੱਲੇ ਦੇ ਸਾਰ ਨੂੰ ਕੈਦ ਕੀਤਾ ਅਤੇ ਉਨ੍ਹਾਂ ਦੇ ਸਮਾਜਕ ਪ੍ਰਬੰਧ ਵਿਚਲੇ ਅਣਵੇਖੇ ਵੇਰਵਿਆਂ ਤੇ ਧਿਆਨ ਬੰਨਣ ਵਿਚ ਮੇਰੀ ਮਦਦ ਕੀਤੀ।

# ਨਜ਼ਰੋਂ ਉਹਲੇ

ਮੈਂ ਆਪਣੀ ਟੋਯੋਟਾ 'ਤੇ ਇਸ ਅਮਲ ਵਿਚ ਹਜ਼ਾਰਾਂ ਕਿਲੋਮੀਟਰ ਤੈਅ ਕਰ ਲਏ ਸਨ ਅਤੇ ਇਸ ਕੰਮ ਤੇ ਲੱਗੇ ਮੈਨੂੰ ਚੌਦਾਂ ਕੁ ਮਹੀਨੇ ਹੋ ਚੁੱਕੇ ਸਨ। ਇਸ ਦੌਰਾਨ ਮੈਂ ਲਾਹੌਰ ਦੇ ਸ਼ਾਹੀ ਮੁਹੱਲੇ ਦੇ ਅਨੇਕ ਵਸਨੀਕਾਂ ਨੂੰ ਮਿਲੀ ਉਨ੍ਹਾਂ ਦੀ ਘੰਟਿਆਂ ਦੀ ਗੱਲਬਾਤ ਦੀ ਟੇਪ ਬਣਾਈ, ਪੁਲਿਸ ਨਾਲ ਕਈ ਝੜੱਪਾਂ ਹੋਈਆਂ ਅਤੇ ਦੋ ਜੋੜੀ ਟਾਇਰ ਘਸਾ ਕੇ ਬੈਠ ਗਈ। ਮੇਰੇ ਕੋਲ ਅਜੇ ਵੀ ਅਣਸੁਲਝੇ ਸਵਾਲਾਂ ਦਾ ਢੇਰ ਸੀ। ਮੈਂ ਕਿਸੇ ਅਜਿਹੇ ਬੰਦੇ ਨਾਲ ਗੱਲ ਕਰਨ ਲਈ ਬਿਹਵਲ ਸੀ ਜੋ ਮੈਨੂੰ ਸਾਡੇ ਸਮਾਜ ਨਾਲ ਸਬੰਧਤ ਲਾਹੌਰ ਦੀ ਰੰਡੀਗਿਰੀ ਦੇ ਰਵਾਇਤੀ ਸਿਸਟਮ ਨੂੰ ਸਮਝਣ ਵਿਚ ਮਦਦ ਕਰ ਸਕਦਾ। ਖ਼ੁਸ਼ਕਿਸਮਤੀ ਸੀ ਕਿ ਇਸਲਾਮਾਬਾਦ ਮੁੜਨ ਤੇ ਇਕ ਰੁੱਕਾ ਆਇਆ ਪਿਆ ਸੀ ਕਿ ਮੈਂ ਅਮਜਦ ਸ਼ਾਹ ਨਾਲ ਗੱਲ ਕਰ ਲਵਾਂ, ਜੋ ਇਸਲਾਮਾਬਾਦ ਦਾ ਇਕ ਉੱਚ ਪੁਲਿਸ ਅਧਿਕਾਰੀ ਏ ਤੇ ਮੇਰਾ ਜਾਤੀ ਦੋਸਤ ਵੀ। ਉਹ ਨੇ ਮੇਰੇ ਖੋਜ ਅਧਿਐਨ ਬਾਰੇ ਜਾਣਨ ਲਈ ਮੈਨੂੰ ਆਪਣੇ ਘਰ ਸੱਦਿਆ ਸੀ। ਉਹ ਮੇਰੇ ਬਾਰੇ ਥੋੜ੍ਹਾ ਫਿਕਰਮੰਦ ਵੀ ਸੀ ਇਸ ਲਈ ਮੇਰੀ ਖ਼ੈਰ-ਖ਼ਬਰ ਵੀ ਲੈਣੀ ਚਾਹੁੰਦਾ ਸੀ।

ਭਾਵੇਂ ਅਸੀਂ ਦੋਸਤ ਸੀ ਪਰ ਮੈਂ ਉਹਨੂੰ ਵਰਦੀ ਤੋਂ ਬਿਨਾਂ ਕਦੀ ਨਹੀਂ ਵੇਖਿਆ ਸੀ। ਪਰ ਅੱਜ ਉਹਨੇ ਸਲਵਾਰ ਕਮੀਜ਼ ਪਾਈ ਹੋਈ ਸੀ। ਉਹ ਦਾ ਬੈਠਕ ਖਾਨਾ ਸਮਕਾਲੀ ਢੰਗ ਨਾਲ ਵਧੀਆ ਸਜਿਆ ਹੋਇਆ ਸੀ। ਮੈਂ ਉਹਨੂੰ ਅਤੇ ਉਹਦੀ ਬੀਵੀ ਸਕੀਨਾ ਨੂੰ ਸਲਾਮ ਆਖੀ। ਸਕੀਨਾ ਇਕ ਪਰਛਾਵਾਂ ਜਿਹਾ ਹੀ ਸੀ ਜਿਹੜੀ ਖਾਣ-ਪੀਣ ਲਈ ਨਾਸ਼ਤਾ ਪਾਣੀ ਰੱਖ ਦਿੰਦੀ ਤੇ ਹੋਰ ਲਉ ਆਖਦੀ ਹੋਈ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਬਾਹਰ ਨਿੱਕਲ ਜਾਂਦੀ।

ਅਸੀਂ ਬੈਠਕ ਖਾਨੇ ਵਿਚ ਬੈਠੇ ਤਾਂ ਅਮਜਦ ਪੁੱਛਣ ਲੱਗਾ, 'ਮੈਨੂੰ ਪਤਾ ਲੱਗਾ ਏ ਕਿ ਤੇਰੇ ਖੋਜ ਅਧਿਐਨ ਵਿਚ ਪੁਲਿਸ ਕਾਫੀ ਅੜਿੱਕੇ ਖੜ੍ਹੇ ਕਰਦੀ ਪਈ ਏ।'

ਮੈਂ ਜਵਾਬ ਦਿੱਤਾ ਕਿ ਮੈਨੂੰ ਵਿਰੋਧ ਸਿਰਫ ਪੁਲਿਸ ਦਾ ਹੀ ਨਹੀਂ ਝੱਲਣਾ ਪਿਆ ਏ ਬਲਕਿ ਸੱਭਿਆਚਾਰ ਮੰਤਰਾਲਾ ਦਾ ਵੀ, ਜਿਸ ਦਾ ਵਤੀਰਾ ਲਾਹੌਰ ਦੇ ਲਾਲ-ਬੱਤੀ ਖੇਤਰ ਸਬੰਧੀ ਮੇਰੇ ਅਧਿਐਨ ਬਾਰੇ ਬੜਾ ਨਾਂਹ-ਪੱਖੀ ਸੀ। ਮੈਂ ਹੋਰ ਘੱਟ ਸਿੱਧੇ ਵਿਰੋਧ ਦਾ ਵੀ ਜ਼ਿਕਰ ਕੀਤਾ, ਮੱਧ ਵਰਗੀ ਜਮਾਤ ਦੀਆਂ ਔਰਤਾਂ ਦੇ ਅਜਿਹੇ ਵਿਸ਼ਿਆਂ ਨੂੰ ਛੇੜਨ ਦੀ ਸਪਸ਼ਟ ਸਮਾਜਕ ਮਨਾਹੀ ਦਾ। ਕਿਸੇ ਨੇ ਵੀ ਮੈਨੂੰ ਇਹ ਖੋਜ ਅਧਿਐਨ ਜਾਰੀ ਰੱਖਣ ਲਈ ਹੱਲਾਸ਼ੇਰੀ ਨਹੀਂ ਦਿੱਤੀ ਕਿਉਂਕਿ ਇਸ ਇਲਾਕੇ ਅਤੇ ਇਸ ਪੇਸ਼ੇ ਨਾਲ ਜੁੜੀਆਂ ਮਨਾਹੀਆਂ ਬਹੁਤ ਮਜ਼ਬੂਤ ਸਨ। ਤੇ ਦੂਜੇ ਪਾਸੇ ਉਨ੍ਹਾਂ ਨੂੰ ਇਹ ਵੀ ਲੱਗ ਰਿਹਾ ਸੀ ਕਿ ਮਤੇ ਮੈਂ ਕੋਈ ਚੋਂਦੀ-ਚੋਂਦੀ ਕਹਾਣੀ ਨਾ ਕੱਢ ਲਿਆਵਾਂ।

ਮੈਂ ਉਹਨੂੰ ਪੁੱਛਿਆ ਕਿ ਮੁਹੱਲੇ ਦੁਆਲੇ ਘਿਰੇ ਰਹੱਸ ਬਾਰੇ ਆਖਰ ਉਹ ਕੀ ਜਾਣਦਾ ਏ। ਅਤੇ ਇਹ ਕਿਉਂ ਔਖਾ ਏ ਕਿ ਉਸ ਥਾਂ ਬਾਰੇ ਕੁਝ ਪਤਾ ਕੀਤਾ ਜਾ ਸਕੇ। ਮੈਂ ਕਈ ਸਰਕਾਰੀ

ਦਫਤਰਾ ਨਾਲ ਸੰਪਰਕ ਕੀਤਾ, ਪੁਲਿਸ ਨੂੰ ਵੀ ਮਿਲੀ ਪਰ ਕਿਸੇ ਨੂੰ ਵੀ ਉਸ ਖੋਜ ਅਧਿਐਨ ਨਾਲ ਕੋਈ ਸਬੰਧ ਨਹੀਂ ਲੱਗਦਾ ਸੀ ਅਤੇ ਉਹ ਡਰਦੇ ਸਨ ਕਿ ਇਹ ਕੁਝ ਨਾ ਕੁਝ ਬਾਹਰ ਕੱਢ ਕੇ ਰੱਖ ਦੇਵੇਗੀ।

'ਇਸ ਤਰ੍ਹਾਂ ਦਾ ਇਹ ਰਹੱਸ ਕਿਉਂ ਏ ਜੋ ਇਕ ਰੋਮਾਂਟਿਕ ਪਰ ਡਰਾਉਣੀ ਅਤੇ ਘਿਣਾਉਣੀ ਜਿਹੀ ਦਿੱਖ ਪੈਦਾ ਕਰਦਾ ਏ।' ਮੈਂ ਪੁੱਛਿਆ।

'ਤੂੰ ਬਹੁਤ ਸਾਰੇ ਲੋਕਾਂ ਦੇ ਪੰਜੇ ਦਰੜ ਰਹੀ ਏਂ' ਉਹਨੇ ਕਿਹਾ, 'ਇਹ ਮੈਂ ਤੈਨੂੰ ਪਹਿਲਾ ਵੀ ਦੱਸ ਚੁੱਕਾ ਹਾਂ।'

'ਨਹੀਂ ਇਹ ਤਾਂ ਇਸ ਤੋਂ ਵੀ ਵੱਧ ਏ। ਪ੍ਰਤਿਕਿਰਿਆ ਤਾ ਬੜੀ ਫੌਰੀ ਸੀ।'

'ਫੌਰੀ?' ਉਹਨੇ ਹੈਰਾਨੀ ਨਾਲ ਪੁੱਛਿਆ, 'ਤੂੰ ਕੀ ਸਮਝਦੀ ਏਂ ਕਿ ਲੋਕ ਰੰਡੀਬਾਜ਼ੀ ਨੂੰ ਜੈਵਿਕ ਰੂਪ ਵਿਚ ਬੁਰਾ ਸਮਝਦੇ ਨੇ?'

'ਨਹੀਂ, ਤਕਰੀਬਨ ਫੌਰੀ ਤੋਂ ਮੇਰਾ ਮਤਲਬ ਸੀ ਕਿ ਜਦੋਂ ਕਿਸੇ ਚੀਜ਼ ਦਾ ਐਨਾ ਡੂੰਘੇਰਾ ਸਮਾਜੀਕਰਨ ਹੋ ਜਾਂਦਾ ਏ ਪੀੜ੍ਹੀ ਦਰ ਪੀੜ੍ਹੀ, ਤਾਂ ਇਹ ਭੁੱਲ ਹੀ ਜਾਂਦਾ ਏ ਕਿ ਇਹ ਸਮਾਜੀਕ੍ਰਿਤ ਮੁੱਲ ਨੇ ਅਤੇ ਕੁਦਰਤੀ ਵਿਹਾਰ ਨਹੀਂ। ਇਹ ਬੜੇ ਡੂੰਘੇ ਪੱਧਰ ਤੇ ਮਨੋਬਿਰਤੀ ਦਾ ਹਿੱਸਾ ਬਣ ਜਾਂਦੇ ਨੇ ਅਤੇ ਬਿਨਾਂ ਸੋਚਿਆਂ ਹੀ ਹੋਈ ਜਾਂਦੇ ਨੇ। ਸਾਡੇ ਲਿੰਗੀ ਰੋਲ ਬਹੁਤੇ ਇਸੇ ਤਰ੍ਹਾਂ ਦੇ ਨੇ।' ਮੈਂ ਸਮਝਾਉਣ ਦਾ ਯਤਨ ਕੀਤਾ।

ਉਹ ਗੰਭੀਰ ਹੋ ਗਿਆ ਤੇ ਬੋਲਿਆ, 'ਇਹ ਥਾਂ ਵਰਜਿਤ ਏ, ਫੇਰ ਹੋਰ ਤੂੰ ਕੀ ਆਸ ਕਰਦੀ ਸੀ? ਲੋਕਾਂ ਨੂੰ ਇਸ ਤੋਂ ਡਰਨਾ ਸਿਖਾਇਆ ਗਿਆ ਏ।'

'ਹਰੇਕ ਨਹੀਂ! ਇਹ ਤਾਂ ਬਸ ਇਕ ਆਮ ਪ੍ਰਭਾਵ ਏ ਜੋ ਕਾਇਮ ਰੱਖਿਆ ਗਿਆ ਏ। ਆਖਰ ਸਾਡੇ ਇਸ ਸਮਾਜ ਦੇ ਬਹੁਤ ਸਾਰੇ ਲੋਕ ਮੁਹੱਲੇ ਨੂੰ ਪਸੰਦ ਕਰਦੇ ਨੇ ਤੇ ਉੱਥੋਂ ਦੇ ਰੋਜ਼ਾਨਾ ਗਾਹਕ ਵੀ ਨੇ। ਮੇਰਾ ਨੁਕਤਾ ਤਾਂ ਇਹ ਵੇ ਕਿ ਸਮਾਜ ਉਨ੍ਹਾਂ ਮਿੱਥਾਂ ਨੂੰ ਕਾਇਮ ਰੱਖਣਾ ਚਾਹੁੰਦਾ ਏ ਜੋ ਸ਼ਾਹੀ ਮੁਹੱਲੇ ਬਾਰੇ ਬਣਾਈਆਂ ਹੋਈਆਂ ਨੇ। ਇਨ੍ਹਾਂ ਮਿੱਥਾਂ ਰਾਹੀਂ ਹੀ ਤਾਂ ਅਸੀਂ ਇਸ ਦਾ ਰਹੱਸ ਬਣਾ ਕੇ ਰੱਖਦੇ ਹਾਂ ਅਤੇ ਉਨ੍ਹਾਂ 'ਗੰਦੇ ਲੋਕਾਂ' ਦੇ ਧੰਦੇ ਦੀ ਗੱਲ ਕਰਕੇ ਉਨ੍ਹਾਂ ਤੋਂ ਖੁਦ ਨੂੰ ਦੂਰ ਰੱਖਦੇ ਹਾਂ ਅਤੇ ਜਿਨ੍ਹਾਂ ਨੂੰ ਇਹ ਰੰਡੀਆਂ ਸੇਵਾ ਦਿੰਦੀਆਂ ਹਨ ਉਨ੍ਹਾਂ ਦੀ ਰਾਖੀ ਕਰਦੇ ਹਾਂ।'

ਅਮਜਦ ਸ਼ਾਹ ਨੇ ਮੇਜ਼ ਤੋਂ ਇਕ ਪਾਈਪ ਚੁੱਕਿਆ ਤੇ ਸੁਲਗਾ ਲਿਆ। ਉਹ ਆਪਣੀ ਕੁਰਸੀ ਵਿਚ ਪਿੱਛੇ ਨੂੰ ਧਸ ਗਿਆ ਤੇ ਬੋਲਿਆ, 'ਮਿੱਥ ਕਿਵੇਂ?'

'ਮੈਂ ਤੈਨੂੰ ਬਲਾਤਕਾਰ ਦੀ ਮਿਸਾਲ ਦਿੰਦੀ ਹਾ,' ਮੈਂ ਕਿਹਾ, 'ਇਹ ਸਿਰਫ ਮਿਸਾਲ ਏ। ਮੈਂ ਇਹ ਨਹੀਂ ਕਹਿੰਦੀ ਕਿ ਰੰਡੀਬਾਜ਼ੀ ਬਲਾਤਕਾਰ ਏ। ਪਰ ਇਹ ਤਾਂ ਅਸੀਂ ਮੰਨਦੇ ਹਾਂ ਕਿ ਸਮਾਜ ਬਲਾਤਕਾਰ ਨੂੰ ਪੂਰੀ ਤਰ੍ਹਾਂ ਭੰਡਦਾ ਏ?'

ਅਮਜਦ ਨੇ ਸਿਰ ਹਿਲਾਇਆ, 'ਹਾਂ, ਬਿਲਕੁਲ!'

'ਐਪਰ, ਇਸ ਦੇ ਨਾਲ ਹੀ ਅਸੀਂ ਅਕਸਰ ਕੁਝ ਮਿੱਥਾਂ ਚੇਤੇ ਕਰਾ ਕੇ ਸਹਿਜ-ਸੁਭਾ ਬਲਾਤਕਾਰੀ ਦਾ ਪੱਖ ਪੂਰਦੇ ਹਾਂ : ਇਹ ਹਮੇਸ਼ਾ ਔਰਤ ਦਾ ਹੀ ਕਸੂਰ ਹੁੰਦਾ ਏ। ਉਹਨੇ ਗਲਤ ਕੱਪੜੇ ਪਾਏ ਹੋਣੇ ਨੇ। ਉਹਨੇ ਕੋਈ ਗਲਤ ਇਸ਼ਾਰਾ ਕੀਤਾ ਹੋਣੈ। ਅਸੀਂ ਬਲਾਤਕਾਰੀਆਂ ਬਾਰੇ ਵੀ ਮਿੱਥਾਂ ਘੜਦੇ ਹਾਂ। ਸਿਰਫ ਮੂਰਖ ਲੋਕ ਹੀ ਬਲਾਤਕਾਰ ਕਰਦੇ ਨੇ ; ਉਹ ਸੰਤੁਲਤ ਹੋ ਹੀ

ਨਹੀਂ ਸਕਦੇ। ਅਸੀਂ ਇਸ ਨੂੰ ਆਵੇਸ਼ ਦਾ ਅਪਰਾਧ ਕਹਿੰਦੇ ਹਾਂ, ਸੈਕਸ ਦਾ ਦਮਨ ਅਤੇ ਉਪਰਾਮਤਾ। ਅਸਲ ਵਿਚ ਇਹ ਹੁਣ ਪੂਰੀ ਤਰ੍ਹਾ ਸਥਾਪਤ ਹੋ ਚੁੱਕਾ ਏ ਕਿ ਬਲਾਤਕਾਰ ਦਾ ਸੈਕਸ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਏ ਬਲਕਿ ਇਹ ਤਾ ਤਾਕਤ ਕਾਰਨ ਕੀਤਾ ਅਪਰਾਧ ਏ। ਇਸ ਨਾਰੇ ਤੋਂ ਬਾਦ ਮਿੱਥਾਂ ਦਾ ਹੋਰ ਸੈੱਟ ਸ਼ੁਰੂ ਹੋ ਜਾਦਾ ਏ · ਕੋਈ ਵੀ ਇਸ ਤਰ੍ਹਾਂ ਦੀ ਸਿਕਾਰ ਨਾਲ ਨਿਕਾਹ ਨਹੀਂ ਕਰ ਸਕਦਾ। ਉਹ ਦਾਗੀ ਹੋ ਜਾਂਦੀ ਏ। ਐਥੋਂ ਤਕ ਕਿ ਬਲਾਤਕਾਰ ਲਈ ਜੋ ਸ਼ਬਦ ਵਰਤਿਆ ਜਾਂਦਾ ਏ ਉਸ ਦਾ ਮਤਲਬ ਏ ਇੱਜਤ ਗੁਆ ਬੈਠਣਾ ਅਤੇ ਇਹ ਔਰਤ ਹੀ ਹੁੰਦੀ ਏ ਜਿਸਨੂੰ ਇਸ ਸਭ ਸਹਿਣਾ ਪੈਂਦਾ ਏ ਨਾ ਕਿ ਬਲਾਤਕਾਰੀ। ਉਹਦੀ ਇੱਜ਼ਤ ਤੇ ਤਾਂ ਆਂਚ ਵੀ ਨਹੀਂ ਆਉਂਦੀ।

'ਇਹ ਸਾਰੀਆਂ ਮਿੱਥਾਂ ਸਮਾਜ ਵਿਚ ਉਸ ਔਰਤ ਨੂੰ ਬਦਨਾਮ ਹੋਣ ਦਿੰਦੀਆਂ ਹਨ ਅਤੇ ਬਲਾਤਕਾਰੀ ਦਾ ਕਾਰਾ ਪਿਛੋਕੜ ਵਿਚ ਲੁਕ ਜਾਂਦਾ ਏ, ਤੇ ਉਹਦੀ ਕੋਈ ਉੱਘ-ਸੁੱਘ ਵੀ ਨਹੀਂ ਲੈਂਦਾ। ਇਸ ਦੇਸ ਵਿਚ ਅਸੀਂ ਅਕਸਰ ਬਲਾਤਕਾਰੀ ਨੂੰ ਮਾਫ ਕਰ ਛੱਡਦੇ ਹਾਂ।' 'ਫੇਰ ਕੀ ਹੋਇਆ ? ਆਖਰ ਉਹ ਜਵਾਨ ਹੈ !' ਸ਼ਾਇਦ ਇਹ ਸੋਚ ਸਾਡੇ ਵਿਰਸੇ ਦਾ ਹਿੱਸਾ ਬਣ ਗਈ ਏ। ਅਸੀਂ ਮਰਦ ਨੂੰ ਮਾਫ ਕਰ ਦਿੰਦੇ ਹਾਂ ਜਦੋਂ ਕਿ ਔਰਤ ਨੂੰ ਸ਼ਰਮਸ਼ਾਰ। ਉਹ ਕਲੰਕਤ ਹੋ ਜਾਂਦੀ ਏ। ਜਦੋਂ ਕਦੀ ਕੋਈ ਵੱਡੇ ਸਿਆਸੀ ਆਗੂ ਵੀ ਅਪਰਾਧ ਨਾਲ ਨਜਿੱਠਣ ਲਈ ਉਸ ਨਾਲ ਹਮਦਰਦੀ ਜਤਾਉਂਦੇ ਦਿਖਾਏ ਜਾਂਦੇ ਹਨ ਤਾਂ ਖਬਰਾਂ ਵਿਚ ਉਹੀ ਮੂੰਹ-ਸਿਰ ਲਪੇਟੀ ਟੀ.ਵੀ ਤੇ ਦਿਸਦੀ ਦੇ ਨਾ ਕਿ ਬਲਾਤਕਾਰੀ।'

'ਠੀਕ ਏ, ਅਮਜਦ ਬੋਲਿਆ,' 'ਤੇਰੀ ਦਲੀਲ ਏ ਕਿ ਸ਼ਿਕਾਰ ਉੱਤੇ ਧਿਆਨ ਕੇਂਦਰਤ ਕਰਕੇ ਅਸੀਂ ਦੋਸ਼ੀ ਨਾਲ ਨਰਮੀ ਵਰਤਦੇ ਹਾਂ। ਪਰ ਹੁਣ ਤੂੰ ਇਸ ਦਾ ਸਬੰਧ ਰੰਡੀਗਿਰੀ ਨਾਲ ਬਿਠਾ। ਇਕ ਰੰਡੀ ਕਿਵੇਂ ਉਸੇ ਤਰ੍ਹਾਂ ਦੀ ਸ਼ਿਕਾਰ ਏ ਜਿਸ ਤਰ੍ਹਾਂ ਦੀ ਉਹ ਔਰਤ ਜਿਸ ਨਾਲ ਬਲਾਤਕਾਰ ਹੋਇਆ ਏ ?

'ਸਮਾਜ ਇਸੇ ਅਮਲ ਨੂੰ ਵਰਤਦਾ ਏ। ਸ਼ਾਹੀ ਮੁਹੱਲੇ ਅਤੇ ਲਾਲ ਬੱਤੀ ਖੇਤਰਾਂ ਬਾਰੇ ਆਮ ਇਸੇ ਤਰ੍ਹਾਂ ਦੀਆਂ ਮਿੱਥਾਂ ਘੜੀਆਂ ਜਾਂਦੀਆਂ ਨੇ ਅਤੇ ਮਿੱਥਾਂ ਨੂੰ ਤੋੜਨ ਦਾ ਪੂਰਾ ਵਿਰੋਧ ਹੁੰਦਾ ਏ। ਧਿਆਨ ਸਿਰਫ ਉਨ੍ਹਾਂ 'ਗੰਦੇ ਲੋਕਾਂ' ਤੇ ਕੇਂਦਰਤ ਕੀਤਾ ਜਾਂਦਾ ਏ, ਰੰਡੀਆਂ ਅਤੇ ਉਨ੍ਹਾਂ ਦੀਆਂ ਪ੍ਰਬੰਧਕਾਂ ਤੇ। ਇਹ ਕਹਾਣੀਆਂ ਲਗਾਤਾਰ ਇਸ ਵਿਚਾਰ ਨੂੰ ਤਕੜਾ ਕਰਦੀਆਂ ਨੇ ਕਿ ਉਹ ਗੰਦੇ ਹਨ। ਇਕ ਹੋਰ ਮਿੱਥ ਏ ਕਿ ਜਿਹੜੀਆਂ ਔਰਤਾਂ ਇੱਕਲੀਆਂ ਜਾਂ ਬਿਨਾਂ ਮਰਦ ਦੇ ਰਹਿੰਦੀਆਂ ਨੇ ਉਹ ਅਜਿਹੇ ਗੰਦੇ ਪ੍ਰਭਾਵਾਂ ਵਿਚ ਸੌਖੀ ਤਰ੍ਹਾਂ ਨਾਲ ਫਸ ਜਾਂਦੀਆਂ ਨੇ ਤੇ ਅਖੀਰ ਉਹ ਲਾਲ ਬੱਤੀ ਖੇਤਰਾਂ ਵਿਚ ਹੀ ਪੁੱਜਣਗੀਆਂ। ਇਕ ਵਾਰੀ ਉੱਥੇ ਪੁੱਜ ਗਈਆਂ ਫੇਰ ਉਹ ਉੱਥੋਂ ਕਦੀ ਨਹੀਂ ਨਿਕਲ ਸਕਦੀਆਂ। ਸਾਡਾ ਵਿਸਤ੍ਰਿਤ ਸਮਾਜ ਰੰਡੀ ਨੂੰ ਕਦੀ ਵੀ ਕਿਸੇ ਹੋਰ ਭੂਮਿਕਾ ਵਿਚ ਪ੍ਰਵਾਨ ਨਹੀਂ ਕਰ ਸਕਦਾ। ਤੂੰ ਇਹ ਸਭ ਕੁਝ ਸੁਣਿਆ ਹੀ ਏ,' ਮੈਂ ਕਿਹਾ, 'ਇਹ ਉਹ ਸੱਭਿਆਚਾਰਕ ਸੋਝੀ ਏ ਜੋ ਸਾਨੂੰ ਵਿਰਸੇ ਵਿਚ ਮਿਲਦੀ ਏ, ਅਤੇ ਵਾਰ-ਵਾਰ ਫਿਲਮਾਂ, ਸਾਹਿਤ ਅਤੇ ਹੋਰ ਕਈ ਢੰਗਾਂ ਨਾਲ ਇਸ ਨੂੰ ਮੁੜ-ਮੁੜ ਪੁਖ਼ਤਾ ਕੀਤਾ ਜਾਂਦਾ ਏ।'

ਇਕ ਡੂੰਘਾ ਸਾਹ ਲੈ ਕੇ ਅਮਜਦ ਨੇ ਜਵਾਬ ਦਿੱਤਾ, 'ਫੇਰ ਕੀ ਹੋਵੇਗਾ ਜੇ ਮੈਂ ਕਹਾ ਕਿ ਇਹ ਫਾਸਲਾ ਰੱਖਣਾ ਅਹਿਮ ਏ। ਮੈਂ ਕਦੀ ਨਹੀਂ ਚਾਹਾਂਗਾ ਕਿ ਮੇਰੀ ਕੁੜੀ ਉਸ ਇਲਾਕੇ ਬਾਰੇ

ਬਹੁਤਾ ਕੁਝ ਜਾਣੇ। ਘੱਟੋ-ਘੱਟ ਇਹੀ ਡਰ ਉਸ ਨੂੰ ਇਸ ਤੋਂ ਦੂਰ ਤਾਂ ਰੱਖਦਾ ਏ।'

'ਪਰ ਆਪਣੇ ਪੁੱਤਰ ਬਾਰੇ ਤੇਰਾ ਕੀ ਖਿਆਲ ਏ ?' ਮੈਂ ਪੁੱਛਿਆ। 'ਕੀ ਉਸ ਨੂੰ ਇਸ ਤੋਂ ਵੀ ਵੱਧ ਪਾਕ ਨਹੀਂ ਹੋਣਾ ਚਾਹੀਦਾ ? ਮੇਰਾ ਤਾਂ ਇਹ ਨੁਕਤਾ ਵੇ। ਅਸੀਂ ਇਸ ਗੱਲ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੰਦੇ ਹਾਂ ਕਿ ਰੰਡੀਗਿਰੀ ਦੇ ਧੰਦੇ ਵਿਚ ਕੰਮ ਕਰਨ ਵਾਲੇ ਲੋਕ ਇਸ ਵਰਤਾਰੇ ਦਾ ਸਿਰਫ ਇਕ ਅੰਗ ਹਨ। ਗਾਹਕ, ਜੋ ਅਸਲੋਂ ਹੀ ਵਧੇਰੇ ਮਹੱਤਵਪੂਰਨ ਨੇ ਉਨ੍ਹਾਂ ਬਾਰੇ ਕੋਈ ਨਹੀਂ ਸੋਚਦਾ। ਸਮਾਜ ਉਨ੍ਹਾਂ ਦੀ ਹਿਫਾਜ਼ਤ ਕਰਦਾ ਏ। ਸਾਨੂੰ ਹੁਣ ਆਪਣਾ ਧਿਆਨ ਉਨ੍ਹਾਂ ਤੇ ਕੇਂਦਰਤ ਕਰਨਾ ਚਾਹੀਦਾ ਏ। ਉਹ ਸਾਡੇ ਚਾਰੇ ਪਾਸੇ ਫੈਲੇ ਹੋਏ ਨੇ ਪਰ ਅਸੀਂ ਉਨ੍ਹਾਂ ਨੂੰ ਪਛਾਣਦੇ ਨਹੀਂ। ਮੁਹੱਲੇ ਵਿਚ ਵੀ ਪੁਲਿਸ ਗਾਹਕਾਂ ਦੀ ਹਿਫਾਜਤ ਕਰਦੀ ਏ ਤੇ ਰੰਡੀਆਂ ਨੂੰ ਪ੍ਰੇਸ਼ਾਨ ਕਰਦੀ ਏ। ਮੇਰਾ ਮਤਲਬ ਉਨ੍ਹਾਂ ਗਾਹਕਾਂ ਤੋਂ ਹੀ ਨਹੀਂ ਜੋ ਰਾਤ ਨੂੰ ਗਿਆਰਾਂ ਤੋਂ ਇਕ ਵਜੇ ਦੇ ਦਰਮਿਆਨ ਉੱਥੇ ਜਾਂਦੇ ਨੇ। ਮੇਰਾ ਮਤਲਬ ਉਨ੍ਹਾਂ ਅਸਲ ਗਾਹਕਾਂ ਤੋਂ ਏ ਜੋ ਰੰਡੀਗਿਰੀ ਨੂੰ ਕਾਇਮ ਰੱਖਦੇ ਨੇ। ਮੈਂ ਤੈਨੂੰ ਰੰਡੀਆਂ ਬਾਰੇ ਦਰਜਨਾਂ ਮਿੱਥਾਂ ਦੱਸ ਸਕਦੀ ਹਾਂ ਜੇ ਤੂੰ ਮੈਨੂੰ ਗਾਹਕਾਂ ਬਾਰੇ ਸਿਰਫ ਤਿੰਨ ਹੀ ਦੱਸ ਦੇਵੇਂ!'

ਅਮਜਦ ਸ਼ਾਹ ਮੁਸਕਰਾਇਆ ਤੇ ਮੈਂ ਅੱਗੇ ਕਿਹਾ, 'ਸਾਡੇ ਇਕ ਮਸ਼ਹੂਰ ਕਹਾਵਤ ਬਣੀ ਹੋਈ ਏ ਕਿ ਔਰਤ ਨੇ ਚਾਰ ਅਹਿਮ ਭੂਮਿਕਾਵਾਂ ਨਿਭਾਉਣੀਆਂ ਹੁੰਦੀਆਂ ਨੇ : ਮਾਂ, ਬੀਵੀ, ਭੈਣ ਜਾਂ ਰੰਡੀ ਦੀਆਂ। ਜਿਹੜੀ ਰੰਡੀ ਇਨ੍ਹਾਂ ਵਿਚੋਂ ਕੋਈ ਹੋਰ ਭੂਮਿਕਾ ਨਿਭਾਉਣ ਦਾ ਸੁਪਨਾ ਵੀ ਲੈਂਦੀ ਏ ਉਹ ਨੂੰ ਦੁੱਖ ਤੋਂ ਬਿਨਾਂ ਹੋਰ ਕੁਝ ਨਹੀਂ ਮਿਲਦਾ। ਸਾਡੇ ਸੱਭਿਆਚਾਰ ਵਿਚ ਰੰਡੀ ਹੋਣਾ ਜੀਵਨ ਦੀ ਬਿਲਕੁਲ ਇਕ ਵੱਖਰੀ ਹੀ ਸ਼੍ਰੇਣੀ ਏ।'

'ਇਸ ਵਿਚ ਕੁਝ ਸਚਾਈ ਲੱਗਦੀ ਏ,' ਉਹਨੇ ਝਿਜਕ ਕੇ ਜਵਾਬ ਦਿੱਤਾ, 'ਮੈਂ ਨਹੀਂ ਕਹਿੰਦਾ ਕਿ ਉਨ੍ਹਾਂ ਨੂੰ ਸਮਾਜ ਵਿਚ ਥਾਂ ਨਹੀਂ ਦਿੱਤੀ ਜਾ ਸਕਦੀ, ਪਰ....'

'ਕੀ ਉਹ ਰੁੱਖਾਂ ਨੂੰ ਲੱਗਦੀਆਂ ਨੇ?' ਮੈਂ ਟੋਕਿਆ।

'ਕੀ ਉਹ ਵੀ ਮਾਵਾਂ, ਬੀਵੀਆਂ, ਭੈਣਾਂ ਨਹੀਂ?'

'ਉਹ ਹਾਂ, ਮੈਂ ਸਮਝਦਾਂ ਉਹ ਹਨ, ਆਪਣੇ ਆਪ ਵਿਚ, ' ਉਹਨੇ ਕਿਹਾ, 'ਪਰ....।'

'ਅਸੀਂ ਉਨ੍ਹਾਂ ਨੂੰ ਅਜੀਬ ਜੀਵਾਂ ਵਾਂਗ ਚਿੱਤਰਦੇ ਹਾਂ। ਪਰ ਤੂੰ ਮੇਰੇ ਨਾਲੋਂ ਵੱਧ ਜਾਣਦਾ ਏਂ ਕਿ ਲਾਹੌਰ ਦੇ ਪੜ੍ਹੇ-ਲਿਖੇ ਦਾਇਰਿਆਂ ਵਿਚੋਂ ਕਿੰਨੀਆਂ ਹੁਸ਼ਿਆਰ ਨੌਜਵਾਨ ਔਰਤਾਂ ਆਪਣੇ ਵਾਧੂ ਸਮੇਂ ਵਿਚ ਇਸ ਰੰਡੀਗਿਰੀ ਦੇ ਧੰਦੇ ਵਿਚ ਹਨ? ਕਾਲ-ਗਰਲ ਵਾਲਾ ਇਹ ਵਰਤਾਰਾ ਵੱਧ ਰਿਹਾ ਏ ਅਤੇ ਕੋਈ ਨਹੀਂ ਜਾਣਦਾ ਕਿ ਇਹ ਕਿੰਨਾ ਫੈਲ ਚੁੱਕਾ ਏ। ਇਹ ਕਿਸੇ ਖਾਸ ਸਮੂਹ ਤਕ ਮਹਿਦੂਦ ਨਹੀਂ। ਇਹ ਕਾਫੀ ਖੁਲ੍ਹਾ ਖੇਤਰ ਏ। ਮੈਂ ਤਾਂ ਸਿਰਫ ਮੁਹੱਲੇ ਦੀ ਰਵਾਇਤੀ ਰੰਡੀਗਿਰੀ ਦਾ ਅਧਿਐਨ ਕਰ ਰਹੀ ਹਾਂ। ਪਰ ਫੇਰ ਵੀ ਗੁਲਬਰਗ ਵਿਚ ਰਹਿਣ ਵਾਲੀਆਂ ਕੁਝ ਕੁੜੀਆਂ ਆਪਣੀਆਂ ਕਾਰਾਂ ਵਿਚ ਲਗਾਤਾਰ ਮੁਹੱਲੇ ਵਿਚ ਆਉਂਦੀਆਂ ਨੇ, ਆਪਣੀਆਂ ਦੁਕਾਨਾਂ ਖੋਲ੍ਹਦੀਆਂ ਨੇ, ਰਾਤ ਨੂੰ ਗਿਆਰਾਂ ਵਜੇਂ ਤੋਂ ਇਕ ਵਜੇ ਦਰਮਿਆਨ ਦੋ ਘੰਟੇ ਮੁਜਰਾ ਕਰਦੀਆਂ ਨੇ ਤੇ ਕਾਰ 'ਚ ਵਾਪਸ ਪਰਤ ਜਾਂਦੀਆਂ ਨੇ।'

ਅਮਜਦ ਪਾਈਪ ਦੇ ਕਸ਼ ਲਾਉਂਦਾ ਰਿਹਾ ਤੇ ਹਵਾ ਵਿਚ ਘੂਰਦਾ ਰਿਹਾ।

ਮੈਂ ਅੱਗੇ ਕਿਹਾ, 'ਫੇਰ ਇਸ ਮਿੱਥ ਦਾ ਕੀ ਬਣਿਆਂ ਕਿ ਜੇ ਕੋਈ ਔਰਤ ਮੁਹੱਲੇ ਵਿਚ

ਜਾਂਦੀ ਏ ਤਾਂ ਉੱਥੋਂ ਦੇ ਲੋਕ ਉਸ ਨੂੰ ਜਬਰਦਸਤੀ ਰੰਡੀ ਦੇ ਧੰਦੇ ਵਿਚ ਪਾ ਦੇਣਗੇ? ਕੀ ਲੋਕਾਂ ਨੂੰ ਪਤਾ ਏ ਕਿ ਉਸ ਮੁਹੱਲੇ ਵਿਚ ਰਹਿਣ ਵਾਲੀਆਂ ਬਹੁਤ ਸਾਰੀਆਂ ਔਰਤਾਂ ਰੰਡੀ ਦੇ ਧੰਦੇ ਵਿਚ ਨਹੀਂ? ਕਈ ਦੁਕਾਨਦਾਰ ਟੱਬਰ ਉੱਥੇ ਰਹਿੰਦੇ ਨੇ। ਉਨ੍ਹਾਂ ਦੀਆਂ ਬੀਵੀਆਂ ਰੰਡੀਆਂ ਨਹੀਂ। ਇੱਥੋਂ ਤਕ ਕਿ ਕੰਜਰ ਬਿਰਾਦਰੀ ਵਿਚ ਨੂੰਹਾਂ ਕਦੀ ਧੰਦਾ ਨਹੀਂ ਕਰਦੀਆਂ ਅਤੇ ਕੰਜਰਾਂ ਦੇ ਟੱਬਰਾਂ ਦੀਆਂ ਕੁਝ ਕੁੜੀਆਂ ਵੀ ਇਸ ਧੰਦੇ ਵਿਚ ਨਾ ਪੈਣ ਦਾ ਫੈਸਲਾ ਕਰਦੀਆਂ ਨੇ। 'ਠੀਕ ਏ, ਜੇ ਅਸੀਂ ਇਨ੍ਹਾਂ ਮਿੱਥਾਂ ਨੂੰ ਉਲਟ ਦਈਏ...... ਤਾਂ ਫੇਰ ਕੀ? ਉਹਨੇ ਪੁੱਛਿਆ।

'ਮੈਂ ਮਿੱਥਾਂ ਦੀ ਹਕੀਕਤ ਦੱਸ ਕੇ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਇਹ ਸਿਰਫ ਮਿੱਥਾਂ ਹਨ। ਮੇਰਾ ਨੁਕਤਾ ਇਹ ਵੇ ਕਿ ਸਾਨੂੰ ਸਮਝਣਾ ਚਾਹੀਦਾ ਏ ਕਿ ਮਿੱਥਾਂ ਕਾਇਮ ਰੱਖ ਕੇ ਅਤੇ ਘੜ ਕੇ ਅਤੇ ਕਿਸੇ ਨੂੰ ਵੀ ਸੱਚ ਨੂੰ ਨੰਗਾ ਕਰਨ ਦੀ ਇਜਾਜ਼ਤ ਨਾ ਦੇ ਕੇ ਅਸੀਂ ਸਿਰਫ ਉਸ ਬਿਰਾਦਰੀ ਤੇ ਧਿਆਨ ਕੇਂਦਰਤ ਰੱਖਦੇ ਹਾਂ ਜੋ ਵੇਸਵਾ ਦੀਆਂ ਸੇਵਾਵਾਂ ਦਿੰਦੀ ਏ। ਇਸ ਮੁੱਦੇ ਦੀ ਪੂਰੀ ਤਸਵੀਰ ਵੇਖਣ ਲਈ ਸਾਨੂੰ ਦੂਜੇ ਪਾਸੇ ਨੂੰ ਵੀ ਇਸ ਵਿਚ ਸ਼ਾਮਲ ਕਰਨਾ ਚਾਹੀਦਾ ਏ,' ਮੈਂ ਕਿਹਾ।

ਇਕ ਭਉਂ ਚੜਾਉਂਦੇ ਹੋਏ, ਅਮਜਦ ਨੇ ਮੇਰੇ ਵੱਲ ਦੇਖਿਆ ਤੇ ਪੁੱਛਿਆ, 'ਕਿਹੜਾ ਹੈ....?'

'ਬਾਕੀ ਦਾ ਸਮਾਜ! ਇਸ ਦਾ ਧਿਆਨ ਸਾਡੇ ਤੇ ਵੀ ਕੇਂਦਰਤ ਹੋਣਾ ਚਾਹੀਦਾ ਏ! ਵੇਸ਼ਵਾਂ ਸੇਵਾਵਾਂ ਕਿਉਂ ਦਿੰਦੀਆਂ ਨੇ? ਉਨ੍ਹਾਂ ਦੀਆਂ ਗਤੀਵਿਧੀਆਂ ਵਿਚ ਸਰੋਕਾਰ ਕਿਸ ਦਾ ਏ? ਸਮਾਜ ਨੇ ਉਨ੍ਹਾਂ ਨੂੰ ਕਿਹੜਾ ਕੰਮ ਸੌਂਪਿਆ ਏ? ਕੀ ਅਸੀਂ ਪੱਕਾ ਹੀ ਇਸ ਨਾਲ ਸਿੱਝਣਾ ਚਾਹੁੰਦੇ ਹਾਂ? ਕੀ ਅਸੀਂ ਇਸ ਬਾਰੇ ਵਾਕਈ ਜਾਣਨਾ ਚਾਹੁੰਦੇ ਹਾਂ? ਕੀ ਅਸੀਂ ਇਸ ਉੱਤੇ ਖੁਲ੍ਹੀ ਚਰਚਾ ਵਿੱਢਣੀ ਚਾਹੁੰਦੇ ਹਾਂ? ਕੀ ਅਸੀਂ ਇਸ ਦਾ ਵਿਸ਼ਲੇਸ਼ਣ ਕਰਨਾਂ ਚਾਹੁੰਦੇ ਹਾਂ? ਜਾਂ ਕਿ ਅਸੀਂ ਲਗਾਤਾਰ ਇਨਕਾਰੀ ਰਹਿਣਾ ਚਾਹੁੰਦੇ ਹਾਂ, ਉਨ੍ਹਾਂ ਲੋਕਾਂ ਨੂੰ ਦੋਸ਼ ਦਿੰਦੇ ਰਹਿਣਾ ਚਾਹੁੰਦੇ ਹਾਂ, ਮੁਹੱਲੇ ਦੇ ਉਹ ਰਹੱਸਭਰੇ ਲੋਕ ਜੋ ਐਨੇ, 'ਗੰਦੇ' ਨੇ ਕਿ ਸਾਡੇ ਮਰਦਾਂ ਨੂੰ ਖਰਾਬ ਕਰ ਰਹੇ ਨੇ?

'ਮੈਂ ਨੂੰ ਯਕੀਨ ਨਹੀਂ ਕਿ ਮੈਂ ਤੇਰੀ ਦਲੀਲ ਨਾਲ ਸਹਿਮਤ ਹਾਂ,' ਉਹ ਪਾਸੇ ਦੀ ਖਿੜਕੀ ਤੋਂ ਬਾਹਰ ਦੇਖਣ ਲੱਗਾ।

'ਚਲੋ ਠੀਕ ਏ ਇਹ ਵਿਰੋਧ ਅਤੇ ਗੁੱਝਾਪਣ ਕਿਉਂ ਵੇ ਫੇਰ? ਇਸ ਵਿਸ਼ੇ ਤੋਂ ਭੈਅ ਕਿਉਂ ਆਉਂਦਾ ਏ? ਕੀ ਇਸ ਲਈ ਕਿ ਸਾਡੇ ਖੁਦ ਦੇ ਵਿਰੋਧਭਾਸ ਅਤੇ ਪਖੰਡ ਨੰਗੇ ਨਾ ਹੋ ਜਾਣ? ਮੈਂ ਨੂੰ ਇਹ ਬਿਲਕੁਲ ਕਹਿਣ ਦੀ ਕੋਸ਼ਿਸ਼ ਨਾ ਕਰੀਂ ਕਿ ਤੂੰ ਵੀ ਸਮਝਦਾ ਏਂ ਕਿ ਸਾਨੂੰ ਇਹ ਪਖੰਡ ਕਰਦੇ ਰਹਿਣਾ ਚਾਹੀਦਾ ਏ ਕਿ ਇਸ ਦੇਸ਼ ਵਿਚ ਰੰਡੀਗਿਰੀ ਹੈ ਈ ਨਹੀਂ।'

'ਮੈਨੂੰ ਇਸ ਬਾਰੇ ਹੋਰ ਬਹੁਤਾ ਸੋਚਣਾ ਪਏਗਾ,' ਉਹ ਬੋਲਿਆ।

ਮੇਰੀ ਆਵਾਜ਼ ਉੱਚੀ ਹੋ ਗਈ,' ਤੂੰ ਮੈਨੂੰ ਦੱਸ। ਜੇ ਅਸੀਂ ਅਸਲ ਵਿਚ ਹੀ ਰੰਡੀਗਿਰੀ ਦੇ ਖਿਲਾਫ ਹਾਂ ਤਾਂ ਇਸ ਧੰਦੇ ਦੀ ਗਤੀਸ਼ੀਲਤਾ ਬਾਰੇ ਸਚਾਈ ਲੱਭਣ ਵਿਚ ਕੀ ਨੁਕਸਾਨ ਏ?

'ਭਰਤੀ ਕੌਣ ਹੁੰਦਾ ਏ? ਪੈਸਾ ਕੌਣ ਬਣਾਉਂਦਾ ਏ? ਹਿਫਾਜਤ ਕੌਣ ਮੁਹੱਈਆ ਕਰਦਾ ਏ? ਜੇ ਕੋਈ ਸਾਡੇ ਇਸ ਸਮਾਜ ਦੇ ਨਾਸੂਰ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਏ ਤਾਂ ਬਿਹਤਰ ਏ ਕਿ ਇਸ ਬਾਰੇ ਹੋਰ ਵਧੇਰੇ ਸਮਝਿਆ ਜਾਵੇ, ਇਨ੍ਹਾਂ ਰੰਡੀਆਂ ਦੇ ਰਹੱਸ ਨੂੰ ਖੋਲ੍ਹਣ ਦਾ ਪਹਿਲਾ

ਕਦਮ ਇਨ੍ਹਾਂ ਬਾਰੇ ਸਮਝਣਾ ਏ। ਇਕ ਵਾਰੀ ਜਦੋਂ ਲੋਕਾਂ ਨੂੰ ਪਤਾ ਲੱਗ ਗਿਆ ਕਿ ਉਹ ਵੀ ਸਾਡੇ ਵਰਗੇ ਹੀ ਹਨ-ਸ਼ਕਤੀਸ਼ਾਲੀ, ਬੇਚਾਰੇ, ਖੁਸ਼, ਉਦਾਸ, ਮਾੜੇ ਵੇਲੇ ਦੀ ਮਾਰ ਝੱਲਦੇ ਹੋਏ, ਜੋ ਕੁਝ ਉਨ੍ਹਾ ਕੋਲ ਹੈ ਉਸ ਦਾ ਵੱਧੋ-ਵੱਧ ਲਾਹਾ ਲੈਂਦੇ, ਸਨੇਹੀ, ਤਿਕੜਮਬਾਜ਼, ਹੱਸਦੇ, ਪ੍ਰਾਰਥਨਾ ਕਰਦੇ, ਇਮਾਨਦਾਰ, ਪ੍ਰਤਿਯੋਗੀ, ਧਿਆਨ ਰੱਖਣ ਵਾਲੇ, ਜਿਵੇਂ ਦੇ ਬਾਕੀ ਸਾਰੇ ਹਨ, ਫੇਰ ਹੀ ਸ਼ਾਇਦ ਅਸੀਂ ਖੁਦ ਵੱਲ ਦੇਖਣਾ ਸ਼ੁਰੂ ਕਰ ਸਕਦੇ ਹਾਂ, ਇਕ ਵਿਸਤ੍ਰਿਤ ਸਮਾਜ ਵੱਲ।

ਅਮਜਦ ਦੀ ਬੀਵੀ ਸਦੀਕਾ ਵਿਚੋਂ ਬੋਲੀ, ਆਉ ਆਪਾ ਬਾਹਰ ਲਾੱਨ ਵਿਚ ਚੱਲੀਏ। ਮੈਂ ਚਾਹ ਉੱਥੇ ਲਾ ਦਿੱਤੀ ਏ।'

'ਕੀ ਤੇਰਾ ਪੱਕਾ ਵਿਸਵਾਸ ਏ ਕਿ ਉਹ ਅਸੀਂ ਬਣਾਏ ਨੇ? ਉਹਨੇ ਪੁੱਛਿਆ, ਜਦੋਂ ਮੈਂ ਉਹਦੀ ਬੀਵੀ ਨਾਲ ਬਾਹਰ ਨੂੰ ਤੁਰੀ।

ਮੈਂ ਮੂੰਹ ਮੋੜਿਆ ਤੇ ਬੋਲੀ, 'ਅਸੀਂ ਇਸ ਗੱਲ ਨੂੰ ਨਜ਼ਰਅਦਾਜ਼ ਨਹੀਂ ਕਰ ਸਕਦੇ ਕਿ ਇਤਿਹਾਸਕ ਤੌਰ ਤੇ ਉਹ ਪੂਰੇ ਸਮਾਜ ਵਿਚ ਇਕ ਵਿਸੇਸ਼ ਕੰਮ ਨੂੰ ਨਿਪਟਾਉਂਦੀਆ ਰਹੀਆਂ ਨੇ। ਇਸ ਦੇ ਬਹੁਤ ਸਬੂਤ ਨੇ। ਕੰਜਰ ਇਕ ਵੱਡੀ ਕਬੀਲੇ ਵਰਗੀ ਪੇਸ਼ੇ ਵਾਲੀ 'ਜਾਤ' ਏ। ਤੈਨੂੰ ਪਤੈ ਇਸ ਦਾ ਕੀ ਮਤਲਬ ਏ, ਅਮਜਦ? ਇਸ ਦਾ ਮਤਲਬ ਏ ਕਿ ਪੀੜ੍ਹੀਆ ਤੋਂ ਸ਼ਾਹੀ ਮੁਹੱਲੇ ਵਰਗੀਆਂ ਥਾਵਾਂ ਤੇ ਰਵਾਇਤੀ ਰੰਡੀਆਂ ਦਾ ਧੰਦਾ ਕਰਨ ਵਾਲੀਆ ਬਹੁਤੀਆਂ ਔਰਤਾਂ ਇਸੇ ਜਾਤ ਵਿਚ ਜੰਮੀਆਂ ਨੇ। ਜਨਮ ਤੋਂ ਹੀ ਉਨ੍ਹਾਂ ਨੂੰ ਰੰਡੀ ਬਣਨਾ ਸਿਖਾਇਆ ਜਾਂਦਾ ਏ। ਇਹ ਗੱਲ ਨਹੀਂ ਸੀ ਕਿ ਉਹ ਬਦਇਖਲਾਕ ਨੌਜਵਾਨ ਔਰਤਾਂ ਸਨ ਜੋ ਇਹ ਧੰਦਾ ਕਰਨਾ ਚਾਹੁੰਦੀਆ ਸਨ ਜਾਂ ਉਹ ਗਰੀਬ ਘਰਾਂ ਦੀਆਂ ਵੇਚੀਆਂ ਹੋਈਆਂ ਕੁੜੀਆਂ ਸਨ।

ਉਹਦੀ ਬੀਵੀ ਨੇ ਮੇਰੀ ਬਾਂਹ ਫੜੀ ਅਤੇ ਬਾਹਰ ਨੂੰ ਲੈ ਤੁਰੀ। ਅਸੀਂ ਬਾਹਰ ਆ ਕੇ ਚਾਹ ਦੀ ਮੇਜ਼ ਦੁਆਲੇ ਬਹਿ ਟਾਏ। ਮੈਂ ਫੇਰ ਸ਼ੁਰੂ ਹੋ ਗਈ। 'ਕਿਸੇ ਵੀ ਹੋਰ ਧੰਦੇ ਵਾਲੇ ਸਮੂਹ ਵਾਂਗ ਕੰਜਰਾਂ ਨੂੰ ਰੰਡੀਗਿਰੀ ਦਾ ਧੰਦਾ ਬਖਸ਼ਿਆ ਗਿਆ, ਉਵੇਂ ਜਿਵੇਂ ਨਾਈਆਂ, ਬੁੱਚੜਾਂ, ਮੋਚੀਆਂ ਅਤੇ ਲੁਹਾਰਾਂ ਨੂੰ।

ਪੁਰਾਣੇ ਜਗੀਰਦਾਰੂ ਪ੍ਰਬੰਧ ਨੇ ਸਮਾਜਕ ਵੰਸਾਵਲੀ ਨਿਸ਼ਚਿਤ ਕੀਤੀ ਸੀ ਕਿ ਸਾਰੇ ਜਰੂਰੀ ਧੰਦੇ ਕਰਨ ਵਾਲੇ ਲੋਕ ਉਪਲਬਧ ਰਹਿਣ ਅਤੇ ਜਿਨ੍ਹਾਂ ਦੇ ਉਹ ਨਿਯੰਤ੍ਰਣ ਵਿਚ ਨੇ ਉਹ ਉਨ੍ਹਾਂ ਉਤੇ ਸੇਵਾਵਾਂ ਲਈ ਨਿਰਭਰ ਰਹਿ ਸਕਣ ਅਤੇ ਯਥਾ-ਸਥਿਤੀ ਕਾਇਮ ਰੱਖ ਸਕਣ। ਭਾਰਤ ਵਿਚ ਬਹੁਤ ਸਾਰੇ ਅਧਿਐਨ ਹੋਏ ਨੇ ਜੋ ਉਨ੍ਹਾਂ ਜਾਤਾਂ ਅਤੇ ਕਬੀਲਿਆਂ ਦੀ ਸ਼ਨਾਖਤ ਕਰਦੇ ਨੇ ਜਿਨ੍ਹਾਂ ਨੂੰ ਸਿਰਫ ਪਰਿਵਾਰਕ ਧੰਦਾ ਹੀ ਸਿਖਾਇਆ ਜਾਂਦਾ ਸੀ -ਰੰਡੀਗਿਰੀ। ਲੋਕ ਇਨ੍ਹਾਂ ਵਿਚ ਜੰਮਦੇ ਰਹੇ ਅਤੇ ਬਾਕੀ ਦੇ ਹੋਰ ਵਿਸ਼ੇਸ਼ ਧੰਦਿਆਂ ਵਾਲੇ ਸਮੂਹਾਂ ਵਾਂਗ ਆਪਣੀ ਬਿਰਾਦਰੀ ਵਿਚ ਆਪਣੀ ਥਾਂ ਬਣਾਉਂਦੇ ਰਹੇ। ਅਸੀਂ ਵਿਸਤ੍ਰਿਤ ਪਰਿਪੇਖ ਵਿਚ ਉਨ੍ਹਾਂ ਨੂੰ ਕਿਵੇਂ ਨਜ਼ਰਅੰਦਾਜ਼ ਕਰ ਸਕਦੇ ਹਾਂ?

ਸਦੀਕਾ ਸਾਡੀ ਗੱਲਬਾਤ ਤੋਂ ਉਕਤਾਈ ਹੋਈ ਸੀ, ਉਹਨੇ ਟੋਕਿਆ, 'ਇਹਨੂੰ ਬੰਦ ਕਰੋ, ਕਿਰਪਾ ਕਰਕੇ! ਚਾਹ ਅਤੇ ਸਲੂਣਾ ਲਉ ਹੁਣ, ਤੇ ਹੋਰ ਕੋਈ ਚੱਜ ਦੀ ਗੱਲ ਕਰੋ।'

ਮੈਂ ਮੁਸਕਰਾਈ ਤੇ ਉਹਦੇ ਨਾਲ ਉਸ ਦੇ ਪਰਿਵਾਰ ਬਾਰੇ ਗੱਲ ਕਰਨ ਲੱਗੀ। ਬਾਕੀ ਦੀ ਸ਼ਾਮ ਅਮਜਦ ਸ਼ਾਹ ਖਾਮੋਸ਼ ਹੀ ਰਿਹਾ ; ਆਪਣੀਆਂ ਮੁੱਛਾਂ ਮਰੋੜਦਾ ਰਿਹਾ ਤੇ ਹਵਾ ਵਿਚ ਘੂਰਦਾ ਰਿਹਾ।

# ਸ਼ਾਹੀ ਮੁਹੱਲਾ-ਦਿਨੇਂ ਤੇ ਰਾਤੀਂ

ਰਸਮੀ ਤੌਰ ਤੇ ਆਪਣੀ ਖੋਜ ਸ਼ੁਰੂ ਕਰਨ ਤੋਂ ਕਰੀਬ ਅੱਠ ਮਹੀਨੇ ਪਹਿਲਾਂ ਮੈਂ ਸ਼ਾਹੀ ਮੁਹੱਲੇ ਗਈ ਸਾਂ। ਅਧਿਐਨ ਦੀ ਪ੍ਰੇਰਨਾ ਮੈਨੂੰ ਇਸੇ ਫੇਰੀ ਤੋਂ ਮਿਲੀ। ਇਸਲਾਮਾਬਾਦ ਵਿਖੇ ਲੋਕ ਵਿਰਸਾ ਦੇ ਕਾਰਜਕਾਰੀ ਡਾਇਰੈਕਟਰ ਅਕਸੀ ਮੁਫਤੀ ਨੇ ਮੈਨੂੰ ਅਤੇ ਆਪਣੇ ਦੋ ਦੋਸਤਾਂ, ਇਸਲਾਮਾਬਾਦ ਦੇ ਇਕ ਦਿਲ-ਰੋਗ ਮਾਹਿਰ ਅਤੇ ਰਾਵਲਪਿੰਡੀ ਦੇ ਇਕ ਵਪਾਰੀ, ਨੂੰ ਆਪਣੇ ਨਾਲ ਚੱਲਣ ਲਈ ਕਿਹਾ। ਇਹ ਤਿੰਨੋਂ ਹੀ ਮਾਹਿਰ ਫੋਟੋਗ੍ਰਾਫਰ ਸਨ। ਮੇਰੀ ਲਾਹੌਰ ਯਾਤਰਾ ਦਾ ਮੁੱਖ ਮੰਤਵ ਸਾਲਾਨਾ ਬਸੰਤ ਮੇਲੇ ਤੋਂ ਲੋਕ ਵਿਰਸਾ ਅਜਾਇਬਘਰ ਲਈ ਪਤੰਗ ਖਰੀਦਣਾ ਸੀ। ਇਹ ਬੰਦੇ ਪੁਰਾਣੇ ਲਾਹੌਰ ਸ਼ਹਿਰ ਦੀਆਂ ਤਸਵੀਰਾਂ ਲਾਹੁਣਾ ਚਾਹੁੰਦੇ ਸਨ, ਜਿੱਥੇ ਮੇਲਾ ਭਰਦਾ ਹੁੰਦਾ ਏ।

ਤਰ੍ਹਾਂ ਤਰ੍ਹਾਂ ਦੇ ਪਤੰਗਾਂ ਦੀ ਭਾਲ ਵਿਚ ਅਸੀਂ ਇਕ ਤੋਂ ਦੂਜੇ ਪਾਸੇ ਨਿੱਕਲਦੇ ਗਏ ਅਤੇ ਇਕ ਥਾਂ ਤੇ ਮੈਨੂੰ ਦੱਸਿਆ ਗਿਆ ਇਹ ਮਸ਼ਹੂਰ ਸ਼ਾਹੀ ਮੁਹੱਲਾ ਏ। ਮੈਂ ਹੈਰਾਨੀ ਨਾਲ ਚੁਫੇਰੇ ਤੱਕਿਆ ਪਰ ਇਹ ਲਾਹੌਰ ਦੇ ਹੋਰ ਪੁਰਾਣੇ ਬਾਜ਼ਾਰਾਂ ਤੋਂ ਵੱਖਰਾ ਨਾ ਜਾਪਿਆ। ਭੀੜੀਆਂ ਗਲੀਆਂ, ਇਮਾਰਤਾਂ ਦੀ ਬਣਾਵਟ ਅਤੇ ਰਿਕਸ਼ਿਆਂ, ਸਾਈਕਲਾਂ ਅਤੇ ਤਾਂਗਿਆਂ ਵਿਚਕਾਰ ਪੈਦਲ ਲੋਕਾਂ ਦੀ ਭੀੜ ਅਤੇ ਦੌੜਦੇ ਫਿਰਦੇ ਬੱਚੇ ਕੁਝ ਵੀ ਤਾਂ ਹੋਰ ਬਾਜ਼ਾਰਾਂ ਨਾਲੋਂ ਵੱਖਰਾ ਨਹੀਂ ਜਾਪ ਰਿਹਾ ਸੀ। ਬਾਜ਼ਾਰ ਵਿਚ ਫਿਰਦੇ ਲੋਕਾਂ ਦਾ ਵਤੀਰਾ ਵੀ ਮੇਰੇ ਪ੍ਰਤਿ ਕਿਸੇ ਹੋਰ ਥਾਂ ਨਾਲੋਂ ਅੱਡਰਾ ਨਹੀਂ ਜਾਪਿਆ। ਇਕ ਗੱਲ ਮੈਂ ਜ਼ਰੂਰ ਵੇਖੀ ਕਿ ਜਦੋਂ ਅਸੀਂ ਕੋਈ ਪਤਾ ਪੁੱਛਣ ਜਾਂ ਜਾਣਕਾਰੀ ਲੈਣ ਲਈ ਕਿਤੇ ਗਲੀ ਵਿਚ ਖੜ੍ਹਦੇ ਤਾਂ ਸਕਿੰਟਾਂ ਵਿਚ ਹੀ ਦਰਸ਼ਕ ਸਾਡੇ ਦੁਆਲੇ ਆ ਜੁੜਦੇ,ਪਰ ਇੰਜ ਤਾਂ ਹੋਰ ਬਜ਼ਾਰਾਂ ਵਿਚ ਵੀ ਹੁੰਦਾ ਰਹਿੰਦਾ ਏ। ਇਕ ਔਰਤ ਦੇ ਤੌਰ ਤੇ ਇਨ੍ਹਾਂ ਗਲੀਆਂ ਵਿਚ ਫਿਰਨਾ ਉਵੇਂ ਹੀ ਆਰਾਮਦੇਹ ਸੀ ਜਿਵੇਂ ਪੁਰਾਣੇ ਸ਼ਹਿਰ ਵਿਚ ਹੋਰ ਕਿਧਰੇ।

ਉਸੇ ਸ਼ਾਮ ਮੇਰੇ ਸਾਥੀਆਂ ਨੇ ਸਲਾਹ ਕੀਤੀ ਕਿ ਮੁੜ ਸ਼ਾਹੀ ਮੁਹੱਲੇ ਜਾਇਆ ਜਾਏ। ਮੈਂ ਵੀ ਉਨ੍ਹਾਂ ਦੇ ਨਾਲ ਜਾਣ ਲਈ ਕਿਹਾ ਤਾਂ ਕਿ ਵੇਖ ਸਕਾਂ ਕਿ ਕੀ ਇਹ ਮੇਰੀ ਖੋਜ ਦਾ ਸੰਭਾਵੀ ਇਲਾਕਾ ਹੋ ਸਕਦਾ ਏ। ਸਾਰੇ ਮੰਨ ਗਏ ਅਤੇ ਅਸੀਂ ਚਾਰੇ ਮੁੜ ਬਾਜ਼ਾਰ ਵਿਚ ਆ ਗਏ।

ਰਾਤ ਵੇਲੇ ਸ਼ਾਹੀ ਮੁੱਹਲੇ ਦਾ ਮਾਹੌਲ ਉਸ ਨਾਲੋਂ ਬਿਲਕੁਲ ਵੱਖਰਾ ਸੀ ਜੋ ਅਸੀਂ ਦਿਨੇ ਵੇਖਿਆ ਸੀ। ਹੁਣ ਬਹੁਤੀ ਭੀੜ ਸੀ ਅਤੇ ਗਲੀਆਂ ਵਿਚ ਬਹੁਤੇ ਆਦਮੀ ਹੀ ਸਨ। ਇਸ ਵਿਚ ਜੀਵਨ ਧੜਕਦਾ ਸੀ, ਦੁਕਾਨਾਂ ਪੂਰੀਆਂ ਰੌਸ਼ਨ ਸਨ ਅਤੇ ਛੋਟੇ-ਛੋਟੇ ਮੁੰਡੇ ਫੁੱਲ ਅਤੇ ਪਾਨ ਵੇਚਦੇ ਫਿਰ ਰਹੇ ਸਨ। ਹੋਰਾਂ ਵਾਂਗ ਹੀ ਅਸੀਂ ਵੀ ਪੈਦਲ ਹੀ ਤੁਰ ਪਏ। ਵੀਹ ਫੁੱਟ ਚੌੜੀ ਗਲੀ ਪੈਦਲ ਲੋਕਾਂ ਲਈ ਕਾਫੀ ਸੀ। ਕੋਈ ਕਾਰ ਕਦੀ-ਕਦਾਈਂ ਗਲੀ ਵਿਚੋਂ ਲੰਘ ਜਾਂਦੀ ਪਰ ਦੁਪਹਿਰ ਬਾਅਦ ਦੀ ਭਾਰੀ ਆਵਾਜਾਈ ਹੁਣ ਨਹੀਂ ਸੀ ਰਹੀ। ਮੈਂ ਵੇਖਿਆ ਕਿ ਇਮਾਰਤਾਂ ਦੇ ਹੇਠਲੇ

ਕਮਰੇ ਗਲੀ ਦੀ ਸਤਹਿ ਤੋਂ 3-4 ਫੁੱਟ ਉੱਚੇ ਸਨ ਅਤੇ ਉਨ੍ਹਾਂ ਲਈ ਸਿੱਧੀਆਂ ਪੌੜੀਆਂ ਬਣੀਆਂ ਹੋਈਆਂ ਸਨ। ਕਿਤੇ-ਕਿਤੇ ਪੌੜੀਆਂ ਥੜ੍ਹੇ ਤੇ ਜਾ ਕੇ ਮੁੱਕ ਜਾਂਦੀਆਂ ਜਾਂ ਘਰਾਂ ਦੇ ਸਾਮ੍ਹਣੇ ਬਣੇ ਤੰਗ ਜਿਹੇ ਗਲਿਆਰੇ ਵਿਚ ਜਾ ਮੁੱਕਦੀਆਂ।

ਅਸੀਂ ਗਲੀ ਵਿਚ ਫਿਰਦਿਆਂ ਨੇ ਕਮਰਿਆਂ ਵਿਚ ਸਜੀਆਂ-ਧਜੀਆਂ ਔਰਤਾਂ ਵੇਖੀਆਂ ਜਿਵੇਂ ਉਹ ਆਪਣੀਆਂ ਬੈਠਕਾਂ ਵਿਚ ਬੈਠੀਆਂ ਹੋਣ ਪਰ ਬੈਠਕਾਂ ਦੀ ਬਾਹਰੀ ਕੰਧ ਨਾ ਹੋਵੇ। ਇਨ੍ਹਾਂ ਕਮਰਿਆਂ ਦੇ ਚੌੜੇ ਖੁਲ੍ਹੇ ਦਰਵਾਜ਼ੇ ਸਨ ਜਿਨ੍ਹਾਂ ਉੱਤੇ ਕੱਪੜੇ ਦਾ ਪਰਦਾ ਜਾਂ ਬਾਂਸ ਦੀ ਬਣੀ ਪੜਛੀ ਜਿਹੀ ਲਟਕ ਰਹੀ ਹੁੰਦੀ। ਕਮਰਿਆਂ ਵਿਚ ਪੂਰਾ ਚਾਨਣ ਹੋਣ ਕਰਕੇ ਬਾਹਰੋਂ ਸਭ ਕੁਝ ਆਸਾਨੀ ਨਾਲ ਦਿੱਸਦਾ ਸੀ। ਬਹੁਤੀਆਂ ਔਰਤਾਂ ਆਪਣੇ ਕਮਰੇ ਦੇ ਵਿਚਕਾਰ ਫਰਸ਼ ਤੇ ਬੈਠੀਆਂ ਸਨ ਤੇ ਕੁਝ ਸੋਫਿਆਂ ਉੱਤੇ ਵੀ। ਉਨ੍ਹਾਂ ਆਮ ਕਰਕੇ ਰੇਸ਼ਮੀ ਸਲਵਾਰ-ਕਮੀਜ਼ ਪਹਿਨੀ ਹੋਈ ਸੀ। ਇਕ ਦੁਕਾਨ ਵਿੱਚ ਔਰਤਾਂ ਨੇ ਲੰਬੇ ਚੋਗੇ ਪਾਏ ਹੋਏ ਸਨ ਅਤੇ ਮਣਕਿਆਂ ਦੀਆਂ ਲੜੀਆਂ ਵਾਲੀਆਂ ਸੁਨਹਿਰੀ ਟੋਪੀਆਂ ਪਹਿਨੀਆਂ ਹੋਈਆਂ ਸਨ, ਜਿਵੇਂ ਮੱਧ ਪੂਰਵ ਵਾਲੇ ਪਹਿਨਦੇ ਹਨ। ਇੰਜ ਜਾਪਦਾ ਸੀ ਜਿਵੇਂ ਉਹ ਫਿਲਮੀ ਸੈੱਟ ਵਿਚੋਂ ਬਾਹਰ ਨਿਕਲ ਆਈਆਂ ਹੋਣ।

ਉਤਲੀਆਂ ਮੰਜ਼ਿਲਾਂ ਵਿਚ ਭੜਕੀਲੇ ਕੱਪੜੇ ਪਾਈਂ ਸਜੀਆਂ ਧਜੀਆਂ ਔਰਤਾਂ ਆਪਣੀਆਂ ਬਾਲਕੋਨੀਆਂ ਤੋਂ ਝੁਕੀਆਂ ਹੋਈਆਂ ਸਨ। ਉਨ੍ਹਾਂ ਦੀਆਂ ਦੁਕਾਨਾਂ ਇਮਾਰਤਾਂ ਦੀ ਉਤਲੀ ਮੰਜ਼ਿਲ ਤੇ ਸਨ ਇਸ ਲਈ ਉਹ ਗਲੀ ਵਿਚ ਘੁੰਮਦੇ ਆਦਮੀਆਂ ਵੱਲ ਝਾਤੀ ਮਾਰਦੀਆਂ, ਮੁਸਕੁਰਾਉਂਦੀਆਂ ਤੇ ਇਸ਼ਾਰਾ ਕਰਦੀਆਂ ਰਹਿੰਦੀਆਂ ਸਨ ਅਤੇ ਉਨ੍ਹਾਂ ਦਾ ਧਿਆਨ ਖਿੱਚ ਕੇ ਮੁੜ ਆਪਣੇ ਕਮਰਿਆਂ ਵਿਚ ਜਾ ਵੜਦੀਆਂ ਹਨ।

ਇਹ ਕਮਰੇ, ਦੋਹਾਂ ਮੰਜ਼ਿਲਾਂ ਉੱਤੇ, ਉਨ੍ਹਾਂ ਦੁਕਾਨਾਂ ਵਾਂਗ ਸਨ ਜੋ ਆਪਣੀਆਂ ਖਿੜਕੀਆਂ ਰਾਹੀਂ ਵਿਕਰੀ ਦਾ ਜੀਵੰਤ ਸਮਾਨ ਵਿਖਾ ਰਹੀਆਂ ਹੋਣ। ਗਾਹਕ ਹਰੇਕ ਖਿੜਕੀ ਵਿਚ ਝਾਤੀ ਮਾਰਦੇ ਅਤੇ ਆਪਣੀ ਪਸੰਦ ਦੀ ਚੀਜ਼ ਲੱਭਦੇ ਫਿਰਦੇ ਸਨ। ਮੇਰੇ ਦਿਮਾਗ ਵਿਚ ਉਸ ਇਲਾਕੇ ਦੇ ਨਾਂ ਗੂੰਜ ਗਏ, ਬਾਜ਼ਾਰੇ-ਹੁਸਨ ਅਤੇ ਹੀਰਾ ਮੰਡੀ। ਅਸਲ ਵਿਚ ਹੀ ਇਹ ਬਾਜ਼ਾਰ ਸੀ, ਚੀਜ਼ ਪੂਰੀ ਤਰ੍ਹਾਂ ਸਾਮ੍ਹਣੇ ਪਈ ਸੀ ਅਤੇ ਗਾਹਕ ਫਿਰ ਰਹੇ ਸਨ ਕਿ ਕਿਹੜੀ ਖਰੀਦੀ ਜਾਵੇ।

ਛੋਟੇ ਬੱਚੇ ਅਤੇ ਕੁਝ ਬੰਦੇ ਭੀੜ ਵਿਚ ਇਕ, ਪੰਜ ਅਤੇ ਦਸ ਰੁਪਏ ਦੇ ਖੁੱਲ੍ਹੇ ਨੋਟ ਦਿੰਦੇ ਫਿਰ ਰਹੇ ਸਨ। ਲੋਕ ਨੋਟ ਤੁੜਵਾ ਰਹੇ ਸਨ ਤਾਂ ਕਿ ਨਾਚੀਆਂ ਉੱਤੇ ਪੈਸੇ ਸੁੱਟੇ ਜਾ ਸਕਣ- ਨਾਚ ਜਾਂ ਗੀਤ ਦੀ ਵਾਹ-ਵਾਹ ਕਰਨ ਲਈ ਇਹ ਪੁਰਾਣਾ ਰਵਾਇਤੀ ਢੰਗ ਏ।

ਬਹੁਤ ਸਾਰੀਆਂ ਦੱਖਣੀ ਏਸ਼ੀਆਈ ਫਿਲਮਾਂ ਵਿਚ ਜਿਵੇਂ ਵਿਖਾਇਆ ਜਾਂਦਾ ਏ ਉਸ ਤੋਂ ਮੈਂ ਪਛਾਣ ਗਈ ਕਿ ਇਹ ਕਮਰੇ ਦਰਅਸਲ 'ਕੋਠੇ' ਹਨ। ਫਿਲਮਾਂ ਵਿਚ ਅਕਸਰ ਗਾਹਕ ਪੌੜੀਆਂ ਚੜ੍ਹ ਕੇ ਨਾਚ ਵੇਖਣ ਲਈ ਅਜਿਹੇ ਕਮਰਿਆਂ ਵਿਚ ਜਾਂਦੇ ਹਨ। ਕੋਠੇ ਦਾ ਸਾਦਾ ਅਰਥ ਉਤਲੀ ਮੰਜ਼ਿਲ ਹੀ ਏ। ਪੰਜਾਬੀ ਵਿਚ ਇਸਨੂੰ ਛੱਤ, ਕਈਆਂ ਦੇ ਰਹਿਣ ਦੀ ਥਾਂ ਜਾਂ ਕੱਚੇ ਘਰ ਲਈ ਵੀ ਵਰਤਿਆ ਜਾਂਦਾ ਏ।

ਅਸੀਂ ਸ਼ਹਿਰ ਵਿਚ ਬਸੰਤ ਦੇ ਮੇਲੇ ਤੇ ਆਏ ਸੀ ਤੇ ਮੈਂ ਵੀ ਕੁਝ ਸਜੀ-ਸਜਾਈ ਜਾਪਦੀ ਸੀ। ਗਲੀ ਦੇ ਬਹੁਤੇ ਬੰਦੇ ਇੰਜ ਵੇਖ ਰਹੇ ਸਨ ਜਿਵੇਂ ਮੈਂ ਉੱਥੇ ਦੀ ਹੀ ਔਰਤ ਸੀ ਜੋ ਕਿਤੇ ਜਾਣ ਲਈ ਆਪਣੇ ਕਮਰੇ ਵਿਚੋਂ ਆਈ ਹੈ। ਗਾਹਕ ਮੈਨੂੰ ਸਿਰ ਤੋਂ ਪੈਰ ਤੱਕ ਹਾੜਦੇ ਪਰ ਕਿਸੇ ਨੇ ਮੈਨੂੰ

ਛੇੜਿਆ ਜਾਂ ਪ੍ਰੇਸ਼ਾਨ ਨਹੀਂ ਕੀਤਾ। ਮੇਰੀ ਸੁਰੱਖਿਆ ਲਈ ਮੇਰੇ ਤਿੰਨੋਂ ਮਰਦ ਸਾਥੀ ਮੇਰੇ ਦੁਆਲੇ ਤੁਰ ਰਹੇ ਸਨ। ਕੁਝ ਸਮੇਂ ਬਾਦ ਮੈਨੂੰ ਸਕੂਨ ਮਿਲਿਆ ਅਤੇ ਖੁਲ੍ਹ ਦੀ ਸੰਵੇਦਨਾ ਮਹਿਸੂਸ ਕੀਤੀ ਜਿਸ ਨੂੰ ਸਮਝਾਉਣਾ ਔਖਾ ਏ।

ਅਸੀਂ ਇਕ ਕਮਰਾ ਚੁਣਿਆਂ ਜਿੱਥੇ ਦੋ ਔਰਤਾਂ ਬੈਠੀਆਂ ਸਨ। ਉਨ੍ਹਾਂ ਦੇ ਘੁੰਗਰੂਆਂ ਕਰਕੇ ਮੈਂ ਉਨ੍ਹਾਂ ਵੱਲ ਖਿੱਚੀ ਗਈ ਸੀ। ਇਸਦਾ ਮਤਲਬ ਸੀ ਕਿ ਉਹ ਸਿਰਫ ਗਾਇਕ ਹੀ ਨਹੀਂ ਨਾਚੀਆਂ ਵੀ ਹਨ। ਮੈਨੂੰ ਖੁਦ ਨਾਚ ਵਿਚ ਦਿਲਚਸਪੀ ਏ ਇਸ ਲਈ ਮੈਂ ਉਨ੍ਹਾਂ ਦਾ ਨਾਚ ਵੇਖਣਾ ਚਾਹੁੰਦੀ ਸੀ। ਜਿਉਂ ਹੀ ਅਸੀਂ ਕਮਰੇ ਵਿਚ ਦਾਖਲ ਹੋਏ ਤਾਂ ਦੋਵੇਂ ਔਰਤਾਂ ਨੇ ਉੱਠ ਕੇ ਬੜੇ ਆਦਰ ਨਾਲ ਸਾਡਾ ਸਵਾਗਤ ਕੀਤਾ। ਇਕ ਨੌਜਵਾਨ ਮੁੰਡੇ ਨੇ ਫੌਰਨ ਸਾਡੇ ਪਿੱਛੇ ਵੱਡਾ ਸਾਰਾ ਬੂਹਾ ਭੇੜ ਦਿੱਤਾ। ਮੇਰੇ ਦੋਸਤਾਂ ਨੇ ਦੱਸਿਆ ਕਿ ਨਾਚ ਦੌਰਾਨ ਕਿਸੇ ਤਰ੍ਹਾਂ ਦੇ ਤਕਰਾਰ ਤੋਂ ਬਚਣ ਲਈ ਇਕ ਹੀ ਗਾਹਕ ਦਾ ਮਨੋਰੰਜਨ ਕਰਨ ਦੀ ਪ੍ਰਥਾ ਏ।

ਕਮਰੇ ਵਿਚ ਕਾਰਪਟ ਵਿਛਿਆ ਹੋਇਆ ਸੀ, ਕਾਰਪਟ ਉੱਤੇ ਇਕ ਚਾਂਦਨੀ ਵਿਛੀ ਹੋਈ ਸੀ ਅਤੇ ਨਾਲ ਗੋਲ ਸਰ੍ਹਾਣੇ ਰੱਖੇ ਹੋਏ ਸਨ। ਤਬਲਾ, ਹਾਰਮੋਨੀਅਮ ਅਤੇ ਢੋਲਕ ਵਜਾਉਣ ਵਾਲੇ ਤਿਨ ਸਾਜ਼ਿੰਦੇ ਇਕ ਬੁੱਢੀ ਔਰਤ ਅਤੇ ਬਾਰਾਂ ਕੁ ਸਾਲ ਦੇ ਮੁੰਡੇ ਨਾਲ ਪਿੱਛੇ ਬੈਠੇ ਸਨ। ਕਮਰਾ ਕਰੀਬ 12×15 ਫੁੱਟ ਦਾ ਸੀ।

ਗਾਹਕਾਂ ਨਾਲ ਇਕ ਔਰਤ ਨੂੰ ਵੇਖ ਕੇ ਉਸ ਕਮਰੇ ਦੇ ਲੋਕਾਂ ਨੂੰ ਉਤਸੁਕਤਾ ਸੀ ਜਿਸਨੂੰ ਅਕਸੀ ਮੁਫਤੀ ਨੇ ਇਹ ਕਹਿ ਕੇ ਸ਼ਾਂਤ ਕੀਤਾ ਕਿ ਇਹ ਅਮਰੀਕਾ ਤੋਂ ਆਈ ਏ ਤੇ ਨਾਚ ਵੇਖਣਾ ਚਾਹੁੰਦੀ ਏ। ਜਦੋਂ ਅਸੀਂ ਬੈਠ ਗਏ ਤਾਂ ਸਾਨੂੰ ਚਾਹ ਪੇਸ਼ ਕੀਤੀ ਗਈ ਜੋ ਅਸੀਂ ਨਹੀਂ ਪੀਤੀ। ਸਾਨੂੰ ਪੁੱਛਿਆ ਗਿਆ, ''ਕੀ ਸੁਣੋਗੇ?'' ਮੇਰੇ ਸਾਥੀਆਂ ਵਿਚੋਂ ਇਕ ਨੇ ਕਿਹਾ, ''ਪੰਜਾਬੀ ਵਿਚ ਕੁਝ ਵੀ।'' ਔਰਤਾਂ ਨੇ ਇਕ ਪੰਜਾਬੀ ਗਾਣਾ ਸ਼ੁਰੂ ਕਰ ਦਿੱਤਾ ਅਤੇ ਸਾਜ਼ਿੰਦਿਆਂ ਦੀ ਧੁਨ ਤੇ ਨੱਚਣ ਲੱਗੀਆਂ।

ਉਨ੍ਹਾਂ ਦੀ ਆਵਾਜ਼ ਬੇਸੁਰੀ ਸੀ ਅਤੇ ਉਹ ਪੰਜਾਬੀ ਫਿਲਮੀ ਗਾਣਾ ਬੜੇ ਭੱਦੇ ਢੰਗ ਨਾਲ ਗਾ ਰਹੀਆਂ ਸਨ। ਸੰਗੀਤ ਬੜਾ ਤੇਜ਼ ਸੀ ਅਤੇ ਦੋਵੇਂ ਨਾਚੀਆਂ ਘੁੰਗਰੂਆਂ ਨਾਲ ਵਾਧੂ ਹੀ ਸ਼ੋਰ ਪੈਦਾ ਕਰ ਰਹੀਆਂ ਸਨ। ਦੋਵੇਂ ਨਾਚੀਆਂ ਇਕ ਸਮੇਂ ਸਰੋਤਿਆਂ ਵਿਚੋਂ ਕਿਸੇ ਇਕ ਤੇ ਧਿਆਨ ਜਮਾ ਕੇ ਰੱਖਦੀਆਂ। ਉਹ ਸਿੱਧੀਆਂ ਉਸ ਦੀਆਂ ਅੱਖਾਂ ਵਿਚ ਵੇਖਦੀਆਂ ਅਤੇ ਅਸ਼ਲੀਲ ਮੁਦਰਾਵਾਂ ਨਾਲ ਨੱਚਦੀਆਂ ਜੋ ਨਿਰਾ ਭਾਵਹੀਣ ਸੀ। ਉਹ ਉਦੋਂ ਤੱਕ ਉਸ ਕੋਲ ਨਚਦੀਆਂ ਰਹਿੰਦੀਆਂ ਜਦੋਂ ਤੱਕ ਉਨ੍ਹਾਂ ਨੂੰ ਬੰਦੇ ਤੋਂ ਵੇਲ ਨਾ ਮਿਲ ਜਾਂਦੀ। ਉਨ੍ਹਾਂ ਨੇ ਵੇਖਿਆ ਕਿ ਜਦੋਂ ਉਹ ਮੇਰੇ ਕੋਲ ਆ ਕੇ ਮੇਰੇ ਤੇ ਨਿਗਾਹ ਟਿਕਾਉਂਦੀਆਂ ਹਨ ਤਾਂ ਬਾਕੀ ਸਾਰੇ ਉਨ੍ਹਾਂ ਨੂੰ ਮੇਰੀ ਤਰਫੋਂ ਵੇਲ ਦੇ ਦਿੰਦੇ ਹਨ। ਉਹ ਉਸ ਧੰਦੇ ਵਿਚ ਤਾਂ ਮਾਹਿਰ ਹੀ ਸਨ ਇਸ ਲਈ ਉਹ ਵਾਰ-ਵਾਰ ਉਹੀ ਹਰਕਤਾਂ ਕਰਦੀਆਂ ਤਾਂ ਕਿ ਛੇਤੀ ਤੋਂ ਛੇਤੀ ਵੱਧ ਤੋਂ ਵੱਧ ਪੈਸੇ ਉਗਰਾਹੇ ਜਾ ਸਕਣ। ਮੈਂ ਮਹਿਸੂਸ ਕੀਤਾ ਕਿ ਇਹ ਵੀ ਉਨ੍ਹਾਂ ਦੀ ਕਲਾ ਦਾ ਹੀ ਹਿੱਸਾ ਏ। ਆਖਰ ਹੋਰ ਵੀ ਚੰਗੇ ਗਾਹਕ ਗਲੀ ਵਿਚ ਫਿਰ ਰਹੇ ਸਨ ਅਤੇ ਉਨ੍ਹਾਂ ਦਾ ਆਪਣਾ ਸਮਾਂ ਵੀ ਕੀਮਤੀ ਸੀ। ਬੜੇ ਹੀ ਸਧੇ ਹੋਏ ਢੰਗ ਨਾਲ ਉਨ੍ਹਾਂ ਨੇ ਸਾਨੂੰ ਨਿਚੋੜਿਆ ਅਤੇ ਆਰਾਮ ਨਾਲ ਸਾਨੂੰ ਬਾਹਰ ਦਾ ਰਾਹ ਵਿਖਾ ਦਿੱਤਾ।

ਦਰਅਸਲ ਅਸੀਂ ਅੰਦਰ ਬਹਿਕੇ ਛੋਟੇ ਮੁੰਡੇ ਨੂੰ ਨੋਟ ਤੁੜਵਾਉਣ ਲਈ ਭੇਜ ਕੇ ਗਲਤੀ

ਕਰ ਲਈ ਸੀ। ਇਸ ਨਾਲ ਸਾਡੇ ਮੀਜ਼ਬਾਨਾ ਨੂੰ ਪਤਾ ਲੱਗ ਗਿਆ ਕਿ ਅਸੀਂ ਉਨ੍ਹਾ ਤੇ ਖਰਚਣ ਲਈ ਕਿੰਨਾ ਪੈਸਾ ਰੱਖਿਆ ਏ। ਅਸੀਂ ਪੰਜ ਸੌ ਰੁਪਏ ਦਾ ਸਿਰਫ ਇਕ ਨੋਟ ਤੁੜਵਾਇਆ ਸੀ ਅਤੇ ਅਸੀਂ ਪੱਕੇ ਗਾਹਕ ਵੀ ਨਹੀਂ ਲੱਗਦੇ ਸੀ ਕਿ ਅਸੀਂ ਉਨ੍ਹਾਂ ਤੋ ਨਾਚ ਤੋਂ ਬਾਦ ਕੁਝ ਹੋਰ ਸੇਵਾ ਭਾਲਦੇ ਹੋਈਏ। ਇਸ ਤਰ੍ਹਾਂ ਜਦੋ ਸਾਡੇ ਪੰਜ ਸੌ ਤੋਂ ਕੁਝ ਉੱਪਰ ਰੁਪਏ ਨਿੱਬੜ ਗਏ ਤਾਂ ਨਾਚੀਆਂ ਨੇ ਕਿਹਾ ਕਿ ਦੂਜੇ ਕਮਰੇ ਵਿਚ ਉਨ੍ਹਾ ਦੇ ਹੋਰ ਗਾਹਕ ਆ ਗਏ ਨੇ ਇਸ ਲਈ ਜਾਣਾ ਪੈਣਾ ਏ। ਤੇ ਉਹ ਹੱਥ ਹਿਲਾ ਕੇ ਟੁਰ ਗਈਆਂ। ਜਦੋਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈ ਉਨ੍ਹਾਂ ਨਾਲ ਗੱਲ ਕਰਨੀ ਚਾਹੁੰਦੀ ਹਾਂ ਤਾਂ ਉਨ੍ਹਾਂ ਨੇ ਮੈਨੂੰ ਆਪਣੇ ਨਾਂ ਦੱਸ ਕੇ ਕਿਹਾ ਕਿ ਜੇ ਮੈਂ ਦਿਨੇ ਆਵਾਂ ਤਾਂ ਮੈਂ ਜੋ ਵੀ ਪੁੱਛਾਂਗੀ ਉਹ ਦੱਸਣਗੀਆਂ ਪਰ ਇਹ ਉਨ੍ਹਾਂ ਦਾ ਕੰਮ ਦਾ ਦਫਤਰੀ ਸਮਾਂ ਹੈ। ਸਰਕਾਰ ਨੇ ਉਨ੍ਹਾ ਨੂੰ ਰਾਤੀਂ 11 ਵਜੇ ਤੋਂ ਇਕ ਵਜੇ ਤੱਕ ਧੰਦੇ ਦੀ ਇਜਾਜ਼ਤ ਦਿੱਤੀ ਹੋਈ ਏ ਇਸ ਲਈ ਇਸ ਨੂੰ ਉਹ ਦਫਤਰੀ ਸਮਾਂ ਕਹਿੰਦੀਆਂ ਨੇ ਅਤੇ ਕੋਠੇ ਨੂੰ ਦਫਤਰ। ਉਹ ਉਨ੍ਹਾਂ ਲੋਕਾਂ ਤੇ ਸਮਾਂ ਬਰਬਾਦ ਕਰਨਾ ਬਿਲਕੁਲ ਪਸੰਦ ਨਹੀਂ ਕਰਦੀਆਂ ਜੋ ਅਸਲ ਗਾਹਕ ਨਹੀਂ ਅਤੇ ਸਿਰਫ ਗੇੜਾ ਹੀ ਮਾਰਨ ਆਏ ਨੇ।

ਮੈਂ ਫੌਰਨ ਹੀ ਇਸ ਵਰਤਾਰੇ ਦੀ ਖੋਜ ਕਰਨ ਅਤੇ ਉਨ੍ਹਾਂ ਔਰਤਾਂ ਦੇ ਜੀਵਨ ਵਿਚ ਝਾਤੀ ਮਾਰਨ ਦਾ ਫੈਸਲਾ ਕਰ ਲਿਆ ਜੋ ਪੱਕੇ ਤੌਰ ਤੇ ਸਮਾਜ ਦਾ ਇਕ ਅਸੰਗਤ, ਗੈਰਪ੍ਰਵਾਣਤ ਪਰ ਪੱਕਾ ਹਿੱਸਾ ਬਣੀਆਂ ਹੋਈਆਂ ਨੇ। ਮੈਂ ਇਸ ਇਲਾਕੇ ਦੇ ਵਿਭਿੰਨ ਪਹਿਲੂਆਂ ਦੀ ਖੋਜ ਲਈ ਸ਼ਾਹੀ ਮੁਹੱਲੇ ਦੇ ਵਿਸਤਰਿਤ ਅਧਿਐਨ ਦਾ ਖਾਕਾ ਜਿਹਾ ਉਲੀਕ ਲਿਆ। ਸਾਡੇ ਬਾਕੀ ਸਮਾਜ ਲਈ ਸ਼ਾਹੀ ਮੁਹੱਲਾ ਇਕ ਕਿਸਮ ਦੀ ਮਿੱਥ ਬਣਿਆਂ ਹੋਇਆ ਏ ਅਤੇ ਔਰਤ ਦੀ ਇਕ ਉਪਭੋਗ ਵਸਤੂ ਦੇ ਤੌਰ ਤੇ ਚਰਮ ਮਿਸਾਲ ਦੀ ਪ੍ਰਤਿਨਿਧਤਾ ਕਰਨ ਲੱਗਾ ਏ ਜਿਸ ਅਨੁਸਾਰ ਔਰਤ ਦੀ ਭੂਮਿਕਾ ਮਰਦਾਂ ਨੂੰ ਆਨੰਦ ਦੇਣਾ ਹੀ ਬਣਾ ਦਿੱਤੀ ਗਈ ਏ। ਮੈਂ ਆਪਣਾ ਅਧਿਐਨ ਬਾਹਰਮੁਖੀ ਢੰਗ ਨਾਲ ਕਰਨਾ ਚਾਹੁੰਦੀ ਹਾਂ ਅਤੇ ਕੋਈ ਨਕਾਰਾਤਮਕ ਸੋਚ, ਕਿਸੇ ਸਥਾਪਤ ਨੈਤਿਕ ਪੈਂਤੜੇ ਨੂੰ ਇਸ ਦੇ ਆੜੇ ਨਹੀਂ ਆਉਣ ਦੇਣਾ ਚਾਹੁੰਦੀ।

ਇਸ ਖੇਤਰ ਵਿਚ ਮੇਰੀ ਦਿਲਚਸਪੀ ਮੇਰੇ ਆਪਣੇ ਪਿਛੋਕੜ ਅਤੇ ਸਿਖਲਾਈ ਦੇ ਦੋ ਪਹਿਲੂਆਂ ਨਾਲ ਜੁੜੀ ਹੋਈ ਏ। ਮੈਂ ਸੱਭਿਆਚਾਰਕ ਪਾਸੇ ਬਾਰੇ ਵੀ ਜਾਣਨਾ ਚਾਹੁੰਦੀ ਸੀ ਤਾਂ ਜੋ ਸਮਾਜ ਦੀਆਂ ਅਦਾਕਾਰੀ ਕਲਾਵਾਂ ਦਾ ਇਸ ਇਲਾਕੇ ਨਾਲ ਸਬੰਧ ਅਤੇ ਸੰਗੀਤ ਰਵਾਇਤਾਂ ਦਾ ਦਸਤਾਵੇਜ ਤਿਆਰ ਕਰ ਸਕਾਂ। ਇਸ ਵਿਚ ਮੈਂ ਇਸਤਰੀਤਵੀ ਪਹਿਲੂ ਦੀ ਵਰਤੋਂ ਰਾਹੀਂ ਔਰਤ ਨੂੰ ਸਮਝਣਾ ਚਾਹੁੰਦੀ ਸੀ ਜੋ ਵੇਸਵਾ ਦਾ ਅਤੇ ਇਸ ਨਾਲ ਸਬੰਧਤ ਧੰਦੇ ਲਈ ਕੰਮ ਕਰਦੀ ਸੀ। ਇਸ ਸੋਚ ਨਾਲ ਮੈਂ ਆਪਣੀ ਖੋਜ ਦਾ ਖਾਕਾ ਆਪਣੀ ਸੰਸਥਾ ਨੂੰ ਪੇਸ਼ ਕਰ ਦਿੱਤਾ।

ਕੰਮ ਅਜੇ ਸ਼ੁਰੂ ਵੀ ਨਹੀਂ ਕੀਤਾ ਸੀ ਕਿ ਮੈਂ ਸਿੱਧੇ ਜਾ ਕੇ ਇਕ ਅਫਸਰਸ਼ਾਹੀ ਕੰਧ ਵਿਚ ਜਾ ਵੱਜੀ ਜਿਸ ਦੇ ਮੌਜੂਦ ਹੋਣ ਦਾ ਮੈਨੂੰ ਚਿੱਤ-ਚੇਤਾ ਵੀ ਨਹੀਂ ਸੀ।

# ਲਾਲ ਬੱਤੀ ਇਲਾਕੇ ਵਿਚ ਇਕ ਪੀ.ਐਚ.ਡੀ. ਕੁੜੀ

ਖੋਜ ਕਰਨ ਵੇਲੇ ਲੋਕਾਂ ਵੱਲੋਂ ਮੇਰੇ ਰਾਹ ਵਿਚ ਖੜ੍ਹੀਆਂ ਕੀਤੀਆਂ ਰੁਕਾਵਟਾਂ ਅਤੇ ਉਲਟ ਪ੍ਰਤਿਕਿਰਿਆਵਾਂ ਦੇ ਮੇਰੇ ਤਜ਼ਰਬਿਆਂ ਵਿਚੋਂ ਇਕ ਦਿਹਾੜਾ ਬੜੇ ਸਪਸ਼ਟ ਰੂਪ ਵਿਚ ਦਿਖਾਈ ਦਿੰਦਾ ਏ। ਸੱਭਿਆਚਾਰਕ ਮਾਮਲਿਆਂ ਦੇ ਸਕੱਤਰ ਨੇ ਪਾਕਿਸਤਾਨ ਸਰਕਾਰ ਦੀ ਨੌਕਰੀ ਤੋਂ ਕੱਢਣ ਤੋਂ ਪਹਿਲਾਂ ਆਪਣਾ ਪੱਖ ਪੂਰਨ ਲਈ ਮੈਨੂੰ ਸੱਦਿਆ। ਮੰਤਰਾਲੇ ਨੂੰ ਬਦਨਾਮ ਸ਼ਾਹੀ ਮੁਹੱਲੇ, ਲਾਹੌਰ ਦੇ ਲਾਲ ਬੱਤੀ ਖੇਤਰ ਦਾ ਮੇਰੇ ਵੱਲੋਂ ਅਧਿਐਨ ਕੀਤੇ ਜਾਣ ਦਾ ਪਤਾ ਲੱਗ ਚੁੱਕਾ ਸੀ ਅਤੇ ਸੀਨੀਅਰ ਅਫਸਰਸ਼ਾਹ ਬੜਾ ਅੱਗ-ਭਬੂਕਾ ਹੋਇਆ ਬੈਠਾ ਸੀ। ਮੈਨੂੰ ਵਿਸ਼ਵਾਸ ਨਹੀਂ ਸੀ ਹੋ ਰਿਹਾ ਕਿ ਮੇਰੇ ਆਮ ਜਿਹੇ ਲੱਗਦੇ ਇਸ ਖੋਜ ਵਿਸ਼ੇ ਨੇ ਸਰਕਾਰੀ ਅਫਸਰਸ਼ਾਹੀ ਨੂੰ ਇਸ ਤਰ੍ਹਾਂ ਹਲੂਣ ਦਿੱਤਾ ਏ ਪਰ ਜ਼ਾਹਰਾ ਤੌਰ ਤੇ ਉਹ ਇਹ ਬਰਦਾਸ਼ਤ ਨਹੀਂ ਕਰ ਰਹੇ ਸਨ ਕਿ ਇਕ ਔਰਤ ਸਰਕਾਰੀ ਅਫਸਰ ਇਸ ਵਰਜਿਤ ਖੇਤਰ ਵੱਲ ਜਾ ਰਹੀ ਏ ਅਤੇ ਖਾਸ ਤੌਰ ਤੇ ਉਦੋਂ ਜਦੋਂ ਉਹ ਇਸ ਬਾਰੇ ਲਿਖਣਾ ਵੀ ਚਾਹੇ। ਉਨ੍ਹਾਂ ਨੂੰ ਸ਼ਾਇਦ ਸੰਭਾਵੀ ਸਿਆਸੀ ਪਰਤਵੇਂ ਅਸਰ ਦਾ ਖਤਰਾ ਹੋ ਗਿਆ ਹੋਣਾ ਏ। ਮੈਨੂੰ ਕਦੀ ਇਸ ਪ੍ਰਤਕਿਰਿਆ ਦੇ ਪਰਿਮਾਣ ਦਾ ਚਿੱਤ-ਚੇਤਾ ਵੀ ਨਹੀਂ ਸੀ ਅਤੇ ਮੈਨੂੰ ਇਹ ਵੀ ਨਹੀਂ ਪਤਾ ਸੀ ਕਿ ਮੇਰੇ ਕਿਸੇ ਸੀਨੀਅਰ ਅਧਿਕਾਰੀ ਦਾ ਮੇਰੇ ਇਸ ਅਧਿਐਨ ਨਾਲ ਬੜਾ ਕੁਝ ਦਾਅ ਤੇ ਲੱਗ ਜਾਏਗਾ।

ਮੈਂ ਲੋਕ ਵਿਰਸੇ ਵੱਲੋਂ ਦਿੱਤੀ ਸਰਕਾਰੀ ਕਾਰ ਤੋਂ ਉੱਤਰੀ ਅਤੇ ਚੁਫੇਰੇ ਦੀਆਂ ਉੱਚੀਆਂ ਇਮਾਰਤਾਂ ਤੇ ਝਾਤੀ ਮਾਰੀ। ਮੈਂ ਇਸਲਾਮਾਬਾਦ ਦੇ ਸਕੱਤਰੇਤ ਵਿਚ ਸੀ। ਪਾਕਿਸਤਾਨ ਸਰਕਾਰ ਦਾ ਨਸ ਕੇਂਦਰ ਸ਼ਹਿਰ ਤੇ ਐਨ ਸ਼ਾਂਤ ਸਿਰੇ ਦੇ ਸਥਿਤ ਹੈ ਜਿਸ ਨੂੰ ਬਹੁਤੇ ਪਾਕਿਸਤਾਨੀਆਂ ਨੇ ਦੇਖਿਆ ਵੀ ਨਹੀਂ। ਮੈਂ ਲੋਕ ਵਿਰਸੇ ਵਿਚ ਕਰੀਬ ਸਾਲ ਕੁ ਦੀ ਕੰਮ ਕਰ ਰਹੀ ਸੀ ਜੋ ਕਿ ਸੱਭਿਆਚਾਰ ਮੰਤਰਾਲੇ ਨਾਲ ਜੁੜੀ ਇਕ ਏਜੰਸੀ ਹੀ ਸੀ। ਮੈਂ ਇਸਲਾਮਾਬਾਦ ਵਿਚ ਹੀ ਰਹਿੰਦੀ ਤੇ ਕੰਮ ਕਰਦੀ ਸੀ ਅਤੇ ਇਸ ਇਲਾਕੇ ਵਿਚ ਪਹਿਲਾਂ ਨਹੀਂ ਸੀ ਆਈ। ਮੈਂ ਹੱਥ ਵਿਚ ਫਾਈਲਾਂ ਦਾ ਢੇਰ ਫੜੀਂ ਅਤੇ ਮੋਢੇ 'ਤੇ ਕਾਗਜ਼ਾਂ ਦਾ ਭਰਿਆ ਬੈਗ ਲਟਕਾਈਂ ਇਕ ਇਮਾਰਤ ਵਿਚ ਦਾਖਲ ਹੋਈ। ਮੈਂ ਸੁਰੱਖਿਆ ਗਾਰਡ ਨੂੰ ਪੁੱਛਿਆ ਕਿ ਕੀ ਇਹੀ ਸੱਭਿਆਚਾਰਕ ਮੰਤਰਾਲਾ ਹੈ। ਉਸ ਨੇ ਉਤਸੁਕਤਾ ਨਾਲ ਮੇਰੇ ਕਾਗਜ਼ਾਂ ਦੇ ਬੋਝ ਨੂੰ ਵੇਖਦਿਆਂ ਹਾਂ ਵਿਚ ਸਿਰ ਹਿਲਾਇਆ ਅਤੇ ਦੱਸਿਆ ਕਿ ਲਿਫਟ ਖਰਾਬ ਹੈ ਅਤੇ ਮੈਨੂੰ ਪੌੜੀਆਂ ਰਾਹੀਂ ਜਾਣਾ ਪਏਗਾ। ਉਸਦੀਆਂ ਸੰਘਣੀਆਂ ਕਾਲੀਆਂ ਮੁੱਛਾਂ ਹੇਠੋਂ ਉਸ ਦੇ ਬੁੱਲ੍ਹ ਮੁਸਕਰਾ ਰਹੇ ਸਨ। ਯੱਖ, ਸੰਗਮਰਮਰੀ ਕੰਧਾਂ ਨਾਲ ਘਿਰੀਆਂ ਪੌੜੀਆਂ ਤੇ ਚੜ੍ਹਦੇ ਹੋਏ ਮੈਂ ਬੇਚੈਨ ਜਿਹੀ ਹੋਈ ਜਾ ਰਹੀ ਸੀ। ਮੈਂ ਨਾਰਾਜ਼ ਅਤੇ ਮਾਯੂਸ ਸਾਂ ਪਰ ਜਿਵੇਂ ਕਿਵੇਂ ਮੈਨੂੰ ਅਜੇ ਵੀ ਭਰੋਸਾ ਸੀ ਕਿ ਮੈਂ ਸਕੱਤਰ ਕੋਲ ਆਪਣਾ ਪੱਖ ਪੂਰ ਲਵਾਂਗੀ।

ਮੈਂ ਲੋਕ ਵਿਰਸੇ ਵਿਚ ਖੋਜ ਦੀ ਉਪ ਨਿਰਦੇਸ਼ਕ ਸਾਂ। ਇਹ ਸੰਸਥਾ ਪਾਕਿਸਤਾਨ ਦੇ

ਰਵਾਇਤੀ ਸੱਭਿਆਚਾਰ ਦਾ ਦਸਤਾਵੇਜ਼ੀਕਰਨ ਕਰਦੀ ਹੈ - ਕਲਾ ਕਿਰਤਾਂ, ਸੰਗੀਤ ਰਵਾਇਤਾਂ, ਕਥਾਵਾਂ, ਲੋਕ-ਕਥਾਵਾਂ ਅਤੇ ਲੋਕ ਕਲਾ ਦੇ ਹੋਰ ਪਹਿਲੂ ਆਦਿ। ਕੁਝ ਮਹੀਨੇ ਪਹਿਲਾਂ ਹੀ ਮੈਂ ਆਪਣੇ ਵਿਭਾਗ ਦੀ ਸਾਲਾਨਾ ਕਾਰਜ ਯੋਜਨਾ ਦੇ ਹਿੱਸੇ ਵੱਜੋਂ ਦੋ ਖੋਜ ਤਜਵੀਜ਼ਾਂ ਪੇਸ਼ ਕੀਤੀਆਂ ਸਨ। ਮੈਂ ਪਾਕਿਸਤਾਨ ਦੀਆਂ ਰਵਾਇਤੀ ਅਦਾਕਾਰੀ ਕਲਾਵਾਂ ਅਤੇ ਖਾਸ ਤੌਰ ਤੇ ਪਾਕਿਸਤਾਨੀ ਸਮਾਜ ਵਿਚ ਔਰਤਾਂ ਦੀ ਭੂਮਿਕਾ ਦੇ ਇਸ ਨਾਲ ਸਬੰਧ ਦੀ ਖੋਜ ਲਈ ਤਜਵੀਜ਼ ਰੱਖੀ ਸੀ, ਜੋ ਮੈਨੂੰ ਸਦਾ ਉਲਝਾਉਂਦਾ ਰਿਹਾ ਹੈ।

ਪਹਿਲੀ ਤਜਵੀਜ਼ ਦਾ ਸਬੰਧ ਰਵਾਇਤੀ ਨੀਮ-ਵਣਜਾਰਾ ਮੰਚ ਸਮੂਹਾਂ ਨਾਲ ਸੀ ਜੋ ਪਿੰਡ-ਪਿੰਡ ਫਿਰ ਕੇ ਮੁਕਾਮੀ ਲੋਕਾਂ ਦਾ ਮਨੋਰੰਜਨ ਕਰਦੇ ਨੇ ਅਤੇ ਖਾਸ ਤੌਰ ਤੇ ਲੋਕ ਮੰਚ ਵਿਚ ਔਰਤ ਦੀ ਭੂਮਿਕਾ ਬਾਰੇ। ਜਿਨ੍ਹਾਂ ਗਾਇਕਾ ਅਤੇ ਸੰਗੀਤਕਾਰਾਂ ਬਾਰੇ ਲੋਕ ਵਿਰਸਾ ਐਨੀ ਤਕਲੀਫ ਨਾਲ ਇੰਦਰਾਜ ਕਰਦਾ ਏ ਉਨ੍ਹਾਂ ਦਾ ਮੂਲ ਵੀ ਮੈਂ ਲੱਭਣਾ ਚਾਹੁੰਦੀ ਸਾਂ। ਇਸ ਤਰ੍ਹਾਂ, ਮੇਰੇ  ਦੂਜੇ ਅਧਿਐਨ ਵਿਚ ਲਾਹੌਰ ਦੇ ਸ਼ਾਹੀ ਮੁਹੱਲੇ ਦੀਆਂ ਅਦਾਕਾਰੀ ਕਲਾਵਾ ਬਾਰੇ ਵੇਰਵਾ ਤਿਆਰ ਕਰਨ ਦੀ ਤਜਵੀਜ਼ ਸੀ, ਜੋ ਕਿ ਪਾਕਿਸਤਾਨ ਦੇ ਬਹੁਤ ਸਾਰੇ ਮਸ਼ਹੂਰ ਅਦਾਕਾਰੀ ਕਲਾਕਾਰਾਂ ਦਾ ਠਿਕਾਣਾ ਰਿਹਾ ਸੀ।

ਪਿੱਛੇ ਜਿਹੇ ਤੱਕ ਲਾਲ ਬੱਤੀ ਖੇਤਰਾਂ ਬਾਰੇ ਦੱਖਣੀ ਏਸ਼ੀਆਈ ਸੋਚ ਬਹੁਤੇ ਹੋਰ ਮੁਲਕਾਂ ਨਾਲੋਂ ਕੁਝ ਵੱਖ ਹੀ ਰਹੀ ਏ। ਸੰਗੀਤ, ਗੀਤ ਅਤੇ ਨਾਚ ਦੀ ਕਲਾ ਵੇਸਵਾ ਦੇ ਧੰਦੇ ਨਾਲ ਬਹੁਤ ਨੇੜਿਉਂ ਜੁੜੀ ਏ। ਇਨ੍ਹਾਂ ਖੇਤਰਾਂ ਦੀਆਂ ਜੜ੍ਹਾਂ ਦੱਖਣੀ ਏਸ਼ੀਆਈ ਰਵਾਇਤੀ ਸੱਭਿਆਚਾਰ ਵਿਚ ਬੜੀਆਂ ਡੂੰਘੀਆਂ ਹਨ। ਸਦੀਆਂ ਤੋਂ ਉਹ ਸਮਾਜ ਵਿਚ ਚੰਗੀ ਪਰਿਭਾਸ਼ਤ ਸਥਿਤੀ ਮਾਣ ਰਹੇ ਸਨ;ਇਹ ਕਲਾ ਅਤੇ ਕਾਮ ਸੇਵਾਵਾਂ ਦੋਹਾਂ ਲਈ ਬਰਾਬਰ ਮਸ਼ਹੂਰ ਸਨ। ਸਮੁੱਚੇ ਖਿੱਤੇ ਵਿਚ ਇਹ ਖੇਤਰ ਨਵੀਆਂ ਅਦਾਕਾਰੀ ਕਲਾਵਾਂ ਪੈਦਾ ਕਰਨ ਦੇ ਬੜੇ ਜ਼ਰਖੇਜ਼ ਖੇਤਰ ਰਹੇ ਹਨ ।

ਇਨ੍ਹਾਂ ਦੋਹਾਂ ਤਜਵੀਜ਼ਾਂ ਦੀ ਘੋਖ ਮੇਰੇ ਸਾਥੀਆਂ ਅਤੇ ਲੋਕ ਵਿਰਸਾ ਦੇ ਕਾਰਜਕਾਰੀ ਨਿਰਦੇਸ਼ਕ ਨੇ ਕੀਤੀ ਸੀ। ਨਿਰਦੇਸ਼ਕ ਦੇ ਚੇਤੇ ਸੀ ਕਿ ਉਹ ਹੀ ਪਹਿਲੀ ਵਾਰੀ ਮੈਨੂੰ ਕੁਝ ਮਹੀਨੇ ਪਹਿਲਾਂ ਸ਼ਾਹੀ ਮੁਹੱਲੇ ਲੈ ਕੇ ਗਿਆ ਸੀ। ਮੇਰੀਆਂ ਖੋਜ ਵਿਧੀਆਂ ਬਾਰੇ ਕਈ ਸਵਾਲ ਕਰਨ ਤੋਂ ਬਾਦ, ਨਮੂਨਾ ਰੇਖਾ ਚਿੱਤਰ ਅਤੇ ਸਮਾਂ ਅਵਧੀ ਬਾਰੇ ਜਾਣਕੇ ਉਸ ਨੇ ਸਿੱਟਾ ਕੱਢਿਆ ਸੀ ਕਿ ਇਹ ਅਧਿਐਨ ਸੰਸਥਾ ਦੇ ਗਿਆਨ ਆਧਾਰ ਵਿਚ ਚੰਗਾ ਵਾਧਾ ਕਰੇਗਾ ਅਤੇ ਉਹਨੇ ਰਸਮੀ ਖੋਜ ਤਜਵੀਜ਼ ਪੇਸ਼ ਕਰਨ ਲਈ ਮੈਨੂੰ ਉਤਸ਼ਾਹ ਦਿੱਤਾ ਸੀ।

ਐਪਰ, ਮੇਰੀ ਤਜਵੀਜ਼ ਪੇਸ਼ ਕਰਨ ਤੋਂ ਕੁਝ ਹਫਤੇ ਬਾਦ ਮੇਰੇ ਫੌਰੀ ਨਿਗਰਾਨ ਨੇ ਦੱਸਿਆ ਕਿ ਤੇਰੀ ਸਮੁੱਚੀ ਤਜਵੀਜ਼ਤ ਕਾਰਜ ਯੋਜਨਾ ਵਿਚੋਂ ਮੰਤਰਾਲੇ ਨੇ ਮੇਰੀ ਸ਼ਾਹੀ ਮੁਹੱਲੇ ਦੀ ਤਜਵੀਜ਼ ਰੱਦ ਕਰ ਦਿੱਤੀ ਏ। ਮੈਨੂੰ ਬੜੀ ਹੈਰਾਨੀ ਹੋਈ। ਭਾਵੇਂ ਸੰਸਥਾ ਵਿਚ ਮੈਂ ਨਵੀਂ ਸਾਂ, ਪਰ ਮੈਨੂੰ ਦੱਸਿਆ ਗਿਆ ਕਿ ਮੰਤਰਾਲੇ ਨੇ ਲੋਕ ਵਿਰਸਾ ਦੇ ਪ੍ਰੋਗਰਾਮਾਂ ਵਿੱਚ ਕਦੀ ਦਖਲ ਨਹੀਂ ਦਿੱਤਾ ਅਤੇ ਇਹ ਕਿ ਪ੍ਰੋਗਰਾਮਾਂ ਦੀ ਬਣਤਰ ਅਤੇ ਉਨ੍ਹਾਂ ਨੂੰ ਸਿਰੇ ਲਾਉਣ ਦੀ ਜ਼ਿੰਮੇਵਾਰੀ ਸਿਰਫ ਕਾਰਜਕਾਰੀ ਨਿਰਦੇਸ਼ਕ ਦੀ ਹੁੰਦੀ ਏ। ਮੇਰੀ ਤਜਵੀਜ਼ ਰੱਦ ਕਿਉਂ ਹੋਈ ਏ ਇਸ ਬਾਰੇ ਸੰਸਥਾ ਵਿਚਲਾ ਕੋਈ ਵੀ ਮੈਨੂੰ ਜਵਾਬ ਨਾ ਦੇ ਸਕਿਆ। ਚਾਹ ਵੇਲੇ ਭਾਵੇਂ ਮੈਂ ਇਸ ਦੇ ਰੱਦ ਕਰਨ ਬਾਰੇ ਬਾਰੇ ਮਜ਼ਾਕ ਨਾਲ ਕੁਝ ਟਿੱਪਣੀਆਂ ਜ਼ਰੂਰ ਸੁਣਦੀ ਰਹੀ।

ਮੇਰੇ ਬਹੁਤ ਸਾਰੇ ਸਹਿਯੋਗੀ ਮਰਦ-ਆਪਣੀ ਛੁੱਟੀ ਦਾ ਸਮਾਂ ਨੇੜਲੇ ਖੋਖੇ ਤੇ ਕੱਟਦੇ ਸਨ ਜਿਸ ਦੇ ਦੁਆਲੇ ਵੱਡੇ ਵੱਡੇ ਰੁੱਖ ਤੇ ਹਰੀ ਸੰਘਣੀ ਘਾਹ ਸੀ। ਕਈ ਵਾਰੀ ਇਹ ਸਾਡੇ ਦਿਨ ਦਾ ਬੜਾ ਸਿਰਜਣਾਤਮਕ ਸਮਾਂ ਸਾਬਿਤ ਹੁੰਦਾ ਜਦੋਂ ਖਿੜ-ਖਿੜ ਹੱਸਦੇ ਹੋਏ ਵੀਡੀਓ ਚਿੱਤਰਣ ਅਤੇ ਖੋਜ ਪ੍ਰਾਜੈਕਟਾਂ ਬਾਰੇ ਨਵੇਂ ਵਿਚਾਰ ਆਉਂਦੇ, ਉਨ੍ਹਾਂ ਨੂੰ ਵਿਕਸਿਤ ਕੀਤਾ ਜਾਂਦਾ ਤੇ ਚਰਚਾ ਕੀਤੀ ਜਾਂਦੀ, ਦਸਤਾਵੇਜ ਸੰਗ੍ਰਹਿ ਲਈ ਪੇਸ਼ਕਾਰੀਆਂ ਦੀ ਯੋਜਨਾ ਬਣਾਈ ਜਾਂਦੀ ਅਤੇ ਸਾਥ ਟਿੱਕ ਲਏ ਜਾਂਦੇ। ਇਨ੍ਹਾਂ ਹੀ ਗੈਰ ਰਸਮੀ ਬੈਠਕਾਂ ਵਿਚ ਮੈਨੂੰ ਪਤਾ ਲੱਗਾ ਕਿ ਮੇਰਾ ਅਧਿਐਨ ਇਸ ਲਈ ਰੱਦ ਹੋਇਆ ਹੈ ਕਿਉਂਕਿ ਇਹ ਟਿਕਾਣੇ ਤੇ ਸੱਟ ਮਾਰਦਾ ਏ। ਅਫਸਰਸ਼ਾਹ ਪਸ਼ੋ ਪੇਸ਼ ਵਿਚ ਸਨ। ਮੈਂ ਮਾਸੂਮੀਅਤ ਨਾਲ ਪੁੱਛਿਆ, ''ਕਿਉਂ?''

''ਜਦੋਂ ਮੁਹੱਲੇ ਦੇ ਕਲਾਕਾਰ ਲੋਕ ਵਿਰਸੇ ਵਿਚ ਆਉਂਦੇ ਨੇ ਤਾਂ ਉਨ੍ਹਾਂ ਦੀ ਸ਼ਲਾਘਾ ਦੇ ਪੁਲ ਤਾਂ ਅਸਮਾਨ ਤੱਕ ਬੰਨ੍ਹ ਦਿੱਤੇ ਜਾਂਦੇ ਨੇ।''

ਜਦੋਂ ਲੋਕ ਵਿਰਸਾ 'ਪਾਕਿਸਤਾਨੀ ਸੰਗੀਤ ਦੇ ਉਸਤਾਦ' ਨਾਂ ਦੀ ਲੜੀ ਦੀ ਵੀਡੀਓ ਰਿਕਾਰਡਿੰਗ ਕਰ ਰਿਹਾ ਸੀ ਤਾਂ ਮੈਂ ਇਸ ਕੰਮ ਦਾ ਹਿੱਸਾ ਬਣਕੇ ਬੜੀ ਖੁਸ਼ ਸਾਂ, ਜਿਸ ਵਿਚ ਸੰਗੀਤਕਾਰਾਂ ਦੀਆਂ ਡੂੰਘੇਰੀਆਂ ਇੰਟਰਵਿਊਆਂ ਸ਼ਾਮਲ ਸਨ, ਕਿਉਂਕਿ ਇਸ ਨਾਲ ਉਨ੍ਹਾਂ ਦੀ ਕਲਾ, ਸਿਖਲਾਈ, ਪੇਸ਼ਕਾਰੀ, ਪਰਿਵਾਰਕ ਪਿਛੋਕੜ ਅਤੇ ਉਨ੍ਹਾਂ ਦੇ ਜੀਵਨ ਦੇ ਕਈ ਮਹੱਤਵਪੂਰਨ ਪਹਿਲੂਆਂ ਸਬੰਧੀ ਅਮੁੱਲ ਜਾਣਕਾਰੀ ਮਿਲਦੀ ਸੀ। ਇਨ੍ਹਾਂ ਇੰਟਰਵਿਊਆਂ ਰਾਹੀਂ ਹੀ ਮੈਂ ਜਾਣਿਆ ਕਿ ਬਹੁਤੇ ਸੰਗੀਤ ਉਸਤਾਦ ਕਿਸੇ ਨਾ ਕਿਸੇ ਰੂਪ ਵਿਚ ਸ਼ਾਹੀ ਮੁਹੱਲੇ ਨਾਲ ਜੁੜੇ ਹੋਏ ਸਨ। ਜੋ ਅਸੀਂ ਪਤਾ ਕਰ ਰਹੇ ਸਾਂ ਉਸ ਵਿਚ ਹੋਰ ਵਾਧਾ ਕਰਨ ਲਈ ਹੀ ਮੈਂ ਇਸ ਇਲਾਕੇ ਬਾਰੇ ਖੋਜ ਅਤੇ ਉੱਥੇ ਰਹਿੰਦੇ ਹੋਰ ਕਲਾਕਾਰਾਂ ਨਾਲ ਉਨ੍ਹਾਂ ਦੀ ਅੰਤਰਕਿਰਿਆ ਦਾ ਪਤਾ ਕਰਨਾ ਚਾਹੁੰਦੀ ਸਾਂ। ਜਿਸ ਗਾਇਕ ਜਾਂ ਸੰਗੀਤਕਾਰ ਨੂੰ ਰਿਕਾਰਡ ਕਰਨਾ ਹੁੰਦਾ ਲੋਕ ਵਿਰਸਾ ਉਸ ਲਈ ਇਕ ਚੰਗੀ ਖਰਚੀਲੀ ਸ਼ਾਮ ਦਾ ਆਯੋਜਨ ਕਰਦਾ। ਅਕਸਰ ਕਲਾਕਾਰ ਪੇਸ਼ਕਾਰੀ ਕਰਦੇ ਉਨ੍ਹਾਂ ਨੂੰ ਮਾਲਾਵਾਂ ਨਾਲ ਲੱਦ ਦਿੱਤਾ ਜਾਂਦਾ ਅਤੇ ਉਨ੍ਹਾਂ ਦੀ ਪਾਕਿਸਤਾਨੀ ਸੰਗੀਤ ਨੂੰ ਦੇਣ ਦੇ ਸੋਹਲੇ ਗਾਏ ਜਾਂਦੇ। ਇਸ ਸੰਸਥਾ ਵਿਚ ਆਉਣ ਤੋਂ ਪਹਿਲਾਂ ਮੈਂ ਕਈ ਅਜਿਹੇ ਜਸ਼ਨਾਂ ਵਿਚ ਸ਼ਰੀਕ ਹੋਈ ਸਾਂ।

ਹੁਣ ਉਸੇ ਸ਼ਾਹੀ ਮੁਹੱਲੇ ਦੇ ਜ਼ਿਕਰ ਤੋਂ ਅਫਸਰਸ਼ਾਹੀ ਦਾ ਤ੍ਰਾਹ ਨਿੱਕਲਦਾ ਹੈ ਜਿੱਥੇ ਇਨ੍ਹਾਂ ਵਿਚੋਂ ਬਹੁਤੇ ਕਲਾਕਾਰ ਪੈਦਾ ਹੋਏ ਜਾਂ ਸੰਵਰੇ ਹਨ। ਮੈਂ ਇਸ ਨਖਿੱਧ ਵਤੀਰੇ ਬਾਰੇ ਆਪਣੇ ਦੋਸਤਾਂ ਅਤੇ ਸਹਿਯੋਗੀਆਂ ਨਾਲ ਬਹਿਸ ਕੀਤੀ। ਉਸ ਥਾਂ ਨੂੰ ਮਾਨਤਾ ਕਿਉਂ ਨਾ ਮਿਲੇ ਜਿਸ ਨੇ ਅਜਿਹੇ ਕਲਾਕਾਰ ਪੈਦਾ ਕੀਤੇ ਨੇ? ਇਸ ਇਲਾਕੇ ਵਿਚ ਜੁੜੀਆਂ ਸਮਾਜਕ ਮਨਾਹੀਆਂ ਕੁਝ ਅਰਥ ਰੱਖਦੀਆਂ ਹਨ ਕਿਉਂਕਿ ਲੋਕ ਆਮ ਤੌਰ ਤੇ ਮੁਹੱਲੇ ਨੂੰ ਸੰਗੀਤ ਨਾਲੋਂ ਵੇਸਵਾਪੁਣੇ ਨਾਲ ਵਧੇਰੇ ਜੋੜਦੇ ਹਨ। ਪਰ ਮੈਂ ਜੋਰ ਦੇ ਕੇ ਕਿਹਾ ਕਿ ਇਕ ਸੱਭਿਆਚਾਰਕ ਸੰਸਥਾ ਜੋ ਸਾਰੇ ਪਾਕਿਸਤਾਨੀ ਕਲਾਕਾਰਾਂ ਦੇ ਵਿਰਸੇ ਦੀ ਸੰਭਾਲ ਲਈ ਕੰਮ ਕਰਦੀ ਹੈ ਅਤੇ ਰਵਾਇਤੀ ਸੰਗੀਤ ਨੂੰ ਉਤਸ਼ਾਹਤ ਕਰਦੀ ਹੈ, ਉਹ ਪਾਕਿਸਤਾਨ ਦੇ ਸ਼ਾਹੀ ਮੁਹੱਲਿਆਂ ਨੂੰ ਮਾਨਤਾ ਦੇਣ ਤੋਂ ਕਿਉਂ ਇਨਕਾਰੀ ਹੈ ਕਿ ਉਹ ਸੰਗੀਤਕਾਰ ਅਤੇ ਗੀਤਾਕਾਰ ਪੈਦਾ ਕਰਨ ਲਈ ਇਕ ਜ਼ਰਖੇਜ਼ ਥਾਂ ਹਨ? ਕੀ ਉਨ੍ਹਾਂ ਨੂੰ ਡਰ ਹੈ ਕਿ ਮੈਂ ਮੁਹੱਲੇ ਅਤੇ ਸਰਕਾਰ ਵਿਚਕਾਰ ਗੁਪਤ ਸਬੰਧਾਂ ਨੂੰ ਨੰਗੇ ਕਰ

ਦਿਆਂਗੀ? ਪਖੰਡ ਸਾਮ੍ਹਣੇ ਝੁਕਣ ਤੋਂ ਇਨਕਾਰ ਕਰਦੇ ਹੋਏ ਮੈਂ ਫੈਸਲਾ ਕੀਤਾ ਕਿ ਸੰਸਥਾ ਦੀ ਵਿੱਤੀ ਜਾਂ ਹੋਰ ਇਮਦਾਦ ਤੋਂ ਬਿਨਾਂ ਹੀ ਮੈਂ ਆਪਣੀ ਖੋਜ ਜਾਰੀ ਰੱਖਾਂਗੀ।

ਮੰਤਰਾਲੇ ਨੇ ਲੋਕ ਮੰਚ ਦੇ ਅਧਿਐਨ ਲਈ ਮੇਰੀ ਖੋਜ ਤਜਵੀਜ਼ ਨੂੰ ਪ੍ਰਵਾਨ ਕਰ ਲਿਆ ਸੀ ਇਸ ਲਈ ਮੈਂ ਆਪਣੀ ਖੋਜਰ ਲਾਹੌਰ ਵਿਖੇ ਸ਼ੁਰੂ ਕਰ ਦਿੱਤੀ, ਇਸਲਾਮਾਬਾਦ ਤੋਂ ਕਰੀਬ 300 ਕਿਲੋਮੀਟਰ ਦੂਰ। ਮੈਂ ਆਪਣੇ ਨਿਰਦੇਸ਼ਕ ਨੂੰ ਦੱਸਿਆ ਕਿ ਉੱਥੇ ਕੰਮ ਕਰਦੇ ਹੋਏ ਮੈਂ ਆਪਣੇ ਕੁਝ ਸੰਪਰਕ ਬਣਾਵਾਂਗੀ ਅਤੇ ਮੁਹੱਲੇ ਦੇ ਅਧਿਐਨ ਲਈ ਆਪਣੇ ਕੁਝ ਮੁਖਬਰਾਂ ਦੀ ਸ਼ਨਾਖ਼ਤ ਕਰਾਂਗੀ। ਠੋਸ ਵਿਅਕਤੀਗਤ ਆਧਾਰ 'ਤੇ ਮੈਂ ਉਹਨੂੰ ਦੱਸ ਦਿੱਤਾ ਕਿ ਮੇਰੀ ਯੋਜਨਾ ਇਸ ਖੋਜ ਨੂੰ ਬਾਦ ਵਿਚ ਕਰਨ ਦੀ ਹੈ।

ਲੋਕ ਮੰਚ ਵਿਚ ਔਰਤਾਂ ਬਾਰੇ ਅਧਿਐਨ ਕਰਨ ਲਈ ਥਾਂ ਤਿਆਰ ਕਰਨ ਲਈ ਮੈਂ ਛੋਟੀ ਜਿਹੀ ਯਾਤਰਾ ਤੇ ਨਿੱਕਲ ਪਈ। ਮੰਚ ਸੰਬੰਧੀ ਕੁੰਜੀਵਤ ਮੁਖਬਰਾਂ ਦੀ ਸ਼ਨਾਖ਼ਤ ਕਰਦਿਆਂ ਮੈਂ ਵੇਖਿਆ ਕਿ ਉਨ੍ਹਾਂ ਵਿੱਚੋਂ ਬਹੁਤੇ ਸ਼ਾਹੀ ਮੁਹੱਲੇ ਨਾਲ ਨੇੜਲਾ ਸਬੰਧ ਰੱਖਦੇ ਹਨ ਅਤੇ ਮੈਂ ਉਨ੍ਹਾਂ ਵਿੱਚੋਂ ਕਈਆਂ ਕੋਲ ਉੱਥੇ ਵੀ ਗਈ। ਇਕ ਦਿਨ ਲਾਹੌਰ ਤੋਂ ਮੁੜਨ ਦੇ ਛੇਤੀ ਮਗਰੋਂ ਮਸ਼ਹੂਰ ਅੰਗਰੇਜ਼ੀ ਅਖ਼ਬਾਰ ਪਾਕਿਸਤਾਨ ਆਬਜ਼ਰਬਰ ਦੇ ਪੱਤਰਕਾਰ ਮੇਰੇ ਦਫਤਰ ਆਏ। ਉਨ੍ਹਾਂ ਮੇਰੀ ਸ਼ਾਹੀ ਮੁਹੱਲੇ ਦੀ ਤਾਜ਼ਾ ਯਾਤਰਾ ਬਾਰੇ ਸੁਣਿਆ ਸੀ ਅਤੇ ਇਸੇ ਵਿਸ਼ੇ ਬਾਰੇ ਜਾਣਨ ਬਾਰੇ ਉਤਸੁਕ ਸਨ। ਉਨ੍ਹਾਂ ਨੇ ਮੈਨੂੰ ਸਵਾਲ ਕੀਤੇ ਅਤੇ ਮੈਂ ਖੁਸ਼ੀ ਨਾਲ ਜਵਾਬ ਦਿੱਤੇ ਪਰ ਮੈਂ ਇਹ ਗੱਲ ਭੁੱਲ ਗਈ ਸੀ ਕਿ ਅਫਸਰਸ਼ਾਹੀ ਨਾਲ ਕੰਮ ਕਰਦਿਆਂ ਪ੍ਰੈੱਸ ਨਾਲ ਖੁਲ੍ਹ ਕੇ ਸਿੱਧੀ-ਪੱਧਰੀ ਗੱਲ ਕਰਨੀ ਹੀ ਨਹੀਂ ਚਾਹੀਦੀ। ਹਰ ਗੱਲ ਇਸ ਤਰ੍ਹਾਂ ਗੋਲ-ਮੋਲ ਢੰਗ ਨਾਲ ਕਹਿਣੀ ਚਾਹੀਦੀ ਸੀ ਤਾਂ ਕਿ ਇਹ ਨਾ ਸਿਰਫ ਅਰਥਹੀਣ ਹੀ ਲੱਗੇ ਬਲਕਿ ਮੁੜਕੇ ਤੁਹਾਡੇ ਦੇ ਪੁੱਠੀ ਵੀ ਨਾ ਪਏ। ਹੋਰ ਤਾਂ ਹੋਰ, ਮੈਨੂੰ ਤਾਂ ਇਹ ਵੀ ਨਹੀਂ ਪਤਾ ਸੀ ਕਿ ਸਰਕਾਰੀ ਮੁਲਾਜ਼ਮਾਂ ਨੇ ਤਾਂ ਸਿੱਧੀ ਪੱਤਰਕਾਰਾਂ ਨਾਲ ਗੱਲ ਵੀ ਨਹੀਂ ਕਰਨੀ ਹੁੰਦੀ। ਮੈਨੂੰ ਪਹਿਲਾਂ ਆਪਣੇ ਸੀਨੀਅਰ ਸਹਿਯੋਗੀ ਨੂੰ ਦੱਸਣਾ ਚਾਹੀਦਾ ਸੀ। ਜਿਵੇਂ ਹੀ ਮੈਂ ਦੇਖਿਆ ਕਿ ਇਸ ਵਿਸ਼ੇ ਤੇ ਪੱਤਰਕਾਰ ਕਿਵੇਂ ਉਤੇਜਿਤ ਹਨ, ਮੈਂ ਉਨ੍ਹਾਂ ਨੂੰ ਦੱਸ ਦਿੱਤਾ ਕਿ ਮੁਹੱਲੇ ਦਾ ਅਧਿਐਨ ਲੋਕ ਵਿਰਸਾ ਪ੍ਰਾਜੈਕਟ ਦਾ ਸਰਕਾਰੀ ਕੰਮ ਨਹੀਂ ਹੈ। ਬਲਕਿ ਇਹ ਮੈਂ ਆਪਣੇ ਤੌਰ ਤੇ ਹੀ ਕਰ ਰਹੀ ਹਾਂ। ਉਹ ਫੌਰਨ ਵਿਅਕਤੀਗਤ ਰੂਪ ਵਿਚ ਮੇਰੀ ਇੰਟਰਵਿਊ ਲੈਣ ਲਈ ਤਿਆਰ ਹੋ ਗਏ ਅਤੇ ਮੈਂ ਤਸੱਲੀ ਨਾਲ ਇਕ ਕਸਬੀ ਖੋਜਕਾਰ ਵਾਂਗ ਆਪਣੀ ਇੰਟਰਵਿਊ ਦੇਣੀ ਜਾਰੀ ਰੱਖੀ।

ਅਗਲੇ ਦਿਨ ਜਦੋਂ ਮੈਂ ਘਰ ਹੀ ਸੀ ਤਾਂ ਮੇਰੇ ਅੱਬਾ ਆਪਣੇ ਹੱਥ ਵਿਚ ਫੜੇ ਅਖ਼ਬਾਰ ਨੂੰ ਵੇਖਦੇ ਮੇਰੇ ਕੋਲ ਆਏ। ਉਹ ਪ੍ਰੇਸ਼ਾਨ ਜਿਹੇ ਮੇਰੇ ਕੋਲ ਆਏ ਤੇ ਬੋਲੇ, ''ਮੇਰੀ ਬੇਟੀ! ਇਹ ਤੂੰ ਹੀ ਹੈਂ?'' ਅਖ਼ਬਾਰ ਤੇ ਨਿਗਾਹ ਮਾਰਦੇ ਹੋਏ ਮੈਂ ਵੇਖਿਆ ਕਿ ਮੇਰੀ ਵੱਡੀ ਸਾਰੀ ਫੋਟੋ ਦੇ ਹੇਠਾਂ ਪਹਿਲੇ ਪੰਨੇ ਤੇ ਵੱਡੀ ਸੁਰਖੀ ਲੱਗੀ ਹੋਈ ਸੀ: 'ਲਾਲ ਬੱਤੀ ਖੇਤਰ ਵਿੱਚ ਪੀ.ਐਚ.ਡੀ. ਕੁੜੀ'। ਇਸ ਕਿਸਮ ਦੀ ਚਰਚਾ ਤੋਂ ਮੈਨੂੰ ਧੱਕਾ ਵੱਜਿਆ। ਮੇਰੇ ਅੱਬੂ ਤਸਵੀਰ ਨੂੰ ਵਾਰ ਵਾਰ ਵੇਖ ਰਹੇ ਸਨ ਅਤੇ ਹਰ ਵਾਰੀ ਉਨ੍ਹਾਂ ਦੀਆਂ ਅੱਖਾਂ ਫੈਲ ਰਹੀਆਂ ਸਨ। ਮੈਂ ਸ਼ਰਮਾਉਂਦਿਆਂ ਹੱਸੀ ਅਤੇ ਸਿਰ ਹਿਲਾਇਆ, ''ਇਹ ਐਵੇਂ ਲੱਗਦਾ ਹੀ ਹੈ।' ਉਸਨੇ ਅਖ਼ਬਾਰ ਖੋਲ੍ਹਿਆ ਤਾਂ ਮੈਂ ਉਥੇ ਸਾਂ, ਮੇਰੇ ਵੱਖੋ ਵੱਖਰੇ ਪੋਜ਼ ਦਿੱਤੇ ਗਏ ਸਨ ਅਤੇ ਵੱਡੀਆਂ ਵੱਡੀਆਂ ਕੈਪਸ਼ਨਾਂ। ਲੇਖ ਨੇ ਪੂਰਾ ਪੰਨਾ ਲਿਆ

ਹੋਇਆ ਸੀ। ਸ਼ਾਇਦ ਹੀ ਕਿਸੇ ਪਾਠਕ ਨੇ ਇਹ ਛੱਡਿਆ ਹੋਵੇ।

ਮੈਂ ਫੌਰਨ ਦੌੜ ਕੇ ਅੰਮੀ ਕੋਲ ਗਈ ਤਾਂ ਕਿ ਉਸਨੂੰ ਖੁਦ ਵੇਖਕੇ ਸਦਮਾ ਲੱਗਣ ਤੋਂ ਪਹਿਲਾਂ ਹੀ ਮੈਂ ਉਸ ਨੂੰ ਸਭ ਕੁਝ ਆਪੀ ਦੱਸ ਦਿਆਂ। ਜਦੋਂ ਮੈਂ ਉਨ੍ਹਾਂ ਨੂੰ ਆਪਣੇ ਦਫਤਰ ਵਿਚ ਪੱਤਰਕਾਰਾਂ ਦੇ ਆਉਣ ਬਾਰੇ ਦੱਸਿਆ ਤਾਂ ਕਿਤੇ ਜਾ ਕੇ ਉਨ੍ਹਾਂ ਦੀ ਤਸੱਲੀ ਹੋਈ ਜਾਂ ਕਿ ਮੈਂ ਇੰਜ ਸਮਝਣਾ ਚਾਹੁੰਦੀ ਸਾਂ ਕਿ ਤਸੱਲੀ ਹੋ ਗਈ। ਪੂਰੀ ਉਦਾਰ ਹੋਣ ਕਰਕੇ ਉਨ੍ਹਾਂ ਨੂੰ ਮੇਰੇ ਕੋਲੋਂ ਅਜਿਹੀਆਂ ਪ੍ਰਚੰਡ ਗੱਲਾਂ ਦੀ ਆਸ ਰਹਿੰਦੀ ਸੀ।

ਉਸੇ ਸ਼ਾਮ ਆਪਣੇ ਮਾਪਿਆਂ ਨਾਲ ਲੰਮੀ ਗੱਲਬਾਤ ਤੋਂ ਮਗਰੋਂ ਮੈਂ ਸੰਸਥਾ ਦੇ ਪਖੰਡ ਬਾਰੇ ਆਪਣੀਆਂ ਭਾਵਨਾਵਾਂ ਉਨ੍ਹਾਂ ਨੂੰ ਦੱਸੀਆਂ। ਹਾਲਾਂਕਿ ਉਹ ਦੋਵੇਂ ਇਸ ਗੱਲ ਨਾਲ ਸਹਿਮਤ ਸਨ ਕਿ ਮੁਹੱਲੇ ਦਾ ਅਧਿਐਨ ਮਹੱਤਵ ਰੱਖਦਾ ਏ ਕਿਉਂਕਿ ਬਹੁਤੇ ਲੋਕ ਇਸ ਨੂੰ ਸਿਰਫ ਕਪੋਲ-ਕਲਪਨਾ ਅਤੇ ਲੋਕ-ਕਥਾਵਾਂ ਰਾਹੀਂ ਹੀ ਜਾਣਦੇ ਹਨ ਪਰ ਇਸ ਦੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਚਿੰਤਾ ਸੀ ਕਿ ਮੈਂ ਇਹ ਕਰਾਂਗੀ ਕਿਵੇਂ। ਉਨ੍ਹਾਂ ਦੇ ਅੰਦਰ ਇਹ ਕਪੋਲ-ਕਲਪਨਾ ਹੀ ਨਹੀਂ ਜੜੀ ਹੋਈ ਸੀ ਕਿ ਉੱਥੇ ਜਾਣ ਵਾਲੀ ਕਿਸੇ ਔਰਤ ਨੂੰ ਉਧਾਲ ਕੇ ਉਸ ਤੋਂ ਜ਼ਬਰੀ ਧੰਦਾ ਕਰਵਾਇਆ ਜਾ ਸਕਦਾ ਹੈ ਬਲਕਿ ਉਹ ਤਾਂ ਉਸ ਖੇਤਰ ਨਾਲ ਸਬੰਧਤ ਜਥੇਬੰਦ ਅਪਰਾਧ ਤੋਂ ਵੀ ਡਰੇ ਹੋਏ ਸਨ। ਪਰ ਉਨ੍ਹਾਂ ਨੂੰ ਕੀ ਪਤਾ ਸੀ ਮੇਰੇ ਉੱਥੇ ਜਾਣ ਦੀ ਬਹੁਤੀ ਪ੍ਰਤਿਕਿਰਿਆ ਦੱਲਿਆਂ ਜਾਂ ਗੁੰਡਿਆਂ ਵੱਲੋਂ ਨਹੀਂ ਹੋਣੀ ਸੀ, ਜਿਨ੍ਹਾਂ ਨੂੰ ਤਾਂ 'ਬੁਰੇ ਲੋਕ' ਗਰਦਾਨਿਆਂ ਹੀ ਹੋਇਆ ਹੈ, ਬਲਕਿ ਪਾਕਿਸਤਾਨੀ ਸਮਾਜ ਦੇ ਉਨ੍ਹਾਂ 'ਚੰਗੇ ਲੋਕਾਂ' ਵੱਲੋਂ ਹੋਣੀ ਸੀ, ਖਾਸ ਕਰਕੇ ਸਾਡੀ ਕੌਮੀ ਅਫ਼ਸਰਸ਼ਾਹੀ ਦੇ 'ਸੱਭਿਅ ਅਤੇ ਸ਼ਿਸ਼ਟ ਲੋਕਾਂ ਵੱਲੋਂ।

ਇਸ ਤੋਂ ਪਹਿਲਾਂ ਕਿ ਮੈਂ ਰਵਾਇਤੀ ਮੰਚ ਅਧਿਐਨ ਲਈ ਅੰਕੜੇ ਇਕੱਠ ਕਰਨਾ ਜਾਰੀ ਰੱਖਣ ਲਈ ਲਾਹੌਰ ਵਾਪਸ ਜਾਂਦੀ, ਮੈਨੂੰ ਪਤਾ ਲੱਗਾ ਕਿ ਅਖ਼ਬਾਰ ਦੇ ਲੇਖ ਨੇ ਅਫਸਰਸ਼ਾਹੀ ਦੇ ਗਲਿਆਰਿਆਂ ਵਿਚ ਤਹਿਲਕਾ ਹੀ ਮਚਾ ਛੱਡਿਆ ਹੈ। ਮੈਨੂੰ ਇਸ ਤੇ ਵੀ ਗੁੱਸਾ ਆਇਆ ਕਿ ਨਿਰਦੇਸ਼ਕ ਨੇ ਵੀ ਸਾਰਾ ਦੋਸ਼ ਮੇਰੇ ਉੱਤੇ ਮੜ੍ਹ ਦਿੱਤਾ। ਸੰਸਥਾ ਵਿਚ ਕਈ ਸਮਾਂਤਰ ਸਿਆਸੀ ਮੁੱਦੇ ਵੀ ਗਰਦਿਸ਼ ਵਿਚ ਸਨ। ਯੂਨੀਵਰਸਿਟੀ ਸਿੱਖਿਆ ਦੇ ਅੱਠ ਸਾਲ ਪੂਰੇ ਕਰਕੇ ਮੈਂ ਪਿੱਛੇ ਜਿਹੇ ਹੀ ਅਮਰੀਕਾ ਤੋਂ ਆਈ ਸਾਂ, ਇਹ ਮੇਰੀ ਪਹਿਲੀ ਨੌਕਰੀ ਸੀ ਅਤੇ ਕੌਮੀ ਅਫਸਰਸ਼ਾਹੀ ਨਾਲ ਮੇਰਾ ਪਹਿਲਾ ਟਕਰਾਉ। ਮੇਰੇ ਕੰਮਾਂ ਦੇ ਸਿਆਸੀ ਉਲਝਾਵਾਂ ਬਾਰੇ ਮੈਨੂੰ ਕੁਝ ਪਤਾ ਨਹੀਂ ਸੀ। ਮੈਂ ਤਾਂ ਇਹੀ ਜਾਣਦੀ ਸਾਂ ਕਿ ਮੈਂ ਆਪਣਾ ਕੰਮ ਵਿਅਕਤੀਗਤ ਆਧਾਰ ਤੇ ਜਾਰੀ ਰੱਖ ਰਹੀ ਸਾਂ ਅਤੇ ਮੈਨੂੰ ਕਿਸੇ ਨੇ ਰੋਕਿਆ ਵੀ ਨਹੀਂ ਸੀ।

ਹਾਲਤ ਨੂੰ ਨਾ ਸਮਝਦੇ ਹੋਏ ਅਤੇ ਇਸ ਕੰਮ ਨੂੰ ਇਕ ਵਧੀਆ ਤੇ ਨਵੀਂ ਚੀਜ਼ ਸਮਝਣ ਦੇ ਭੁਲੇਖੇ ਵਿਚ ਫਸੀ ਮੈਂ ਲੋਕ ਮੰਚ ਦੀ ਖੋਜ ਦੀ ਆਪਣੀ ਦੂਜੀ ਯਾਤਰਾ ਤੇ ਚਲੀ ਗਈ। ਮੈਂ ਇਸ ਦੇ ਹਫਤਿਆਂ ਦੀ ਯਾਤਰਾ ਦੌਰਾਨ ਲਾਹੌਰ ਵਿਚ ਕਈ ਮੰਚ ਕਲਾਕਾਰਾਂ ਨੂੰ ਮਿਲਣਾ ਸੀ ਅਤੇ ਮੈਨੂੰ ਪੰਜਾਬ ਦੇ ਕੁਝ ਬਹੁਤ ਦੁਰਾਡੇ ਪਿੰਡਾਂ ਵਿਚ ਸ਼ਹਿਰੋਂ ਬਾਹਰ ਵੀ ਜਾਣਾ ਪੈਣਾ ਸੀ, ਕਿਉਂਕਿ ਕੁਝ ਬਚੀਆਂ ਹੋਈਆਂ ਲੋਕ ਮੰਚ ਕੰਪਨੀਆਂ ਦਾ ਪਿੱਛਾ ਕਰਨਾ ਸੀ ਜੋ ਥਾਂ-ਥਾਂ ਘੁੰਮਦੀਆਂ ਰਹਿੰਦੀਆਂ ਹਨ। ਅਸਲ ਲੋਕ ਮੰਚ ਪੇਸ਼ਕਾਰੀਆਂ ਰਾਤ ਨੂੰ ਨੌਂ ਵਜੇ ਦੇ ਕਰੀਬ ਸ਼ੁਰੂ ਹੁੰਦੀਆਂ ਹਨ ਅਤੇ ਸਵੇਰੇ ਛੇ ਵਜੇ ਤੱਕ ਚੱਲਦੀਆਂ ਹਨ। ਇਹ ਪੇਸ਼ਕਾਰੀਆਂ ਮੇਲਿਆਂ ਅਤੇ ਮੰਡੀਆਂ ਵਿਚ ਹੁੰਦੀਆਂ ਹਨ

ਇਸ ਲਈ ਨੇੜਲੇ ਪਿੰਡਾਂ ਤੋਂ ਆਏ ਲੋਕਾਂ ਲਈ ਵਿਸ਼ੇਸ਼ ਖਿੱਚ ਰੱਖਦੀਆਂ ਹਨ। ਕਿਉਂਕਿ ਇਹ ਸਾਰੀ ਰਾਤ ਚੱਲਦੀਆਂ ਹਨ ਇਸ ਲਈ ਇਹ ਅਜਿਹੀਆਂ ਥਾਵਾਂ ਤੇ ਹੁੰਦੀਆਂ ਹਨ ਜਿੱਥੇ ਲੋਕ ਪਿੰਡ ਵਾਪਸ ਪਰਤਣ ਤੋਂ ਪਹਿਲਾਂ ਰੁਕ ਸਕਣ।

ਇਸ ਖੋਜ ਯਾਤਰਾ ਦੌਰਾਨ, ਮੈਨੂੰ ਇਹ ਵੀ ਪਤਾ ਲੱਗਾ ਕਿ ਮੰਚ ਕੰਪਨੀਆਂ ਸ਼ਾਹੀ ਮੁਹੱਲੇ ਤੋਂ ਵੀ ਔਰਤਾਂ ਭਾੜੇ ਤੇ ਲੈਂਦੀਆਂ ਹਨ ਕਿਉਂਕਿ ਔਰਤ ਪੇਸ਼ਕਾਰਾਂ ਦੀ ਸਦਾ ਕਮੀ ਰਹਿੰਦੀ ਏ। ਪਿਛਲੇ ਕੁਝ ਸਮੇਂ ਤੋਂ ਦਰਸ਼ਕਾਂ ਵਿਚ ਕਮੀ ਆਉਣ ਕਾਰਨ ਕੰਪਨਿਆਂ ਲੋਕਾ ਨੂੰ ਖਿੱਚਣ ਵਾਸਤੇ ਨਾਟਕ ਵਿਚਕਾਰ ਵਿਸ਼ਰਾਮ ਦੌਰਾਨ ਨਾਚ ਪੇਸ਼ ਕਰਨ ਲਈ ਵਿਭਿੰਨ ਲਾਲ ਬੱਤੀ ਖੇਤਰਾਂ ਦੀਆਂ ਨਾਚੀਆਂ ਨੂੰ ਵਰਤਦੇ ਹਨ।

ਜਦੋਂ ਮੈਂ ਇਸਲਾਮਾਬਾਦ ਪਰਤੀ ਤਾਂ ਮੈਨੂੰ ਪਤਾ ਲੱਗਾ ਕਿ ਸ਼ਾਹੀ ਮੁਹੱਲੇ ਦੇ ਅਧਿਐਨ ਵਿਚ ਮੇਰੀ ਦਿਲਚਸਪੀ ਕਾਰਨ ਮੇਰੇ ਸੀਨੀਅਰਾਂ ਨੇ ਮੇਰੇ ਉਤੇ ਪੂਰਨ ਦੁਰਵਿਵਹਾਰ ਦਾ ਰਸਮੀ ਦੋਸ਼ ਮੜ੍ਹ ਦਿੱਤਾ ਹੈ। ਇਕ ਵਿਸਤ੍ਰਿਤ ਕੇਸ ਤਿਆਰ ਕੀਤਾ ਗਿਆ ਤਾਂ ਕਿ ਮੈਨੂੰ ਨੌਕਰੀ ਤੋਂ ਕੱਢਿਆ ਜਾ ਸਕੇ ਅਤੇ ਮੇਰੇ ਤੇ ਦੋਸ਼ ਲਾਇਆ ਗਿਆ ਕਿ ਮੈਂ ਉਸ ਖੋਜ ਪ੍ਰਾਜੈਕਟ ਉੱਤੇ ਸਰਕਾਰੀ ਪੈਸੇ ਦੀ ਦੁਰਵਰਤੋਂ ਕਰ ਰਹੀ ਹਾਂ ਜੋ ਪ੍ਰਵਾਨ ਹੀ ਨਹੀਂ ਕੀਤਾ ਗਿਆ। ਮੈਨੂੰ ਬੜੀ ਹੈਰਾਨੀ ਹੋਈ ਕਿਉਂਕਿ ਦੋਵੇਂ ਵਾਰੀ ਦੀ ਯਾਤਰਾ ਲਈ ਮੇਰੀ ਫਾਈਲ ਵਿਚ ਪ੍ਰਵਾਨਗੀ ਮੌਜੂਦ ਸੀ ਲੱਗਦਾ ਸੀ ਕੁਝ ਸੀਨੀਅਰ ਅਫਸਰਾਂ ਨੇ ਅਬਜ਼ਰਬਰ ਦਾ ਲੇਖ ਪੜ੍ਹ ਲਿਆ ਸੀ ਅਤੇ ਅਜਿਹੀ ਵੱਡੀ ਹਿਮਾਕਤ ਲਈ ਉਹ ਸੱਭਿਆਚਾਰ ਮੰਤਰਾਲੇ ਦੇ ਸਕੱਤਰ ਨੂੰ ਦੋਸ਼ੀ ਕਰਾਰ ਦੇ ਰਹੇ ਸਨ। ਬਾਦ ਵਿਚ ਆਪਣੀ ਖੋਜ ਵਿਚ ਮੈਂ ਵੇਖਿਆ ਕਿ ਬਹੁਤ ਸਾਰੇ ਸਿਆਸਤਦਾਨਾਂ ਅਤੇ ਸੀਨੀਅਰ ਸਰਕਾਰੀ ਅਫਸਰਾਂ ਦੇ ਮੁਹੱਲੇ ਦੇ ਕਾਰੋਬਾਰ ਨਾਲ ਮਜ਼ਬੂਤ ਸਬੰਧ ਸਨ ਪਰ ਉਸ ਵੇਲੇ ਮੈਨੂੰ ਇਸ ਸਬੰਧ ਦਾ ਪਤਾ ਨਹੀਂ ਸੀ। ਸਕੱਤਰ ਖਵਾਜ਼ਾ ਸ਼ਾਹਿਦ ਹੁਸੈਨ ਨੇ ਉਲਟ ਕੇ ਅਕਸੀ ਮੁਫਤੀ ਉੱਤੇ ਦੋਸ਼ ਮੜ੍ਹ ਦਿੱਤਾ ਜਿਸ ਨੇ ਅਫਸਰਸ਼ਾਹੀ ਦੇ ਆਕਾਵਾਂ ਨੂੰ ਭੇਂਟ ਕਰਨ ਲਈ ਫੁਰਤੀ ਨਾਲ ਮੇਰਾ ਸਿਰ ਪੇਸ਼ ਕਰ ਦਿੱਤਾ। ਇਸ ਸੰਸਥਾ ਵਿਚ ਮੈਂ ਪਿਛਲੇ ਡੇਢ ਸਾਲ ਤੋਂ ਹੀ ਕੰਮ ਕਰ ਰਹੀ ਸੀ ਇਸ ਲਈ ਮੈਥੋਂ ਖਹਿੜਾ ਛੁਡਾਉਣ ਨਾਲ ਕੋਈ ਫਰਕ ਨਹੀਂ ਪੈਣਾ ਸੀ।

ਐਪਰ, ਕਾਗਜ਼ੀ ਕਾਰਵਾਈ ਪੂਰੀ ਕਰਨ ਤੋਂ ਬਿਨਾਂ ਸਰਕਾਰੀ ਮੁਲਾਜ਼ਮ ਨੂੰ ਕੱਢਣਾ ਸੌਖਾ ਨਹੀਂ। ਮੈਥੋਂ ਖਹਿੜਾ ਛੁਡਾਉਣ ਲਈ ਮੇਰੀਆਂ ਨਿੱਜੀ ਫਾਈਲਾਂ ਵਿਚ ਝੂਠੇ ਪੱਤਰ ਲਾਏ ਗਏ। ਆਮ ਪ੍ਰਕਿਰਿਆ ਹੈ ਕਿ ਨਵੇਂ ਮੁਲਾਜ਼ਮ ਨੂੰ ਪੱਕਾ ਹੋਣ ਤੋਂ ਪਹਿਲਾਂ ਛੇ ਮਹੀਨੇ ਪ੍ਰੋਬੇਸ਼ਨ ਤੇ ਰਹਿਣਾ ਪੈਂਦਾ ਹੈ। ਦੋ ਪੱਤਰ ਇਸ ਤਰ੍ਹਾਂ ਦੇ ਲਾਏ ਗਏ ਕਿ ਮੇਰਾ ਪ੍ਰੋਬੇਸ਼ਨ ਅਰਸਾ ਦੋ ਵਾਰੀ ਵਧਾਇਆ ਗਿਆ ਜੋ ਕਿ ਕੁੱਲ ਅਠਾਰਾਂ ਮਹੀਨੇ ਬਣਾ ਲਿਆ ਗਿਆ। ਇਸ ਤਰ੍ਹਾਂ ਕਾਰਜਕਾਰੀ ਨਿਰਦੇਸ਼ਕ ਹੁਣ ਕਹਿ ਸਕਦਾ ਸੀ ਕਿ ਡੇਢ ਸਾਲ ਬਾਦ ਵੀ ਮੈਂ ਅਜੇ ਪ੍ਰੋਬੇਸ਼ਨ ਤੇ ਹਾਂ ਇਸ ਲਈ ਮੈਨੂੰ ਕੱਢਣ ਲਈ ਕਿਸੇ ਪੜਤਾਲ ਜਾਂ ਲੋੜੀਂਦੀ ਕਾਗਜ਼ੀ ਕਾਰਵਾਈ ਦੀ ਲੋੜ ਨਹੀਂ।

ਇਸ ਹੇਰਾਫੇਰੀ ਨੇ ਅਸਲੋਂ ਹੀ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ। ਮੈਂ ਖੁਦ ਨੂੰ ਕਿਹਾ, ਹਕੀਕੀ ਸੰਸਾਰ ਵਿਚ ਸਵਾਗਤ ਹੈ, ਪਰ ਫੇਰ ਵੀ ਮੇਰੇ ਅੰਦਰੋਂ ਕੁਝ ਇਹ ਵਿਸ਼ਵਾਸ ਕਰਨ ਨੂੰ ਤਿਆਰ ਨਹੀਂ ਸੀ ਕਿ ਇੰਜ ਵਾਪਰ ਸਕਦਾ ਹੈ। ਮੈਂ ਇਸੇ ਆਸ ਨੂੰ ਚੰਬੜੀ ਰਹੀ ਕਿ ਅਜਿਹੀਆਂ ਘਟੀਆ ਤਰਕੀਬਾਂ ਨਾਲ ਕੁਝ ਨਹੀਂ ਹੋ ਸਕਦਾ, ਖਾਸ ਕਰਕੇ ਸਰਕਾਰ ਅੰਦਰ। ਮੈਂ ਸੋਚਿਆ ਕਿ

ਜਦੋਂ ਸੀਨੀਅਰ ਅਫਸਰਾਂ ਨੂੰ ਪਤਾ ਲੱਗਾ ਕਿ ਮੈਂ ਤਾਂ ਦਰਅਸਲ ਦੂਜਾ ਪ੍ਰਵਾਣਤ ਅਧਿਐਨ ਕਰ ਰਹੀ ਸਾਂ ਤਾਂ ਗਲਤਫਹਿਮੀਆਂ ਆਪੀ ਦੂਰ ਹੋ ਜਾਣਗੀਆਂ। ਮੈਂ ਅਜੇ ਵੀ ਇਸੇ ਖੁਸ਼ਫਹਿਮੀ ਵਿਚ ਸਾਂ ਪਰ ਨਹੀਂ ਜਾਣਦੀ ਸਾਂ ਕਿ ਗਲਤਫਹਿਮੀਆਂ ਤਾਂ ਕੋਈ ਹਨ ਹੀ ਨਹੀਂ, ਬਲਕਿ ਸਭ ਕੁਝ ਝੂਠ ਦਾ ਪੁਲੰਦਾ ਤਿਆਰ ਕੀਤਾ ਗਿਆ ਹੈ। ਇਹ ਸਾਰਾ ਕੁਝ ਇਸ ਲਈ ਸੀ ਕਿਉਂਕਿ ਸ਼ਾਹੀ ਮੁਹੱਲੇ ਦੇ ਜ਼ਿਕਰ ਨੇ ਬੇੜੀ ਡੋਬ ਦਿੱਤੀ ਸੀ ਅਤੇ ਰੁਤਬੇ ਦੀ ਤਰਤੀਬ ਵਿਚ ਹਰੇਕ ਨੂੰ ਆਪਣੀ ਨੌਕਰੀ ਦਾ ਖਤਰਾ ਪਿਆ ਹੋਇਆ ਏ।

ਮੇਰੀ ਫਾਈਲ ਵਿਚ ਰੱਖੇ ਜਾਅਲੀ ਪੱਤਰਾਂ ਦੀ ਬਿਨਾਹ 'ਤੇ ਮੇਰਾ ਕਾਰਜਕਾਰੀ ਡਾਇਰੈਕਟਰ ਬੜੀ ਸੌਖ ਨਾਲ ਮੈਨੂੰ ਨੌਕਰੀ ਤੋਂ ਕੱਢਣ ਦਾ ਆਦੇਸ਼ ਫੜਾ ਸਕਦਾ ਸੀ ਪਰ ਇਕ ਪੱਕੇ ਅਫਸਰਸ਼ਾਹ ਵਾਂਗ ਉਹ ਆਪਣੀ ਬੇਨਿਯਮੀ ਨੂੰ ਪਰਦੇ ਵਿਚ ਰੱਖਣਾ ਚਾਹੁੰਦਾ ਸੀ। ਇਸੇ ਲਈ ਉਹਨੇ ਸਕੱਤਰ ਨਾਲ ਮੇਰੀ ਇਕ ਮੀਟਿੰਗ ਰੱਖੀ। ਜਿਵੇਂ ਮੈਨੂੰ ਬਾਦ ਵਿਚ ਪਤਾ ਲੱਗਾ, ਇਹ ਇਕ ਨਿਰੀ ਦਿਖਾਵਟੀ ਮੀਟਿੰਗ ਸੀ, ਕਿਉਂਕਿ ਫੈਸਲਾ ਤਾਂ ਪਹਿਲਾਂ ਹੀ ਲਿਆ ਜਾ ਚੁੱਕਾ ਸੀ। ਮੈਨੂੰ ਲੋਕ ਵਿਰਸੇ ਦੇ ਖੋਜ ਫੰਡਾਂ ਨੂੰ ਉਸ ਅਧਿਐਨ ਤੇ ਵਰਤਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ ਜਿਸ ਨੂੰ ਮੰਤਰਾਲੇ ਨੇ ਨਾਮਨਜ਼ੂਰ ਕਰ ਦਿੱਤਾ ਸੀ, ਇਸ ਲਈ ਮੇਰੀ ਨੌਕਰੀ ਖਤਮ ਕਰ ਦੇਣੀ ਚਾਹੀਦੀ ਸੀ। ਅਸਲ ਵਿਚ, ਜੋ ਪੰਜ ਕੁ ਹਜ਼ਾਰ ਰੁਪਿਆ ਮੈਂ ਸਫਰ ਪੇਸ਼ਗੀ ਦੇ ਤੌਰ ਤੇ ਲੋਕ ਮੰਚ ਅਧਿਐਨ ਲਈ ਪਿੰਡਾਂ ਵਿਚ ਸਫਰ ਤੇ ਖਰਚ ਕੀਤਾ ਸੀ ਉਹ ਮੇਰੀ ਤਨਖਾਹ ਵਿਚੋਂ ਕੱਟ ਲਿਆ ਗਿਆ ਸੀ, ਬਿਨਾਂ ਕਿਸੇ ਨੋਟਿਸ ਦੇ, ਉਸ ਤੋਂ ਫੌਰਨ ਬਾਦ ਜਦੋਂ ਮੈਂ ਲਾਹੌਰ ਤੋਂ ਵਾਪਸ ਪਰਤੀ ਸਾਂ, ਪਰ ਨੁਕਤਾ ਇਹ ਨਹੀਂ ਸੀ।

ਇਨ੍ਹਾਂ ਸਾਰੇ ਵਿਚਾਰਾਂ ਨੂੰ ਆਪਣੇ ਦਿਮਾਗ ਵਿਚ ਲਈ ਮੈਂ ਸਕੱਤਰ ਦੇ ਦਫਤਰ ਦੀਆਂ ਪੌੜੀਆਂ ਚੜ੍ਹ ਰਹੀ ਸੀ ਅਤੇ ਪੂਰਾ ਨਿਸ਼ਚਾ ਕੀਤਾ ਹੋਇਆ ਸੀ ਕਿ ਮੈਂ ਇਹ ਸਾਰੀ ਗੱਲ ਉਸਨੂੰ ਸਪਸ਼ਟ ਕਰਾਂਗੀ। ਮੈਂ ਆਪਣੇ ਨਾਲ ਫੀਲਡ ਨੋਟਸ, ਤਸਵੀਰਾਂ ਅਤੇ ਮੰਚ ਅਦਾਕਾਰਾਂ, ਮਨੇਜਰਾਂ ਅਤੇ ਡਾਇਰੈਕਟਰਾਂ ਦੇ ਸਾਰੇ ਪੰਜਾਬ ਵਿਚ ਕੀਤੇ ਇੰਟਰਵਿਊਆਂ ਦੀਆਂ ਟੇਪਾਂ ਵੀ ਲੈ ਕੇ ਆਈ ਸਾਂ ਅਤੇ ਨਾਲ ਹੀ ਇਨ੍ਹਾਂ ਬਾਰੇ ਆਪਣਾ ਕੱਚਾ ਵਿਸ਼ਲੇਸ਼ਣ ਵੀ। ਇੰਨਾਂ ਭਾਰ ਚੁੱਕ ਕੇ ਪੌੜੀਆਂ ਚੜ੍ਹਨਾ ਮੁਸ਼ਕਲ ਹੋ ਰਿਹਾ ਸੀ। ਤਿੰਨ ਮੰਜ਼ਿਲਾਂ ਚੜ੍ਹਨ ਤੋਂ ਬਾਦ ਮੈਂ ਆਖਰ ਸਕੱਤਰ ਦੇ ਦਫਤਰ ਦੇ ਬੂਹੇ ਮੂਹਰੇ ਪੁੱਜ ਗਈ। ਇਸ ਨੂੰ ਖੋਲ੍ਹਿਆ ਤਾਂ ਮੈਂ ਖੁਦ ਨੂੰ ਇਕ ਨਿੱਕੇ ਜਿਹੇ ਉੱਧੜ ਗੁੱਧੜੇ ਕਮਰੇ ਵਿਚ ਪਾਇਆ ਜੋ ਸਕੱਤਰ ਦੇ ਪੀ. ਏ. ਅਤੇ ਕਲਰਕਾਂ ਨਾਲ ਭਰਿਆ ਹੋਇਆ ਸੀ।

ਮੈਨੂੰ ਬੈਠ ਕੇ ਇੰਤਜ਼ਾਰ ਕਰਨ ਲਈ ਕਿਹਾ ਗਿਆ। ਮੈਨੂੰ ਇੰਨੀ ਦੇਰ ਇੰਤਜ਼ਾਰ ਕਰਨਾ ਪਿਆ ਕਿ ਮੈਨੂੰ ਦਿਖਾਵਟੀ ਮੀਟਿੰਗ ਦੀ ਵੀ ਆਸ ਨਾ ਰਹੀ। ਕਮਰੇ ਦੀਆਂ ਕੰਧਾਂ ਤੇ ਇਕ ਕਲੰਡਰ, ਇਕ ਘੜੀ ਤੇ ਨੋਟਿਸ ਬੋਰਡ ਤੇ ਕੁਝ ਮੀਮੋ ਹੀ ਲੱਗੇ ਵਿਖਾਏ ਦੇ ਰਹੇ ਸਨ। ਉਨ੍ਹਾਂ ਨੂੰ ਵਾਰ-ਵਾਰ ਵੇਖਕੇ ਮੈਂ ਅੱਕ ਜਿਹੀ ਗਈ। ਲੋਕਾਂ ਤੋਂ ਇੰਤਜ਼ਾਰ ਕਰਵਾਉਣਾ ਅਫਸਰਸ਼ਾਹਾਂ ਲਈ ਉਨ੍ਹਾਂ ਦੀ ਅਸਲੀ ਹੈਸੀਅਤ ਬਾਰੇ ਚੇਤਾਉਣਾ ਸੀ।

ਘੰਟੇ ਤੋਂ ਵੀ ਵੱਧ ਬੀਤਣ ਤੇ ਮੈਨੂੰ ਆਖਰ ਅੰਦਰ ਸੱਦਿਆ ਗਿਆ। ਪਰਲੇ ਸਿਰੇ ਤੇ ਇਕ ਵੱਡਾ ਸਾਰਾ ਮੇਜ਼ ਅਤੇ ਪਿੱਛੇ ਇਕ ਵੱਡੀ ਸਾਰੀ ਕੁਰਸੀ ਪਈ ਸੀ। ਵੱਡਾ-ਖੁੱਲ੍ਹਾ ਦਫਤਰ ਖੁਦ ਹੀ ਆਪਣੇ ਮਹੱਤਵ ਦਾ ਪ੍ਰਗਟਾਵਾ ਸੀ। ਇੰਨੇ ਵੱਡੇ ਮੇਜ਼ ਦਾ ਮੁੱਖ ਮੰਤਵ ਸਿਰਫ਼ ਸਕੱਤਰ ਅਤੇ

ਆਉਣ ਵਾਲੇ ਵਿਚਕਾਰ ਦੂਰੀ ਰੱਖਣਾ ਹੀ ਸੀ। ਮੈਂ ਕਮਰੇ ਵਿਚ ਦੋ ਹੋਰ ਬੰਦਿਆਂ ਨੂੰ ਵੇਖਕੇ ਹੈਰਾਨ ਹੋ ਗਈ। ਉਨ੍ਹਾਂ ਕੋਲ ਵੀ ਕੁਝ ਫਾਈਲਾਂ ਸਨ ਅਤੇ ਸਕੱਤਰ ਉਨ੍ਹਾਂ ਵਿਚੋਂ ਇਕ ਨਾਲ ਗੱਲਬਾਤ ਵਿਚ ਰੁੱਝਿਆ ਹੋਇਆ ਸੀ ਜੋ ਵਿੱਤੀ ਮਨਜ਼ੂਰੀ ਲਈ ਦਲੀਲ ਦੇ ਰਿਹਾ ਸੀ। ਦਲੀਲ ਦੇਣ ਵਾਲਾ ਬੰਦਾ ਵਾਰ-ਵਾਰ ਜੀ ਜਨਾਬ! ਜੀ ਜਨਾਬ! ਆਖੀ ਜਾ ਰਿਹਾ ਸੀ।

ਮੇਰੇ ਵੱਲ ਵੇਖ ਕੇ ਸਕੱਤਰ ਨੇ ਤਿੱਖੀ ਜਿਹੀ ਆਵਾਜ਼ ਵਿਚ ਕਿਹਾ, 'ਬੈਠ ਜਾ, ਬੀਬੀ।''

ਮੈਂ ਖੁਦ ਨੂੰ ਸਮਝਾਇਆ ਕਿ ਜੇ ਦੂਜੇ ਬੰਦੇ ਵੀ ਕਮਰੇ ਵਿਚ ਹੀ ਰਹੇ ਤਾਂ ਮੈਂ ਖੁਲ੍ਹ ਕੇ ਸਾਫ ਸਪਸ਼ਟ ਰੂਪ ਵਿਚ ਗੱਲ ਕਰਾਂਗੀ। ਮੈਂ ਕਾਗਜ਼ਾਂ ਦਾ ਥੱਬਾ ਸਕੱਤਰ ਦੀ ਮੇਜ਼ ਤੇ ਰੱਖ ਦਿੱਤਾ ਅਤੇ ਉਸ ਦੇ ਉਪਰ ਫੀਲਡ ਵਿਚੋਂ ਲਿਆਂਦੀਆਂ ਤਸਵੀਰਾਂ ਅਤੇ ਆਡੀਓਟੇਪਾਂ ਦਾ ਬੰਡਲ ਰੱਖ ਦਿੱਤਾ। ਆਖਰਕਾਰ ਉਹ ਮੇਰੇ ਵੱਲ ਮੁੜਿਆ ਤੇ ਬੋਲਿਆ, ''ਹਾਂ'', ਤੇ ਮੈਂ ਛੇਤੀ-ਛੇਤੀ ਸ਼ੁਰੂ ਹੋ ਗਈ। ''ਮੈਂ ਕਿੱਤਾ ਮਾਹਿਰ ਹਾਂ ਕੋਈ ਅਫਸਰਸ਼ਾਹ ਨਹੀਂ। ਮੈਂ ਚਾਹੁੰਦੀ ਹਾਂ ਕਿ ਮੇਰਾ ਕੰਮ ਹੀ ਖੁਦ ਬੋਲੇ।''

ਮੈਂ ਉਹਨੂੰ ਦੱਸਿਆ ਕਿ ਮੈਂ ਲਾਹੌਰ ਵਿਚ ਜੋ ਕੰਮ ਕੀਤਾ ਹੈ ਉਹ ਵਿਖਾ ਸਕਦੀ ਹਾਂ ਅਤੇ ਇਹ ਕਿ ਮੈਂ ਲੋਕ ਮੰਚ ਵਿਚ ਔਰਤਾਂ ਉੱਤੇ ਕਿਤਾਬ ਲਿਖਣੀ ਹੈ। ਉਸ ਨੂੰ ਲੋਕ ਮੰਚ ਦੇ ਮੇਰੇ ਅਧਿਐਨ ਬਾਰੇ ਕਿਸੇ ਨੇ ਕੁਝ ਨਹੀਂ ਦੱਸਿਆ ਸੀ। ਉਹਨੂੰ ਤਾਂ ਸਿਰਫ ਇਹੀ ਦੱਸਿਆ ਗਿਆ ਸੀ ਕਿ ਮੈਂ ਕਾਰਜਕਾਰੀ ਨਿਰਦੇਸ਼ਕ ਦੇ ਹੁਕਮਾਂ ਦੇ ਉਲਟ ਸ਼ਾਹੀ ਮੁਹੱਲੇ ਦਾ ਅਧਿਐਨ ਕਰਨ ਗਈ ਸਾਂ। ਮੈਂ ਉਸਨੂੰ ਸਰਕਾਰੀ ਫਾਈਲਾਂ ਉੱਤੇ ਇਸ ਸਫਰ ਤੇ ਜਾਣ ਦੀ ਪ੍ਰਵਾਨਗੀ ਅਤੇ ਲੋਕ ਮੰਚ ਉੱਤੇ ਕੰਮ ਕਰਨ ਲਈ ਪੇਸ਼ਗੀ ਦੀ ਪ੍ਰਵਾਨਗੀ ਵਿਖਾਈ। ਉਹ ਉਲਝ ਗਿਆ, ਪਰ ਕਿਉਂਕਿ ਇਹ ਇਕ ਦਿਖਾਵਟੀ ਮੀਟਿੰਗ ਸੀ, ਉਹ ਅਸਲ ਵਿਚ ਮੈਨੂੰ ਸੁਣਨਾ ਹੀ ਨਹੀਂ ਚਾਹੁੰਦਾ ਸੀ।

ਜੋ ਕੁਝ ਮੈਂ ਲਿਆਈ ਸਾਂ ਉਸ ਤੇ ਉਹ ਬੜਾ ਹੈਰਾਨ ਸੀ ਪਰ ਅਸਲ ਮੁੱਦੇ ਤੇ ਜਾਣ ਵਿਚ ਉਹਨੇ ਪੂਰੀ ਅਰੁਚੀ ਹੀ ਪ੍ਰਗਟਾਈ। ਉਹ ਮੇਰੇ ਹਰ ਦੂਜੇ ਵਾਕ ਤੇ ਮੈਨੂੰ ਟੋਕ ਦਿੰਦਾ ਅਤੇ ਫੇਰ ਅਚਾਨਕ ਉਹਨੇ ਮੈਨੂੰ ਜਾਣ ਲਈ ਆਖਿਆ। ਮੇਰੇ ਇਹ ਪੁੱਛਣ ਤੇ ਕਿ ਕੀ ਮੈਂ ਵੇਖਣ ਲਈ ਆਪਣਾ ਕੰਮ ਛੱਡ ਜਾਵਾਂ ਤਾਂ ਉਹਨੇ ਤੁਰੰਤ ਕਿਹਾ, ''ਨਹੀਂ! ਆਪਣੇ ਨਾਲ ਹੀ ਲੈ ਜਾਹ।''

ਪੌੜੀਆਂ ਉੱਤਰਦੀ ਹੋਈ ਮੈਂ ਸੋਚ ਰਹੀ ਸਾਂ ਕਿ ਉਹਨੇ ਸਚਾਈ ਬਾਰੇ ਕੋਈ ਧਿਆਨ ਨਹੀਂ ਦਿੱਤਾ, ਮੈਂ ਪ੍ਰੋਬੇਸ਼ਨ ਤੇ ਸੀ ਜਾਂ ਨਹੀਂ, ਮੈਨੂੰ ਲੋਕ ਮੰਚ ਦੇ ਅਧਿਐਨ ਲਈ ਪ੍ਰਵਾਨਗੀ ਮਿਲੀ ਹੋਈ ਸੀ ਜਾਂ ਨਹੀਂ ਅਤੇ ਮੇਰੇ ਸੁਪਰਵਾਈਜ਼ਰ ਨੂੰ ਇਹ ਪਤਾ ਸੀ ਜਾਂ ਨਹੀਂ ਕਿ ਮੈਂ ਕੀ ਕੰਮ ਕਰ ਰਹੀ ਹਾਂ। ਇਸ ਨਾਲ ਕੋਈ ਫਰਕ ਨਹੀਂ ਪੈਣਾ ਸੀ । ਜੋ ਮੈਂ ਕਹਿਣਾ ਸੀ ਉਸ ਵਿਚ ਉਹਦੀ ਦਿਲਚਸਪੀ ਨਹੀਂ ਸੀ। ਉਹ ਤੇ ਮੇਰਾ ਅਫਸਰ ਮੈਨੂੰ ਕੱਢਣ ਲਈ ਪਹਿਲਾਂ ਹੀ ਰਜ਼ਾਮੰਦ ਹੋਏ ਬੈਠੇ ਸਨ ਇਹ ਸਭ ਕੁਝ ਉਸੇ ਡਰ ਨਾਲ ਜੁੜਿਆ ਹੋਇਆ ਸੀ ਜੋ ਸ਼ਾਹੀ ਮੁਹੱਲੇ ਦੇ ਜ਼ਿਕਰ ਤੋਂ ਹੀ ਪੈਦਾ ਹੋ ਜਾਂਦਾ ਹੈ। ਕਿਸੇ ਵੀ ਹਾਲਤ ਵਿਚ ਉਹ ਉਸ ਕੰਮ ਨਾਲ ਨਹੀਂ ਜੁੜਨਾ ਚਾਹੁੰਦੇ ਸਨ, ਕਿਤੇ ਦੂਰੋਂ ਵੀ ਨਹੀਂ, ਜੋ ਉਨ੍ਹਾਂ ਦੇ ਸਿਆਸੀ ਮਾਲਕਾਂ ਦੀ ਨਾਰਾਜ਼ਗੀ ਕਰਕੇ ਉਨ੍ਹਾਂ ਦੀ ਨੌਕਰੀ ਨੂੰ ਖਤਰੇ ਵਿਚ ਪਾਉਂਦਾ ਹੋਵੇ।

ਸਕੱਤਰ ਨੂੰ ਮਿਲਣ ਤੋਂ ਛੇਤੀ ਹੀ ਮਗਰੋਂ ਮੈਨੂੰ ਪਤਾ ਲੱਗਾ ਕਿ ਮੈਨੂੰ ਨੌਕਰੀ ਤੋਂ ਕੱਢਣ ਦੇ ਆਦੇਸ਼ ਤਿਆਰ ਹੋ ਗਏ ਹਨ। ਉਦੋਂ ਮੈਂ ਉਹ ਕਰ ਦਿੱਤਾ ਜੋ ਮੈਂ ਸਮਝਦੀ ਸੀ ਕਿ ਮੈਂ

ਆਪਣੀ ਜ਼ਿੰਦਗੀ ਵਿਚ ਕਦੀ ਨਹੀਂ ਕਰਾਗੀ। ਜਿੱਤਾਂ ਭਾਵੇਂ ਹਾਰਾ ਮੈਂ ਆਪਣੀਆਂ ਲੜਾਈਆਂ ਖੁਦ ਲੜੀਆਂ ਹਨ। ਮੈਨੂੰ ਨੌਕਰੀ ਤੋਂ ਕੱਢਣ ਲਈ ਜੋ ਝੂਠ ਦਾ ਪੁਲੰਦਾ ਤਿਆਰ ਕੀਤਾ ਗਿਆ ਸੀ ਉਹਦੇ ਬਾਵਜੂਦ ਵੀ ਮੈਂ ਆਪਣੇ ਜਾਣਨ ਵਾਲਿਆਂ ਨੂੰ ਸਿੱਧਾ ਸਕੱਤਰ ਨਾਲ ਸੰਪਰਕ ਕਰਨ ਲਈ ਕਿਹਾ। ਮੈਂ ਕੋਈ ਅਫਸਰਸ਼ਾਹੀ ਸੰਪਰਕ ਬਿਲਕੁਲ ਨਹੀਂ ਵਰਤੇ ਕਿਉਂਕਿ ਮੈਂ ਜਾਣਦੀ ਸੀ ਕਿ ਇਨ੍ਹਾਂ ਦਾ ਕੋਈ ਫਾਇਦਾ ਨਹੀਂ ਹੋਣ ਲੱਗਾ। ਬਲਕਿ ਮੈਂ ਦੋਸਤਾਂ ਨਾਲ ਸੰਪਰਕ ਕੀਤਾ ਜੋ ਪਾਕਿਸਤਾਨ ਦੇ ਉੱਚ ਸੱਭਿਆਚਾਰਕ ਦਾਇਰਿਆਂ ਵਿਚ ਵਿਚਰਦੇ ਸਨ। ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਲੋਕ ਵਿਰਸਾ ਨਹੀਂ ਛੱਡਣਾ ਚਾਹੁੰਦੀ, ਪਰ ਮੈਂ ਸ਼ਾਹੀ ਮੁਹੱਲੇ ਬਾਰੇ ਆਪਣੀ ਵਿਅਕਤੀਗਤ ਖੋਜ ਤੋਂ ਵੀ ਹੱਥ ਨਹੀਂ ਖਿੱਚਣਾ ਚਾਹੁੰਦੀ। ਉਨ੍ਹਾਂ ਨੂੰ ਗੱਲ ਸਮਝ ਆ ਗਈ ਤੇ ਉਹ ਮੱਦਦ ਕਰਨ ਲਈ ਮੰਨ ਗਏ। ਮੇਰੇ ਦੋਸਤਾਂ ਨੇ ਸਕੱਤਰ ਨੂੰ ਸਾਫ ਸਾਫ ਕਹਿ ਦਿੱਤਾ ਕਿ ਮੇਰੀ ਨੌਕਰੀ ਚਲੀ ਗਈ ਤਾਂ ਉਹ ਉਨ੍ਹਾਂ ਕੋਲੋਂ ਉਹਨਾਂ ਦੇ ਪਰਿਵਾਰਾਂ ਕੋਲੋਂ ਜਾਂ ਉਨ੍ਹਾਂ ਦੇ ਦੋਸਤਾਂ ਕੋਲੋਂ ਕਿਸੇ ਇਮਦਾਦ ਦੀ ਆਸ ਨਾ ਰੱਖੇ।

ਜੋ ਬਾਦ ਵਿਚ ਬੀਤਿਆ ਉਹ ਐਨ ਉਲਟ ਸੀ। ਸਾਰਾ ਸ਼ੋਰ ਸ਼ਰਾਬਾ ਅਤੇ ਹੇਰਾਫੇਰੀਆਂ ਇਕਦਮ ਰੁਕ ਗਈਆਂ ਅਤੇ ਚੁੱਪ-ਚਾਂ ਹੋ ਗਈ। ਮੈਂ ਆਪਣੇ ਦਫਤਰ ਕੰਮ ਤੇ ਜਾਂਦੀ ਰਹੀ ਅਤੇ ਮੈਨੂੰ ਫੀਲਡ ਵਰਕ ਲਈ ਮਨਜ਼ੂਰੀਆਂ ਮਿਲਦੀਆਂ ਰਹੀਆਂ। ਅਗਲੇ ਸਾਲ ਮੇਰੀ ਕਿਤਾਬ 'ਲੋਕ ਮੰਚ ਵਿਚ ਔਰਤਾਂ' ਛਪੀ- ਲੋਕ ਵਿਰਸੇ ਲਈ ਇਹ ਇਕ ਚੰਗਾ ਸੌਦਾ ਰਿਹਾ ਜਿਸ ਨੇ ਇਸ ਦੇ ਖੋਜ ਖਰਚੇ ਤੇ ਨਿੱਕਾ ਪੈਸਾ ਵੀ ਨਹੀਂ ਲਾਇਆ, ਇੱਥੋਂ ਤੱਕ ਕਿ ਮੇਰੀ ਤਨਖਾਹ ਵਿਚੋਂ ਨਾਜਾਇਜ਼ ਕੱਟਿਆ 5000 ਰੁਪਿਆ ਵੀ ਨਾ ਮੋੜਿਆ।

ਮੈਂ ਸ਼ਾਹੀ ਮੁਹੱਲੇ ਬਾਰੇ ਜਾਣਕਾਰੀ ਇਕੱਤਰ ਕਰਦੀ ਰਹੀ। ਮੇਰੇ ਸਹਿਯੋਗੀ ਬੜੇ ਇਮਦਾਦੀ ਤੇ ਮੱਦਦਗਾਰ ਰਹੇ, ਪਰ ਅਕਸੀ ਮੁਫਤੀ ਮੇਰੇ ਇਸ ਕੰਮ ਤੇ ਲੱਗੇ ਰਹਿਣ ਕਰਕੇ ਮੇਰੇ ਨਾਲ ਖਿਝਿਆ ਰਿਹਾ ਅਤੇ ਸੰਸਥਾ ਦੀ ਅੰਦਰੂਨੀ ਸਿਆਸਤ ਵਿਚ ਮੈਨੂੰ ਘੜੀਸ ਕੇ ਮੈਨੂੰ ਪ੍ਰੇਸ਼ਾਨ ਕਰਦਾ ਰਿਹਾ। ਆਖਰਕਾਰ, ਖਵਾਜ਼ਾ ਸ਼ਾਹਿਦ ਹੁਸੈਨ ਨਾਲ ਮੇਰੀ ਮੀਟਿੰਗ ਤੋਂ ਦੋ ਸਾਲ ਬਾਦ ਮੈਨੂੰ ਇਕ ਘੜੇ ਹੋਏ ਦੋਸ਼ ਤਹਿਤ ਜਬਰੀ ਛੁੱਟੀ ਤੇ ਭੇਜ ਦਿੱਤਾ ਗਿਆ। ਇਸ ਵੇਲੇ ਤਕ ਲੋਕ ਵਿਰਸੇ ਬਾਰੇ ਮੇਰੇ ਭਰਮ ਟੁੱਟ ਚੁੱਕੇ ਸਨ ਅਤੇ ਉਸ ਲਈ ਮੈਂ ਛੁੱਟੀ ਕੈਂਸਲ ਕਰਵਾਉਣ ਦੀ ਕੋਸ਼ਿਸ਼ ਨਾ ਕੀਤੀ। ਮਾਮਲੇ ਦੀ ਸਮੀਖਿਆ ਹੋਣ ਤੱਕ ਦੋ ਸਾਲ ਦਾ ਅਰਸਾ ਗੁਜਰ ਚੁੱਕਾ ਸੀ ਅਤੇ ਵੇਖਿਆ ਗਿਆ ਕਿ ਦੋਸ਼ ਬੇਵਜਾਹ ਸੀ, ਮੈਨੂੰ ਮੁੜ ਦਫਤਰ ਜਾਇਨ ਕਰਨ ਲਈ ਕਿਹਾ ਗਿਆ। ਜਿਉਂ ਹੀ ਮੈਂ ਇਹ ਖ਼ਬਰ ਸੁਣੀ ਮੈਂ ਆਪਣਾ ਅਸਤੀਫਾ ਪੇਸ਼ ਕਰ ਦਿੱਤਾ।

ਜਬਰੀ ਛੁੱਟੀ ਦੇ ਉਹ ਦੋ ਸਾਲ ਮੇਰੇ ਜੀਵਨ ਦੇ ਬੜੇ ਪੈਦਾਵਾਰੀ ਸਾਲ ਸਾਬਤ ਹੋਏ। ਮੈਂ ਔਰਤਾਂ ਦੇ ਇਕ ਛੋਟੇ ਜਿਹੇ ਸਮੂਹ ਨਾਲ ਕੰਮ ਕਰਦਿਆਂ ਬੇਦਾਰੀ ਦੀ ਸਥਾਪਨਾ ਕੀਤੀ, ਇਕ ਭਾਈਚਾਰਕ ਸੰਗਠਨ ਜੋ ਔਰਤਾਂ ਖਿਲਾਫ ਹਿੰਸਾ ਨਾਲ ਸਬੰਧਤ ਮੁੱਦਿਆਂ ਤੇ ਕੰਮ ਕਰਦਾ ਹੈ। ਇਸ ਦੇ ਨਾਲ ਹੀ ਅਸੀਂ ਔਰਤਾਂ ਦੇ ਵਿਅਕਤੀਗਤ ਸੰਕਟਾਂ ਨਾਲ ਨਜਿੱਠਣ ਲਈ ਪਾਕਿਸਤਾਨ ਵਿਚ ਪਹਿਲਾ ਸੰਕਟ ਨਿਵਾਰਨ ਕੇਂਦਰ ਵੀ ਸਥਾਪਤ ਕਰ ਲਿਆ। ਇਸ ਅਰਸੇ ਦੌਰਾਨ, ਮੈਂ ਪਾਕਿਸਤਾਨ ਵਿਚਲੀਆਂ ਸਾਰੀਆਂ ਮੁੱਖ ਕੌਮਾਂਤਰੀ ਵਿਕਾਸ ਸੰਸਥਾਵਾਂ ਲਈ ਔਰਤਾਂ ਦੇ ਮੁੱਦਿਆਂ ਤੇ ਮਾਹਿਰ ਸਲਾਹਕਾਰ ਦੇ ਤੌਰ ਤੇ ਆਪਣਾ ਜੀਵਨ ਨਿਰਬਾਹ ਚਲਾਉਣ ਲੱਗੀ। ਜਦੋਂ ਵੀ ਕਦੀ ਮੌਕਾ ਮਿਲਦਾ ਮੈਂ ਸ਼ਾਹੀ ਮੁਹੱਲੇ ਜ਼ਰੂਰ ਜਾਂਦੀ।

# ਮੁਹੱਲੇ ਵਿਚ ਮੇਰਾ ਪਹਿਲਾ ਸੰਪਰਕ

ਆਖਰਕਾਰ, ਬਦਨਾਮ ਸ਼ਾਹੀ ਮੁਹੱਲੇ ਬਾਰੇ ਮੇਰੇ ਤਜਵੀਜ਼ਤ ਅਧਿਐਨ ਨਾਲ ਪੈਦਾ ਹੋਏ ਸ਼ੋਰ-ਸ਼ਰਾਬੇ ਦੇ ਦਬਣ ਤੋਂ ਬਾਦ ਮੈਂ ਅਸਲ ਵਿਚ ਖੋਜ ਸ਼ੁਰੂ ਕਰਨ ਦੀ ਨੀਅਤ ਨਾਲ ਲਾਹੌਰ ਗਈ। ਹੋਰ ਬਹੁਤ ਸਾਰੇ ਦੱਖਣੀ ਏਸ਼ੀਆਈ ਸ਼ਹਿਰਾਂ ਵਾਂਗ ਲਾਹੌਰ ਵੀ ਫੈਲ ਗਿਆ ਹੈ ਅਤੇ ਇਸ ਦੇ ਦੁਆਲੇ ਵਿਸ਼ਾਲ ਆਧੁਨਿਕ ਉਪ-ਸ਼ਹਿਰ ਵੱਸ ਗਏ ਹਨ ਪਰ ਪ੍ਰਾਚੀਨ ਮੂਲ ਬਚਿਆ ਹੋਇਆ ਹੈ। 1000 ਏ. ਡੀ. ਤੋਂ ਬਾਦ ਦਾ ਲਾਹੌਰ ਦਾ ਇਤਿਹਾਸ ਲਿਖਤੀ ਹੈ ਅਤੇ ਇਸੇ ਥਾਂ ਤੇ ਸ਼ਹਿਰ ਹੋਣ ਦੇ ਕਈ ਹਵਾਲੇ 150 ਏ. ਡੀ. ਤੱਕ ਵੀ ਮਿਲਦੇ ਹਨ। ਪ੍ਰਾਚੀਨ ਲਾਹੌਰ ਰਾਵੀ ਦਰਿਆ ਦੇ ਕੰਢੇ ਵੱਸਿਆ ਹੋਇਆ ਸੀ, ਦਰਿਆ ਨੇ ਆਪਣਾ ਵਹਿਣ ਹੁਣ ਥੋੜਾ ਮੋੜ ਲਿਆ ਹੈ। ਸ਼ਹਿਰ ਦੇ ਦੁਆਲੇ ਬਾਦਸ਼ਾਹ ਅਕਬਰ (1552-1605)ਦੀ ਬਣਾਈ ਇਕ ਪੱਕੀ ਦੀਵਾਰ ਬਣੀ ਹੋਈ ਹੈ। ਇਸ ਦੇ ਤੇਰਾਂ ਦਰਵਾਜ਼ੇ ਸ਼ਾਮ ਨੂੰ ਵਸਨੀਕਾਂ ਦੀ ਹਿਫ਼ਾਜ਼ਤ ਲਈ ਬੰਦ ਹੋ ਜਾਂਦੇ ਹਨ।

ਹਾਲਾਂਕਿ ਬਰਤਾਨੀਆਂ ਨੇ ਦਰਵਾਜ਼ੇ ਅਤੇ ਕੰਧ ਢਾਹ ਦਿੱਤੀ ਸੀ ਅਤੇ ਖਾਈ ਨੂੰ ਉਨ੍ਹੀਵੀਂ ਸਦੀ ਵਿਚ ਭਰ ਦਿੱਤਾ ਸੀ, ਪਰ ਲਾਹੌਰ ਦੇ ਵਸਨੀਕਾਂ ਦੀ ਯਾਦ ਵਿਚ ਇਹ ਢਾਂਚਾ ਅਜੇ ਜਿਉਂਦਾ ਹੈ ਅਤੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦਾ ਰਹਿੰਦਾ ਹੈ। ਅੱਜ ਵੀ ਸ਼ਹਿਰ ਦੇ ਅੰਦਰੂਨੀ ਹਿੱਸਿਆਂ ਵਿਚ ਦਰਵਾਜ਼ਿਆਂ ਦਾ ਜ਼ਿਕਰ ਕਾਇਮ ਹੈ। ਦੀਵਾਰ ਦੇ ਅੰਦਰਲੇ ਹਿੱਸੇ ਵਿਚ ਵੱਸਣ ਵਾਲੇ ਸ਼ਹਿਰੀ ਥਾਂ ਦਾ ਪਤਾ ਦਰਵਾਜ਼ੇ ਦੇ ਨਾਂ ਨਾਲ ਦਿੰਦੇ ਹਨ ਅਤੇ ਫੇਰ ਬਾਜ਼ਾਰ ਜਾਂ ਗਵਾਂਢ ਦਾ। ਹੋਰ ਕਿਸੇ ਵੇਰਵੇ ਦੀ ਲੋੜ ਹੀ ਨਹੀਂ ਪੈਂਦੀ ਕਿਉਂਕਿ ਲੱਭੇ ਜਾਣ ਵਾਲੇ ਵਿਸ਼ੇਸ਼ ਘਰ ਦਾ ਪਤਾ ਇਸੇ ਨਾਲ ਪਤਾ ਲੱਗ ਜਾਂਦਾ ਏ। ਸ਼ਹਿਰ ਦੇ ਇਸ ਹਿੱਸੇ ਦੇ ਲੋਕ ਆਪਣੇ ਗਵਾਂਢੀਆਂ ਨੂੰ ਭਲੀ-ਭਾਂਤ ਜਾਣਦੇ ਹਨ।

ਆਧੁਨਿਕ ਲਾਹੌਰ ਦੇ ਕੇਂਦਰ ਵਿਚ ਸਥਿਤ ਮਾਲ ਤੇ ਰਹਿੰਦੇ ਆਪਣੇ ਰਿਸ਼ਤੇਦਾਰਾਂ ਕੋਲ ਮੈਂ ਰਹਿਣ ਦਾ ਪ੍ਰਬੰਧ ਕਰ ਲਿਆ ਸੀ। ਜਿਉਂ ਹੀ ਮੈਂ ਪੁੱਜੀ ਮੈਂ ਮੁਹੱਲੇ ਜਾਣਾ ਚਾਹਿਆ। ਉਸ ਤੋਂ ਪਹਿਲਾਂ ਮੈਨੂੰ ਮੁਹੱਲੇ ਵਿਚ ਹੋਰ ਲੋਕ ਲੈ ਕੇ ਜਾਂਦੇ ਸਨ, ਪਹਿਲਾਂ ਅਕਸੀ ਮੁਫਤੀ ਤੇ ਫੇਰ ਮੇਰੇ ਅਧਿਐਨ ਲਈ ਖਾਸ ਪੇਸ਼ਕਾਰਾਂ ਨੂੰ ਮਿਲਣ ਲਈ ਲੋਕ ਮੰਚ ਕਲਾਕਾਰ, ਇਸ ਲਈ ਅਜੇ ਤੱਕ ਮੇਰੇ ਦਿਮਾਗ ਵਿਚ ਇਲਾਕੇ ਦਾ ਖਾਕਾ ਪੂਰਾ ਨਹੀਂ ਬਣਿਆ ਸੀ। ਉਸ ਵੇਲੇ ਤੱਕ ਮੇਰੇ ਦਿਮਾਗ ਵਿਚ ਇਸ ਦੀਆਂ ਭੀੜੀਆਂ ਗਲੀਆਂ ਦਾ ਜਾਲ ਜਿਹਾ ਹੀ ਸੀ। ਹੁਣ ਕਿਉਂਕਿ ਮੈਂ ਖੁਦ ਕਾਰ ਚਲਾ ਕੇ ਜਾਣਾ ਸੀ ਇਸ ਲਈ ਆਂਟੀ ਨੂੰ ਪੁੱਛਣਾ ਪਿਆ ਕਿ ਉੱਥੇ ਕਿਵੇਂ ਪਹੁੰਚਣਾ ਹੈ। ਰਵਾਇਤੀ ਹਵਾਲਾ ਥਾਵਾਂ ਨੂੰ ਵਰਤਦੇ ਹੋਏ ਉਹਨੇ ਮੈਨੂੰ ਦੱਸਿਆ ਕਿ ਮੁਹੱਲਾ ਟਕਸਾਲੀ ਦਰਵਾਜੇ ਦੇ ਮੂਹਰੇ ਸਥਿਤ ਹੈ, ਐਨ ਲਾਹੌਰ ਦੇ ਸ਼ਾਹੀ ਕਿਲੇ ਨੂੰ ਲੰਘਣ ਤੋਂ ਬਾਦ, ਜੋ ਕਿ ਆਧੁਨਿਕ

ਲਾਹੌਰ ਦਾ ਅੱਜ ਇਕ ਪ੍ਰਾਚੀਨ ਨਿਰਮਾਣ-ਕਲਾ ਨਮੂਨਾ ਹੈ। ਦਰਵਾਜ਼ੇ ਵਿਚੋਂ ਲੰਘਣ ਤੋਂ ਬਾਦ, ਮੈਂ ਕਿਸੇ ਨੂੰ ਮੁਹੱਲੇ ਬਾਰੇ ਪੁੱਛ ਲਵਾਂ। ਇਸਲਾਮਾਬਾਦ ਦੇ ਕਤਾਰਾਂ ਵਿਚ ਬਣੇ ਘਰਾਂ ਦੇ ਪਤਿਆਂ ਬਾਰੇ ਜਾਣਨ ਵਾਲਿਆਂ ਲਈ ਇਹ ਦਿਸ਼ਾ ਨਿਰਦੇਸ਼ ਬੜੇ ਅਜੀਬ ਜਿਹੇ ਸਨ। ਪਰ ਮੈਂ ਉਸ ਦਿਸ਼ਾ ਵੱਲ ਨਿੱਕਲ ਪਈ ਅਤੇ ਖੁਸ਼ ਸਾਂ ਕਿ ਕਾਫੀ ਵਿਰੋਧ ਤੋਂ ਮਗਰੋਂ ਮੈਂ ਕੰਮ ਸ਼ੁਰੂ ਕਰਨ ਲੱਗੀ ਹਾਂ।

ਇਸ ਲਾਲ-ਬੱਤੀ ਖੇਤਰ ਦੀਆਂ ਦੋ ਆਮ ਮਸ਼ਹੂਰ ਥਾਵਾਂ ਸ਼ਾਹੀ ਮੁਹੱਲਾ ਅਤੇ ਹੀਰਾ ਮੰਡੀ ਹਨ। ਮੁਗਲਾਂ ਦੇ ਸ਼ਾਹੀ ਕਿਲੇ ਦੇ ਨੇੜੇ ਸ਼ਾਹੀ ਮੁਹੱਲੇ ਦਾ ਸਥਿਤ ਹੋਣਾ ਸ਼ਾਹੀ ਗਵਾਂਢ ਦਾ ਅਰਥ ਰੱਖਦਾ ਏ। ਹੀਰਾ ਮੰਡੀ ਦਾ ਮਤਲਬ ਹੀਰਿਆਂ ਦਾ ਬਾਜ਼ਾਰ ਹੈ, ਪਰ ਕਈ ਲੋਕਾਂ ਦਾ ਕਹਿਣਾ ਹੈ ਕਿ ਇਸ ਦਾ ਇਹ ਨਾਂ ਰਣਜੀਤ ਸਿੰਘ ਦੇ ਇਕ ਸਰਦਾਰ ਹੀਰਾ ਦੇ ਨਾਂ ਤੇ ਪਿਆ ਸੀ। ਕੁੱਲ ਜ਼ਿਲ੍ਹੇ ਵਿਚ ਚੌਦਾਂ ਬਾਜ਼ਾਰ ਹਨ, ਪਰ ਹੀਰਾ ਮੰਡੀ ਤੇ ਸ਼ਾਹੀ ਮੁਹੱਲਾ ਇਨ੍ਹਾਂ ਵਿਚੋਂ ਦੋ ਥਾਵਾਂ ਦੇ ਹੀ ਨਾਂ ਹਨ ਪਰ ਇਹ ਨਾਂ ਐਨੇ ਆਮ ਹੋ ਗਏ ਕਿ ਇਸ ਇਲਾਕੇ ਨੂੰ ਇਨ੍ਹਾਂ ਨਾਵਾਂ ਨਾਲ ਹੀ ਜਾਣਿਆਂ ਜਾਣ ਲੱਗਾ। ਕਾਵਿ ਵਿਚ ਇਸ ਇਲਾਕੇ ਨੂੰ ਬਾਜ਼ਾਰੇ-ਹੁਸਨ ਕਰਕੇ ਜਾਣਿਆਂ ਜਾਂਦਾ ਹੈ। ਇਸ ਇਲਾਕੇ ਦੇ ਹੋਰ ਬਾਰਾਂ ਬਾਜ਼ਾਰ ਹਨঃ ਕੂਚਾ ਸ਼ਾਹਬਾਜ਼ ਖਾਂ, ਮੇਨ ਬਾਜ਼ਾਰ, ਲਰਜ਼ ਮੰਡੀ, ਹੈਦਰੀ ਸਟਰੀਟ, ਫੋਰਟ ਰੋਡ, ਨੀਵਾਂ ਚੇਤਰਾਮ ਰੋਡ, ਉੱਚਾ ਚੇਤਰਾਮ ਰੋਡ, ਕੂਚਾ ਸਬਜ਼ ਪੀਰ, ਬਾਜ਼ਾਰ ਸ਼ੇਖੂਪੁਰੀਆਂ, ਬਾਜ਼ਾਰ ਥਾਨਾਂ ਟਿੱਬੀ, ਗਾਡੀ ਮੁਹੱਲਾ, ਅਤੇ ਟਿੱਬੀ ਗਲੀ। ਇਸ ਵੇਲੇ ਛੇ ਬਾਜ਼ਾਰਾਂ ਵਿਚ ਵੇਸਵਾ ਦੇ ਧੰਦੇ ਦੇ ਨਾਲ ਸੰਗੀਤ ਦੀ ਪੇਸ਼ਕਾਰੀ ਹੁੰਦੀ ਹੈ।

ਟਕਸਾਲੀ ਗੇਟ ਨੂੰ ਜਾਣ ਵਾਲਾ ਰਾਹ ਕਾਰਾਂ, ਤਾਂਗਿਆਂ, ਰਿਹੜਿਆਂ, ਵੈਗਨਾਂ, ਮੋਟਰ ਸਾਈਕਲਾਂ ਨਾਲ ਭਰਿਆ ਪਿਆ ਸੀ। ਇਹ ਚਹਿਲ-ਪਹਿਲ ਮਿੱਟੀ ਦੇ ਉੱਡਦੇ ਗੁਬਾਰ ਵਿਚੋਂ ਦਿਸ ਰਹੀ ਸੀ। ਸੜਕ ਦੁਸੜਕੇ ਵਿਚ ਪਾਟ ਗਈ ਅਤੇ ਮੈਂ ਪੁਰਾਣੇ ਸ਼ਹਿਰ ਵਾਲੀ ਸਿੱਧੀ ਸੜਕ ਫੜ ਲਈ। ਹੌਲੀ-ਹੌਲੀ ਇਹ ਭੀੜੀ ਹੁੰਦੀ ਗਈ ਅਤੇ ਇਸ ਦੇ ਦੋਵੇਂ ਪਾਸੇ ਉੱਚੀਆਂ-ਉੱਚੀਆਂ ਬਾਲਕੋਨੀਆਂ ਵਾਲੀਆਂ ਇਮਾਰਤਾਂ ਸ਼ੁਰੂ ਹੋ ਗਈਆਂ ਜੋ ਐਨ ਜੁੜੀਆਂ ਹੋਈਆਂ ਸਨ। ਇਮਾਰਤਾਂ ਦੀਆਂ ਉਪਰਲੀਆਂ ਮੰਜ਼ਿਲਾਂ ਵਿਚ ਰਿਹਾਇਸ਼ ਸੀ ਅਤੇ ਆਮ ਤੌਰ ਤੇ ਜੁੱਤੀਆਂ ਅਤੇ ਪਰਚੂਨ ਦੀਆਂ ਦੁਕਾਨਾਂ ਹੇਠਾਂ ਸਨ। ਇਲਾਕਾ ਇਕ ਤਰ੍ਹਾਂ ਦੀ ਮੰਡੀ ਲੱਗਦਾ ਸੀ ਅਤੇ ਪੈਦਲਾਂ ਦੀ ਭੀੜ ਦੇ ਨਾਲ-ਨਾਲ ਕਾਰਾਂ ਅਤੇ ਮੋਟਰ ਸਾਈਕਲ ਵੀ ਫਿਰ ਰਹੇ ਸਨ। ਆਵਾਜਾਈ ਦੀ ਭੀੜ ਐਨੀ ਜ਼ਿਆਦਾ ਸੀ ਕਿ ਮੇਰੀ ਕਾਰ ਇੰਚ-ਇੰਚ ਕਰਕੇ ਅੱਗੇ ਤੁਰ ਰਹੀ ਸੀ।

ਮੈਨੂੰ ਖੁਸ਼ੀ ਸੀ ਕਿ ਮੈਂ ਆਪਣੀ ਕਾਰ ਵਿਚ ਸਾਂ ਅਤੇ ਕੋਈ ਜਨਤਕ ਸਾਧਨ ਨਹੀਂ ਵਰਤ ਰਹੀ ਸੀ। ਲੋਕ ਮੰਚ ਸਬੰਧੀ ਖੋਜ ਵੇਲੇ ਵੀ ਮੈਂ ਆਪਣੀ ਕਾਰ ਵਰਤੀ ਸੀ ਅਤੇ ਅੱਧੀ-ਅੱਧੀ ਰਾਤ ਨੂੰ ਇਨ੍ਹਾਂ ਮਨੋਰੰਜਨ ਸਮੂਹਾਂ ਦੀ ਟੋਹ ਵਿਚ ਮੈਂ ਸਾਰੇ ਪੇਂਡੂ ਪੰਜਾਬ ਵਿਚ ਘੁੰਮੀ ਸਾਂ। ਮੈਂ ਆਪਣੀ ਸਫੈਦ ਟੋਇਓਟਾ ਕਰੋਲਾ ਦਾ ਨਾਂ 'ਰਾਣੀ' ਰੱਖਿਆ ਹੋਇਆ ਸੀ। ਮੇਰੀ ਹੋਂਦ ਲਈ ਜ਼ਰੂਰੀ, ਹਰੇਕ ਰੋਮਾਂਚਕ ਯਾਤਰਾ ਵਿਚ ਇਹ ਮੇਰੀ ਪੱਕੀ ਸਾਥੀ ਸੀ। ਮੈਂ ਆਪਣੀ ਕਾਰ ਵਿਚ ਸੁਰੱਖਿਅਤ ਅਤੇ ਸਵੈ-ਵਿਸ਼ਵਾਸ ਨਾਲ ਭਰਪੂਰ ਰਹਿੰਦੀ ਸਾਂ।

ਮੈਂ ਇਕ ਦੁਰਾਹੇ ਤੇ ਪੁੱਜੀ ਜਿੱਥੇ ਵੱਡੇ ਵੱਡੇ ਬੋਰਡ ਲੱਗੇ ਹੋਏ ਸਨ। ਮੈਂ ਕਾਰ ਦਾ ਸ਼ੀਸ਼ਾ ਲਾਹਿਆ ਅਤੇ ਨਾਲੋਂ ਲੰਘਦੇ ਬੰਦੇ ਨੂੰ ਪੁੱਛਿਆ ਕਿ ਕੀ ਇਹੀ ਸ਼ਾਹੀ ਮੁਹੱਲਾ ਹੈ।

''ਤੁਸੀਂ ਕਿੱਥੇ ਜਾਣਾ ਹੈ?'' ਉਸ ਦਾ ਜਵਾਬ ਸੀ। ਇਸ ਉਲਟਾ ਸਵਾਲ ਕਰਨ ਵਾਲੇ ਢੰਗ ਤੋਂ ਮੈਂ ਵਾਕਿਫ਼ ਸਾਂ। ਪੁਰਾਣੇ ਸ਼ਹਿਰ ਵਿਚ ਤੁਸੀਂ ਜਦੋਂ ਵੀ ਕੋਈ ਸਵਾਲ ਕਰਦੇ ਹੋ ਜਾਂ ਪਤਾ ਪੁੱਛਦੇ ਹੋ ਤਾ ਲੋਕ ਪਹਿਲਾ ਤੁਹਾਨੂੰ ਸਵਾਲ ਕਰਦੇ ਹਨ। ਜ਼ੁਬਾਨੀ ਜਾਣਕਾਰੀ ਇਕੱਠੀ ਕਰਨ ਅਤੇ ਜੋ ਕੁਝ ਆਲੇ ਦੁਆਲੇ ਹੋ ਰਿਹਾ ਹੈ ਉਸ ਬਾਰੇ ਜਾਣਨ ਨੂੰ ਬਹੁਤੀ ਪਹਿਲ ਦਿੱਤੀ ਜਾਂਦੀ ਹੈ।

ਮੈਂ ਕਾਹਲੀ ਨਾਲ ਜਵਾਬ ਦਿੱਤਾ, ''ਮੈਂ ਸ਼ਾਹਿਦਾ ਪਰਵੀਨ ਦੇ ਘਰ ਜਾਣਾ ਚਾਹੁੰਦੀ ਹਾਂ।''

ਉਹਨੇ ਮੇਰੇ ਤੇ ਫੇਰ ਮੇਰੀ ਕਾਰ ਵੱਲ ਵੇਖਦਿਆਂ ਕਿਹਾ, ''ਤੁਸੀਂ ਆਏ ਕਿੱਥੋਂ ਹੋ?''

ਇਸ ਵੇਲੇ ਤੱਕ ਮੇਰੇ ਪਿੱਛੇ ਟ੍ਰੈਫਿਕ ਦੇ ਰੌਲੇ-ਰੱਪੇ ਵਿਚ ਉਸ ਦੀ ਗੱਲ ਸੁਣਨ ਔਖੀ ਹੋ ਗਈ ਸੀ। ਮੈਂ ਪਿੱਛੇ ਮੁੜ ਕੇ ਵੇਖਿਆ ਅਤੇ ਉਸ ਨੂੰ ਸਖਤੀ ਨਾਲ ਪੁੱਛਿਆ, ''ਇਹ ਸ਼ਾਹੀ ਮੁਹੱਲਾ ਹੈ ਜਾਂ ਨਹੀਂ?'' ਉਸ ਨੇ ਮੈਨੂੰ ਸਿੱਧੇ ਜਾਣ ਦਾ ਇਸ਼ਾਰਾ ਕੀਤਾ।

ਮੁਹੱਲੇ ਦੀ ਮਨੋਰੰਜਨ ਬਰਾਦਰੀ ਵਿਚ ਉਸ ਵੇਲੇ ਸ਼ਾਹਦਾ ਪਰਵੀਨ ਮੇਰੀ ਪਹਿਲੀ ਤੇ ਇਕੋ ਇਕ ਜਾਣਕਾਰ ਸੀ। ਉਹ ਸਾਡੇ ਸਮੇਂ ਦੀ ਇਕ ਬੜੀ ਹੀ ਪਰਪੱਕ ਕਲਾਸਕੀ ਸੰਗੀਤਕਾਰ ਹੈ ਅਤੇ ਪਾਕਿਸਤਾਨੀ ਸੱਭਿਆਚਾਰਕ ਉੱਚ ਵਰਗ ਵਿਚ ਉਸ ਦਾ ਬੜਾ ਸਤਿਕਾਰ ਹੈ। ਮੈਂ ਉਸ ਨੂੰ ਲੋਕ ਵਿਰਸਾ ਵਿਚ ਮਿਲੀ ਸੀ ਜਦੋਂ ਉਹ ਉੱਥੇ ਇਕ ਵੀਡੀਉ -ਰਿਕਾਰਡਿੰਗ ਕਰਵਾਉਣ ਆਈ ਸੀ। ਮੈਂ ਉਸ ਦੀ ਰਿਹਾਇਸ਼ ਬਾਰੇ ਅਤੇ ਸੰਗੀਤ ਸਿਖਲਾਈ ਬਾਰੇ ਉਸ ਨਾਲ ਢੇਰ ਗੱਲਾਂ ਕੀਤੀਆਂ ਸਨ। ਉਹ ਉਸ ਵੇਲੇ ਮੁਹੱਲੇ ਬਾਰੇ ਗੱਲ ਕਰਨ ਤੋਂ ਝਿਜਕਦੀ ਸੀ ਪਰ ਮੈਂ ਉਸ ਨੂੰ ਦੱਸਿਆ ਸੀ ਕਿ ਮੈਂ ਕਿਸੇ ਦਿਨ ਉਸ ਕੋਲ ਆਵਾਂਗੀ ਅਤੇ ਉਹਨੇ ਆਉਣ ਲਈ ਕਿਹਾ ਵੀ ਸੀ।

ਮੈਂ ਸੜਕ ਤੇ ਸਿੱਧੀ ਚੱਲਦੀ ਰਹੀ। ਚੌਂਕ ਤੋਂ ਬਾਦ ਫੇਰ ਉਸੇ ਤਰ੍ਹਾਂ ਦਾ ਬਾਜ਼ਾਰ ਆਇਆ ਜਿਸ ਵਿਚ ਵੀਡੀਉ, ਮਠਿਆਈ ਅਤੇ ਪਾਨ ਦੀਆਂ ਦੁਕਾਨਾਂ ਤੇ ਹੋਟਲ ਸਨ। ਦੋਵੇਂ ਪਾਸੇ ਖੁਲ੍ਹੀਆਂ ਬਾਲਕੋਨੀਆਂ ਵਾਲੀਆਂ ਉੱਚੀਆਂ ਇਮਾਰਤਾਂ ਸਨ ਜਿਨ੍ਹਾਂ ਨੇ ਮੈਨੂੰ ਕਈ ਪਾਕਿਸਤਾਨੀ ਅਤੇ ਭਾਰਤੀ ਫਿਲਮਾਂ ਵਿਚ ਇਸ ਤਰ੍ਹਾਂ ਦੇ ਸੀਨ ਚੇਤੇ ਕਰਵਾ ਦਿੱਤੇ। ਇਕ ਖਾਸ ਚੀਜ਼ ਮੈਂ ਇਹ ਵੇਖੀ ਕਿ ਕੱਪੜੇ ਸੁਕਾਉਣ ਵਾਲੀਆਂ ਰੱਸੀਆਂ ਗਲੀਆਂ ਦੇ ਆਰ-ਪਾਰ ਬੰਨ੍ਹੀਆਂ ਹੋਈਆਂ ਸਨ ਪਰ ਇਹ ਆਵਾਜਾਈ ਵਿਚ ਅੜਿੱਕਾ ਨਹੀਂ ਪਾਉਂਦੀਆਂ ਸਨ। ਇਨ੍ਹਾਂ ਉੱਤੇ ਵੰਨ-ਸੁਵੰਨੇ ਰੰਗਾਂ ਦੇ ਤੌਲੀਏ ਸੁੱਕ ਰਹੇ ਸਨ। ਮੈਂ ਕਈ ਅਜਿਹੀਆਂ ਦੁਕਾਨਾਂ ਵੀ ਵੇਖੀਆਂ ਜਿਨ੍ਹਾਂ ਦੇ ਬਾਹਰ ਗੈਰਾਜਾਂ ਵਰਗੇ ਦਰਵਾਜ਼ੇ ਲੱਗੇ ਹੋਏ ਸਨ। ਦਰਵਾਜ਼ੇ ਬੰਦ ਸਨ ਅਤੇ ਦੁਕਾਨਾਂ ਖਾਲੀ ਲੱਗਦੀਆਂ ਸਨ ਪਰ ਇਹ ਦੁਕਾਨਾਂ ਮੇਰੇ ਪਹਿਲੇ ਗੇੜੇ ਵੇਲੇ ਤੋਂ ਹੀ ਮੇਰੇ ਚੇਤੇ ਸਨ। ਸਾਰਾ ਸਾਲ ਹਰ ਰਾਤ ਇਹ ਦੁਕਾਨਾਂ ਰਾਤ ਦੀਆਂ ਰਾਣੀਆਂ ਲਈ ਪੇਸ਼ਕਾਰੀ ਹਾਲਾਂ ਦਾ ਕੰਮ ਦਿੰਦੀਆਂ ਸਨ- ਇਹੀ ਸ਼ਾਹੀ ਮੁਹੱਲੇ ਦੀ ਬਦਨਾਮੀ ਦਾ ਕਾਰਨ ਸਨ।

ਆਖਰ ਮੈਂ ਇਕ ਵੱਡੇ ਸਾਰੇ ਚੌਂਕ ਵਿਚ ਪੁੱਜ ਗਈ ਜਿਸ ਨੂੰ ਨੌਂਗਜ਼ਾ ਚੌਂਕ ਕਹਿੰਦੇ ਹਨ। ਇੱਥੇ ਨੌਂਗਜ਼ੇ ਦੀ ਸਮਾਧ ਹੋਣ ਦੀਆਂ ਗੱਲਾਂ ਪ੍ਰਚਲਤ ਹਨ ਅਤੇ ਕੁਝ ਲੋਕਾਂ ਦਾ ਵਿਸ਼ਵਾਸ ਵੀ ਹੈ

ਕਿ ਸਾਡੇ ਪੁਰਖੇ ਸਾਡੇ ਨਾਲੋਂ ਕਿਤੇ ਲੰਮੇ ਹੁੰਦੇ ਸਨ। ਇਹ ਕਿਸੇ ਅਜਿਹੇ ਸੰਤ ਵਿਅਕਤੀ ਦੀ ਸਮਾਧ ਸੀ ਜਿਸ ਬਾਰੇ ਕੋਈ ਨਹੀਂ ਜਾਣਦਾ ਕਿ ਕਦੋਂ ਢਹਿ ਗਈ। ਕੋਈ ਨਿਸ਼ਾਨ ਜਾਂ ਇਮਾਰਤ ਉਸ ਥਾਂ ਤੇ ਨਹੀਂ ਪਰ ਚੌਂਕ ਦਾ ਨਾਂ ਇਸ ਮਿਥਹਾਸਕ ਸਮਾਧ ਦੇ ਨਾਂ ਉੱਤੇ ਹੈ। ਇਥੇ ਸੰਗੀਤ ਸਾਜ਼ਾਂ ਦਾ ਬਾਜ਼ਾਰ ਸੀ ਜੋ ਦੁਕਾਨਾਂ ਦੇ ਬਾਹਰ ਟੰਗੇ ਹੋਏ ਦਿਸ ਰਹੇ ਸਨ। ਸੱਜੇ ਪਾਸੇ ਤਿੰਨ ਵੱਡੇ ਰੈਸਟੋਰੈਂਟ ਸਨ ਅਤੇ ਉਨ੍ਹਾਂ ਦੀਆਂ ਰਸੋਈਆਂ ਸੜਕ ਤੱਕ ਫੈਲੀਆਂ ਹੋਈਆਂ ਸਨ। ਰੈਸਟੋਰੈਂਟਾਂ ਦੇ ਬਾਹਰ ਗਾਂ ਅਤੇ ਮੁਰਗੇ ਦਾ ਕੱਚਾ ਮਾਸ ਲਟਕ ਰਿਹਾ ਸੀ। ਵੱਡੇ-ਵੱਡੇ ਖਾਣਾ ਪਕਾਉਣ ਵਾਲੇ ਚੁਲ੍ਹੇ ਅਤੇ ਥੜ੍ਹਿਆਂ ਤੇ ਪਿਆ ਬਣਿਆਂ ਅਤੇ ਕੱਚਾ ਭੋਜਨ ਇਸ ਚੌਂਕ ਦਾ ਵੱਖਰਾ ਹੀ ਨਜ਼ਾਰਾ ਬੰਨ੍ਹ ਰਿਹਾ ਸੀ।

ਮੈਨੂੰ ਦੋ ਵਾਰੀ ਸ਼ਾਹਿਦਾ ਦਾ ਘਰ ਪੁੱਛਣਾ ਪਿਆ। ਪਹਿਲਾਂ ਮੈਨੂੰ ਇਕ ਨੌਜਵਾਨ ਨੇ ਦੱਸਿਆ ਕਿ ਮੈਂ ਅਗਲੇ ਚੌਂਕ ਤੱਕ ਚਲੀ ਜਾਵਾਂ ਤੇ ਉੱਥੇ ਫੇਰ ਪੁੱਛ ਲਵਾਂ। ਉੱਥੇ ਜਾ ਕੇ ਫੇਰ ਮੈਂ ਇਕ ਮੋਟੇ ਜਿਹੇ ਬੁੱਢੇ ਤੋਂ ਸ਼ਾਹਿਦਾ ਦਾ ਪਤਾ ਪੁੱਛਿਆ ਜਿਸਨੇ ਲੁੰਗੀ ਲਾਈ ਹੋਈ ਸੀ ਪਰ ਕੁਰਤਾ ਨਹੀਂ ਪਾਇਆ ਹੋਇਆ ਸੀ। ਉਸ ਨੇ ਮੈਨੂੰ ਕਾਰ ਕਿਨਾਰੇ ਤੇ ਖੜ੍ਹੀ ਕਰਕੇ ਆਪਣੇ ਨਾਲ ਇਕ ਭੀੜੀ ਜਿਹੀ ਗਲੀ ਵਿਚ ਆਉਣ ਦਾ ਇਸ਼ਾਰਾ ਕੀਤਾ ਜਿਸ ਦੇ ਬਾਹਰ ਹੈਦਰੀ ਸਟਰੀਟ ਲਿਖਿਆ ਹੋਇਆ ਸੀ। ਸ਼ਾਹਿਦਾ ਉਸੇ ਗਲੀ ਵਿਚ ਰਹਿੰਦੀ ਸੀ।

ਮੈਂ ਉਸ ਦੇ ਘਰ ਦੇ ਖੁੱਲ੍ਹੇ ਬੂਹੇ ਵਿਚੋਂ ਅੰਦਰ ਵੜ ਗਈ। ਅੰਦਰ ਸਲਵਾਰ-ਕਮੀਜ਼ ਪਾਈ ਇਕ ਦਸ ਕੁ ਸਾਲ ਦਾ ਮੁੰਡਾ ਨੰਗੇ ਪੈਰੀਂ ਫਿਰ ਰਿਹਾ ਸੀ। ਇਹ ਪਤਾ ਕਰਕੇ ਕਿ ਮੈਂ ਠੀਕ ਥਾਂ ਆਈ ਹਾਂ, ਮੈਂ ਸ਼ਾਹਿਦਾ ਬਾਰੇ ਪੁੱਛਿਆ ਅਤੇ ਮੈਨੂੰ ਅੰਦਰ ਸੱਦ ਲਿਆ ਗਿਆ। ਕਈ ਮੰਜ਼ਿਲੀ ਇਮਾਰਤ ਦੇ ਵਿਚਾਲੇ ਇਕ ਡੂੰਘੇ ਜਿਹੇ ਵਿਹੜੇ ਨੂੰ ਇਕ ਭੀੜਾ ਜਿਹਾ ਰਾਹ ਜਾਂਦਾ ਸੀ। ਮੇਰੇ ਸਾਮ੍ਹਣੇ ਵਿਹੜੇ ਤੋਂ ਪਾਰ ਨਿੱਕੇ-ਨਿੱਕੇ ਕਮਰਿਆਂ ਦੀ ਕਤਾਰ ਸੀ ਪਰ ਬੱਚੇ ਨੇ ਮੈਨੂੰ ਆਖਿਆ ਕਿ ਆਪਣੇ ਖੱਬੇ ਹੱਥ ਦੇ ਚੰਗੇ ਚਾਨਣੇ ਕਮਰੇ ਵਿਚ ਮੈਂ ਬੈਠ ਜਾਵਾਂ। ਇਹ ਕਮਰਾ ਕਰੀਬ 15 ਵਰਗ ਫੁੱਟ ਦਾ ਸੀ ਅਤੇ ਇਸ ਦੇ ਫਰਸ਼ ਤੇ ਚਾਂਦਨੀ ਵਿਛੀ ਹੋਈ ਸੀ ਅਤੇ ਇਕ ਸੋਫਾ ਸੈੱਟ ਪਿਆ ਸੀ। ਇਕ ਪਾਸੇ ਹਾਰਮੋਨੀਅਮ ਅਤੇ ਤਬਲਾ ਰੱਖੇ ਹੋਏ ਸਨ। ਬਾਹਰੋਂ ਆਉਂਦਾ ਸ਼ੋਰ ਦੱਸ ਰਿਹਾ ਸੀ ਕਿ ਚਿੱਟੇ ਲੱਕੜੀ ਦੇ ਪੱਲਿਆਂ ਵਾਲਾ ਬੂਹਾ ਗਲੀ ਵਿਚ ਖੁਲ੍ਹਦਾ ਹੈ ਅਤੇ ਮੈਂ ਕਹਿ ਸਕਦੀ ਸੀ ਕ ਇਹ ਕੋਠਾ ਹੈ।

ਸ਼ਾਹਿਦਾ ਆਈ ਤੇ ਸਨੇਹ ਨਾਲ ਮੈਨੂੰ ਜੀ ਆਇਆਂ ਆਖਦੀ ਨੇ ਕੁਝ ਨਾਸ਼ਤਾ ਪੇਸ਼ ਕੀਤਾ। ਸ਼ਾਇਦ ਉਹ ਸੋਚ ਰਹੀ ਸੀ ਕਿ ਮੈਂ ਉਹਨੂੰ ਕਿਸੇ ਸਮਾਗਮ ਵਾਸਤੇ ਸੱਦਣ ਆਈ ਹਾਂ ਇਸ ਲਈ ਮੈਂ ਫੌਰਨ ਆਪਣੀ ਖੋਜ ਬਾਰੇ ਗੱਲ ਸ਼ੁਰੂ ਕਰ ਦਿੱਤੀ। ਮੈਂ ਆਪਣਾ ਮਕਸਦ ਬਿਆਨ ਕੀਤਾ ਅਤੇ ਪੂਰੀ ਕੋਸ਼ਿਸ਼ ਨਾਲ ਕਿ ਉਹ ਘਬਰਾ ਨਾ ਜਾਵੇ, ਮੈਂ ਫੋਰਨ ਸ਼ੁਰੂ ਕਰ ਦਿੱਤਾ ਕਿ ਜਿਸਮਫਰੋਸ਼ੀ ਦੇ ਭੇੜ ਬਾਰੇ ਜਾਣਕਾਰੀ ਇਕੱਠੀ ਕਰਨੀ ਮੇਰੀ ਕਿਸੇ ਇਖ਼ਲਾਕੀ ਤਾਂਘ ਜਾਂ ਉਨ੍ਹਾਂ ਲੋਕਾਂ ਬਾਰੇ ਕੋਈ ਨਿਰਣਾ ਦੇਣ ਦੀ ਭਾਵਨਾ ਕਾਰਨ ਨਹੀਂ ਹੈ। ਮੇਰਾ ਮੰਤਵ ਤਾਂ ਸਿਰਫ ਇਹ ਸਮਝਣਾ ਸੀ ਕਿ ਇਸ ਮੁਹੱਲੇ ਦੇ ਲੋਕ ਕਿਵੇਂ ਰਹਿੰਦੇ ਹਨ, ਕਿਵੇਂ ਅੰਤਰਕਿਰਿਆ ਕਰਦੇ ਹਨ, ਆਪਣੇ ਗਾਹਕਾਂ ਨਾਲ ਕਿਵੇਂ ਵਿਹਾਰ ਕਰਦੇ ਹਨ ਤੇ ਆਪਣੇ ਸੰਗੀਤ ਨੂੰ ਪ੍ਰਮੋਟ ਕਰਦੇ ਹਨ।

ਮੈਂ ਸ਼ਾਹਿਦਾ ਤੋਂ ਬੁਨਿਆਦੀ ਜਾਣਕਾਰੀ ਹਾਸਲ ਕਰਨਾ ਚਾਹੁੰਦੀ ਸੀ ਪਰ ਕਿਸਮਤ ਇੱਦਾਂ ਦੀ ਨਹੀਂ ਸੀ। ਮੇਰੇ ਬਿਹਤਰੀਨ ਕਸਬੀ ਢੰਗ ਦੇ ਬਾਵਜੂਦ ਉਹਨੇ ਜਿਸਮਫਰੋਸ਼ੀ ਬਾਰੇ ਕੁਝ ਵੀ ਮੰਨਣ ਤੋਂ ਕੋਰਾ ਇਨਕਾਰ ਕਰ ਦਿੱਤਾ। ਮੈਂ ਉਹਨੂੰ ਦੱਸਿਆ ਕਿ ਉਹਦੇ ਜੀਵਨ ਬਾਰੇ ਅਧਿਐਨ ਕਰਨ ਦੀ ਕਤਈ ਮੇਰੀ ਨੀਅਤ ਨਹੀਂ ਪਰ ਇਸ ਨੀਮ ਸੱਭਿਆਚਾਰ ਨੂੰ ਸਮਝਣ ਲਈ ਮੈਨੂੰ ਉਸਦੀ ਸਹਾਇਤਾ ਦੀ ਲੋੜ ਹੈ। ਉਸ ਨੇ ਕਿਹਾ ਕਿ ਸਿਰਫ ਗਾਉਣ ਉੱਤੇ ਪੂਰਾ ਧਿਆਨ ਦੇਣ ਲਈ ਉਸਦੀ ਮਾਂ ਨੇ ਜਿਸਮਫਰੋਸ਼ੀ ਛੱਡ ਦਿੱਤੀ ਹੈ। ਸ਼ਾਹਿਦਾ ਵੀ ਉਸੇ ਰਾਹ ਤੇ ਤੁਰਦੀ ਰਹੀ ਅਤੇ ਉਸਨੇ ਵੀ ਗੀਤਕਾਰ ਵੱਜੋਂ ਆਪਣੀ ਹੈਸੀਅਤ ਬਣਾ ਲਈ। ਉਹਨੇ ਦੱਸਿਆ ਕਿ ਉਹ ਮੁਹੱਲੇ ਵਿਚ ਇਸ ਕਰਕੇ ਰਹਿ ਰਹੀ ਹੈ ਕਿਉਂਕਿ ਇਹ ਘਰ ਉਨ੍ਹਾਂ ਦੀ ਪਰਿਵਾਰਕ ਮਲਕੀਅਤ ਹੈ ਅਤੇ ਉਸ ਨੇ ਇਹ ਵੇਚਣਾ ਨਾ ਚਾਹਿਆ। ਮੈਂ ਉਹਨੂੰ ਦੱਸਿਆ ਕਿ ਜਦੋਂ ਤੱਕ ਮੇਰੇ ਹੋਰ ਸੰਪਰਕ ਨਹੀਂ ਬਣ ਜਾਂਦੇ ਮੈਂ ਉਸ ਦੇ ਘਰ ਆ ਕੇ ਸਮਾਂ ਬਤੀਤ ਕਰਨਾ ਚਾਹਾਂਗੀ। ਉਸ ਨੇ ਮੇਰੇ ਇੱਥੇ ਆਉਂਦੇ ਰਹਿਣ ਬਾਰੇ ਖੁਸ਼ੀ ਪ੍ਰਗਟਾਈ ਅਤੇ ਭਰੋਸਾ ਦਿੱਤਾ ਕਿ ਉਹ ਮੇਰੀ ਹੋਰ ਲੋਕਾ ਨਾਲ ਵੀ ਵਾਕਫ਼ੀਅਤ ਕਰਵਾਏਗੀ ਜੋ ਵਧੇਰੇ ਖੁਲ੍ਹ ਕੇ ਗੱਲ ਕਰ ਸਕਦੇ ਹੋਣ।

ਅਗਲੇ ਕੁਝ ਦਿਨਾਂ ਵਿਚ ਮੈਂ ਅਕਸਰ ਉਹਦੇ ਕੋਲ ਜਾਂਦੀ ਰਹੀ ਅਤੇ ਹਰ ਵਾਰੀ ਉਹ ਕੁਝ ਲੋਕਾਂ ਨਾਲ ਮੇਰੀ ਵਾਕਫ਼ੀ ਕਰਵਾਉਂਦੀ ਰਹੀ। ਇਕ ਦਿਨ ਮੈਂ ਟਾਇਲਟ ਜਾਣ ਦੀ ਇੱਛਾ ਪ੍ਰਗਟ ਕੀਤੀ ਤਾਂ ਸ਼ਾਹਿਦਾ ਨੇ ਇਕ ਕੁੜੀ ਨੂੰ ਮੈਨੂੰ ਵਿਹੜੇ ਵਿਚੋਂ ਬਾਹਰ ਲੈ ਜਾਣ ਲਈ ਕਿਹਾ ਜਿੱਥੇ ਪੇਸ਼ਾਬ ਦੀ ਮੁਸ਼ਕ ਆ ਰਹੀ ਸੀ। ਜਾਂਦੇ ਹੋਏ ਮੈਂ ਦੇਖਿਆ ਕਿ ਨੰਗਾ ਬੱਚਾ ਖੜ੍ਹਾ ਵਿਹੜੇ ਵਿਚੋਂ ਦੀ ਜਾਂਦੀ ਨਾਲੀ ਵਿਚ ਪੇਸ਼ਾਬ ਕਰ ਰਿਹਾ ਸੀ। ਕੁੜੀ ਮੈਨੂੰ ਕੁਝ ਲੱਕੜ ਦੀਆਂ ਤੰਗ ਜਿਹੀਆਂ ਪੌੜੀਆਂ ਚੜ੍ਹਾ ਕੇ ਲੈ ਗਈ ਜਿਹੜੀਆਂ ਉੱਤਲੀ ਮੰਜ਼ਿਲ ਤੇ ਜਾਣ ਵਾਲੀਆਂ ਨਹੀਂ ਸਨ ਲੱਗਦੀਆਂ। ਪੌੜੀਆਂ ਜਾ ਕੇ ਸਿੱਧੀਆਂ ਇਕ ਕਮਰੇ ਦੇ ਬੂਹੇ ਤੇ ਖਤਮ ਹੋ ਗਈਆਂ। ਜਦੋਂ ਮੈਂ ਅੰਦਰ ਵੜੀ ਤਾਂ ਮੈਨੂੰ ਆਪਣੀਆਂ ਅੱਖਾਂ ਤੇ ਵਿਸ਼ਵਾਸ ਨਾ ਹੋਇਆ। ਇਸ ਦਰਮਿਆਨੇ ਕਮਰੇ ਵਿਚ ਕੰਧਾਂ ਅਤੇ ਛੱਤ ਤੇ ਸ਼ੀਸ਼ੇ ਲੱਗੇ ਹੋਏ ਸਨ, ਇਕ ਵੱਡਾ ਖੁਦਿਆ ਹੋਇਆ ਪ੍ਰਾਚੀਨ ਸ਼ਾਹੀ ਢੰਗ ਬੈੱਡ ਵਿਛਿਆ ਹੋਇਆ ਸੀ ਅਤੇ ਨਾਲ ਹੀ ਕਮਰੇ ਵਿਚ ਟੈਲੀਵਿਜ਼ਨ, ਵੀਡੀਉ ਪਲੇਅਰ ਅਤੇ ਫਰਿੱਜ ਪਿਆ ਸੀ। ਪੂਰੀ ਤਰ੍ਹਾਂ ਕਾਲੀਨ ਨਾਲ ਢਕੇ ਫਰਸ਼ ਵਾਲਾ ਇਹ ਕਮਰਾ ਪੂਰਾ ਆਧੁਨਿਕ ਸੀ ਪਰ ਧੂੜ ਇਸ ਤੇ ਇਸ ਤਰ੍ਹਾਂ ਜਮੀ ਹੋਈ ਸੀ ਜਿਵੇਂ ਕਿ ਇਹ ਬੜੀ ਦੇਰ ਤੋਂ ਵਰਤਿਆ ਨਾ ਗਿਆ ਹੋਵੇ। ਇਸ ਸੁੰਦਰ ਬੈੱਡਰੂਮ ਨਾਲ ਜੁੜਿਆ ਵਾਸ਼ਰੂਮ ਪੂਰਾ ਟਾਈਲਾਂ ਨਾਲ ਮੜ੍ਹਿਆ ਹੋਇਆ ਸੀ ਅਤੇ ਇਸ ਵਿਚ ਆਧੁਨਿਕ ਨਾਭੀ ਰੰਗ ਦਾ ਕਮੋਡ ਫਿੱਟ ਸੀ; ਪਰ ਹਰ ਪਾਸੇ ਧੂੜ ਜਮੀ ਹੋਈ ਸੀ। ਨਿਸ਼ਚੇ ਹੀ ਇਹਦੇ ਪਿੱਛੇ ਕੋਈ ਦਿਲਚਸਪ ਕਹਾਣੀ ਛੁਪੀ ਹੋਈ ਸੀ ਪਰ ਸ਼ਾਹਿਦਾ ਨੇ ਇਹ ਕਦੇ ਨਾ ਦੱਸੀ।

ਇਕ ਰਾਤ ਮੈਂ ਦਸ ਕੁ ਵਜੇ ਸ਼ਾਹਿਦਾ ਕੋਲ ਪੁੱਜੀ। ਮੇਰੀ ਯੋਜਨਾ ਉੱਥੇ ਹੀ ਰੁਕ ਕੇ ਮੁਹੱਲੇ ਦੀਆਂ ਹਲਚਲਾਂ ਵੇਖਣ ਦੀ ਸੀ। ਮੈਂ ਸ਼ਾਹਿਦਾ ਨਾਲ ਬੈਠੀ ਸੀ ਜਦੋਂ ਦੋ ਨੌਜਵਾਨ ਕੁੜੀਆਂ ਆਈਆਂ ਤਾਂ ਸ਼ਾਹਿਦਾ ਨੇ ਦੱਸਿਆ ਕਿ ਉਹਨੇ ਇਕ ਕਮਰਾ ਉਨ੍ਹਾਂ ਨੂੰ ਸ਼ਾਮਾਂ ਨੂੰ 'ਕੋਠੇ' ਵੱਜੋਂ ਵਰਤਣ ਲਈ ਦਿੱਤਾ ਹੋਇਆ ਹੈ। ਮੈਂ ਉਹਨੂੰ ਪੁੱਛਿਆ ਕਿ ਕੀ ਉਹ ਇਸ ਦਾ ਕਿਰਾਇਆ ਲੈਂਦੀ

ਹੈ ਤਾਂ ਉਹਨੇ ਬੜਾ ਘੁਮਾ ਫਿਰਾ ਕੇ ਸਪਸ਼ਟ ਕੀਤਾ ਕਿ ਕਿਉਂਕਿ ਉਹਨੂੰ ਸੰਗੀਤ ਤੋਂ ਐਨੀ ਆਮਦਨ ਨਹੀਂ ਹੈ ਕਿ ਗੁਜ਼ਾਰਾ ਹੋ ਸਕੇ ਇਸ ਲਈ ਉਹ ਇਨ੍ਹਾਂ ਦੀ ਕਮਾਈ ਵਿਚੋਂ ਕੁਝ ਹਿੱਸਾ ਲੈਂਦੀ ਹੈ। ਉਹਨੇ ਸਾਰੇ ਸਿਲਸਿਲੇ ਦਾ ਵੇਰਵਾ ਤਾਂ ਨਹੀਂ ਦਿੱਤਾ ਪਰ ਬਾਦ ਵਿਚ ਮੈਨੂੰ ਪਤਾ ਲੱਗਾ ਕਿ ਮੁਜਰੇ ਦੀ ਸਾਰੀ ਆਮਦਨ ਸੰਗੀਤਕਾਰਾਂ, ਨਾਚੀਆਂ ਅਤੇ ਥਾਂ ਮੁਹੱਈਆਂ ਕਰਨ ਵਾਲਿਆਂ ਵਿਚਕਾਰ ਇਕ ਖਾਸ ਨਿਰਧਾਰਤ ਸਿਲਸਿਲੇ ਤਹਿਤ ਵੰਡੀ ਜਾਂਦੀ ਹੈ। ਜਿਸਮਫਰੋਸ਼ੀ ਨਾਲ ਸਬੰਧਤ ਕਿਸੇ ਵੀ ਚੀਜ਼ ਬਾਰੇ ਸ਼ਾਹਿਦਾ ਵੱਲੋਂ ਗੱਲ ਕਰਨ ਦੇ ਵਿਰੋਧ ਨੂੰ ਜਾਣਦਿਆਂ ਮੈਂ ਇਹ ਗੱਲ ਉੱਥੇ ਹੀ ਛੱਡ ਦਿੱਤੀ।

ਅਗਲੇ ਦਿਨ ਸ਼ਾਹਿਦਾ ਨੇ ਮੇਰੀ ਮੁਲਾਕਾਤ ਪੰਜਾਹ ਦੇ ਨੇੜੇ ਢੁੱਕਣ ਵਾਲੀ ਇਕ ਭਾਰੀ ਜਿਹੀ ਔਰਤ ਸ਼ਕੀਰਾ ਨਾਲ ਕਰਵਾਈ। ਸ਼ਕੀਰਾ ਮੈਨੂੰ ਆਪਣੇ ਘਰ ਲੈ ਗਈ ਜਿੱਥੇ ਉਹਨੇ ਮੈਨੂੰ ਆਪਣੇ ਪਰਿਵਾਰ ਦੀ ਪਾਕੀਜ਼ਗੀ ਦੀਆਂ ਢੇਰ ਸਾਰੀਆਂ ਕਹਾਣੀਆਂ ਸੁਣਾਈਆਂ। ਉਹਨੇ ਮਾਫੀ ਮੰਗੀ ਕਿ ਮੈਂ ਉਹਦੀ ਕਿਸੇ ਵੀ ਕੁੜੀ ਨੂੰ ਨਹੀਂ ਮਿਲ ਸਕੀ ਕਿਉਂਕਿ ਉਹ ਕੁਰਾਨ ਦਾ ਪਾਠ ਕਰ ਰਹੀਆਂ ਸਨ ਅਤੇ ਉਹ ਉਨ੍ਹਾਂ ਦੇ ਕੰਮ ਵਿਚ ਖਲਲ ਨਹੀਂ ਪਾਉਣਾ ਚਾਹੁੰਦੀ। ਉਹਨੇ ਦਾਅਵਾ ਕੀਤਾ ਕਿ ਉਹ ਦਰਗਾਹ ਵਿਚ ਆਪਣੇ ਸਾਰੇ ਟੱਬਰ ਨਾਲੋਂ ਵੱਧ ਨਿਆਜ਼ ਪੇਸ਼ ਕਰਦੀ ਹੈ ਅਤੇ ਪਿਛਲੇ ਹਫਤੇ ਹੀ ਉਹਨੇ ਦਾਤਾ ਸਾਹਬ ਦੀ ਦਰਗਾਹ ਤੇ ਦੋ ਦੇਗਾਂ ਖਾਣੇ ਦੀਆਂ ਚੜ੍ਹਾਈਆਂ ਹਨ। ਸ਼ਕੀਰਾ ਨੇ ਮੈਨੂੰ ਇਹ ਜਤਾਉਣ ਲਈ ਪੂਰਾ ਜ਼ੋਰ ਲਾ ਦਿੱਤਾ ਕਿ ਉਹਦਾ ਪਰਿਵਾਰ ਇਸਲਾਮ ਦੇ ਸ਼ੀਆ ਮਤ ਵਿਚੋਂ ਹੈ ਅਤੇ ਹਰ ਸਾਲ ਮੁਹੱਰਮ ਦੇ ਪੂਰੇ ਚਾਲੀ ਦਿਨ ਸ਼ੋਕ ਮਨਾਉਂਦਾ ਹੈ ਇਸ ਲਈ ਉਹ ਕਦੀ ਵੀ ਜਿਸਮਫਰੋਸ਼ੀ ਦੇ ਧੰਦੇ ਵੱਲ ਵੇਖਦਾ ਤੱਕ ਨਹੀਂ ਅਤੇ ਸਿਰਫ ਮੁਜਰਾ ਪੇਸ਼ ਕਰਦਾ ਹੈ।

ਹਾਲਾਂਕਿ ਇਸ ਮੁਲਾਕਾਤ ਵਿਚੋਂ ਨਿੱਕਲਿਆ ਕੁਝ ਨਾ ਪਰ ਜਿੱਥੋਂ ਤੱਕ ਤਾਲਮੇਲ ਅਤੇ ਵਿਸ਼ਵਾਸ ਵਧਾਉਣ ਦਾ ਤਾਅਲੁਕ ਹੈ ਇਹ ਬੜਾ ਅਮੁੱਲ ਸੀ ਕਿਉਂਕਿ ਮੈਂ ਇਹ ਜਾਣ ਸਕੀ ਕਿ ਮੁਹੱਲੇ ਵਿਚ ਜਿਸਮਫਰੋਸ਼ੀ ਦੀ ਹੋਂਦ ਮੰਨਣ ਵਿਚ ਝਿਜਕਣਾ ਸ਼ਾਹਿਦਾ ਤੋਂ ਵੀ ਕਾਫੀ ਅੱਗੇ ਤੱਕ ਫੈਲਿਆ ਹੋਇਆ ਹੈ। ਇਸ ਦੇ ਨਾਲ ਨਾਲ, ਧਾਰਮਕ ਦਿਖਾਵਾ ਕਾਇਮ ਰੱਖਣ ਦੀ ਪ੍ਰਤੱਖ ਲੋੜ ਵਿਸ਼ਾਲ ਪਾਕਿਸਤਾਨੀ ਸਮਾਜ ਵੱਲੋਂ ਉਨ੍ਹਾਂ ਦੇ ਨੀਮ-ਸੱਭਿਆਚਾਰ ਨਾਲ ਜੁੜੇ ਕਲੰਕ ਤੋਂ ਬਚਣ ਦੀ ਇੱਛਾ ਵਿਚੋਂ ਪੈਦਾ ਹੋਈ ਲੱਗਦੀ ਹੈ।

ਗੁੰਝਲਦਾਰ ਰੀਤਾਂ ਅਤੇ ਰਵਾਇਤਾਂ ਦੇ ਇਕ ਸਿਲਸਿਲੇ ਰਾਹੀਂ ਕਾਮ ਸੇਵਾਵਾਂ ਮੁਹੱਈਆਂ ਕਰਨ ਦਾ ਅਮਲ ਪਹਿਲਾਂ ਇਕ ਖੁਲ੍ਹਾ ਭੇਤ ਸੀ। ਸੰਗੀਤ ਅਤੇ ਨਾਚ ਸਦਾ ਇਸ ਦਾ ਹਿੱਸਾ ਰਹੇ ਅਤੇ ਇਸ ਸਮੁੱਚੇ ਪ੍ਰਬੰਧ ਦਾ ਥੰਮ੍ਹ ਖੁਸ਼ਹਾਲ ਉੱਚ ਵਰਗ ਸੀ। ਪਾਕਿਸਤਾਨ ਆਜ਼ਾਦ ਹੋਣ ਤੋਂ ਬਾਦ ਜਦੋਂ ਜਿਸਮਫਰੋਸ਼ੀ ਤੇ ਪਾਬੰਦੀ ਲਾਈ ਗਈ ਤਾਂ ਦਰਬਾਰੀ ਕਲਾਕਾਰਾਂ ਨੂੰ ਅਚਾਨਕ ਕਹਿ ਦਿੱਤਾ ਗਿਆ ਸੀ ਕਿ ਉਹ ਕਾਨੂੰਨਨ ਤੌਰ ਤੇ ਮੁਜਰਾ ਕਰ ਸਕਦੇ ਹਨ। ਹਾਲਾਂਕਿ ਹਰ ਕਿਸੇ ਨੂੰ ਪਤਾ ਸੀ ਕਿ ਉਨ੍ਹਾਂ ਦਾ ਦੂਜਾ ਧੰਦਾ ਬੇਰੋਕ ਚੱਲ ਰਿਹਾ ਸੀ, ਪਰ ਔਰਤਾਂ ਆਪਣੇ ਧੰਦੇ ਦਾ ਇਹ ਪੱਖ ਛੁਪਾਉਣ ਲੱਗ ਪਈਆਂ। ਪਿੱਛੇ ਸਾਰੇ ਦੱਖਣੀ ਏਸ਼ੀਆਈ ਤਟੀ ਸ਼ਹਿਰਾਂ ਦੇ ਚੱਕਲਿਆਂ ਵਿਚਲੀਆਂ ਆਮ ਜਿਸਮਫਰੋਸ਼ ਔਰਤਾਂ ਅਤੇ ਵਧੇਰੇ ਸੱਭਿਆਚਾਰਕ ਪ੍ਰਸੰਗ, ਜੋ ਪੇਸ਼ਕਾਰੀ

ਕਲਾਵਾਂ ਨਾਲ ਨੇੜਿਉਂ ਜੁੜੇ ਹੋਏ ਸਨ, ਵਿਚਕਾਰ ਸਪਸ਼ਟ ਵਖਰੇਵਾਂ ਮੌਜੂਦ ਸੀ। ਕਿਉਂਕਿ ਇਹ ਦਰਬਾਰੀ ਢੰਗ ਦੇ ਲੋਕ ਆਪਣੇ ਗਾਹਕਾਂ ਪ੍ਰਤਿ ਵਿਸ਼ੇਸ਼ ਧਿਆਨ ਰੱਖਦੇ ਸਨ ਅਤੇ ਕਈ ਵਿਅਕਤੀਆਂ ਨਾਲ ਤਾਂ ਇਨ੍ਹਾਂ ਔਰਤਾ ਦੇ ਦੀਰਘ-ਕਾਲੀ ਸਬੰਧ ਕਾਇਮ ਰਹਿੰਦੇ ਸਨ ਇਸ ਲਈ ਇਨ੍ਹਾਂ ਦੇ ਸਬੰਧਾਂ ਨੂੰ ਆਦਰਯੋਗ ਸਮਝਿਆ ਜਾਂਦਾ ਸੀ। ਪਰ ਹੁਣ ਸਾਰੇ ਹੀ ਸੈਕਸ ਵਰਕਰਾਂ ਨੂੰ ਇਕੋ ਨਿੱਘਰੀ ਜਮਾਤ ਨਾਲ ਜੋੜ ਦਿੱਤਾ ਜਾਂਦਾ ਹੈ।

ਮੇਰੀ ਜਾਣਕਾਰੀ ਅਨੁਸਾਰ ਦੱਖਣੀ ਏਸ਼ੀਆਂ ਤੋਂ ਬਾਹਰ ਦੀ ਬਰਾਬਰ ਦੀ ਇਕੋ ਮਿਸਾਲ ਜਪਾਨੀ ਗੀਸ਼ੇ ਹਨ। ਚਿੱਤਰਕਾਰੀ, ਸੰਗੀਤ ਅਤੇ ਗਾਣੇ ਦੀ ਪੂਰੀ ਸਿਖਲਾਈ ਵਾਲੇ ਗੀਸ਼ੇ ਬੰਦਿਆਂ ਨੂੰ ਦੀਰਘ ਜਾਂ ਅਲਪ-ਕਾਲੀ ਸਬੰਧਾਂ ਲਈ ਵੀ ਉਪਲਬਧ ਹੁੰਦੇ ਹਨ। ਲੰਮੀ ਪਰੰਪਰਾ ਕਾਰਨ ਗਾਹਕਾਂ ਦਾ ਇਕ ਵਿਸ਼ੇਸ਼ ਮਿਆਰ ਵੀ ਕਾਇਮ ਰੱਖਿਆ ਜਾਦਾ ਹੈ। ਸਿਰਫ ਇਕੋ ਗਾਹਕ ਲਈ ਪ੍ਰਤਿਬੱਧ ਗੀਸ਼ੇ ਨੂੰ ਦੱਨਾ ਕਿਹਾ ਜਾਂਦਾ ਹੈ ਅਤੇ ਦੀਰਘ-ਕਾਲੀ ਸਬੰਧ ਰੱਖਣ ਵਾਲੀ ਔਰਤ ਕਿਸੇ ਹੋਰ ਗਾਹਕ ਨੂੰ ਨਹੀਂ ਭੁਗਤਾਉਂਦੀ। ਇਸੇ ਤਰ੍ਹਾਂ ਦੱਖਣੀ ਏਸ਼ੀਆਈ ਰਵਾਇਤ ਵੀ ਇਹੀ ਸੀ ਕਿ ਇਕ ਤਵਾਇਫ਼, ਜੋ ਦੀਰਘ-ਕਾਲੀ ਸਬੰਧ ਪੁਗਾਉਂਦੀ ਸੀ, ਉਹ ਇਕੋ ਉਸੇ ਬੰਦੇ ਨਾਲ ਸਬੰਧ ਰੱਖਣ ਅਤੇ ਜਿਨਸੀ ਸੇਵਾ ਕਰਨ ਲਈ ਪਾਬੰਦ ਹੁੰਦੀ ਸੀ। ਬੰਦਿਆਂ ਨੂੰ ਜਿਨਸੀ ਸੇਵਾਵਾਂ ਮੁਹੱਈਆਂ ਕਰਨ ਵਾਲੀ ਕਿਸੇ ਵੀ ਔਰਤ ਨੂੰ, ਭਾਵੇਂ ਉਹ ਕੂਚਿਆਂ ਤੋਂ ਬਾਹਰ ਦੀ ਜਿਸਮਫਰੋਸ਼ ਹੋਵੇ ਜਾਂ ਦੀਰਘ-ਕਾਲੀ ਸਬੰਧ ਸਥਾਪਤ ਰੱਖਣ ਵਾਲੀ ਰਖੇਲ ਹੋਵੇ ਉਸ ਲਈ ਬਿਨਾ ਕਿਸੇ ਵਿਤਕਰੇ ਦੇ ਸ਼ਬਦ 'ਜਿਸਮਫਰੋਸ਼' ਵਰਤਣਾ ਇਕ ਨਵਾਂ ਵਰਤਾਰਾ ਹੈ। ਦਰਬਾਰੀਆਂ ਤੋਂ ਲੈ ਕੇ ਗਲੀਆਂ ਤੱਕ ਦੀਆਂ ਸੈਕਸ ਵਰਕਰਾਂ ਨੂੰ ਪਰਿਭਾਸ਼ਤ ਕਰਨ ਵਾਸਤੇ ਵਿਸਤ੍ਰਿਤ ਲੜੀ ਦੇ ਨਿਸ਼ਚਿਤ ਵੰਸ਼ਕਾਲ ਅਨੁਸਾਰ ਸ਼ਬਦਾਂ ਦੀ ਵਰਤੋਂ ਰਾਹੀਂ ਦੱਖਣੀ ਏਸ਼ੀਆਈ ਭਾਸ਼ਾਵਾਂ ਵਿਚ ਇਨ੍ਹਾਂ ਦੀ ਸਪਸ਼ਟ ਪਛਾਣ ਦੱਸੀ ਜਾਂਦੀ ਹੈ।

ਸ਼ੁਰੂ ਵਿਚ ਮੈਂ ਮਹਿਸੂਸ ਕੀਤਾ ਸੀ ਕਿ ਆਪਣੇ ਪਹਿਲੇ ਸੰਪਰਕਾਂ ਨਾਲ ਦੋ ਕੁ ਹਫਤੇ ਹੀ ਤਾਲਮੇਲ-ਬਿਠਾਉਣ ਲਈ ਕਾਫੀ ਹੋਣਗੇ ਅਤੇ ਫੇਰ ਸਾਰੀ ਜਾਣਕਾਰੀ ਪ੍ਰਾਪਤ ਹੋਣੀ ਸ਼ੁਰੂ ਹੋ ਜਾਵੇਗੀ। ਆਪਣੇ ਲਈ ਨਿਰਧਾਰਤ ਸਮਾਂ-ਸੀਮਾ ਤੋਂ ਵੀ ਕਾਫੀ ਵੱਧ ਲੰਘ ਜਾਣ ਤੋਂ ਬਾਦ ਵੀ ਮੇਰੇ ਸਾਮ੍ਹਣੇ ਵਿਰੋਧ ਦੀ ਉਹੀ ਦੀਵਾਰ ਖੜ੍ਹੀ ਸੀ ਜਿਸ ਨੂੰ ਮੈਂ ਤੋੜ ਕੇ ਲੰਘ ਨਹੀਂ ਸਕੀ ਸਾਂ।

ਜਦੋਂ ਮੈਂ ਆਪਣੀ ਖੋਜ ਸ਼ੁਰੂ ਕੀਤੀ ਤਾਂ ਮੈਂ ਮੁਹੱਲੇ ਦੀਆਂ ਕੁਝ ਹੋਰ ਨਾਚੀਆਂ ਅਤੇ ਗਾਇਕਾਵਾਂ ਨਾਲ ਸੰਪਰਕ ਕੀਤਾ ਸੀ ਜਿਨ੍ਹਾਂ ਨੂੰ ਮੈਂ ਆਪਣੇ ਲੋਕ ਵਿਰਸਾ ਦੇ ਕੰਮ ਦੌਰਾਨ ਮਿਲੀ ਸਾਂ। ਮੈਂ ਉਨ੍ਹਾਂ ਨਾਲ ਤਾਲਮੇਲ ਵਧਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਕਸਬੀ ਜੀਵਨ ਬਾਰੇ ਗੱਲ ਕਰਨ ਤੋਂ ਪਿਛਾਂਹ ਹਟ ਗਈਆਂ ਕਿਉਂਕਿ ਜਿਸਮਫਰੋਸ਼ੀ ਨਾਲ ਸਮਾਜਕ ਮਨਾਹੀਆਂ ਜੁੜੀਆਂ ਹੋਈਆਂ ਸਨ। ਮੈਂ ਬਾਹਰੀ ਵਿਅਕਤੀ ਸਾਂ ਅਤੇ ਪਰਿਵਾਰ ਦੇ ਬਜ਼ੁਰਗ ਮੈਂਬਰ, ਖਾਸ ਤੌਰ ਤੇ ਔਰਤਾਂ, ਮੇਰੇ ਤੇ ਵਿਸ਼ਵਾਸ ਨਹੀਂ ਕਰਦੀਆਂ ਸਨ ਇਸ ਲਈ ਉਹ ਮੈਨੂੰ ਨੌਜਵਾਨ ਨਾਚੀਆਂ ਨਾਲ ਗੱਲ ਕਰਨ ਤੱਕ ਦਾ ਮੌਕਾ ਨਹੀਂ ਦਿੰਦੀਆਂ ਸਨ। ਉਨ੍ਹਾਂ ਨੂੰ ਉਸ ਬੜੀ ਹੀ ਗੰਭੀਰ ਹਾਲਤ ਬਾਰੇ ਚੰਗੀ ਤਰ੍ਹਾਂ ਪਤਾ ਸੀ ਜਿਸ ਵਿਚੋਂ ਜਿਸਮਫਰੋਸ਼ੀ ਦਾ ਧੰਦਾ ਗੁਜ਼ਰ ਰਿਹਾ ਸੀ। ਕਿਉਂਕਿ ਸਰਕਾਰੀ ਤੌਰ ਤੇ ਜਿਸਮਫਰੋਸ਼ੀ ਤੇ ਪਾਬੰਦੀ ਲੱਗੀ ਹੋਈ ਸੀ। ਇਸ ਕਾਰੋਬਾਰ

ਵਿਚ ਆਪਣੀ ਸ਼ਮੂਲੀਅਤ ਬਾਰੇ ਕਿਸੇ ਅਜਨਬੀ ਨਾਲ ਗੱਲ ਕਰਕੇ ਉਹ ਖੁਦ ਨੂੰ ਅਤੇ ਭਾਈਚਾਰੇ ਨੂੰ ਕਿਸੇ ਖਤਰੇ ਵਿਚ ਨਹੀਂ ਪਾਉਣਾ ਚਾਹੁੰਦੀਆਂ ਸਨ। ਇਨ੍ਹਾਂ ਜਾਇਜ਼ ਚਿੰਤਾਵਾਂ ਦੇ ਨਾਲ ਨਾਲ ਮੈਨੂੰ ਇਹ ਵੀ ਲੱਗਦਾ ਸੀ ਕਿ ਕਿਸੇ ਮੇਰੇ ਵਰਗੀ ਨਾਲ ਕੁੜੀਆਂ ਨੂੰ ਮਿਲਣ ਦੀ ਖੁੱਲ੍ਹ ਦੇਣਾ ਉਨ੍ਹਾਂ ਨੂੰ ਇਨ੍ਹਾਂ ਕੁੜੀਆ ਤੇ ਆਪਣਾ ਨਿਯੰਤ੍ਰਣ ਖੋ ਦੇਣਾ ਲੱਗਦਾ ਸੀ। ਇਹ ਉਨ੍ਹਾਂ ਵਾਸਤੇ ਬੜੇ ਜੋਖਮ ਵਾਲੀ ਗੱਲ ਸੀ, ਜਿਵੇਂ ਮੈਨੂੰ ਬਾਦ ਵਿਚ ਪਤਾ ਲੱਗਾ, ਕਿਉਂਕਿ ਉਨ੍ਹਾਂ ਦੀ ਹੋਂਦ ਦਾ ਦਾਰੋਮਦਾਰ ਇਨ੍ਹਾਂ ਨੌਜਵਾਨ ਜਿਸਮਫਰੋਸ਼ਾਂ ਉੱਤੇ ਲਗਾਤਾਰ ਨਿਯੰਤ੍ਰਣ ਰੱਖਣ ਉੱਤੇ ਹੀ ਸੀ।

ਮੇਰੀ ਤਜਵੀਜ਼ ਨੇ ਜੋ ਹਲਚਲ ਮਚਾ ਦਿੱਤੀ ਸੀ ਉਸ ਤੋਂ ਬਾਦ ਮੈਂ ਆਪਣਾ ਹੀ ਅਧਿਐਨ ਸ਼ੁਰੂ ਕਰਨ ਕਰਕੇ ਬਹੁਤ ਖੁਸ਼ ਸੀ ਅਤੇ ਪੂਰੇ ਇਰਾਦੇ ਵਿਚ ਸੀ ਕਿ ਜਦੋਂ ਤੱਕ ਮੇਰੇ ਮਨ ਵਿਚਲੇ ਸਵਾਲਾਂ ਦੇ ਜਵਾਬ ਨਹੀਂ ਮਿਲਦੇ ਮੈਂ ਯਤਨ ਜਾਰੀ ਰੱਖਾਂਗੀ। ਨਾ-ਕਾਮਯਾਬੀ ਨਾਲ ਸ਼ਾਹਿਦਾ ਪਰਵੀਨ ਅਤੇ ਕੁਝ ਹੋਰ ਗਾਇਕਾਵਾਂ ਅਤੇ ਨਾਚੀਆਂ ਮਗਰ ਫਿਰਨ ਤੋਂ ਬਾਦ ਮੈਂ ਫੈਸਲਾ ਕੀਤਾ ਕਿ ਆਂਕੜੇ ਜੁਟਾਉਣ ਲਈ ਮੈਨੂੰ ਕਿਸੇ ਨਵੀਂ ਰਣਨੀਤੀ ਦੀ ਲੋੜ ਪਏਗੀ।

# ਸ਼ਾਹੀ ਮੁਹੱਲੇ ਲਈ ਬਦਲਵਾਂ ਰਾਹ: ਸਾਜ਼ਿੰਦੇ

ਕਿਸੇ ਭਾਈਚਾਰੇ ਵਿਚ ਦਾਖਲ ਹੋਣ ਦਾ ਰਾਹ ਲੱਭ ਲੈਣਾ ਕਿਸੇ ਖੋਜਕਾਰ ਦਾ ਇਕ ਮਹੱਤਵਪੂਰਨ ਕਦਮ ਹੈ। ਸ਼ਾਹੀ ਮੁਹੱਲੇ ਵਿਚ ਮੇਰੀ ਨਾਚੀਆਂ ਅਤੇ ਸਾਜ਼ਿੰਦਿਆਂ ਰਾਹੀਂ ਪਹਿਲੀ ਪਹੁੰਚ ਦਾ ਵਿਰੋਧ ਹੋਇਆ ਇਸ ਕਰਕੇ ਮੈਂ ਹੋਰ ਰਣਨੀਤੀ ਵਰਤਣ ਦਾ ਫੈਸਲਾ ਕੀਤਾ। ਮੈਂ ਇਸ ਨੀਮ-ਸੱਭਿਆਚਾਰ ਦੇ ਨਿੱਖੜਵੇਂ ਅੰਗ, ਸਾਜ਼ਿੰਦਿਆਂ ਦੀ ਬਰਾਦਰੀ ਨੂੰ ਇਕ ਬਦਲਵੇਂ ਰਾਹ ਵਜੋਂ ਵਰਤਾਂਗੀ।

ਮੁਹੱਲੇ ਦੇ ਸਾਰੇ ਕਸਬੀ ਸੰਗੀਤਕਾਰ ਮਰਦ ਹਨ। ਉਨ੍ਹਾਂ ਦਾ ਬੁਨਿਆਦੀ ਕੰਮ ਕੋਠਿਆਂ ਵਿਚ ਨਾਚੀਆਂ ਲਈ ਸੰਗੀਤ ਦੇਣਾ ਹੈ। ਬਹੁਤੇ ਤਾਰ ਵਾਲੇ ਜਾਂ ਹਵਾ ਵਾਲੇ ਸਾਜ਼ ਵਰਤਦੇ ਹਨ, ਘਰ ਕਈ ਗੀਤ-ਸੰਗੀਤ ਬਣਾਉਣ, ਗਾਉਣ ਅਤੇ ਸਭ ਤੋਂ ਵਧ ਕੇ ਸਿਖਾਉਣ ਦਾ ਕੰਮ ਕਰਦੇ ਹਨ। ਜਿਸਮਫਰੋਸ਼ੀ ਨਾਲ ਐਨ ਸਿੱਧਾ ਸਬੰਧ ਨਾ ਹੁੰਦੇ ਹੋਏ ਵੀ ਉਹ ਜਿਸਮਫਰੋਸ਼ਾਂ ਦੇ ਨੇੜੇ ਰਹਿ ਕੇ ਕੰਮ ਕਰਦੇ ਹਨ।

ਮੁਹੱਲੇ ਦੇ ਬਹੁਤੇ ਸੰਗੀਤਕਾਰਾਂ ਦਾ ਸਬੰਧ ਮਿਰਾਸੀ ਜਾਤ ਨਾਲ ਹੈ। ਜਿਹੜੇ ਸੰਗੀਤਕਾਰ ਮਿਰਾਸੀ ਨਹੀਂ ਹੁੰਦੇ ਉਹ ਹੋਣ ਦਾ ਵਿਖਾਵਾ ਕਰਦੇ ਹਨ ਅਤੇ ਉਸੇ ਤਰ੍ਹਾਂ ਦਾ ਵਿਹਾਰ ਅਤੇ ਮੁੱਲ ਅਪਣਾ ਲੈਂਦੇ ਹਨ। ਮਿਰਾਸੀ ਸ਼ਬਦ ਮਿਰਾਸ ਤੋਂ ਬਣਿਆ ਹੈ ਜਿਸਦਾ ਅਰਥ ਹੈ ਕੁਲ। ਜਗੀਰਦਾਰੀ ਪ੍ਰਬੰਧ ਵਿਚ ਇਹ ਵਰਗ ਜਗੀਰੂ ਜਮਾਤ ਨਾਲ ਨੇੜਿਉਂ ਜੁੜਿਆ ਰਿਹਾ ਹੈ ਅਤੇ ਇਸ ਦੇ ਮੈਂਬਰ ਵੱਡੇ ਪਰਿਵਾਰਾਂ ਦੇ ਕੁਲ ਦੀ ਪੈੜ ਰੱਖਣ ਲਈ ਜ਼ਿੰਮੇਵਾਰ ਹੁੰਦੇ ਸਨ ਅਤੇ ਵਿਆਹਾਂ ਅਤੇ ਹੋਰ ਜਸ਼ਨਾਂ ਵੇਲੇ ਮਨੋਰੰਜਨ ਕਰਦੇ ਸਨ। ਖਾਸ ਮਿਰਾਸੀ ਪਰਿਵਾਰ ਵਿਭਿੰਨ ਜ਼ਿਮੀਂਦਾਰਾਂ ਨਾਲ ਜੁੜੇ ਹੁੰਦੇ ਸਨ ਅਤੇ ਜਗੀਰਦਾਰ ਦੀ ਹੈਸੀਅਤ ਅਤੇ ਧਨ ਮੁਤਾਬਕ ਉਨ੍ਹਾਂ ਨੂੰ ਇਵਜ਼ਾਨਾ ਮਿਲਦਾ ਸੀ।

ਮੈਂ ਮੁਹੱਲੇ ਵਿਚ ਰਹਿਣ ਵਾਲੇ ਸੰਗੀਤਕਾਰਾਂ ਦੇ ਕੁਝ ਪਤੇ ਲੈਣ ਲਈ ਲੋਕ ਵਿਰਸਾ ਵਿਚਲੇ ਆਪਣੇ ਕੁਝ ਦੋਸਤਾਂ ਨਾਲ ਸੰਪਰਕ ਕੀਤਾ। ਮੇਰੀ ਪਹਿਲੀ ਮੁਲਾਕਾਤ ਸੰਗੀਤਕਾਰਾਂ ਵਿਚੋਂ ਮੁਹੰਮਦ ਸਦੀਕ ਨਾਂ ਦੇ ਉਸਤਾਦ ਨਾਲ ਹੋਈ। ਮੈਂ ਉਸ ਨੂੰ ਲੋਕ ਮੰਚ ਵਿਚ ਔਰਤਾਂ ਬਾਰੇ ਆਪਣੇ ਖੋਜ ਕਾਰਜ ਦੇ ਪ੍ਰਸੰਗ ਵਿਚ ਪਹਿਲਾਂ ਵੀ ਕੁਝ ਚਿਰ ਲਈ ਮਿਲੀ ਸਾਂ। ਮੇਰੇ ਕੋਲ ਉਹਦਾ ਪਤਾ ਨਹੀਂ ਸੀ, ਪਰ ਉਹਦਾ ਨਾਂ ਹੋਣਾ ਹੀ ਕਾਫੀ ਸੀ। ਪਤੇ ਦੀ ਲੋੜ ਵੀ ਨਹੀਂ ਸੀ ਕਿਉਂਕਿ ਇਸ ਸੰਘਣੀ ਜਿਹੀ ਬਿਰਾਦਰੀ ਵਿਚ ਲੋਕ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ।

ਜਦੋਂ ਮੈਂ ਮੁਹੱਲੇ ਵਾਪਸ ਆਈ ਤਾਂ ਮੈਂ ਇਕ ਦੁਕਾਨਦਾਰ ਨੂੰ ਪੁੱਛਿਆ ਕਿ ਮੈਂ ਉਸਤਾਦ ਸਦੀਕ ਦੀ ਬੈਠਕ ਕਿਵੇਂ ਲੱਭਾਂ ਅਤੇ ਉਹਨੇ ਘਰ ਦੱਸਣ ਲਈ ਮੇਰੇ ਨਾਲ ਦੁਕਾਨ ਤੋਂ ਆਪਣਾ ਮੁੰਡਾ ਭੇਜ ਦਿੱਤਾ। ਮੁੰਡਾ ਮੈਨੂੰ ਮੁਹੱਲੇ ਦੇ ਮੁੱਖ ਬਾਜ਼ਾਰ ਵਿਚ ਲੈ ਗਿਆ। ਮੁੱਖ ਬਾਜ਼ਾਰ ਤੋਂ ਇਕ ਛੋਟਾ ਜਿਹਾ ਰਾਹ ਸਦੀਕ ਦੇ ਘਰ ਤੱਕ ਜਾਂਦਾ ਸੀ। ਮੈਂ ਬੂਹਾ ਖੜਕਾਇਆ ਅਤੇ ਕੋਈ ਉਂਨੀ ਕੁ ਸਾਲ ਦਾ ਦਾੜ੍ਹੀ ਵਾਲਾ ਨੌਜਵਾਨ, ਸਲਵਾਰ ਕਮੀਜ਼ ਪਹਿਨੀਂ, ਆਇਆ ਤੇ ਬੂਹਾ ਖੋਲ੍ਹਿਆ। ਮੈਂ

ਉਸਤਾਦ ਸਦੀਕ ਬਾਰੇ ਪੁੱਛਿਆ। ਇਕ ਨਵੇਂ ਜਿਹੇ ਮਹਿਮਾਨ ਨੂੰ ਵੇਖਕੇ ਭੁਚੱਕਾ ਹੋਇਆ ਉਹ ਅੰਦਰ ਗਿਆ ਤੇ ਜ਼ੋਰ ਜ਼ੋਰ ਨਾਲ ਹਾਕ ਮਾਰੀ 'ਉਸਤਾਦ! ਉਸਤਾਦ!' ਬਾਹਰ ਕੋਈ ਔਰਤ ਤੈਨੂੰ ਪੁੱਛ ਰਹੀ ਹੈ। ਅੱਧ-ਖੁਲ੍ਹੇ ਦਰਵਾਜ਼ੇ ਰਾਹੀਂ ਮੈਨੂੰ ਦੂਜੇ ਕਮਰੇ ਵਿਚ ਸਦੀਕ ਬੈਠਾ ਵਿਖਾਈ ਦੇ ਰਿਹਾ ਸੀ। ਉਹਨੇ ਸਿਰਫ ਸਲਵਾਰ ਪਾਈ ਹੋਈ ਸੀ। ਉਹਨੇ ਦਰਵਾਜ਼ੇ ਦੇ ਪਿੱਛੋਂ ਕਮੀਜ਼ ਲਾਹ ਕੇ ਪਾਈ ਅਤੇ ਬਾਹਰ ਆਇਆ। ਦਰਮਿਆਨੇ ਜਿਹੇ ਕੱਦ ਦੇ ਸਦੀਕ ਦੇ ਬਰੀਕ ਜਿਹੀਆਂ ਮੁੱਛਾਂ ਸਨ ਅਤੇ ਉਹਨੇ ਅੱਖਾਂ ਵਿਚ ਸੁਰਮਾ ਪਾਇਆ ਹੋਇਆ ਸੀ ਤੇ ਪਿੰਡਾ ਤੇਲ ਨਾਲ ਚਮਕ ਰਿਹਾ ਸੀ।

ਮੈਂ ਉਸਦੀ ਬੈਠਕ ਵਿਚ ਜਾਣ ਲਈ, ਜੋ ਕਿ ਵੱਡੀ ਸਾਰੀ ਇਮਾਰਤ ਵਿਚ ਦੋ ਕਮਰਿਆਂ ਦੀ ਸੀ, ਮੈਂ ਉਸ ਨੂੰ ਸੰਖੇਪ ਵਿਚ ਆਪਣੇ ਅਧਿਐਨ ਦਾ ਮਕਸਦ ਦੱਸਿਆ। ਮੈਂ ਡਿਉਢੀ ਵਿਚ ਵੜੀ ਜਿਸਨੂੰ ਨੀਵਾਂ ਜਿਹਾ ਲਕੜੀ ਦਾ ਦਰਵਾਜ਼ਾ ਲੱਗਾ ਹੋਇਆ ਸੀ। ਪਿਛਲੇ ਛੋਟੇ ਕਮਰੇ ਵਿਚ ਸੰਦੂਕਾਂ, ਬਕਸਿਆਂ ਅਤੇ ਬਿਸਤਰਿਆਂ ਨੂੰ ਕੰਧ ਨਾਲ ਚਿਣਿਆਂ ਹੋਇਆ ਸੀ ਅਤੇ ਖਾਲੀ ਥਾਂ ਅਗਲੇ ਕਮਰੇ ਵਿਚ ਜਾਣ ਲਈ ਰਾਹ ਵਜੋਂ ਵਰਤੀ ਜਾਂਦੀ ਸੀ। ਇਸੇ ਰਾਹ ਦੇ ਇਕ ਕੋਨੇ ਵਿਚ ਮੈਂ ਪਾਣੀ ਦੀ ਟੂਟੀ, ਭਾਂਡਿਆਂ ਦਾ ਢੇਰ ਅਤੇ ਛੋਟਾ ਜਿਹਾ ਸਟੋਵ ਪਿਆ ਵੇਖਿਆ ਜਿਸ ਤੋਂ ਪਤਾ ਲੱਗਦਾ ਸੀ ਕਿ ਇਹ ਰਸੋਈ ਦਾ ਵੀ ਕੰਮ ਦਿੰਦਾ ਹੈ। ਥਾਂ ਦੀ ਵਰਤੋਂ ਵਿਚ ਸੰਜਮ ਤੋਂ ਮੈਂ ਬੜੀ ਮੁਗਧ ਹੋਈ।

ਅੰਦਰਲੇ ਕਮਰੇ ਵਿਚ ਗੱਦਿਆਂ ਉੱਤੇ ਕੱਪੜੇ ਦੀ ਚਾਦਰ ਵਿਛੀ ਹੋਈ ਸੀ। ਕੰਧਾਂ ਦੇ ਉਤਲੇ ਹਿੱਸੇ ਐਕਟਰੈਸਾਂ ਦੀਆਂ ਰੰਗੀਨ ਤਸਵੀਰਾਂ, ਅਖਬਾਰਾਂ 'ਚੋਂ ਕੱਟੀਆਂ ਸੰਗੀਤਕਾਰਾਂ ਦੀਆਂ ਰੰਗੀਨ ਤਸਵੀਰਾਂ ਅਤੇ ਭਰਵੀਆਂ ਛਾਤੀਆਂ ਵਾਲੀਆਂ ਔਰਤਾਂ ਦੀਆਂ ਤਸਵੀਰਾਂ ਨਾਲ ਭਰੇ ਹੋਏ ਸਨ। ਕਮਰੇ ਦੇ ਕੋਨੇ ਵਿਚ ਇਕ ਵੱਡੀ ਮੇਖ਼ ਗੱਡੀ ਹੋਈ ਸੀ ਜੋ ਡਰੈਸਿੰਗ ਰੂਮ ਦਾ ਕੰਮ ਦਿੰਦੀ ਸੀ। ਇਸ ਮੇਖ਼ ਉੱਤੇ ਇਕ ਸ਼ੀਸ਼ਾ ਟੰਗਿਆ ਹੋਇਆ ਸੀ ਅਤੇ ਇਕ ਥੈਲੀ ਜਿਹੀ ਜੋ ਉਸਤਾਦ ਲਈ ਕਾਫ਼ੀ ਲੱਗਦੇ ਸਨ। ਨਾਲ ਦੇ ਕੋਨੇ ਵਿਚ ਇਕ ਹੋਰ ਮੇਖ਼ ਗੱਡੀ ਹੋਈ ਸੀ ਜੋ ਕੱਪੜੇ ਟੰਗਣ ਦਾ ਕੰਮ ਦਿੰਦੀ ਸੀ। ਬਿਸਤਰਿਆਂ ਦੇ ਢੇਰ ਤੋਂ ਅੱਗੇ ਇਕ ਹੋਰ ਖੂੰਜੇ ਵਿਚ ਇਕ ਹਾਰਮੋਨੀਅਮ ਪਿਆ ਸੀ।

ਰਹਿਣ ਲਈ ਲੱਗਣ ਵਾਲੇ ਹਿੱਸੇ ਦੇ ਫਰਸ਼ ਤੇ ਅਸੀਂ ਬੈਠ ਗਏ ਤਾਂ ਮੈਂ ਸਦੀਕ ਨਾਲ ਆਪਣੀ ਜਾਣ-ਪਛਾਣ ਕਰਵਾਈ। ਸਦੀਕ ਬੜਾ ਮਿਲਣਸਾਰ ਸੀ ਅਤੇ ਉਸਨੇ ਮੈਨੂੰ ਖੁਸ਼ਆਮਦੀਦ ਦਾ ਅਹਿਸਾਸ ਕਰਵਾਇਆ। ਲੋਕ ਵਿਰਸੇ ਵਿਚ ਮੇਰਾ ਕੰਮ ਬੜਾ ਸਹਾਇਕ ਸਿੱਧ ਹੋਇਆ। ਸਾਰੇ ਕਲਾਕਾਰ ਇਸ ਸੰਸਥਾ ਨੂੰ ਜਾਣਦੇ ਹਨ ਅਤੇ ਇਸ ਦੀ ਕਦਰ ਕਰਦੇ ਹਨ। ਇਕ ਸਾਂਝੇ ਦੋਸਤ ਦਾ ਹਵਾਲਾ ਵੀ ਕਾਫੀ ਕੰਮ ਆਇਆ।

ਸਾਦਿਕ ਦੀ ਬੈਠਕ ਵਿਚ ਤਿੰਨ ਹੋਰ ਬੰਦੇ ਮੌਜੂਦ ਸਨ; ਉਹਦੇ ਭਾਈਵਾਲ ਰਿਆਜ਼, ਜੋ ਉਸ ਵੇਲੇ ਉਹਦੇ ਨਾਲ ਰਹਿੰਦਾ ਸੀ, ਦੀ ਮੇਰੇ ਨਾਲ ਖੁਲ੍ਹ ਕੇ ਜਾਣ-ਪਛਾਣ ਕਰਵਾਈ ਗਈ। ਬਾਕੀ ਦੋਹਾਂ ਬਾਰੇ ਚੱਲਦਾ ਜਿਹਾ ਦੱਸਿਆ ਗਿਆ ਅਤੇ ਮੈਂ ਜਾਣ ਗਈ ਕਿ ਇਹ ਉਸਦੇ ਵਿਦਿਆਰਥੀ ਹਨ। ਅੰਦਰੂਨੀ ਸ਼ਹਿਰ ਦੀ ਪੰਜਾਬੀ ਵਾਲੇ ਖਾਸ ਅੰਦਾਜ਼ ਵਿਚ ਉਚਾਰੇ ਸ਼ਬਦ ਸੁਣ ਕੇ ਬੜਾ ਆਨੰਦ ਆਇਆ। ਮੇਰੀ ਮੌਜੂਦਗੀ ਵਿਚ ਸਦੀਕ ਆਰਾਮ ਨਾਲ ਹੀ ਬੈਠਾ ਸੀ। ਉਹ ਬਾਰ-ਬਾਰ ਗਾਲਾਂ ਕੱਢ ਰਿਹਾ ਸੀ। ਮੈਂ ਪੰਜਾਬੀ ਦੀਆਂ ਆਮ ਪ੍ਰਚਲਤ ਗਾਲ੍ਹਾਂ ਹੀ ਸਮਝ ਸਕੀ

ਜਿਵੇਂ ਮਦਰ ਚੋ..., ਭੈਣ ਚੋ... ਆਦਿ ਪਰ ਬਾਕੀ ਨਹੀਂ। ਪੰਜਾਬੀ ਵਿਚ ਦੂਜੇ ਬਾਰੇ ਗਾਲ੍ਹ ਕੱਢ ਕੇ ਗੱਲ ਕਰਨ ਦਾ ਮਤਲਬ ਇਹ ਨਹੀਂ ਸੀ ਕਿ ਤੁਹਾਡੀ ਉਹਦੇ ਨਾਲ ਬਣਦੀ ਨਹੀਂ ਅਤੇ ਸਦੀਕ ਲਈ ਵੀ ਇਹ ਮੁਖਾਤਬ ਹੋਣ ਦਾ ਇਕ ਕੁਦਰਤੀ ਢੰਗ ਹੀ ਸੀ।

ਮੁਹੱਲੇ ਵਿਚ ਦਾਖਲੇ ਲਈ ਸੰਗੀਤਕਾਰਾਂ ਨੂੰ ਰਾਹ ਦੇ ਤੌਰ ਤੇ ਵਰਤਣ ਦੀ ਮੇਰੀ ਰਣਨੀਤੀ ਆਖਰ ਕਾਮਯਾਬ ਰਹੀ। ਉਨ੍ਹਾਂ ਦੇ ਦਾਇਰੇ ਵਿਚ ਮੇਰੀ ਪਹੁੰਚ ਸਹਿਜ-ਸੁਭਾਅ ਰਹੀ ਅਤੇ ਜਾਣਕਾਰੀ ਆਸਾਨੀ ਨਾਲ ਪ੍ਰਾਪਤ ਹੋਣ ਲੱਗੀ। ਪਹਿਲਾਂ ਮੈਂ ਸੰਗੀਤਕਾਰ ਬਿਰਾਦਰੀ ਬਾਰੇ ਹੋਰ ਜਾਣਕਾਰੀ ਇਕੱਠੀ ਕੀਤੀ। ਇਸ ਤੋਂ ਬਾਦ ਇਹ ਸਿਲਸਿਲਾ ਮੈਨੂੰ ਨਾਚੀਆਂ ਅਤੇ ਜਿਸਮਫਰੋਸ਼ਾਂ ਦੇ ਵਿਸਤ੍ਰਿਤ ਸਿਲਸਿਲੇ ਵਿਚ ਲੈ ਗਿਆ।

ਮੈਂ ਉਸਤਾਦ ਸਦੀਕ ਅਤੇ ਹੋਰ ਸੰਗੀਤਕਾਰਾਂ ਕੋਲ ਨਿਯਮਿਤ ਜਾਣ ਲੱਗੀ। ਇਕ ਦਿਨ ਜਦੋਂ ਮੈਂ ਸਦੀਕ ਦੀ ਬੈਠਕ ਪੁੱਜੀ ਤਾਂ ਮੈਂ ਵੇਖਿਆ ਕਿ ਉਹਨੇ ਮੇਰੇ ਵੱਲੋਂ ਇੰਟਰਵਿਊ ਕਰਨ ਲਈ ਕਰੀਬ ਪੰਦਰਾਂ ਨੌਜਵਾਨ ਸੰਗੀਤਕਾਰ ਬੁਲਾਏ ਹੋਏ ਸਨ। ਮੈਂ ਉਨ੍ਹਾਂ ਦਾ ਸਮਾਂ ਕੱਢ ਕੇ ਮੇਰੇ ਕੋਲ ਆਉਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਬੈਠਕਾਂ ਵਿਚ ਹੀ ਆ ਕੇ ਮਿਲਾਂਗੀ ਅਤੇ ਉਨ੍ਹਾਂ ਦੇ ਰੋਜ਼ਮੱਰਾ ਕੰਮਾਂ ਨੂੰ ਕੁਝ ਸਮਾਂ ਲਾ ਕੇ ਵੇਖਾਂਗੀ। ਕੁਝ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦੀਆਂ ਆਪਣੀਆਂ ਬੈਠਕਾਂ ਤਾਂ ਹਨ ਹੀ ਨਹੀਂ ਅਤੇ ਉਹ ਵਿਭਿੰਨ ਦੋਸਤਾਂ ਪਾਸ ਰਹਿੰਦੇ ਹਨ। ਜਿਨ੍ਹਾਂ ਕੋਲ ਆਪਣੀ ਥਾਂ ਸੀ ਉਨ੍ਹਾਂ ਨੇ ਮੈਨੂੰ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ।

ਮੈਂ ਉਨ੍ਹਾਂ ਦੇ ਕੰਮ ਅਤੇ ਪਰਿਵਾਰਾਂ ਬਾਰੇ ਬੁਨਿਆਦੀ ਜਾਣਕਾਰੀ ਚਾਹੀ। ਉਨ੍ਹਾਂ ਵਿਚੋਂ ਬਹੁਤੇ ਮੁਹੱਲੇ ਵਿਚ ਇਸ ਲਈ ਰਹਿੰਦੇ ਸਨ ਕਿ ਸ਼ਾਇਦ ਉਨ੍ਹਾਂ ਦਾ ਧੰਦਾ ਵੀ ਚੱਲ ਪਵੇ। ਉਨ੍ਹਾਂ ਕਿਹਾ ਕਿ ਇਮਦਾਦੀ ਕਸਬੀਆਂ ਦੇ ਨੇੜੇ ਰਹਿਣ ਦਾ ਬੜਾ ਫਾਇਦਾ ਹੁੰਦਾ ਹੈ। ਟੈਲੀਵਿਜ਼ਨ ਅਤੇ ਫਿਲਮ ਉਦਯੋਗ ਵਿਚੋਂ ਬਹੁਤ ਸਾਰੇ ਲੋਕ ਪ੍ਰਤਿਭਾ ਦੀ ਖੋਜ ਵਿਚ ਮੁਹੱਲੇ ਆਉਂਦੇ ਹਨ ਅਤੇ ਸੰਗੀਤਕਾਰ ਅਜਿਹੇ ਮੌਕਿਆਂ ਦਾ ਫਾਇਦਾ ਉਠਾਉਂਦੇ ਹਨ।

ਇਕ ਨੌਜਵਾਨ ਨੇ ਕਿਹਾ, ''ਮੈਂ ਤਬਲੇ ਤੇ ਗਾਇਕਾਂ ਦੀ ਸੰਗਤ ਕਰਦਾ ਹਾਂ। ਅਸੀਂ ਉਸਤਾਦ ਦੀ ਬਣਾਈ ਧੁਨ ਵਜਾਉਂਦੇ ਹਾਂ। ਉਸਤਾਦ ਨੂੰ ਕਵੀ ਤੋਂ ਗੀਤਾਂ ਦੀ ਲੋੜ ਪੈਂਦੀ ਹੈ ਅਤੇ ਸੰਗਤ ਲਈ ਹੋਰ ਸੰਗੀਤਕਾਰਾਂ ਦੀ। ਇਕੱਲਾ ਮੈਂ ਕੁਝ ਵੀ ਨਹੀਂ। ਮੈਂ ਉਦੋਂ ਹੀ ਪੇਸ਼ਕਾਰੀ ਦਿਖਾ ਸਕਦਾ ਹਾਂ ਜਦੋਂ ਇਹ ਸਾਰੇ ਲੋਕ ਰਲ ਕੇ ਕੰਮ ਕਰਨ।''

ਮੈਂ ਉਹਨੂੰ ਪੁੱਛਿਆ ਉਹ ਗੁਜ਼ਾਰਾ ਕਿਵੇਂ ਕਰਦਾ ਹੈ। ਉਹਨੇ ਜਵਾਬ ਦਿੱਤਾ ਕਿ ਕਈ ਵਾਰੀ ਉਹਨੂੰ ਰੇਡੀਉ ਜਾਂ ਹੋਰ ਨਿੱਜੀ ਸਮਾਗਮਾਂ ਲਈ ਕਰ ਲਿਆ ਜਾਂਦਾ ਹੈ ਪਰ ਸਾਨੂੰ ਕਲਾਕਾਰਾਂ ਨੂੰ ਇਸ ਦੀ ਆਦਤ ਪੈ ਗਈ ਹੈ। ਸਾਨੂੰ ਨਹੀਂ ਪਤਾ ਹੁੰਦਾ ਕਿ ਸਵੇਰ ਸਾਡੇ ਲਈ ਕੀ ਲੈ ਕੇ ਆ ਰਹੀ ਹੈ। ਸ਼ਾਹੀ ਮੁਹੱਲੇ ਵਿਚ ਮੈਂ ਨਵਾਂ ਹੀ ਆਇਆ ਹਾਂ। ਮੈਂ ਇਸੇ ਤਰ੍ਹਾਂ ਦੇ ਮੁਹੱਲੇ ਵਿਚ ਪਹਿਲਾਂ ਸਿਆਲਕੋਟ ਰਹਿੰਦਾ ਸੀ, ਉੱਥੇ ਮੇਰੇ ਕਈ ਦੋਸਤ ਵੀ ਹਨ, ਸਾਰੇ ਹੀ ਸੰਗੀਤਕਾਰ। ਆਪਣੇ ਸਮੂਹ ਦਾ ਮੈਂ ਇਕੱਲਾ ਹੀ ਹਾਂ ਜੋ ਚੰਗੇ ਮੌਕਿਆਂ ਦੀ ਭਾਲ ਵਿਚ ਲਾਹੌਰ ਆਇਆ ਹੈ।

''ਕੀ ਤੂੰ ਹੁਣ ਮਾਇਕ ਤੌਰ ਤੇ ਬਿਹਤਰ ਹੈਂ?'' ਮੈਂ ਪੁੱਛਿਆ।

''ਹਾਂ'', ਉਹਨੇ ਜਵਾਬ ਦਿੱਤਾ, ''ਜੇ ਮੈਨੂੰ ਬਹੁਤਾ ਕੰਮ ਨਹੀਂ ਵੀ ਮਿਲਦਾ ਤਾਂ ਵੀ ਲਾਹੌਰ ਵਿਚ ਮਿਲਦਾ ਵੱਧ ਹੈ। ਧੰਨਵਾਦ ਹੈ ਭਾ ਸਦੀਕ ਦਾ। ਅਜੇ ਕੱਲ੍ਹ ਹੀ ਮੈਂ ਨਿੱਜੀ ਸਮਾਗਮ

ਵਿਚ ਸੰਗੀਤ ਦਿੱਤਾ ਹੈ ਅਤੇ ਹਜ਼ਾਰ ਰੁਪਏ ਕਮਾਏ ਹਨ।''

ਮੈਂ ਅੱਗੋ ਪੁੱਛਿਆ, ''ਤੈਨੂੰ ਕਿਵੇਂ ਪਤਾ ਲੱਗਦਾ ਹੈ ਕਿ ਕੀਹਨੂੰ ਤੇਰੀਆਂ ਸੇਵਾਵਾਂ ਦੀ ਲੋੜ ਏ?''

ਸਦੀਕ ਨੇ ਦੱਸਿਆ, ''ਇਸੇ ਕਰਕੇ ਤਾਂ ਸਾਨੂੰ ਮੁਹੱਲੇ ਵਿਚ ਰਹਿਣਾ ਪੈਂਦੈ। ਲੋਕ ਕਿਸੇ ਨਾਲ ਸੰਪਰਕ ਕਰਦੇ ਨੇ, ਕੋਈ ਵੀ ਜੀਹਨੂੰ ਉਹ ਜਾਣਦੇ ਨੇ, ਅਤੇ ਉਹ ਬੰਦਾ ਬਾਕੀਆਂ ਨੂੰ ਦੱਸ ਦਿੰਦੈ ਜਾਂ ਖੁਦ ਹੀ ਇਕੱਠੇ ਕਰ ਲੈਂਦੈ।'

ਰਿਆਜ਼ ਨੇ ਗੱਲ ਜੋੜੀ ਤੇ ਹੱਸਿਆ, ''ਅਤੇ ਸਾਰੀ ਕਮੀਸ਼ਨ ਵੀ ਰੱਖ ਲੈਂਦੈ।''

'ਮੁਕਾਬਲੇ ਦਾ ਕੀ ਹਾਲ ਹੈ?' ਮੈਂ ਪੁੱਛਿਆ, 'ਤੁਸੀਂ ਨਹੀਂ ਮਹਿਸੂਸ ਕਰਦੇ ਕਿ ਜਿਸ ਨਾਲ ਸੰਪਰਕ ਕੀਤਾ ਜਾਂਦੈ ਉਹ ਸੰਦੇਸ਼ਾ ਭੇਜਣ ਨਾਲੋਂ ਕੰਮ ਆਪਣੇ ਤੱਕ ਹੀ ਰੱਖਣ ਨੂੰ ਤਰਜੀਹ ਦਿੰਦੈ?''

ਸਦੀਕ ਹੱਸਿਆ ਤੇ ਬੋਲਿਆ, ''ਇਕ ਹਫਤਾ ਪਹਿਲਾਂ ਮੈਨੂੰ ਸੁਨੇਹਾ ਮਿਲਿਆ ਕਿ ਇਕ ਪਰਿਵਾਰ ਸੰਗੀਤ ਪ੍ਰੋਗਰਾਮ ਕਰਵਾਉਣਾ ਚਾਹੁੰਦਾ ਏ, ਨਾਚ ਨਹੀਂ ਸਿਰਫ ਗਾਉਣ। ਉਨ੍ਹਾਂ ਨੂੰ ਇਕ ਗਾਇਕਾ ਤੇ ਦੋ ਸੰਗੀਤਕਾਰ ਚਾਹੀਦੇ ਸੀ। ਮੈਂ ਉਨ੍ਹਾਂ ਨੂੰ ਸਮਝਾਇਆ ਕਿ ਤੁਹਾਨੂੰ ਤਿੰਨ ਸੰਗੀਤਕਾਰਾਂ ਦੀ ਲੋੜ ਏ, ਪੇਟੀ, ਤਬਲਾ ਤੇ ਨਾਲ। ਫੇਰ ਮੈਂ ਗਾਉਣ ਲਈ ਚੰਦਾ ਨਾਲ, ਤਬਲੇ ਲਈ ਆਪਣੇ ਦੋਸਤ ਅਬਦੁਲ ਨਾਲ ਅਤੇ ਨਾਲ ਲਈ ਰਿਆਜ਼ ਨਾਲ ਅਤੇ ਮੈਂ ਪੇਟੀ ਉੱਤੇ ਸਾਂ। ਮੇਰਾ ਮਤਲਬ ਹੈ ਹਾਰਮੋਨੀਅਮ। ਮੈਂ ਕੁਝ ਗੀਤ ਵੀ ਗਾਏ। ਦੂਜੇ ਸਾਥੀਆਂ ਨਾਲ ਤੁਰੰਤ ਸੰਪਰਕ ਕਰਨ ਨਾਲ ਮੱਦਦ ਹੀ ਹੁੰਦੀ ਏ ਅਤੇ ਇਸ ਤਰ੍ਹਾਂ ਗਾਹਕ ਦੀ ਲੋੜ ਅਨੁਸਾਰ ਸਮੂਹ ਬਣ ਜਾਂਦਾ ਹੈ।

ਜਿੱਥੇ ਉਹ ਰਹਿੰਦੇ ਹਨ ਉੱਥੇ ਸੁੱਕਣੇ ਪਾਏ ਬਹੁ-ਰੰਗੀ ਤੌਲੀਆਂ ਬਾਰੇ ਵੀ ਮੈਂ ਪੁੱਛਿਆ। ਮੇਰੇ ਸਵਾਲ ਨਾਲ ਹੱਸ ਕੇ ਉਹ ਬੋਲੇ ਕਿ ਉਹ ਤੌਲੀਏ ਹਮਾਮ ਦੇ ਹਨ ਜੋ ਕਿ ਇਸ ਇਲਾਕੇ ਵਿਚ ਆਮ ਹਨ। ਉਨ੍ਹਾਂ ਦੱਸਿਆ ਕਿ ਮੁਹੱਲੇ ਵਿਚ ਰਹਿਣ ਦੀ ਥਾਂ ਦੀ ਕਿੱਲਤ ਹੈ ਅਤੇ ਇਕ ਨਿੱਕੀ ਜਿਹੀ ਬੈਠਕ ਵੀ ਬਹੁਤ ਮਹਿੰਗੀ ਹੁੰਦੀ ਹੈ। ਇਸ ਲਈ ਉਹ ਨ੍ਹਾਉਣ ਲਈ ਜਨਤਕ ਥਾਵਾਂ ਦੇ ਰਵਾਇਤੀ ਪ੍ਰਬੰਧ ਤੇ ਨਿਰਭਰ ਕਰਦੇ ਜਿਨ੍ਹਾਂ ਵਿਚ ਨਿੱਕੇ ਨਿੱਕੇ ਨ੍ਹਾਉਣ ਦੇ ਕਮਰੇ ਤੇ ਹੋਰ ਕੁਝ ਸੁਵਿਧਾਵਾਂ ਹੁੰਦੀਆਂ ਹਨ। ਉਨ੍ਹਾਂ ਨੇ ਕਈ ਨਾਈ ਰੱਖੇ ਹੁੰਦੇ ਨੇ, ਜੋ ਗਾਹਕਾਂ ਦੀ ਸ਼ੇਵ ਕਰਦੇ ਹਨ, ਬਾਲ ਕੱਟਦੇ ਹਨ ਤੇ ਸਿਰ ਝੱਸਦੇ ਹਨ। ਇਹ ਸੇਵਾ ਗਰੀਬ ਪਿਛੋਕੜ ਵਾਲੇ ਬੰਦਿਆਂ ਲਈ ਹੈ ਅਤੇ ਦੈਨਿਕ ਲੋੜ ਹੋਣ ਕਾਰਨ ਪੈਸੇ ਵੀ ਠੀਕ-ਠੀਕ ਹੁੰਦੇ ਹਨ ਪਰ ਇਸ ਨੂੰ ਆਕ੍ਰਸ਼ਕ ਕਾਰੋਬਾਰ ਬਣਾਉਣ ਲਈ ਕਾਫੀ ਹੁੰਦੇ ਹਨ।

ਉਸਤਾਦ ਸਦੀਕ ਇਸ ਇਲਾਕੇ ਵਿਚ 1980ਵਿਆਂ ਦੇ ਸ਼ੁਰੂ ਵਿਚ ਆਇਆ ਸੀ। ਬਚਪਨ ਵਿਚ ਉਹ ਵੱਡੇ ਉਸਤਾਦਾਂ ਦਾ ਮੁੰਡੂ ਰਿਹਾ ਸੀ ਅਤੇ ਆਪਣੀ ਚੰਗੀ ਕਿਸਮਤ ਮੰਨਦਾ ਸੀ ਕਿ ਉਨ੍ਹਾਂ ਤੋਂ ਸਿੱਖਣ ਦਾ ਮੌਕਾ ਮਿਲਿਆ। ਉਹ ਪੰਜਵੀਂ ਤੋਂ ਵੱਧ ਆਪਣੇ ਪਿੰਡ ਦੇ ਸਕੂਲ ਵਿਚ ਨਾ ਪੜ੍ਹ ਸਕਿਆ ਪਰ ਕਿਉਂਕਿ ਉਹਦੀ ਸੰਗੀਤ ਵਿਚ ਦਿਲਚਸਪੀ ਸੀ ਇਸ ਲਈ ਮਹਾਨ ਸੰਗੀਤਕਾਰ ਸੁੱਖੀ ਢੋਲ ਵਾਲਾ ਉਹਨੂੰ ਉਹਦੇ ਪਿਤਾ ਨੂੰ ਪੁੱਛ ਕੇ ਛੋਟੀ ਉਮਰ ਵਿਚ ਹੀ ਲੈ ਗਿਆ। ਸਦੀਕ ਆਪਣੇ ਉਸਤਾਦ ਅਤੇ ਉਹਦੇ ਸਾਥੀਆਂ, ਸੰਗੀਤਕਾਰਾਂ ਦੇ ਸਮੂਹ, ਦੇ ਛੋਟੇ ਮੋਟੇ ਸਾਰੇ ਕੰਮ ਕਰਦਾ ਜੋ ਸਥਾਨਕ ਮੇਲਿਆਂ ਤੇ ਸੰਗੀਤ ਵਜਾਇਆ ਕਰਦੇ। ਸਦੀਕ ਉਨ੍ਹਾਂ ਦਾ ਖਾਣਾ

ਬਣਾਉਂਦਾ, ਕੱਪੜੇ ਧੋਂਦਾ, ਉਨ੍ਹਾਂ ਦੇ ਸਾਜ਼ਾਂ ਦੀ ਸਫਾਈ ਕਰਦਾ, ਉਨ੍ਹਾਂ ਦੇ ਹੁੱਕੇ ਭਰਦਾ, ਉਨ੍ਹਾਂ ਲਈ ਚਾਹ-ਪਾਣੀ ਲਿਆਉਂਦਾ ਅਤੇ ਰਾਤ ਨੂੰ ਉਸਤਾਦ ਦਾ ਸਿਰ ਝੱਸਦਾ ਤੇ ਲੱਤਾਂ ਦੀ ਮਾਲਿਸ਼ ਕਰਦਾ।

ਉਸਤਾਦ ਨੇ ਸਦੀਕ ਤੇ ਬਹੁਤਾ ਧਿਆਨ ਨਾ ਦਿੱਤਾ ਅਤੇ ਉਸ ਨੂੰ ਲੜੀਬੱਧ ਸਿਖਲਾਈ ਨਾ ਮਿਲ ਸਕੀ। ਉਹ ਸੰਗੀਤਕਾਰਾਂ ਦੇ ਨਾਲ ਰਹਿ ਕੇ ਹੀ ਸੰਗੀਤ ਸਿੱਖਿਆ। ਉਹ ਰਾਗਾਂ ਬਾਰੇ ਉਨ੍ਹਾਂ ਦੀਆਂ ਗੱਲਾਂ ਸੁਣਦਾ ਅਤੇ ਉਨ੍ਹਾਂ ਨੂੰ ਸਾਜ ਵਜਾਉਂਦੇ ਤੇ ਗਾਉਂਦੇ ਵੇਖਦਾ ਰਹਿੰਦਾ। ਉਸ ਯੁਗ ਵਿਚ ਜਦੋਂ ਉਸਤਾਦ ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਰਿਵਾਰਾ ਵਿਚੋਂ ਲੈ ਜਾਦੇ ਹਨ ਤਾਂ ਉਹ ਉਨ੍ਹਾਂ ਨੂੰ ਮੁੰਡੂਆਂ ਵਾਂਗੂ ਵਰਤਦੇ ਸਨ। ਇਹ ਉਵੇਂ ਸੀ ਜਿਵੇਂ ਹੋਰ ਆਮ ਧੰਦਿਆਂ ਵਿਚ ਸਿਖਾਂਦਰੂ ਮੁੰਡੇ ਰੱਖੇ ਜਾਂਦੇ ਹਨ ਜਿਵੇਂ ਦਰਜੀਪੁਣੇ ਅਤੇ ਸਾਈਕਲ ਮੁਰੰਮਤ ਆਦਿ ਵਿਚ, ਜਿੱਥੇ ਉਹ ਕੰਮ ਕਰਦੇ ਹਨ ਅਤੇ ਮੋਟਾ-ਮੋਟਾ ਕੰਮ ਹੀ ਸਿੱਖਦੇ ਹਨ।

ਸਦੀਕ ਦੇ ਯਾਦ ਹੈ ਕਿ ਜਦੋਂ ਪੇਸ਼ਕਾਰੀ ਤੋਂ ਬਾਦ, ਕਈ ਵਾਰੀ ਅੱਧੀ-ਅੱਧੀ ਰਾਤ ਨੂੰ ਵੀ, ਜਦੋਂ ਸਾਰਾ ਟੋਲਾ ਥੱਕ ਚੁੱਕਿਆ ਹੁੰਦਾ ਅਤੇ ਟੈਂਟਾਂ ਵਿਚ ਆਪਣੀਆਂ ਚਾਰਪਾਈਆਂ ਤੇ ਪਿਆ ਹੁੰਦਾ ਤਾਂ ਉਹ ਸਦੀਕ ਨੂੰ ਕਹਿੰਦੇ, ਜੋ ਉਦੋਂ ਮਸਾਂ ਦਸਾਂ ਸਾਲਾਂ ਦਾ ਸੀ, ਕਿ ਉਨ੍ਹਾਂ ਨੂੰ ਗਾ ਕੇ ਸੁਣਾਏ। ਕਈ ਵਾਰੀ ਉਹ ਉਨ੍ਹਾਂ ਲਈ ਮਨੋਰੰਜਨ ਹੁੰਦਾ। ਉਹਦਾ ਉਸਤਾਦ ਉਹਨੂੰ ਗੰਭੀਰਤਾ ਨਾਲ ਲੈਂਦਾ ਸੀ ਤੇ ਕਈ ਵਾਰੀ ਇਨਾਮ ਵਿਚ ਇਕ ਰੁਪਿਆ ਦੇ ਦਿੰਦਾ ਸੀ।

ਹਾਲਾਂਕਿ ਸਦੀਕ ਮਿਰਾਸੀ ਪਰਿਵਾਰ ਨਾਲ ਸਬੰਧ ਰੱਖਦਾ ਸੀ ਪਰ ਉਹਦੇ ਬਾਪ ਨੇ ਸੰਗੀਤ ਨੂੰ ਕਿੱਤੇ ਵਜੋਂ ਨਹੀਂ ਅਪਣਾਇਆ ਸੀ ਅਤੇ ਪੰਜਾਬ ਦੇ ਇਕ ਨਿੱਕੇ ਜਿਹੇ ਪਿੰਡ ਵਿਚ ਬਾਗਾਂ ਦੀ ਰਾਖੀ ਕਰਦਾ ਸੀ। ਸਦੀਕ ਦਾ ਭਰਾ ਘੁਲਦਾ ਹੁੰਦਾ ਸੀ, ਜੋ ਕਿ ਮਿਰਾਸੀ ਪਰਿਵਾਰ ਵਾਸਤੇ ਇਕ ਹੋਰ ਉਪਰਾ ਕਿੱਤਾ ਸੀ। ਸਿਰਫ ਸਦੀਕ ਨੇ ਹੀ ਸੰਗੀਤ ਚੁਣਿਆ। ਇਕ ਬੱਚੇ ਦੇ ਤੌਰ ਤੇ ਵੀ ਉਹਨੂੰ ਪਤਾ ਸੀ ਕਿ ਉਹ ਸੰਗੀਤਕਾਰ ਬਣੇਗਾ। ਆਪਣੇ ਉਸਤਾਦ ਦੀ ਟੋਲੀ ਛੱਡਕੇ ਸਦੀਕ ਜਮੀਲ ਸ਼ਾਹ ਸਾਹਬ ਦਾ ਸ਼ਾਗਿਰਦ ਬਣ ਗਿਆ, ਕਈ ਰਵਾਇਤੀ ਮੰਚ ਕੰਪਨੀਆਂ ਨਾਲ ਕੰਮ ਕੀਤਾ ਅਤੇ ਆਖਰ ਮੁਹੱਲੇ ਵਿਚ ਟਿਕਣ ਦਾ ਫੈਸਲਾ ਕੀਤਾ ਜਿੱਥੇ, ਉਹਦੀ ਨਜ਼ਰ ਵਿਚ, ਉਹਦਾ ਕਸਬ ਕੇਂਦਰਤ ਸੀ। ਇਸ ਖੇਤਰ ਵਿਚ ਹਰ ਕਿਸੇ ਦੇ ਸੰਪਰਕ ਇਸ ਥਾਂ ਨਾਲ ਹੁੰਦੇ ਸਨ।

ਸਦੀਕ ਨੇ ਲਾਹੌਰ ਦੇ ਨੇੜੇ ਉਕਾੜਾ ਵਿਖੇ ਆਪਣਾ ਪਰਿਵਾਰ, ਬੀਵੀ ਅਤੇ ਬੱਚੇ, ਛੱਡ ਦਿੱਤਾ। ਉਸ ਵੇਲੇ ਉਹਦੀ ਮਕਾਨ ਮਾਲਕ ਆਪਣੀ ਕੁੜੀ ਲੈਲਾ ਲਈ ਇਕ ਚੰਗਾ ਉਸਤਾਦ ਭਾਲ ਰਹੀ ਸੀ। ਉਹ ਉਸਨੂੰ ਆਪਣੀ ਇਮਾਰਤ ਵਿਚ ਦੋ ਕਮਰਿਆਂ ਦਾ ਘਰ ਦੇਣ ਲਈ ਮੰਨ ਗਈ ਬਸ਼ਰਤੇ ਕਿ ਉਹ ਉਹਦੀ ਕੁੜੀ ਦਾ ਉਸਤਾਦ ਬਣ ਜਾਵੇ। ਇਸ ਦਾ ਦੋਹਾਂ ਨੂੰ ਫ਼ਾਇਦਾ ਸੀ, ਭਾੜਾ ਤੈਅ ਹੋ ਗਿਆ ਤੇ ਸਦੀਕ ਉੱਥੇ ਰਹਿਣ ਲੱਗਾ। ਉਹ ਅਕਸਰ ਆਪਣੇ ਪਰਿਵਾਰ ਨੂੰ ਮਿਲਣ ਜਾਂਦਾ ਪਰ ਜਾਣ ਦਾ ਮੌਕਾ ਉਸ ਦੇ ਕੰਮ ਦੇ ਮੁਤਾਬਕ ਬਣਦਾ ਸੀ। ਨਾਚੀ ਦਾ ਉਸਤਾਦ ਹੋਣ ਕਰਕੇ ਉਹਨੇ ਉਹਦੀ ਸ਼ਾਮ ਦੀ ਪੇਸ਼ਕਾਰੀ ਲਈ ਵੀ ਸੰਗੀਤ ਦਾ ਪ੍ਰਬੰਧ ਯਕੀਨੀ ਬਣਾਉਣਾ ਹੁੰਦਾ ਸੀ। ਇਸ ਕਰਕੇ ਉਸਤਾਦ ਸਦੀਕ, ਆਪਣੇ ਹੋਰ ਸਹਿਯੋਗੀਆਂ ਨਾਲ ਰਲਕੇ ਕੋਠੇ ਉਤੇ ਲੈਲਾ ਦੇ ਮੁਜਰੇ ਤੇ ਸੰਗੀਤ ਦੇਣ ਲੱਗਾ।

ਸਦੀਕ ਬਹੁਤ ਵਧੀਆ ਜਾਣਕਾਰੀ ਜੁਟਾਉਣ ਵਾਲਾ ਸਾਬਿਤ ਹੋਇਆ, ਅਤੇ ਮੈਂ ਉਸ

ਇਲਾਕੇ ਦੇ ਸੰਗੀਤਕਾਰਾਂ ਨਾਲ ਗੱਲਾਂ ਕਰਦਿਆ ਦੋ ਹਫਤੇ ਲੰਘਾ ਦਿੱਤੇ। ਇਕ ਤਰ੍ਹਾਂ ਉਹ ਮੇਰਾ ਉਸਤਾਦ ਸੀ ਅਤੇ ਇਸ ਮਨਾਹੀ ਵਾਲੀ ਥਾ ਦੀ ਯਾਤਰਾ ਵਿਚ ਮੇਰੀ ਅਗਵਾਈ ਕਰ ਰਿਹਾ ਸੀ। ਇਕ ਦਿਨ ਉਹਨੇ ਮੈਨੂੰ ਦੱਸਿਆ ਕਿ ਉਹਨੇ ਲੈਲਾ ਤੇ ਚੰਦਾ ਨੂੰ, ਜੋ ਉਸਦੀਆਂ ਸੀਨੀਅਰ ਸ਼ਾਗਿਰਦ ਸਨ, ਸਬਕ ਦੇਣ ਲਈ ਬੁਲਾਇਆ ਹੈ। ਕਿਉਂ ਜੋ ਉਹ ਪਿਛਲੇ ਦੋ ਹਫਤੇ ਤੋਂ ਸੰਗੀਤ ਪੇਸ਼ਕਾਰੀਆਂ ਲਈ ਆਈਆਂ ਬੇਨਤੀਆਂ ਵਿਚ ਅਚਾਨਕ ਵਾਧਾ ਹੋ ਜਾਣ ਕਾਰਨ ਬਹੁਤ ਜ਼ਿਆਦਾ ਮਸ਼ਰੂਫ ਸੀ, ਉਸ ਦੀ ਮਾਲਕ ਮਕਾਨ ਸ਼ਿਕਾਇਤ ਕਰ ਰਹੀ ਸੀ ਕਿ ਉਹ ਸੰਗੀਤ ਸਮਾਗਮ ਕਰਨ ਵਿਚ ਬਹੁਤਾ ਸਮਾਂ ਲਾ ਰਿਹਾ ਹੈ ਤੇ ਉਹਦੀ ਕੁੜੀ ਲਈ ਘੱਟ।

ਮੇਰੇ ਪਹੁੰਚਣ ਤੋਂ ਥੋੜ੍ਹਾ ਹੀ ਮਗਰੋਂ ਇਕ ਲੰਮੀ, ਪੱਕੇ ਰੰਗ ਦੀ ਪਤਲੀ ਜਿਹੀ ਕੁੜੀ ਸਦੀਕ ਦੀ ਬੈਠਕ ਵਿਚ ਵੜੀ। ਮੈਨੂੰ ਬੜੀ ਹੈਰਾਨੀ ਹੋਈ ਕਿ ਉਹ ਉਸ ਔਰਤ ਨਾਲੋਂ ਬਿਲਕੁਲ ਵੱਖਰੀ ਦਿਖਾਈ ਦੇ ਰਹੀ ਸੀ ਜੋ ਮੈਂ ਇਥੇ ਵੇਖੀ ਸੀ। ਪਹਿਲਾਂ ਤਾਂ ਮੈਂ ਉਹਨੂੰ ਕਿਸੇ ਦੀ ਸਾਥਣ ਸਮਝੀ, ਉੱਚੇ ਵਰਗ ਦੀ ਜਿਸਮਫਰੋਸ਼। ਉਹ ਪ੍ਰੌਢ ਲੱਗਦੀ ਸੀ ਅਤੇ ਬਣੀ ਸੰਵਰੀ ਸੀ। ਉਸਦੇ ਲੰਮੇ ਕਾਲੇ ਵਾਲ ਪਿੱਛੇ ਨੂੰ ਚੰਗੀ ਤਰ੍ਹਾਂ ਵਾਹੇ ਹੋਏ ਸਨ ਅਤੇ ਮੋਢਿਆਂ ਤੇ ਫੈਲੇ ਹੋਏ ਸਨ। ਉਹ ਬੜੀ ਲਹਿਰਾ ਕੇ ਚੱਲਦੀ ਸੀ। ਅਜੀਬ ਗੱਲ ਇਹ ਹੈ ਕਿ ਉਹ ਬਿਨਾਂ ਬੂਹਾ ਖੜਕਾਏ ਜਾਂ ਬੋਲੇ ਸਿੱਧੀ ਬੈਠਕ ਵਿਚ ਜਾ ਵੜੀ ਅਤੇ ਫਰਸ਼ ਤੇ ਜਾ ਬੈਠੀ। ਉਹ ਹੱਕੀ-ਬੱਕੀ ਜਿਹੀ ਲੱਗਦੀ ਸੀ।

ਉਸਤਾਦ ਸਦੀਕ ਨੇ ਉਹਦੇ ਵੱਲ ਵੇਖਿਆ ਤੇ ਬੋਲਿਆ, ''ਆ ਗਏ ਓਂ''। ਉਹਨੇ ਮੇਰੇ ਨਾਲ ਉਹਦੀ ਖੁੱਲ੍ਹ ਕੇ ਵਾਕਫ਼ੀਅਤ ਕਰਵਾਈ। ਸਾਫ ਦਿਸਦਾ ਸੀ ਕਿ ਉਹ ਉਹਦੀ ਇਕ ਵਧੀਆ ਸ਼ਾਗਿਰਦ ਸੀ ਜਿਸ ਨੂੰ ਉਹ ਆਪਣੇ ਵੱਲੋਂ ਕੀਤੇ ਜਾਂਦੇ ਸ਼ੋਆਂ ਵਿਚ ਲੈ ਕੇ ਜਾਂਦਾ ਸੀ। ਕੋਲ ਬੈਠੇ ਇਕ ਜੂਨੀਅਰ ਸੰਗੀਤਕਾਰ ਨੇ ਉਹਦੀ ਖੁਲ੍ਹ ਕੇ ਕੀਤੀ ਪ੍ਰਸੰਸਾ ਸੁਣ ਕੇ ਉਹਨੂੰ ਛੇੜਨ ਲਈ ਸਦੀਕ ਨੂੰ ਕਿਹਾ, ''ਕੁਝ ਘੱਟ ਕਰੋ, ਬਹੁਤ ਉੱਚਾ ਪੁਚਾ ਦਿੱਤਾ ਏ।'' ਕਮਰੇ ਵਿਚ ਹਾਸਾ ਪੈ ਗਿਆ। ਉਹ ਔਰਤ ਵੀ ਹੱਸ ਪਈ ਅਤੇ ਬੜੇ ਲਾਡ ਨਾਲ ਗਹਿਰੀ, ਖਰਵੀ ਆਵਾਜ਼ ਵਿਚ ਉਸ ਤੇ ਚਿਲਾਈ। ਜਦੋਂ ਉਹਨੇ ਬੋਲਣ ਲਈ ਮੂੰਹ ਖੋਲ੍ਹਿਆ ਤਾਂ ਮੈਂ ਵੇਖਿਆ ਕਿ ਉਹਦੇ ਦੰਦ ਪਾਨ ਖਾਣ ਕਰਕੇ ਪੀਲੇ ਹੋਏ ਪਏ ਸਨ। ਉਹਦੀ ਆਵਾਜ਼ ਉੱਚੀ ਸੀ ਅਤੇ ਉਹਦਾ ਗੁੱਸਾ ਗੰਦੀਆਂ ਗਾਲਾਂ ਦੀ ਇਕ ਲੜੀ ਸੀ ਜੋ ਅਖੀਰ ਧੱਫੇ ਤੇ ਮੁੱਕਿਆ। ਮੈਨੂੰ ਧੱਕਾ ਜਿਹਾ ਵੱਜਾ। ਇਹ ਚੰਦਾ ਸੀ।

ਉਹ ਮੇਰੇ ਵੱਲ ਮੁੜੀ ਤੇ ਬੋਲੀ, ''ਇਸ ਹਰਾਮੀ ਦੀ ਗੱਲ ਨਾ ਸੁਣੀਂ। ਤੂੰ ਮੈਨੂੰ ਦੱਸ ਕਿਵੇਂ ਆਈ ਹੈਂ।''

ਸਦੀਕ ਨੇ ਹੀ ਖੁਲ੍ਹ ਕੇ ਮੇਰੀ ਵੀ ਵਾਕਫ਼ੀਅਤ ਕਰਵਾਈ ਅਤੇ ਨਾਲੇ ਮੇਰੇ ਕੰਮ ਦੀ। ਅਸੀਂ ਦੋਵੇਂ ਇਕ ਦੂਜੀ ਨਾਲ ਗੱਲਾਂ ਵਿਚ ਰੁੱਝ ਗਈਆਂ। ਉਹਨੇ ਮੈਨੂੰ ਆਪਣੇ ਘਰ ਅਤੇ ਪਰਿਵਾਰ ਬਾਰੇ ਦੱਸਿਆ ਅਤੇ ਉਹਨੇ ਕਿਹਾ ਕਿ ਮੇਰੇ ਨਾਲ ਗੱਲਾਂ ਕਰਕੇ ਉਹਨੂੰ ਖੁਸ਼ੀ ਹੋਵੇਗੀ ਕਿਉਂਕਿ ਰੁਟੀਨ ਕੰਮ ਉਹਨੂੰ ਬਹੁਤ ਥਕਾ ਦਿੰਦਾ ਹੈ। ਉਹਨੇ ਮੇਰੇ ਨਾਲ ਗੱਲ ਸਾਂਝੀ ਕੀਤੀ ਕਿ ਭਾਵੇਂ ਉਹ ਸਕੂਲ ਤੱਕ ਹੀ ਪੜ੍ਹੀ ਹੈ ਤੇ ਕਾਲਜ ਨਹੀਂ ਗਈ ਪਰ ਉਹ ਪੜ੍ਹਨਾ ਬੜਾ ਪਸੰਦ ਕਰਦੀ ਹੈ ਤੇ ਕਦੇ ਕਦੇ ਕਿਤਾਬਾਂ ਵੀ ਖਰੀਦ ਲੈਂਦੀ ਹੈ। ਉਹਨੇ ਮੈਨੂੰ ਆਪਣੇ ਕੋਲ ਆਉਣ ਦਾ ਸੱਦਾ ਦਿੱਤਾ ਤੇ ਮੈਂ ਵਾਅਦਾ ਕੀਤਾ ਕਿ ਜ਼ਰੂਰ ਆਵਾਂਗੀ। ਜਿਉਂ ਜਿਉਂ ਮੈਂ ਉਹਨੂੰ ਜਾਣਦੀ ਗਈ ਤਾਂ ਮੈਨੂੰ ਪਤਾ ਲੱਗਾ ਕਿ ਉਹ ਬਹੁਤ ਤੇਜ਼ ਦਿਮਾਗ ਅਤੇ ਮਨ ਦੀ ਬੜੀ ਦਿਲਦਾਰ ਹੈ। ਉਹਦੀ ਸ਼ਖ਼ਸੀਅਤ ਦੇ

ਕਈ ਪਾਸਾਰ ਮੈਨੂੰ ਬੜੇ ਚਕਿਤ ਕਰਦੇ ਸਨ। ਉਹ ਬਚਕਾਨਾ ਅਤੇ ਪਾਗਲ ਪ੍ਰੇਮੀ ਸੀ, ਇਕ ਜ਼ਿੰਮੇਵਾਰ ਅਤੇ ਪ੍ਰੌੜ੍ਹ ਔਰਤ ਸੀ, ਇਕ ਅੰਤਰਬੁੱਧੀ ਵਾਲੀ ਜਗਿਆਸੂ ਵਿਅਕਤੀ ਸੀ ਅਤੇ ਅਕਸਰ ਗਾਹਕਾਂ ਨੂੰ ਫਸਾਉਣ ਲਈ ਆਪਣੇ ਹੁਨਰ ਦੀ ਵਰਤੋਂ ਦਾ ਅਨੰਦ ਲੈਂਦੀ ਸੀ।

ਸਦੀਕ ਨੇ ਆਪਣਾ ਸੰਗੀਤ ਦਾ ਪਾਠ ਸ਼ੁਰੂ ਕਰ ਦਿੱਤਾ। ਉਹ ਲੈਲਾ ਦੇ ਲੇਟ ਹੋ ਜਾਣ ਕਾਰਨ ਬੜਾ ਪ੍ਰੇਸ਼ਾਨ ਸੀ। ਕੁਝ ਪਲ ਬਾਦ ਉਹ ਸੰਗੀਤ ਰੋਕ ਲੈਂਦਾ ਅਤੇ ਮਾਲਕ ਕੈਸਰਾ ਨੂੰ ਬੁੜਬੁੜਾ ਕੇ ਭਲਾ-ਬੁਰਾ ਕਹਿਣ ਲੱਗਦਾ ਜੋ ਕਹਿੰਦੀ ਰਹਿੰਦੀ ਸੀ ਕਿ ਉਹ ਲੈਲਾ ਨੂੰ ਸਬਕ ਦੇਣ ਲਈ ਗੰਭੀਰ ਨਹੀਂ। ਹੁਣ ਉਹਦੀ ਕੁੜੀ ਹੀ ਸਾਬਤ ਕਰ ਰਹੀ ਸੀ ਕਿ ਉਹੀ ਗੰਭੀਰ ਵਿਦਿਆਰਥੀ ਨਹੀਂ। ਉਹਨੇ ਇਕ ਛੋਟੇ ਬੱਚੇ ਨੂੰ ਚੁਬਾਰੇ ਵਿਚ ਭੇਜਿਆ ਤਾਂ ਕਿ ਉਹ ਪੁੱਛ ਆਵੇ ਕਿ ਮਹਾਰਾਣੀ ਆ ਰਹੀ ਹੈ ਕਿ ਨਹੀਂ।

ਆਖਰਕਾਰ ਲੈਲਾ ਇਮਾਰਤ ਦੇ ਪਿਛਲੇ ਬੂਹੇ ਥਾਣੀਂ ਹੇਠਾਂ ਆਈ। ਉਹ ਮਧਰੀ, ਸੁੰਦਰ ਔਰਤ ਸੀ ਪਰ ਥੋੜ੍ਹੀ ਭਾਰੀ ਸੀ। ਸਦੀਕ ਨੇ ਉਹਦੇ ਵੱਲ ਨਾਰਾਜ਼ਗੀ ਨਾਲ ਵੇਖਿਆ ਜਿਸ ਨੂੰ ਵੇਖ ਕੇ ਉਹ ਹੱਸ ਪਈ। ਉਹ ਕਿੰਨਾ ਹੀ ਹੱਸਦੀ ਰਹੀ ਤੇ ਉਹਦੀ ਇਕ ਵੀ ਨਾ ਸੁਣੀ। ਇਸ ਝਾੜ-ਝੰਬ ਤੋਂ ਬਾਦ ਉਹ ਬੜੇ ਸ਼ਰਾਰਤੀ ਅਤੇ ਦਿਲਫਰੇਬ ਢੰਗ ਨਾਲ ਬੋਲੀ, ''ਅੱਜ ਤਾਂ ਬੜੇ ਗੁੱਸੇ ਵਿਚ ਲੱਗਦੇ ਹੋ ਉਸਤਾਦ ਜੀ।'' ਉਸ ਦੇ ਗੈਰ ਗੰਭੀਰ ਵਤੀਰੇ ਕਾਰਨ ਸਦੀਕ ਸਗੋਂ ਹੋਰ ਔਖਾ ਹੋ ਗਿਆ। ਉਹਨੇ ਮੇਰੇ ਵੱਲ ਵੇਖਿਆ ਤੇ ਬੋਲਿਆ, ''ਇਹ ਮੇਰੀ ਬੜੀ ਵਧੀਆ ਸ਼ਾਗਿਰਦ ਲੈਲਾ ਕੈਸਰਾ ਹੈ। ਮੈਂ ਸੋਚਦਾ ਸੀ ਕਿ ਉਹ ਤੇਰੇ ਲਈ ਗੀਤਕਾਰ ਬਿਰਾਦਰੀ ਵਿਚ ਇਕ ਚੰਗਾ ਸੰਪਰਕ ਸਾਬਿਤ ਹੋਵੇਗੀ ਬਸ਼ਰਤੇ ਕਿ ਤੂੰ ਉਹਨੂੰ ਸੰਭਾਲ ਸਕੇਂ।''

ਮੈਂ ਉਨ੍ਹਾਂ ਨੂੰ ਕਿਹਾ ਕਿ ਆਪਣੀ ਸੰਗੀਤ ਦੀ ਜਮਾਤ ਜਾਰੀ ਰੱਖਣ ਅਤੇ ਮੈਂ ਕਿਸੇ ਵੇਲੇ ਵੀ ਬਿਨਾਂ ਉਨ੍ਹਾਂ ਨੂੰ ਪ੍ਰੇਸ਼ਾਨ ਕਰੇ ਵਿਚੋਂ ਹੀ ਉੱਠ ਜਾਵਾਂਗੀ। ਮੈਂ ਲੈਲਾ ਨਾਲ ਵਾਅਦਾ ਕੀਤਾ ਕਿ ਮੈਂ ਉਸ ਕੋਲ ਇਸੇ ਹਫ਼ਤੇ ਆਵਾਂਗੀ।

# ਕਹਾਣੀਆਂ ਦੀ ਸ਼ੁਰੂਆਤ

ਅਗਲੇ ਦਿਲ ਮੈਂ ਲੈਲਾ ਦੇ ਘਰ ਪਹਿਲੀ ਵਾਰੀ ਪੁੱਜੀ। ਮੈਂ ਮੁੱਖ ਮਾਰਗ ਤੋਂ ਹੀ ਡਿਓਢੀ ਵਿਚੋਂ ਵੜੀ ਜੋ ਸਿੱਧੀ ਇਮਾਰਤ ਵਿਚ ਉਨ੍ਹਾਂ ਦੇ ਹਿੱਸੇ ਵਿਚ ਲੈ ਗਈ। ਪੁਰਾਣਾ ਲੱਕੜ ਦਾ ਦਰਵਾਜ਼ਾ ਇਕ ਲਾਂਡਰੀ ਅਤੇ ਡੇਅਰੀ ਦੇ ਵਿਚਕਾਰ ਤਕਰੀਬਨ ਲੁਕਿਆ ਹੋਇਆ ਸੀ ਅਤੇ ਨੌਗਜਾ ਚੌਂਕ ਦੇ ਮੁੱਖ ਚੌਰਾਹੇ ਦੇ ਨੇੜੇ ਸੀ ਜਿੱਥੇ ਬਹੁਤਾ ਕਰਕੇ ਰੈਸਟੋਰੈਂਟਾਂ ਦਾ ਕਾਰੋਬਾਰ ਹੈ। ਇਸ ਦਰਵਾਜ਼ੇ ਤੋਂ ਅੱਗੇ ਤੰਗ, ਹਨੇਰੀ ਗੋਲ ਪੌੜੀ ਸੀ। ਅਜੇ ਦੁਪਹਿਰ ਢਲੀ ਹੀ ਸੀ ਪਰ ਹਨੇਰਾ ਐਨਾ ਸੀ ਕਿ ਮੈਨੂੰ ਪੈਰਾਂ ਨਾਲ ਟੋਹ ਕੇ ਹਰ ਪੌੜੀ ਲੱਭਣੀ ਪੈਂਦੀ ਸੀ। ਪੌੜੀਆਂ ਦੇ ਉਤਲੇ ਸਿਰੇ ਤੇ ਇਕ ਹੋਰ ਦਰਵਾਜ਼ਾ ਸੀ। ਇਸ ਦੀਆਂ ਵਿਰਲਾਂ ਵਿਚੋਂ ਥੋੜ੍ਹਾ ਚਾਨਣ ਆ ਰਿਹਾ ਸੀ ਜਿਸ ਕਰਕੇ ਮੈਂ ਇਸ ਵਿਚ ਵੱਜਣੋਂ ਬਚ ਗਈ। ਮੈਂ ਥੋੜ੍ਹਾ ਰੁਕ ਰੁਕ ਕੇ ਤਿੰਨ ਵਾਰੀ ਬੂਹਾ ਖੜਕਾਇਆ ਤਾਂ ਕਿਸੇ ਨੇ ਜਵਾਬ ਦਿੱਤਾ। ਕਿਸੇ ਨੌਜਵਾਨ ਔਰਤ ਦੀ ਆਵਾਜ਼ ਆਈ, ''ਕੌਣ ਹੈ?'' ਸਵਾਲ ਬੜਾ ਔਖਾ ਸੀ। ਜੇ ਮੈਂ ਕਹਿੰਦੀ 'ਫੌਜ਼ੀਆ' ਤਾਂ ਉਹਨੂੰ ਕੁਝ ਸਮਝ ਨਹੀਂ ਪੈਣਾ ਸੀ। ਇਸ ਲਈ ਮੈਂ ਕਿਹਾ, ''ਲੈਲਾ ਦੀ ਸਹੇਲੀ।'' ਗੱਲ ਬਣ ਗਈ। ਦਰਵਾਜ਼ਾ ਖੁੱਲ੍ਹਿਆ ਤੇ ਮੈਂ ਇਕ ਪਰਿਵਾਰ ਦੀ ਦੁਨੀਆ ਵਿਚ ਪੈਰ ਧਰਿਆ ਜੋ ਪੀੜ੍ਹੀਆਂ ਤੋਂ ਜਿਸਮਫਰੋਸ਼ੀ ਦੇ ਧੰਦੇ ਵਿਚ ਸੀ। ਬਾਦ ਵਿਚ ਜਦੋਂ ਮੈਂ ਉਹਨਾਂ ਦੀ ਚੰਗੀ ਵਾਕਫ ਹੋ ਗਈ ਤਾਂ ਮੈਨੂੰ ਉਸ ਨੀਮ ਸੱਭਿਆਚਾਰ ਨੂੰ ਉਸਾਰਨ ਵਾਲੇ ਸਬੰਧਾਂ ਅਤੇ ਸੱਤਾ ਗੀਤਸ਼ੀਲਤਾ ਦਾ ਪਤਾ ਲੱਗਾ।

ਮੈਂ ਵੇਖਿਆ ਕਿ ਮੈਂ ਇਕ ਛੇ ਕੁ ਸਾਲ ਦੀ ਕੁੜੀ ਦੇ ਸਾਮ੍ਹਣੇ ਖੜ੍ਹੀ ਹਾਂ ਜੋ ਇਕ ਅਨਜਾਣੀ ਤਾਲ ਤੇ ਇਧਰ-ਉਧਰ ਝੂਮ ਰਹੀ ਸੀ। ਉਹਨੇ ਮੇਰੇ ਵੱਲ ਉਤਸੁਕਤਾ ਨਾਲ ਵੇਖਿਆ ਪਰ ਝੂਮਣਾ ਜਾਰੀ ਰੱਖਿਆ। ਮੈਂ ਉਹਨੂੰ ਦੱਸਿਆ ਕਿ ਮੈਂ ਲੈਲਾ ਦੀ ਸਹੇਲੀ ਹਾਂ ਤੇ ਉਹਨੂੰ ਮਿਲਣ ਆਈ ਹਾਂ। ਉਹਨੇ ਮੈਨੂੰ ਬੈਠਕ ਦੇ ਸੋਫੇ ਤੇ ਬੈਠਣ ਲਈ ਕਿਹਾ ਅਤੇ ਖੁਦ ਉਹ ਫਟੇ ਜਿਹੇ ਕਾਲੇ ਸੂਤੀ ਪਰਦੇ ਦੇ ਅੰਦਰ ਜਾ ਵੜੀ ਜੋ ਸ਼ਾਇਦ ਬਾਕੀ ਦੇ ਘਰ ਦੇ ਅੰਦਰ ਜਾਣ ਵਾਲਾ ਬੂਹਾ ਸੀ। ਜਦੋਂ ਮੈਂ ਸੋਫੇ ਵੱਲ ਤੁਰੀ ਤਾਂ ਵੇਖਿਆ ਕਿ ਪੌੜੀ ਅੰਦਰ ਵੜਨ ਵਾਲੇ ਦਰਵਾਜ਼ੇ ਦੇ ਸੱਜੇ ਪਾਸਿਉਂ ਹੋਰ ਉਪਰ ਨੂੰ ਜਾ ਰਹੀ ਸੀ।

ਕਮਰੇ ਵਿਚ ਕਾਲੀਨ ਵਿਛਿਆ ਹੋਇਆ ਸੀ ਅਤੇ ਪੱਛਮੀ ਢੰਗ ਦਾ ਸੋਫਾ ਤੇ ਕੁਰਸੀਆਂ ਪਈਆਂ ਸਨ। ਮੈਂ ਇਕ ਕੰਧ ਦੇ ਨਾਲ ਲੱਕੜੀਆਂ ਦੀਆਂ ਬਣੀਆਂ ਮਹਿਰਾਬਾਂ ਵੇਖੀਆਂ ਜੋ ਇਕ ਤੰਗ ਜਿਹੀ ਬਾਲਕੋਨੀ ਵਿਚ ਜਾਂਦੀਆਂ ਸਨ। ਇਹ ਮਹਿਰਾਬਾਂ ਚਿਕਾਂ ਨਾਲ ਢਕੀਆਂ ਹੋਈਆਂ ਸਨ ਜਿਵੇਂ ਫਿਲਮਾਂ ਵਿਚ ਵਿਖਾਉਂਦੇ ਹਨ। ਮੈਂ ਸੋਚਿਆ ਇਹ ਹੀ ਉਹ ਥਾਂ ਹੈ ਜਿੱਥੇ ਉਹ ਤਿਆਰ ਹੋ ਕੇ ਗਾਹਕਾਂ ਨੂੰ ਖਿੱਚਣ ਲਈ ਖੜ੍ਹਦੀਆਂ ਹੋਣਗੀਆਂ। ਮੈਂ ਸਮਝ ਗਈ ਕਿ ਇਹ ਬੈਠਕ ਦਰਅਸਲ ਕੋਠਾ ਹੈ। ਇਹ ਫਿਲਮਾਂ ਨਾਲੋਂ ਵਧੇਰੇ ਪੱਛਮੀ ਲੱਗਦਾ ਸੀ ਅਤੇ ਇਹ ਫਿਲਮੀ ਕੋਠਿਆਂ ਨਾਲੋਂ ਜ਼ਿਆਦਾ ਵੱਡਾ ਵੀ ਸੀ। ਮੈਂ ਝਟਕ ਕੇ ਸਭ ਕੁਝ ਆਪਣੇ ਮਨੋਂ ਲਾਹ ਦਿੱਤਾ।

ਇਕ ਖੋਜੀ ਦੇ ਤੌਰ ਤੇ ਮੈਂ ਇੱਥੇ ਪਹਿਲਾਂ ਬਣੇ ਵਿਚਾਰਾ ਨੂੰ ਹੋਰ ਪੁਖ਼ਤਾ ਕਰਨ ਲਈ ਨਹੀਂ ਸੀ ਆਈ: ਬਲਕਿ ਇਹ ਜਾਣਨ ਆਈ ਸੀ ਕਿ ਇਨ੍ਹਾਂ ਦੀ ਜ਼ਿੰਦਗੀ ਦੀ ਅਸਲੀਅਤ ਕੀ ਏ। ਮੈਂ ਖੁਦ ਨੂੰ ਸਮਝਾਇਆ ਕਿ ਖੁਲ੍ਹੇ ਮਨ ਨਾਲ ਰਹਾਂ ਅਤੇ ਜਦੋਂ ਤੱਕ ਮੇਰੇ ਕੋਲ ਸਬੰਧਤ ਅੰਕੜੇ ਨਹੀਂ ਆ ਜਾਂਦੇ ਉਦੋਂ ਤੱਕ ਇਨ੍ਹਾਂ ਚੀਜ਼ਾਂ ਦੀ ਵਿਆਖਿਆ ਵਿਚ ਨਾ ਜੁਟਾਂ।

ਮੈਨੂੰ ਕੰਧਾਂ ਵੀ ਅਜੀਬ ਜਿਹੀਆਂ ਲੱਗ ਰਹੀਆਂ ਸਨ। ਅੰਦਰ ਆਉਣ ਵਾਲੇ ਦਰਵਾਜ਼ੇ ਦੀ ਸਾਮ੍ਹਣੀ ਕੰਧ ਤੇ ਇਕ ਵੱਡਾ ਸਾਰਾ ਸ਼ੀਸ਼ਾ ਲਟਕ ਰਿਹਾ ਸੀ। ਕੰਧਾਂ ਤੇ ਤਸਵੀਰਾਂ ਲੱਗੀਆਂ ਹੋਈਆਂ ਸਨ, ਅਤੇ ਦੋ ਕਾਲੇ-ਚਿੱਟੇ ਔਰਤਾਂ ਦੇ ਚਿੱਤਰਾਂ ਨੇ ਮੇਰਾ ਧਿਆਨ ਆਪਣੇ ਵੱਲ ਖਿੱਚ ਲਿਆ। ਉਹ ਪੰਜਾਹਵਿਆਂ ਦੇ ਦਹਾਕੇ ਦੀਆਂ ਅਦਾਕਾਰਾਂ ਵਰਗੇ ਸਨ ਅਤੇ ਜਾਲੀਦਾਰ ਚੁੰਨੀਆਂ ਨਾਲ ਉਨ੍ਹਾਂ ਨੇ ਉਸ ਯੁਗ ਦਾ ਵਾਲਾਂ ਦਾ ਸਟਾਈਲ ਅਤੇ ਮੇਕਅਪ ਕੀਤਾ ਹੋਇਆ ਸੀ।

ਪੰਜ ਕੁ ਹੋਰ ਮਿੰਟ ਮਗਰੋਂ ਇਕ ਅਧਖੜ੍ਹ ਜਿਹੀ ਤਿੱਖੇ ਨੈਣ-ਨਕਸ਼ ਵਾਲੀ ਔਰਤ ਦਰਵਾਜ਼ੇ ਵਿਚੋਂ ਆਈ ਜਿਸ ਨੇ ਸਾਦਾ ਸਲਵਾਰ-ਕਮੀਜ ਪਹਿਨੀ ਹੋਈ ਸੀ ਅਤੇ ਸਿਰ ਤੇ ਮੁਸਲਿਮ ਦੁਪੱਟਾ ਲਿਆ ਗਿਆ ਸੀ। ਉਹਦੇ ਨੱਕ ਵਿਚ ਤੀਲੀ ਸੀ। ਰੰਗ ਸਾਫ ਸੀ, ਅਤੇ ਚਿਹਰੇ ਤੇ ਤਜ਼ਰਬੇ ਦੀ ਝਲਕ ਸੀ। ਉਹਨੇ ਨਰਮੀ ਨਾਲ ਮੈਨੂੰ ਜੀ ਆਇਆਂ ਕਿਹਾ ਤੇ ਮੈਂ ਉਹਨੂੰ ਆਪਣੀ ਵਾਕਫੀ ਕਰਾਈ। ਬੈਠਕ ਵਿਚ ਆਉਣ ਤੋਂ ਪਹਿਲਾਂ ਉਹਨੂੰ ਮੇਰੇ ਬਾਰੇ ਸਭ ਕੁਝ ਸਪਸ਼ਟ ਦੱਸਿਆ ਹੋਇਆ ਸੀ। ਉਹਨੇ ਦੱਸਿਆ ਕਿ ਲੈਲਾ ਨੇ ਮੈਨੂੰ ਸਭ ਕੁਝ ਦੱਸਿਆ ਹੋਇਆ ਹੈ। ਕੁਝ ਗੱਲਾਂ ਕਰਨ ਤੋਂ ਬਾਦ ਉਹਨੇ ਦੱਸਿਆ ਕਿ ਸਵੇਰਾਂ ਲੈਲਾ ਲਈ ਚੁਣੌਤੀ ਭਰੀਆਂ ਹੁੰਦੀਆਂ ਹਨ ਅਤੇ ਉਹ ਅਜੇ ਜਾਗੀ ਹੀ ਹੈ। 'ਸਵੇਰ?' ਮੈਂ ਹੈਰਾਨ ਹੋਈ, ਕਿਉਂਕਿ ਦੁਪਹਿਰ ਦਾ ਇਕ ਵੱਜਾ ਹੋਇਆ ਸੀ।

ਮੈਨੂੰ ਇਸ ਔਰਤ ਦਾ ਪੰਜਾਬੀ ਲਹਿਜ਼ਾ ਬੜਾ ਚੰਗਾ ਲੱਗਾ ਅਤੇ ਮੈਂ ਵੀ ਵਧੀਆ ਤੋਂ ਵਧੀਆ ਪੰਜਾਬੀ ਵਿਚ ਜਵਾਬ ਦਿੱਤਾ। ਹਾਲਾਂਕਿ ਮੈਨੂੰ ਉਹਦੀ ਪੰਜਾਬੀ ਵਿਚ ਚੜ੍ਹਦੇ ਦੀ ਝਲਕ ਮਿਲੀ ਪਰ ਉਹਦਾ ਕਹਿਣਾ ਸੀ ਕਿ ਉਹਨੇ ਸਾਰੀ ਜ਼ਿੰਦਗੀ ਲਾਹੌਰ ਵਿਚ ਹੀ ਬਿਤਾਈ ਹੈ। ਇਸ ਮੌਕੇ ਤੇ ਮੈਂ ਚੰਗਾ ਨਹੀਂ ਸਮਝਿਆ ਕਿ ਮੈਂ ਉਹਦੇ ਅਤੀਤ ਬਾਰੇ ਹੋਰ ਪੁੱਛਦੀ ਰਹਾਂ ਇਸ ਲਈ ਮੈਂ ਬੱਚਿਆਂ ਬਾਰੇ ਗੱਲ ਛੇੜ ਲਈ। ਉਹਨੇ ਮੈਨੂੰ ਦੱਸਿਆ ਕਿ ਉਹਦੇ ਇਕ ਪੁੱਤਰ ਤੇ ਇਕ ਧੀ ਏ। ਮੁੰਡੇ ਦਾ ਵਿਆਹ ਹੋ ਚੁੱਕਾ ਹੈ ਤੇ ਉਹਦੇ ਅੱਗੋਂ ਦੋ ਮੁੰਡੇ ਤੇ ਦੋ ਕੁੜੀਆਂ ਨੇ। ਮੈਂ ਪੁੱਛਿਆ ਕੀ ਉਹਦਾ ਪੁੱਤਰ ਉਹਦੇ ਨਾਲ ਹੀ ਰਹਿੰਦਾ ਏ।

ਉਹਨੇ ਜਵਾਬ ਦਿੱਤਾ, ''ਹਾਂ! ਮੇਰਾ ਪੁੱਤਰ ਮੇਰੇ ਨਾਲ ਹੀ ਰਹਿੰਦਾ ਏ। ਉਹ ਕਾਰੋਬਾਰ ਦੇ ਸਿਲਸਿਲੇ ਵਿਚ ਸਫਰ ਤੇ ਜਾਂਦਾ ਰਹਿੰਦਾ ਏ ਪਰ ਮੇਰੀ ਨੂੰਹ ਅਤੇ ਪੋਤੇ-ਪੋਤੀਆਂ ਹਰ ਵੇਲੇ ਇੱਥੇ ਹੀ ਰਹਿੰਦੇ ਨੇ।''

ਮੈਂ ਸਿਰਫ ਉਹੀ ਸਵਾਲ ਪੁੱਛ ਰਹੀ ਸੀ ਜੋ ਇਸ ਪੁਰਾਣੇ ਸ਼ਹਿਰ ਵਿਚ ਆਮ ਪੁੱਛਣ ਦਾ ਰਿਵਾਜ ਏ, ਜਦੋਂ ਤੁਸੀਂ ਕਿਸੇ ਨੂੰ ਪਹਿਲੀ ਵਾਰੀ ਮਿਲਦੇ ਹੋ। ਮੈਂ ਹੁਣੇ ਹੀ ਖੋਜਕਾਰ ਦੀ ਸ਼ੈਲੀ ਵਿਚ ਗੱਲ ਸ਼ੁਰੂ ਨਹੀਂ ਕਰਨਾ ਚਾਹੁੰਦੀ ਸੀ। ਇਕ ਵੇਲੇ ਤਾਂ ਮੈਨੂੰ ਇੰਝ ਲੱਗਾ ਕਿ ਉਹ ਆਪਣੇ ਵੱਲੋਂ ਮੈਨੂੰ ਦਿੱਤੀ ਜਾਣਕਾਰੀ ਨਾਲ ਸੰਤੁਸ਼ਟ ਹੈ ਅਤੇ ਉਹ ਮੇਰੇ ਬਾਰੇ ਜਾਣਕਾਰੀ ਲੈਣ ਲੱਗੀ।

ਮੈਂ ਆਪਣੇ ਬਾਰੇ ਬੁਨਿਆਦੀ ਗੱਲਾਂ ਉਹਨੂੰ ਪਹਿਲਾਂ ਹੀ ਦੱਸ ਚੁੱਕੀ ਸਾਂ, ਕਿ ਮੈਂ

ਇਸਲਾਮਾਬਾਦ ਰਹਿੰਦੀ ਹਾਂ, ਲੋਕ ਵਿਰਸਾ ਵਿਚ ਕੰਮ ਕਰਦੀ ਸਾਂ ਅਤੇ ਇਸ ਇਲਾਕੇ ਬਾਰੇ ਲਿਖਣਾ ਚਾਹੁੰਦੀ ਸਾਂ ਅਤੇ ਮੈਂ ਲਾਹੌਰ ਵਿਚ ਆਪਣੇ ਅੰਕਲ ਨਾਲ ਰਹਿ ਰਹੀ ਹਾਂ। ਉਹਨੇ ਉੱਪਰ ਤੋਂ ਹੇਠਾਂ ਤੱਕ ਮੈਨੂੰ ਵੇਖਿਆ, ਭਰਵੱਟੇ ਸੁੰਗੇੜੇ ਤੇ ਬੋਲੀ, ''ਤੂੰ ਭਾ ਸਾਦਿਕ ਨੂੰ ਕਿਵੇਂ ਜਾਣਦੀ ਏਂ?''

ਮੈਂ ਭਰੋਸੇ ਨਾਲ ਜਵਾਬ ਦਿੱਤਾ, ''ਸਾਡਾ ਇਕ ਸਾਂਝਾ ਦੋਸਤ ਹੈ।''

ਮੈਂ ਕਈ ਮਸ਼ਹੂਰ ਸੰਗੀਤਕਾਰਾਂ ਅਤੇ ਗੀਤਕਾਰਾਂ ਦਾ ਜ਼ਿਕਰ ਕੀਤਾ, ਸਾਰੇ ਹੀ ਜਣੇ ਮਿਰਾਸੀ ਬਿਰਾਦਰੀ ਵਿਚੋਂ ਸਨ। ਉਹ ਮੁਸਕਰਾਈ ਅਤੇ ਸਿਰ ਹਿਲਾਇਆ ਜਿਵੇਂ ਕਿ ਮੇਰੇ ਦਿੱਤੇ ਹਵਾਲਿਆਂ ਤੋਂ ਉਹ ਸੰਤੁਸ਼ਟ ਹੋ ਗਈ ਹੋਵੇ ਅਤੇ ਬੋਲੀ ''ਤੂੰ ਸਾਡੀ ਮਹਿਮਾਨ ਏਂ ਅਤੇ ਮੇਰੀ ਕੁੜੀ ਵਰਗੀ ਏਂ। ਸਾਨੂੰ ਦੱਸ, ਹੁਣ ਅਸੀਂ ਤੇਰੀ ਕਿਵੇਂ ਮੱਦਦ ਕਰ ਸਕਦੇ ਹਾਂ।'' ਮੈਂ ਇਹ ਸੁਣਕੇ ਬੜੀ ਖੁਸ਼ ਹੋਈ ਕਿਉਂਕਿ ਮੈਂ ਤਾਂ ਸੋਚ ਰਹੀ ਸੀ ਕਿ ਮੇਰੇ ਲਈ ਉਨ੍ਹਾਂ ਦੇ ਤਾਣੇ-ਬਾਣੇ ਵਿਚ ਵੜਨਾ ਬੜਾ ਮੁਸ਼ਕਿਲ ਹੋਏਗਾ। ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਮੈਂ ਇਹਨੂੰ ਹਰੀ ਝੰਡੀ ਨਾ ਸਮਝਾਂ। ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਮੇਰੇ ਵਰਗੇ ਘੁਸਪੈਠੀਆਂ ਨਾਲ ਕਿਵੇਂ ਸਿੱਝਿਆ ਜਾਂਦਾ ਏ ਜੋ ਸਮਝਦੇ ਹੋਣ ਕਿ ਉਹ ਅੰਦਰ ਵੜ ਸਕਦੇ ਨੇ, ਜੋ ਉੱਥੇ ਹੈ ਤੇ ਇਲਾਕੇ ਬਾਰੇ ਉਹ ਸਭ ਕੁਝ ਜਾਣ ਸਕਦੇ ਹਨ ਅਤੇ ਜਦ ਚਾਹੁਣ ਜਾ ਕੇ ਇਸ ਬਾਰੇ ਲਿਖਣ ਬਹਿ ਸਕਦੇ ਨੇ।

ਲੈਲਾ ਕਮਰੇ ਵਿਚ ਦਾਖਲ ਹੋਈ। ਉਹਨੇ ਗਹਿਰੇ ਨੀਲੇ ਰੰਗ ਦੀ ਕਰੇਪ ਦੀ ਚੁਸਤ ਸਲਵਾਰ ਕਮੀਜ਼ ਪਹਿਨੀ ਹੋਈ ਸੀ। ਉਹ ਦਾ ਰੰਗ ਆਪਣੀ ਮਾਂ ਵਰਗਾ ਸਾਫ ਨਹੀਂ ਸੀ। ਲੈਲਾ ਦੇ ਨੈਣ-ਨਕਸ਼ ਮੋਕਲੇ ਤੇ ਮੋਟੇ ਪਰ ਕੱਦ ਮਧਰਾ ਸੀ। ਉਹ ਦੇ ਚਿਹਰੇ ਤੇ ਹਲਕਾ ਮੇਕਅਪ ਸੀ, ਚਿੱਟਾ ਪਾਊਡਰ ਮਲਿਆ ਹੋਇਆ ਸੀ, ਅੱਖਾਂ ਤੇ ਲਾਈਨਰ ਲਾਇਆ ਹੋਇਆ ਸੀ ਤੇ ਬੁੱਲ੍ਹਾਂ ਤੇ ਹਲਕੀ ਸੰਤਰੀ ਲਿਪਸਟਿਕ ਲੱਗੀ ਹੋਈ ਸੀ। ਅੱਗੇ ਆ ਕੇ ਮੈਨੂੰ ਜੱਫੀ ਪਾਉਂਦੇ ਹੋਏ ਉਹਨੇ ਕਿਹਾ, ''ਮੈਂ ਮਾਂ ਨੂੰ ਦੱਸਿਆ ਸੀ ਕਿ ਛੇਤੀ ਹੀ ਮੇਰੀ ਸਹੇਲੀ ਮੈਨੂੰ ਮਿਲਣ ਆਏਗੀ।''

ਮੈਂ ਦੋਸਤਾਨਾ ਅਤੇ ਗੈਰਚੁਭਵਾਂ ਅੰਦਾਜ਼ ਅਖਤਿਆਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵੈਸੇ ਵੀ ਮੇਰੀ ਦਿੱਖ ਕੋਈ ਧੱਕੜ ਨਹੀਂ ਹੈ। ਲੈਲਾ ਦੀ ਮਾਂ ਨੇ ਉਹਦੇ ਵੱਲ ਵੇਖਿਆ ਤੇ ਬੋਲੀ, ''ਇਹ ਪੂਰੀ ਲਾਹੌਰੀ ਏ। ਤੂੰ ਇਹਦੇ ਪੈਰਾਂ ਵਿਚ ਪਾਇਆ ਖੁੱਸਾ ਵੇਖਿਆ ਏ?'' ਇਹ ਟਿੱਪਣੀ ਮੇਰੇ ਲਈ ਅਹਿਮ ਸੀ ਕਿਉਂਕਿ ਇਸ ਨਾਲ ਮੈਨੂੰ ਪਤਾ ਲੱਗ ਗਿਆ ਕਿ ਉਹਨੇ ਕੀ ਵੇਖਿਆ ਸੀ।

ਲੈਲਾ ਨੇ ਮੇਰੇ ਵੱਲ ਵੇਖਿਆ ਤੇ ਬੋਲੀ, ''ਹਾਂ! ਇਕ ਦਿੰਨ ਭਾ ਸਦੀਕ ਕੋਲ ਮੈਂ ਵੇਖਿਆ ਸੀ ਕਿ ਉਹ ਇਸਲਾਮਾਬਾਦ ਵਰਗਿਆਂ ਵਾਂਗ ਨਹੀਂ ਲੱਗਦੀ।''

ਮੈਂ ਪੁੱਛਿਆ ਕਿ ਇਸਲਾਮਾਬਾਦ ਦੀਆਂ ਔਰਤਾਂ ਕਿਹੋ ਜਿਹੀਆਂ ਲੱਗਦੀਆਂ ਨੇ। ਉਹਦੀ ਮਾਂ ਨੇ ਤੁਰੰਤ ਜਵਾਬ ਦਿੱਤਾ, ''ਗਿਟ ਪਿਟ ਗਿਟ ਪਿਟ ਕਰਦੀਆਂ ਨੇ।

ਮੈਨੂੰ ਹਾਸਾ ਆ ਗਿਆ।

ਲੈਲਾ ਨੇ ਕਿਹਾ, ''ਹਾਂ ਇਹ ਠੀਕ ਕਹਿੰਦੀ ਏ। ਤੂੰ ਬੜੀ ਸੋਹਣੀ ਪੰਜਾਬੀ ਬੋਲਦੀ ਏਂ।'' ਉਹ ਮੇਰੇ ਹੋਰ ਨੇੜੇ ਆ ਗਈ ਤੇ ਮਾਂ ਨੂੰ ਕਹਿਣ ਲੱਗੀ, ''ਅੰਮੀ! ਮੈਨੂੰ ਇਹਦੇ ਵਾਲ਼ ਬੜੇ ਚੰਗੇ ਲੱਗਦੇ ਨੇ, ਵੇਖ ਤਾਂ ਇਹ ਕਿੰਨੇ ਲੰਬੇ ਅਤੇ ਸੋਹਣੇ ਨੇ।'' ਮੈਂ ਬੜੀ ਖੁਸ਼ ਸਾਂ ਕਿ ਮੈਂ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਪੁਚਾਇਆ। ਮੈਨੂੰ ਲੱਗਾ ਕਿ ਉਹ ਹੌਲੀ-ਹੌਲੀ ਮੈਨੂੰ ਅਪਣਾਅ ਰਹੇ ਨੇ।

ਅਸੀਂ ਆਪਸ ਵਿਚ ਗੱਲਾਂ ਜਾਰੀ ਰੱਖੀਆਂ ਪਰ ਮੇਰੇ ਅੰਦਰ ਦਾ ਖੋਜੀ ਪੂਰੀ ਹਰਕਤ ਵਿਚ ਸੀ ਅਤੇ ਉਨ੍ਹਾਂ ਦੇ ਬੋਲੇ ਹਰ ਸ਼ਬਦ ਨੂੰ ਪਰਖ ਰਿਹਾ ਸੀ, ਉਨ੍ਹਾਂ ਦਾ ਲਹਿਜ਼ਾ, ਉਨ੍ਹਾਂ ਦੀਆਂ ਸੈਨਤਾਂ ਅਤੇ ਅੱਖਾਂ ਦੀ ਹਰਕਤ। ਮੈਂ ਵੇਖਿਆ ਕਿ ਦੋ ਬੱਚੇ, ਇਕ ਛੇ ਕੁ ਸਾਲ ਦੀ ਕੁੜੀ ਅਤੇ ਇਕ ਚਾਰ ਪੰਜ ਸਾਲ ਦਾ ਮੁੰਡਾ, ਇਧਰ-ਉਧਰ ਫਿਰ ਰਹੇ ਸਨ ਜਿਵੇਂ ਉਨ੍ਹਾਂ ਨੂੰ ਹੋਰ ਕੋਈ ਕੰਮ ਹੀ ਨਾ ਹੋਵੇ। ਕਦੀ-ਕਦੀ ਦਾਦੀ ਉਨ੍ਹਾਂ ਨੂੰ ਮਾੜਾ-ਮੋਟਾ ਕੁਝ ਲਿਆਉਣ ਲਈ ਭੇਜ ਦਿੰਦੀ। ਉਹਨੇ ਨਿੱਕੀ ਕੁੜੀ ਨੂੰ ਬਾਜ਼ਾਰ ਵਿਚੋਂ ਚਾਹ ਲਿਆਉਣ ਲਈ ਕਿਹਾ, ਜਿਹੜੀ ਕੋਈ ਔਖੀ ਗੱਲ ਨਹੀਂ ਸੀ ਕਿਉਂਕਿ ਉਹਨੇ ਪੌੜੀਆਂ ਉਤਰ ਕੇ ਚਾਹ ਵਾਲੇ ਮੁੰਡੇ ਨੂੰ ਹਾਕ ਹੀ ਮਾਰਨੀ ਸੀ, ''ਉੱਪਰ ਚਾਰ ਚਾਹ ਛੇਤੀ!''

ਚਾਹ ਵਾਲਾ ਮੁੰਡੂ ਚਾਹ ਲਿਆਇਆ ਅਤੇ ਬਾਦ ਵਿਚ ਖਾਲੀ ਗਿਲਾਸ ਲੈ ਗਿਆ। ਮੈਂ ਆਪਣੇ ਮੀਜ਼ਬਾਨਾਂ ਨੂੰ ਕਈ ਵਾਰੀ ਨਰਮੀ ਨਾਲ ਕਿਹਾ ਕਿ ਮੈਂ ਚਾਹ ਨਹੀਂ ਪੀਂਦੀ, ਪਰ ਫੇਰ ਵੀ ਉਨ੍ਹਾਂ ਨੇ ਮੇਰੇ ਲਈ ਮੰਗਾ ਹੀ ਲਈ। ਮੈਂ ਗਰਮ ਚਾਹ ਦਾ ਗਲਾਸ ਫੜ ਕੇ ਬੈਠੀ ਰਹੀ ਜੋ ਮੂੰਹ ਤੱਕ ਮਲਾਈ ਨਾਲ ਭਰਿਆ ਹੋਇਆ ਸੀ ਤੇ ਭਾਫਾਂ ਛੱਡ ਰਿਹਾ ਸੀ। ਕਈ ਸਾਲ ਤੋਂ ਮੈਂ ਸੋਚਦੀ ਆਉਂਦੀ ਸਾਂ ਕਿ ਮੈਨੂੰ ਵੀ ਕਦੀ-ਕਦੀ ਚਾਹ ਪੀਣ ਦਾ ਸਵਾਦ ਪਾ ਲੈਣਾ ਚਾਹੀਦਾ ਹੈ ਹੈ। ਖੋਜ ਵਿਚ ਅਕਸਰ ਇਹ ਮੇਰਾ ਪਹਿਲਾ ਅੜਿੱਕਾ ਬਣਦਾ ਹੈ ਜਦੋਂ ਮੈਂ ਕਿਸੇ ਨਵੀਂ ਟੋਲੀ ਨਾਲ ਦੋਸਤੀ ਪਾਉਣ ਦੀ ਕੋਸ਼ਿਸ਼ ਕਰਦੀ ਹਾਂ। ਮੈਨੂੰ ਇਹ ਕੁਝ ਕਰਨਾ ਸਿੱਖ ਹੀ ਲੈਣਾ ਚਾਹੀਦਾ ਹੈ। ਪਿੰਡਾਂ ਵਿਚ ਜਦੋਂ ਕਦੀ ਮੈਂ ਕਿਸੇ ਵੱਲੋਂ ਪੇਸ਼ ਕੀਤੀ ਚਾਹ ਤੋਂ ਇਨਕਾਰ ਕਰਦੀ ਤਾਂ ਉਹ ਤੁਰੰਤ ਇਹ ਸੋਚਣ ਲੱਗ ਪੈਂਦਾ ਜਿਵੇਂ ਮੈਂ ਉਹਦੇ ਕੱਪ ਵਿਚ ਚਾਹ ਨਹੀਂ ਪੀਣਾ ਚਾਹੁੰਦੀ। ਇਹ ਪੱਖਪਾਤੀ ਰੀਤ ਉਦੋਂ ਤੋਂ ਚਲੀ ਆਉਂਦੀ ਹੈ ਧਰਮ ਕਰਕੇ ਜਾਂ ਨਸਲੀ ਵਿਤਕਰੇ ਕਰਕੇ ਲੋਕਾਂ ਦੇ ਕੱਪ ਵੱਖਰੇ ਹੁੰਦੇ ਸਨ। ਅਜਿਹੀ ਉਕਾਈ ਤੋਂ ਬਚਣ ਲਈ ਮੈਂ ਹਮੇਸ਼ਾ ਪਾਣੀ ਦਾ ਗਲਾਸ ਮੰਗ ਲੈਂਦੀ ਸੀ। ਇਹ ਤਰੀਕਾ ਅਕਸਰ ਚਲ ਜਾਂਦਾ ਸੀ ਅਤੇ ਉਨ੍ਹਾਂ ਨੂੰ ਭਰੋਸਾ ਹੋ ਜਾਂਦਾ ਸੀ ਕਿ ਮੈਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਘਟੀਆ ਨਹੀਂ ਸਮਝ ਰਹੀ। ਪਰ ਇਸ ਤਰ੍ਹਾਂ ਮੈਨੂੰ ਕਈ ਵਾਰੀ ਗੰਦਾ ਪਾਣੀ ਪੀਣਾ ਪੈ ਜਾਂਦਾ ਸੀ ਜਿਸ ਵਿਚ ਕੁਝ ਨਾ ਕੁਝ ਤਰਦਾ ਹੁੰਦਾ ਸੀ। ਚਾਹ ਆਖਰ ਉਬਲਿਆ ਹੋਇਆ ਪਾਣੀ ਤਾਂ ਹੁੰਦਾ ਹੈ। ਇਸ ਤਰ੍ਹਾਂ ਦੀ ਕੀਮਤ ਸੀ ਜੋ ਮੈਨੂੰ ਚਾਹ ਨਾ ਪੀਣ ਕਾਰਨ ਤਾਰਨੀ ਪਈ ਸੀ ਅਤੇ ਖੇਤਰ ਚੁਣਿਆਂ ਸੀ ਮੈਂ ਫੀਲਡ ਰਿਸਰਚ ਦਾ।

ਮੈਂ ਲੈਲਾ ਨੂੰ ਕਿਹਾ, ''ਕਿਉਂਕਿ ਤੂੰ ਮੇਰੀ ਸਹੇਲੀ ਏਂ, ਇਹ ਚਾਹ ਵੀ ਮੇਰੇ ਲਈ ਤੂੰ ਹੀ ਪੀਏਂਗੀ। ਮੈਨੂੰ ਤਾਂ ਸਿਰਫ ਠੰਢੇ ਪਾਣੀ ਦਾ ਇਕ ਗਲਾਸ ਲਿਆ ਦੇ। ਇਸ ਮੌਸਮ ਵਿਚ ਅੱਜ ਮੈਨੂੰ ਗਰਮੀ ਜਿਹੀ ਲੱਗ ਰਹੀ ਏ।''

ਮੈਨੂੰ ਉਦੋਂ ਹੋਰ ਨਮੋਸ਼ੀ ਹੋਈ ਜਦੋਂ ਉਨ੍ਹਾਂ ਨੇ ਮੈਨੂੰ 7 ਅਪ ਦੀ ਬੋਤਲ ਲਿਆ ਦਿੱਤੀ। ਲਾਹੌਰ ਵਿਚ ਮਹਿਮਾਨਾਂ ਨੂੰ ਫੋਕਾ ਪਾਣੀ ਨਹੀਂ ਪਿਲਾਇਆ ਜਾਂਦਾ ਠੰਢੇ ਸੋਢੇ ਹੀ ਪਿਲਾਏ ਜਾਂਦੇ ਨੇ। ਮੈਂ ਮੀਜ਼ਬਾਨੀ ਵਿਚੋਂ ਲੰਘੀ ਅਤੇ ਕਿਹਾ, ''ਤੁਸੀਂ ਮੈਨੂੰ ਆਪਣਾ ਮਹਿਮਾਨ ਅੱਜ ਹੀ ਸਮਝੋਗੇ, ਬਾਦ ਵਿਚ ਨਹੀਂ।''

ਲੈਲਾ ਦੀ ਮਾਂ ਵੱਲ ਵੇਖਦੇ ਹੋਏ ਮੈਂ ਅੱਗੇ ਕਿਹਾ, ''ਤੁਸੀਂ ਮੈਨੂੰ ਧੀ ਕਹਿ ਰਹੇ ਸੀ ਇਸ ਲਈ ਮੈਂ ਵੀ ਉਹੋ ਜਿਹਾ ਹੀ ਵਰਤਾਉ ਚਾਹੁੰਦੀ ਹਾਂ ਮਹਿਮਾਨ ਵਾਲਾ ਨਹੀਂ।'' ਜੋ ਮੈਂ ਕਿਹਾ ਉਹ

ਸੁਣ ਕੇ ਉਹਨੂੰ ਖੁਸ਼ੀ ਹੋਈ।

ਮੈਂ ਸੰਗੀਤ ਬਾਰੇ ਗੱਲਾਂ ਕਰਨ ਲੱਗੀ ਤੇ ਲੈਲਾ ਨੂੰ ਪੁੱਛਿਆ ਕਿ ਉਹਨੂੰ ਕਿਹੜਾ ਸੰਗੀਤ ਪਸੰਦ ਏ।

ਉਹਦੀਆਂ ਅੱਖਾਂ ਵਿਚ ਚਮਕ ਆ ਗਈ। ਭਾਰਤੀ ਫਿਲਮੀ ਗੀਤ' ਉਹ ਬੋਲੀ।

ਉਹਨੇ ਇਲਾਕੇ ਦੇ ਕਿਸੇ ਵੱਡੇ ਉਸਤਾਦ ਦਾ ਨਾਂ ਨਹੀਂ ਲਿਆ ਨਾ ਕਿਸੇ ਪਾਕਿਸਤਾਨੀ ਗੀਤਕਾਰ ਜਾਂ ਕਵੀ ਦਾ। ਜਦੋਂ ਉਹਨੇ ਦੱਸਿਆ ਕਿ ਉਹਨੂੰ ਕਿਹੜੇ ਗੀਤ ਪਸੰਦ ਨੇ ਤਾਂ ਉਹਨੂੰ ਗੀਤਾਂ ਦੇ ਨਾਂ ਅਤੇ ਜਿਨ੍ਹਾਂ ਫਿਲਮਾਂ ਦੇ ਗੀਤ ਸਨ ਉਨ੍ਹਾਂ ਦੇ ਨਾਂ ਵੀ ਪਤਾ ਸੀ ਪਰ ਇਨ੍ਹਾਂ ਗੀਤਾਂ ਦੀ ਸੰਗੀਤ ਰਚਨਾ ਜਾਂ ਕਵੀ ਬਾਰੇ ਕੋਈ ਪਤਾ ਨਹੀਂ ਸੀ। ਮੇਰਾ ਤਜ਼ਰਬਾ ਇਹ ਸੀ ਕਿ ਸੰਗੀਤ ਕਲਾ ਦੇ ਜਾਣਕਾਰ ਲੋਕ ਜਾਂ ਇਸ ਖੇਤਰ ਵਿਚ ਕੰਮ ਕਰਨ ਵਾਲੇ ਜਦੋਂ ਕਿਸੇ ਗੀਤ ਦਾ ਜਾਂ ਗਜ਼ਲ ਦਾ ਜ਼ਿਕਰ ਕਰਦੇ ਨੇ ਤਾਂ ਉਹਨਾਂ ਨੂੰ ਘੱਟੋ-ਘੱਟ ਇਸ ਦੇ ਲਿਖਣ ਵਾਲੇ ਦਾ ਜ਼ਰੂਰ ਪਤਾ ਹੁੰਦਾ ਏ। ਭਾਵੇਂ ਗ਼ਜ਼ਲ ਫਿਲਮ ਵਿਚੋਂ ਹੀ ਹੋਵੇ ਪਰ ਇਸ ਨੂੰ ਗਾਉਣ ਤੋਂ ਪਹਿਲਾਂ ਉਹ ਗ਼ਜ਼ਲਗੋ ਦਾ ਨਾਂ ਜ਼ਰੂਰ ਲੈਂਦੇ ਨੇ। ਮੁਹੱਲੇ ਦੇ ਸੰਗੀਤਕਾਰਾਂ ਬਾਰੇ ਮੇਰੇ ਨਿੱਕੇ ਜਿਹੇ ਤਜ਼ਰਬੇ ਨੇ ਹੀ ਮੇਰੀ ਗੱਲ ਦੀ ਪੁਸ਼ਟੀ ਵੀ ਕੀਤੀ ਏ। ਕੋਈ ਫੈਸਲਾ ਦਿੱਤੇ ਬਿਨਾਂ ਹੀ ਲੈਲਾ ਵੱਲੋਂ ਆਪਣੇ ਪਸੰਦੀਦਾ ਗੀਤਾਂ ਬਾਰੇ ਦੱਸਣ ਤੋਂ ਸੰਗੀਤ ਸਬੰਧੀ ਉਸਦੀ ਜਾਣਕਾਰੀ ਅਤੇ ਨਾਤੇ ਦੀ ਝਲਕ ਸਪਸ਼ਟ ਮਿਲ ਗਈ।

ਮੈਂ ਉਹਨੂੰ ਪੁੱਛਿਆ ਕਿ ਇਸ ਮਹੱਲੇ ਦੇ ਵੱਡੇ ਕਲਾਕਾਰਾਂ ਬਾਰੇ ਉਹ ਕੀ ਸੋਚਦੀ ਏ।

ਉਹਦਾ ਜਵਾਬ ਸੀ, ''ਮੈਂ ਵੀ ਉਨ੍ਹਾਂ ਵਰਗੀ ਹੀ ਬਣਨਾ ਚਾਹੁੰਦੀ ਹਾਂ।''

ਮੈਂ ਪੁੱਛਿਆ, ''ਭਲਾ ਕੀਹਦੇ ਵਰਗੀ, ਇਕ ਦੀ ਮਿਸਾਲ ਤਾਂ ਦੇਹ।''

''ਰੀਮਾ ਵਰਗੀ (ਇਕ ਮਸ਼ਹੂਰ ਫਿਲਮੀ ਅਦਾਕਾਰਾ)! ਉਹ ਬੜੀ ਚੰਗੀ ਨਾਚੀ ਏ ਅਤੇ ਸ਼ੋਹਰਤ ਦੀ ਬੁਲੰਦੀ ਤੇ ਪੁੱਜ ਗਈ ਏ। ਪਰ ਇਹ ਹੀ ਇਕ ਨਹੀਂ ਏ ਸਾਨੂੰ ਸੰਪਰਕਾਂ ਦੀ ਲੋੜ ਏ।''

ਇਸ ਜਵਾਬ ਨਾਲ ਮੈਨੂੰ ਉਸ ਦੀ ਤਾਂਘ ਦਾ ਪਤਾ ਸਪਸ਼ਟ ਰੂਪ ਵਿਚ ਲੱਗ ਗਿਆ। ਉਸ ਦੀ ਐਕਟਿੰਗ ਵਿਚ ਦਿਲਚਸਪੀ ਸੀ ਨਾ ਕਿ ਸੰਗੀਤ ਵਿਚ।

ਪਹਿਲੀ ਮੀਟਿੰਗ ਐਨੀ ਚੰਗੀ ਰਹੀ ਕਿ ਮੈਨੂੰ ਫੇਰ ਆਉਣ ਦਾ ਸੱਦਾ ਮਿਲਿਆ ਅਤੇ ਮੈਂ ਅਕਸਰ ਮਿਲਣ ਜਾਂਦੀ ਵੀ ਰਹੀ।

ਇਕ ਦਿਨ ਜਦੋਂ ਮੈਂ ਮੁਹੱਲੇ ਦੇ ਕਾਰੋਬਾਰ ਬਾਰੇ ਕੈਸਰਾ ਨਾਲ ਗੱਲ ਕਰ ਰਹੀ ਸੀ ਤਾਂ ਉਹਨੇ ਦੱਸਿਆ, ''ਅਸੀਂ ਬੁਰੇ ਕੰਮ ਨਹੀਂ ਕਰਦੇ (ਉਹਦਾ ਮਤਲਬ ਜਿਸਮਫਰੋਸ਼ੀ ਤੋਂ ਸੀ) ਮੇਰਾ ਬਾਪ ਇਕ ਰੁਤਬੇ ਵਾਲਾ ਆਦਮੀ ਸੀ। ਦੂਜੇ ਜ਼ਿਲ੍ਹਿਆਂ ਦੇ ਲੋਕ ਵੀ ਉਹਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਹ ਸਾਨੂੰ ਦੋਹਾਂ ਨੂੰ ਬੜਾ ਪਿਆਰ ਕਰਦਾ ਸੀ।''

''ਤੁਸੀਂ ਦੋਵੇਂ ਮਤਲਬ?', ਮੈਂ ਪੁੱਛਿਆ।

ਲੈਲਾ ਦੀ ਮਾਂ ਨੇ ਬੇਧਿਆਨੀ ਵਿਚ ਹੀ ਕਿਹਾ, ''ਮੈਂ ਅਤੇ ਮੇਰੀ ਭੈਣ ਦੋਵਾਂ ਨੂੰ।''

''ਉਹ ਥੋੜੇ ਕੋਲੋਂ ਵੱਡੀ ਹੈ ਕਿ ਛੋਟੀ?'', ਮੈਂ ਪੁੱਛਿਆ।

ਉਹਨੇ ਮੇਰੇ ਵੱਲ ਇੰਝ ਵੇਖਿਆ ਜਿਵੇਂ ਉਹ ਚਾਹ ਰਹੀ ਹੋਵੇ ਕਿ ਜੋ ਕੁਝ ਦੱਸ ਦਿੱਤਾ ਹੈ

ਮੈਂ ਉਸਤੋਂ ਵੱਧ ਜਾਣਕਾਰੀ ਦੀ ਝਾਕ ਨਾ ਕਰਾਂ। ਦੂਜੇ ਪਾਸੇ ਵੇਖਦੇ ਹੋਏ ਉਹਨੇ ਸਰਸਰੀ ਤੌਰ ਤੇ ਕਿਹਾ, 'ਵੱਡੀ' ਅਤੇ ਫੇਰ ਆਪਣੀ ਕਹਾਣੀ ਅੱਗੇ ਤੋਰ ਲਈ।

'ਉਹਨੇ ਸਾਨੂੰ ਚੰਗੀ ਤਰ੍ਹਾਂ ਪਾਲਿਆ-ਪੋਸਿਆ। ਅਸੀਂ ਦੋਵੇਂ ਸੁੰਦਰ ਅਤੇ ਸੱਭਿਅ ਸਾਂ ਅਤੇ ਬੋਲਣ-ਚਾਲਣ ਅਤੇ ਉੱਠਣ-ਬਹਿਣ ਦਾ ਸਲੀਕਾ ਜਾਣਦੀਆਂ ਸਾਂ। ਲੋਕ ਗੱਲਾਂ ਕਰਿਆ ਕਰਦੇ ਸਨ ਕਿ ਸਾਡਾ ਪਾਲਣ-ਪੋਸ਼ਣ ਕਿੰਨਾ ਵਧੀਆ ਹੋਇਆ ਏ। ਅਸੀਂ ਕਦੀ ਬੁਰਾ ਕੰਮ ਨਹੀਂ ਕੀਤਾ। ਮੇਰਾ ਬਾਪ ਬੜਾ ਉੱਚਾ-ਲੰਮਾ ਤੇ ਸੁਨੱਖਾ ਸੀ। ਉਹ ਵੱਡਾ ਸਾਰਾ ਸਾਫਾ ਬੰਨ੍ਹਦਾ ਸੀ ਕਿਉਂਕਿ ਉਹ ਪਠਾਣ ਸੀ। ਉਹ ਗੂੜ੍ਹਾ ਹਰਾ ਕੁਰਤਾ ਪਾਇਆ ਕਰਦਾ ਸੀ। ਉਹ ਬੜਾ ਬਾਂਕਾ ਆਦਮੀ ਸੀ।

ਮੈਂ ਪੁੱਛਿਆ, 'ਇੰਝ ਲੱਗਦਾ ਏ ਜਿਵੇਂ ਤੁਸੀਂ ਉਹਦੇ ਬੜੇ ਨੇੜੇ ਸੀ।'

ਉਹਦੇ ਮੂੰਹ ਤੇ ਮੁਸਕੜੀ ਆਈ ਜਿਵੇਂ ਕਿ ਉਹ ਉਨ੍ਹਾਂ ਯਾਦਾਂ ਵਿਚ ਖੋ ਗਈ ਹੋਵੇ ਜੋ ਉਹਦੇ ਅੰਦਰ ਡੂੰਘੀਆਂ ਛੁਪੀਆਂ ਹੋਈਆਂ ਨੇ। ਉਹਨੇ ਕੋਈ ਜਵਾਬ ਨਾ ਦਿੱਤਾ।

ਉਹਨੂੰ ਆਪਣੀਆਂ ਯਾਦਾਂ ਨਾਲ ਖੇਡਣ ਦਾ ਵਕਤ ਦਿੰਦਿਆਂ ਮੈਂ ਕੁਝ ਚਿਰ ਚੁੱਪ ਰਹੀ। ਫੇਰ ਮੈਂ ਪੁੱਛਿਆ, 'ਤੇਰੇ ਬੱਚਿਆਂ ਦਾ ਕਿਵੇਂ ਰਿਹਾ, ਉਹਨਾਂ ਨੂੰ ਵੀ ਇਸੇ ਤਰ੍ਹਾਂ ਪਾਲਿਆ?'

ਉਹਦੇ ਚਿਹਰੇ ਤੇ ਇਕ ਘਿਰਣਾ ਜਿਹੀ ਦਾ ਭਾਵ ਆਇਆ ਅਤੇ ਉਹਨੇ ਉੱਚੀ ਆਵਾਜ਼ ਵਿਚ ਕਿਹਾ, ''ਨਹੀਂ! ਵਕਤ ਬਦਲ ਗਿਆ ਏ, ਲੋੜਾਂ ਬਦਲ ਗਈਆਂ ਨੇ, ਕੁੜੀਆਂ ਬਦਲ ਗਈਆਂ ਨੇ, ਸਭ ਕੁਝ ਬਦਲ ਗਿਆ ਏ!'

ਹੋਰ ਜਾਣਕਾਰੀ ਦਾ ਮੌਕਾ ਲੱਭਦੇ ਹੋਏ ਮੈਂ ਇਕ ਸਿੱਧਾ ਸਵਾਲ ਕਰ ਦਿੱਤਾ, 'ਥੋੜਾ ਮਤਲਬ ਨਹੀਂ ਸਮਝੀ।'

ਉਹਨੇ ਮੇਰੇ ਵੱਲ ਵੇਖਿਆ ਜਿਵੇਂ ਕਹਿ ਰਹੀ ਹੋਵੇ, 'ਜੇ ਤੂੰ ਸਮਝਦੀ ਏਂ ਕਿ ਮੈਨੂੰ ਗੱਲੀਂ ਪਾ ਕੇ ਪਤਾ ਕਰ ਲਵੇਂਗੀ ਤਾਂ ਭੁੱਲ ਜਾਹ।' ਇਸ ਦੇ ਬਜਾਏ ਉਹ ਮੁਸਕਰਾਈ ਤੇ ਬੋਲੀ ਕਿ ਮੈਂ ਕੀ ਪੀਣਾ ਪਸੰਦ ਕਰਾਂਗੀ।

ਬੋਲਣ ਅਤੇ ਉਹਲਾ ਰੱਖਣ ਵਿਚਕਾਰ ਆਪਣੀ ਬੇਕਰਾਰੀ ਅਤੇ ਉਹਦੇ ਅੰਦਰੂਨੀ ਸੰਘਰਸ਼ ਤੋਂ ਸੁਚੇਤ ਮੈਂ ਜਵਾਬ ਦਿੱਤਾ ਕਿ ਮੇਰੇ ਨਾਲ ਮਹਿਮਾਨ ਵਰਗਾ ਵਿਹਾਰ ਨਾ ਕੀਤਾ ਜਾਵੇ। ਮੈਂ ਉਹਨਾਂ ਦੇ ਘਰ ਪਹਿਲੀ ਵਾਰੀ ਆਈ ਸੀ ਤੇ ਉਹਨਾਂ ਦੀ ਮੀਜ਼ਬਾਨੀ ਬੜੀ ਵਧੀਆ ਸੀ।

ਲੈਲਾ ਕਮਰੇ ਵਿਚ ਆਈ ਤੇ ਮੈਨੂੰ ਜ਼ੋਰ ਪਾ ਕੇ ਪੁੱਛਣ ਲੱਗੀ ਕਿ ਮੈਂ ਕੀ ਪੀਵਾਂਗੀ, ਇਸ ਲਈ ਮੈਂ ਕਹਿ ਦਿੱਤਾ, ''ਇਕ ਕੋਕ ਕਾਫੀ ਰਹੇਗਾ।''

ਉਹ ਹੱਸ ਪਈ ਤੇ ਬੋਲੀ, 'ਅੱਛਾ ਫੇਰ ਤੂੰ ਵੀ ਪੇਂਡੂ ਏਂ। ਉਹਨੂੰ ਮੇਰਾ ਜਵਾਬ ਚੰਗਾ ਲੱਗਾ ਸੀ ਅਤੇ ਮਜ਼ਾਕ ਨਾਲ ਦੋਸਤਾਨਾ ਹੋਰ ਵਧਾਉਣਾ ਚਾਹੁੰਦੀ ਸੀ।

'ਇਹ ਤੂੰ ਕਿਵੇਂ ਕਹਿ ਰਹੀ ਏਂ?' ਮੈਂ ਪੁੱਛਿਆ।

ਸੋਫੇ ਨੂੰ ਢੋਹ ਲਾਉਂਦੇ ਹੋਏ ਅਤੇ ਅੱਖਾਂ ਦੇ ਕੋਨਿਆਂ 'ਚੋਂ ਮੇਰੇ ਵੱਲ ਸ਼ਰਾਰਤ ਨਾਲ ਵੇਖਦੇ ਹੋਏ ਉਹਨੇ ਭਾਰੇ ਪੰਜਾਬੀ ਲਹਿਜੇ ਵਿਚ ਕਿਹਾ, ''ਪੇਂਡੂ ਕੋਕਾ ਕੋਲਾ ਹੀ ਪੀਂਦੇ ਨੇ। ਥੋੜੇ ਉਤਲੇ ਵਰਗ ਦੇ ਲੋਕ 7-ਅਪ ਹੀ ਪਸੰਦ ਕਰਦੇ ਨੇ।'

ਮੈਂ ਵੀ ਉਹਦੇ ਨਾਲ ਖੂਬ ਹੱਸੀ ਤੇ ਕਿਹਾ, 'ਤੂੰ ਬਿਲਕੁਲ ਠੀਕ ਏਂ। ਮੈਂ ਪੇਂਡੂ ਹੀ ਹਾਂ। ਮੈਨੂੰ ਇਹ ਚੰਗਾ ਲੱਗਦਾ ਏ। ਤੈਨੂੰ ਪਤਾ ਏ? ਮੈਂ ਘਰ ਦੁੱਧ ਹੀ ਪੀਂਦੀ ਹਾਂ। ਇਥੇ ਤਾਂ ਮੈਂ ਥੋੜੀ

ਆਧੁਨਿਕ ਲੱਗਣ ਲਈ ਕੋਕ ਮੰਗ ਲਿਆ ਏ।

ਅਸੀਂ ਦੋਵੇਂ ਹੱਸ ਪਈਆਂ ਪਰ ਉਹਦੀ ਮਾਂ ਨੇ ਇਸ ਲਤੀਫ਼ੇ ਦਾ ਆਨੰਦ ਨਹੀਂ ਮਾਣਿਆਂ। ਉਹ ਨਹੀਂ ਚਾਹੁੰਦੀ ਸੀ ਕਿ ਲੈਲਾ ਮੇਰੇ ਨਾਲ ਬਹੁਤੀ ਨਜ਼ਦੀਕ ਹੋਵੇ। ਉਹ ਉਹਲਾ ਬਣਾ ਕੇ ਰੱਖਣਾ ਚਾਹੁੰਦੀ ਸੀ ਅਤੇ ਆਪਣੇ ਪਰਿਵਾਰਕ ਕੰਮ ਬਾਰੇ ਜਾਣਕਾਰੀ ਸਾਂਝੀ ਨਹੀਂ ਕਰਨਾ ਚਾਹੁੰਦੀ ਸੀ।

ਔਖੀ ਜਿਹੀ ਹੋ ਕੇ ਕੈਸਰਾ ਨੇ ਕਿਹਾ, 'ਲੈਲਾ! ਅੰਦਰ ਜਾਹ ਤੇ ਜੋ ਕੰਮ ਤੈਨੂੰ ਦੱਸ ਕੇ ਆਈ ਸਾਂ ਉਹ ਨਬੇੜ ਲੈ।' ਉਹ ਸਾਫ ਚਾਹੁੰਦੀ ਸੀ ਕਿ ਲੈਲਾ ਮੇਰੇ ਨਾਲ ਨਾ ਬੈਠੇ। ਸ਼ਾਇਦ ਉਹ ਮੈਨੂੰ ਹੋਰ ਕਹਾਣੀਆਂ ਸੁਣਾਉਣਾ ਚਾਹੁੰਦੀ ਸੀ, ਸ਼ਾਇਦ ਮੈਨੂੰ ਇਹ ਭਰੋਸਾ ਕਰਵਾਉਣ ਲਈ ਕਿ ਉਸ ਦੇ ਪਰਿਵਾਰ ਦਾ ਜਿਸਮਫਰੋਸ਼ੀ ਨਾਲ ਕੁਝ ਵੀ ਲਾਗਾ-ਦੇਗਾ ਨਹੀਂ ਸੀ।

ਲੈਲਾ ਨੇ ਹੱਸ ਕੇ ਮੇਰੇ ਵੱਲ ਵੇਖਿਆ ਅਤੇ ਮਾਂ ਤੋਂ ਲੁਕਾ ਕੇ ਮੈਨੂੰ ਅੱਖ ਮਾਰੀ। ਗੰਭੀਰ ਚਿਹਰਾ ਬਣਾ ਕੇ ਉਹਨੇ ਮਾਂ ਤੋਂ ਪੁੱਛਿਆ, 'ਕਿਹੜਾ ਕੰਮ, ਮਾਂ?'

ਉਹ ਮਾਂ ਨੂੰ ਚਿੜ੍ਹਾ ਰਹੀ ਸੀ ਪਰ ਉਹਦੀ ਮਾਂ ਨੇ ਘੂਰੀ ਵੱਟ ਕੇ ਕਿਹਾ, ''ਤੈਨੂੰ ਯਾਦ ਨਹੀਂ ਮੈਂ ਅੱਜ ਸਵੇਰੇ ਕੀ ਕਿਹਾ ਸੀ?'

ਲੈਲਾ ਨੇ ਭੋਲਾ-ਭਾਲਾ ਮੂੰਹ ਬਣਾ ਕੇ ਨਿਆਣਿਆਂ ਵਾਂਗੂ ਕਿਹਾ, 'ਨਹੀਂ...'

ਕੈਸਰਾ ਨੇ ਲਾਗਿਉਂ ਸਰ੍ਹਾਣਾ ਚੁੱਕਿਆ ਤੇ ਲੈਲਾ ਦੇ ਵਗਾਹ ਮਾਰਿਆ। ਲੈਲਾ ਨੂੰ ਯਾਦ ਕਰਵਾਉਣ ਦਾ ਇਹ ਚੰਗਾ ਢੰਗ ਸੀ ਅਤੇ ਉਹ ਹੱਸਦੇ-ਹੱਸਦੇ ਚਲੀ ਗਈ। ਜਦੋਂ ਘਰ ਦੇ ਦੂਜੇ ਹਿੱਸੇ ਵਿਚ ਜਾਣ ਲਈ ਉਹਨੇ ਬੂਹੇ ਦਾ ਪਰਦਾ ਚੁੱਕਿਆ ਤਾਂ ਉਹਨੇ ਮੁੜ ਕੇ ਵੇਖ ਕੇ ਮੈਨੂੰ ਫੇਰ ਅੱਖ ਮਾਰੀ।

ਲੈਲਾ ਨੂੰ ਮੇਰੇ ਵਿਚ ਕੁਝ ਉਤੇਜਕ ਲੱਗਦਾ ਸੀ ਤੇ ਉਹ ਮੇਰੇ ਨਾਲ ਸੁਤੰਤਰ ਸਬੰਧ ਬਣਾਉਣਾ ਚਾਹੁੰਦੀ ਸੀ ਪਰ ਮੈਨੂੰ ਪਤਾ ਸੀ ਕਿ ਉਹਦੀ ਮਾਂ ਉਹ ਮੇਰੇ ਕੋਲੋਂ ਦੂਰ ਰੱਖਣਾ ਚਾਹੁੰਦੀ ਸੀ। ਸਪਸ਼ਟ ਸੀ ਕਿ ਉਸ ਵੇਲੇ ਮੇਰੀ ਭੂਮਿਕਾ ਬਹਿਸ ਵਿਚ ਪੈਣ ਜਾਂ ਇਹ ਸਾਬਤ ਕਰਨ ਦੀ ਨਹੀਂ ਸੀ ਬਣਦੀ ਕਿ ਮੈਂ ਜਾਣਦੀ ਹਾਂ ਕਿ ਉਨ੍ਹਾਂ ਦਾ ਟੱਬਰ ਜਿਸਮਫਰੋਸ਼ੀ ਦੇ ਧੰਦੇ ਵਿਚ ਹੈ। ਮੈਂ ਦੋਸਤਾਨਾ ਤਾਅਲੁਕ ਬਣਾ ਕੇ ਰੱਖਣਾ ਚਾਹੁੰਦੀ ਸੀ ਤਾਂ ਕਿ ਉਹ ਮੇਰੇ ਤੇ ਭਰੋਸਾ ਕਰਨ ਲੱਗ ਪਏ। ਇਸ ਲਈ ਮੈਂ ਆਪਣਾ ਪੂਰਾ ਧਿਆਨ ਉਸ ਵੱਲ ਕੀਤਾ ਅਤੇ ਉਹਦੇ ਪਿਛੋਕੜ ਬਾਰੇ ਅਤੇ ਇਲਾਕ਼ੇ ਦੇ ਲੋਕਾਂ ਬਾਰੇ ਸਾਦੇ ਸਵਾਲ ਪੁੱਛਦੀ ਰਹੀ।

ਲੈਲਾ ਦੀ ਮਾਂ ਨੇ ਆਪਣੀ ਕਹਾਣੀ ਫੇਰ ਛੇੜ ਲਈ। ਉਹ ਕਹਿਣ ਲੱਗੀ, 'ਮੈਨੂੰ ਨਹੀਂ ਅੰਦਾਜ਼ਾ ਕਿ ਇਸ ਬਾਜ਼ਾਰ ਦੇ ਲੋਕ ਕੀ ਕਰਦੇ ਨੇ। ਮੈਨੂੰ ਸਾਲਾਂ ਹੋ ਗਏ ਮੈਂ ਆਪਣੇ ਘਰ ਤੋਂ ਬਾਹਰ ਪੈਰ ਨਹੀਂ ਪਾਇਆ। ਜੋ ਕੋਈ ਘਰ ਦੀ ਲੋੜ ਹੁੰਦੀ ਏ ਉਹ ਮੇਰੇ ਬੱਚੇ ਤੇ ਮੇਰਾ ਬੇਵਕੂਫ ਨੌਕਰ ਪੂਰੀ ਕਰਦੇ ਨੇ। ਮੇਰਾ ਕੋਈ ਸਮਾਜਕ ਜੀਵਨ ਨਹੀਂ। ਮੈਂ ਤਾਂ ਆਪਣੀ ਕੁੜੀਆਂ ਨੂੰ ਵੀ ਕਹਿ ਦਿੱਤਾ ਹੈ ਕਿ ਇਸ ਬੁਰੇ ਕੰਮ ਵਿਚ ਨਹੀਂ ਪੈਣਾ।'

ਮੈਂ ਬੁਝੜਾਂ ਵਾਂਗ ਪੁੱਛਿਆ, 'ਫੇਰ ਤੁਸੀਂ ਖਰਚਾ ਕਿਥੋਂ ਤੋਰਦੇ ਹੋ?'

ਬੜੇ ਮਾਣ ਨਾਲ ਉਹਨੇ ਕਿਹਾ, 'ਮੈਂ ਇਸ ਮਕਾਨ ਦੇ ਕਿਰਾਏ ਨਾਲ ਖਰਚਾ ਤੋਰਦੀ ਹਾਂ।' ਉਹ ਫੇਰ ਦੁਬਾਰਾ ਆਪਣੇ ਬਾਪ ਦੀ ਗੱਲ ਕਰਨ ਲੱਗੀ ਕਿ ਉਹਨੇ ਹੀ ਉਹਦੇ ਲਈ ਇਹ

ਜਾਇਦਾਦ ਛੱਡੀ ਸੀ।

ਦਰਵਾਜ਼ੇ ਉੱਤੇ ਖਟ-ਖਟ ਨਾਲ ਪਤਾ ਲੱਗਾ ਕਿ ਉਹਦਾ ਨੌਕਰ ਭੁੱਬਾ ਆ ਰਿਹਾ ਏ। ਉਹ ਮਧਰਾ ਤੇ ਕਮਲਾ ਜਿਹਾ ਬੰਦਾ ਸੀ ਜੀਹਨੇ ਘਸੀ ਹੋਈ ਮੈਲੀ ਸਲਵਾਰ ਕਮੀਜ਼ ਪਾਈ ਹੋਈ ਸੀ। ਉਹਦਾ ਸਿਰ ਇਕ ਪਾਸੇ ਨੂੰ ਟੇਢਾ ਸੀ ਤੇ ਉਹ ਥੱਥਾ ਬੋਲਦਾ ਸੀ। ਮੈਨੂੰ ਤਾਂ ਉਹਦੀ ਗੱਲ ਸਮਝ ਹੀ ਨਹੀਂ ਸੀ ਪੈਂਦੀ ਪਰ ਬਾਕੀਆਂ ਨੂੰ ਇਸ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਸੀ। ਉਹ ਇਸ ਘਰ ਦਾ ਅਜੀਬ ਕਿਰਦਾਰ ਸੀ।

ਉਹਦੇ ਆਉਣ ਨਾਲ ਲੈਲਾ ਨੂੰ ਸਾਡੇ ਪਾਸ ਆਉਣ ਦਾ ਜਿਵੇਂ ਬਹਾਨਾ ਮਿਲ ਗਿਆ। ਬੂਹਾ ਖੋਲ੍ਹਣ ਦਾ ਦਿਖਾਵਾ ਕਰਦੀ ਹੋਈ ਉਹਨੇ ਛੇਤੀ ਨਾਲ ਨੌਕਰ ਦੇ ਹੱਥ ਵਿਚੋਂ ਕੋਕ ਦੀ ਬੋਤਲ ਖੋਹੀ ਅਤੇ ਮੈਨੂੰ ਫੜਾ ਦਿੱਤੀ। ਮੈਂ ਮੁਸਕਰਾ ਕੇ ਬੋਤਲ ਫੜ ਲਈ। ਮੇਰੀ ਮੁਸਕਰਾਹਟ ਨੂੰ ਵੇਖਦੇ ਹੋਏ ਤੇ ਮਾਂ ਵੱਲ ਕੋਈ ਧਿਆਨ ਨਾ ਦਿੰਦੇ ਹੋਏ ਉਹ ਮੇਰੇ ਕੋਲ ਹੀ ਬਹਿ ਗਈ।

ਮੇਰੇ ਨਾਲ ਅੰਗਰੇਜ਼ੀ ਵਿਚ ਗੱਲ ਕਰਦੇ ਹੋਏ ਉਹ ਕਹਿਣ ਲੱਗੀ, ''ਤੈਨੂੰ ਪਤਾ ਏ ਮੈਂ ਅੰਗਰੇਜ਼ੀ ਬੋਲ ਲੈਨੀ ਆਂ। ਮੈਂ ਦੋ ਸਾਲ ਕਾਲਜ ਵਿਚ ਲਾਏ ਨੇ। ਮੇਰੀ ਅੰਗਰੇਜ਼ੀ ਚੰਗੀ ਏ। ਤੂੰ ਪਰਖ ਸਕਦੀ ਏਂ।''

ਮੈਂ ਉਹਦੀ ਪ੍ਰਸੰਸਾ ਕੀਤੀ, ਮੈਨੂੰ ਇਹ ਪੱਕਾ ਨਹੀਂ ਪਤਾ ਲੱਗ ਰਿਹਾ ਸੀ ਕਿ ਕੀ ਉਹ ਆਪਣੀ ਯੋਗਤਾ ਦਰਸਾ ਰਹੀ ਸੀ, ਮੈਨੂੰ ਕੁਝ ਉਤੇਜਕ ਚੀਜ਼ ਦਿਖਾ ਰਹੀ ਸੀ ਜਾਂ ਮੈਨੂੰ ਇਹ ਦੱਸ ਰਹੀ ਸੀ ਕਿ ਉਹਦੀ ਮਾਂ ਨੂੰ ਅੰਗਰੇਜ਼ੀ ਸਮਝ ਨਹੀਂ ਆਉਂਦੀ ਇਸ ਲਈ ਅਸੀਂ ਇਹ ਗੁਪਤ ਭਾਸ਼ਾ ਵਰਤ ਸਕਦੇ ਹਾਂ। ਹਾਲਾਂਕਿ ਮੈਂ ਉਹਦੇ ਨਾਲ ਅੰਗਰੇਜ਼ੀ ਵਿੱਚ ਗੱਲ ਕਰਨੀ ਸ਼ੁਰੂ ਨਹੀਂ ਕੀਤੀ ਪਰ ਸਿਰਫ ਉਹਦੀ ਤਾਲੀਮ ਦੀ ਪ੍ਰਸੰਸਾ ਕੀਤੀ।

ਲੈਲਾ ਨੂੰ ਵਾਪਸ ਭੇਜਣ ਦਾ ਕੋਈ ਬਹਾਨਾ ਤਲਾਸ਼ ਕਰਦੀ ਹੋਈ ਉਹਦੀ ਮਾਂ ਨੇ ਉਹਨੂੰ ਕਿਹਾ ਕਿ ਭੁੱਬਾ ਨੂੰ ਨਾਸ਼ਤੇ ਲਈ ਭੇਜ ਦੇ। ਪੂਰੇ ਪੁਰਾਣੇ ਲਾਹੌਰ ਵਿਚ ਨਾਸ਼ਤਾ ਘਰ ਨਹੀਂ ਬਣਾਇਆ ਜਾਂਦਾ ਬਲਕਿ ਬਾਜ਼ਾਰੋਂ ਖਰੀਦਿਆ ਜਾਂਦਾ ਹੈ ਜਿੱਥੇ ਖਾਸ ਤਰ੍ਹਾਂ ਦੇ ਕਈ ਪਕਵਾਨ ਨਾਸ਼ਤੇ ਲਈ ਮਿਲਦੇ ਹਨ। ਲੈਲਾ ਨੇ ਪੰਜ ਸਾਲਾਂ ਦੇ ਵਿਗੜੇ ਹੋਏ ਬੱਚੇ ਵਾਂਗ ਜਵਾਬ ਦਿੱਤਾ, ''ਮੈਨੂੰ ਨਹੀਂ ਪਤਾ ਕੀ ਮੰਗਵਾਉਣਾ ਹੈ, ਤੂੰ ਆਪ ਹੀ ਕਰ ਇਹ।'' ਉਹਨੇ ਬੁਰਾ ਜਿਹਾ ਮੂੰਹ ਬਣਾਇਆ ਹੋਇਆ ਸੀ ਅਤੇ ਚੁੰਨੀ ਦੀ ਕਿਨਾਰੀ ਨਾਲ ਖੇਲ੍ਹ ਰਹੀ ਸੀ। ਲੈਲਾ ਵੱਲ ਵੇਖਦੇ ਹੋਏ ਕੈਸਰਾ ਖੁਦ ਉੱਠੀ ਅਤੇ ਅੰਦਰ ਚਲੀ ਗਈ, ਸ਼ਾਇਦ ਪੈਸੇ ਲੈਣ ਤੇ ਭੁੱਬਾ ਵੀ ਉਹਦੇ ਮਗਰ ਤੁਰ ਗਿਆ।

ਲੈਲਾ ਤੇ ਮੈਂ ਇਕ ਦੂਜੇ ਵੱਲ ਵੇਖਿਆ। ਮੈਂ ਉਹਨੂੰ ਹਾਲ ਦੀ ਘੜੀ ਕੁਝ ਪੁੱਛਣਾ ਚਾਹੁੰਦੀ ਸੀ ਪਰ ਮੌਕਾ ਹੀ ਨਹੀਂ ਮਿਲ ਰਿਹਾ ਸੀ। ਸ਼ਾਇਦ ਮੈਨੂੰ ਉਦੋਂ ਤੱਕ ਇੰਤਜ਼ਾਰ ਕਰਨਾ ਚਾਹੀਦਾ ਸੀ ਜਦੋਂ ਤੱਕ ਕਿ ਸਾਡਾ ਵਧੀਆ ਰਾਬਤਾ ਨਾ ਬਣ ਜਾਂਦਾ ਪਰ ਮੈਨੂੰ ਇੰਜ ਲੱਗਾ ਕਿ ਉਹਨੇ ਮੇਰੇ ਨਾਲ ਗੱਲ ਕਰਨ ਦੀ ਇੱਛਾ ਦਾ ਇਸ਼ਾਰਾ ਕਈ ਵਾਰੀ ਦੇ ਦਿੱਤਾ ਏ। ਮੈਂ ਉਹਦਾ ਹੱਥ ਆਪਣੇ ਹੱਥ ਵਿਚ ਲਿਆ ਤੇ ਉਹਦਾ ਹੱਥ ਘੁੰਮਾ ਕੇ ਉਹਦੀ ਕਲਾਈ ਉੱਤੇ ਦਸ-ਬਾਰਾਂ ਲਕੀਰਾਂ ਵੇਖੀਆਂ ਜਿਨ੍ਹਾਂ ਵੱਲ ਮੇਰਾ ਧਿਆਨ ਇਸ ਘਰ ਵਿਚ ਆਉਣ ਤੋਂ ਬਾਦ ਪਹਿਲੀ ਵਾਰੀ ਗਿਆ ਸੀ। ਮੈਂ ਇਨ੍ਹਾਂ ਨਿਸ਼ਾਨਾਂ ਬਾਰੇ ਹਰ ਰਾਤ ਸੋਚਦੀ। ਭਾਵੇਂ ਉਹ ਨਿਸ਼ਾਨ ਇਸ ਤਰ੍ਹਾਂ ਦੇ ਨਹੀਂ ਲੱਗਦੇ ਸੀ

ਜਿਵੇਂ ਬਲੇਡ ਮਾਰ ਕੇ ਖੁਦਕਸ਼ੀ ਕਰਨ ਲਈ ਪੱਛ ਲਾਏ ਗਏ ਹੋਣ ਪਰ ਉਨ੍ਹਾਂ ਦੀ ਥਾਂ ਅਤੇ ਦਿਸ਼ਾ ਕੁਝ ਇਸੇ ਤਰ੍ਹਾਂ ਦਾ ਇਸ਼ਾਰਾ ਕਰਦੀ ਸੀ। ਮੈਂ ਅੰਦਾਜ਼ਾ ਲਾਇਆ ਕਿ ਉਹਨੇ ਖੁਦਕੁਸ਼ੀ ਕਰਨ ਦੀ ਅੱਧ-ਕੱਚੀ ਜਿਹੀ ਕੋਸ਼ਿਸ਼ ਕੀਤੀ ਹੋਣੀ ਹੈ।

''ਲੈਲਾ, ਇਹ ਕੀ ਹੋਇਆ ਸੀ?''

ਉਹਨੇ ਜਵਾਬ ਦਿੱਤਾ, ''ਮੈ ਤੈਨੂੰ ਦੱਸ ਦਿਆਗੀ ਪਰ ਮੈਂ ਇਥੇ ਗੱਲ ਨਹੀਂ ਕਰ ਸਕਦੀ। ਮੈਨੂੰ ਇਕੱਲੀ ਨੂੰ ਤੈਨੂੰ ਮਿਲਣਾ ਪਏਗਾ।''

''ਇੱਥੇ ਕਿਉਂ ਨਹੀਂ?'' ਮੈਂ ਪੁੱਛਿਆ।

''ਉਹ ਮੈਨੂੰ ਕਦੀ ਵੀ ਫੇਰ ਤੈਨੂੰ ਮਿਲਣ ਨਹੀਂ ਦੇਣਗੇ ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਮੈਂ ਤੈਨੂੰ ਉਹ ਗੱਲਾਂ ਦੱਸ ਰਹੀ ਹਾਂ ਜੋ ਉਹ ਨਹੀਂ ਚਾਹੁੰਦੇ ਕਿ ਤੈਨੂੰ ਪਤਾ ਲੱਗਣ'' ਉਹ ਨੇ ਜਵਾਬ ਦਿੱਤਾ।

''ਕੀ ਤੂੰ ਸਮਝਦੀ ਹੈਂ ਅਸੀਂ ਇਕੱਲੇ ਮਿਲ ਸਕਦੇ ਹਾਂ?'' ਮੈਂ ਪੁੱਛਿਆ।

''ਨਹੀਂ। ਉਹ ਮੈਨੂੰ ਇਕ ਮਿੰਟ ਵੀ ਆਪਣੀ ਨਜ਼ਰ ਤੋਂ ਉਹਲੇ ਨਹੀਂ ਹੋਣ ਦੇਣਗੇ। ਤੂੰ ਵੇਖਿਆ ਨਹੀਂ ਕਿਵੇਂ ਉਹ ਮੈਨੂੰ ਤੇਰੇ ਨਾਲ ਬਹੁਤੀ ਦੇਰ ਬੈਠਣ ਵੀ ਨਹੀਂ ਦਿੰਦੀ। ਉਹਨੇ ਆਪਣੀ ਮਾਂ ਦੀ ਨਕਲ ਲਾਹ ਕੇ ਕਿਹਾ, ''ਅੰਦਰ ਜਾ ਤੇ ਉਹ ਕਰ ਲੈ ਜੋ ਤੈਨੂੰ ਸਵੇਰੇ ਕਿਹਾ ਸੀ। ਹੂੰਹ! ਸਵੇਰੇ? ਮੈਂ ਸੁੱਤੀ ਤਾਂ ਹੁਣ ਉੱਠੀ ਹਾਂ!''

ਉਹਦੀ ਮਾਂ ਭੂੱਬਾ ਨਾਲ ਗੱਲ ਕਰਦੀ ਹੋਈ ਕਮਰੇ ਵਿਚ ਮੁੜ ਆਈ। ਉਹਨੇ ਮੇਰੇ ਵੱਲ ਦੇਖ ਕੇ ਪੁੱਛਿਆ, ''ਤੂੰ ਨਾਸ਼ਤੇ ਵਿਚ ਕੀ ਖਾਣਾ ਪਸੰਦ ਕਰੇਂਗੀ?'

ਮੈਂ ਹੱਸ ਪਈ, 'ਮੇਰੇ ਤਾਂ ਦੁਪਹਿਰ ਦੇ ਖਾਣੇ ਦਾ ਵਕਤ ਵੀ ਗੁਜ਼ਰ ਚੁੱਕਾ ਏ ਹੁਣ, ਤੇ ਮੈਂ ਸਵੇਰੇ ਖਾਧਾ ਵੀ ਲੇਟ ਹੀ ਸੀ।' ਹੁਣ ਦੁਪਹਿਰ ਦੇ ਕਰੀਬ ਦੋ ਵੱਜ ਚੁੱਕੇ ਸਨ, ਪਰ ਕੈਸਰਾ ਨੇ ਕਿਹਾ ਕਿ ਇਹ ਬਹਾਨਾ ਨਹੀਂ ਚੱਲੇਗਾ ਅਤੇ ਅੱਗੇ ਤੋਂ ਇੱਥੇ ਆਉਣ ਤੋਂ ਪਹਿਲਾਂ ਧਿਆਨ ਰੱਖੀ ਕਿ ਕੁਝ ਖਾ ਕੇ ਨਾ ਆਵੀਂ।

ਲੈਲਾ ਵਿਚੋਂ ਬੋਲ ਪਈ, 'ਤੂੰ ਕਿਹਾ ਸੀ ਕਿ ਤੂੰ ਘਰੇ ਦੁੱਧ ਪੀਂਦੀ ਹੈਂ। ਸਾਡੇ ਬਾਜ਼ਾਰ ਵਿਚ ਦੁਨੀਆਂ ਦਾ ਸਭ ਤੋਂ ਵਧੀਆ ਦੁੱਧ ਮਿਲਦਾ ਹੈ। ਇਹ ਬਾਦਾਮ ਅਤੇ ਪਿਸਤੇ ਵਾਲੇ ਦੁੱਧ ਲਈ ਮਸ਼ਹੂਰ ਹੈ । ਇਹ ਮਿੱਠਾ ਵੀ ਬੜਾ ਹੁੰਦਾ ਏ।'

ਉਹ ਈ ਮਾਂ ਨੇ ਚੋਭ ਮਾਰੀ, 'ਤੇ ਤੈਨੂੰ ਦੁਨੀਆ ਦਾ ਕਿੰਨਾ ਕੁ ਪਤਾ ਏ?''

ਲੈਲਾ ਨੇ ਬੇਇੱਜ਼ਤੀ ਦਾ ਜਵਾਬ ਤੁਰੰਤ ਦਿੱਤਾ, 'ਬਥੇਰਾ! ਮੈਂ ਕਾਲਜ ਜਾਂਦੀ ਸੀ ਤੇ ਅਸੀਂ ਦੁਨੀਆਂ ਬਾਰੇ ਖੂਬ ਪੜ੍ਹਦੇ ਸੀ।'

ਮਾਂ ਨੇ ਸਿਰ ਝਟਕਦਿਆਂ ਕਿਹਾ, ''ਹਾਂ-ਹਾਂ, ਉੱਥੇ ਉਹ ਤੈਨੂੰ ਸ਼ਾਹੀ ਮੁਹੱਲੇ ਦੇ ਦੁੱਧ ਬਾਰੇ ਪੜ੍ਹਾਉਂਦੇ ਹੋਣਗੇ।''

ਲੈਲਾ ਨੇ ਤਲਖ਼ੀ ਨਾਲ ਕਿਹਾ, 'ਹਾਂ! ਤੈਨੂੰ ਦੁਨੀਆ ਦਾ ਬਾਹਲਾ ਪਤਾ ਏ, ਤੂੰ ਹਰ ਥਾਂ ਜਾਂਦੀ ਰਹੀ ਏਂ ਨਾ, ਕਿਉਂ? ਤੈਨੂੰ ਕੀ ਪਤੈ ਉਹ ਕਾਲਜ ਵਿਚ ਮੈਨੂੰ ਕੀ ਪੜ੍ਹਾਉਂਦੇ ਹੁੰਦੇ ਸੀ।' ਤੁਰੰਤ ਮੇਰੇ ਵੱਲ ਵੇਖ ਕੇ ਉਹ ਕਹਿਣ ਲੱਗੀ, ਜਿਵੇਂ ਕਿ ਉਹ ਨਾ ਚਾਹੁੰਦੀ ਹੋਵੇ ਕਿ ਉਹਦੀ ਮਾਂ ਇਸ ਦਲੀਲਬਾਜ਼ੀ ਨੂੰ ਹੋਰ ਅੱਗੇ ਤੋਰੇ, 'ਤੂੰ ਪੀ ਕੇ ਦੇਖ, ਫੌਜ਼ੀਆ।'

ਉਨ੍ਹਾ ਦੋਹਾਂ ਵਿਚਕਾਰ ਤਣਾਉ ਵਧ ਰਿਹਾ ਸੀ ਇਸ ਲਈ ਮੈਂ ਸ਼ਾਹੀ ਮੁਹੱਲੇ ਦਾ ਥੋੜ੍ਹਾ ਠੰਢਾ ਦੁੱਧ ਪੀਣ ਲਈ ਰਾਜ਼ੀ ਹੋ ਗਈ। ਭੁੱਬਾ ਨੂੰ ਦੋ ਗਲਾਸ ਦੁੱਧ ਲਈ ਕਹਿ ਕੇ, ਸਾਡੇ ਦੋਹਾ ਲਈ ਇਕ-ਇਕ, ਲੈਲਾ ਮੇਰੇ ਵੱਲ ਮੁੜੀ, ''ਮੈਂ ਇਕ ਚੰਗੀ ਵਿਦਿਆਰਥਣ ਸੀ ਤੇ ਮੈਂ ਡਿਗਰੀ ਕਰ ਸਕਦੀ ਸੀ, ਪਰ ਮੇਰੀ ਮਾਂ ਨੇ ਕਿਹਾ ਕਾਲਜ ਦੇ ਦੋ ਸਾਲ ਕਾਫੀ ਹਨ ਇਸ ਲਈ ਮੈਂ ਐਫ ਏ. ਹੀ ਕੀਤੀ।' ਕੁਝ ਪਲ ਰੁਕ ਕੇ ਚਮਕਦੀਆਂ ਅੱਖਾਂ ਨਾਲ ਲੈਲਾ ਆਪਣੀ ਥਾ ਤੋ ਉੱਠੀ ਤੇ ਕਮਰੇ ਦੇ ਦੂਜੇ ਪਾਸੇ ਮਾਂ ਕੋਲ ਜਾ ਪੁੱਜੀ।

ਉਤੇਜਿਤ ਆਵਾਜ਼ ਵਿਚ ਉਹ ਬੋਲੀ, 'ਅੰਮੀ! ਫੌਜੀਆ ਸਾਨੂੰ ਕਾਰ ਵਿਚ ਘੁੰਮਾਉਣ ਲਈ ਕਹਿੰਦੀ ਏ।' ਕੈਸਰਾ ਦੁਚਿੱਤੀ ਵਿਚ ਪੈ ਗਈ, ਜਿਵੇਂ ਕਿ ਇਹ ਉਸਦੇ ਮਨ ਵਿਚ ਪਹਿਲਾ ਹੀ ਖੁੜਕ ਰਿਹਾ ਹੋਵੇ ਤੇ ਨਾਂਹ ਕਰਨ ਲਈ ਉਹਦੇ ਕੋਲ ਕੋਈ ਫੌਰੀ ਬਹਾਨਾ ਨਾ ਹੋਵੇ। ਉਹਨੂੰ ਕਿਸੇ ਜਵਾਬ ਦੀ ਗੁੰਜ਼ਾਇਸ਼ ਨਾ ਦਿੰਦੇ ਹੋਏ ਲੈਲਾ ਨੇ ਅੱਗੇ ਕਿਹਾ, 'ਆਹ! ਮੌਸਮ ਕਿੰਨਾ ਸੋਹਣਾ ਹੈ ਤੇ ਅਸੀਂ ਕਾਫੀ ਚਿਰ ਤੋਂ ਬਾਹਰ ਗਏ ਵੀ ਨਹੀਂ।'

ਕਿਸੇ ਜਵਾਬ ਦਾ ਇੰਤਜ਼ਾਰ ਕੀਤੇ ਬਿਨਾਂ ਉਹ ਮੇਰੇ ਵੱਲ ਮੁੜੀ, 'ਜਦੋਂ ਅਸੀਂ ਬਾਹਰ ਜਾਂਦੇ ਹਾਂ ਤਾਂ ਮੁੜਨਾ ਬੜਾ ਔਖਾ ਹੋ ਜਾਂਦਾ ਹੈ। ਜਦੋਂ ਅਸੀਂ ਸ਼ਾਹੀ ਮੁਹੱਲੇ ਜਾਣ ਲਈ ਕਹਿੰਦੀਆਂ ਹਾਂ ਤਾਂ ਰਿਕਸ਼ਿਆਂ ਵਾਲੇ ਹਜ਼ਾਰਾਂ ਸਵਾਲ ਕਰਨ ਲੱਗੇ ਪੈਂਦੇ ਨੇ। ਉਹ ਸਾਨੂੰ ਬੜੀ ਭੈੜੀ ਨਜ਼ਰ ਨਾਲ ਵੇਖਦੇ ਨੇ। ਕੋਈ ਸਾਡੀ ਇੱਜ਼ਤ ਨਹੀਂ ਕਰਦਾ। ਮੈਂ ਕਿਸੇ ਨਾਲ ਦੇ ਮੁਹੱਲੇ ਵਿਚ ਹੀ ਉੱਤਰ ਜਾਂਦੀ ਹਾਂ ਤੇ ਘਰੇ ਪੈਦਲ ਹੀ ਆਉਂਦੀ ਹਾਂ।'

ਕੈਸਰਾ ਨੂੰ ਲੈਲਾ ਦੀ ਇਹ ਸਾਫ ਗੱਲ ਪਚੀ ਨਾਂਹ। ਉਹ ਬੋਲੀ, 'ਇਹ ਤੂੰ ਕੀ ਕਹਿ ਰਹੀ ਹੈਂ?' ਸ਼ਾਂਤ ਰਹਿਣ ਦੀ ਕੋਸ਼ਿਸ਼ ਕਰਦੇ ਹੋਏ ਉਹ ਅੱਗੇ ਬੋਲੀ, 'ਮੈਂ ਤਾਂ ਕਦੀ ਬਾਹਰ ਜਾਂਦੀ ਹੀ ਨਹੀਂ ਇਸ ਲਈ ਇਨ੍ਹਾਂ ਮੁਸ਼ਕਲਾਂ ਬਾਰੇ ਪਤਾ ਨਹੀਂ,' ਲੈਲਾ ਨੇ ਉਹ ਪੰਜ ਸਾਲਾਂ ਵਾਲੇ ਬੱਚੇ ਵਾਲੀ ਜ਼ਿੱਦ ਫੜ ਲਈ ਤੇ ਆਪਣੀ ਮਾਂ ਨੂੰ ਨਾਲ ਚੱਲਣ ਲਈ ਖਿੱਚਣ ਲੱਗੀ। ਕਿਉਂਕਿ ਆਪਣੀ ਮਾਂ ਨੂੰ ਰਾਜ਼ੀ ਕਰਨ ਲਈ ਉਹ ਪੂਰਾ ਜ਼ੋਰ ਲਾ ਰਹੀ ਸੀ ਇਸ ਲਈ ਮੈਂ ਵੀ ਕਿਹਾ, 'ਹਾਂ! ਬੜਾ ਚੰਗਾ ਰਹੇਗਾ ਘੁੰਮਣਾ।'

ਮੈਂ ਨਹੀਂ ਸਮਝ ਸਕੀ ਕਿ ਲੈਲਾ 'ਅਸੀਂ' ਕਿਉਂ ਕਹਿੰਦੀ ਸੀ। ਇਹ ਤਾਂ ਉਸ ਦੀ ਮੇਰੇ ਨਾਲ ਇਕੱਲੇ ਜਾਣ ਦੀ ਕੋਸ਼ਿਸ਼ ਨਹੀਂ ਸੀ। ਪਰ ਬਿਨਾਂ ਕੁਝ ਹੋਰ ਆਖੇ ਮੈਂ ਵੀ ਉਹਦੀ ਹਾਂ ਵਿਚ ਹਾਂ ਮਿਲਾਉਂਦੀ ਰਹੀ ਤੇ ਆਖਰ ਲੈਲਾ ਨੇ ਆਪਣੀ ਮਾਂ ਨੂੰ ਰਾਜ਼ੀ ਕਰ ਹੀ ਲਿਆ ਕਿ ਉਹ, ਉਹਦੀ ਮਾਂ, ਉਹਦੀ ਭਤੀਜੀ ਤੇ ਮੈਂ ਲਾਰੈਂਸ ਗਾਰਡਨ ਚੱਲਾਂਗੀਆਂ।

ਸਾਰਿਆਂ ਨੂੰ ਤਿਆਰ ਹੋਣ ਵਿਚ ਦੋ ਘੰਟੇ ਲੱਗ ਗਏ। ਉਨ੍ਹਾਂ ਨੂੰ ਤਿਆਰੀਆਂ ਕਰਦੇ ਬੈਠਕ ਵਿਚ ਆਉਂਦੇ-ਜਾਂਦੇ ਵੇਖਣਾ ਬੜਾ ਦਿਲਚਸਪ ਲੱਗ ਰਿਹਾ ਸੀ। ਜਿਹੜੀ ਚੀਜ਼ ਨਾ ਲੱਭਦੀ ਉਹਦੇ ਬਾਰੇ ਇਕ ਦੂਜੇ ਨੂੰ ਚੀਕ ਕੇ ਪੁੱਛਦੇ।

ਮੈਂ ਕਮਰੇ ਵਿਚ ਝਾਤੀ ਮਾਰਦੀ ਰਹੀ ਤੇ ਮੈਂ ਸੋਚਿਆ ਕਿ ਸਾਰਾ ਕੁਝ ਸਮਝਣ ਵਿਚ ਮੈਨੂੰ ਅਜੇ ਕਈ ਹੋਰ ਦਿਨ ਲੱਗਣਗੇ। ਦੋ ਵੱਡੀਆਂ ਕਾਲੀਆਂ ਚਿੱਟੀਆਂ ਤਸਵੀਰਾਂ ਦੀ ਮੈਨੂੰ ਸਮਝ ਨਹੀਂ ਪੈ ਰਹੀ ਸੀ। ਉਹ ਪੁਰਾਣੀਆਂ ਐਕਟਰੈੱਸਾਂ ਸਨ ਜਿਨ੍ਹਾਂ ਨੇ ਫੈਂਸੀ ਕੱਪੜੇ ਪਾਏ ਹੋਏ ਸਨ ਅਤੇ ਫੁੱਲੇ ਹੋਏ ਵਾਲ ਬਣਾਏ ਹੋਏ ਸਨ। ਲੱਗਦਾ ਸੀ ਜਿਵੇਂ ਉਨ੍ਹਾਂ ਦੀਆਂ ਅੱਖਾਂ ਵਿਚ ਕੋਈ ਭੇਤ

ਅਤੇ ਰਹੱਸ ਛੁਪੇ ਹੋਏ ਹੋਣ ਇਸ ਲਈ ਮੈਨੂੰ ਉਨ੍ਹਾਂ ਦੀ ਕਹਾਣੀ ਜਾਣਨ ਦੀ ਬੜੀ ਤਾਂਘ ਸੀ।

ਕੈਸਰਾ ਪਹਿਲਾਂ ਤਿਆਰ ਹੋ ਗਈ ਤੇ ਆ ਕੇ ਮੇਰੇ ਨਾਲ ਬੈਠ ਗਈ। ਉਹਨੇ ਕਿਹਾ ਉਹਦੇ ਪਰਿਵਾਰ ਵਿਚ ਇਸ ਤਰ੍ਹਾਂ ਪਹਿਲਾਂ ਕਦੀ ਨਹੀਂ ਹੋਇਆ, ਉਹ ਕਦੀ ਵੀ ਕਿਸੇ ਨਾਲ ਬਾਹਰ ਨਹੀਂ ਗਈਆਂ। ਸਿਸਟਮ ਹੀ ਇਸ ਤਰ੍ਹਾਂ ਦਾ ਹੈ ਕਿ ਜੋ ਤੁਹਾਨੂੰ ਚਾਹੀਦਾ ਹੈ ਉਹ ਤੁਹਾਡੇ ਘਰ ਵਿਚ ਹੀ ਆ ਜਾਂਦਾ ਹੈ। ਸਿਰਫ ਹਸਪਤਾਲ ਖੁਦ ਜਾਣਾ ਪੈਂਦਾ ਹੈ। ਸਾਰੀਆਂ ਦੁਕਾਨਾਂ ਨੇੜੇ ਨੇ, ਐਥੋਂ ਤੱਕ ਕਿ ਦਰਜੀ ਵੀ ਘਰੇ ਆ ਜਾਦੇ ਨੇ। ਉਹਨੇ ਦੱਸਿਆ, ਮੈਂ ਆਪਣੇ ਪੋਤਿਆਂ ਨੂੰ ਭੇਜ ਦਿੰਦੀ ਹਾਂ ਤੇ ਜਿਹੜੀ ਵੀ ਚੀਜ਼ ਚਾਹੀਦੀ ਹੁੰਦੀ ਹੈ ਉਹ ਹੇਠੋਂ ਲੈ ਆਉਂਦੇ ਨੇ।' ਮੈਂ ਉਹਨੂੰ ਦੱਸਿਆ ਕਿ ਮੈਂ ਬੜੀ ਖੁਸ਼ ਹਾਂ ਕਿ ਉਹ ਆਪਣਾ ਪਰਿਵਾਰ ਮੇਰੇ ਨਾਲ ਲੈ ਕੇ ਬਾਹਰ ਜਾ ਰਹੇ ਨੇ।

ਜਦੋਂ ਅਸੀਂ ਪੌੜੀਆਂ ਤੋਂ ਉੱਤਰਨ ਲੱਗੇ ਤਾਂ ਹਰ ਕੋਈ ਬਾਜ਼ਾਰ ਵਿਚ ਮੁੜਕੇ ਵੇਖਣ ਲੱਗਾ। ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਸਾਰਿਆਂ ਨੂੰ ਕਿੱਥੇ ਲੈ ਕੇ ਜਾ ਰਹੀ ਹਾਂ। ਕੈਸਰਾ ਨੇ ਆਪਣੇ ਕੱਪੜਿਆਂ ਤੇ ਚਿੱਟੀ ਚਾਦਰ ਲਈ ਹੋਈ ਸੀ। ਲੈਲਾ ਨੇ ਖੁਲ੍ਹੇ ਗਲਾਮੇ ਵਾਲੀ ਟਾਈਟ ਫਿਟਿੰਗ ਵਾਲੀ ਪਰਪਲ ਸਲਵਾਰ ਕਮੀਜ਼ ਪਾਈ ਹੋਈ ਸੀ। ਉਹਨੂੰ ਪਤਾ ਨਹੀਂ ਲੱਗਦਾ ਸੀ ਕਿ ਉਹ ਆਪਣੀ ਛਾਤੀ ਢਕ ਲਵੇ ਜਾਂ ਨਾ ਇਸ ਲਈ ਉਹ ਕਦੀ ਦੁਪੱਟਾ ਅੱਗੇ ਫੈਲਾ ਲੈਂਦੀ ਤੇ ਕਦੀ ਉੱਤੇ ਨੂੰ ਗਲ ਵਲ ਕਰ ਲੈਂਦੀ ਤੇ ਉਹਦਾ ਸਾਮ੍ਹਣਾ ਪਾਸਾ ਪੂਰਾ ਨੰਗਾ ਹੋ ਜਾਂਦਾ। ਉਹ ਵੱਡੇ ਵੱਡੇ ਸਾਹ ਭਰਦੀ ਅਤੇ ਆਪਣੀਆਂ ਛਾਤੀਆਂ ਨੂੰ ਬਾਹਰ ਨੂੰ ਤਾਣ ਲੈਂਦੀ ਜਿਵੇਂ ਕਿ ਉਹ ਇਨ੍ਹਾਂ ਨੂੰ ਵਿਖਾਉਣਾ ਚਾਹੁੰਦੀ ਹੋਵੇ। ਜਦੋਂ ਅਸੀਂ ਕਾਰ ਵਿਚ ਬਹਿ ਗਏ, ਤਾਂ ਲੈਲਾ ਜਾਣ ਕੇ ਅਗਲੀ ਸੀਟ ਤੇ ਆ ਬੈਠੀ ਤਾਂ ਕਿ ਉਹ ਨੂੰ ਕਾਰ ਵਿਚ ਜਾਂਦੀ ਨੂੰ ਬਾਜ਼ਾਰ ਵਿਚ ਹਰੇਕ ਵੇਖ ਸਕੇ। ਉਹ ਚਾਹੁੰਦੀ ਸੀ ਕਿ ਹਰੇਕ ਨੂੰ ਪਤਾ ਲੱਗ ਜਾਵੇ ਕਿ ਉਹ ਕਾਰ ਵਿਚ ਜਾ ਰਹੀ ਹੈ। ਅਸੀਂ ਟਕਸਾਲੀ ਗੇਟ ਨੂੰ ਚੱਲ ਪਏ, ਤੇ ਉਹ ਚਾਰੇ ਪਾਸੇ ਵੇਖਦੀ ਜਾ ਰਹੀ ਸੀ ਕਿ ਕਿਹੜਾ ਖੁਸ਼ਕਿਸਮਤ ਹੈ ਜੋ ਉਹਨੂੰ ਆਪਣੀ ਸਹੇਲੀ ਨਾਲ ਚਿੱਟੀ ਟੋਯੋਟਾ ਵਿਚ ਜਾਂਦੀ ਨੂੰ ਵੇਖਦਾ ਹੈ। ਉਹਨੂੰ ਉਨ੍ਹਾਂ ਸਾਰਿਆਂ ਤੇ ਅਫਸੋਸ ਹੋਇਆ ਜੋ ਇਸ ਮਹੱਤਵਪੂਰਨ ਘਟਨਾ ਨਹੀਂ ਵੇਖ ਸਕੇ ਸਨ। ਮੈਂ ਇੰਜ ਮਹਿਸੂਸ ਕਰ ਰਹੀ ਸੀ ਜਿਵੇਂ ਮੈਂ ਰੋਲਜ਼ ਰਾਇਸ ਚਲਾ ਰਹੀ ਹੋਵਾਂ।

ਮੈਂ ਲਾਰੈਂਸ ਗਾਰਡਨ ਦੇ ਪਾਰਕਿੰਗ ਵਿਚ ਕਾਰ ਖੜ੍ਹੀ ਕੀਤੀ ਤੇ ਠੰਢਾ ਪੀਣ ਲਈ ਨੇੜੇ ਦੇ ਖੋਖੇ ਤੇ ਚਲੇ ਗਏ। ਬਾਗ ਹੀ ਲਾਹੌਰ ਦੇ ਪੁਰਾਣੇ ਮਨੋਰੰਜਨ ਸਥਾਨ ਹੁੰਦੇ ਹਨ ਅਤੇ ਇਨ੍ਹਾਂ ਦੀ ਮੁਗਲ ਅਤੇ ਬਸਤੀਵਾਦੀ ਦੌਰ ਵਿਚ ਪੂਰੀ ਸੰਭਾਲ ਕੀਤੀ ਜਾਂਦੀ ਰਹੀ ਸੀ। ਪੁਰਾਣੇ ਦਰੱਖ਼ਤਾਂ ਦਾ ਆਕਾਰ ਦੇਖ ਕੇ ਬੱਚੇ ਤਾਂ ਡਰ ਹੀ ਸਕਦੇ ਸੀ। ਉਨ੍ਹਾਂ ਵਿਚੋਂ ਕੁਝ ਤੇ ਤਾਂ ਦੋ-ਦੋ ਫੁੱਟ ਦੇ ਖੰਭਾਂ ਵਾਲੇ ਚਮਗਿੱਦੜ ਵੀ ਰਹਿੰਦੇ ਸਨ। ਬਾਗ ਵਿਚ ਕਈ ਖੁਲ੍ਹੀਆਂ ਥਾਵਾਂ ਵੀ ਸਨ ਜਿਥੇ ਸਮਿੰਟ ਦੇ ਬੈਂਚ ਸਨ, ਇਕ ਪਹਾੜੀ ਜਿਹੀ ਤੇ ਘਾਹ ਅਤੇ ਫੁੱਲ ਲੱਗੇ ਹੋਏ ਸਨ, ਛੋਟੇ ਬਗੀਚੇ ਸਨ, ਸੁੰਦਰ ਰੌਸਾਂ ਸਨ ਤੇ ਓਪਨ ਏਅਰ ਥਿਏਟਰ ਦੀ ਥਾਂ ਸੀ।

ਲੈਲਾ ਨੇ ਪਹਿਲੀ ਇੱਛਾ ਠੰਢੇ ਅਤੇ ਆਈਸ ਕਰੀਮ ਦੀ ਦੱਸੀ। ਮੈਂ ਫੌਰਨ ਖਰੀਦ ਲਏ ਤੇ ਖੁਸ਼ ਵੀ ਸਾਂ ਕਿਉਂਕਿ ਮੈਂ ਹਫਤੇ ਕੁ ਤੋਂ ਇਸ ਪਰਿਵਾਰ ਵਿਚ ਆਉਣ ਲੱਗੀ ਸਾਂ ਤਾਂ ਉਹ ਫੇਰ ਵੀ ਮੇਰੇ ਨਾਲ ਘੁੰਮਣ ਲਈ ਬਾਹਰ ਆ ਗਏ। ਇਹ ਅੱਗੇ ਵਧ ਰਿਹਾ ਸੀ। ਅਸੀਂ ਠੰਢੇ ਪੀਤੇ ਅਤੇ ਫੇਰ ਖੋਖੇ ਵਾਲੇ ਮੁੰਡੇ ਨੂੰ ਆਈਸ ਕਰੀਮ ਲਿਆਉਣ ਲਈ ਕਿਹਾ। ਲੈਲਾ ਨੇ ਜੋਸ਼ ਨਾਲ ਆਪਣੀ

ਮਾਂ ਨੂੰ ਕਿਹਾ, 'ਅੱਜ ਦਿਨ ਬਹੁੜਾ ਸੋਹਣਾ ਹੈ ਇਸ ਲਈ ਚਲੋ ਆਪਾਂ ਪਹਾੜੀ ਦੇ ਦੁਆਲੇ ਘੁੰਮੀਏ।'

ਕੈਸਰਾ ਨੇ ਹੈਰਾਨੀ ਨਾਲ ਵੇਖਿਆ ਤੇ ਬੋਲੀ, 'ਤੂੰ ਮੇਰੀ ਸਿਹਤ ਬਾਰੇ ਤਾਂ ਜਾਣਦੀ ਹੀ ਹੈਂ। ਮੈਂ ਤੁਰ ਨਹੀਂ ਸਕਦੀ।'

ਆਪਣੀ ਮਾਂ ਨੂੰ ਅਜਿਹੀ ਹਾਲਤ ਵਿਚ ਪਾ ਕੇ ਜਿੱਥੇ ਉਹ ਸਾਨੂੰ ਜਾਣ ਤੋਂ ਰੋਕ ਨਹੀਂ ਸਕਦੀ ਸੀ, ਲੈਲਾ ਨੇ ਜਵਾਬ ਦਿੱਤਾ, 'ਆਹ! ਇਹ ਤਾਂ ਬੜੀ ਮਾੜੀ ਗੱਲ ਹੈ। ਫੇਰ ਤੂੰ ਐਥੇ ਹੀ ਹੀ ਕਿਉਂ ਨਹੀਂ ਬੈਠ ਜਾਂਦੀ ਤੇ ਅਸੀਂ ਪਹਾੜੀ ਦਾ ਚੱਕਰ ਲਾ ਕੇ ਵਾਪਸ ਆ ਜਾਂਦੇ ਹਾਂ।' ਆਪਣੀ ਮਾਂ ਨੂੰ ਬੈਂਚ ਉੱਤੇ ਆਰਾਮ ਨਾ ਬਿਠਾ ਕੇ ਉਹ ਮੇਰੇ ਨਾਲ ਚੱਲ ਪਈ।

ਜਦੋਂ ਅਸੀਂ ਤੁਰਨ ਲੱਗੇ ਤਾਂ ਕੈਸਰਾ ਨੇ ਹਾਕ ਮਾਰੀ ਤੇ ਕਿਹਾ ਆਪਣੀ ਭਤੀਜੀ ਨੂੰ ਵੀ ਨਾਲ ਲੈ ਜਾਵੇ। ਲੈਲਾ ਨੇ ਮੇਰੇ ਵੱਲ ਵੇਖਿਆ ਜਿਵੇਂ ਕਹਿ ਰਹੀ ਹੋਵੇ, ਦੇਖਿਆ, ਆਖਰ ਹੈ ਤਾਂ ਉਹ ਮੇਰੀ ਮਾਂ ਨਾ। ਉਹਨੇ ਕੁਝ ਨਾ ਕੁਝ ਤਾਂ ਲੱਭਣਾ ਹੀ ਸੀ ਤਾਂ ਜੋ ਮੈਂ ਤੇਰੇ ਨਾਲ ਇਕੱਲੀ ਨਾ ਰਹਿ ਸਕਾਂ। ਚੱਲ ਬੁੱਢੀ ਤੋਂ ਖਹਿੜਾ ਛੁੱਟਾ, ਇਸ ਛੇ ਸਾਲ ਦੀ ਕੁੜੀ ਤੋਂ ਬਚਣਾ ਕੋਈ ਬਹੁਤਾ ਔਖਾ ਨਹੀਂ।'

ਜਿਵੇਂ ਹੀ ਅਸੀਂ ਉਹਦੀ ਮਾਂ ਦੀ ਨਜ਼ਰ ਤੋਂ ਦੂਰ ਹੋਏ ਲੈਲਾ ਲੇ ਆਪਣੀ ਭਤੀਜੀ ਨੂੰ ਅੱਗੇ ਅੱਗੇ ਤੇਜ਼ ਚੱਲਣ ਲਈ ਕਿਹਾ। ਉਹ ਮੇਰੇ ਨੇੜੇ ਹੋ ਗਈ ਤੇ ਬੋਲੀ, ''ਤੂੰ ਦੇਖ ਲਿਆ ਕਿ ਇਨ੍ਹਾਂ ਲੋਕਾਂ ਤੋਂ ਦੋ ਪਲ ਵੀ ਵੱਖ ਹੋਣਾ ਕਿੰਨਾਂ ਮੁਸ਼ਕਿਲ ਹੈ? ਉਹ ਬਾਜ਼ ਵਾਂਗ ਮੈਨੂੰ ਘੂਰਦੇ ਰਹਿੰਦੇ ਨੇ।'

ਮੈਂ ਉਹਨੂੰ ਪੁੱਛਿਆ ਕਿ ਉਨ੍ਹਾਂ ਤੋਂ ਉਹਦਾ ਕੀ ਮਤਲਬ ਹੈ ਤਾਂ ਉਹ ਬੋਲੀ, 'ਮੇਰੀ ਮਾਂ ਤੇ ਮੇਰਾ ਵੱਡਾ ਭਰਾ।'

ਮੈਂ ਅਜੇ ਉਹਦੇ ਵੱਡੇ ਭਰਾ ਨੂੰ ਨਹੀਂ ਮਿਲੀ ਸੀ। ਉਹਨੇ ਦੱਸਿਆ ਕਿ ਅੱਜ ਉਹ ਸ਼ਹਿਰੋਂ ਬਾਹਰ ਹੈ।

ਉਹਨੇ ਅੱਗੇ ਕਿਹਾ, ''ਮੈਂ ਅਸਲ ਵਿਚ ਹੋਰ ਪੜ੍ਹਨਾ ਚਾਹੁੰਦੀ ਸੀ ਪਰ ਉਹ ਸੋਚਦੇ ਹਨ ਕਿ ਕੁੜੀ ਬਹੁਤਾ ਪੜ੍ਹ ਕੇ ਹੱਥੋਂ ਬਾਹਰ ਹੋ ਜਾਂਦੀ ਹੈ।''

ਮੈਂ ਪੁੱਛਿਆ, 'ਫੇਰ ਉਨ੍ਹਾਂ ਨੇ ਤੈਨੂੰ ਸਕੂਲ ਵਿਚ ਹੀ ਕਿਉਂ ਪਾਇਆ ਸੀ?'

ਉਹਨੇ ਦੱਸਿਆ ਕਿ ਗਾਹਕ ਪੜ੍ਹੀ-ਲਿਖੀ ਔਰਤ ਪਸੰਦ ਕਰਦੇ ਨੇ। ਥੋੜ੍ਹੀ-ਮੋਟੀ ਅੰਗਰੇਜ਼ੀ ਨਾਲ ਵਧੀਆ ਗਾਹਕ ਮਿਲ ਜਾਂਦੇ ਨੇ। 'ਪਰ ਉਹ ਇਹ ਪੱਕਾ ਕਰਨਾ ਚਾਹੁੰਦੇ ਹਨ ਕਿ ਅਸੀਂ ਪੜ੍ਹਾਈ ਵਿਚ ਹੀ ਮਨ ਨਾ ਲਾ ਬੈਠੀਏ। ਉਹ ਚਾਹੁੰਦੇ ਹਨ ਕਿ ਅਸੀਂ ਸਕੂਲ ਤਾਂ ਜਾਈਏ ਪਰ ਇਹਨੂੰ ਬਹੁਤੀ ਗੰਭੀਰਤਾ ਨਾਲ ਨਾ ਲਈਏ ਤੇ ਵੱਡੇ ਹੁੰਦੇ ਹੀ ਪੜ੍ਹਾਈ ਛੱਡ ਦੇਈਏ।''

''ਵੱਡੇ?''

''ਜਦੋਂ ਅਸੀਂ ਧੰਦਾ ਸ਼ੁਰੂ ਕਰਦੀਆਂ ਹਾਂ, ਆਮ ਕਰਕੇ ਚੌਦਾਂ, ਪੰਦਰਾਂ ਜਾਂ ਸੋਲਾਂ ਦੀ ਉਮਰ ਵਿਚ। ਮੈਂ ਇਹ ਧੰਦਾ ਦੇਰ ਨਾਲ ਸ਼ੁਰੂ ਕੀਤਾ ਸੀ ਕਿਉਂਕਿ ਮੈਂ ਦੇਰ ਤੱਕ ਪੜ੍ਹਨ ਜਾਂਦੀ ਰਹੀ!'

ਮੈਨੂੰ ਬੜਾ ਅਚੰਭਾ ਹੋਇਆ। ਇਹ ਪਹਿਲੀ ਵਾਰੀ ਸੀ ਜਦੋਂ ਮੈਂ ਜਿਸਮਫਰੋਸ਼ੀ ਬਾਰੇ

ਅਜਿਹੇ ਵਿਅਕਤੀ ਦੇ ਮੂੰਹੋਂ ਸੁਣ ਰਹੀ ਸੀ ਜੋ ਸਿੱਧੀ ਇਸ ਧੰਦੇ ਵਿਚੋਂ ਸੀ।

ਬਾਗ ਵਿਚ ਆਉਣ ਕਰਕੇ ਲੈਲਾ ਬੜੀ ਉਤੇਜਿਤ ਸੀ। ਵੱਡੇ-ਵੱਡੇ ਸੁੰਦਰ ਦਰਖਤ ਤੇ ਦਿਲਚਸਪ ਲੋਕ ਉਹਦਾ ਧਿਆਨ ਵੰਡਾ ਰਹੇ ਸਨ। ਉਹ ਲਗਾਤਾਰ ਔਰਤਾਂ ਦੇ ਕੱਪੜਿਆਂ ਤੇ ਟਿੱਪਣੀ ਕਰਦੀ ਰਹੀ ਤੇ ਪੁੱਛਦੀ ਰਹੀ ਕਿ ਅੱਜ ਕੱਲ੍ਹ ਔਰਤਾਂ ਕੀ ਪਹਿਨਦੀਆਂ ਹਨ। ਉਹਨੇ ਮੰਨਿਆ ਕਿ ਕੱਪੜੇ ਪਾਉਣ ਦੇ ਮਾਮਲੇ ਵਿਚ ਅਤੇ ਮੇਕਅਪ ਬਾਰੇ ਉਹ ਫਿਲਮਾਂ ਤੋਂ ਸਿੱਖਦੀ ਹੈ।

ਮੈਂ ਉਹਦੀ ਕਲਾਈ ਉੱਤੇ ਲਕੀਰਾਂ ਬਾਰੇ ਪੁੱਛਿਆ।

'ਮੇਰੀ ਮਾਂ ਤੇ ਭਰਾ ਬਹੁਤ ਲੜਦੇ ਨੇ। ਇਹ ਮੇਰੇ ਨਾਲ ਵੀ ਲੜਦੇ ਨੇ। ਉਹ ਮੇਰੇ ਨਿਕਾਹ ਲਈ ਕੋਈ ਬੰਦਾ ਦੇਖ ਰਹੇ ਨੇ ਤੇ ਜਦੋਂ ਉਨ੍ਹਾਂ ਨੂੰ ਠੀਕ ਬੰਦਾ ਨਹੀਂ ਮਿਲਦਾ ਤਾਂ ਮੇਰੇ ਨਾਲ ਲੜ ਪੈਂਦੇ ਨੇ ਜਿਵੇਂ ਕਿ ਮੈਂ ਆਪਣਾ ਧੰਦਾ ਠੀਕ ਤਰ੍ਹਾਂ ਨਹੀਂ ਕਰ ਰਹੀ।

ਮੈਂ ਉਹਨੂੰ ਇਹਦਾ ਮਤਲਬ ਪੁੱਛਿਆ।

'ਜਦੋਂ ਮੇਰੇ ਕੋਲ ਸ਼ਾਮ ਨੂੰ ਨਾਚ ਦੇਖਣ ਗਾਹਕ ਆਉਂਦੇ ਨੇ ਤਾਂ ਉਹ ਸਮਝਦੇ ਨੇ ਕਿ ਮੈਂ ਉਨ੍ਹਾਂ ਨੂੰ ਇੰਨਾ ਉਤੇਜਿਤ ਨਹੀਂ ਕਰਦੀ ਕਿ ਕੋਈ ਮੇਰੇ ਨਾਲ ਨਿਕਾਹ ਲਈ ਮੋਟੀ ਰਕਮ ਪੇਸ਼ ਕਰੇ। ਮੈਂ ਇਨ੍ਹਾਂ ਦਾ ਕਾਬੂ ਪਸੰਦ ਨਹੀਂ ਕਰਦੀ। ਉਹ ਮੈਨੂੰ ਧੱਕੇ ਮਾਰਦੇ ਰਹਿੰਦੇ ਨੇ। ਉਹ ਕਹਿੰਦੇ ਨੇ ਕਿ ਉਹ ਮੈਨੂੰ ਰੋਟੀ ਦਿੰਦੇ ਨੇ, ਕੱਪੜੇ ਦਿੰਦੇ ਨੇ, ਫਿਲਮਾਂ ਦੇਖਣ ਲਈ ਵੀਡੀਉ ਪਲੇਅਰ ਦਿੰਦੇ ਨੇ ਪਰ ਮੈਂ ਉਹ ਨਹੀਂ ਕਰਦੀ ਜਿਸ ਦੀ ਉਨ੍ਹਾਂ ਨੂੰ ਮੇਰੇ ਕੋਲੋਂ ਆਸ ਹੈ। ਕੀ ਭਿਆਨਕ ਗੱਲ ਨਹੀਂ ਕਿ ਤੁਹਾਡਾ ਆਪਣਾ ਪਰਿਵਾਰ ਇਹ ਗੱਲ ਆਖੇ?' ਰੋਟੀ ਤਾਂ ਉਨ੍ਹਾਂ ਨੇ ਮੈਨੂੰ ਦੇਣੀ ਹੀ ਹੈ, ਹੈ ਕਿ ਨਹੀਂ?'

ਮੈਂ ਨਿਕਾਹ ਬਾਰੇ ਜ਼ਰਾ ਉਲਝੀ ਹੋਈ ਸੀ। ਮੈਂ ਨੱਥ ਉਤਰਵਾਈ ਬਾਰੇ ਤਾਂ ਜਾਣਦੀ ਸੀ ਜਦੋਂ ਨੱਚਣ ਵਾਲੀ ਕੁੜੀ ਦੇ ਪਹਿਲੇ ਗਾਹਕ ਦਾ ਮਹੂਰਤ ਕੀਤਾ ਜਾਂਦਾ ਹੈ। ਇਹਦਾ ਸ਼ਾਬਦਿਕ ਅਰਥ ਤਾਂ ਨੱਕ ਦੀ ਨੱਥ ਲਾਹੁਣ ਤੋਂ ਹੈ ਪਰ ਅਸਲ ਵਿਚ ਇਹ ਕੁਆਰ-ਭੰਗ ਕਰਨ ਨੂੰ ਕਹਿੰਦੇ ਨੇ, ਜਿਸ ਦੇ ਇਸ ਧੰਦੇ ਵਿਚ ਚੰਗੇ ਪੈਸੇ ਲਏ ਜਾਂਦੇ ਨੇ। ਇਹ ਨਿਕਾਹ ਵਾਲੀ ਗੱਲ ਮੇਰੇ ਪੱਲੇ ਨਹੀਂ ਪਈ ਸੀ, ਕਿਉਂਕਿ ਇਸ ਸ਼ਬਦ ਦੀ ਵਰਤੋਂ ਤਾਂ ਸਾਰੇ ਲੋਕ ਵਿਆਹ ਲਈ ਕਰਦੇ ਹਨ।

ਮੈਂ ਇਹ ਕਹਿਣ ਤੋਂ ਝਿਜਕ ਗਈ ਕਿ ਜਿਸਮਫਰੋਸ਼ ਤਾਂ ਨਿਕਾਹ ਨਹੀਂ ਕਰਦੀਆਂ, ਇਸ ਲਈ ਮੈਂ ਪੁੱਛਿਆ, 'ਜੋ ਤੇਰੇ ਨਾਲ ਨਿਕਾਹ ਕਰਨਾ ਚਾਹੇ ਉਸ ਤੋਂ ਇਹ ਕੀ ਆਸ ਕਰਦੇ ਨੇ?'

ਉਹਨੇ ਹੈਰਾਨ ਹੋ ਕੇ ਮੇਰੇ ਵੱਲ ਵੇਖਿਆ ਤੇ ਬੋਲੀ, ''ਪੈਸਾ! ਹੋਰ ਕੀ?'

ਮੈਂ ਸੋਚਿਆ ਕਿ ਇਹ ਸਵਾਲ ਦੂਜੀ ਤਰ੍ਹਾਂ ਕੀਤਾ ਜਾਵੇ, ਤੇ ਪੁੱਛਿਆ, ''ਇਹ ਨਿਕਾਹ ਪੱਕੇ ਨਿਕਾਹ ਵਰਗਾ ਹੀ ਹੁੰਦਾ ਏ?'

'ਹਾਂ।'

ਮੇਰੀ ਅਜੇ ਵੀ ਤਸੱਲੀ ਨਾ ਹੋਈ। ਮੈਂ ਫੇਰ ਪੁੱਛਿਆ, ''ਇਸ ਨਿਕਾਹ ਤੋਂ ਬਾਦ ਕੀ ਤੂੰ ਉਸ ਬੰਦੇ ਨਾਲ ਚਲੀ ਜਾਵੇਂਗੀ?'

ਇਹਦਾ ਮੈਨੂੰ ਪੱਕਾ ਪਤਾ ਸੀ ਕਿ ਇੰਜ ਨਹੀਂ ਹੋ ਸਕਦਾ, ਪਰ ਫੇਰ ਵੀ ਮੈਂ ਪੁੱਛਿਆ, ਕਿਉਂਕਿ ਮੈਂ ਜਾਣਨਾ ਚਾਹੁੰਦੀ ਸੀ ਕਿ ਉਹ ਨਿਕਾਹ ਸ਼ਬਦ ਨੂੰ ਕਿਵੇਂ ਵਰਤ ਰਹੀ ਹੈ।

ਆਈਸ ਕਰੀਬ ਦਾ ਰਹਿੰਦਾ-ਖੂੰਹਦਾ ਚੱਟਦੀ ਹੋਈ ਉਹ ਬੋਲੀ, 'ਨਹੀਂ ਉਹ ਬੰਦਾ ਕਦੇ

ਕਦੇ ਸਾਡੇ ਕੋਲ ਹੀ ਰਹਿੰਦਾ ਹੈ।

'ਕਦੇ-ਕਦੇ?'

'ਹਾ, ਜਦੋਂ ਕੁੜੀਆਂ ਖੁਸ਼ਕਿਸਮਤ ਨੀਂ ਹੁੰਦੀਆਂ, ਤਾਂ ਪਤੀ ਛੱਡ ਜਾਦਾ ਹੈ ਤੇ ਉਹ ਫੇਰ ਧੰਦੇ ਵਿਚ ਪੈ ਜਾਂਦੀਆਂ ਨੇ।'

ਹੁਣ ਮੇਰੇ ਕੋਲ ਬੁਨਿਆਦੀ ਜਾਣਕਾਰੀ ਆ ਗਈ ਸੀ। ਜੋ ਮੈਂ ਹੋਰ ਜਾਣਕਾਰੀ ਦੇਣ ਵਾਲਿਆਂ ਲਈ ਵਰਤ ਸਕਦੀ ਸੀ।

ਮੈਂ ਪੁੱਛਿਆ, 'ਜਦੋਂ ਤੂੰ ਖੁਦ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਉਦੋਂ ਅਸਲ ਵਿਚ ਕੀ ਵਾਪਰਿਆ ਸੀ?'

'ਉਹੀ ਲੜਾਈ', ਉਹਨੇ ਕਿਹਾ, 'ਉਹ ਮੇਰੇ ਤੇ ਦੋਸ਼ ਲਾ ਰਹੇ ਸੀ ਕਿ ਮੈਂ ਉਨ੍ਹਾਂ ਦੇ ਸੋਹਣੇ ਰਹਿਣ-ਸਹਿਣ ਅਤੇ ਵਧੀਆ ਭਵਿੱਖ ਲਈ ਕੁਝ ਨਹੀਂ ਕਰ ਰਹੀ ਅਤੇ ਆਪਣੇ ਨਿੱਕੇ ਭਰਾਵਾਂ ਅਤੇ ਭੈਣਾਂ ਬਾਰੇ ਨਹੀਂ ਸੋਚ ਰਹੀ ਜਿਨ੍ਹਾ ਦਾ ਭਵਿੱਖ ਮੇਰੇ ਸਿਰ ਤੇ ਹੈ। ਉਹ ਸਾਰਾ ਕੁਝ ਕਹਿਣ ਲੱਗੇ ਜੋ ਉਹ ਮੇਰੇ ਲਈ ਕਰਦੇ ਰਹੇ ਤੇ ਬਦਲੇ ਵਿਚ ਕਿਵੇਂ ਮੈਂ ਆਪਣਾ ਫਰਜ਼ ਪੂਰਾ ਨਹੀ ਕਰ ਰਹੀ ਸੀ। ਉਹ ਚਾਹੁੰਦੇ ਸਨ ਕਿ ਮੈਂ ਤੇਜ਼ੀ ਨਾਲ ਗਾਹਕਾਂ ਨੂੰ ਆਪਣੇ ਵੱਲ ਖਿੱਚਾਂ ਤੇ ਪਰਿਵਾਰ ਲਈ ਚੰਗੇ ਪੈਸੇ ਕਮਾਵਾਂ। ਉਸ ਦਿਨ ਮੈਂ ਬੜੀ ਨਾਰਾਜ਼ ਹੋ ਗਈ। ਮੈਂ ਉਦੋਂ ਕਾਂਟੇ ਨਾਲ ਕੁਝ ਖਾ ਰਹੀ ਸੀ ਕਿ ਮੈਂ ਇਹਦੇ ਨਾਲ ਆਪਣੀ ਕਲਾਈ ਵੱਢਣੀ ਚਾਹੀ। ਮੇਰਾ ਬੜਾ ਖੂਨ ਨਿੱਕਲਿਆ। ਉਨ੍ਹਾਂ ਨੂੰ ਹਸਪਤਾਲ ਲਿਜਾਣਾ ਪਿਆ।

ਮੈਂ ਪੁੱਛਿਆ, 'ਫੇਰ ਉਨ੍ਹਾਂ ਨੇ ਕੀ ਕਿਹਾ?'

'ਉਹਨਾਂ ਨੇ ਕੁਝ ਦਿਨਾਂ ਲਈ ਮੈਨੂੰ ਇਕੱਲਾ ਛੱਡ ਦਿੱਤਾ। ਪਰ ਫੇਰ ਸ਼ੁਰੂ ਹੋ ਗਏ। ਉਹ ਮੰਦੇ ਲਈ ਮੇਰੇ ਤੇ ਦੋਸ਼ ਨਹੀਂ ਲਾ ਸਕਦੇ। ਮੁਹੱਲੇ ਵਿਚ ਸਾਰਿਆਂ ਤੇ ਹੀ ਔਖਾ ਵਕਤ ਹੈ।'

ਸਾਡੇ ਵਿਚੋਂ ਕਿਸੇ ਨੂੰ ਵੀ ਪਤਾ ਨਾ ਲੱਗਾ ਕਿ ਵਕਤ ਕਿੰਨੀ ਛੇਤੀ ਬੀਤ ਗਿਆ, ਅਸੀਂ ਪਹਾੜੀ ਦਾ ਪੂਰਾ ਚੱਕਰ ਲਾਇਆ ਤੇ ਦੂਰ ਬੈਂਚ ਤੇ ਬੈਠੀ ਲੈਲਾ ਦੀ ਮਾਂ ਨੂੰ ਦੇਖਿਆ। ਉਹ ਬੇਚੈਨ ਜਿਹੀ ਹੋ ਰਹੀ ਸੀ ਤੇ ਸਾਨੂੰ ਦੂਰੋਂ ਆਉਂਦੀਆਂ ਨੂੰ ਵੇਖ ਕੇ ਪਹਿਲਾਂ ਹੀ ਖੜ੍ਹੀ ਹੋ ਗਈ। ਜਦੋਂ ਅਸੀਂ ਨੇੜੇ ਆਈਆ ਤਾਂ ਉਹਨੇ ਗਹਿਰੀ ਨਜ਼ਰ ਨਾਲ ਸਾਡੇ ਚਿਹਰਿਆਂ ਵੱਲ ਦੇਖਿਆ। ਮੈਂ ਮਹਿਸੂਸ ਕੀਤਾ ਕਿ ਉਹ ਇਹ ਟੋਹ ਲੈਣ ਦੀ ਕੋਸ਼ਿਸ਼ ਕਰ ਰਹੀ ਸੀ ਕਿ ਅਸੀਂ ਪਰਿਵਾਰ ਬਾਰੇ ਕੋਈ ਗੱਲਾਂ ਕੀਤੀਆਂ ਹਨ ਜਾਂ ਸਾਧਾਰਨ ਗੱਲਾਂ ਹੀ ਕਰਦੀਆਂ ਰਹੀਆਂ ਹਾਂ।

ਅਸੀਂ ਕਾਰ ਵਿਚ ਬੈਠੇ ਤੇ ਚੱਲ ਪਏ। ਮੈਂ ਇਸ ਬਾਗ ਵਿਚ ਪਹਿਲਾਂ ਵੀ ਕਈ ਵਾਰੀ ਆ ਚੁੱਕੀ ਸਾਂ ਪਰ ਇਹ ਸੈਰ ਮੇਰੀ ਯਾਦ ਵਿਚ ਹਮੇਸ਼ਾ ਉੱਕਰੀ ਰਹੇਗੀ।

# ਤੇਲ ਤੇ ਪਾਣੀ ਦਾ ਅਟੁੱਟ ਸਬੰਧ

ਇਕ ਸਵੇਰ ਮੈਂ ਸਦੀਕ ਦੀ ਬੈਠਕ ਵਿਚ ਉਸ ਵੇਲੇ ਪੁੱਜੀ ਜਦੋਂ ਉਸਦਾ ਸਾਥੀ ਰਿਆਜ਼ ਅਪਣਾ ਸਬਕ ਸ਼ੁਰੂ ਕਰਨ ਵਾਲਾ ਸੀ। ਉਹਨੇ ਮੈਨੂੰ ਰੁਕ ਕੇ ਉਸਦੇ ਸ਼ਗਿਰਦਾਂ ਨੂੰ ਮਿਲਣ ਲਈ ਆਖਿਆ। ਰਿਆਜ਼ ਅਜੇ ਵੱਡਾ ਸੰਗੀਤਕਾਰ ਨਹੀਂ ਬਣਿਆਂ ਸੀ ਇਸ ਲਈ ਉਸ ਦੇ ਸ਼ਗਿਰਦ ਵੀ ਦੋ ਤੋਂ ਅੱਠ ਸਾਲ ਦੀ ਉਮਰ ਦੇ ਬੱਚੇ ਹੀ ਸਨ।

ਉਹਦੇ ਸ਼ਗਿਰਦ ਚਾਰ ਕੁ ਵਜੇ ਆਉਣੇ ਸ਼ੁਰੂ ਹੋਏ। ਪਹਿਲਾਂ ਇਕ ਦੋ ਸਾਲਾਂ ਦੀ ਕੁੜੀ ਆਈ। ਰਿਆਜ਼ ਨੇ ਦੱਸਿਆ ਕਿ ਇਹ ਹਮੇਸ਼ਾ ਪਹਿਲਾਂ ਆਉਂਦੀ ਹੈ ਅਤੇ ਸਭ ਤੋਂ ਮਗਰੋਂ ਜਾਂਦੀ ਹੈ। ਉਸ ਨੇ ਕਿਹਾ, ''ਜੇ ਉਹਦੇ ਸਾਰੇ ਸ਼ਗਿਰਦ ਉਸੇ ਵਰਗੇ ਹੋਣ ਤਾਂ ਮੈਂ ਛੇਤੀ ਹੀ ਅਮੀਰ ਹੋ ਜਾਂਦਾ।' ਇਸ ਨੰਗੇ ਪੈਰਾਂ ਵਾਲੀ ਨਿੱਕੀ ਕੁੜੀ ਨੇ ਪਜਾਮੀ ਅਤੇ ਹਲਕੀ ਸਵੈਟਰ ਪਹਿਨੀ ਹੋਈ ਸੀ, ਛੋਟੇ ਛੋਟੇ ਵਾਲਾਂ ਵਾਲੀ ਇਸ ਕੁੜੀ ਦੇ ਚਿਹਰੇ ਤੇ ਸਦੀਵੀ ਮੁਸਕਾਨ ਉੱਭਰਦੀ ਰਹਿੰਦੀ ਸੀ। ਉਹ ਨਿਆਣਿਆਂ ਵਾਂਗੂੰ ਬੋਲਦੀ ਸੀ। ਰਿਆਜ਼ ਉਹਦੇ ਨਿੱਕੇ-ਨਿੱਕੇ ਵਾਕ ਸੁਣਕੇ ਬੜਾ ਖੁਸ਼ ਹੁੰਦਾ। ਹੋਰ ਸ਼ਗਿਰਦ ਵੀ ਛੇਤੀ ਹੀ ਆ ਪੁੱਜੇ- ਕੁੱਲ ਅੱਠ ਕੁੜੀਆਂ ਤੇ ਇਕ ਮੁੰਡਾ।

ਰਿਆਜ਼ ਨੇ ਆਪਣਾ ਹਰਮੋਨੀਅਮ ਕੱਢਿਆ ਅਤੇ ਇਕ ਪੰਛੀ ਦਾ ਗੀਤ ਗਾਉਣ ਲੱਗਾ। ਕੁਝ ਸ਼ਗਿਰਦ ਉਹਦੇ ਨਾਲ ਗਾਉਣ ਲੱਗ ਪਏ ਅਤੇ ਕੁਝ ਮੇਰੇ ਵਲ ਹੈਰਾਨੀ ਨਾਲ ਵੇਖਦੇ ਰਹੇ। ਰਿਆਜ਼ ਕੁਝ ਦੇਰ ਰੁਕ ਗਿਆ ਤਾਂ ਕਿ ਮੈਂ ਉਨ੍ਹਾਂ ਨਾਲ ਥੋੜ੍ਹੀ ਗੱਲ ਕਰ ਲਵਾਂ ਤਾਂ ਕਿ ਉਹ ਮੇਰੇ ਨਾਲ ਰਚ ਮਿਚ ਜਾਣ। ਮੈਂ ਜਮਾਤ ਵਿਚ ਖਲਲ਼ ਨਹੀਂ ਪਾਉਣਾ ਚਾਹੁੰਦੀ ਸਾਂ।

ਕੁਝ ਦੇਰ ਮਗਰੋਂ ਉਹਨੇ ਕਿਹਾ ਕਿ ਉਹ ਨਾਚ ਦਾ ਸਬਕ ਸ਼ੁਰੂ ਕਰਨ ਲੱਗਾ ਹੈ। ਮੈਂ ਸੋਚਿਆ ਸ਼ਾਇਦ ਮੇਰੇ ਕਾਰਨ ਹੀ ਉਹ ਅੱਜ ਸਬਕ ਦੇਣ ਵਿਚ ਬਹੁਤਾ ਗੰਭੀਰ ਨਹੀਂ ਹੈ। ਪਰ ਬਾਦ ਵਿਚ ਸਦੀਕ ਨੇ ਦੱਸਿਆ ਕਿ ਨਾਂ ਤਾਂ ਸ਼ਗਿਰਦ ਅਤੇ ਨਾ ਹੀ ਉਹ ਪੜ੍ਹਾਈ ਵਿਚ ਬਹੁਤੇ ਗੰਭੀਰ ਸਨ। ਰਿਆਜ਼ ਨੂੰ ਪੈਸੇ ਠੀਕ-ਠੀਕ ਹੀ ਮਿਲਦੇ ਸਨ ਇਸ ਲਈ ਸਬਕ ਤੇ ਵੀ ਬਹੁਤਾ ਜ਼ੋਰ ਨਹੀਂ ਦਿੱਤਾ ਜਾਂਦਾ ਸੀ। ਉਹਨੇ ਦੱਸਿਆ ਕਿ ਜਿਹੜੇ ਪਰਿਵਾਰ ਸੰਗੀਤ ਪ੍ਰਤਿ ਬਹੁਤ ਗੰਭੀਰ ਹਨ ਉਹ ਆਪਣੀਆਂ ਕੁੜੀਆਂ ਦੀ ਸਿਖਲਾਈ ਲਈ ਮਸ਼ਹੂਰ ਉਸਤਾਦਾਂ ਨੂੰ ਰੱਖਦੇ ਹਨ। ਉਹ ਚੰਗੇ ਪੈਸੇ ਦਿੰਦੇ ਹਨ ਤੇ ਉਸਤਾਦ ਵੀ ਮਨ ਲਾ ਕੇ ਗੰਭੀਰਤਾ ਨਾਲ ਸਿਖਾਉਂਦੇ ਹਨ।

ਨਾਚ ਸ਼ੁਰੂ ਹੋਇਆ। ਰਿਆਜ਼ ਨੇ ਅਪਣੇ ਹਰਮੋਨੀਅਨ ਤੇ ਲਹਿਰੀਏ ਦੀ ਤਰਜ਼ ਕੱਢੀ, ਅਤੇ ਸਦੀਕ ਦੇ ਇਕ ਸ਼ਗਿਰਦ ਨੇ ਤਬਲਾ ਵਜਾਇਆ। ਜਿਉਂ ਹੀ ਸ਼ਗਿਰਦਾਂ ਨੇ ਨਾਚ ਸ਼ੁਰੂ ਕੀਤਾ ਤਾਂ ਮੈਨੂੰ ਯਕੀਨ ਹੋ ਗਿਆ ਕਿ ਪੰਜ ਸਾਲ ਤੋਂ ਵੱਧ ਦੇ ਬਹੁਤੇ ਸ਼ਗਿਰਦ ਭਾਰਤੀ ਫਿਲਮਾਂ ਦੇ ਨਾਚ ਵਿਚੋਂ ਨਕਲ ਕਰਕੇ ਸਟੈਪ ਚੁੱਕ ਰਹੇ ਹਨ। ਰਿਆਜ਼ ਅਤੇ ਤਬਲਾ ਮਾਸਟਰ ਚਾਹੁੰਦੇ ਸਨ ਕਿ ਮੈਂ ਉਸ ਦੋ-ਸਾਲਾ ਕੁੜੀ ਦਾ ਨਾਚ ਧਿਆਨ ਨਾਲ ਵੇਖਾਂ। ਉਹ ਉਹਨੂੰ ਹੱਲਾਸ਼ੇਰੀ ਦਿੰਦੇ ਹੋਏ ਆਨੰਦ ਨਾਲ ਹੱਸਦੇ ਵੀ ਰਹੇ। ਮੇਰੀ ਹਾਜ਼ਰੀ ਜਾਂ ਰਿਆਜ਼ ਦੇ ਹਾਸੇ ਨੇ ਨਿੱਕੀ ਜਿਹੀ ਨਾਚੀ ਨੂੰ

ਬਿਲਕੁਲ ਪ੍ਰੇਸ਼ਾਨ ਨਹੀਂ ਕੀਤਾ। ਉਹ ਪੂਰੀ ਤਰ੍ਹਾਂ ਜੁਟੀ ਹੋਈ ਸੀ ਅਤੇ ਪੂਰੇ ਤਾਲ ਨਾਲ ਨੱਚ ਰਹੀ ਸੀ ਅਤੇ ਉਸ ਦੇ ਨਾਚ ਦੇ ਸਟੈਂਪ ਬਿਲਕੁਲ ਮੌਲਿਕ ਸਨ।

ਸੰਗੀਤਕਾਰਾਂ ਦਾ ਨੀਮ-ਸੱਭਿਆਚਾਰ ਮੁਹੱਲੇ ਦਾ ਇਕ ਨਿਵੇਕਲਾ ਲੱਛਣ ਦੇ। ਆਮ ਤੌਰ ਤੇ ਸੰਗੀਤਕਾਰ ਆਪਣੇ ਪਰਿਵਾਰਾਂ ਨਾਲ ਨਹੀਂ ਰਹਿੰਦੇ ਬਲਕਿ ਉਸਤਾਦ ਸਦੀਕ ਵਾਂਗ ਮੁਹੱਲੇ ਵਿਚ ਬੈਠਕਾਂ ਰੱਖਦੇ ਨੇ ਅਤੇ ਆਪਣੇ ਪਰਿਵਾਰ ਕੋਲ ਕਿਤੇ ਹੋਰ ਲਗਾਤਾਰ ਜਾਂਦੇ ਰਹਿੰਦੇ ਹਨ। ਉਹ ਨਿਸ਼ਚਿਤ ਰਵਾਇਤਾਂ ਅਨੁਸਾਰ ਨਾਚੀ ਬਰਾਦਰੀ ਨਾਲ ਜ਼ਾਤੀ, ਸਮਾਜਕ ਅਤੇ ਕਸਬੀ ਸਬੰਧ ਰੱਖਦੇ ਹਨ। ਬਹੁਤ ਸਾਰੇ ਮਿਰਾਸੀਆਂ ਨੇ ਮੈਨੂੰ ਦੱਸਿਆ ਕਿ ਉਹ ਵੇਸਵਾਵਾਂ ਵਿਚ ਇਸ ਤਰ੍ਹਾਂ ਰਹਿੰਦੇ ਨੇ ਜਿਵੇਂ ਪਾਣੀ ਵਿਚ ਤੇਲ ਹੁੰਦਾ ਹੈ। ਇਹ ਕਹਾਵਤ ਉਨ੍ਹਾਂ ਦੀ ਜ਼ੁਬਾਨੀ ਰਵਾਇਤ ਦਾ ਹਿੱਸਾ ਲੱਗਦੀ ਸੀ ਅਤੇ ਉਹ ਨਵੀਂ ਪੀੜ੍ਹੀ ਨੂੰ ਇਹ ਦੱਸਣ ਲਈ ਇਸ ਨੂੰ ਲਗਾਤਾਰ ਵਰਤਦੇ ਸਨ ਕਿ ਦੂਰੀ ਕਿਵੇਂ ਕਾਇਮ ਰੱਖੀ ਜਾਂਦੀ ਏ।

ਸ਼ੁਰੂ ਵਿੱਚ ਤਾਂ ਮੈਂ ਉਸਤਾਦ ਸਦੀਕ ਦੀ ਬੈਠਕ ਵਿਚ ਚੋਖਾ ਸਮਾ ਬਿਤਾਉਂਦੀ ਰਹੀ ਅਤੇ ਇਸ ਨੂੰ ਮੈਂ ਆਪਣੀਆਂ ਰੋਜ਼ਾਨਾ ਕਾਰਵਾਈਆਂ ਦਾ ਧੁਰਾ ਬਣਾ ਕੇ ਰੱਖਿਆ। ਫੇਰ ਮੈਂ ਉਸਤਾਦ ਗਾਮਾ ਅਤੇ ਅੱਲਾ ਬਖ਼ਸ ਦੀਆਂ ਬੈਠਕਾਂ ਵਿਚ ਵੀ ਲਗਾਤਾਰ ਜਾਣਾ ਸ਼ੁਰੂ ਕਰ ਦਿੱਤਾ। ਜੋ ਇਨ੍ਹਾਂ ਤਿੰਨਾਂ ਬੈਠਕਾਂ ਵਿਚ ਅਕਸਰ ਆਉਂਦੇ ਰਹਿੰਦੇ ਸਨ ਅਤੇ ਕਦੇ ਕਦੇ ਉਨ੍ਹਾਂ ਪਾਸ ਵੀ ਜਾਂਦੀ ਰਹੀ, ਸਵੇਰੇ ਦੇਰ ਨਾਲ ਆਕੇ, ਕਰੀਬ ਗਿਆਰਾਂ ਵਜੇ, ਜੋ ਉਨ੍ਹਾਂ ਲਈ ਅਜੇ ਸੁਵਖਤਾ ਹੀ ਹੁੰਦਾ। ਉਨ੍ਹਾਂ ਦੇ ਉੱਠਦੇ-ਉੱਠਦੇ ਮੈਂ ਉੱਥੇ ਪੁੱਜ ਜਾਂਦੀ ਅਤੇ ਹਰ ਉਸ ਕਿਸੇ ਨੂੰ ਮਿਲ ਲੈਂਦੀ ਜੋ ਉਸ ਨਿੱਕੇ ਜਿਹੇ ਕਮਰੇ ਵਿਚ ਰਾਤ ਨੂੰ ਰੁਕਿਆ ਹੁੰਦਾ। ਬੈਠਕ ਨੂੰ ਸੰਗੀਤ ਦਾ ਕਮਰਾ ਬਣਾਉਣ ਲਈ ਪੰਜ ਮਿੰਟ ਹੀ ਲੱਗਦੇ। ਬਹੁਤੇ ਸਾਜ਼ਿੰਦੇ ਕਈ ਕਿਸਮ ਦੇ ਸਾਜ ਵਜਾ ਲੈਂਦੇ ਸਨ। ਅਕਸਰ ਮੈਂ ਦੇਖਿਆ ਕਿ ਜੋ ਵੀ ਉਨ੍ਹਾਂ ਦਾ ਮਹਿਮਾਨ ਉਨ੍ਹਾਂ ਦੇ ਹੱਥ ਫੜਾ ਦਿੰਦਾ ਉਹ ਉਹੀ ਸਾਜ਼ ਵਜਾਉਣਾ ਸ਼ੁਰੂ ਕਰ ਦਿੰਦੇ।

ਇਕ ਦਿਨ ਜਦੋਂ ਮੈਂ ਉਸਤਾਦ ਗਾਮਾ ਦੇ ਗਈ ਤਾਂ ਉੱਥੇ ਮੈਨੂੰ ਇਕ ਨਵਾਂ ਬੰਦਾ ਮਿਲਿਆ ਜੋ ਸਦੀਕ ਦੇ ਕਿਸੇ ਸਾਥੀ ਦਾ ਰੁੱਕਾ ਲੈ ਕੇ ਕਿਸੇ ਦੂਰ ਦੇ ਪਿੰਡੋਂ ਆਇਆ ਸੀ । ਉਸ ਦੀ ਜਾਣ-ਪਛਾਣ ਮੇਰੇ ਨਾਲ ਖਾਸ ਅੰਦਾਜ਼ ਵਿਚ ਕਰਵਾਈ ਗਈ। ਜਾਣ-ਪਛਾਣ ਕਰਵਾਉਣ ਦਾ ਮੌਕਾ ਮੀਜ਼ਬਾਨ ਵਲੋਂ ਮਹਿਮਾਨ ਨੂੰ ਜੀ ਆਇਆਂ ਕਹਿਣ ਲਈ ਵਰਤਿਆ ਜਾਂਦਾ ਹੈ। ਮੈਨੂੰ ਦੱਸਿਆ ਗਿਆ ਕਿ ਇਹ ਨੌਜਵਾਨ ਪਾਕਿਸਤਾਨ ਦਾ ਇਕ ਹੋਣਹਾਰ ਕਵੀ ਹੈ ਜੋ ਧਮਾਲ ਲਿਖਦਾ ਹੈ। ਲੋਕ ਹਮੇਸ਼ਾ ਮਹਿਮਾਨ ਕਲਾਕਾਰਾਂ ਦੀ ਖੁਲ੍ਹ ਕੇ ਪ੍ਰਸੰਸਾ ਕਰਦੇ ਹਨ ਭਾਵੇਂ ਕਿ ਅਜੇ ਉਨ੍ਹਾਂ ਨੇ ਆਪਣੀ ਪਹਿਲੀ ਹੀ ਕਿਰਤ ਪੇਸ਼ ਕਰਨੀ ਹੋਏ। ਕਲਾਕਾਰ ਅਤੇ ਜਾਣ-ਪਛਾਣ ਕਰਵਾਉਣ ਵਾਲਾ ਦੋਵੇਂ ਹੀ ਇਸ ਤਰ੍ਹਾਂ ਦੀ ਨਕਾਸ਼ੀਦਾਰ ਬਿੰਬਾਵਲੀ ਨੂੰ ਪਸੰਦ ਕਰਦੇ।

ਕਵੀ ਨੇ ਆਪਣੀ ਕਾਪੀ ਕੱਢੀ ਅਤੇ ਸਾਨੂੰ ਕਵਿਤਾ ਸੁਣਾਈ। ਕੁਝ ਸੰਗੀਤਕਾਰ ਨਾਸ਼ਤੇ ਦਾ ਇੰਤਜ਼ਾਮ ਕਰਨ ਲਈ ਬਾਹਰ ਚਲੇ ਗਏ। ਉਸਤਾਦ ਗਾਮਾ ਅਤੇ ਦੂਜੇ ਮੇਰੇ ਨਾਲ ਹੀ ਗਲੀਚੇ ਤੇ ਬੈਠ ਕੇ ਸੁਣਨ ਲੱਗੇ। ਸਾਜ਼ ਕੱਢੇ ਗਏ ਤੇ ਚਾਰ ਸੰਗੀਤਕਾਰਾਂ ਨੇ ਹਰਮੋਨੀਅਮ, ਨਾਲ, ਢੋਲਕ ਅਤੇ ਚਿਮਟਾ ਫੜ ਲਏ। ਪਹਿਲਾਂ ਉਸਤਾਦ ਗਾਮਾ ਨੇ ਹਰਮੋਨੀਅਮ ਵਜਾਇਆ ਅਤੇ ਨੌਜਵਾਨ ਕਵੀ ਦੇ ਗਾਣੇ ਤੇ ਪਿਛਲੀ ਰਾਤ ਬਣਾਈ ਧੁਨ ਤੇ ਗੀਤ ਛੋਹਿਆ। ਉਸ ਦੇ ਨਾਲ ਨਾਲ

ਬਾਕੀ ਸੰਗੀਤਕਾਰਾਂ ਨੇ ਵੀ ਸੁਰ ਮੇਲੀ। ਉਹ ਹਰੇਕ ਮੁਰਕੀ ਤੇ ਇਕ ਦੂਜੇ ਦੀ ਸ਼ਲਾਘਾ ਕਰਦੇ ਅਤੇ ਕਵੀ ਦੀ ਕਾਵਿ ਦੇ ਹਰ ਬੰਦ ਉੱਤੇ। ਫੇਰ ਉਨ੍ਹਾਂ ਨੇ ਇਕ ਹੋਰ ਧਮਾਲ ਚੁਣੀ ਇਸ ਦੀ ਧੁਨ ਬਣਾਉਣ ਲੱਗੇ।

ਮੈਨੂੰ ਇਹ ਅਮਲ ਬੜਾ ਦਿਲਚਸਪ ਲੱਗਾ। ਧੁਨ ਬਣਾਉਣ ਵਾਲੇ ਸਾਰੇ ਸੰਗੀਤਕਾਰਾਂ ਨੂੰ ਹਿਦਾਇਤਾਂ ਦਿੰਦਾ। ਅਕਸਰ ਉਹ ਧਮਾਲ ਨੂੰ ਨਵੀਂ ਛੋਹ ਦੇਣ ਲਈ ਦੂਜਾ ਸਾਜ ਫੜਨ ਦੀ ਹਿਦਾਇਤ ਦਿੰਦਾ। ਇਕ ਵਾਰੀ ਉਸਨੇ ਨਾਲ ਦੀ ਗਲੀ ਵਿਚੋਂ ਕਿਸੇ ਨੂੰ ਉਹ ਸੰਗੀਤਕਾਰ ਲਿਆਉਣ ਲਈ ਕਿਹਾ ਜੋ ਬੰਸਰੀ ਵਜਾਉਂਦਾ ਸੀ। ਬੰਸਰੀ ਵਜਾਉਣ ਵਾਲਾ ਸੁੱਤਾ ਪਿਆ ਸੀ ਇਸ ਲਈ ਉਸ ਨੂੰ ਆਉਣ ਵਿਚ ਕੁਝ ਚਿਰ ਲੱਗਾ ਪਰ ਉਸ ਦੀ ਬੰਸਰੀ ਨੇ ਉਸ ਧੁਨ ਵਿਚ ਨਵੀਂ ਛੋਹ ਭਰ ਦਿੱਤੀ। ਕਵੀ ਬੜਾ ਹੀ ਪ੍ਰੇਰਤ ਹੋਇਆ ਅਤੇ ਉਸ ਨੇ ਧਮਾਲ ਵਿਚ ਦੋ ਹੋਰ ਛੰਦ ਜੋੜ ਦਿੱਤੇ।

ਇਹ ਉਦੋਂ ਤਕ ਚਲਦਾ ਰਿਹਾ ਜ਼ਦੋਂ ਤੱਕ ਚਾਹ ਅਤੇ ਨਿਹਾਰੀ ਦਾ ਨਾਸ਼ਤਾ ਨਹੀਂ ਆ ਗਿਆ। ਇਹ ਉਨ੍ਹਾਂ ਦਾ ਆਮ ਨਾਸ਼ਤਾ ਨਹੀਂ ਸੀ ਬਲਕਿ ਇਸ ਦਾ ਪ੍ਰਬੰਧ ਖਾਸ ਮੇਰੇ ਲਈ ਕੀਤਾ ਗਿਆ ਸੀ। ਬੈਠਕ ਦੇ ਰਹਿਣ ਵਾਲੇ ਕੁਝ ਵੱਡਿਆਂ ਨੇ ਇਹ ਮੇਰੇ ਨਾਲ ਖਾਧਾ ਜਦਕਿ ਬਾਕੀਆਂ ਨੇ ਸਿਰਫ ਚਾਹ ਹੀ ਪੀਤੀ। ਇਸ ਅੰਦਾਜ਼ ਵਿਚ ਮੇਰੀ ਖਾਤਰਦਾਰੀ ਕਦੇ ਕਦੇ ਹੀ ਹੁੰਦੀ ਜਦੋਂ ਮੀਜ਼ਬਾਨ ਕਿਸੇ ਕਾਰਨ ਬਹੁਤਾ ਹੀ ਖੁਸ਼ ਹੁੰਦਾ। ਇਸ ਵਾਰੀ ਦੋ ਰਾਤਾਂ ਪਹਿਲਾਂ ਉਸਤਾਦ ਗਾਮਾ ਦਾ ਓਕਾੜਾ ਵਿਖੇ ਸਟੇਜ ਸ਼ੋਅ ਬੜਾ ਕਾਮਯਾਬ ਰਿਹਾ ਸੀ। ਉਸ ਨੇ ਚਾਰ ਨਾਚੀਆਂ ਅਤੇ ਛੇ ਸਾਜ਼ਿੰਦਿਆਂ ਦੇ ਟਰੂਪ ਦੀ ਅਗਵਾਈ ਕੀਤੀ ਸੀ ਉਹ ਸੰਗੀਤਕਾਰ ਉੱਥੇ ਹੀ ਮੌਜੂਦ ਸਨ।

ਸੰਗੀਤ ਦੀ ਵਰਕਸ਼ਾਪ ਜਾਰੀ ਸੀ ਅਤੇ ਵਿਚ ਵਿਚ ਜੁਗਤਬਾਜ਼ੀ ਅਤੇ ਬਿਰਾਦਰੀ ਦੇ ਲੋਕਾਂ ਬਾਰੇ ਚੁਹਲਬਾਜ਼ੀ ਚਲਦੀ ਰਹੀ। ਤਿੰਨ ਗਾਣਿਆਂ ਦੀ ਧੁਨ ਬਣਾਈ ਜਾਂ ਚੁੱਕੀ ਸੀ ਸਮੇਤ ਉਸਦੇ ਜੋ ਰਾਤ ਸ਼ੁਰੂ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਇਕ ਗਾਣੇ ਨੂੰ ਗਵਾ ਕੇ ਵੇਖਣ ਲਈ ਸ਼ਾਮ ਵੇਲੇ ਚੰਦਾ ਨੂੰ ਬੁਲਾਉਣ ਦਾ ਫੈਸਲਾ ਕੀਤਾ ਗਿਆ। ਬਾਕੀ ਦੋ ਗਾਣੇ ਧੁਨ ਬਣਾਉਣ ਵਾਲੇ ਨੇ ਖੁਦ ਗਾਉਣੇ ਹਨ। ਉਸ ਨੇ ਮੈਨੂੰ ਦੱਸਿਆ ਕਿ ਉਸ ਦੀ ਯੋਜਨਾ ਧਮਾਲਾਂ ਦੀ ਇਕ ਆਪਣੀ ਐਲਬਮ ਕੱਢਣ ਦੀ ਏ। ਉਸ ਨੇ ਇਹ ਵੀ ਦੱਸਿਆ ਕਿ ਅਗਲੇ ਹਫਤੇ ਨਾਲ ਦੇ ਸ਼ਹਿਰ ਵਿਚ ਇਕ ਵਿਆਹ ਦੇ ਸੰਗੀਤ ਸਟੇਜ ਸ਼ੋਅ ਉੱਤੇ ਆਪਣੇ ਨਾਲ ਰਹਿ ਰਹੇ ਮੁੰਡਿਆਂ ਨੂੰ ਲੈ ਕੇ ਜਾਏਗਾ। ਉਸ ਨੂੰ ਪਹਿਲਾਂ ਹੀ ਕੁਝ ਪੇਸ਼ਗੀ ਰਕਮ ਮਿਲ ਚੁੱਕੀ ਸੀ ਤੇ ਆਸ ਸੀ ਕਿ ਹੋਰ ਵੀ ਚੰਗੀ ਮਿਲੇਗੀ।

ਪਿਛਲੇ ਸਮੇਂ ਵਿਚ ਸ਼ਾਹੀ ਮੁਹੱਲਾ ਕਲਾਸਕੀ ਸੰਗੀਤ, ਸੁਰੀਲੀਆਂ ਆਵਾਜ਼ਾਂ ਅਤੇ ਮੋਹਕ ਧੁਨਾਂ ਦੇ ਉੱਚੇ ਪੱਧਰ ਲਈ ਜਾਣਿਆਂ-ਮੰਨਿਆ ਸੀ। ਸੰਗੀਤਕਾਰ ਸਿਖਲਾਈ ਦਿੰਦੇ ਸਨ ਅਤੇ ਕੰਜਰ ਜਾਤ ਦੀਆਂ ਕਈ ਨੌਜਵਾਨ ਕੁੜੀਆਂ ਨੇ ਆਪਣਾ ਸਬਕ ਬਖੂਬੀ ਹਾਸਲ ਕੀਤਾ ਸੀ। ਮੇਰਾ ਬਹੁਤਾ ਸਮਾਂ ਜਦੋਂ ਇਸ ਇਲਾਕੇ ਵਿਚ ਬੀਤਣ ਲੱਗਾ ਤਾਂ ਮੈਨੂੰ ਪਤਾ ਲੱਗਾ ਕਿ ਸੰਗੀਤ ਸਿਖਲਾਈ ਨੂੰ ਵਧੇਰੇ ਗੰਭੀਰਤਾ ਨਾਲ ਨਾ ਲੈਣ ਵਾਲੀਆਂ ਕੁੜੀਆਂ ਦੀ ਗਿਣਤੀ ਵਧਦੀ ਜਾ ਰਹੀ ਏ। ਸਬਕ ਦੇਣ ਵੇਲੇ ਸ਼ਗਿਰਦਾਂ ਅਤੇ ਉਸਤਾਦਾਂ ਦੇ ਢਿੱਲੇ-ਮੱਠੇ ਰਵੱਈਏ ਤੋਂ ਹੀ ਨਹੀਂ ਬਲਕਿ ਇਹ ਗੱਲ ਉਨ੍ਹਾਂ ਦੇ ਮੁਜਰਿਆਂ ਤੋਂ ਵੀ ਸਪਸ਼ਟ ਹੁੰਦੀ ਸੀ। ਕੁਝ ਕੁ ਹੀ ਉਸਤਾਦ ਸਨ ਜੋ ਆਪਣੇ ਸ਼ਗਿਰਦਾਂ ਨੂੰ ਅਸਲ ਵਿਚ ਕਲਾਸਕੀ ਗਾਉਣ ਸਿਖਾਉਂਦੇ ਸਨ ਅਤੇ ਇਹੀ ਆਪਣੇ

ਵਧੀਆ ਸ਼ਗਿਰਦਾਂ ਲਈ ਗਜ਼ਲਾਂ ਅਤੇ ਗੀਤ ਵੀ ਲਿਖਦੇ ਸਨ। ਇਹ ਉਸਤਾਦ ਅਕਸਰ ਆਪਣੇ ਸ਼ਗਿਰਦਾਂ ਨੂੰ ਕਸਬੀ ਗਾਇਕ ਬਣਨ ਲਈ ਤਿਆਰ ਕਰਦੇ ਸਨ ਪਹਿਲਾਂ ਰੇਡੀਉ ਅਤੇ ਟੈਲੀਵਿਜ਼ਨ ਤੇ ਅਤੇ ਫੇਰ ਅਖੀਰ ਫਿਲਮ ਉਦਯੋਗ ਲਈ। ਕਲਾਸਕੀ ਰਿਕਾਰਡਾਂ ਤੇ ਕਲਾਕਾਰਾਂ ਦੇ ਤੌਰ ਤੇ ਨੌਜਵਾਨ ਪੇਸ਼ਕਾਰਾਂ ਦੀ ਕਰੀਬ ਪੂਰੀ ਕਿੱਲਤ ਹੀ ਸੀ।

ਗਾਹਕ ਦੀ ਮੰਗ ਹੀ ਪੇਸ਼ਕਾਰੀ ਦਾ ਪੱਧਰ ਅਤੇ ਵੰਨਗੀ ਨਿਰਧਾਰਤ ਕਰਦੀ ਹੈ। ਕੁਝ ਪਰਿਵਾਰ ਅਜੇ ਵੀ ਆਪਣੇ ਕਲਾਸਕੀ ਰਾਗਾਂ ਅਤੇ ਗ਼ਜ਼ਲਾਂ ਨਾਲ ਜੁੜੇ ਰਹਿਣ ਦੀ ਕੋਸ਼ਿਸ਼ ਕਰਦੇ ਹਨ, ਪਰ ਬਹੁਤੇ ਫਿਲਮੀ ਗੀਤਾਂ ਵਲ ਚਲੇ ਗਏ ਹਨ ਕਿਉਂਕਿ ਗਾਹਕ ਹੋਰ ਚੀਜ਼ਾਂ ਦੀ ਫਰਮਾਇਸ਼ ਬਹੁਤ ਹੀ ਘੱਟ ਕਰਦੇ ਹਨ।

1970 ਤੋਂ ਬਾਦ ਕੋਠੇ ਵਿਚ ਇਸ ਖਾਸ ਤਰ੍ਹਾ ਦੇ ਮਨੋਰੰਜਨ ਲਈ ਆਉਣ ਵਾਲੇ ਗਾਹਕਾਂ ਦੀ ਗਿਣਤੀ ਸਾਲ ਵਿਚ ਕਰੀਬ ਅੱਧੀ ਰਹਿ ਗਈ ਏ। ਬਹੁਤਿਆਂ ਨੂੰ ਤਾਂ ਖੁਦ ਨੂੰ ਕਾਇਮ ਰੱਖਣ ਲਈ ਸੰਘਰਸ਼ ਹੀ ਕਰਨਾ ਪੈ ਰਿਹਾ ਏ। ਉਨ੍ਹਾਂ ਕੋਲ ਚੰਗੀ ਸੰਗੀਤ ਪੈਦਾ ਕਰਨ ਦੀ ਵਿਹਲ ਹੀ ਨਹੀਂ ਏ। ਜੇ ਲੋਕਾਂ ਦੀ ਮੰਗ ਹੀ ਪੰਜਾਬੀ ਗਾਣੇ ਦੀ ਏ ਤਾਂ ਕੋਠਾ ਚਲਾਉਣ ਵਾਲੇ ਉੱਚੇ ਪੱਧਰ ਦੇ ਕਲਾਸਕੀ ਪੇਸ਼ਕਾਰਾਂ ਤੇ ਖਰਚਾ ਕਿਉਂ ਕਰਨ। ਗਾਹਕਾਂ ਨੂੰ ਸੰਗੀਤ ਦੀ ਬਹੁਤੀ ਸੂਝ ਨਹੀਂ ਹੁੰਦੀ ਅਤੇ ਉਹ ਅਕਸਰ ਜੋ ਵੀ ਸੁਣਾ ਦਿਉ ਉਸੇ ਨਾਲ ਖੁਸ਼ ਹੋ ਜਾਂਦੇ ਨੇ। ਇਸ ਖਾਸ ਕਿਸਮ ਦੇ ਗਾਹਕ ਵੀ ਅੱਜ ਬਹੁਤੇ ਗਰੀਬ ਹਨ ਪਿਛਲੇ ਸਮੇਂ ਦੇ ਇਸ ਤਰ੍ਹਾਂ ਦੇ ਸਰਪ੍ਰਸਤਾਂ ਨਾਲੋਂ। ਬਹੁਤਿਆਂ ਦੇ ਵਸ ਵਿਚ ਨਹੀਂ ਕਿ ਉਹ ਕਿਸੇ ਇਕ ਨਾਚੀ ਨਾਲ ਵਿਸ਼ੇਸ਼ ਤਾਅਲੁਕ ਕਾਇਮ ਕਰ ਅਤੇ ਜਾਰੀ ਰੱਖ ਸਕਣ। ਪਿਛਲੇ ਸਮੇਂ ਵਿਚ ਇਹ ਸਬੰਧ ਇਕ ਔਰਤ ਲਈ ਸੁਰੱਖਿਆ ਕਵਚ ਬਣ ਜਾਂਦਾ ਸੀ ਤਾਂ ਕਿ ਉਹ ਆਪਣਾ ਬਹੁਤਾ ਧਿਆਨ ਸੰਗੀਤ ਵੱਲ ਲਾ ਸਕੇ। ਮੈਂ ਸਪਸ਼ਟ ਰੂਪ ਵਿਚ ਦੇਖਿਆ ਹੈ ਕਿ ਜੋ ਲੋਕ ਕਲਾਸਕੀ ਸੰਗੀਤ ਦੀ ਰਵਾਇਤ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ ਉਨ੍ਹਾਂ ਨੂੰ ਕੰਮ ਲਈ ਬੜਾ ਸੰਘਰਸ਼ ਕਰਨਾ ਪੈਂਦਾ ਸੀ ਜਦੋਂ ਕਿ ਦੂਜੇ ਜਿਹੜੇ ਸਮਾਜ ਦੀ ਉੱਚ ਵਪਾਰਕ ਮੰਗ ਦੀ ਪੂਰਤੀ ਕਰਦੇ ਸਨ ਉਨ੍ਹਾਂ ਦੀ ਹਾਲਤ ਮੁਕਾਬਲਤਨ ਬੇਹਤਰ ਸੀ।

ਇਨ੍ਹਾਂ ਕੁੜੀਆਂ ਲਈ ਨਾਚ ਦੀ ਸਿਖਲਾਈ ਵੀ ਗੀਤ ਗਾਉਣ ਦੀ ਸਿਖਲਾਈ ਜਿੰਨੀ ਹੀ ਮਹੱਤਵਪੂਰਨ ਸੀ। ਨਾਚ ਮੁਹੱਲੇ ਦੇ ਸ਼ਾਮ ਦੇ ਮੁਜਰਿਆਂ ਦਾ ਨਾ ਸਿਰਫ ਇਕ ਮਹੱਤਵਪੂਰਨ ਭਾਗ ਹੀ ਹੈ ਬਲਕਿ ਇਹ ਭਵਿੱਖ ਵਿਚ ਫਿਲਮੀ ਪੇਸ਼ੇ ਲਈ ਵੀ ਸਫਲਤਾ ਦੀ ਕੁੰਜੀ ਹੈ। ਇਕ ਚੰਗੀ ਨਾਚੀ ਹੋਣਾ ਵੀ ਉਨਾ ਹੀ, ਜੇ ਵੱਧ ਨਹੀਂ, ਮਹੱਤਵਪੂਰਨ ਹੈ ਜਿੰਨਾ ਇਕ ਚੰਗੀ ਅਦਾਕਾਰਾ ਹੋਣਾ। ਦੱਖਣੀ ਏਸ਼ੀਆ ਵਿਚ ਅਦਾਕਾਰੀ ਅਤੇ ਨਾਚ ਅਭਿੰਨ ਅੰਗ ਹਨ, ਖਾਸ ਤੌਰ ਤੇ ਔਰਤਾਂ ਲਈ। ਹਰੇਕ ਫਿਲਮ ਵਿਚ ਕਰੀਬ ਛੇ ਗਾਣੇ ਹੁੰਦੇ ਹਨ ਅਤੇ ਉਹਨਾਂ ਵਿਚੋਂ ਵੀ ਬਹੁਤੇ ਸਮੂਹ ਨਾਚ। ਜਿਹੜੀਆਂ ਔਰਤਾਂ ਫਿਲਮੀ ਕਿੱਤਾ ਅਪਨਾਉਣ ਲਈ ਗੰਭੀਰ ਹਨ ਉਹ ਆਪਣੀ ਨਾਚ ਦੀ ਸਿਖਲਾਈ ਤੇ ਬਹੁਤਾ ਜ਼ੋਰ ਦਿੰਦੀਆ ਹਨ। ਸਾਡੇ ਸਮੇਂ ਦੀਆਂ ਬਹੁਤ ਹੀ ਮਸ਼ਹੂਰ ਫਿਲਮ ਨਾਚੀਆਂ, ਇਸ਼ਰਤ ਚੌਧਰੀ, ਮੀਨਾ ਚੌਧਰੀ, ਜ਼ਮੱਰੁਦ ਅਤੇ ਆਲੀਆ, ਅਜਿਹੇ ਹੀ ਮੁਹੱਲਾ ਪਰਿਵਾਰਾਂ ਵਿਚੋਂ ਹਨ।

ਪਿਛਲੇ ਸਮੇਂ ਵਿੱਚ ਕਲਾਸਕੀ ਨਾਚ ਨੂੰ ਬਹੁਤ ਹੀ ਗੰਭੀਰ ਕਿਸਮ ਦੀ ਚੀਜ਼ ਮੰਨਿਆ

ਜਾਂਦਾ ਸੀ। ਮੁਗਲ ਕਾਲ ਵਿਚ ਕੱਥਕ ਬੜਾ ਹੀ ਮਕਬੂਲ ਰਿਹਾ। ਮਸ਼ਹੂਰ ਉਸਤਾਦ ਇਨ੍ਹਾਂ ਨਾਚੀਆਂ ਨੂੰ ਸਿਖਲਾਈ ਦਿੰਦੇ ਅਤੇ ਸਰਪ੍ਰਸਤਾ ਵਲੋਂ ਉਨ੍ਹਾਂ ਨੂੰ ਚੰਗਾ ਈਨਾਮ ਮਿਲਦਾ। ਐਪਰ, ਲਾਲ ਬੱਤੀ ਖੇਤਰ ਵਿਚ ਅਤੇ ਇਸੇ ਤਰ੍ਹਾਂ ਰਾਜ ਦਰਬਾਰਾਂ ਵਿਚ ਵੀ ਨਾਚ ਸਿਰਫ ਨਾਚ ਦੇ ਤੌਰ ਤੇ ਹੀ ਕਦੀ ਆਮ ਨਹੀਂ ਰਿਹਾ। ਨਾਚੀ ਨੂੰ ਸਿਖਲਾਈ ਦਿੱਤੀ ਜਾਂਦੀ ਸੀ ਕਿ ਉਹ ਗੀਤ ਦੇ ਬੋਲਾਂ ਦੇ ਉਪਰ ਹੀ ਨਾਚ ਕਰੇ। ਕਾਵਿ ਵਿਚ ਇਹੀ ਭਾਓ ਦੇ ਰੂਪ ਵਿਚ ਵਧਿਆ। ਨਾਚੀ ਬਹਿ ਕੇ ਗਜ਼ਲ ਪੇਸ਼ ਕਰਦੀ, ਉਸ ਦੇ ਹੱਥ ਨਾਚ ਦੀ ਮੁਦਰਾ ਵਿਚ ਹਰਕਤ ਕਰਦੇ ਅਤੇ ਉਸਦੀ ਮੁਖ ਮੁਦਰਾ ਸ਼ਬਦਾਂ ਦੀ ਵਿਆਖਿਆ ਕਰਦੀ। ਕਸਬੀ ਗਾਇਕਾਂ ਵਿਚ ਇਹ ਹੱਥ ਦੀਆਂ ਸੈਨਤਾਂ ਅੱਜ ਵੀ ਬੜੀਆਂ ਆਮ ਹਨ।

ਪਿਛਲੇ ਕੁਝ ਦਹਾਕਿਆਂ ਤੋਂ ਮੁਹੱਲੇ ਵਿਚ ਨਾਚ ਦੀ ਵੰਨਗੀ ਦਾ ਪੱਧਰ ਕਾਫੀ ਡਿੱਗਿਆ ਏ। ਨਾਚ ਦੇ ਢੰਗ ਹੁਣ ਆਮ ਕਰਕੇ ਭਾਰਤੀ ਜਾਂ ਪਾਕਿਸਤਾਨੀ ਫਿਲਮਾਂ ਵਿਚੋਂ ਨਕਲ ਕੀਤੇ ਹੁੰਦੇ ਨੇ। ਮੁਹੱਲੇ ਦੀਆਂ ਨਾਚੀਆਂ ਲਿਬਾਸ ਅਤੇ ਮੇਕਅੱਪ ਵੀ ਆਪਣੀ ਮਨਭਾਉਂਦੀ ਅਦਾਕਾਰਾ ਦੀ ਨਕਲ ਕਰਕੇ ਹੀ ਕਰਦੀਆਂ ਹਨ। ਖੁਦ ਨੂੰ ਕਿਸੇ ਖਾਸ ਅਦਾਕਾਰਾ ਵਰਗਾ ਦਿਖਾਉਣ ਲਈ ਉਹ ਰੰਗੀਨ ਕਾਨਟੈਕਟ ਲੈਂਸਿਜ਼ ਦੀ ਵਰਤੋਂ ਵੀ ਕਰ ਸਕਦੀਆਂ ਹਨ। ਅੱਜ ਦੀਆਂ ਨਾਚੀਆਂ ਆਪਣੇ ਘੁੰਗਰੂਆਂ ਨਾਲ ਜਿੰਨਾ ਵਧ ਹੋ ਸਕੇ ਸ਼ੋਰ ਪੈਦਾ ਕਰਦੀਆਂ ਹਨ। ਨਾਚ ਦੀਆਂ ਮੁਦਰਾਵਾਂ ਬੜੀਆਂ ਭੱਦੀਆਂ ਕਾਮੁਕਤਾ ਪੈਦਾ ਕਰਨ ਵਾਲੀਆਂ ਹੁੰਦੀਆਂ ਹਨ ਅਤੇ ਸਰੀਰ ਅਤੇ ਅੱਖ ਦੇ ਤਿਲਸਮ ਨਾਲ ਗਾਹਕ ਨੂੰ ਖਿੱਚ ਕੇ ਰੱਖਣ ਦੇ ਸਾਰੇ ਹੀਲੇ ਵਰਤੇ ਜਾਂਦੇ ਨੇ। ਕੁੜੀਆਂ ਨਾਚ ਦੀਆਂ ਬੁਨਿਆਦੀ ਮੁਦਰਾਵਾਂ ਤਾਂ ਆਪਣੇ ਨਾਚ ਉਸਤਾਦਾਂ ਤੋਂ ਸਿੱਖਦੀਆਂ ਹਨ ਪਰ ਇਨ੍ਹਾਂ ਦੀ ਢੁਕਵੀਂ ਵਰਤੋਂ ਕਰਨ ਦੀ ਕਲਾ ਉਹ ਪੁਰਾਣੀਆਂ ਨਾਚੀਆਂ ਨੂੰ ਦੇਖਕੇ, ਜਾਂ ਆਪਣੀ ਪ੍ਰਬੰਧਕ ਤੋਂ ਸੁਣ ਕੇ ਸਿੱਖਦੀਆਂ ਨੇ। ਕਈ ਨਾਚ ਉਸਤਾਦਾਂ ਦੀ ਥਾਂ ਤਾਂ ਹੁਣ ਵੀਡੀਓ ਫਿਲਮਾਂ ਨੇ ਲੈ ਲਈ ਹੈ ਜਿਨ੍ਹਾਂ ਦੇ ਐਕਸ਼ਨ ਨਕਲ ਕੀਤੇ ਜਾਂਦੇ ਹਨ ਅਤੇ ਰਾਤ ਨੂੰ ਮੁਜਰੇ ਵਿਚ ਪੇਸ਼ ਕੀਤੇ ਜਾਂਦੇ ਨੇ। ਐਪਰ, ਗਾਉਣ ਦੀ ਸਿਲਖਾਈ ਲਈ ਇਕ ਢੁਕਵਾਂ ਉਸਤਾਦ ਰੱਖਣ ਦੀ ਲੋੜ ਅਜੇ ਵੀ ਸਮਾਜਕ ਦਬਾਉ ਕਾਰਨ ਕਾਇਮ ਹੈ।

ਇਸ ਦੀ ਗਿਰਾਵਟ ਲਈ ਇੱਕ ਵੱਡਾ ਪਹਿਲੂ ਮੁਹੱਲੇ ਵੱਲ ਸਰਕਾਰ ਦਾ ਰਵੱਈਆ ਹੈ। ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਵਲੋਂ ਇਸ ਇਲਾਕੇ ਦੇ ਬਿਰਾਦਰੀ ਆਗੂਆਂ, ਨਿਵਾਸੀਆਂ ਅਤੇ ਗਾਹਕਾਂ ਦੀ ਲਗਾਤਾਰ ਖਿੱਚ-ਧੂਹ ਉਨ੍ਹਾਂ ਦੇ ਕਾਰੋਬਾਰ ਤੇ ਬੁਰਾ ਅਸਰ ਪਾਉਂਦੀ ਹੈ। ਇਸ ਬਿਰਾਦਰੀ ਦੇ ਨਾਂ ਤੇ ਜੋ ਕਲੰਕ ਲਾਇਆ ਗਿਆ ਹੈ ਉਸ ਕਾਰਨ ਵੀ ਨਿਵਾਸੀ ਆਪਣਾ ਨਾਂ ਸੰਗੀਤਕਾਰ ਵਜੋਂ ਦੇਣ ਤੋਂ ਝਕਦੇ ਹਨ।

1980ਵਿਆਂ ਦੇ ਸ਼ੁਰੂ ਵਿਚ ਤਾਂ ਪਾਕਿਸਤਾਨ ਰੇਡੀਓ ਅਤੇ ਟੈਲੀਵਿਜ਼ਨ ਨੂੰ ਇਹ ਜ਼ਬਾਨੀ ਹਿਦਾਇਤਾਂ ਹਨ ਕਿ ਸ਼ਾਹੀ ਮੁਹੱਲੇ ਦੇ ਕਲਾਕਾਰਾਂ ਨੂੰ ਪੇਸ਼ਕਾਰੀ ਲਈ ਬੁਲਾਉਣ ਤੇ ਪਾਬੰਦੀ ਲਾਈ ਜਾਵੇ ਜਿਸ ਨਾਲ ਸਾਰੀ ਹੀ ਬਿਰਾਦਰੀ ਦਾ ਮਨੋਬਲ ਡਿੱਗਿਆ ਹੈ। ਇਕ ਮਸ਼ਹੂਰ ਤਬਲਾ ਵਾਦਕ ਹਾਜੀ ਅਲਤਾਫ ਹੁਸੈਨ, ਜਿਨ੍ਹਾਂ ਨੂੰ ਆਮ ਤਫ਼ੂ ਕਰਕੇ ਜਾਣਿਆਂ ਜਾਂਦਾ ਏ, ਸ਼ਾਹੀ ਮੁਹੱਲੇ ਦੇ ਬਹੁਤ ਹੀ ਸਨਮਾਨਤ ਉਸਤਾਦ ਨੇ। ਤਫੂ ਇਕ ਗੰਭੀਰ ਸੰਗੀਤਕਾਰ ਨੇ ਜਿਨ੍ਹਾਂ ਨੂੰ ਮੁਹੱਲੇ ਵਿਚ ਸੰਗੀਤ ਦੇ ਡਿੱਗਦੇ ਮਿਆਰ ਦੀ ਬਹੁਤ ਜ਼ਿਆਦਾ ਚਿੰਤਾ ਏ। ਉਹ ਇਸ ਦਾ ਸਿੱਧਾ

ਕਾਰਨ ਪੁਲਿਸ ਰਾਹੀਂ ਸਰਕਾਰ ਦੀ ਖਿੱਚ-ਧੂਹ ਨੂੰ ਦੱਸਦੇ ਹਨ। ਉਹ ਮਹਿਸੂਸ ਕਰਦੇ ਨੇ ਕਿ ਬਲਾਤਕਾਰ ਅਤੇ ਵਿਭਚਾਰ ਸਮੇਤ ਨਿਕਾਹ ਤੋਂ ਬਾਹਰੇ ਕਾਮ ਸਬੰਧ ਰੱਖਣ ਨੂੰ ਨਿਯੰਤ੍ਰਿਤ ਕਰਨ ਵਾਲੇ ਹਦੂਦ ਵਰਗੇ ਕਾਨੂੰਨ ਚੰਦ ਕੁ ਲੋਕਾ ਨੂੰ ਖੁਸ਼ ਕਰਨ ਲਈ ਮੁਹੱਲੇ ਤੇ ਚੋਣਵੇਂ ਢੰਗ ਨਾਲ ਲਾਗੂ ਕੀਤੇ ਜਾਦੇ ਨੇ ਨਾਂ ਕਿ ਸਮਾਜ ਲਈ ਆਮ ਨਿਯੰਤ੍ਰਣ ਪ੍ਰਣਾਲੀ ਵਜੋਂ। ਮੁਹੱਲੇ ਦੇ ਲੋਕਾ ਨੂੰ ਬੰਦ ਕਰਨ ਲਈ ਆਮ ਤੌਰ ਤੇ ਅਜਿਹੇ ਕਾਨੂੰਨ ਵਰਤੇ ਜਾਂਦੇ ਨੇ। ਇਹ ਸਭ ਨੂੰ ਪਤਾ ਹੈ ਕਿ ਇਥੇ ਜਿਸਮਫਰੋਸ਼ੀ ਹੁੰਦੀ ਏ ਪਰ ਪੁਲਿਸ ਇਨ੍ਹਾਂ ਕਾਨੂੰਨਾਂ ਦੀ ਵਰਤੋਂ ਚੋਣਵੇਂ ਢੰਗ ਨਾਲ ਜਾਂ ਤਾਂ ਪੈਸੇ ਲੈਣ ਲਈ ਜਾਂ ਉੱਚੀ ਪੱਧਰ ਦੇ ਸਿਆਸਤਦਾਨਾਂ ਦੇ ਕਹੇ-ਕਹਾਏ ਕਿਸੇ ਨਾਲ ਕਿੜ ਕੱਢਣ ਲਈ ਕਰਦੀ ਏ।

ਇਸ ਕਾਨੂੰਨ ਦੇ ਲਾਗੂ ਕਰਨ ਬਾਰੇ ਤਫ਼ੂ ਇਸ ਤਰ੍ਹਾਂ ਬਿਆਨ ਕਰਦਾ ਏ, 'ਸੂਈ ਤੇ ਧਾਗਾ ਹੋਏ ਤਦ ਉਹ ਕਨੂੰਨ ਲਗਦਾ ਏ। ਜੇ ਸੂਈ ਨੂੰ ਫੜ ਲੈਣ ਤੇ ਧਾਗਾ ਬਾਜ਼ਾਰ ਵਿਚ ਫਿਰੇ ਤਦ ਨਹੀਂ ਲਗਦਾ। ਉਸਦਾ ਨੁਕਤਾ ਇਹ ਏ ਕਿ ਕਾਨੂੰਨ ਉਦੋਂ ਹੀ ਲਾਗੂ ਹੋ ਸਕਦਾ ਏ ਜਦੋਂ ਬੰਦਾ ਤੇ ਔਰਤ ਵਿਭਚਾਰ ਕਰਦੇ ਇਕੱਠੇ ਫੜੇ ਜਾਣ ਪਰ ਪੁਲਿਸ ਅਕਸਰ ਕਿਸੇ ਔਰਤ ਨੂੰ ਘਰੋਂ ਚੁੱਕ ਲਿਆਉਂਦੀ ਏ ਤੇ ਬਾਜ਼ਾਰ ਵਿਚ ਫਿਰਦੇ ਕਿਸੇ ਬੰਦੇ ਨੂੰ ਚੁੱਕ ਕੇ ਹਦੂਦ ਤਹਿਤ ਬੰਦ ਕਰ ਦਿੰਦੀ ਏ। ਉਸ ਦਾ ਦਾਅਵਾ ਏ ਕਿ ਬਹੁਤੇ ਮਾਮਲੇ ਝੂਠੇ ਹੀ ਹੁੰਦੇ ਨੇ ਅਤੇ ਉਹ ਇਸੇ ਨੂੰ ਇਕ ਮੁੱਖ ਰੁਕਾਵਟ ਦਸਦਾ ਏ ਜਿਸ ਕਰਕੇ ਬਹੁਤੇ ਉਸਤਾਦਾਂ ਅਤੇ ਗੰਭੀਰ ਸੰਗੀਤਕਾਰਾਂ ਨੂੰ ਇਹ ਇਲਾਕਾ ਛੱਡਣ ਲਈ ਮਜ਼ਬੂਰ ਹੋਣਾ ਪਿਆ ਏ।

ਤਫ਼ੂ ਦੀ ਸੋਚ ਏ ਕਿ ਜਾਂ ਤਾਂ ਸਰਕਾਰ ਰੇਡੀਓ, ਟੈਲੀਵਿਜ਼ਨ ਅਤੇ ਫਿਲਮਾਂ ਸਮੇਤ ਸੰਗੀਤ ਨੂੰ ਪੂਰੀ ਤਰ੍ਹਾਂ ਬੰਦ ਹੀ ਕਰ ਦੇਵੇ ਜਾਂ ਸੰਗੀਤ ਨੂੰ ਮੌਲਣ ਦੇਵੇ ਤਾਂ ਜੋ ਔਰਤਾਂ ਨੂੰ ਜਿਸਮਫਰੋਸ਼ੀ ਦੀ ਐਨੀ ਝਾਕ ਨਾ ਰੱਖਣੀ ਪਏ। ਉਸ ਦੀ ਰਾਏ ਏ ਕਿ ਸਮਾਜ ਨੂੰ ਸਿੱਖਿਅਤ ਕਲਾਕਾਰਾਂ ਦੇ ਰੂਪ ਵਿਚ ਮੁਫਤ ਹੀਰੇ ਮਿਲ ਰਹੇ ਨੇ ਅਤੇ ਇਵਜ਼ ਵਿਚ ਇਸ ਨੂੰ ਇਕ ਪੈਸਾ ਵੀ ਨਹੀਂ ਖਰਚਣਾ ਪੈ ਰਿਹਾ ਇਸ ਲਈ ਇਹ ਘੜਮੱਸ ਨਹੀਂ ਪਾਉਣਾ ਚਾਹੀਦਾ। ਉਹਦਾ ਵਿਸ਼ਵਾਸ ਏ ਕਿ ਜੇ ਸਮਾਜ ਅਤੇ ਸਰਕਾਰ ਸੰਗੀਤ ਨੂੰ ਆਪਣੀ ਇਮਦਾਦ ਦੇਣ ਤਾਂ ਚੰਗੇ ਕਲਾਕਾਰ ਮੁਹੱਲੇ ਵਿਚ ਮੁੜ ਆਉਣ ਅਤੇ ਆਪਣਾ ਪੂਰਾ ਧਿਆਨ ਚੰਗੇ ਸੰਗੀਤ ਅਤੇ ਸਿਰਜਣਾਤਮਕਤਾ ਵੱਲ ਦੇ ਸਕਣਗੇ।

ਤਫ਼ੂ ਅਤੇ ਉਸ ਦਾ ਬਾਕੀ ਪਰਿਵਾਰ ਮੁਹੱਲੇ ਦੀਆਂ ਦੋ ਜੁੜਵੀਆਂ ਹਵੇਲੀਆਂ ਵਿਚ ਰਹਿੰਦਾ ਏ। ਸਾਲਾਂਬੱਧੀ ਉਸ ਦੀ ਕੋਸ਼ਿਸ਼ ਉੱਥੇ ਸੰਗੀਤ ਦਾ ਉੱਚਾ ਮਿਆਰ ਕਾਇਮ ਰੱਖਣ ਦੀ ਰਹੀ ਏ ਅਤੇ ਉਹ ਖੁਦ ਵੀ ਫਿਲਮਾਂ ਵਿਚ ਇਕ ਮਸ਼ਹੂਰ ਤਬਲਾ ਵਾਦਕ ਏ। ਉਸ ਨੇ ਪਾਕਿਸਤਾਨ ਦੀ ਮਕਬੂਲ ਅਤੇ ਸਤਿਕਾਰਤ ਔਰਤ ਗੀਤਕਾਰ ਮੈਡਮ ਨੂਰ ਜਹਾਂ ਨਾਲ ਲੰਬੇ ਸਮੇਂ ਤੱਕ ਤਬਲੇ ਦੀ ਸੰਗਤ ਕੀਤੀ ਏ। ਪਰ ਤਾਂ ਵੀ ਉਹ ਨਵੇਂ ਸੰਗੀਤਕਾਰਾਂ ਨਾਲ ਅਤੇ ਵੱਡੇ ਉਸਤਾਦਾਂ ਨਾਲ ਰਾਬਤਾ ਕਾਇਮ ਕਰਕੇ ਖੁਸ਼ੀ ਮਹਿਸੂਸ ਕਰਦਾ ਏ ਅਤੇ ਉਨ੍ਹਾਂ ਵੱਡੇ ਉਸਤਾਦਾਂ ਦੇ ਆਰਥਕ ਹਾਲਾਤ ਦੀ ਬੜੀ ਚਿੰਤਾ ਰੱਖਦਾ ਏ ਜੋ ਅਜੇ ਜ਼ਿੰਦਾ ਹਨ। ਭਾਵੇਂ ਉਨ੍ਹਾਂ ਵਿਚ ਕੁਝ ਕਾਫੀ ਖੁਸ਼ਹਾਲ ਹਨ ਕਿਉਂਕਿ ਉਨ੍ਹਾਂ ਦੇ ਬੱਚੇ ਸੰਗੀਤ ਜਾਂ ਦੂਜੇ ਕਾਰੋਬਾਰ ਵਿਚ ਕਾਮਯਾਬ ਰਹੇ ਨੇ, ਪਰ ਉਨ੍ਹਾਂ ਨੂੰ ਸੰਗੀਤ ਪ੍ਰੋਗਰਾਮਾਂ ਲਈ ਬਹੁਤਾ ਨਹੀਂ ਸੱਦਿਆ ਜਾਂਦਾ। ਤਫੂ ਚਾਹੁੰਦਾ ਏ ਕਿ

ਕੋਈ ਅਜਿਹਾ ਪ੍ਰਬੰਧ ਹੋਵੇ ਜਿਸ ਤਹਿਤ ਕੁਝ ਉਸਤਾਦਾਂ ਦੀ ਚੋਣਵੇਂ ਸ਼ਗਿਰਦਾਂ ਨੂੰ ਸਿਖਲਾਈ ਦੇਣ ਲਈ ਨਿਯੁਕਤੀ ਕਰਕੇ ਮਦਦ ਹੋ ਸਕੇ ਅਤੇ ਉਸ ਨੇ ਖੁਦ ਵੀ ਕਲਾਕਾਰ ਸੰਘ ਲਈ ਫੰਡ ਇਕੱਠਾ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਏ।

ਤਫ਼ ਅਤੇ ਉਸ ਦੇ ਭਰਾ ਬੇਜੋੜ ਸੰਗੀਤਕਾਰ ਹਨ ਜੋ ਪਾਕਿਸਤਾਨੀ ਫਿਲਮ ਸਟੂਡੀਓ ਦੇ ਸੰਗੀਤ ਦੇ ਬੇਤਾਜ਼ ਬਾਦਸ਼ਾਹ ਹਨ। ਹਰ ਸਾਲ ਇਹ ਪਰਿਵਾਰ ਕਿਸੇ ਵੀ ਸੰਗੀਤਕਾਰ ਨੂੰ ਆ ਕੇ ਮੁਕਾਬਲਾ ਕਰਨ ਦਾ ਸੱਦਾ ਦਿੰਦਾ ਏ। ਉਹ ਅਲੀ ਪਾਰਕ ਵਿਚ ਵੱਡਾ ਇਕੱਠ ਕਰਦੇ ਨੇ ਜੋ ਕਿਲਾ ਲਾਹੌਰ ਅਤੇ ਸ਼ਾਹੀ ਮੁਹੱਲਾ ਦੇ ਵਿਚਕਾਰ ਪੈਂਦਾ ਏ। ਕਈ ਸੰਗੀਤਕਾਰ ਤਬਲਾ ਵਜਾਉਂਦੇ ਹਨ ਅਤੇ ਉਸ ਤੋਂ ਬਾਦ ਅਪਣੀ ਕਲਾ ਵਿਖਾਉਣ ਲਈ ਤਫੂ ਬੰਧੂ ਸ਼ੁਰੂ ਕਰਦੇ ਹਨ। ਉਨ੍ਹਾਂ ਨੂੰ ਚੁਣੌਤੀ ਦੇਣ ਦੀ ਕੋਈ ਹਿੰਮਤ ਨਹੀਂ ਕਰਦਾ। ਸਿਰਫ ਇਸ ਲਈ ਨਹੀਂ ਕਿ ਉਹ ਬੇਹਰਤਰੀਨ ਤਬਲਾ ਵਾਦਕ ਹਨ ਬਲਕਿ ਇਸ ਲਈ ਵੀ ਕਿ ਬਜ਼ਾਰ ਵਿਚ ਉਨ੍ਹਾਂ ਦਾ ਬੜਾ ਸਤਿਕਾਰ ਹੈ।

ਮੁਹੱਲੇ ਦੇ ਕਲਾਕਾਰ ਅਕਸਰ ਇਹ ਮਹਿਸੂਸ ਕਰਦੇ ਨੇ ਕਿ ਉਨ੍ਹਾਂ ਦੇ ਆਪਣੇ ਮੁਲਕ ਵਿਚ ਹੀ ਉਨ੍ਹਾਂ ਦੀ ਸ਼ਲਾਘਾ ਨਹੀਂ ਹੁੰਦੀ। ਬਿਰਾਦਰੀ ਦੇ ਅੰਦਰੋਂ ਅਤੇ ਬਾਹਰੋਂ ਮਿਲਣ ਵਾਲੀ ਇਮਦਾਦ ਹੀ ਉਨ੍ਹਾਂ ਦੀ ਕਲਾ ਲਈ ਮਾਨਤਾ ਅਤੇ ਸ਼ਲਾਘਾ ਹੈ। ਦੂਜੇ ਉਸਤਾਦਾਂ ਤੋਂ ਮਿਲਦੀ ਮਾਨਤਾ ਦਾ ਗੰਭੀਰ ਨੌਜਵਾਨ ਗਾਇਕਾਂ ਅਤੇ ਸੰਗੀਤਕਾਰਾਂ ਲਈ ਵੱਡਾ ਅਰਥ ਹੁੰਦਾ ਏ। ਇਸੇ ਹੀ ਸੀਮਤ ਇਮਦਾਦ ਅਤੇ ਵਿਰਲੇ ਜਿਹੇ ਆਰਥਕ ਮੌਕਿਆਂ ਦੇ ਸਿਰ ਤੇ ਹੀ ਗੰਭੀਰ ਸੰਗੀਤ ਅਜੇ ਤਕ ਜ਼ਿੰਦਾ ਏ।

ਤਫੂ ਭਾਵੇਂ ਇਕ ਵੱਡਾ ਪੇਸ਼ਕਾਰ ਏ ਪਰ ਉਹ ਇਕ ਉਸਤਾਦ ਵੀ ਏ। ਕਿਉਂਕਿ ਉਹ ਸਖਤ ਮੇਹਨਤ ਨਾਲ ਕਾਮਯਾਬ ਹੋਇਆ ਏ, ਉਹ ਸਿਰਫ ਅਜਿਹੇ ਸ਼ਗਿਰਦ ਨੂੰ ਹੀ ਹਾਂ ਕਰਦਾ ਏ ਜੋ ਉਂਨੀ ਹੀ ਸਖਤ ਮੇਹਨਤ ਕਰ ਸਕੇ ਅਤੇ ਸਵੇਰੇ ਦੇ ਰੋਜ਼ਾਨਾ ਰਿਆਜ਼ ਸਬੰਧੀ ਬੜਾ ਪੱਕਾ ਹੋਵੇ। ਉਸ ਨੇ ਸਵੇਰੇ ਦੇ ਰਿਆਜ਼ ਦੀ ਕਈ ਘੰਟੇ ਦੀ ਲਗਾਤਾਰ ਸੂਚੀ ਬਣਾਈ ਹੁੰਦੀ ਏ ਅਤੇ ਉਹ ਇਸ ਨੂੰ ਪੱਕਾ ਰੱਖਦਾ ਹੈ ਕਿ ਉਸ ਦੇ ਭਰਾ ਅਤੇ ਸ਼ਗਿਰਦ ਵੀ ਇਸੇ ਤਰ੍ਹਾਂ ਕਰਨ।

ਇਕ ਕੰਜਰ ਕੁੜੀ ਤਬਲੇ ਅਤੇ ਘੁੰਗਰੂਆਂ ਦਾ ਸੰਗੀਤ ਆਪਣੇ ਜਨਮ ਦੇ ਦਿਨ ਤੋਂ ਹੀ ਸੁਣਦੀ ਹੈ ਅਤੇ ਉਸ ਨੂੰ ਗੈਰ-ਕੰਜਰ ਜਾਤ ਦੇ ਆਪਣੇ ਹਮ ਉਮਰਾਂ ਦੇ ਸਕੂਲ ਜਾਣ ਤੋਂ ਪਹਿਲਾਂ ਹੀ ਸੰਗੀਤ ਦੀ ਰਸਮੀ ਸਿਖਲਾਈ ਦੇਣੀ ਸ਼ੁਰੂ ਹੋ ਜਾਂਦੀ ਏ। ਹਰੇਕ ਕੁੜੀ ਦਾ ਕਿਸੇ ਨਾ ਕਿਸੇ ਪੱਧਰ ਦਾ ਉਸਤਾਦ ਏ। ਆਮ ਤੌਰ ਤੇ ਕੋਈ ਮਿਰਾਸੀ ਮਰਦ, ਪਰ ਕਈ ਵਾਰੀ ਮਜ਼ਬੂਤ ਸੰਗੀਤ ਰਵਾਇਤਾਂ ਵਾਲੇ ਕਿਸੇ ਦੂਜੇ ਪਰਿਵਾਰ ਦਾ ਬੰਦਾ ਵੀ ਰੱਖ ਲਿਆ ਜਾਂਦਾ ਏ। ਸੰਗੀਤਕਾਰ ਨਿਰਸੰਦੇਹ ਇਸ ਵਿਚਾਰ ਦੇ ਪੱਕੇ ਧਾਰਨੀ ਹਨ ਕਿ ਕਿਸੇ ਵੀ ਸ਼ਗਿਰਦ ਦਾ ਢੁਕਵੇਂ ਉਸਤਾਦ ਤੋਂ ਬਿਨਾਂ ਕੋਈ ਭਵਿੱਖ ਨਹੀਂ। ਸੰਗੀਤਕਾਰਾਂ ਅਤੇ ਨਾਚੀਆਂ ਵਿਚ ਬਗੁਰਾ ਹੋਣਾ ਇਕ ਗਾਲ੍ਹ ਸਮਝੀ ਜਾਂਦੀ ਹੈ।

ਮੈਂ ਇਕ ਤੇਰਾਂ ਸਾਲ ਦੀ ਕੁੜੀ ਅਤੇ ਉਸ ਦੇ ਅੱਬਾ ਨੂੰ ਮਿਲੀ ਜੋ ਉਸ ਬੈਠਕ ਵਿਚ ਆਏ ਜਿੱਥੇ ਮੈਂ ਵੀ ਜਾਂਦੀ ਸਾਂ। ਕਮਰੇ ਵਿਚ ਬੈਠੇ ਸੰਗੀਤਕਾਰ ਉਸ ਕੁੜੀ ਨੂੰ ਬੇਗੁਰੀ ਕਹਿ ਕੇ ਲਗਾਤਾਰ ਮਜ਼ਾਕ ਕਰ ਰਹੇ ਸਨ। ਉਸਦੇ ਅੱਬੂ ਨੇ ਦੱਸਿਆ ਕਿ ਕੁੜੀ ਗਾ ਸਕਦੀ ਹੈ ਅਤੇ ਚੰਗਾ ਗਾ ਲਵੇਗੀ। ਸੰਗੀਤਕਾਰ ਉਸਦੀ ਦਲੀਲ ਤੇ ਹੱਸ ਪਏ ਅਤੇ ਆਖਰ ਉਹਨੂੰ ਮੰਨਣਾ ਪਿਆ ਕਿ

ਪੈਸੇ ਦੀ ਤੰਗੀ ਕਾਰਨ ਉਸਤਾਦ ਰੱਖਣਾ ਉਸ ਦੇ ਵੱਸ ਵਿਚ ਨਹੀਂ ਸੀ। ਬਾਕੀਆਂ ਨੇ ਉਸਦਾ ਇਹ ਬਹਾਨਾ ਵੀ ਇਹ ਕਹਿ ਕੇ ਕੱਟ ਦਿੱਤਾ ਕਿ ਉਸਤਾਦ ਤਾਂ ਹਰ ਤਰ੍ਹਾਂ ਦੇ ਮਿਲ ਜਾਂਦੇ ਨੇ। ਉਸਤਾਦ ਹੋਣ ਦਾ ਇਹ ਸਮਾਜਕ ਦਬਾਓ ਹੀ ਇਸ ਅਣਬੋਲੇ ਅਕੀਦੇ ਨੂੰ ਪ੍ਰਗਟ ਕਰਦਾ ਹੈ ਕਿ ਸੰਗੀਤ ਅਤੇ ਨਾਚ ਨੂੰ ਇਸ ਦੇ ਰਵਾਇਤੀ ਰੂਪ ਵਿਚ ਜ਼ਿੰਦਾ ਰੱਖਣ ਲਈ ਜਿਸਮਫਰੋਸ਼ੀ ਦੇ ਧੰਦੇ ਨੂੰ ਇਸ ਨਾਲ ਜੁੜਿਆ ਹੀ ਰਹਿਣਾ ਪੈਣਾ ਏ। ਬਿਰਾਦਰੀ ਵਿਚ ਆਪਣੀ ਸਾਖ ਅਤੇ ਰੁਤਬਾ ਕਾਇਮ ਰੱਖਣ ਲਈ ਸੰਗੀਤਕਾਰ ਵੀ ਇਸੇ ਦਬਾਓ ਨੂੰ ਵਰਤਦੇ ਹਨ ਅਤੇ ਚੰਗੀ ਆਮਦਨ ਲਈ ਇਕ ਸਾਧਨ ਵਜੋਂ ਵੀ।

ਜਿਸ ਜਸ਼ਨ ਵਿਚ ਉਸਤਾਦ ਕਿਸੇ ਨੂੰ ਆਪਣਾ ਸਗਿਰਦ ਕਬੂਲ ਕਰਦਾ ਹੈ ਉਹ ਕਿੰਨਾ ਵੀ ਵੱਡਾ ਹੋ ਸਕਦਾ ਏ। ਉਸਤਾਦ ਨੂੰ ਨਵਾਂ ਜੋੜਾ ਕੱਪੜਿਆਂ ਦਾ ਦਿੱਤਾ ਜਾਂਦਾ ਏ ਤੇ ਮਠਿਆਈ ਵੰਡੀ ਜਾਂਦੀ ਏ। ਪਰਿਵਾਰ ਦੇ ਰੁਤਬੇ ਨੂੰ ਦੇਖਦੇ ਹੋਏ ਕੁਝ ਰਕਮ ਵੀ ਉਸਤਾਦ ਨੂੰ ਦਿੱਤੀ ਜਾਂਦੀ ਏ ਅਤੇ ਪੱਕਾ ਮਾਸਕ ਮਿਹਨਤਾਨਾ ਵੀ ਮੁਕਾ ਲਿਆ ਜਾਂਦਾ ਏ। ਦਿੱਤੀਆ ਗਈਆ ਸੌਗਾਤਾ ਨਾ ਸਿਰਫ ਪਰਿਵਾਰ ਦੀਆਂ ਜ਼ਾਤੀ ਤਰਜੀਹਾਂ ਪ੍ਰਗਟਾਉਂਦੀਆਂ ਹਨ ਬਲਕਿ ਇਹ ਉਨ੍ਹਾਂ ਦੇ ਧਨ ਅਤੇ ਬਿਰਾਦਰੀ ਵਿਚ ਸਮਾਜਕ ਰੁਤਬੇ ਨੂੰ ਵੀ ਝਲਕਾਉਂਦੀਆਂ ਹਨ। ਉਸਤਾਦ ਅਤੇ ਉਸ ਦੇ ਨਜ਼ਦੀਕੀ ਦੋਸਤ ਅਤੇ ਰਿਸ਼ਤੇਦਾਰ, ਆਮ ਤੌਰ ਤੇ ਮਿਰਾਸੀ, ਇਨ੍ਹਾਂ ਸੌਗਾਤਾਂ ਬਾਰੇ ਦੂਜੇ ਨਿਵਾਸੀਆਂ ਨੂੰ ਵੀ ਦੱਸਦੇ ਹਨ ਅਤੇ ਇਸ ਤਰ੍ਹਾਂ ਦੇਣ ਵਾਲੇ ਦੇ ਸਮਾਜਕ ਰੁਤਬੇ ਨੂੰ ਹੋਰ ਪੁਖਤਾ ਕਰਦੇ ਹਨ ਅਤੇ ਉਸਤਾਦ ਦੀ ਮੋਟੀ ਕਮਾਈ ਨੂੰ ਹੋਰ ਮੋਟੀ ਕਰਦੇ ਨੇ। ਕੰਜਰ ਪਰਿਵਾਰਾਂ ਨੂੰ ਆਮ ਤੌਰ ਤੇ ਮਿਰਾਸੀ ਨੂੰ ਖੁਸ਼ ਰਖਣਾ ਪੈਂਦਾ ਏ ਕਿਉਂਕਿ ਉਹ ਬੜੀ ਅਸਾਨੀ ਨਾਲ ਕਿਸੇ ਦੇ ਸਮਾਜਕ ਅਕਸ ਨੂੰ ਵਿਗਾੜ ਸਕਦੇ ਨੇ। ਇਸ ਢੰਗ ਨਾਲ ਸੰਗੀਤਕਾਰ ਜਿਸਮਫਰੋਸ਼ਾਂ ਉੱਤੇ ਅਸਰ ਦਾ ਇਕ ਨਿਸ਼ਚਿਤ ਪੱਧਰ ਕਾਇਮ ਰਖਦੇ ਹਨ।

ਅਮੀਰ ਪਰਿਵਾਰ ਉਸਤਾਦ ਨੂੰ ਘਰ ਆ ਕੇ ਸਬਕ ਦੇਣ ਲਈ ਕਹਿ ਦਿੰਦੇ ਹਨ ਪਰ ਆਮ ਤੌਰ ਤੇ ਸ਼ਗਿਰਦ ਹੀ ਉਸਤਾਦ ਦੀ ਬੈਠਕ ਵਿਚ ਜਾਂਦੇ ਨੇ। ਸ਼ਗਿਰਦ ਨੂੰ ਹਰ ਰੋਜ਼ ਘੱਟੋ-ਘੱਟ ਕੁਝ ਘੰਟਿਆਂ ਲਈ ਉੱਥੇ ਜਾਣਾ ਪੈਂਦਾ ਹੈ ਪਰ ਬਹੁਤ ਸਾਰੇ ਸ਼ਗਿਰਦ ਅਤੇ ਕੁਝ ਉਸਤਾਦ ਇਸ ਵਿਚ ਢਿੱਲ-ਮੱਠ ਕਰ ਜਾਂਦੇ ਨੇ।

ਉਸਤਾਦ ਹੋਣ ਦੇ ਫਾਇਦੇ ਸਿਰਫ ਸੰਗੀਤ ਸਿੱਖਣ ਤੋਂ ਕਿਤੇ ਦੂਰ ਤੱਕ ਜਾਂਦੇ ਨੇ। ਉਹ ਸਮੁੱਚੇ ਸੰਗੀਤ ਤਾਣੇ-ਬਾਣੇ ਲਈ ਸ਼ਗਿਰਦ ਦਾ ਮੁੱਖ ਸੰਪਰਕ ਬਣ ਜਾਂਦਾ ਏ। ਉਹ ਹਰ ਸ਼ਾਮ ਨੂੰ ਕੋਠੇ ਤੇ ਸੰਗੀਤ ਵਜਾਉਣ ਲਈ ਨਾ ਸਿਰਫ ਸੰਗੀਤਕਾਰਾਂ ਨੂੰ ਹੀ ਲਿਆਉਂਦਾ ਏ ਬਲਕਿ ਉਹ ਆਪਣੇ ਸ਼ਗਿਰਦ ਦੇ ਕਸਬੀ ਵਿਕਾਸ ਲਈ ਵੀ ਜ਼ਿੰਮੇਵਾਰ ਹੁੰਦਾ ਏ। ਉਹ ਉਸ ਨੂੰ ਸਟੇਜ ਸ਼ੋਆਂ ਤੇ ਪੇਸ਼ਕਾਰੀ ਕਰਨ ਦੇ ਯੋਗ ਬਣਾਉਂਦੇ ਨੇ, ਜੋ ਆਮ ਤੌਰ ਤੇ ਸੀਨੀਅਰ ਸੰਗੀਤਕਾਰਾਂ ਵਲੋਂ ਆਯੋਜਿਤ ਕੀਤੇ ਜਾਂਦੇ ਨੇ ਅਤੇ ਅਪਣੀ ਸ਼ਗਿਰਦ ਨੂੰ ਕਈ ਤਰ੍ਹਾਂ ਦੇ ਗਾਣੇ ਸਿਖਾਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਪੇਸ਼ ਕਰਨ ਦੀ ਜਾਚ ਵੀ ਸਿਖਾਉਂਦੇ ਨੇ। ਉਹ ਉਸ ਨੂੰ ਸਿਖਾਉਂਦਾ ਏ ਕਿ ਕਿਸ ਤਰ੍ਹਾਂ ਦੇ ਸਰੋਤਿਆਂ ਸਾਮ੍ਹਣੇ ਕਿਸ ਤਰ੍ਹਾਂ ਦੀ ਚੀਜ਼ ਪੇਸ਼ ਕਰਨੀ ਚਾਹੀਦੀ ਏ। ਆਖਰ ਉਹ ਇਕ ਏਜੰਟ ਦੇ ਰੂਪ ਵਿਚ ਕੰਮ ਕਰਦਾ ਏ ਅਤੇ ਆਪਣੀਆਂ ਵਧੀਆ ਸ਼ਗਿਰਦਾਂ ਨੂੰ ਰੇਡੀਓ, ਟੈਲੀਵਿਜ਼ਨ ਅਤੇ ਫਿਲਮ ਉਦਯੋਗ ਦੇ ਧੁਨਾਂ ਬਣਾਉਣ ਵਾਲਿਆਂ ਨੂੰ ਲਾਉਂਦਾ ਏ। ਜੇ ਉਸਤਾਦ ਸ਼ਗਿਰਦ ਨੂੰ

ਅਜਿਹੇ ਪੱਧਰ ਤੇ ਧੱਕਣ ਵਿਚ ਕਾਮਯਾਬ ਹੋ ਜਾਂਦਾ ਏ ਜਿੱਥੇ ਉਹ ਮਸ਼ਹੂਰ ਹੋ ਜਾਂਦੀ ਏ ਤਾ ਉਸਦਾ ਸੰਗੀਤਕਾਰ ਅਤੇ ਉਸਤਾਦ ਦੇ ਤੌਰ ਤੇ ਆਪਣਾ ਰੁਤਬਾ ਵੀ ਵਧ ਜਾਦਾ ਏ। ਉਸਨੂੰ ਉਸ ਨਾਲ ਉਸਦਾ ਏਜੰਟ ਬਣਕੇ ਰਹਿਣ ਨਾਲ ਪ੍ਰਸਿੱਧੀ ਅਤੇ ਵਧੇਰੇ ਆਮਦਨ ਮਿਲਣ ਲਗ ਪੈਂਦੀ ਏ।

ਸਦੀਕ ਦੀਆਂ ਕਈ ਸ਼ਗਿਰਦ ਹਨ ਪਰ ਉਸ ਦਾ ਮਨ ਸਿਖਾਉਣ ਵਿਚ ਨਹੀਂ ਸੀ। ਜਦੋਂ ਉਹ ਪੜ੍ਹਾਉਣ ਅਤੇ ਆਪਣੀਆਂ ਸ਼ਗਿਰਦਾਂ ਦੀਆਂ ਪੇਸ਼ਕਾਰੀਆਂ ਕਰਵਾਉਣ ਉਨ੍ਹਾਂ ਨਾਲ ਕੋਠਿਆਂ ਤੇ ਜਾਂਦਾ ਏ ਤਾਂ ਉਹ ਕਾਫੀ ਸਮਾਂ ਮੁਹੱਲੇ ਤੋਂ ਕੰਮ ਲੱਭਣ ਲਈ ਵੀ ਲਾਉਂਦਾ ਏ। ਉਸ ਨੇ ਮੈਨੂੰ ਦੱਸਿਆ ਕਿ ਲੈਲਾ ਦੇ ਕੋਠੇ ਤੇ ਸੰਗੀਤ ਦੀ ਪੇਸ਼ਕਾਰੀ ਨਾਲ ਤਾਂ ਉਸਦੀ ਬੈਠਕ ਦਾ ਖਰਚਾ ਹੀ ਪੂਰਾ ਨਹੀਂ ਹੁੰਦਾ ਅਤੇ ਪਰਿਵਾਰ ਲਈ ਕੁਝ ਵੀ ਨਹੀਂ ਬਚਦਾ। ਪਹਿਲਾਂ ਆਮਦਨ ਕਾਫੀ ਹੁੰਦੀ ਸੀ ਪਰ ਹੁਣ ਇਸ ਨਾਲ ਉਸਦਾ ਗੁਜ਼ਾਰਾ ਵੀ ਨਹੀਂ ਹੁੰਦਾ। ਉਹ ਹੁਣ ਮੁਹੱਲੇ ਤੋਂ ਬਾਹਰ ਦੇ ਲੋਕਾਂ ਲਈ ਮਨੋਰੰਜਨ ਪ੍ਰੋਗਰਾਮ ਆਯੋਜਿਤ ਕਰਨ ਵਲ ਮੁੜਿਆ ਹੋਇਆ ਏ ਤਾਂ ਜੋ ਇਹ ਉਸ ਦੇ ਪਰਿਵਾਰ ਲਈ ਆਮਦਨ ਦਾ ਸਾਧਨ ਬਣ ਸਕਣ।

ਇਹ ਸ਼ੋਅ ਪੁਰਾਣੇ ਰਵਾਇਤੀ ਮੰਚ ਨਾਟਕਾਂ, ਟੈਲੀਵਿਜ਼ਨ ਸਟੇਜ ਸ਼ੋਆਂ ਅਤੇ ਮੁਜ਼ਰਿਆਂ ਦਾ ਇਕ ਅਜੀਬ ਜਿਹਾ ਮਿਲ ਗੋਭਾ ਹੁੰਦੇ ਨੇ। ਰਵਾਇਤੀ ਮੰਚ, ਜਿਸ ਵਿਚ ਸਜੀਵ ਨਾਟਕ ਹੁੰਦੇ ਨੇ ਘੱਟੋ-ਘੱਟ ਅੱਠ ਘੰਟੇ ਚਲਦਾ ਏ ਅਤੇ ਇਸ ਵਿਚ ਵਿਚ-ਵਿਚਾਲੇ ਗੀਤ ਅਤੇ ਨਾਚ ਸ਼ਾਮਲ ਹੁੰਦੇ ਨੇ। ਪਹਿਲਾਂ ਅਦਾਕਾਰਾਂ ਨੂੰ ਆਰਾਮ ਦੇਣ ਅਤੇ ਮੰਚ ਕਾਮਿਆਂ ਨੂੰ ਸੈੱਟ ਬਦਲਣ ਵਾਸਤੇ ਗੀਤ ਸ਼ਾਮਲ ਕਰ ਲਏ ਜਾਂਦੇ ਹਨ। ਜਦੋਂ ਰੇਡੀਉ ਪਿੰਡਾਂ ਵਿਚ ਚਲਿਆ ਗਿਆ ਤਾਂ ਗਾਇਕ ਬਹੁਤੇ ਮਸ਼ਹੂਰ ਹੋ ਗਏ ਅਤੇ ਨਾਟਕ ਦੇ ਵਿਚਕਾਰਲਾ ਸਮਾਂ ਇਨ੍ਹਾਂ ਲਈ ਵਧਦਾ ਗਿਆ ਅਤੇ ਨਾਟਕਾਂ ਦੀ ਲੰਬਾਈ ਸੁੰਗੜਦੀ ਗਈ। ਅਤੇ ਰਵਾਇਤੀ ਮੰਚ ਦੇ ਇਕ ਜਾਣੀ-ਪਛਾਣੀ ਕਲਾ ਸ਼ਾਖ ਵਜੋਂ ਖਤਮ ਹੋਣ ਤੋਂ ਪਹਿਲਾਂ ਅਦਾਕਾਰਾਂ ਨੂੰ ਲੰਮਾਂ ਸਮਾਂ ਇੰਤਜ਼ਾਰ ਕਰਨਾ ਪੈਂਦਾ ਸੀ ਕਿ ਮਸ਼ਹੂਰ ਗੀਤਕਾਰ ਪਹਿਲਾਂ ਆਪਣੇ ਗਾਣੇ ਮੁਕਾ ਲਏ।

ਪੇਂਡੂ ਮੰਚ ਦੀ ਮੌਜੂਦਾ ਸ਼ਕਲ ਨੂੰ ਹੁਣ ਵਰਾਇਟੀ ਪ੍ਰੋਗਰਾਮ ਕਿਹਾ ਜਾਂਦਾ ਏ ਅਤੇ ਇਸ ਵਿਚ ਚਮਕੀਲੇ ਝਾਲਰਦਾਰ ਮਹੀਨ ਲਿਬਾਸ ਪਾ ਕੇ ਨਾਚੀਆਂ ਨਾਚ ਪੇਸ਼ ਕਰਦੀਆਂ ਹਨ ਅਤੇ ਗਾਇਕ, ਬਹੁਤਾ ਕਰਕੇ ਮਰਦ, ਹਾਸੇ-ਮਜਾਕ ਦੇ ਸੀਨ ਬੰਨ੍ਹਦੇ ਨੇ। ਨਾਚੀਆਂ, ਬਹੁਤਾ ਕਰਕੇ ਮੁਹੱਲੇ ਦੀਆਂ, ਇਕ ਆਧੁਨਿਕ ਕਿਸਮ ਦਾ ਮੁਜਰਾ ਪੇਸ਼ ਕਰਦੀਆਂ ਨੇ ਜਦੋਂ ਕਿ ਵਿਸ਼ੇਸ਼ ਮਿਰਾਸੀ ਕਿਸਮ ਦੇ ਗਾਇਕ ਅਤੇ ਸੰਗੀਤਕਾਰ ਮਸ਼ਹੂਰ ਪੰਜਾਬੀ ਅਤੇ ਉਰਦੂ ਗੀਤ ਪੇਸ਼ ਕਰਦੇ ਨੇ। ਸੰਗੀਤ ਮਨੋਰੰਜਨ ਵਿਚ ਆਪਣਾ ਮਿਲਗੋਭਾ ਜਿਹਾ ਵਿਖਾ ਕੇ ਪਾਕਿਸਤਾਨੀ ਟੈਲੀਵਿਜ਼ਨ ਨੇ ਇਸ ਰੁਝਾਨ ਨੂੰ ਹੋਰ ਵਧਾਉਣ ਵਿਚ ਮਦਦ ਕੀਤੀ ਏ। ਇਕ ਨਿਰੇ-ਪੁਰੇ ਟੈਲੀਵਿਜ਼ਨ ਸਟੇਜ ਸ਼ੋਅ ਵਿਚ ਕੁਝ ਗਾਣੇ ਹੁੰਦੇ ਨੇ ਅਤੇ ਕਮੇਡੀਅਨ ਨਾਲ ਮਜ਼ਾਕ ਕਰਨ ਵਾਲੇ ਕੁਝ ਹੋਰ ਮਹਿਮਾਨ ਲਤੀਫੇ ਸੁਣਾਉਂਦੇ ਨੇ।

ਪੇਂਡੂ ਮੱਧਵਰਗੀ ਸਮਾਜ ਨੇ ਇਨ੍ਹਾਂ ਵਰਾਇਟੀ ਪ੍ਰੋਗਰਾਮਾਂ ਨੂੰ ਪ੍ਰਵਾਨ ਕਰ ਲਿਆ ਏ ਹਾਲਾਂਕਿ ਉਨ੍ਹਾਂ ਦੇ ਦੁਆਲੇ ਦਾ ਮਾਹੌਲ ਮੁਜਰੇ ਵਰਗਾ ਹੀ ਹੁੰਦਾ ਏ। ਪੂਰੀ ਪੇਸ਼ਕਾਰੀ ਦੌਰਾਨ ਸਰੋਤੇ ਨਾਚੀਆਂ ਉੱਤੇ ਪੈਸੇ ਸੁੱਟਦੇ ਰਹਿੰਦੇ ਨੇ ਅਤੇ ਅਕਸਰ ਉਹ ਪੇਸ਼ਕਾਰੀ ਤੋਂ ਬਾਦ ਕਾਮ ਵਾਸਨਾ ਸ਼ਾਂਤ ਕਰਨ ਲਈ ਨਾਚੀਆਂ ਦੀਆਂ ਕਾਮ ਸੇਵਾਵਾਂ ਵੀ ਪ੍ਰਾਪਤ ਕਰ ਲੈਂਦੇ ਨੇ। ਹਾਲਾਂਕਿ

ਕੁਝ ਜਗੀਰਦਾਰ ਅਤੇ ਵਪਾਰੀ ਅਜੇ ਵੀ ਰਵਾਇਤੀ ਮੁਜਰਿਆਂ ਲਈ ਕਹਿੰਦੇ ਰਹਿੰਦੇ ਨੇ ਪਰ ਬਹੁਤੇ ਇਸ ਦੇ ਬਦਲ ਵਜੋਂ ਵਰਾਇਟੀ ਸ਼ੋਅ ਵਲ ਮੁੜ ਗਏ ਹਨ ਕਿਉਂਕਿ ਆਧੁਨਿਕ ਸਮਾਜ ਨੇ ਮੁਜਰਾ ਸ਼ਬਦ ਨੂੰ ਸਮਾਜਕ ਭੈੜ ਬਣਾ ਲਿਆ ਹੋਇਆ ਏ। ਉਰਦੂ ਮੁਜਰੇ ਦੀ ਥਾਂ ਅੰਗਰੇਜ਼ੀ ਵਰਾਇਟੀ ਸ਼ੋਅ ਵਰਤ ਕੇ ਇਸ ਨੂੰ ਖੁਨਾਮੀ ਵਿਚੋਂ ਕੱਢਣ ਦਾ ਯਤਨ ਕੀਤਾ ਗਿਆ ਏ। ਸ਼ਬਦ ਵਰਾਇਟੀ ਸ਼ੋਅ ਨੇ ਨਾਚੀਆਂ ਦੇ ਕੱਪੜੇ ਸਲਵਾਰ ਕਮੀਜ਼ ਤੋਂ ਬਦਲਕੇ ਪੱਛਮੀ ਲਿਬਾਸ ਪੁਆ ਕੇ ਰਵਾਇਤੀ ਮੁਜਰੇ ਨੂੰ ਨਵਾਂ ਰੂਪ ਦਿੱਤਾ ਅਤੇ ਸਾਜ਼ਾਂ ਦੀ ਥਾਂ ਸੰਗੀਤ ਸਿੰਥੇਸਾਈਜ਼ਰ ਜਾਂ ਆਧੁਨਿਕ ਆਰਕੈਸਟਰਾ ਵਰਤਿਆ ਜਾਣ ਲੱਗ ਪਿਆ ਏ। ਸ਼ਾਇਦ ਇਨ੍ਹਾ ਤਬਦੀਲੀਆਂ ਨਾਲ ਲੋਕਾ ਨੂੰ ਇਹ ਨਾ ਲੱਗੇ ਕਿ ਉਹ ਮੁਜਰਾ ਦੇਖ ਰਹੇ ਨੇ। ਕਿਸੇ ਨੂੰ ਇਹ ਵੇਖ ਕੇ ਉਲਝਣਾ ਨਹੀਂ ਚਾਹੀਦਾ ਕਿ ਬੰਦੇ ਵਰਾਇਟੀ ਸ਼ੋਅ ਕਿਉਂ ਵੇਖਣ ਜਾਂਦੇ ਨੇ। ਐਪਰ ਇਨ੍ਹਾਂ ਦੀ ਤੁਲਨਾ ਹੋਰ ਤਰ੍ਹਾਂ ਦੇ ਸੰਗੀਤ ਇਕੱਠਾਂ ਨਾਲ ਨਹੀਂ ਕੀਤੀ ਜਾ ਸਕਦੀ ਜਿਵੇਂ ਸੰਗੀਤ ਸਮਾਰੋਹ ਅਤੇ ਮਹਿਫਿਲਾਂ ਆਦਿ ਜਿੱਥੇ ਸਿਰਫ ਸੰਗੀਤ ਦਾ ਹੀ ਅਨੰਦ ਲੈਣ ਜਾਇਆ ਜਾਂਦਾ ਏ।

ਕਈ ਮਹੀਨਿਆਂ ਦੇ ਅਰਸੇ ਵਿਚ ਮੈਂ ਲਗਾਤਾਰ ਵਰਾਇਟੀ ਸ਼ੋਆਂ ਦੇ ਤਿਨ ਆਯੋਜਕਾਂ ਨੂੰ ਦੇਖਦੀ ਰਹੀ ਹਾਂ। ਸ਼ੋਆਂ ਲਈ ਸੱਦਾ-ਪੱਤਰ ਛੋਟੇ ਕਾਰੋਬਾਰੀਆਂ ਵਲੋਂ ਸਨ ਨਾ ਕਿ ਵੱਡੇ ਜਿਮੀਂਦਾਰਾਂ ਵਲੋਂ। ਇਹ ਅਜਿਹੇ ਲੋਕ ਸਨ ਜਿਨ੍ਹਾਂ ਨੂੰ ਆਪਣੀ ਦੌਲਤ ਆਪਣੇ ਰਿਸ਼ਤੇਦਾਰਾਂ ਨੂੰ ਦਿਖਾਉਣ ਦੀ ਲੋੜ ਮਹਿਸੂਸ ਹੁੰਦੀ ਰਹਿੰਦੀ ਸੀ। ਕਰੀਬ ਇਹ ਸਾਰੇ ਹੀ ਸ਼ੋਅ ਅਜਿਹੇ ਮੌਕਿਆਂ ਤੇ ਆਯੋਜਿਤ ਕੀਤੇ ਗਏ ਜਦੋਂ ਪਰਿਵਾਰ ਆਪਣਾ ਕੋਈ ਜ਼ਸ਼ਨ ਮਨਾਉਣਾ ਚਾਹੁੰਦਾ ਸੀ। ਆਮ ਤੌਰ ਤੇ ਕੋਈ ਵਿਆਹ ਹੁੰਦਾ ਪਰ ਕਈ ਵਾਰੀ ਬੰਦਾ ਇਸ ਢੰਗ ਨਾਲ ਆਪਣੇ ਪੁੱਤਰ ਦਾ ਜਨਮ ਦਿਨ ਵੀ ਮਨਾਉਂਦਾ।

ਮੁਜਰੇ ਅਤੇ ਵਰਾਇਟੀ ਸ਼ੋਅ ਵਿਚਕਾਰ ਇਕ ਫਰਕ ਤਾਂ ਬੜਾ ਸਪਸ਼ਟ ਏ: ਮੁਜਰਿਆਂ ਦਾ ਆਯੋਜਨ ਨਾਚੀਆ ਦੀ ਪ੍ਰਬੰਧਕ ਵਲੋਂ ਕੀਤਾ ਜਾਂਦਾ ਏ ਜਦੋਂ ਕਿ ਵਰਾਇਟੀ ਸ਼ੋਆਂ ਦਾ ਆਯੋਜਨ ਬਹੁਤਾ ਕਰਕੇ ਸੰਗੀਤਕਾਰਾਂ ਵਲੋਂ ਕੀਤਾ ਜਾਂਦਾ ਏ। ਮੈਨੂੰ ਮਗਰੋਂ ਪਤਾ ਲਗਾ ਕਿ ਇਸ ਨਾਲ ਨਾਚੀਆਂ ਅਤੇ ਦਰਸ਼ਕਾਂ ਦੇ ਸਹਿ-ਸਬੰਧ ਵਿਚ ਫਰਕ ਪੈ ਜਾਂਦਾ ਏ। ਮੁਜਰੇ ਵਿਚ ਸਾਰਾ ਧਿਆਨ ਕਾਮ ਸੇਵਾਵਾਂ ਦੇਣ ਲਈ ਸੰਪਰਕ ਸਾਧਣ ਵਲ ਹੁੰਦਾ ਏ। ਵਰਾਇਟੀ ਸ਼ੋਆਂ ਦੇ ਆਯੋਜਕਾਂ ਦਾ ਧਿਆਨ ਇਸ ਦੀ ਪੇਸ਼ਕਾਰੀ ਦੇ ਸਮੁੱਚੇ ਮਨੋਰੰਜਨ ਦੀ ਵੰਨਗੀ ਨਾਲ ਹੁੰਦਾ ਏ ਤਾਂ ਕਿ ਇਸ ਦੇ ਆਯੋਜਨ ਦੀ ਬੇਨਤੀ ਵਾਰ-ਵਾਰ ਹੋਵੇ।

ਸਦੀਕ ਨੇ ਮੈਨੂੰ ਦੱਸਿਆ ਕਿ ਉਸ ਨੂੰ ਆਸ ਹੈ ਕਿ ਉਹ ਰਿਕਾਰਡਿੰਗ ਸਟੂਡੀਉ ਸਥਾਪਤ ਕਰਨ ਜੋਗੇ ਪੈਸੇ ਇਨ੍ਹਾਂ ਸ਼ੋਆਂ ਵਿਚੋਂ ਕੱਢ ਲਏਗਾ, ਜਿੱਥੇ ਉਹ ਆਡੀਉ ਕੈਸਟਾਂ ਬਣਾਇਆ ਕਰੇਗਾ। ਇਹੀ ਉਹਦਾ ਸੁਪਨਾ ਸੀ ਅਤੇ ਉਹ ਆਪਣੇ ਮਨ ਹੀ ਮਨ ਵਿਚ ਅਪਣੀ ਇਸ ਯੋਜਨਾ ਦੇ ਵੇਰਵੇ ਤਿਆਰ ਕਰਦਾ ਜਾ ਰਿਹਾ ਸੀ।

*ਟਿੱਪਣੀਆਂ*

***ਸ਼ੋਇਬ ਹਾਸ਼ਮੀ, ਇਕ ਸਿੱਖਿਅਕ ਅਤੇ ਪਾਕਿਸਤਾਨੀ ਸੱਭਿਆਚਾਰਕ ਦਾਇਰੇ ਦੀ ਇਕ ਉਘੀ ਹਸਤੀ।***

*ਪਾਕਿਸਤਾਨੀ ਉਦਾਰਵਾਦੀਆਂ ਦੀ ਮੁਹੱਲੇ ਬਾਰੇ ਸੋਚ ਤੇ ਚੰਗੀ ਝਾਤ ਪਾਉਣ ਦੀ ਆਸ ਵਿਚ ਮੈਂ ਸ਼ੋਇਬ ਹਾਸ਼ਮੀ ਨਾਲ ਕਾਫੀ ਮਨੋਰੰਜਕ ਚਰਚਾ ਕੀਤੀ।*

*ਸ਼ੋਇਬ ਨੇ ਇਹ ਕਹਿੰਦਿਆ ਸ਼ੁਰੂ ਕੀਤਾ, '' ਮੈਂ ਸੁਣਿਆ ਏ ਕਿ ਤੂੰ ਪੁਲਿਸ ਨਾਲ ਬੜੇ ਪੰਗੇ ਲੈਂਦੀ ਰਹੀ ਏ। ਸਾਨੂੰ ਤੇਰੀ ਲੋੜ ਏ ਤੇ ਮੇਰਾ ਖਿਆਲ ਏ ਤੇਰੇ ਮਾਪੇ ਵੀ ਤੈਨੂੰ ਜਿਉਂਦੀ ਦੇਖਣਾ ਚਾਹੁੰਦੇ ਨੇ। ਤੂੰ ਕਰਨਾ ਕੀ ਚਾਹ ਰਹੀਂ ਏਂ, ਕੁੜੀਏ?''*

*ਕਿਉਂਕਿ ਉਸ ਨਾਲ ਗੰਭੀਰ ਰਹਿਣਾ ਬੜਾ ਔਖਾ ਸੀ, ਮੈਂ ਹੱਸ ਪਈ ਤੇ ਜਵਾਬ ਦਿੱਤਾ, ''ਤੈਨੂੰ ਪਤਾ ਹੀ ਏ ਕਿ ਹੁਣ ਕਾਫੀ ਦੇਰ ਤੋਂ ਮੈਂ ਸ਼ਾਹੀ ਮੁਹੱਲੇ ਦਾ ਅਧਿਐਨ ਕਰ ਰਹੀ ਹਾਂ। ਮੈਂ ਜਾਣਨਾ ਚਾਹੁੰਦੀ ਹਾਂ ਕਿ ਤੇਰੇ ਮੁਹੱਲੇ ਬਾਰੇ ਹੀ ਨਹੀਂ ਬਲਕਿ ਰੰਡੀਗਿਰੀ ਦੇ ਪੂਰੇ ਧੰਦੇ ਬਾਰੇ ਕੁਝ ਦੱਸ ਸਕਦਾ ਏ।*

*ਉਹਨੇ ਜਵਾਬ ਦਿੱਤਾ, ''ਰੰਡੀਗਿਰੀ ਨੂੰ ਸੰਸਾਰ ਦਾ ਸਭ ਤੋਂ ਪੁਰਾਣਾ ਧੰਦਾ ਮੰਨਿਆ ਜਾਂਦਾ ਏ। ਇਸ ਬਾਰੇ ਪੱਕੇ ਤੌਰ ਤੇ ਅਸੀਂ ਮੁਗਲ ਕਾਲ ਤੋਂ ਜਾਣਦੇ ਹਾਂ ਜਦੋਂ ਕਰੀਬ ਸਾਰੇ ਹੀ ਰਾਜੇ ਸੰਗੀਤ ਅਤੇ ਕਲਾ ਦੇ ਵੱਡੇ ਸਪਰਸਤ ਹੁੰਦੇ ਸਲ ਅਤੇ ਵੱਡੀ ਗਿਣਤੀ ਵਿਚ ਅਦਾਕਾਰਾਂ ਦੇ ਇਮਦਾਦੀ ਹੁੰਦੇ ਸਨ ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਰੰਡੀਆਂ ਵੀ ਹੁੰਦੀਆਂ ਸਨ। ਇਹ ਅਦਾਕਾਰ ਸ਼ਾਹੀ ਇਲਾਕੇ ਦੇ ਦੁਆਲੇ ਰਹਿੰਦੇ ਸਨ ਅਤੇ ਉਨਾਂ ਦੀ ਸੇਵਾ ਵਿਚ ਰਹਿੰਦੇ ਸਨ, ਬੱਚਵੇਂ ਤਨਖਾਹਦਾਰਾਂ ਵਾਂਗ।*

*ਕਲਾ ਨੂੰ ਵਿਕਸਿਤ ਹੋਣ ਲਈ ਸਰਪਰਸਤੀ ਦੀ ਲੋੜ ਹੁੰਦੀ ਏ ਜਦੋਂ ਤਕ ਕਿ ਸਮਾਜ ਨੂੰ ਇਹ ਜਾਗਰੂਕਤਾ ਨਹੀਂ ਹੁੰਦੀ ਕਿ ਉਹ ਬਾਜ਼ਾਰ ਰਾਹੀਂ ਇਸ ਦੀ ਸਹਾਇਤਾ ਕਰੇ। ਸਾਡੇ ਦੇਸ਼ ਵਿਚ ਬਹੁਤ ਥੋੜੀਆਂ ਸੰਸਥਾਵਾਂ ਅਦਾਕਾਰਾਂ ਨੂੰ ਭਾੜੇ ਤੇ ਕਰਦੀਆਂ ਨੇ ਜਾਂ ਕਲਾਕਾਰਾਂ ਦੀ ਕੋਈ ਮਦਦ ਹੀ ਕਰਦੀਆਂ ਨੇ। ਮੁਹੱਲੇ ਨੇ ਇਸ ਦੇਸ਼ ਦੇ ਉੱਘੇ ਗਾਇਕ ਅਤੇ ਸੰਗੀਤਾਕਰ ਪੈਦਾ ਕੀਤੇ ਲੇਅਤੇ ਇਸੇ ਕਰਕੇ ਮੈਂ ਉਸ ਨੂੰ ਆਦਰ ਦੀ ਨਿਗਾਹ ਨਾਲ ਵੇਖਦਾ ਹਾਂ। ਉਨ੍ਹਾਂ ਲੋਕਾਂ ਨੇ ਸਾਡੀ ਕਲਾ ਨੂੰ ਕਾਇਮ ਰੱਖਿਆ ਦੇ ਅਤੇ ਸ਼ਾਹੀ ਮੁਹੱਲੇ ਨੇ ਅਦਾਕਾਰੀ ਨੂੰ ਪਾਲਿਆ ਏ।*

*ਇਸ ਕਿਸਮ ਦੀ ਰੰਡੀਗਿਰੀ ਨੂੰ ਉਸੇ ਦੇ ਸੰਦਰਭ ਵਿਚ ਸਮਝੇ ਜਾਣ ਦੀ ਲੋੜ ਏ। ਇਹੀ ਉਹ ਥਾਵਾਂ ਸਨ ਜਿੱਥੇ ਰੁਤਬੇ ਵਾਲੇ ਲੋਕ ਆਪਣੇ ਬੱਚਿਆਂ ਨੂੰ ਮਹਿਫਿਲ ਵਿਚ ਬੈਠਣ ਦੀ ਤਮੀਜ਼ ਸਿੱਖਣ ਅਤੇ ਕਲਾਸਕੀ ਸੰਗੀਤ, ਕਾਵਿ, ਚੰਗੀ ਸ਼ਰਾਬ ਅਤੇ ਸੁੰਦਰ ਔਰਤਾਂ ਬਾਰੇ ਜਾਣਨ-ਸਿੱਖਣ ਲਈ ਭੇਜਦੇ ਨੇ। ਇਹ ਸਭ ਕੁਝ ਉਨ੍ਹਾਂ ਦੀ ਸਿੱਖਿਆ ਦਾ ਹਿੱਸਾ ਸੀ।*

'' ਪਰ ਹੁਣ ਇਹ ਸਭ ਕੁਝ ਬਦਲ ਚੁੱਕਾ ਏ। ਮੈਂ ਮੁਸਕੁਰਾਈ 'ਹਾ' ਉਹ ਹੱਸਿਆ, ''ਇਹ ਠੀਕ ਏ! ਮੈਂ ਨਹੀਂ ਸਮਝਦਾ ਕਿ ਹੁਣ ਬਹੁਤੇ ਕਾਰੋਬਾਰੀ ਉੱਥੇ ਤਮੀਜ਼ ਸਿੱਖਣ ਲਈ ਜਾਂਦੇ ਨੇ। ਪਰ ਇਸ ਵਿਚ ਨੁਕਸਾਨ ਕੀ ਏ? ਸਮਾਜ ਉਥੇ ਆਪਣੀ ਥੋੜੀ-ਬਹੁਤੀ ਭਾਫ ਕੱਢ ਆਉਂਦਾ ਏ ਜੋ ਸ਼ਾਂਤੀ ਅਤੇ ਇਕ ਕਿਸਮ ਦਾ ਨੈਤਿਕ ਸਤੁੰਲਨ ਬਣਾਉਣ ਵਿਚ ਮਦਦ ਕਰਨਾ ਏ। ਲੋਕ ਉੱਥੇ ਆਪਣੀ ਮਰਜੀ ਨਾਲ ਜਾਂਦੇ ਨੇ। ਜੋ ਇਸ ਕਾਰੋਬਾਰ ਵਿਚ ਨੇ ਉਹ ਵੀ ਇਹ ਸਭ ਕੁਝ ਮਰਜ਼ੀ ਨਾਲ ਕਰਦੇ ਨੇ। ਮੇਰਾ ਕਹਿਣਾ ਏ ਕਿ ਜੇ ਨੌਜਵਾਨ ਲੋਕਾਂ ਕੋਲ ਆਪਣੀ ਪ੍ਰੇਸ਼ਾਨੀ ਦੂਰ ਕਰਨ ਲਈ ਅਜਿਹੀ ਥਾਂ ਦੇ ਤਾਂ ਉਨ੍ਹਾਂ ਨੂੰ ਕਰਨ ਕਿਉ।'

'ਤੇਰਾ ਜਬਰੀ ਜਿਸਮਫਰੋਸੀ ਬਾਰੇ ਕੀ ਵਿਚਾਰ ਏ। 'ਮੈਂ ਪੁੱਛਿਆ!

ਉਹਨੇ ਖੁਲ ਕੇ ਜਵਾਬ ਦਿੱਤਾ, 'ਸਾਫ ਏ ਇਸ ਤੇ ਪਾਬੰਦੀ ਹੋਣੀ ਚਾਹੀਦੀ ਏ, ਪਰ ਜੋ ਕੁਝ ਬਹੁਤਾ ਸ਼ਾਹੀ ਮੁਹੱਲੇ ਵਿਚ ਹੋ ਰਿਹਾ ਏ, ਮੇਰਾ ਵਿਸ਼ਵਾਸ਼ ਏ, ਉਹ ਖਾਨਦਾਨੀ ਪੇਸਾ ਜਾਰੀ ਰੱਖ ਰਹੇ ਨੇ। ਤੂੰ ਸਹਿਮਤ ਨਹੀਂ? ਇਹ ਲੋਕ ਤਾਂ ਇਸ ਧੰਦੇ ਵਿਚ ਉਨਾਂ ਦੇ ਪਰਿਵਾਰਾ ਨੇ ਹੀ ਪਾਏ ਹੋਏ ਨੇ।' ਸਹਿਮਤੀ ਨਾਲ ਮੈਂ ਕਿਹਾ, ''ਐਪਰ, ਜਬਰਦਸਤੀ ਵਾਲਾ ਤੱਤ ਦਿਨੋਂ ਦਿਨ ਵੱਧਦਾ ਹੀ ਜਾ ਰਿਹਾ ਏ। ਪਰ ਤੇਰੇ ਨੁਕਤੇ ਤੇ ਮੁੜੀਏ ਤਾਂ ਤੇਰਾਂ ਕਹਿਣਾ ਏ ਕਿ ਸਾਨੂੰ ਜਿਸਮਫਰੋਸ਼ੀ ਬਾਰੇ ਬਹੁਤਾ ਸਖਤ ਨਹੀਂ ਹੋਣਾ ਚਾਹੀਦਾ? ਮਤਲਬ ਜਦੋਂ ਤਕ ਲੋਕਾ ਨੂੰ ਇਸ ਵਿਚ ਜਬਰਦਸਤੀ ਨਹੀਂ ਧੱਕਿਆ ਜਾਂਦਾ ਅਤੇ ਦੋਵੇਂ ਧਿਰਾਂ ਆਪਣੀ ਮਰਜੀ ਨਾਲ ਇਹ ਕਰਦੀਆਂ ਨੇ ਸਾਨੂੰ ਇਹ ਨਜ਼ਰਅੰਦਾਜ਼ ਕਰਦੇ ਰਹਿਣਾ ਚਾਹੀਦਾ ਏ।

'ਹਾਂ' ਉਸ ਨੇ ਥੋੜਾ ਝਿਜਕ ਕੇ ਕਿਹਾ, 'ਇਸ ਨੂੰ ਸਮਾਜ ਦਾ ਨਿਕਾਸੀ ਰਾਹ ਸਮਝਿਆ ਜਾ ਸਕਦਾ ਏ। ਨਾਲ ਸਾਡਾ ਸਮਾਜ ਰਚਨਾਤਮਕਤਾ ਤੇ ਕਾਫੀ ਪਾਬੰਦੀਆਂ ਲਾਉਂਦਾ ਏ ਇਸ ਲਈ ਸਾਨੂੰ ਇਸ ਥਾਂ ਨੂੰ ਸੰਗੀਤਕਾਰਾਂ ਅਤੇ ਗਾਇਕਾਂ ਨੂੰ ਪਾਲਣ ਦੇਣਾ ਚਾਹੀਦਾ ਏ।

ਮੈਂ ਉਹਨੂੰ ਨਰਮੀ ਨਾਲ ਪੁੱਛਿਆ, 'ਤੂੰ ਕੀ ਸਮਝਦਾ ਏ ਸਿਰਫ ਮਰਦ ਹੀ ਪ੍ਰੇਸ਼ਾਨ ਹੁੰਦੇ ਨੇ? ਔਰਤਾਂ ਬਾਰੇ ਤੇਰਾ ਕੀ ਵਿਚਾਰ ਏ? ਜੇ ਤੂੰ ਇਸ ਨੂੰ ਇਕ ਨਿਕਾਸੀ ਰਾਹ ਸਮਝਦਾ ਏਂ ਅਤੇ ਤੇਰੀ ਸੋਚ ਇਸ ਨੂੰ ਨਜ਼ਰ ਅੰਦਾਜ਼ ਕਰ ਦੇਣ ਦੀ ਏ ਤਾਂ ਕੀ ਅਜਿਹਾ ਇਕ ਬਾਜ਼ਾਰ ਮਰਦਾਂ ਦਾ ਨਹੀਂ ਹੋਣਾ ਚਾਹੀਦਾ ਜਿੱਥੇ ਔਰਤਾਂ ਜਾ ਸਕਣ?

ਸ਼ੋਇਬ ਨੇ ਗੰਭੀਰਤਾ ਨਾਲ ਮੇਰੇ ਵੱਲ ਦੇਖਿਆ ਅਤੇ ਕੁਝ ਰੁਕ ਕੇ ਬੋਲਿਆ, 'ਤੂੰ ਮੈਨੂੰ ਟਿਕਾਣੇ ਤੇ ਲੈ ਆਈ ਏਂ। ਇਹ ਤਾਂ ਮੈਂ ਕਦੀ ਸੋਚਿਆ ਹੀ ਨਹੀਂ ਸੀ। ਹਾਂ, ਮੈਂ ਮਰਦਾ ਪ੍ਰਤਿ ਕੁਝ ਉਦਾਰ ਹੋ ਰਿਹਾ ਸੀ ਅਤੇ ਇਨਾਂ ਘਿਨਾਉਣੀਆਂ ਪਾਬੰਦੀਆਂ ਦੇ ਖਿਆਫ ਹਾਂ ਜੋ ਸਰਕਾਰ ਲਾ ਰਹੀ ਏ। ਇਹ ਸੱਚ ਹੀ ਬਿਰਾਦਰੀ ਨੂੰ ਪ੍ਰੇਸ਼ਾਨ ਕਰਨ ਵਾਲੀ ਗੱਲ ਏ ਅਤੇ ਨਾਲੇ ਉਨ੍ਹਾਂ ਦੇ ਗਾਹਕਾਂ ਨੂੰ, ਪਰ ਨਹੀਂ, ਮੈਂ ਇਸ ਨਜ਼ਰ ਤੋਂ ਨਹੀਂ ਸੋਚਿਆ। ਹਾਂ, ਮੇਰਾ ਖਿਆਲ ਹੈ ਕਿ ਔਰਤਾਂ ਲਈ ਵੀ ਅਜਿਹੀ ਥਾਂ ਚਾਹੀਦੀ ਏ!

ਮੈਂ ਗੱਲ ਮੁਕਾਈ, 'ਮੈਂ ਇਹ ਨਹੀਂ ਕਹਿੰਦੀ ਕਿ ਔਰਤਾਂ ਨੂੰ ਇਸ ਤਰ੍ਹਾਂ ਦਾ ਬਾਜ਼ਾਰ ਚਾਹੀਦਾ ਏ ਪਰ ਮੈਂ ਤੈਨੂੰ ਸਿਰਫ ਇਹ ਅਹਿਸਾਸ ਕਰਵਾਉਣਾ ਚਾਹੁੰਦੀ ਸੀ ਕਿ ਅਸੀਂ ਬਣ ਹੀ ਇਸ ਤਰਾਂ ਦੇ ਗਏ ਹਾਂ ਕਿ ਅਸੀਂ ਇਸ ਵਰਤਾਰੇ ਨੂੰ ਸਿਰਫ ਇਕ ਕੋਣ ਤੋਂ ਹੀ ਦੇਖਦੇ ਹਾਂ।

# ਸਾਡੇ ਦੌਰ ਦੇ ਸਭ ਤੋਂ ਵੱਡੇ ਦੱਲੇ ਨਾਲ ਮੁਲਾਕਾਤ

ਕਈ ਹਫਤਿਆਂ ਤੋਂ ਮੈਂ ਸਦੀਕ ਨੂੰ ਪਲੋਸ ਰਹੀ ਸੀ ਕਿ ਉਹ ਮੇਰੀ ਮੁਲਾਕਾਤ ਮਹਿਮੂਦ ਕੰਜਰ ਨਾਲ ਕਰਵਾ ਦੇਵੇ ਜਿਸ ਨੂੰ ਹਰ ਕੋਈ ਮੂਧਾ ਕੰਜਰ ਕਹਿੰਦਾ ਸੀ। ਮੁਹੱਲੇ ਦੀ ਇਕ ਚੰਗੀ ਸਤਿਕਾਰਯੋਗ ਸ਼ਖ਼ਸੀਅਤ, ਉਸ ਨੂੰ ਇਲਾਕੇ ਦਾ ਇਕ ਮੁੱਖ ਬੁਲਾਰਾ ਸਮਝਿਆ ਜਾਂਦਾ ਸੀ। ਮੈਂ ਉਸ ਨੂੰ ਮਿਲਣ ਲਈ ਇਸ ਕਰਕੇ ਬੇਚੈਨ ਸਾਂ ਕਿਉਂਕਿ ਮੈਂ ਸਮਝਦੀ ਸਾਂ ਕਿ ਉਹ ਮੈਨੂੰ ਇਕ ਅਨਮੋਲ ਨੀਝ ਦਏਗਾ। ਆਖਰ, ਉਸੇ ਮੁਹੱਲੇ ਦੇ ਹੋਰ ਜਾਣੂ ਕਲਾਕਾਰਾਂ ਤੋਂ ਮੈਨੂੰ ਉਸ ਦਾ ਟੈਲੀਫੋਨ ਨੰਬਰ ਮਿਲ ਗਿਆ ਤੇ ਮੈਂ ਇਸਲਾਮਾਬਾਦ ਤੋਂ ਉਸ ਦੇ ਘਰ ਟੈਲੀਫੋਨ ਕੀਤਾ। ਇਕ ਔਰਤ ਨੇ ਜਵਾਬ ਦਿੱਤਾ। ਮੈਂ ਆਪਣੀ ਜਾਣ-ਪਛਾਣ ਕਰਾਈ ਤੇ ਉਸਨੂੰ ਟੈਲੀਫੋਨ ਕਰਨ ਦਾ ਕਾਰਨ ਦੱਸਿਆ। ਉਸ ਨੇ ਮੈਨੂੰ ਅਗਲੇ ਦਿਨ 1 ਵਜੇ ਦੇ ਕਰੀਬ ਫੇਰ ਫੋਨ ਕਰਨ ਲਈ ਕਿਹਾ ਕਿਉਂਕਿ ਮੂਧਾ ਕੰਜਰ ਉਸ ਤੋਂ ਬਾਦ ਬਹੁਤਾ ਚਿਰ ਬਾਹਰ ਹੀ ਰਹਿੰਦਾ ਏ। ਮੁਹੱਲੇ ਦੇ ਹੋਰ ਲੋਕਾਂ ਵਾਂਗ ਹੀ ਉਸ ਦਾ ਦਿਨ ਵੀ ਦੁਪਹਿਰ ਨੂੰ ਚੜ੍ਹਦਾ ਏ ਇਸ ਲਈ ਦੁਪਹਿਰ ਦਾ ਇਕ ਵੀ ਸਾਡੇ ਆਮ ਦਿਨਾਂ ਦੇ ਅੱਠ ਵਜੇ ਵਰਗਾ ਹੀ ਹੁੰਦਾ ਏ।

ਜਦ ਮੈਂ ਦੂਜੇ ਦਿਨ ਫੋਨ ਕੀਤਾ ਮੂਧਾ ਕੰਜਰ ਘਰ ਹੀ ਸੀ। ਉਹ ਖੁਸ਼ਮਿਜਾਜ਼ ਅਤੇ ਆਦਰ ਕਰਨ ਵਾਲਾ ਸੀ ਅਤੇ ਜਦੋਂ ਮੈਂ ਉਸ ਤੋਂ ਇੰਟਰਵਿਊ ਲਈ ਸਮਾਂ ਮੰਗਿਆ ਤਾਂ ਕਿ ਮੈਂ ਲਾਹੌਰ ਆਉਣ ਦੀ ਯੋਜਨਾ ਬਣਾ ਸਕਾ ਤਾਂ ਉਸ ਨੂੰ ਹੈਰਾਨੀ ਭਰੀ ਖੁਸ਼ੀ ਹੋਈ ਕਿ ਮੇਰੀ ਯਾਤਰਾ ਦਾ ਨਿਰਧਾਰਨ ਉਸ ਦੀ ਮੌਜੂਦਗੀ ਨਾਲ ਹੀ ਹੋਣਾ ਹੈ। ਉਸ ਨਾਲ ਮੇਰਾ ਉਸ ਦੇ ਘਰ ਵਿਚ ਸ਼ੁਕਰਵਾਰ ਨੂੰ ਮਿਲਣ ਦਾ ਸਮਾਂ ਤੈਅ ਹੋ ਗਿਆ।

ਆਉਂਦੇ ਵੀਰਵਾਰ ਨੂੰ ਮੈਂ ਆਮ ਨਾਲੇ ਜ਼ਰਾ ਛੇਤੀ ਦਫਤਰ ਛੱਡਣ ਲਈ ਤਿਆਰ ਹੋਣ ਲੱਗੀ ਨੇ, ਤਾਂ ਕਿ ਮੈਂ ਰਾਤ ਪੈਣ ਤੋਂ ਪਹਿਲਾਂ ਲਾਹੌਰ ਪੁੱਜ ਸਕਾਂ, ਆਪਣੀ ਮੁਲਾਕਾਤ ਦਾ ਜ਼ਿਕਰ ਇਕ ਸਾਥੀ ਆਰਿਫ ਨਾਲ ਕਰ ਦਿੱਤਾ। ਉਸਦਾ ਮੂੰਹ ਢਲਕ ਗਿਆ ਅਤੇ ਉਸ ਨੇ ਅਜੀਬ ਜਿਹੀ ਆਵਾਜ਼ ਵਿਚ ਮੈਨੂੰ ਪੁੱਛਿਆ, ''ਤੂੰ ਜਾਣਦੀ ਏਂ ਉਹ ਕੀ ਏ?''

ਮੈਂ ਬਰੀਫਕੇਸ ਵਿਚ ਸਮਾਨ ਰੱਖਦਿਆਂ ਐਵੇਂ ਹੀ ਜਵਾਬ ਦਿੱਤਾ, ''ਹਾਂ! ਉਹ ਮੁਹੱਲੇ ਦਾ ਇਕ ਵੱਡਾ ਆਗੂ ਏ ਅਤੇ ਮੇਰਾ ਖਿਆਲ ਏ ਉਹ ਸਿਆਸਤ ਵਿਚ ਵੀ ਏ।''

ਆਰਿਫ਼ ਨੇ ਮੱਥੇ ਤੇ ਹੱਥ ਮਾਰਿਆ ਅਤੇ ਚੀਕਿਆ ਜਿਵੇਂ ਕਿ ਉਹ ਸੱਚੀ-ਮੁੱਚੀਂ ਘਬਰਾ ਗਿਆ ਹੋਵੇ, ''ਉਹ ਸਾਡੇ ਦੌਰ ਦਾ ਸਭ ਤੋਂ ਵੱਡਾ ਦੱਲਾ ਏ! ਉਹ ਮੁਹੱਲੇ ਦੇ ਸਭ ਤੋਂ ਤਕੜੇ ਬੰਦਿਆਂ ਵਿਚੋਂ ਇਕ ਏ ਅਤੇ ਉਸ ਦੇ ਸਬੰਧ ਵੱਡੇ ਜਥੇਬੰਦ ਅਪਰਾਧੀ ਗਿਰੋਹਾਂ ਦੇ ਸਰਗਣਿਆਂ ਨਾਲ ਨੇ! ਤੈਨੂੰ ਸ਼ਾਇਦ ਪਤਾ ਨਹੀਂ ਤੂੰ ਕਿਸ ਨਾਲ ਵਾਹ ਪਾਉਣ ਲੱਗੀ ਏਂ।''

ਸ਼ਾਹੀ ਮੁਹੱਲੇ ਵਿਚ ਮੇਰੇ ਜਾਣ ਉੱਤੇ ਹਰੇਕ ਦੀ ਚਿੰਤਾ ਤੋਂ ਅੱਕੀ ਹੋਈ ਨੇ ਮੈਂ ਕਿਹਾ, ''ਮੈਨੂੰ ਜਾਣ ਤਾਂ ਦੇਹ! ਮੈਂ ਉਸ ਬੰਦੇ ਦੀ ਸਿਰਫ ਇੰਟਰਵਿਊ ਲੈਣ ਜਾ ਰਹੀ ਹਾਂ!'' ਮੈਂ ਕੁਰਸੀ

ਤੇ ਬੈਠ ਗਈ ਅਤੇ ਆਪਣੇ ਕਿਸੇ ਹੋਰ ਸਾਥੀ ਲਈ ਨੋਟ ਲਿਖਣ ਲੱਗੀ।

ਆਰਿਫ ਮੈਨੂੰ ਘੂਰਦਾ ਖੜਾ ਰਿਹਾ ਅਤੇ ਬੋਲਿਆ, ''ਤੂੰ ਕਿਸੇ ਨੂੰ ਨਾਲ ਵੀ ਲਿਜਾ ਰਹੀ ਏਂ?''

''ਜਿਵੇਂ ਕੋਈ ਅੰਗਰੱਖਿਅਕ? ਨਹੀਂ! ਮੈਂ ਇਕੱਲੀ ਹੀ ਜਾ ਰਹੀ ਹਾਂ।''

ਆਰਿਫ ਬੇਚੈਨੀ ਅਤੇ ਭੈ ਨਾਲ ਚੀਕਿਆ, 'ਤੈਨੂੰ ਪਤੈ ਤੂੰ ਕੀ ਖਤਰਾ ਮੁੱਲ ਲੈਣ ਜਾ ਰਹੀ ਏਂ? ਉਹ ਤੈਨੂੰ ਐਵੇਂ ਹੀ ਕਾਸੇ ਵਿਚ ਫਸਾ ਲੈਣਗੇ ਤੇ ਤੈਨੂੰ ਪਤਾ ਵੀ ਨਹੀਂ ਲੱਗਣਾ ਕਿ ਇਹ ਕੀ ਏ। ਤੂੰ ਇਕਲੀ ਜਾ ਕੇ ਪਾਗਲਪਣ ਕਰ ਰਹੀ ਏਂ। ਯਾ ਅੱਲਾ! ਮੈਨੂੰ ਸਮਝ ਨਹੀਂ ਆਉਂਦੀ ਤੂੰ ਉੱਥੇ ਇਕੱਲੀ ਕਿਵੇਂ ਘੁੰਮਦੀ ਰਹਿੰਦੀ ਏਂ ਪਰ ਫੇਰ ਵੀ ਇਸ ਬੰਦੇ ਨਾਲ ਮੁਲਾਕਾਤ, ਫੌਜ਼ੀਆ, ਤੂੰ ਖੁਦ ਨੂੰ ਇਕ ਵੱਡੇ ਖਤਰੇ ਵਿਚ ਫਸਾਉਣ ਜਾ ਰਹੀ ਏਂ' ਮੈਂ ਆਪਣਾ ਨੋਟ ਝਰੀਟਿਆ ਅਤੇ ਉੱਠ ਖੜ੍ਹੀ ਹੋਈ, ਮੁਹੱਲੇ ਵਿਚ ਕਿਸੇ ਨੇ ਮੇਰੀ ਕਾਰ ਤੱਕ ਦਾ ਪਿੱਛਾ ਨਹੀਂ ਕੀਤਾ ਅਤੇ ਨਾ ਹੀ ਕੋਈ ਅਪਸ਼ਬਦ ਹੀ ਬੋਲਿਆ।

ਮੈਂ ਅਜਿਹਾ ਕੁਝ ਇਸਲਾਮਾਬਾਦ ਦੇ ਇਸ ਉਦਾਰ ਸ਼ਹਿਰ ਬਾਰੇ ਆਖਣ ਤੋਂ ਜ਼ਰੂਰ ਝਿਜਕਦੀ ਹਾਂ। ਮੈਨੂੰ ਅੰਗਰੱਖਿਅਕ ਦੀ ਲੋੜ ਉਦੋਂ ਹੁੰਦੀ ਹੈ ਜਦੋਂ ਮੈਂ ਮੁਹੱਲੇ ਤੋਂ ਬਾਹਰ ਹੋਵਾਂ। ਜਦੋਂ ਮੈਂ ਲਾਹੌਰ ਨੂੰ ਕਾਰ ਚਲਾ ਕੇ ਜਾ ਰਹੀ ਹੁੰਦੀ ਹਾਂ ਤਾਂ ਲੋਕ ਜੀ.ਟੀ. ਰੋਡ ਤੇ ਆਨੰਦ ਲੈਣ ਲਈ ਮੇਰੇ ਪਿਛੇ ਕਾਰਾਂ ਭਜਾਉਣ ਲੱਗ ਪੈਂਦੇ ਨੇ। ਕਿਉਂ? ਸਿਰਫ ਇਸ ਲਈ ਕਿ ਮੈਂ ਇਕੱਲੀ ਔਰਤ ਸਫਰ ਕਰ ਰਹੀ ਹੁੰਦੀ ਹਾਂ। ਲਾਹੌਰ ਦੇ ਬਾਕੀ ਬਜ਼ਾਰਾਂ ਵਿਚ ਮੈਂ ਹਰ ਵੇਲੇ ਭੱਦੀਆਂ ਟਿੱਪਣੀਆਂ ਸੁਣਦੀ ਰਹਿੰਦੀ ਹਾਂ ਪਰ, ਭਾਵੇਂ ਮੁਹੱਲੇ ਵਿਚ ਬੜੀ ਭੀੜ ਹੁੰਦੀ ਏ, ਪਰ ਉੱਥੇ ਕਿਸੇ ਨੇ ਮੈਨੂੰ ਅੱਜ ਤੱਕ ਛੋਹਿਆ ਵੀ ਨਹੀਂ ਤੇ ਨਾ ਹੀ ਕੁਝ ਬੋਲਿਆ ਏ।' ਇਹ ਕਹਿ ਕੇ ਮੈਂ ਬਰੀਫਕੇਸ ਅਤੇ ਕਾਰ ਦੀਆਂ ਚਾਬੀਆਂ ਚੁੱਕੀਆਂ ਅਤੇ ਦਫਤਰੋਂ ਨਿੱਕਲ ਪਈ।

ਬਾਦ ਵਿਚ ਉਸੇ ਸ਼ਾਮ ਲਾਹੌਰ ਵਿਚ ਮੈਂ ਕੁਝ ਸੰਗੀਤਕਾਰਾਂ ਕੋਲ ਬੈਠੀ ਸੀ ਜੋ ਮਹਿਮੂਦ ਕੰਜਰ ਨੂੰ ਜਾਣਦੇ ਸਨ। ਉਨ੍ਹਾਂ ਵਿਚੋਂ ਦੋ ਸੰਗੀਤ ਛੱਡ ਚੁੱਕੇ ਸਨ। ਅਫਜ਼ਲ ਸੜਕ ਤੇ ਸ਼ਾਲ ਵੇਚਦਾ ਸੀ ਅਤੇ ਇਕਬਾਲ ਨੇ ਵੀਡੀਉ ਦੀ ਦੁਕਾਨ ਖੋਲ੍ਹ ਲਈ ਸੀ। ਅਗਲੇ ਦਿਨ ਇੰਟਰਵਿਊ ਦੀ ਤਿਆਰੀ ਕਰਨ ਲ਼ਈ ਮੈਂ ਮੁਹੱਲੇ ਦੇ ਸਿਆਸੀ ਨਜ਼ਾਰੇ ਬਾਰੇ ਅਤੇ ਇਸ ਦੇ ਦੇਸ਼ ਦੀ ਸਿਆਸਤ ਨਾਲ ਸਬੰਧ ਬਾਰੇ ਜਿੰਨੇ ਵੀ ਸਵਾਲ ਪੁੱਛ ਸਕਦੀ ਸਾਂ ਪੁੱਛ ਲਏ ਅਤੇ ਖਾਸ ਤੌਰ ਤੇ ਇਸ ਇਲਾਕੇ ਵਿਚ ਮਹਿਮੂਦ ਕੰਜਰ ਦੀ ਪੁਜੀਸ਼ਨ ਬਾਰੇ।

ਸੰਗੀਤਕਾਰ, ਜੋ ਆਪਣੇ ਪੇਸ਼ੇ ਵਿਚ ਜਿੰਦਾ ਰਹਿਣ ਲਈ ਅਜੇ ਵੀ ਸੰਘਰਸ਼ ਕਰ ਰਿਹਾ ਸੀ, ਬੋਲਿਆ, ''ਮੂਧਾ ਕੰਜਰ ਇੱਥੇ ਬੜਾ ਮਸ਼ਹੂਰ ਏ। ਉਹ ਮੁਹੱਲੇ ਵਿਚ ਇੰਝ ਘੁੰਮਦਾ ਏ ਜਿਵੇਂ ਮੈਦਾਨਾਂ ਵਿਚ ਸ਼ੇਰ। ਐਥੋਂ ਤੱਕ ਕਿ ਜਿਹੜੇ ਲੋਕ ਕਦੀ ਵੀ ਬਜ਼ਾਰ ਨਹੀਂ ਗਏ ਉਹ ਵੀ ਉਹਦਾ ਨਾਂ ਜਾਣਦੇ ਨੇ।

ਇਕਬਾਲ ਨੇ ਗੱਲ ਜਾਰੀ ਰੱਖੀ, ''ਜਦੋਂ ਪੁਲਿਸ ਸਾਡੇ ਲੋਕਾਂ ਨੂੰ ਫੜ ਕੇ ਪ੍ਰੇਸ਼ਾਨ ਕਰਨ ਲਈ ਅੰਦਰ ਡੱਕ ਦਿੰਦੀ ਏ, ਲੋਕ ਮਦਦ ਲਈ ਉਸ ਕੋਲ ਦੌੜਦੇ ਨੇ ਅਤੇ ਉਹ ਹਮੇਸ਼ਾ ਲੋਕਾਂ ਨੂੰ ਛੁਡਾ ਲੈਂਦਾ ਏ।''

ਅਫਜ਼ਲ ਨੇ ਨਾਲ ਗੱਲ ਜੋੜੀ, ''ਉਸ ਨੇ ਸਾਨੂੰ ਕਦੀ ਪਿੱਠ ਨਹੀਂ ਦਿੱਤੀ। ਉਹ ਹਮੇਸ਼ਾ

ਸਾਡੇ ਨਾਲ ਖੜ੍ਹਿਆ ਏ, ਭਾਵੇਂ ਸਰਕਾਰ ਕਿੰਨੀ ਵੀ ਸਖਤ ਕਿਉਂ ਨਾ ਹੋਵੇ।''

ਮੈਂ ਪਹਿਲਾਂ ਵੀ ਮੂਧਾ ਕੰਜਰ ਬਾਰੇ ਹੋਰ ਲੋਕਾ ਨਾਲ ਗੱਲ ਕਰ ਚੁੱਕੀ ਸੀ। ਬਹੁਤੇ ਉਸ ਨੂੰ ਮੁਹੱਲੇ ਦਾ ਬੁਲਾਰਾ ਸਮਝਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਕਈ ਰੰਡੀਖਾਨਿਆਂ ਦਾ ਪ੍ਰਬੰਧਕ ਹੈ। ਬਿਰਾਦਰੀ ਵਿਚ ਉਸ ਦੀ ਭੂਮਿਕਾ ਬਾਰੇ ਰਲੀ-ਮਿਲੀ ਜਿਹੀ ਰਾਏ ਸੀ। ਲੋਕ ਉਸ ਤੋਂ ਭੈ ਖਾਂਦੇ ਸਨ ਪਰ ਨਾਲ ਦੀ ਨਾਲ ਉਹ ਉਨ੍ਹਾਂ ਨੂੰ ਹੀਰੋ ਵੀ ਲੱਗਦਾ ਸੀ, ਇਕ ਵੱਡਾ ਲੀਡਰ।

ਅਗਲੇ ਦਿਨ ਮੈਂ ਉਹਦਾ ਘਰ ਲੱਭਿਆ, ਇਕ ਠੀਕ ਜਿਹੀ ਲੱਗਦੀ ਥਾਂ ਸੀ, ਸਾਦਾ ਲੱਕੜ ਦਾ ਬੂਹਾ ਸੀ, ਮੁੱਖ ਬਜ਼ਾਰ ਤੋਂ ਹਟਵਾਂ ਇਕ ਨਿੱਕੀ ਜਿਹੀ ਗਲੀ ਵਿਚ। ਜਦੋਂ ਮੈਂ ਬੂਹਾ ਖੜਕਾਇਆ ਤਾਂ ਇਕ ਨੌਜਵਾਨ ਬਾਹਰ ਨਿਕਲਿਆ। ਉਹ ਨੌਕਰ ਜਿਹਾ ਲੱਗਦਾ ਸੀ ਅਤੇ ਮੈਂ ਉਹਨੂੰ ਦੱਸਿਆ ਕਿ ਮੈਂ ਕੌਣ ਹਾਂ।

ਉਹਨੇ ਮੈਨੂੰ ਇੰਤਜ਼ਾਰ ਕਰਨ ਲਈ ਕਿਹਾ ਪਰ ਘਰ ਦੇ ਅੰਦਰ ਆਉਣ ਲਈ ਨਹੀਂ ਕਿਹਾ। ਤਕਰੀਬਨ ਫੌਰਨ ਹੀ ਮਹਿਮੂਦ ਕੰਜਰ ਆ ਗਿਆ। ਲੰਬਾ ਗੋਰਾ ਚਿੱਟਾ ਮਾਵਾ ਲੱਗੀ ਸਲਵਾਰ ਕਮੀਜ਼ ਪਾਈ ਹੋਈ, ਉਸ ਦੀ ਦਿੱਖ ਬੜੀ ਜਾਨਦਾਰ ਸੀ। ਉਸ ਦੇ ਚਿੱਟੇ ਵਾਲ ਤੇ ਚਿੱਟੀਆਂ ਸੰਘਣੀਆਂ ਮੁੱਛਾਂ ਉਸ ਦੀ ਦਿੱਖ ਨੂੰ ਬੜਾ ਪ੍ਰਭਾਵੀ ਬਣਾ ਰਹੀਆਂ ਸਨ। ਮੈਨੂੰ ਜੀ ਆਇਆਂ ਆਖਦਿਆਂ ਹੋਇਆ ਉਸ ਨੇ ਕਿਹਾ, 'ਆਉ ਆਪਾਂ ਆਪਣੀ ਖਜਾਂਚੀ ਜ਼ਮੁਰਾਦ ਦੇ ਘਰ ਚਲਦੇ ਹਾਂ। ਉੱਥੇ ਬੈਠ ਕੇ ਆਰਾਮ ਨਾਲ ਗੱਲ ਕਰਾਂਗੇ।

ਅਸੀਂ ਕੁਝ ਗਲੀਆਂ ਵਿਚੋਂ ਦੀ ਮੁੱਖ ਬਾਜ਼ਾਰ ਵਾਲੀ ਸੜਕ ਤੇ ਨਿਕਲ ਆਏ, ਜਿਸ ਇਲਾਕੇ ਤੋਂ ਮੈਂ ਹੁਣ ਤਕ ਚੰਗੀ ਜਾਣੂ ਹੋ ਚੁੱਕੀ ਸਾਂ। ਉਹ ਇਕ ਘਰ ਦੇ ਸਾਮ੍ਹਣੇ ਰੁਕਿਆ ਅਤੇ ਬੋਲਿਆ ਇਹ ਹਵੇਲੀ ਹੈ ਜਿੱਥੇ ਅਸੀਂ ਬੈਠਾਂਗੇ। ਇਸ ਦੀ ਡਿਉਢੀ ਬੜੀ ਸ਼ਾਨਦਾਰ ਸੀ ਵੱਡਾ ਸਾਰਾ ਨੱਕਾਸ਼ੀ ਵਾਲਾ ਦਰਵਾਜ਼ਾ ਲੱਗਾ ਹੋਇਆ ਸੀ। ਦਰਵਾਜ਼ਾ ਖੁੱਲ੍ਹਿਆ ਅਤੇ ਅਸੀਂ ਪੌੜੀਆਂ ਚੜ੍ਹ ਕੇ ਦੂਜੀ ਮੰਜ਼ਿਲ ਤੇ ਇਕ ਡਰਾਇੰਗ ਰੂਮ ਵਿਚ ਜਾ ਪੁੱਜੇ। ਪੌੜੀਆਂ ਅਜੇ ਹੋਰ ਉੱਪਰ ਵੀ ਜਾਂਦੀਆਂ ਸਨ। ਗਿਆਰਾਂ ਕੁ ਸਾਲ ਦੀ ਇਕ ਕੁੜੀ ਸਾਨੂੰ ਕਮਰੇ ਵਿਚ ਲੈ ਗਈ ਜੋ ਅੱਧਾ ਪਚੱਧਾ ਪੱਛਮੀ ਤਰਜ਼ ਨਾਲ ਸਜਿਆ ਹੋਇਆ ਸੀ, ਸੋਫੇ ਨਾਲ ਅਤੇ ਕੁਝ ਪੂਰਵੀ ਤਰਜ਼ ਵਿਚ ਫਰਸ਼ ਤੇ ਬੈਠਣ ਲਈ ਗੱਦੇ ਨਾਲ। ਕਮਰੇ ਦੇ ਇਕ ਪਾਸੇ ਮਸਨਦਾਂ ਦੀ ਕਤਾਰ ਲੱਗੀ ਹੋਈ ਸੀ।

ਮਹਿਮੂਦ ਅਤੇ ਮੈਂ ਸੋਫੇ ਦੇ ਵੱਖੋ-ਵੱਖਰੇ ਕੋਨਿਆਂ ਤੇ ਬੈਠ ਗਏ। ਇਕ ਪਾਸੇ ਹਰਮੋਨੀਅਮ ਅਤੇ ਹੋਰ ਸਾਜ਼ ਪਏ ਸਨ ਅਤੇ ਕੰਧਾਂ ਤਸਵੀਰਾਂ ਨਾਲ ਸਜੀਆਂ ਹੋਈਆਂ ਸਨ। ਕੁੜੀ 7-ਅਪ ਦੀਆਂ ਦੋ ਬੋਤਲਾਂ ਲੈ ਕੇ ਵਾਪਸ ਆਈ। ਉਸ ਨੇ ਬੜੀ ਸਾਦੀ ਜਿਹੀ ਸਲਵਾਰ ਕਮੀਜ਼ ਪਾਈ ਹੋਈ ਸੀ ਅਤੇ ਚਿਹਰੇ ਉੱਤੇ ਬੜੀ ਮੋਹਕ ਮੁਸਕਾਨ ਸੀ ਜਿਵੇਂ ਕਿ ਉਹ ਸਾਨੂੰ ਅੰਦਰ ਬਿਠਾ ਕੇ ਠੰਢਾ ਪਿਲਾਉਣ ਵਿਚ ਅਨੰਦ ਮਹਿਸੂਸ ਕਰ ਰਹੀ ਹੋਵੇ।

ਮਹਿਮੂਦ ਰਸਮੀ ਇੰਟਰਵਿਊ ਨੂੰ ਹੁਣੇ ਹੀ ਨਹੀਂ ਸ਼ੁਰੂ ਕਰਨਾ ਚਾਹੁੰਦਾ ਸੀ। ਅਸੀਂ ਜ਼ਮੁਰਾਦ ਦਾ ਇੰਤਜ਼ਾਰ ਕਰਦੇ ਹੋਏ ਹਲਕੀ-ਫੁਲਕੀ ਗੱਲਬਾਤ ਕਰਦੇ ਰਹੇ। ਇੰਝ ਲੱਗਦਾ ਸੀ ਜਿਵੇਂ ਉਹ ਚਾਹੁੰਦਾ ਸੀ ਕਿ ਮੈਂ ਉਨ੍ਹਾਂ ਦੋਹਾਂ ਨਾਲ ਇਕੱਠੀ ਹੀ ਗੱਲਬਾਤ ਕਰਾਂ ਤਾ ਕਿ ਦੋਹਾ ਦਾ ਨੁਕਤਾ ਨਿਗਾਹ ਜਾਣ ਸਕਾਂ। ਉਹ ਮਹਿਸੂਸ ਕਰਦਾ ਸੀ ਕਿ ਸਾਡੇ ਸਮਾਜ ਵਿਚ ਮੁਹੱਲੇ ਦੀ ਹੋਂਦ ਬਾਰੇ ਅਤੇ ਇਨ੍ਹਾਂ ਲੋਕਾਂ ਨੂੰ ਦਰਪੇਸ਼ ਚਾਲੂ ਮੁੱਦਿਆਂ ਬਾਰੇ ਮੇਰੀ ਸੋਚ ਵਿਲੱਖਣ ਸੀ। ਮੈਂ ਵੀ

ਆਪਣੀ ਸਥਿਤੀ ਸਪਸ਼ਟ ਕਰ ਦਿੱਤੀ। ਪਹਿਲਾ, ਮੈਂ ਕੋਈ ਨੈਤਿਕਤਾ ਦੀ ਚਾਦਰ ਨਹੀਂ ਉੜ੍ਹੀ ਹੋਈ ਸੀ ਇਸ ਲਈ ਉਨ੍ਹਾਂ ਨੂੰ ਆਪਣਾ ਪਾਕਦਾਮਨ ਮੇਰੇ ਪਾਸ ਜਤਾਉਣ ਦੀ ਲੋੜ ਨਹੀਂ ਸੀ। ਦੂਜੇ, ਮੈਂ ਉਨ੍ਹਾਂ ਨੂੰ ਇਸ ਤੋਂ ਵੀ ਜਾਣੂ ਕਰਵਾ ਦਿੱਤਾ ਸੀ ਕਿ ਮੈਨੂੰ ਮੁਹੱਲੇ ਦੇ ਬੁਨਿਆਦੀ ਪ੍ਰਬੰਧ ਬਾਰੇ ਪਤਾ ਹੈ ਇਸ ਲਈ ਉਹ ਮੈਨੂੰ ਕੋਈ ਸਿੱਧੜ ਜਿਹਾ ਬਾਹਰੀ ਵਿਅਕਤੀ ਨਹੀਂ ਸਮਝ ਸਕਦੇ ਜਿਸ ਨੂੰ ਪਰੀ ਕਥਾਵਾਂ ਸੁਣਾ ਕੇ ਪਰਚਾਇਆ ਜਾ ਸਕੇ। ਮੈਂ ਗੈਰਰਸਮੀ ਢੰਗ ਨਾਲ ਇਸ ਨੀਮ-ਸੱਭਿਆਚਾਰ ਵਾਲੇ ਰੰਗ ਦੀ ਲੱਫਾਜ਼ੀ ਹੀ ਵਰਤ ਰਹੀ ਸੀ ਅਤੇ ਖੇਤਰ ਦੀਆਂ ਤਾਜ਼ਾ ਘਟਨਾਵਾਂ ਬਾਰੇ ਗੱਲ ਕਰ ਰਹੀ ਸੀ। ਮੈਂ ਪੁੱਛਦੀ ਕਿ ਕੀ 'ਮੀਆਂ ਸੱਲੂ' ਦਾ ਸਿਆਸੀ ਦਫਤਰ ਅਜੇ ਵੀ ਸਿਟੀ ਸ਼ਿਨਮੇ ਵਿਚ ਏ; 'ਸੱਲੂ' ਯੂਸਫ ਸਲਾਉਦੀਨ ਦਾ ਨਿੱਕਾ ਨਾਂ ਏ, ਉਹ ਮੁਹੱਲੇ ਦੀ ਇਕ ਸਿਆਸੀ ਸ਼ਖਸੀਅਤ ਏ ਜਿਸ ਦੀ ਉੱਥੇ ਕਾਫੀ ਸਾਰੀ ਸੰਪਤੀ ਏ। ਮੈਂ ਪੁੱਛਦੀ ਕਿ ਕੀ ਟਿੱਬੀ ਥਾਣਾ ਦੀ ਪਗੜੀ ਅਜੇ ਵੀ ਸਭ ਤੋਂ ਉੱਚੀ ਏ। ਇਸ ਦਾ ਹਵਾਲਾ ਉਸ ਰਿਸ਼ਵਤ ਬਾਰੇ ਸੀ ਜੋ ਇਸ ਮੁਹੱਲੇ ਵਿਚ ਲੱਗਣ ਲਈ ਪੁਲਿਸ ਵਾਲੇ ਨੂੰ ਦੇਣੀ ਪੈਂਦੀ ਸੀ।

ਟਿੱਬੀ ਥਾਣੇ ਦੇ ਕਮਾਂਡਰ, ਮੁਹੱਲੇ ਦੇ ਪੁਲਿਸ ਥਾਣੇ ਦੇ ਇੰਚਾਰਜ ਦਾ ਅਹੁਦਾ ਲਾਹੌਰ ਵਿਚ ਸਭ ਤੋਂ ਮਹਿੰਗਾ ਜਾਂਦਾ ਸੀ। ਇਸ ਨੂੰ ਹਾਸਲ ਕਰਨ ਲਈ ਮੁਕਾਬਲੇ ਵਿਚ ਲੋਕ ਲੱਖਾਂ ਰੁਪਏ ਤੱਕ ਰਿਸ਼ਵਤਾਂ ਦਿੰਦੇ ਸਨ। ਇਕ ਵਾਰੀ ਅਹੁਦਾ ਹਾਸਲ ਕਰਨ ਤੇ ਉਹ ਨਿਵਾਸੀਆਂ ਦੀ ਖਿੱਚ-ਧੂਹ ਕਰਦੇ ਅਤੇ ਆਪਣਾ ਲਾਇਆ ਪੈਸਾ ਵਸੂਲਣ ਦੇ ਨਾਲ-ਨਾਲ ਬਦਲੀ ਹੋ ਜਾਣ ਤੋਂ ਪਹਿਲਾਂ ਹੀ ਨਫ਼ਾ ਖੱਟਣ ਦੀ ਕੋਸ਼ਿਸ਼ ਵਿਚ ਰੁੱਝ ਜਾਂਦੇ।

ਜਮੁਰਾਦ ਆ ਗਈ। ਉਹ ਚਾਲੀ-ਬਿਆਲੀ ਦੀ ਲੱਗਦੀ ਸੀ ਅਤੇ ਕੁਝ ਭਾਰੀ ਜਿਹੀ ਸੀ, ਫੱਬਵੇਂ ਕੱਪੜੇ ਪਾਏ ਹੋਏ ਸਨ ਅਤੇ ਚੰਗੀ ਦਿਲ-ਖਿੱਚਵੀਂ ਸੀ। ਉਸ ਦੇ ਦੋਹਾਂ ਹੱਥਾਂ ਵਿਚ ਪਾਈਆਂ ਹੀਰੇ ਦੀਆਂ ਮੋਟੀਆਂ ਅੰਗੂਠੀਆਂ ਨੇ ਮੇਰੀ ਨਜ਼ਰ ਖਿੱਚ ਲਈ। ਮਹਿਮੂਦ ਨੇ ਮੇਰੀ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਮੈਂ ਇਸਲਾਮਾਬਾਦ ਤੋਂ ਹਾਂ ਅਤੇ ਮੁਹੱਲੇ ਬਾਰੇ ਲਿਖ ਰਹੀ ਸੀ।

ਮੈਂ ਮੁਹੱਲੇ ਦਾ ਇਤਿਹਾਸ ਪੁੱਛਣ ਤੋਂ ਸ਼ੁਰੂ ਕੀਤਾ ਅਤੇ ਕਿਹਾ ਕਿ ਇਹ ਅੱਜ ਵਾਲੀ ਹਾਲਤ ਵਿਚ ਕਦੋਂ ਕੁ ਤੋਂ ਏ। ਮਹਿਮੂਦ ਸਿੱਧਾ ਹੋ ਕੇ ਬੈਠ ਗਿਆ ਤੇ ਬੋਲਿਆ, 'ਮੈਂ ਸਤਾਹਟ ਸਾਲ ਦਾ ਹਾਂ। ਪਹਿਲਾਂ ਬਾਜ਼ਾਰ ਪੁਰਾਣੀ ਅਨਾਰਕਲੀ ਵਿਚ ਹੁੰਦਾ ਸੀ ਤੇ ਫੇਰ ਇਹ ਲੋਹਾਰੀ ਮੰਡੀ ਵਿਚ ਚਲਾ ਗਿਆ। ਲੋਹਾਰੀ ਵਿਚ ਚੌਕ ਚੱਕਲਾ ਦਾ ਨਾਂ ਅਜੇ ਵੀ ਪ੍ਰਚਲਤ ਹੈ। ਇਕ ਮਸ਼ਹੂਰ ਦਰਬਾਰੀ ਸ਼ਮਸ ਬੇਗਮ, ਜੋ ਬਾਦ ਵਿਚ ਮਸ਼ਹੂਰ ਗਾਇਕਾ ਬਣ ਗਈ ਉਸ ਦਾ ਕੋਠਾ ਉੱਥੇ ਹੁੰਦਾ ਸੀ। ਫੇਰ ਸਾਰਾ ਕੁਝ ਲੰਡਾ ਬਾਜ਼ਾਰ ਚਲਿਆ ਗਿਆ ਤੇ ਉੱਥੋਂ ਫੇਰ ਮੋਤੀ ਬਾਜ਼ਾਰ। ਸੌ ਕੁ ਸਾਲ ਪਹਿਲਾਂ ਇਹ ਇਸ ਇਲਾਕੇ ਵਿਚ ਆ ਗਿਆ ਸੀ। ਜਦੋਂ ਮੈਂ ਜੰਮਿਆ ਉਦੋਂ ਬਿਜਲੀ ਨਹੀਂ ਸੀ ਹੁੰਦੀ, ਗੈਸਾਂ ਨਾਲ ਚਾਨਣ ਕੀਤਾ ਜਾਂਦਾ ਸੀ। ਟਿੱਬੀ ਥਾਣੇ ਦੇ ਨੇੜੇ ਬੋਹੜ ਦੇ ਦਰਖਤ ਹੁੰਦੇ ਸੀ ਤੇ ਕੋਈ ਦਿਨੇ ਵੀ ਉੱਥੇ ਨਹੀਂ ਜਾਇਆ ਕਰਦਾ ਸੀ।

ਜਦੋਂ ਮੈਂ ਉਹਨੂੰ ਉਸ ਜਥੇਬੰਦੀ ਬਾਰੇ ਪੁੱਛਿਆ, ਅੰਜੁਮਨ-ਏ-ਫਨਕਾਰਾਂ-ਏ-ਲਾਹੌਰ, ਜਿਸ ਦਾ ਉਹ ਮੁਖੀ ਏ ਤਾਂ ਉਸ ਦੀਆਂ ਅੱਖਾਂ ਚਮਕ ਪਈਆਂ। ਇਹ ਉਸ ਦਾ ਮਨਭਾਉਂਦਾ ਵਿਸ਼ਾ ਸੀ। ਸਾਲਾਂਬੱਧੀ ਜੋ ਦਮਨ ਅਸੀਂ ਪ੍ਰਸ਼ਾਸਨ ਦੇ ਹੱਥੋਂ ਝੱਲਦੇ ਰਹੇ ਹਾਂ ਇਹ ਜਥੇਬੰਦੀ ਉਸ ਦੇ ਜਵਾਬ

ਵਿਚ ਬਣੀ ਸੀ। ਇਸ ਦਾ ਮੁੱਖ ਉਦੇਸ਼ ਸ਼ਾਹੀ ਮੁਹੱਲੇ ਦੇ ਸਾਰੇ ਕੰਮ ਕਰਨ ਵਾਲੇ ਕਲਾਕਾਰਾਂ ਦੀ ਹਿਫਾਜ਼ਤ ਕਰਨਾ ਏ। ਅਸੀਂ ਅਪਣੀ ਬਿਰਾਦਰੀ ਦਾ ਖਿਆਲ ਰੱਖਦੇ ਹਾਂ। ਇਸ ਜਥੇਬੰਦੀ ਦੀ ਕਾਰਜਕਾਰਨੀ ਕਮੇਟੀ ਵਿਚ ਉਨੱਤੀ ਮੈਂਬਰ ਹਨ। ਉਹ ਵੱਖੋ-ਵੱਖਰੇ ਪਰਿਵਾਰਾਂ ਦੇ ਨੁਮਾਇੰਦੇ ਹਨ ਪਰ ਹਨ ਸਾਰੇ ਹੀ ਸਾਡੀ ਬਿਰਾਦਰੀ ਵਿਚੋਂ (ਕੰਜਰ ਬਿਰਾਦਰੀ)।

ਆਪਣਾ ਦੁਪੱਟਾ ਸੰਵਾਰਦੀ ਅਤੇ ਚੂੜੀਆਂ ਠੀਕ ਕਰਦੀ ਜ਼ਮੁਰਾਦ ਨੇ ਨਾਲ ਗੱਲ ਛੋਹੀ, 'ਜਦੋਂ ਇਕ ਸਿਸਟਮ ਹਿਫਾਜ਼ਤ ਨਾ ਕਰ ਸਕੇ, ਤਾਂ ਇਸ ਦਾ ਪ੍ਰਬੰਧ ਖੁਦ ਲੋਕਾਂ ਨੂੰ ਕਰਨਾ ਪੈਂਦਾ ਏ।'

ਮਹਿਮੂਦ ਆਪਣੀ ਆਵਾਜ਼ ਵਿਚ ਸ਼ਿਕਾਇਤ ਦੀ ਤਿੱਖੀ ਸੁਰ ਪੈਦਾ ਕਰਦਾ ਹੋਇਆ ਅੱਗੇ ਬੋਲਿਆ, ''ਬਾਹਰੀ ਸਮਾਜ ਅਤੇ ਮੁਹੱਲੇ ਦੇ ਅੰਦਰਲਾ•ਪ੍ਰਸਾਸ਼ਨ ਦੋਵੇਂ ਹੀ ਸਾਨੂੰ ਭੈੜੇ ਲੋਕ ਸਮਝਦੇ ਨੇ। ਜੇ ਸਾਡੀ ਕੋਈ ਲੜਕੀ ਕਿਤੇ ਗੀਤ ਗਾਉਂਦੀ ਏ ਤਾਂ ਉਹ ਉਹਨੂੰ ਵੀ ਜਿਸਮਫਰੋਸ਼ ਸਮਝਦੇ ਨੇ ਪਰ ਜਦੋਂ ਤਾਹਿਰਾ ਸਈਦ ਜਾਂ ਗੁਲਸ਼ਨ ਆਰਾ ਸਈਦ ਗਾਉਂਦੀਆਂ ਨੇ ਤਾਂ ਉਨ੍ਹਾਂ ਨੂੰ ਮਾੜਾ ਨਹੀਂ ਕਿਹਾ ਜਾਂਦਾ ਹਾਲਾਂਕਿ ਇਹ ਕਲਾ ਉਨ੍ਹਾਂ ਨੇ ਸਾਡੇ ਪਾਸੋਂ ਹੀ ਸਿੱਖੀ ਏ।

ਮੈਂ ਸਹਿਜੇ ਜਿਹੇ ਵਿਚੋਂ ਹੀ ਇਹ ਪੁੱਛਣ ਲਈ ਬੋਲ ਪਈ ਕਿ ਕੀ ਇਹ ਜਥੇਬੰਦੀ ਲਾਹੌਰ ਦੇ ਸ਼ਾਹੀ ਮੁਹੱਲੇ ਤੱਕ ਹੀ ਮਹਿਦੂਦ ਏ ਜਾਂ ਕਿ ਉਸ ਤੋਂ ਵੀ ਵੱਡੀ ਏ।

ਮਹਿਮੂਦ ਨੇ ਮਾਣ ਨਾਲ ਮੇਰੇ ਵਲ ਵੇਖਿਆ ਅਤੇ ਬੋਲਿਆ, ''ਇਹ ਜਥੇਬੰਦੀ ਸਮੁੱਚੇ ਪੰਜਾਬ ਦੇ ਪੇਸ਼ਕਾਰੀ ਕਲਾਕਾਰਾਂ ਦੀ ਨੁਮਾਇੰਦਗੀ ਕਰਦੀ ਏ - ਸਰਗੋਧਾ, ਉਕਾੜਾ, ਪੱਤੋਕੀ, ਰਾਵਲਪਿੰਡੀ, ਲਾਇਲਪੁਰ, ਲਾਲਾਮੂਸਾ। ਜਿੱਥੇ ਵੀ ਸਾਡੇ ਲੋਕ ਕੰਮ ਕਰਦੇ ਨੇ, ਅਸੀਂ ਉਨ੍ਹਾਂ ਨਾਲ ਸੰਪਰਕ ਰੱਖਦੇ ਹਾਂ। ਪਰ ਅਸੀਂ ਸੰਗੀਤਕਾਰਾਂ ਦੀ ਨੁਮਾਇੰਦਗੀ ਨਹੀਂ ਕਰਦੇ।

ਮੈਂ ਹੈਰਾਨੀ ਨਾਲ ਟੋਕਿਆ, 'ਤੁਸੀਂ ਉਨ੍ਹਾਂ ਨੂੰ ਕਲਾਕਾਰ ਨਹੀਂ ਸਮਝਦੇ?'

''ਨਾ, ਨਾ... ' ਮਹਿਮੂਦ ਨੇ ਸਪਸ਼ਟ ਕਰਨ ਲਈ ਹੱਥ ਚੁੱਕ ਕੇ ਕਿਹਾ, 'ਸੰਗੀਤਕਾਰ ਵੱਖਰੇ ਹਨ। ਅਸੀਂ ਉਨ੍ਹਾਂ ਦੀ ਨੁਮਾਇੰਦਗੀ ਨਹੀਂ ਕਰ ਸਕਦੇ। ਉਹ ਇੱਕ ਵੱਖਰੀ ਨਸਲ ਏ ਅਤੇ ਉਨ੍ਹਾਂ ਦਾ ਆਪਣਾ ਕੰਮ ਏ। ਉਨ੍ਹਾਂ ਦੀ ਜਥੇਬੰਦੀ ਇਤੇਹਾਦ-ਏ-ਮੁਸੀਕਾਰਾਂ ਏ। ਉਹ ਉਸਤਾਦ ਅਤੇ ਸਿਖਲਾਈਕਾਰ ਨੇ। ਸਾਡੀਆਂ ਕੁੜੀਆਂ ਜਮਾਂਦਰੂ ਕਲਾਕਾਰ ਨਹੀਂ ਹੁੰਦੀਆਂ, ਉਨ੍ਹਾਂ ਨੂੰ ਸਿਖਾਉਣਾ ਪੈਂਦਾ ਏ। ਸਾਡੇ ਲਈ ਉਸਤਾਦ ਸਨਮਾਣਯੋਗ ਨੇ, ਇਕ ਬਾਪ ਵਾਂਗ, ਪਰ ਸਮਾਜ ਦੇ ਹੋਰ ਲੋਕਾਂ ਦੀ ਨਜ਼ਰ ਵਿਚ ਉਨ੍ਹਾਂ ਦਾ ਵੀ ਕੋਈ ਮੁੱਲ ਨਹੀਂ ਰਿਹਾ ਏ।

ਮੈਂ ਇਹ ਸੋਚ ਕੇ ਇਸ ਮੁੱਦੇ ਨੂੰ ਅਗਾਂਹ ਨਹੀਂ ਵਧਾਇਆ ਕਿ ਇਹ ਮੈਂ ਸੰਗੀਤਕਾਰਾਂ ਤੋਂ ਹੀ ਪਤਾ ਕਰਾਂਗੀ ਕਿ ਜਦੋਂ ਸਰਕਾਰੀ ਵਿਤਕਰੇ ਨਾਲ ਲੜਨ ਦੀ ਗੱਲ ਆਉਂਦੀ ਏ ਤਾਂ ਸੰਗੀਤਕਾਰਾਂ ਅਤੇ ਨਾਚੀਆਂ ਨੂੰ ਕਿਉਂ ਵੱਖਰਾ ਸਮਝ ਲਿਆ ਜਾਂਦਾ ਏ।

ਮੈਂ ਮਹਿਮੂਦ ਨੂੰ ਪੁੱਛਿਆ, 'ਤੁਸੀਂ ਤਾਂ ਸਿਆਸਤ ਵਿਚ ਸੀ, ਹੈ ਕਿ ਨਹੀਂ?'

'ਹਾਂ', ਉਹਨੇ ਜਵਾਬ ਦਿੱਤਾ। ''1970 ਵਿਚ ਮੈਂ ਕੌਂਸਲਰ ਬਣਿਆ। 1983 ਵਿਚ ਉਨ੍ਹਾਂ ਨੇ ਸਾਡਾ ਇਲਾਕਾ ਤਿੰਨ ਵਾਰਡਾਂ ਵਿਚ ਵੰਡ ਦਿੱਤਾ ਤਾਂ ਕਿ ਇਕ ਕੌਂਸਲਰ ਸਾਰੇ ਇਲਾਕੇ ਦੀ ਨੁਮਾਇੰਦਗੀ ਨਾ ਕਰ ਸਕੇ। ਇਸ ਵੇਲੇ ਟਿੱਬੀ ਖੇਤਰ, ਸ਼ਾਹੀ ਮੁਹੱਲਾ ਅਤੇ ਹੀਰਾ ਮੰਡੀ ਤਿੰਨ ਵੱਖਰੇ ਚੋਣ ਹਲਕੇ ਨੇ। ਮੈਂ ਹਮੇਸ਼ਾ ਆਪਣੇ ਲੋਕਾਂ ਲਈ ਕੰਮ ਕੀਤਾ ਏ। 1979 ਵਿਚ ਜਨਰਲ

ਸਾਵਰ ਖਾਨ ਦੇ ਤਹਿਤ ਇਕ ਇਜਲਾਸ ਹੋਇਆ ਸੀ। ਸਾਰੇ ਕੌਂਸਲਰ ਆਪਣੇ ਖੇਤਰਾਂ ਦੀਆਂ ਸਮੱਸਿਆਵਾਂ ਉਨ੍ਹਾਂ ਪਾਸ ਪੇਸ਼ ਕਰ ਰਹੇ ਸਨ। ਜਦੋ ਮੈਂ ਖੜ੍ਹਾ ਹੋਇਆ ਤਾ ਲੋਕਾਂ ਇਤਰਾਜ਼ ਕੀਤਾ। ਉਨ੍ਹਾ ਕਿਹਾ ਕਿ ਮੈਂ ਹੀਰਾ ਮੰਡੀ ਤੋਂ ਹਾਂ ਅਤੇ ਮੇਰਾ ਇਲਾਕਾ ਬੰਦ ਕਰ ਦੇਣਾ ਚਾਹੀਦਾ ਏ। ਜਨਰਲ ਸਾਵਰ ਨੇ ਸਰੋਤਿਆਂ ਨੂੰ ਕਿਹਾ, ਕੀ ਜੇ ਉਹ ਉਸ ਇਲਾਕੇ ਨੂੰ ਬੰਦ ਕਰਨ ਲਈ ਇੰਨੇ ਹੀ ਕਾਹਲੇ ਹਨ ਤਾਂ ਉਨ੍ਹਾਂ ਨੂੰ ਸਾਡੀਆ ਔਰਤਾਂ ਅਤੇ ਮਰਦਾਂ ਨੂੰ 'ਅਪਣਾਅ' ਲੈਣਾ ਚਾਹੀਦਾ ਏ। ਉਸ ਨੇ ਆਖਿਆ ਕਿ ਜਿਹੜੇ ਵੇਸਵਾਵਾ ਨਾਲ ਨਿਕਾਹ ਕਰਨ ਲਈ ਰਾਜ਼ੀ ਨੇ ਉਹ ਹੱਥ ਖੜ੍ਹੇ ਕਰਨ, ਤੇ ਜਦੋਂ ਕਿਸੇ ਨੇ ਵੀ ਹੱਥ ਖੜ੍ਹਾ ਨਾ ਕੀਤਾ ਤਾਂ ਉਸ ਨੇ ਕਿਹਾ, 'ਜਦੋ ਤੱਕ ਅਸੀਂ ਉਨ੍ਹਾਂ ਦੀਆਂ ਸਾਰੀਆਂ ਕੁੜੀਆ ਨਾਲ ਨਿਕਾਹ ਨਹੀਂ ਕਰਦੇ, ਅਤੇ ਅਪਣੀਆਂ ਧੀਆਂ ਉਨ੍ਹਾਂ ਦੇ ਪੁੱਤਰਾਂ ਨੂੰ ਨਹੀਂ ਦਿੰਦੇ ਉਦੋਂ ਤਕ ਅਸੀਂ ਇਸ ਸਮਾਜ ਨੂੰ ਬਦਲ ਨਹੀਂ ਸਕਦੇ। ਜੇ ਅਸੀਂ ਇਹ ਹੁਣੇ ਨਹੀਂ ਕਰ ਸਕਦੇ ਤਾਂ ਸਾਨੂੰ ਉਦੋਂ ਤੱਕ ਇੰਤਜ਼ਾਰ ਕਰਨੀ ਪਏਗੀ ਜਦੋਂ ਤੱਕ ਸਮੁੱਚੇ ਸਮਾਜ ਵਿਚ ਸੁਧਾਰ ਨਹੀਂ ਆ ਜਾਂਦਾ। ਫੇਰ ਆਪੀ ਹੀਰਾ ਮੰਡੀ ਦੀ ਕੋਈ ਲੋੜ ਨਹੀਂ ਰਹੇਗੀ।

ਸੋਫੇ ਨੂੰ ਢੋਅ ਲਾਉਂਦਿਆਂ ਉਸ ਅੱਗੇ ਕਿਹਾ, 'ਅਯੂਬ ਖਾਂ ਦੇ ਸਮੇਂ ਦੇ ਹੀ*, ਅਸੀਂ ਸਿਆਸਤ ਵਿਚ ਹਿੱਸਾ ਲੈਂਦੇ ਰਹੇ ਹਾਂ, ਸਰਗਰਮ ਕੰਮ ਕਰਦੇ ਹੋਏ ਪੂਰੀ ਸ਼ਮੂਲੀਅਤ ਨਾਲ, ਪਰ ਲੋਕ ਸਾਨੂੰ ਛੇਕੇ ਹੋਏ ਸਮਝਦੇ ਰਹੇ। ਜੇ ਤੂੰ ਇਸ ਇਲਾਕੇ ਦੇ ਪੈਦਾ ਕੀਤੇ ਲੋਕਾਂ ਨੂੰ ਦੇਖੇਂਗੀ ਤਾਂ ਹੈਰਾਨ ਰਹਿ ਜਾਵੇਂਗੀ। ਅਸੀਂ ਸੀਨੀਅਰ ਸਰਕਾਰੀ ਮੁਲਾਜ਼ਮ, ਵਕੀਲ ਅਤੇ ਕੁਝ ਫੌਜੀ ਅਫਸਰ ਤਕ ਪੈਦਾ ਕੀਤੇ ਨੇ। ਮੁੱਖਧਾਰਾ ਵਿਚ ਰਚੇ ਹੋਣ ਕਾਰਨ ਉਹ ਖੁਲ੍ਹ ਕੇ ਸਾਡੇ ਨਾਲ ਅਪਣਾ ਸਬੰਧ ਨਹੀਂ ਪ੍ਰਗਟਾਉਂਦੇ ਅਤੇ ਸਾਡੇ ਲਈ ਲੜ ਨਹੀਂ ਸਕਦੇ। ਪਰ ਕੁਝ ਲੋਕਾਂ ਵਿਚ ਦਮ ਹੈ, ਜਿਵੇਂ ਨੈਸ਼ਨਲ ਕਾਲਜ ਆਫ ਆਰਟਸ ਦੇ ਅਧਿਆਪਕ ਇਕਬਾਲ ਹੁਸੈਨ, ਜੋ ਸਾਫ ਦੱਸਦੇ ਹਨ ਕਿ ਸਾਡਾ ਜਨਮ ਉਸ ਇਲਾਕੇ ਦਾ ਹੈ।

'ਸਾਡੇ ਇੱਥੇ ਚੌਦਾਂ ਤੋਂ ਪੰਦਰਾਂ ਬਾਜ਼ਾਰ ਵੱਸੇ ਹੋਏ ਹਨ ਅਸੀਂ ਇਹਦੇ ਦੁਆਲੇ ਕੰਧ ਕਰਕੇ ਇਕ ਸੂਬੇ ਦਾ ਐਲਾਨ ਕਰ ਸਕਦੇ ਹਾਂ। ਇਸ ਦੀ ਆਬਾਦੀ ਕਰੀਬ ਚਾਰ-ਪੰਜ ਲੱਖ ਏ ਅਤੇ ਕਰੀਬ ਦੋ ਲੱਖ ਤੋਂ ਵੱਧ ਵੋਟਰ ਨੇ। ਤੂੰ ਨਹੀਂ ਸਮਝਦੀ ਕਿ ਸਾਡਾ ਇਕ ਆਪਣਾ ਨੁਮਾਇੰਦਾ ਹੋਣਾ ਚਾਹੀਦਾ ਏ? ਸਿਰਫ ਗਾਉਣ ਦੇ ਕੰਮ ਆਉਣ ਵਾਲਿਆਂ ਕਮਰਿਆਂ ਦੀ ਗਿਣਤੀ ਚਾਰ-ਪੰਜ ਸੌ ਏ। ਉਨੇ ਪਰਿਵਾਰਾਂ ਨਾਲੋਂ ਵੱਧ ਜੋ ਇੱਥੇ ਰਹਿੰਦੇ ਨੇ। ਫੇਰ ਇਹ ਸਮਾਜ ਸਾਨੂੰ ਕਿਉਂ ਪ੍ਰਵਾਨ ਨਹੀਂ ਕਰਦਾ? ਕਰਿਕਟ ਅਤੇ ਹਾਕੀ ਦੇ ਖੇਤਰ ਵਿਚ ਸਾਡੀ ਦੇਣ ਹੀ ਵੇਖ ਲਉ। ਅਸੀਂ ਉਨ੍ਹਾਂ ਨੂੰ ਕਈ ਚੰਗੇ ਖਿਡਾਰੀ ਦਿੱਤੇ ਨੇ।'

ਉਹ ਰੋਸ ਨਾਲ ਅੱਗੇ ਬੋਲਿਆ, 'ਪਰ ਜਦੋਂ ਵੋਟਾਂ ਦੀ ਗੱਲ ਆਉਂਦੀ ਏ ਤਾਂ ਉਹ ਸਾਨੂੰ ਸਾਡੇ ਬਾਪਾਂ ਦੇ ਨਾਂ ਹੀ ਪੁੱਛਣ ਵਿਚ ਲੱਗੇ ਰਹਿੰਦੇ ਨੇ। ਲੋਕਾਂ ਨੂੰ ਜ਼ਲੀਲ ਕਰਨਾ ਚੰਗੀ ਗੱਲ ਨਹੀਂ। ਅਸੀਂ ਕਹਿੰਦੇ ਹਾਂ ਕਿ ਜੇ ਸ਼ਨਾਖ਼ਤੀ ਕਾਰਡਾਂ ਤੇ ਅਸੀਂ ਆਪਣੇ ਬਾਪਾਂ ਦੇ ਸਹੀ ਨਾਂ ਦੇਣ ਲੱਗੇ ਤਾਂ ਸਾਨੂੰ ਮੁਸੀਬਤ ਪੈ ਜਾਣੀ ਏਂ। ਸਾਨੂੰ ਛੂਟ ਹੋਣੀ ਚਾਹੀਦੀ ਹੈ ਕਿ ਬਾਪ ਦਾ ਨਾਂ ਦੇਣ ਦੀ ਬਜਾਏ ਅਸੀਂ ਸ਼ਨਾਖ਼ਤੀ ਕਾਰਡ ਤੇ ਆਪਣੇ ਨਾਨੇ ਜਾਂ ਮਾਮੇ ਜਾਂ ਅਪਣੇ ਭਰਾ ਦਾ ਨਾਂ ਦੇ ਸਕੀਏ।

---

*ਫੀਲਡ ਮਾਰਸਲ ਮੁਹੰਮਦ ਅਯੂਬ ਖਾ 1960ਵਿਆ ਦੌਰਾਨ ਪਾਕਿਸਤਾਨ ਦਾ ਪਹਿਲਾ ਫੌਜੀ ਹਾਕਮ ਸੀ।

ਤਾਂ ਕੀ ਏ ਜੇ ਅਸੀਂ ਉਸਦਾ ਨਾਂ ਨਹੀਂ ਜਾਣਦੇ? ਤਾਂ ਵੀ ਕੀ ਏ ਜੇ ਜਾਣਦੇ ਹਾਂ, ਅਤੇ ਉਹ ਕੋਈ ਵੱਡਾ ਸਿਆਸਤਦਾਨ ਜਾਂ ਫੌਜੀ ਜਰਨੈਲ ਏ? ਫੇਰ ਉਦੋਂ ਸਾਡੇ ਨਾਲ ਕੀ ਬੀਤੇਗੀ ਭਲਾ?'

ਉਹ ਨੇ ਕਹਿਣਾ ਜਾਰੀ ਰੱਖਿਆ, 'ਅਯੂਬ ਖਾਂ ਦੇ ਦੌਰ ਵਿਚ ਆਰਟ ਕੌਂਸਲਾ ਸ਼ੁਰੂ ਕੀਤੀਆਂ ਗਈਆਂ ਸਨ। ਤੁਸੀਂ ਉਨ੍ਹਾਂ ਦੀ ਤੁਲਨਾ ਕਰਕੇ ਦੇਖ ਲਓ ਕਿ ਉਨ੍ਹਾਂ ਨੇ ਕਿੰਨੇ ਕੁ ਕਲਾਕਾਰ ਪੈਦਾ ਕੀਤੇ ਨੇ ਅਤੇ ਅਸੀਂ ਦੇਸ਼ ਨੂੰ ਕਿੰਨੇ ਕਲਾਕਾਰ ਦਿੱਤੇ ਨੇ। ਦਰਅਸਲ, ਆਰਟ ਕੌਂਸਲਾਂ ਵਿਚ ਕੰਮ ਕਰਨ ਵਾਲੇ ਬਹੁਤੇ ਕਲਾਕਾਰ ਵੀ ਸਾਡੇ ਇਸੇ ਇਲਾਕੇ ਤੋਂ ਨੇ। ਅਸੀਂ ਸਮੁੱਚੇ ਦੇਸ਼ ਲਈ ਆਰਟਿਸਟ ਪੈਦਾ ਕਰਦੇ ਹਾਂ। ਸੰਗੀਤਕਾਰ ਸਾਡੇ ਨੇ, ਨਾਚੀਆਂ ਸਾਡੀਆਂ ਨੇ ਗੀਤਕਾਰ ਸਾਡੇ ਨੇ ਅਤੇ ਉਸਤਾਦ ਸਾਡੇ ਨੇ। ਦੁਖਾਂਤ ਤਾਂ ਇਹ ਏ ਪਈ ਅਸੀਂ ਇਸ ਦਾ ਸਿਹਰਾ ਖੁਲ੍ਹ ਕੇ ਨਹੀਂ ਬੰਨ੍ਹ ਸਕਦੇ।''

ਵਿਚ ਕੁਝ ਖਾਣ-ਪੀਣ ਨੂੰ ਅਤੇ ਚਾਹ ਆ ਜਾਣ ਨਾਲ ਗੱਲ ਟੁੱਟ ਗਈ। ਇਸ ਵਾਰੀ ਇਕ ਬੰਦੇ ਨੂੰ ਨਾਲ ਲੈ ਕੇ ਉਹੀ ਕੁੜੀ ਆਈ ਸੀ। ਬੰਦਾ ਮਹਿਮਾਨਾਂ ਲਈ ਖੀਰ ਲੈ ਕੇ ਆਇਆ ਸੀ। ਖਾਣ ਦਾ ਸਮਾਨ ਰੱਖਣ ਤੋਂ ਪਹਿਲਾਂ ਜ਼ਮੁਰਾਦ ਸੈਂਟਰ ਟੇਬਲ ਦਾ ਕੱਪੜਾ ਠੀਕ ਕਰਨ ਲਈ ਅਗਾਂਹ ਝੁਕੀ ਤਾਂ ਗੱਲਬਾਤ ਬੰਦ ਹੋ ਗਈ। ਉਹ ਮੇਰੇ ਵੱਲ ਵੇਖ ਕੇ ਬੋਲੀ, 'ਇਹ ਇਸ ਮੁਹੱਲੇ ਦੀ ਖਾਸ ਚੀਜ਼ ਹੈ।'

ਮੈਂ ਖੁਸ਼ੀ ਨਾਲ ਕਿਹਾ, 'ਤੇ ਮੇਰੀ ਮਨਪਸੰਦ ਮਿੱਠੀ ਚੀਜ਼।' ਜ਼ਮੁਰਾਦ ਤੇ ਮਹਿਮੂਦ ਦੋਵੇਂ ਮੁਸਕਰਾਏ।

ਮੈਂ ਵੇਖਿਆ ਕਿ ਜ਼ਮੁਰਾਦ ਮੁਸ਼ਕਲ ਨਾਲ ਹੀ ਕੁਝ ਬੋਲੀ ਹੋਏਗੀ। ਮੈਂ ਚਾਹਿਆ ਕਿ ਉਹ ਵੀ ਗੱਲਬਾਤ ਵਿਚ ਸ਼ਾਮ' ਹੋਏ। ਮੈਨੂੰ ਪਤਾ ਸੀ ਕਿ ਉਹਨੇ ਮੁਹੱਲੇ ਤੋਂ ਬਾਹਰ ਅਤੇ ਬਿਰਾਦਰੀ ਤੋਂ ਬਾਹਰ ਨਿਕਾਹ ਕਰਵਾਇਆ ਸੀ। ਇਸ ਲਈ ਮੈਂ ਉਸਨੂੰ ਉਸੇ ਬਾਰੇ ਪੁੱਛਿਆ।

ਜ਼ਮੁਰਾਦ ਨੇ ਹੌਕਾ ਲਿਆ ਤੇ ਬੋਲੀ, 'ਮੈਨੂੰ ਵਿਆਹੀ ਨੂੰ ਪੱਚੀ ਸਾਲ ਹੋ ਗਏ ਨੇ ਪਰ ਤੈਨੂੰ ਸੱਚੀ ਗੱਲ ਦੱਸਾਂ ਕਿ ਮੇਰੇ ਪਤੀ ਦੇ ਪਰਿਵਾਰ ਨੇ ਮੈਨੂੰ ਕਦੀ ਪ੍ਰਵਾਨ ਨਹੀਂ ਕੀਤਾ, ਇਕ ਦਿਨ ਲਈ ਵੀ ਨਹੀਂ। ਉਸਦੇ ਪਰਿਵਾਰ ਅਤੇ ਉਸਦੇ ਦੋਸਤਾਂ ਵਲੋਂ ਮੇਰਾ ਲਗਾਤਾਰ ਵਿਰੋਧ ਹੀ ਹੋਇਆ ਏ।' ਉਹਦਾ ਗੱਚ ਭਰ ਆਇਆ। ਉਹਨੇ ਅਪਣਾ ਗਲ ਸਾਫ ਕੀਤਾ ਤੇ ਪਾਣੀ ਦਾ ਗਿਲਾਸ ਮੰਗਿਆ, ਅਤੇ ਅੱਗੋਂ ਗੱਲ ਮਹਿਮੂਦ ਨੇ ਛੋਹ ਲਈ।

ਉਹਨੇ ਕਿਹਾ, 'ਹਾਂ, ਜ਼ਮੁਰਾਦ ਦੀ ਹੀ ਮਿਸਾਲ ਲੈ ਲੈ, ਇਹ ਮੀਆਂ ਸਾਹਿਬ ਨੂੰ ਵਿਆਹੀ ਹੋਈ ਏ। ਉਹਨੇ ਸਭ ਨੂੰ ਜ਼ਬਰਦਸਤੀ ਇਸ ਨੂੰ ਉਹਦੀ ਬੀਵੀ ਮੰਨਣ ਲਈ ਕਿਹਾ। ਜੋ ਵੀ ਹੋਵੇ ਸਮਾਜ ਇਸ ਇਲਾਕੇ ਦੀ ਔਰਤ ਨੂੰ ਕਦੀ ਵੀ ਪ੍ਰਵਾਨ ਨਹੀਂ ਕਰਦਾ ਅਤੇ ਹੁਣ ਕਿਉਂਕਿ ਉਸ ਦੀ ਮੌਤ ਹੋ ਚੁੱਕੀ ਏ, ਉਸ ਦੇ ਪਰਿਵਾਰ ਨੂੰ ਡਰ ਏ ਪਈ ਇਹ ਜਾਇਦਾਦ ਵਿਚੋਂ ਹਿੱਸਾ ਮੰਗੇਗੀ ਇਸ ਲਈ ਉਨ੍ਹਾਂ ਨੇ ਇਸ ਨੂੰ ਅਤੇ ਇਸ ਦੀ ਧੀ ਨੂੰ ਘਰ ਛੱਡ ਜਾਣ ਲਈ ਮਜਬੂਰ ਕਰ ਦਿੱਤਾ। ਭਾਵੇਂ ਇਸ ਇਲਾਕੇ ਦੀ ਤੀਵੀਂ ਉਨ੍ਹਾਂ ਦੇ ਕਿਸੇ ਬੰਦੇ ਨਾਲ ਵਿਆਹ ਵੀ ਕਰਵਾ ਲਏ ਤਾਂ ਵੀ ਉਹ ਉਹਨੂੰ ਪ੍ਰਵਾਨ ਨਹੀਂ ਕਰਦੇ। ਉਹ ਸਿਰਫ ਉਸ ਔਰਤ ਨੂੰ ਹੀ ਪ੍ਰਵਾਨ ਕਰਦੇ ਨੇ, ਉਹ ਵੀ ਕੁਝ ਹੱਦ ਤਕ ਹੀ, ਜੋ ਫਿਲਮੀ ਉਦਯੋਗ ਵਿਚ ਕੁਝ ਕਾਮਯਾਬ ਹੋਈ ਹੋਵੇ। ਉਹ ਉਸ ਦਾ ਆਦਰ ਕਰਦੇ ਨੇ ਤੇ ਆਪਣੇ ਬਰਾਬਰ ਬੈਠਣ ਦਿੰਦੇ ਨੇ ਪਰ ਸਾਡੇ ਕਿੱਤੇ ਵਿਚੋਂ ਸਿੱਧੀ ਲਈ ਗਈ ਕਿਸੇ ਵੀ ਔਰਤ ਦੀ

ਉਹ ਪੂਰੀ ਭੰਡੀ ਕਰਦੇ ਨੇ।'

ਜ਼ਮੁਰਾਦ ਨੇ ਉਦਾਸੀ ਨਾਲ ਕਿਹਾ, 'ਜਦੋਂ ਮੈਂ ਗਈ ਸੀ ਤਾਂ ਮੈਂ ਮੁਹੱਲੇ ਨਾਲੋਂ ਪੂਰੇ ਸਬੰਧ ਤੋੜ ਕੇ ਗਈ ਸਾਂ।'

'ਇੱਥੇ ਮੁੜ ਕੇ ਆਉਣਾ ਤੇਰੀ ਅਪਣੀ ਪਸੰਦ ਸੀ?' ਮੈਂ ਪੁੱਛਿਆ।

ਉਸਨੇ ਜਵਾਬ ਦਿੱਤਾ, 'ਜਦੋਂ ਤੱਕ ਮੀਆਂ ਸਾਹਿਬ ਜਿਉਂਦੇ ਰਹੇ ਉਹ ਡਟ ਕੇ ਮੇਰੇ ਨਾਲ ਖੜ੍ਹੇ। ਉਸਦਾ ਪਰਿਵਾਰ ਹਮੇਸ਼ਾ ਸੋਚਦਾ ਕਿ ਉਸ ਨੇ ਗਲਤੀ ਕੀਤੀ ਹੈ ਤੇ ਜਿਸ ਦਿਨ ਉਹ ਮਰੇ ਉਨ੍ਹਾਂ ਨੇ ਮੈਨੂੰ ਧੱਕ ਕੇ ਬਾਹਰ ਮਾਰਿਆ। ਮੇਰੇ ਕੋਲ ਹੋਰ ਕੋਈ ਚਾਰਾ ਹੀ ਨਹੀਂ ਸੀ ਆਪਣੇ ਪਰਿਵਾਰ ਕੋਲ ਮੁੜਨ ਤੋਂ ਬਿਨਾਂ।'

ਮਹਿਮੂਦ ਅੱਗੇ ਝੁਕਿਆ। ਆਪਣੀਆਂ ਕੂਹਣੀਆਂ ਗੋਡਿਆ ਤੇ ਰੱਖ ਕੇ ਉਹ ਬੋਲਿਆ, 'ਹੁਣ ਇਹ ਇੱਥੇ ਏ। ਹੋਰ ਇਹ ਜਾਂਦੀ ਵੀ ਕਿੱਥੇ? ਇਹਦੀ ਧੀ ਹੋਸਟਲ ਵਿਚ ਏ ਅਤੇ ਇਹ ਇੱਥੇ ਰਹਿੰਦੀ ਏ। ਇਸ ਦਾ ਮਤਲਬ ਇਹ ਨਹੀਂ ਕਿ ਇਹ ਜਿਸਮਫਰੋਸ਼ੀ ਵਿਚ ਪੈ ਗਈ ਏ। ਉਹ ਸਿਰਫ ਆਪਣੇ ਪਰਿਵਾਰ ਨਾਲ ਰਹਿੰਦੀ ਏ। ਉਸ ਦੀ ਮਾਇਕ ਹਾਲਤ ਨੇ ਕੁਝ ਚਿਰ ਲਈ ਉਸ ਨੂੰ ਫਿਲਮਾਂ ਵੱਲ ਧੱਕ ਦਿੱਤਾ ਸੀ। ਉਹਨੇ ਜਿਉਂਦਾ ਤਾਂ ਰਹਿਣਾ ਹੀ ਸੀ।'

ਮੈਂ ਕਮਰੇ ਵਿਚ ਚੁਫੇਰੇ ਝਾਤੀ ਮਾਰੀ ਤੇ ਦੇਖਿਆ ਕਿ ਕੰਧਾਂ ਉੱਤੇ ਕਿਧਰੇ ਵੀ ਜ਼ਮੁਰਾਦ ਦੀ ਤਸਵੀਰ ਨਹੀਂ ਸੀ। ਹੋ ਸਕਦਾ ਏ ਜਦੋਂ ਉਹ ਪੱਚੀ ਸਾਲ ਪਹਿਲਾਂ ਗਈ ਸੀ ਤਾਂ ਇਹ ਲਾਹ ਦਿੱਤੀਆਂ ਗਈਆਂ ਹੋਣ। ਮਹਿਮੂਦ ਉਨ੍ਹਾਂ ਕੁਝ ਗੱਲਾਂ ਬਾਰੇ ਜ਼ਮੁਰਾਦ ਨਾਲ ਗੱਲ ਕਰਨ ਲੱਗਾ ਜਿਸ ਵਿਚ ਉਸਨੇ ਉਸ ਸ਼ਾਮ ਉਹਦੇ ਨਾਲ ਤਾਲ-ਮੇਲ ਕਰਨਾ ਸੀ। ਮੇਰਾ ਖਿਆਲ ਏ ਉਹ ਉਹਨੂੰ ਭਾਵੁਕ ਨਹੀਂ ਸੀ ਹੋਣਾ ਦੇਣਾ ਚਾਹੁੰਦਾ।

ਮਹਿਮੂਦ ਨੇ ਮੇਰੇ ਵੱਲ ਦੇਖਿਆ ਤੇ ਬੋਲਿਆ, 'ਸਾਡੇ ਨਾਲ ਹਰ ਤਰ੍ਹਾਂ ਦਾ ਖੁਲ੍ਹਾ ਵਿਤਕਰਾ ਹੋ ਰਿਹਾ ਏ। ਜ਼ਰਾ ਸੋਚ, ਸਾਡੇ ਕੋਲ ਸੀਮਤ ਰਿਹਾ ਖੇਤਰ ਏ, ਸ਼ਹਿਰ ਦੇ ਅੰਦਰਲੇ ਥੋੜ੍ਹੇ ਜਿਹੇ ਬਾਜ਼ਾਰ, ਜਿੱਥੇ ਅਸੀਂ ਆਪਣਾ ਕਾਰੋਬਾਰ ਚਲਾਉਂਦੇ ਹਾਂ ਅਤੇ ਹਰ ਦਿਨ ਸੀਮਤ ਜਿਹਾ ਸਮਾਂ, ਸ਼ਾਮ ਨੂੰ ਗਿਆਰਾਂ ਵਜੇ ਤੋਂ ਤੜਕੇ ਇਕ ਵਜੇ ਤੱਕ। ਅਸੀਂ ਸਿਆਸਤਦਾਨ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸਦਾ ਕੋਈ ਫਾਇਦਾ ਨਾ ਹੋਇਆ। ਜ਼ਿਆ ਉਲ ਹੱਕ ਦੀ ਫੌਜੀ ਹਕੂਮਤ ਵੇਲੇ ਪੂਰੇ ਗਿਆਰਾਂ ਸਾਲ ਅਸੀਂ ਪੂਰੇ ਦੁੱਖ ਝੱਲੇ। ਉਸ ਤੋਂ ਮਗਰੋਂ ਵੀ ਕਦੀ ਕਿਸੇ ਨੇ ਸਾਡੀ ਬਾਤ ਨਹੀਂ ਪੁੱਛੀ। ਉਹ ਸਾਨੂੰ ਨਾ ਮਿਲਣ ਦੇ ਬਹਾਨੇ ਘੜਦੇ ਰਹੇ। ਉਹ ਸਿਰਫ ਚੋਣਾਂ ਦੇ ਵੇਲੇ ਆਉਂਦੇ ਨੇ। ਕੁਝ ਸਿਆਸਤਦਾਨ ਨਸ਼ੀਲੀਆਂ ਦਵਾਈਆਂ ਦੇ ਕਾਰੋਬਾਰ ਵਿਚ ਨੇ। ਇਕ ਪਾਸੇ ਤਾਂ ਉਹ ਹੱਜ ਕਰਦੇ ਨੇ ਤੇ ਦੂਜੇ ਪਾਸੇ ਜਦੋਂ ਉਨ੍ਹਾਂ ਤੋਂ ਸਾਡੀਆਂ ਔਰਤਾਂ ਦੇ ਗਰਭ ਠਹਿਰ ਜਾਂਦਾ ਏ ਤਾਂ ਉਹ ਉਨ੍ਹਾਂ ਨੂੰ ਗਰਭ ਗਿਰਾਉਣ ਲਈ ਮਜਬੂਰ ਕਰਦੇ ਨੇ। ਇਨ੍ਹਾਂ ਲੋਕਾਂ ਦਾ ਅਸੀਂ ਕੀ ਕਰੀਏ? ਅਫਸਰਸ਼ਾਹੀ ਵੀ ਅਜੀਬ ਏ। ਉਹ ਸਾਨੂੰ ਬੰਦੇ ਹੀ ਨਹੀਂ ਸਮਝਦੀ। ਸਾਨੂੰ ਇਹ ਵੀ ਪੱਕਾ ਨਹੀਂ ਲੱਗਦਾ ਕਿ ਅਸੀਂ ਆਪਣੇ ਮੁਲਕ ਪਾਕਿਸਤਾਨ ਵਿਚ ਰਹਿੰਦੇ ਹਾਂ, ਜਾਂ ਕਿ ਇਸਰਾਈਲ ਵਿਚ। ਉਹ ਕਿਸੇ ਕੁੜੀ ਦੇ ਸਿਰ ਤੇ ਸੋਨੇ ਦਾ ਤਾਜ ਰੱਖਕੇ ਉਹਨੂੰ ਮਲਿਕਾ-ਏ-ਤਰੱਨੁਮ ਜਾਂ ਮਲਿਕਾ-ਏ-ਗਜ਼ਲ ਕਹਿਣ ਲੱਗ ਪੈਂਦੇ ਨੇ ਤੇ ਸਾਡੀਆਂ ਬਾਕੀ ਕੁੜੀਆਂ ਨੂੰ ਗਸ਼ਤੀਆਂ ਦੱਸਦੇ ਨੇ।

ਮਹਿਮੂਦ ਲਗਾਤਾਰ ਉਸ ਦਮਨ ਬਾਰੇ ਬਿਆਨ ਕਰਦਾ ਰਿਹਾ ਜੋ ਉਹ ਝੱਲ ਰਹੇ ਸਨ,

'ਉਹ ਸਾਨੂੰ ਸਿਰਫ ਗਿਆਰਾਂ ਵਜੇ ਤੋਂ ਇਕ ਵਜੇ ਤੱਕ ਪੇਸ਼ਕਾਰੀ ਦਾ ਸਮਾਂ ਬੰਨ੍ਹਣ ਵਾਲੇ ਕੌਣ ਹੁੰਦੇ ਨੇ? ਅਸੀਂ ਮੰਨਦੇ ਹਾਂ ਕਿ ਇਕ ਵਜੇ ਖੜਾ ਕੁਵੇਲਾ ਏ, ਫੇਰ ਅਸੀਂ ਸ਼ਾਮ ਨੂੰ ਅੱਠ ਜਾਂ ਨੌਂ ਵਜੇ ਕਿਉਂ ਨਹੀਂ ਸ਼ੁਰੂ ਕਰ ਸਕਦੇ? ਰਮਜ਼ਾਨ ਦੇ ਮਹੀਨੇ ਰੋਜ਼ੇ ਰੱਖਣ ਲਈ ਸਾਥੋਂ ਇਕ ਮਹੀਨੇ ਲਈ ਸਾਡਾ ਕੰਮ ਬੰਦ ਕਰਵਾਇਆ ਜਾਂਦਾ ਏ। ਮੈਨੂੰ ਕੋਈ ਵੀ ਹੋਰ ਅਜਿਹਾ ਕਾਰੋਬਾਰ ਦੱਸ ਜਿਸਨੂੰ ਪੂਰੇ ਰਮਜ਼ਾਨ ਦੇ ਮਹੀਨੇ ਬੰਦ ਰਹਿਣਾ ਵਾਰਾ ਖਾਂਦਾ ਹੋਏ। ਮੁਹੱਰਮ ਦੇ ਮਹੀਨੇ ਉਹ ਸ਼ੋਕ ਮਨਾਉਣ ਲਈ ਸਾਡਾ ਕਾਰੋਬਾਰ ਜਬਰਦਸਤੀ ਤੇਰਾ ਦਿਨ ਤਕ ਬੰਦ ਰਖਵਾਉਂਦੇ ਨੇ। ਸਾਰੇ ਹੀ ਪਾਕਿਸਤਾਨ ਵਿਚ ਕਾਰੋਬਾਰ ਸਿਰਫ ਮੁਹੱਰਮ ਦੇ ਨੌਂਵੇ ਅਤੇ ਦਸਵੇਂ ਦਿਨ ਹੀ ਬੰਦ ਰਹਿੰਦਾ ਏ। ਇਥੋਂ ਤੱਕ ਕਿ ਸ਼ੀਆ ਵੀ ਅਪਣੇ ਕਾਰੋਬਾਰ ਚਾਲੂ ਰੱਖਦੇ ਨੇ, ਭਾਵੇਂ ਉਹ ਵੀ ਸ਼ੋਕ ਮਨਾਉਦੇ ਨੇ। ਸਾਡੀ ਆਪਣੇ ਹੱਕਾਂ ਲਈ ਲੜਾਈ ਬੜੀ ਔਖੀ ਏ।

ਜ਼ਮੁਰਾਦ ਨੇ ਆਪਣੀਆਂ ਭੇਫਣਾਂ ਸੁੰਗੇੜੀਆਂ ਤੇ ਬੋਲੀ, 'ਅਤੇ ਬਸੰਤ?' ਸ਼ਾਇਦ ਉਹ ਇਸ ਬਾਰੇ ਮਹਿਮੂਦ ਨੂੰ ਯਾਦ ਕਰਵਾਉਣਾ ਚਾਹੁੰਦੀ ਸੀ। ਉਹ ਕੁਝ ਬਹੁਤਾ ਕਹਿ ਨਹੀਂ ਰਹੀ ਸੀ, ਬੱਸ ਧਿਆਨ ਨਾਲ ਸੁਣ ਰਹੀ ਸੀ, ਜਿਵੇਂ ਇਹ ਵੇਖਣ ਲਈ ਕਿ ਮਹਿਮੂਦ ਸਾਰੇ ਮਹੱਤਵਪੂਰਨ ਮੁੱਦੇ ਚੁਕਦਾ ਜਾ ਰਿਹਾ ਏ ਕਿ ਨਹੀਂ। ਦੂਜੇ ਪਾਸੇ ਮਹਿਮੂਦ ਨੂੰ ਤਕਰੀਰ ਕਰਨੀ ਪਸੰਦ ਸੀ। ਉਸ ਦੇ ਬੋਲਣ ਦੇ ਢੰਗ ਤੋਂ ਉਸ ਦੇ ਸਿਆਸੀ ਜੀਵਨ ਦਾ ਸਾਰ ਲੱਭਦਾ ਸੀ। ਮੈਨੂੰ ਇੰਝ ਲੱਗਦਾ ਸੀ ਜਿਵੇਂ ਉਹ ਬੜੇ ਵੱਡੇ ਇਕੱਠ ਸਾਮ੍ਹਣੇ ਉੱਚੀ-ਉੱਚੀ ਬੋਲ ਰਿਹਾ ਹੋਏ ਅਤੇ ਠੀਕ ਸਮੇਂ ਤੇ ਜ਼ੋਰ ਦੇਣ ਲਈ ਵਿਚ ਰੁਕ ਜਾਂਦਾ ਹੋਏ।

ਮਹਿਮੂਦ ਨੇ ਫੌਰਨ ਪੁੱਛ ਕੇ ਇਸ ਦਾ ਹੁੰਗਾਰਾ ਦਿੱਤਾ, 'ਹੁਣ ਬਸੰਤ ਬਾਰੇ ਮੈਂ ਕੀ ਕਹਾਂ ਉਹ ਹਰੇਕ ਲਈ ਵਿਵਾਦ ਦਾ ਮੁੱਦਾ ਬਣਿਆ ਹੋਇਆ ਏ, ਇੱਥੋਂ ਤੱਕ ਕਿ ਧਾਰਮਿਕ ਤਿਉਹਾਰ ਵੀ, ਜਿਵੇਂ ਸ਼ਬ-ਏ-ਬਾਰਾਤ ਅਤੇ ਮਿਰਾਜ ਸ਼ਰੀਫ, ਵੀ ਮਨਾਉਣੇ ਔਖੇ ਹੋ ਗਏ ਨੇ। ਜਦੋਂ ਸਵੇਰੇ ਮੱਥਾ ਟੇਕਣ ਲਈ ਸਾਡੀਆਂ ਕੁੜੀਆਂ ਸਾਡੇ ਸੂਫੀ ਸੰਤ ਦਾਤਾ ਸਾਹਿਬ ਦੀ ਦਰਗਾਹ ਤੇ ਜਾਂਦੀਆਂ ਨੇ ਤਾਂ ਪੁਲਿਸ ਅਤੇ ਸਿਵਲ ਮੁਲਾਜ਼ਮ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਨੇ। ਉਹ ਕਹਿੰਦੇ ਨੇ ਕਿ ਉਨ੍ਹਾਂ ਦੀ ਨੀਅਤ ਹੋਰ ਏ।

ਸਾਨੂੰ ਅਜਿਹਾ ਦੁੱਖ ਅਯੂਬ ਖਾਨ ਦੀ ਹਕੂਮਤ ਵਿਚ ਨਹੀਂ ਕਦੀ ਝੱਲਣਾ ਪਿਆ ਲੋਕ ਕਹਿੰਦੇ ਨੇ ਕਿ ਅਯੂਬ ਦੀ ਹਕੂਮਤ ਵਿਚ ਵੀ ਇਸ ਬਾਜ਼ਾਰ ਨੂੰ ਬੰਦ ਹੋਣਾ ਪਿਆ ਸੀ, ਪਰ ਇਹ ਗਲਤ ਹੈ। ਉਹਨੇ ਮਹਿਜ਼ ਟਿੱਬੀ ਗਲੀ ਦਾ ਇਲਾਕਾ ਬੰਦ ਕੀਤਾ ਸੀ ਜਿੱਥੇ ਤੀਵੀਆਂ ਸਿਰਫ ਜਿਸਮਫਰੋਸ਼ੀ ਕਰਦੀਆਂ ਸੀ ਤੇ ਗੀਤ-ਨਾਚ ਨਾਲ ਉਨ੍ਹਾਂ ਦਾ ਦੂਰ ਦਾ ਵੀ ਸਬੰਧ ਨਹੀਂ ਸੀ। ਮੇਰਾ ਵਿਚਾਰ ਹੈ ਕਿ ਇਹ ਉਹਨੇ ਗਲਤ ਕੀਤਾ ਸੀ ਕਿਉਂਕਿ ਉੱਥੋਂ ਦੀਆਂ ਚਾਰ-ਪੰਜ ਸੌ ਔਰਤਾਂ ਉਹ ਬਾਜ਼ਾਰ ਛੱਡ ਕੇ ਸ਼ਹਿਰ ਦੇ ਹੋਰ ਹਿੱਸਿਆਂ ਵਿਚ ਆਬਾਦ ਹੋ ਗਈਆਂ ਸਨ। ਜਦੋਂ ਲੋਕਾਂ ਨੇ ਇਸ ਵਿਰੁੱਧ ਰੌਲਾ ਪਾਇਆ ਤਾਂ ਕੁਝ ਲੋਕਾਂ ਨੂੰ ਮੁੜਨ ਦੇ ਦਿੱਤਾ ਗਿਆ ਸੀ। ਜਗ੍ਹਾ ਉਹ ਅਜੇ ਵੀ ਬੰਦ ਹੈ ਪਰ ਧੰਦਾ ਬੰਦ ਨਹੀਂ।'

'ਅਯੂਬ ਖਾਨ ਨੇ ਗਾਉਣ-ਵਜਾਉਣ ਕਦੇ ਬੰਦ ਨਹੀਂ ਕੀਤਾ। ਉਹ ਕਰਦਾ ਵੀ ਕਿਵੇਂ? ਉਹ ਇਕ ਪਠਾਣ ਸੀ ਅਤੇ ਪਠਾਣ ਸਾਡੇ ਵੱਡੇ ਗਾਹਕ ਹੁੰਦੇ ਨੇ। ਉਹ ਤਿਉਹਾਰ ਤੇ ਸਾਨੂੰ ਗਾਉਣ ਲਈ ਬੁਲਾਉਂਦੇ ਨੇ। ਅਸੀਂ ਅਯੂਬ ਖਾਨ ਦੇ ਬੱਚਿਆਂ ਦੇ ਵਿਆਹਾਂ ਤੇ ਮਨੋਰੰਜਨ ਦੇ ਪ੍ਰਬੰਧ ਆਪ

ਕੀਤੇ ਨੇ। ਉਸ ਦੀ ਧੀ ਅਤੇ ਉਸ ਦੇ ਪੁੱਤਰ ਦੀ ਲਾੜੀ ਦਾ ਮੇਕਅੱਪ ਕਰਨ ਵਾਲੀ ਬਿਊਟੀਸ਼ਨ ਰੇਬੇਕਾ ਸਾਡੀ ਆਪਣੀ ਕੁੜੀ ਸੀ। ਕੀ ਇਹ ਮਾੜਾ ਸੀ ਕਿ ਅਸੀਂ ਇਕ ਫੰਕਸ਼ਨ ਕਰਨ ਉਸ ਦੇ ਘਰ ਗਏ ਸੀ? ਨਹੀਂ ਇਹ ਪ੍ਰਵਾਣਤ ਸੀ ਕਿਉਂਕਿ ਉਸਦਾ ਸਿਆਸੀ ਅਤੇ ਸਮਾਜਕ ਰੁਤਬਾ ਸੀ, ਪਰ ਉਦੋਂ ਇਹ ਸਾਰਾ ਠੀਕ ਨਹੀਂ ਹੁੰਦਾ ਜਦੋਂ ਅਸੀਂ ਕਿਧਰੇ ਹੋਰ ਜਾਦੇ ਹਾ। ਹੁਣ ਉਹ ਸਾਨੂੰ ਇਸ ਲਈ ਪਰੇ ਧੱਕ ਰਹੇ ਨੇ ਕਿਉਂਕਿ ਉਨ੍ਹਾਂ ਦੀਆਂ ਆਪਣੀ ਕੁੜੀਆਂ ਟੈਲੀਵਿਜ਼ਨਾਂ ਤੇ ਆਉਣ ਲੱਗ ਪਈਆਂ ਨੇ ਇਸ ਲਈ ਸਾਡੀਆਂ ਕੁੜੀਆਂ ਦੀ ਥਾ ਗਾ ਵੀ ਲੈਂਦੀਆਂ ਨੇ? ਉਨ੍ਹਾਂ ਦਾ ਕਹਿਣਾ ਏ ਅਸੀ ਉਨ੍ਹਾਂ ਦੀਆ ਕਦਰਾਂ-ਕੀਮਤਾਂ ਲਈ ਖਤਰਾ ਹਾ ਤੇ ਜਦੋਂ ਹੋਰ ਵੱਡੇ ਲੋਕਾਂ ਤੇ ਫੌਜੀ ਅਫਸਰਾਂ ਦੀਆਂ ਧੀਆਂ ਪੱਛਮੀ ਅੰਦਾਜ਼ ਵਿਚ ਟੈਲੀਵਿਜ਼ਨਾ ਤੇ ਥਿਰਕਦੀਆਂ ਨੇ ਉਦੋਂ ਸਭ ਠੀਕ ਹੁੰਦਾ ਏ। ਜਦੋਂ ਇਹ ਕੁੜੀਆਂ ਗਾ ਰਹੀਆਂ ਹੁੰਦੀਆਂ ਨੇ ਉਦੋਂ ਇਹ ਚਾਦਰ ਔਰ ਚਾਰਦੀਵਾਰੀ ਦੇ ਹੱਕ ਵਿਚ ਹੁੰਦੀਆਂ ਨੇ? ਉਹ ਆਪਣੇ ਕੰਮ ਲਈ ਪੈਸੇ ਨਹੀਂ ਲੈਂਦੀਆਂ?

1978 ਤੋਂ 1988 ਤੱਕ ਅਸੀਂ ਜਿਵੇਂ ਵੀ ਹੋ ਸਕਿਆ ਜਨਰਲ ਜ਼ੀਆ ਉਲ ਹੱਕ ਦੀ ਇਮਦਾਦ ਕੀਤੀ ਇਸ ਦੇ ਬਾਵਜੂਦ ਵੀ ਉਹਦੇ ਬੰਦੇ ਸਾਡੇ ਨਾਲ ਸਖ਼ਤੀ ਨਾਲ ਪੇਸ਼ ਆਉਂਦੇ ਰਹੇ ਤੇ ਸਾਨੂੰ ਦਬਾਉਣ ਲਈ ਹਰ ਢੰਗ ਵਰਤਦੇ ਰਹੇ। ਜ਼ੀਆ ਉਲ ਹੱਕ ਦੇ ਮਾਰਸ਼ਲ ਲਾਅ ਵੇਲੇ ਅਸੀਂ ਬੜੇ ਕਸ਼ਟ ਭੋਗੇ। ਜ਼ੀਆ ਉਲ ਹੱਕ ਦੇ ਟੈਲੀਵਿਜ਼ਨ ਤੇ ਬਿਆਨ ਇਸ ਤਰ੍ਹਾਂ ਦੇ ਆਉਂਦੇ ਰਹੇ ਜਿਵੇਂ, 'ਮਲਿਕਾ-ਏ-ਤਰੰਨੁਮ ਨੂਰ ਜਹਾਂ ਨੂੰ ਸੁਣ ਕੇ ਮੇਰਾ ਅਕੀਦਾ ਬਿਲਕੁਲ ਨਹੀਂ ਤਿੜਕੇਗਾ!' ਸਾਡੀ ਮਹਾਨ ਕਲਾਕਾਰ ਦੀ ਵਡਿਆਈ ਦੇ ਖਿਲਾਫ ਅਜਿਹੇ ਬਿਆਨਾਂ ਨੇ ਸਾਨੂੰ ਬੜਾ ਦੁੱਖ ਦਿੱਤਾ। ਜਿਹੜੀਆਂ ਅਦਾਕਾਰਾਂ ਤੇ ਗਾਇਕਾਵਾਂ ਅੱਜ ਫਿਲਮੀ ਦੁਨੀਆ ਵਿਚ ਸ਼ੋਹਰਤ ਦੀ ਬੁਲੰਦੀ ਤੇ ਨੇ ਉਹ ਸਾਡੇ ਵਿਚੋਂ ਹੀ ਨੇ ਪਰ ਉਹ ਸਤਿਕਾਰਯੋਗ ਵੀ ਨੇ। ਸਾਡੀਆਂ ਕੁੜੀਆਂ ਧਾਰਮਿਕ ਨੇ; ਉਹ ਸੰਵੇਦਨਸ਼ੀਲ ਨੇ। ਸਾਡੀਆਂ ਵੀ ਕੁਝ ਕੁੜੀਆਂ ਜਿਹੜੀਆਂ ਇਸ ਧੰਦੇ ਵਿਚ ਨਹੀਂ ਪਈਆਂ ਠੀਕ ਢੰਗ ਨਾਲ ਵਿਆਹੀਆਂ ਗਈਆਂ ਨੇ। ਉਹ ਇਕੱਲ ਵਿਚ ਪਲੀਆਂ ਨੇ। ਸਾਡੇ ਆਪਣੇ ਢੰਗ ਅਤੇ ਰਵਾਇਤਾਂ ਨੇ। ਅਸੀਂ ਉਨ੍ਹਾਂ ਨੂੰ ਪੜ੍ਹਾਉਂਦੇ ਤੇ ਸਿਖਲਾਈ ਦਿੰਦੇ ਹਾਂ। ਸਾਡੇ ਸਿਸਟਮ ਨੂੰ ਸਮਝੇ ਵਗੈਰ ਕਿਸੇ ਨੂੰ ਸਾਨੂੰ ਉਂਝ ਹੀ ਨਹੀਂ ਨਿੰਦਦੇ ਰਹਿਣਾ ਚਾਹੀਦਾ। ਸਾਨੂੰ ਆਸ ਸੀ ਕਿ ਜਮਹੂਰੀਅਤ ਸਾਡੇ ਲਈ ਕੁਝ ਆਜ਼ਾਦੀ ਲਿਆਏਗੀ ਅਤੇ ਅਸੀਂ ਵੀ ਮੁਲਕ ਦੇ ਨਾਗਰਿਕਾਂ ਵਾਂਗ ਆਪਣੇ ਹੱਕ ਵਰਤਣ ਦਾ ਮੌਕਾ ਪਾ ਜਾਵਾਂਗੇ। ਸਾਡੇ ਲਈ ਤਾਂ ਕੋਈ ਵੀ ਦੂਜੀ ਹਕੂਮਤ ਪਹਿਲੀ ਨਾਲੋਂ ਬੇਹਤਰ ਸਾਬਤ ਨਹੀਂ ਹੋਈ। ਅਸੀਂ ਦੇਖਾਂਗੇ ਕਿ ਭਵਿੱਖ ਸਾਡੇ ਲਈ ਕੀ ਲੈ ਕੇ ਆਉਂਦਾ ਏ।

'ਕਰੀਬ ਦਸ-ਪੰਦਰਾਂ ਦਿਨਾਂ ਦੀ ਗੱਲ ਏ ਕਿ ਹੁਣੇ ਜਿਹੇ ਤੈਨਾਤ ਹੋਏ ਪੁਲਿਸ ਥਾਣੇ ਦੇ ਇੰਚਾਰਜ ਨੇ ਮੈਨੂੰ ਰਾਤ ਦੇ ਗਿਆਰਾਂ ਵਜੇ ਬੁਲਾ ਲਿਆ। ਉਹਨੇ ਮੈਨੂੰ ਬੈਠ ਜਾਣ ਲਈ ਕਿਹਾ ਅਤੇ ਦੱਸਿਆ ਕਿ ਉਹਦੇ ਸੀਨੀਅਰ ਅਫਸਰਾਂ ਨੂੰ ਮੇਰੇ ਖਿਲਾਫ ਕੋਈ ਇਤਰਾਜ਼ ਏ। ਉਹ ਨਹੀਂ ਚਾਹੁੰਦੇ ਕਿ ਮੈਂ ਰਾਤ ਨੂੰ ਬਾਜ਼ਾਰ ਵਿਚ ਘੁੰਮਦਾ ਫਿਰਾਂ। ਮੈਂ ਉਹਨੂੰ ਦੱਸਿਆ ਕਿ ਇਹ ਮੇਰਾ ਇਲਾਕਾ ਏ ਤੇ ਮੈ ਆਪਣੇ ਲੋਕਾਂ ਦਾ ਲੀਡਰ ਹਾਂ। ਮੇਰੀਆਂ ਭੈਣਾਂ ਅਤੇ ਧੀਆਂ ਇੱਥੇ ਹੀ ਰਹਿੰਦੀਆਂ ਨੇ, ਹਾਲਾਂਕਿ ਮੇਰੇ ਟੱਬਰ ਦਾ ਕੋਈ ਜੀਅ ਇਸ ਇਲਾਕੇ ਵਿਚ ਕੋਈ ਧੰਦਾ ਨਹੀਂ ਕਰਦਾ, ਪਰ ਇਹ ਮੇਰੇ ਬੰਦੇ ਨੇ। 'ਮੈਂ ਬਾਹਰ ਕਿਉਂ ਨਾ ਨਿੱਕਲਾਂ?', ਮੈਂ ਪੁੱਛਿਆ, 'ਪਹਿਲਾਂ

ਕਦੀ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਮੈਂ ਉਹਨੂੰ ਦੱਸਿਆ ਕਿ ਉਹਨੂੰ ਚਿੰਤਾ ਸਿਰਫ ਇਸ ਗੱਲ ਦੀ ਹੋਣੀ ਏਂ ਕਿ ਅਸੀਂ ਦੋ ਵਾਰੀ ਚੋਣ ਜਿੱਤ ਚੁੱਕੇ ਹਾ ਅਤੇ ਇੰਸਪੈਕਟਰ ਜਨਰਲ ਪੁਲਿਸ ਦੇ ਦਿਮਾਗ ਵਿਚ ਇਸ ਵਾਰੀ ਕੋਈ ਉਹਦਾ ਬੰਦਾ ਬੈਠਾ ਹੋਣਾ ਏਂ। ਇਹ ਸਾਰੀ ਸਿਆਸੀ ਖੇਡ ਏ। ਉਹ ਸਾਡੇ ਤੇ ਦਬਾਉ ਪਾਉਣਾ ਚਾਹੁੰਦੇ ਨੇ ਪਰ ਇਹ ਇੰਝ ਨਹੀਂ ਚੱਲਣਾ।'

ਹਮਦਰਦੀ ਨਾਲ ਮੈਂ ਮਹਿਮੂਦ ਨੂੰ ਕਿਹਾ ਕਿ ਇਸ ਤਰ੍ਹਾਂ ਦੇ ਅੰਨ੍ਹੇ ਵਿਤਕਰੇ ਬਾਰੇ ਮੈਂ ਵੀ ਕਾਫੀ ਕੁਝ ਸੁਣਿਆਂ ਹੋਇਆ ਏ। ਮੈਂ ਅੱਗੇ ਕਿਹਾ, 'ਉਹ ਕੀ ਖਾਸ ਚੀਜ਼ ਏ ਜਿਸ ਦੀ ਮੰਗ ਸਰਕਾਰ ਕੋਲੋਂ ਤੁਹਾਡੀ ਇਹ ਜਥੇਬੰਦੀ ਕਰਦੀ ਏ?'

ਖੀਰ ਨੂੰ ਸੰਘ ਵਿਚੋਂ ਲੰਘਾਉਂਦੇ ਹੋਏ ਉਹਨੇ ਜਵਾਬ ਦਿੱਤਾ, 'ਅਸੀਂ ਚਾਹੁੰਦੇ ਹਾਂ ਕਿ ਉਵੇਂ ਹੋਵੇ ਜਿਵੇਂ 1970ਵਿਆਂ ਵਿਚ ਸਨ। ਉਦੋਂ ਸਾਡੀ ਹਿਫਾਜ਼ਤ ਸੀ। ਅਸੀਂ ਕਲਾਕਾਰਾਂ ਦੇ ਤੌਰ ਤੇ ਖੁਲ੍ਹ ਕੇ ਮਨੋਰੰਜਨ ਆਪਣੇ ਘਰਾਂ ਵਿਚ ਕਰ ਸਕਦੇ ਸੀ।' ਉਹਨੇ ਆਪਣੀ ਪਲੇਟ ਟੇਬਲ ਤੇ ਰੱਖੀ ਅਤੇ ਸਿੱਧਾ ਮੇਰੇ ਵੱਲ ਦੇਖਣ ਲੱਗਾ।' 1978 ਵਿਚ ਹਾਈ ਕੋਰਟ ਵੱਲੋਂ ਪਾਸ ਕੀਤਾ। ਇਕ ਆਰਡਰ ਸਾਡੇ ਕੋਲ ਹੈ ਜਿਸ ਰਾਹੀਂ ਸਾਨੂੰ ਸਾਢੇ ਦਸ ਵਜੇ ਤੋਂ ਇਕ ਵਜੇ ਰਾਤ ਤੱਕ ਧੰਦਾ ਕਰਨ ਦੀ ਇਜਾਜ਼ਤ ਹੈ, ਪਰ ਹੁਣ ਅਸੀਂ ਗਿਆਰਾਂ ਵਜੇ ਤੋਂ ਪਹਿਲਾਂ ਸ਼ੁਰੂ ਹੀ ਨਹੀਂ ਕਰ ਸਕਦੇ। ਅਸੀਂ ਜਦੋਂ ਹੋਰ ਥਾਵਾਂ ਤੇ ਪੇਸ਼ਕਾਰੀ ਕਰਨ ਲਈ ਆਪਣੀਆਂ ਕੁੜੀਆਂ ਨੂੰ ਲੈ ਕੇ ਜਾਂਦੇ ਸੀ ਤਾਂ ਅਸੀਂ ਪੁਲਿਸ ਨੂੰ ਵੀ ਦੱਸ ਸਕਦੇ ਸੀ।

ਇਸ ਨਾਲ ਜਿੱਥੇ ਉਹ ਗਈਆਂ ਹੁੰਦੀਆਂ ਸਨ ਉੱਥੇ ਕਿਸੇ ਵੀ ਕਿਸਮ ਦੀ ਮਾੜੀ ਘਟਨਾ ਤੋਂ ਉਨ੍ਹਾਂ ਦੀ ਹਿਫ਼ਾਜ਼ਤ ਰਹਿੰਦੀ ਸੀ। ਸਾਨੂੰ ਉਹੀ ਚੀਜ਼ ਮੁੜ ਚਾਹੀਦੀ ਏ। ਇਨ੍ਹਾਂ ਦਿਨਾਂ ਵਿਚ ਸਰਕਾਰੀ ਪਾਬੰਦੀਆਂ ਤਾਂ ਜੋ ਹਨ ਸੋ ਹਨ ਸਭ ਤੋਂ ਭੈੜੀ ਤਾਂ ਪੁਲਿਸ ਹੋਈ ਫਿਰਦੀ ਏ। ਉਹ ਕਾਨੂੰਨ ਦੀ ਦੁਰਵਰਤੋਂ ਕਰਕੇ ਇਨ੍ਹਾਂ ਪਾਬੰਦੀਆਂ ਨੂੰ ਸਾਡੇ ਕੋਲੋਂ ਪੈਸਾ ਮੁੱਛਣ ਲਈ ਵਰਤਦੇ ਨੇ। ਪਰ ਉਹ ਸਾਨੂੰ ਦਬਾਉਣ ਵਿਚ ਕਦੀ ਕਾਮਯਾਬ ਨਹੀਂ ਹੋਣ ਲੱਗੇ।

ਉਹਨੇ ਅੱਗੇ ਕਿਹਾ, 'ਹੁਣ ਵਿਆਹਾਂ, ਜਨਮ ਦਿਨ ਦੀਆਂ ਪਾਰਟੀਆਂ ਤੇ ਹੋਰ ਪ੍ਰੋਗਰਾਮ ਕਰਨ ਲਈ ਸਾਨੂੰ ਆਪਣੀਆਂ ਕੁੜੀਆਂ ਨੂੰ ਬਾਹਰ ਭੇਜਣਾ ਔਖਾ ਹੋਇਆ ਪਿਆ ਏ। ਸਾਨੂੰ ਹਮੇਸ਼ਾ ਡਰ ਰਹਿੰਦਾ ਏ ਕਿ ਕੋਈ ਬਹਾਨਾ ਲਾ ਕੇ ਪੁਲਿਸ ਉਨ੍ਹਾਂ ਨੂੰ ਫੜ ਲਏਗੀ। ਉਨ੍ਹਾਂ ਦੀ ਕੋਈ ਸੁਰੱਖਿਆ ਨਹੀਂ ਏ। ਪੁਲਿਸ ਨੇ ਨਾਕੇ ਲਾਏ ਹੋਏ ਹਨ ਜਿੱਥੇ ਉਹ ਕਿਸੇ ਵੀ ਮਰਦ ਔਰਤ ਨੂੰ ਇਕੱਠਿਆਂ ਜਾਂਦਾ ਦੇਖ ਕੇ ਪੁੱਛ-ਪੜਤਾਲ ਕਰਨ ਬਹਿ ਜਾਂਦੇ ਨੇ। ਜੇ ਕੁੜੀ ਕਹਿੰਦੀ ਏ ਕਿ ਉਹ ਆਪਣੇ ਉਸਤਾਦ ਜਾਂ ਭਰਾ ਨਾਲ ਏ ਤਾਂ ਉਹ ਇਸ ਨੂੰ ਝੂਠ ਸਮਝਦੇ ਨੇ। ਉਹ ਕਹਿੰਦੇ ਨੇ, 'ਥੋਡੇ ਵਰਗੀਆਂ ਦੇ ਵੀ ਭਰਾ ਹੁੰਦੇ ਨੇ? ਸਾਨੂੰ ਇਸ ਵਿਤਕਰੇ ਤੇ ਇਤਰਾਜ਼ ਏ। ਅਸੀਂ ਜਕਾਤ, ਉਸਰ ਦਿੰਦੇ ਹਾਂ ਅਤੇ ਹਰ ਤਰ੍ਹਾਂ ਦੀ ਡੂਨੇਸ਼ਨ ਵੀ ਮਰਜ਼ੀ ਨਾਲ ਦਿੰਦੇ ਹਾਂ ਜਿਵੇਂ ਖਾਣਾ, ਕੱਪੜੇ ਅਤੇ ਪੈਸਾ ਆਦਿ। ਸਾਡੀ ਇੱਥੇ ਜੋ ਜਾਇਦਾਦ ਹੈ ਅਸੀਂ ਉਹਦੇ ਤੇ ਟੈਕਸ ਦਿੰਦੇ ਹਾਂ। ਅਸੀਂ ਬਿਜਲੀ, ਪਾਣੀ ਅਤੇ ਹੋਰ ਸਹੂਲਤਾਂ ਦਾ ਬਿਲ ਵਪਾਰਕ ਰੇਟਾਂ ਤੇ ਦਿੰਦੇ ਹਾਂ। ਉਸ ਵੇਲੇ ਤਾਂ ਅਸੀਂ ਮੁਸਲਮਾਨ ਅਤੇ ਪਾਕਿਸਤਾਨੀ ਹੀ ਹੁੰਦੇ ਹਾਂ ਪਰ ਜਦੋਂ ਸਾਡੇ ਹੱਕਾਂ ਦੀ ਗੱਲ ਆਉਂਦੀ ਏ ਤਾਂ ਅਸੀਂ ਇਨ੍ਹਾਂ ਵਿਚੋਂ ਇਕ ਵੀ ਨਹੀਂ ਹੁੰਦੇ।

ਮਹਿਮੂਦ ਦੀ ਆਵਾਜ਼ ਹੋਰ ਤੇਜ਼ ਹੁੰਦੀ ਗਈ। ਉਸ ਨੂੰ ਖੁਸ਼ੀ ਸੀ ਕਿ ਉਸ ਕੋਲ ਉਹ ਕੁਝ

ਸੁਣਨ ਲਈ ਸਰੋਤਾ ਹੈ ਜੋ ਉਹਨੇ ਅਧਿਕਾਰੀਆਂ ਨੂੰ ਦੱਸਣਾ ਸੀ। ਉਹ ਕਹਿੰਦਾ ਗਿਆ, ' ਅਸੀਂ ਨਹੀਂ ਚਾਹੁੰਦੇ ਕਿ ਅਸੀਂ ਬਾਹਰ ਜਾਕੇ ਲੋਕਾ ਤੋਂ ਦਿਆ ਦੀ ਭੀਖ ਮੰਗੀਏ। ਅਸੀਂ ਆਪਣੇ ਲੋਕਾਂ ਲਈ ਕੰਮ ਕਰਨਾ ਚਾਹੁੰਦੇ ਹਾਂ। ਤੁਸੀਂ ਭਾਵੇਂ ਮਹਿਸੂਸ ਨਾ ਕਰਦੇ ਹੋਵੋ ਪਰ ਇੱਥੇ ਸਾਡੀ ਹਾਲਤ ਕੈਦੀਆ ਤੋਂ ਵੀ ਬਦਤਰ ਏ। ਕੈਦੀ ਘੱਟੋ-ਘੱਟ ਆਪਣੇ ਇਲਾਕੇ ਵਿਚ ਤਾਂ ਫਿਰ ਸਕਦੇ ਹਨ ਪਰ ਇੱਥੇ ਜੇ ਸਾਡੀਆਂ ਕੁੜੀਆਂ ਬਾਜ਼ਾਰ ਵਿਚ ਵੀ ਨਿੱਕਲਦੀਆਂ ਹਨ ਤਾਂ ਪੁਲਿਸ ਸ਼ੱਕ ਕਰਦੀ ਏ ਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੀ ਏ। ਉਹ ਸ਼ਾਂਤੀ ਨਾਲ ਬਾਜ਼ਾਰ ਵਿਚੋਂ ਲੰਘ ਵੀ ਨਹੀਂ ਸਕਦੀਆਂ। ਜੇ ਅਸੀਂ ਕਾਨੂੰਨ ਦਾ ਬੂਹਾ ਖੜਕਾਉਂਦੇ ਹਾਂ ਤੇ ਸੁਰੱਖਿਆ ਲਈ ਵਕੀਲ ਕਰਦੇ ਹਾਂ ਤਾਂ ਪੁਲਿਸ ਸਾਡੇ ਤੇ ਝੂਠੀਆਂ ਤੋਹਮਤਾਂ ਲਾਉਣ ਦਾ ਦੋਸ਼ ਘੜਦੀ ਹੈ। ਇਸੇ ਤਰ੍ਹਾਂ ਉਹ ਸਾਡੇ ਤੇ ਬੰਦੂਕਾਂ ਰੱਖਣ, ਹਿਰੋਇਨ ਵਰਤਣ, ਜੂਆ ਖੇਡਣ ਅਤੇ ਹੋਰ ਪਤਾ ਨਹੀਂ ਕੀ ਕੀ ਝੂਠੇ ਦੋਸ਼ ਲਾਉਂਦੀ ਰਹਿੰਦੀ ਏ, ਜੋ ਵੀ ਪੁਲਿਸ ਚਾਹੇ। ਇਕ ਵਾਰੀ ਪੁਲਿਸ ਨੂੰ ਮੈਨੂੰ ਜੇਲ੍ਹ ਵਿਚ ਡੱਕ ਦਿੱਤਾ। ਪੂਰਾ ਮੁਹੱਲਾ ਵਿਰੋਧ ਵਿਚ ਨਿੱਕਲ ਆਇਆ। ਪੁਲਿਸ ਦਾ ਕਹਿਣਾ ਸੀ ਕਿ ਉਹ ਮੈਨੂੰ ਨਹੀਂ ਛੱਡੇਗੀ ਕਿਉਂਕਿ ਇਥੇ ਸਭ ਕੁਝ ਮੇਰਾ ਕੀਤਾ ਕਰਾਇਆ ਹੁੰਦਾ ਏ। ਪ੍ਰੋਵਿੰਸ਼ਲ ਅਸੰਬਲੀ ਦਾ ਇਕ ਮੈਂਬਰ ਵਿਚ ਪਿਆ ਤਾਂ ਕਿਤੇ ਮੇਰਾ ਛੁਟਕਾਰਾ ਹੋਇਆ। ਪਰ ਇਹਦਾ ਕੀ ਫਾਇਦਾ? ਸਿਆਸਤਦਾਨ ਜਦੋਂ ਮਰਜ਼ੀ ਸਾਨੂੰ ਬੰਦ ਕਰਵਾ ਦਿੰਦੇ ਨੇ ਅਤੇ ਫੇਰ ਸਾਨੂੰ ਅਹਿਸਾਨ ਥੱਲੇ ਰੱਖਣ ਲਈ ਉਹ ਸਾਨੂੰ ਛੁਡਵਾ ਦਿੰਦੇ ਨੇ।

'ਮੈਂ ਤੈਨੂੰ ਦੱਸਦਾ ਹਾਂ ਕਿ ਇਕ ਵਾਰੀ ਕੀ ਹੋਇਆ। ਇਹ 7 ਅਤੇ 8 ਮਈ ਦੀ ਵਿਚਲੀ ਰਾਤ ਸੀ ਅਤੇ ਰਮਜ਼ਾਨ ਦੇ ਮਹੀਨੇ ਦਾ 20ਵਾਂ ਅਤੇ 21ਵਾਂ ਦਿਨ ਸੀ। ਅਸੀਂ ਆਪਣੇ ਇਲਾਕੇ ਦੇ ਅੰਦਰ ਆਉਣ ਵਾਲੇ ਰਾਹ ਤੇ ਲੱਗੇ ਨਾਕੇ ਬਾਰੇ ਪੁਲਿਸ ਥਾਣੇ ਜਾਣ ਦੀ ਸਲਾਹ ਬਣਾ ਰਹੇ ਸੀ। ਪ੍ਰਸ਼ਾਸ਼ਨ ਵੀ ਬੜਾ ਅਜੀਬ ਏ ਇਹ ਉਹ ਸੜਕਾਂ ਦੇ ਉੱਤੇ ਹੀ ਪੁਲਿਸ ਨਾਕੇ ਲਗਵਾ ਦਿੰਦਾ ਏ। ਅਸੀਂ ਹਜ਼ਰਤ ਅਲੀ (ਆਰ. ਏ.) ਦੀ ਜ਼ਿਆਰਤ ਕੱਢਣ ਦੀ ਸਲਾਹ ਬਣਾ ਰਹੇ ਸੀ ਅਤੇ ਰਾਹ ਮਿੱਥ ਕੇ ਇਸ ਬਾਰੇ ਪੁਲਿਸ ਨੂੰ ਦੱਸਣ ਦੀ ਸਲਾਹ ਕਰ ਰਹੇ ਸੀ। ਤੁਸੀਂ ਮਰਦਾਂ ਅਤੇ ਔਰਤਾਂ ਲਈ ਵੱਖਰੇ ਰਾਹ ਮਿੱਥਣੇ ਹੁੰਦੇ ਨੇ। ਮੈਂ ਇਕ ਮੀਟਿੰਗ ਸੱਦੀ ਹੋਈ ਸੀ ਅਤੇ ਪ੍ਰਬੰਧ ਕਰਨ ਲਈ ਯੋਗਦਾਨ ਇਕੱਠਾ ਕਰ ਰਹੇ ਸੀ। ਜ਼ਰਾ ਅੰਦਾਜ਼ਾ ਲਾਉ ਉਨ੍ਹਾਂ ਨੇ ਮੇਰੇ ਤੇ ਜੂਏ ਦਾ ਦੋਸ਼ ਮੜ੍ਹ ਦਿੱਤਾ। ਮੈਂ ਆਪਣੇ ਲੋਕਾਂ ਦਾ ਲੀਡਰ ਹਾਂ ਅਤੇ ਸ਼ੀਆ ਮਤ ਦਾ ਮੈਂਬਰ ਹਾਂ। ਮੈਂ ਸ਼ੀਆ ਸੰਗਠਨ ਦਾ ਸਕੱਤਰ ਵੀ ਹਾਂ। ਅਸੀਂ ਉਨ੍ਹਾਂ ਦੀ ਭੇਟਾ ਆਪਣੇ ਹੱਥਾਂ ਵਿਚ ਫੜ ਰਹੇ ਸੀ ਅਤੇ ਇਹ ਸਭ ਕੁਝ ਅਸੀਂ ਆਪਣੇ ਮੁੰਡਿਆਂ ਨੂੰ ਫੜਾ ਰਹੇ ਸੀ ਕਿ ਉਹ ਮਿੱਥੇ ਥਾਵਾਂ ਤੇ ਲੋਕਾਂ ਵਿਚ ਤਬੱਰੁਕ ਵੰਡ ਦੇਣ। ਪੁਲਿਸ ਨੇ ਛਾਪਾ ਮਾਰਿਆ ਤੇ ਸਾਨੂੰ ਫੜ ਲਿਆ, ਘੜੀਸ ਕੇ ਪੁਲਿਸ ਥਾਣੇ ਲੈ ਗਈ ਅਤੇ ਸਾਨੂੰ ਕੁੱਟਣ ਲੱਗੀ। ਇਹੀ ਕਾਰਨ ਸੀ ਕਿ ਲੜਾਈ ਸ਼ੁਰੂ ਹੋ ਗਈ। ਲੋਕਾਂ ਨੇ ਪ੍ਰਤੀਕਿਰਿਆ ਕੀਤੀ ਅਤੇ ਮੰਗ ਕੀਤੀ ਕਿ ਇਸ ਮਾਮਲੇ ਦੀ ਸੁਣਵਾਈ ਖੁਲ੍ਹੀ ਕੀਤੀ ਜਾਵੇ। ਉਹ ਚਾਹੁੰਦੇ ਸੀ ਕਿ ਕੋਈ ਬਾਹਰੋਂ ਸਾਂਝਾ ਬੰਦਾ ਲਿਆਂਦਾ ਜਾਵੇ ਜੋ ਫੈਸਲਾ ਕਰੇ ਕਿ ਦੋਸ਼ ਸੱਚੇ ਸਨ ਜਾਂ ਝੂਠੇ। ਇਕ ਬੰਦਾ ਜਿਹੜਾ ਹਰ ਸਾਲ ਹਜ਼ਰਤ ਅਲੀ (ਆਰ ਏ) ਦੀ ਜ਼ਿਆਰਤ ਵਿਚ ਸਰਗਰਮੀ ਨਾਲ ਹਿੱਸਾ ਲੈਂਦਾ ਹੋਵੇ, ਉਹ ਰਮਜ਼ਾਨ ਦੇ ਦਿਨਾਂ ਵਿਚ ਜੂਆ ਖੇਡੇਗਾ?'

'ਅਸੀਂ ਕਾਨੂੰਨੀ ਰਾਹ ਫੜਿਆ। ਜਿਸ ਪ੍ਰਸ਼ਾਸਨ ਨੇ ਸਾਡੀ ਅਪੀਲ ਸੁਣ ਕੇ ਫੈਸਲਾ ਕਰਨਾ ਸੀ ਉਹ ਸਗੋਂ ਹੋਰ ਦਮਨ ਤੇ ਉੱਤਰ ਆਇਆ। ਉਹ ਜਿੰਨਾਂ ਸਾਨੂੰ ਦਬਾ ਸਕਦੇ ਸੀ

ਦਬਾਇਆ, ਪਰ ਉਹ ਭੋਰਾ ਵੀ ਨਹੀਂ ਜਾਣਦੇ ਸੀ ਕਿ ਸਾਨੂੰ ਦਬਾਇਆ ਨਹੀਂ ਜਾ ਸਕਦਾ। ਸਮਾਜ ਸਾਡੇ ਤੇ ਐਨਾਂ ਜ਼ੁਲਮ ਕਿਵੇਂ ਕਰ ਸਕਦਾ ਏ? ਅਸੀਂ ਉਨ੍ਹਾਂ ਨੂੰ ਕਲਾ, ਸੰਗੀਤ ਅਤੇ ਕਵਿਤਾ ਦਿੱਤੀ ਏ ਅਤੇ ਦੇਖ ਲਉ ਉਹ ਸਾਨੂੰ ਕੀ ਦਿੰਦੇ ਨੇ।'

ਜਦੋਂ ਅਸੀਂ ਗੱਲ ਮੁਕਾ ਲਈ ਤਾਂ ਮਹਿਮੂਦ ਅਤੇ ਜ਼ਮੁਰਾਦ ਨੇ ਮੇਰੇ ਲਈ ਦੁਆ ਕੀਤੀ ਕਿ ਮੈਂ ਆਪਣਾ ਕੰਮ ਪੂਰਾ ਕਰਨ ਲਈ ਕਾਮਯਾਬ ਰਹਾਂ ਅਤੇ ਕਿਹਾ ਕਿ ਮੈਂ ਅਕਸਰ ਉਨ੍ਹਾਂ ਨੂੰ ਮਿਲਣ ਆਇਆ ਕਰਾਂ। ਮੈਂ ਇਲਾਕੇ ਦੇ ਕੁਝ ਹੋਰ ਕੋਠਿਆਂ ਵਿਚ ਅਗਲੇ ਹਫਤੇ ਮਹਿਮੂਦ ਨੂੰ ਨਾਲ ਲੈ ਕੇ ਜਾਣ ਦਾ ਮਨ ਬਣਾਇਆ।

ਮੈਂ ਵਾਪਸ ਆਪਣੇ ਕੰਮ ਤੇ ਇਸਲਾਮਾਬਾਦ ਆ ਗਈ ਅਤੇ ਆਰਿਫ਼ ਨੂੰ ਮਿਲ ਪਈ। ਉਹਨੇ ਪੁੱਛਿਆ, 'ਤਾਂ ਤੂੰ ਮੁੜ ਆਈ ਫੇਰ। ਤੂੰ ਉਹਨੂੰ ਮਿਲੀ ਸੀ?'

ਮੈਂ ਮੁਸਕਰਾਈ 'ਮੈਂ ਉਹਦੇ ਨਾਲ ਖਾਧਾ-ਪੀਤਾ ਅਤੇ ਚੰਗੀਆਂ ਗੱਲਾਂ ਮਾਰੀਆਂ ਤੇ ਮੈਂ ਉਹਨੂੰ ਫੇਰ ਮਿਲਣ ਜਾਣਾ ਏ। ਮੈਂ ਬਹੁਤਾ ਕੁਝ ਨਹੀਂ ਪੁੱਛ ਸਕੀ।' ਮੈਂ ਸਵੇਰ ਦੀ ਇਕ ਮੀਟਿੰਗ ਲਈ ਲੇਟ ਹੋਣ ਕਰਕੇ ਤੇਜ਼-ਤੇਜ਼ ਤੁਰ ਰਹੀ ਸੀ ਅਤੇ ਆਰਿਫ ਵੀ ਮੇਰੇ ਨਾਲ ਰਲਣ ਲਈ ਤੇਜ਼ ਤੁਰ ਰਿਹਾ ਸੀ।

ਉਹ ਦੁਚਿੱਤੀ ਵਿਚ ਫਸਿਆ ਲੱਗਾ, 'ਫੇਰ...ਫੇਰ...ਇਹ ਕਿਵੇਂ ਰਿਹਾ?' ਉਹ ਥਥਲਾ ਕੇ ਬੋਲਿਆ।

ਮੈਂ ਕਿਹਾ, 'ਸਭ ਤੋਂ ਵਧੀਆ ਤਾਂ ਖੀਰ ਸੀ। ਮੈਨੂੰ ਬੜੀ ਪਸੰਦ ਆਈ।'

ਇਹ ਕਹਿ ਕੇ ਮੈਂ ਆਪਣੀ ਮੀਟਿੰਗ ਵਿਚ ਚਲੀ ਗਈ।

*ਟਿੱਪਣੀਆਂ*

## *ਇਕ ਸਰਕਾਰੀ ਅਧਿਕਾਰੀ*

*ਸ਼ਾਹੀ ਮੁਹੱਲੇ ਵਿਚ ਜਿਸਮਫਰੋਸ਼ੀ ਰੋਕਣ ਬਾਰੇ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮਾ ਬਾਰੇ ਮੈਂ ਕਿਸੇ ਸਰਕਾਰੀ ਅਧਿਕਾਰੀ ਨਾਲ ਗੱਲ ਕਰਨੀ ਚਾਹੁੰਦੀ ਸੀ। ਜਿਸ ਬੰਦੇ ਨੂੰ ਮੈਂ ਮਿਲੀ ਉਹ ਇਨ੍ਹਾਂ ਉਪਰਾਲਿਆਂ ਦੀ ਖੁਲ ਕੇ ਹਿਮਾਇਤ ਕਰਦਾ ਸੀ। ਉਹ ਆਪਣੇ ਵੱਡੇ ਸਾਰੇ ਸ਼ਾਨਦਾਰ ਮੇਜ਼ ਦੇ ਪਿਛੇ ਬੈਠਾ ਸੀ ਤੇ ਉਹਨੇ ਮੇਰੇ ਵੱਲ ਦੇਖਦੇ ਹੋਏ ਹੇਠੀ ਜਿਹੀ ਦੇ ਭਾਵ ਨਾਲ ਪੁੱਛਿਆ, ਤੇਰਾ ਕੀ ਖਿਆਲ ਏ ਕਿ ਸਿਰਫ ਕਹਿਣ ਨਾਲ ਹੀ ਇਹ ਲੋਕ ਆਪਣਾ ਧੰਦਾ ਛੱਡ ਦੇਣਗੇ? ਬਿਲਕੁਲ ਨਹੀਂ! ਇਹ ਦੱਲੇ ਐਨੇ ਚਾਲੂ ਨੇ ਕਿ ਉਹ ਸਾਨੂੰ ਵੀ ਮੂਰਖ ਬਣਾ ਜਾਣਗੇ। ਸਾਨੂੰ ਉਨ੍ਹਾਂ ਨਾਲ ਸਖਤੀ ਕਰਨੀ ਹੀ ਪੈਂਣੀ ਏ। ਉਨ੍ਹਾਂ ਨੂੰ ਰੋਕਣ ਦਾ ਇਕੋ ਇਕ ਢੰਗ ਇਹੀ ਏ ਕਿ ਉਨ੍ਹਾਂ ਦੀ ਆਮਦਨ ਦਾ ਜ਼ਰੀਆ ਹੀ ਬੰਦ ਕਰ ਦਿੱਤਾ ਜਾਵੇ। ਅਸੀਂ ਉਨ੍ਹਾਂ ਦੇ ਕੰਮ ਦਾ ਸਮਾਂ ਨਿਸ਼ਚਿਤ ਕਰ ਦਿੱਤਾ ਏ ਤੇ ਉਨ੍ਹਾਂ ਨੂੰ ਸਿਰਫ ਗਾਉਣ ਅਤੇ ਨੱਚਣ ਦੀ ਹੀ ਇਜਾਜ਼ਤ ਦਿੱਤੀ ਏ ਹੋਰ ਕਾਸੇ ਦੀ ਨਹੀਂ। ਕਾਨੂੰਨਨ ਉਹ ਸਿਰਫ ਗਾ ਅਤੇ ਨੱਚ ਸਕਦੀਆਂ ਨੇ। ਇਸ ਤਰ੍ਹਾਂ ਜੇ ਤੂੰ ਸਮਝਦੀ ਏਂ ਕਿ ਉਨ੍ਹਾ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਏ ਤਾਂ ਇਹ ਸਿਰਫ ਉਨ੍ਹਾਂ ਦੀ ਕਰਨੀ ਕਰਕੇ ਏ।*

*'ਇਸ ਹਕੀਕਤ ਬਾਰੇ ਤੇਰਾ ਕੀ ਖਿਆਲ ਏ ਕਿ ਮੁਹੱਲੇ ਵਿਚ ਬਹੁਤੀ ਸਖਤੀ ਹੋਣ ਕਾਰਨ ਅਤੇ ਲੋਕਾਂ ਦਾ ਉਥੇ ਅਸੁਰੱਖਿਅਤ ਹੋਣ ਦਾ ਵਿਚਾਰ ਹੋਣ ਕਾਰਨ ਜਿਸਮਫਰੋਸ਼ੀ ਲਾਹੌਰ ਦੇ ਬਾਕੀ ਹਿੱਸਿਆਂ ਵਿਚ ਫੈਲ ਰਹੀ ਏ ਜਿੱਥੇ ਉਹ ਲੋਕ ਵਧੇਰੇ ਮਹਿਫੂਜ਼ ਕਰਦੇ ਨੇ। ਕੁਝ ਲੋਕਾਂ ਦਾ ਕਹਿਣਾ ਏ ਕਿ ਪੁਲਿਸ ਦਾ ਮੁਹੱਲੇ ਵਿਚ ਸਖਤ ਵਤੀਰਾ ਸਿਰਫ ਦਿਖਾਵਾ ਹੀ ਏ।'*

*'ਤੂੰ ਵਿਰੋਧੀ ਧਿਰ ਦੀ ਇਸ ਬਕਵਾਸ ਤੇ ਵਿਸ਼ਵਾਸ ਕਰ ਰਹੀ ਏਂ, ਹੈ ਕਿ ਨਹੀਂ? ਅਸੀਂ ਉਨ੍ਹਾਂ ਨਾਲ ਸਖਤੀ ਵਰਤ ਰਹੇ ਹਾਂ ਅਤੇ ਵਰਤਦੇ ਰਹਾਂਗੇ ਕਿਉਂਕਿ ਇਨ੍ਹਾਂ ਗੰਦੇ ਲੋਕਾਂ ਨਾਲ ਨਜਿੱਠਣ ਦਾ ਇਹੀ ਢੰਗ ਏ।'*

*ਪੁਲਿਸ ਉਨ੍ਹਾਂ ਗਾਹਕਾਂ ਨਾਲ ਸਖਤੀ ਕਿਉਂ ਨਹੀਂ ਵਰਤਦੀ ਜਿਹੜੇ ਮਿੱਥੇ ਸਮੇਂ ਤੋਂ ਮਗਰੋਂ ਉੱਥੇ ਆਉਂਦੇ ਨੇ, ਉਹ ਵੱਡੇ ਵੱਡੇ ਸਿਆਸੀ ਲੋਕ ਅਤੇ ਸੀਨੀਅਰ ਅਫਸਰ?' ਮੈਂ ਪੁੱਛਿਆ। 'ਇਕ ਵਜੇ ਤੋਂ ਬਾਦ ਉੱਥੇ ਕੋਈ ਨਹੀਂ ਜਾਂਦਾ,' ਉਹ ਨੇ ਜਵਾਬ ਦਿੱਤਾ। 'ਮੈਂ ਉਨ੍ਹਾਂ ਨੂੰ ਅੱਖੀਂ ਵੇਖਿਆ ਏ।' ਮੈਂ ਠਰੰਮੇ ਨਾਲ ਕਿਹਾ। 'ਬਕਵਾਸ ਏ! ਉਹ ਉੱਥੇ ਦੇ ਰਹਿਣ ਵਾਲੇ ਹੀ ਹੋਣੇ ਨੇ। ਤੈਨੂੰ ਪਤਾ ਏ ਉਹ ਸਾਰੀ ਰਾਤ ਫਿਰਦੇ ਰਹਿੰਦੇ ਨੇ। ਉਨ੍ਹਾਂ ਦੀ ਜੀਵਨ-ਜਾਚ ਹੀ ਇਵੇਂ ਵੇ।' ਉਹਨੇ ਗੁੱਸੇ ਨਾਲ ਕਿਹਾ। 'ਤੇਰਾ ਕੀ ਖਿਆਲ ਏ ਇਸ ਤਰ੍ਹਾਂ ਜਿਸਮਫਰੋਸ਼ੀ ਖਤਮ ਕੀਤੀ ਜਾ ਸਕਦੀ ਏ? ਮੈਂ ਪੁੱਛਿਆ। 'ਬਿਲਕੁਲ!' ਉਹਨੇ ਜਵਾਬ ਦਿੱਤਾ,' ਘੱਟੋ-ਘੱਟ ਸਾਨੂੰ ਕੋਸ਼ਿਸ਼ ਤਾਂ ਕਰਨੀ ਚਾਹੀਦੀ ਏ। ਅਸੀਂ ਇਹ ਨਹੀਂ ਕਹਿ ਸਕਦੇ ਜਿਵੇਂ ਕਿ ਆਮ ਕਿਹਾ ਜਾਂਦਾ ਏ ਕਿ ਉਨ੍ਹਾਂ ਨਾਲ ਠੀਕ ਤਰ੍ਹਾ ਪੇਸ਼ ਆਉਣਾ ਚਾਹੀਦਾ ਏ ਕਿ ਉਨ੍ਹਾ ਔਰਤਾ ਨੂੰ ਪੁਲਿਸ ਤੰਗ ਕਰਦੀ ਏ। ' ਉਹ ਉੱਚੀ ਸਾਰੀ ਹੱਸਿਆ। ਅਸੀਂ ਉਨ੍ਹਾ ਨੂੰ ਜਲੀਲ ਕਰਾਂਗੇ ਹੀ। ਅਸੀ ਉਨ੍ਹਾਂ ਨੂੰ ਲਤਾੜਾਂਗੇ ਉਹ ਸਮਾਜ ਤੇ ਇਕ ਧੱਬਾ ਨੇ। ਅਸੀਂ ਇਸਲਾਮੀ ਸਮਾਜ ਵਿਚੋਂ ਹਾਂ। ਸਾਨੂੰ ਇਹ ਬਿਲਕੁਲ ਬਰਦਾਸਤ ਨਹੀਂ ਕਰਨਾ ਚਾਹੀਦਾ।*

'ਮੈਂ ਤੇਰੀ ਪਹੁੰਚ ਨੂੰ ਸਮਝਦੀ ਹਾਂ, ' ਮੈਂ ਕਿਹਾ, 'ਪਰ ਮੈਂ ਇਸ ਨਾਲ ਸਹਿਮਤ ਨਹੀਂ ਕਿ ਤੂੰ ਜਿਸਮਫਰੋਸ਼ੀ ਨੂੰ ਇਸ ਤਰਾਂ ਖਤਮ ਕਰ ਸਕਦਾ ਏ। ਮੈ ਨੂੰ ਤੁਹਾਡੇ ਦੋਹਰੇ ਮਿਆਰਾਂ ਦੀ ਸਮਝ ਨਹੀ ਪੈ ਰਹੀ। ਦਬਿਸ਼ ਵੇਲੇ ਤੁਸੀਂ ਉਨਾਂ ਪ੍ਰਭਾਵੀ ਲੋਕਾਂ ਨੂੰ ਕਿਉਂ ਨਹੀਂ ਫੜਦੇ ਜੋ ਉੱਥੇ ਹੁੰਦੇ ਨੇ? ਫੇਰ ਕੀ ਪੁਲਿਸ ਇਨਾਂ ਘਰਾਂ ਤੋਂ ਭੱਤਾ ਨਹੀਂ ਵਸੂਲ ਕਰਦੀ? ਮੈਨੂੰ ਇਹ ਦੱਸ ਫੇਰ ਕਿ ਟਿੱਬੀ ਥਾਣੇ ਦੀ ਪਗੜੀ ਸਭ ਤੋਂ ਵੱਧ ਕਿਉਂ ਏ? ਲੋਕਾਂ ਨੂੰ ਉੱਥੋਂ ਚੰਗੀ ਕਮਾਈ ਹੁੰਦੀ ਹੋਣੀ ਏ, ਠੀਕ? ਇਹ ਕਹਾਣੀ ਪੂਰੇ ਵਿਰੋਧਾਂ ਨਾਲ ਭਰੀ ਪਈ ਏ।'

'ਇਹ ਸਭ ਅਫਵਾਹਾਂ ਨੇ, ' ਉਹਨੇ ਜਵਾਬ ਦਿੱਤਾ। ਉਸ ਥਾਣ ਦੀ ਕੋਈ ਪਗੜੀ ਨਹੀਂ ਤੇ ਨਾ ਕੋਈ ਵਿਰੋਧ ਨੇ। ਇਸ ਥਾਂ ਤੇ ਲੋਕਾਂ ਤੇ ਹਮਲਾ ਕਰਨਾ ਸੌਖਾ ਏ ਕਿਉਂਕਿ ਉਹ ਸਾਰੇ ਇਕੋ ਹੀ ਥਾਂ ਨੇ। ਅਸੀਂ ਸ਼ਹਿਰ ਵਿਚ ਖਿੰਡੀਆਂ ਰੰਡੀਆਂ ਤੇ ਤਾਂ ਹਮਲਾ ਨਹੀਂ ਕਰ ਸਕਦੇ।'

'ਤੁਸੀਂ ਇਹ ਮਹਿਸੂਸ ਨਹੀਂ ਕਰਦੇ ਕਿ ਜਿੰਨੀ ਵੱਧ ਸਖਤੀ ਤੁਸੀਂ ਮੁਹੱਲੇ ਵਿਚ ਕਰਦੇ ਹੋ ਉਨੀ ਹੀ ਵੱਧ ਜਿਸਮਫਰੋਸ਼ੀ ਦੂਜੀਆਂ ਥਾਵਾਂ ਤੇ ਫੈਲਦੀ ਏ? ਦੂਜੀ ਗੱਲ ਇਹ ਵੇ ਕਿ ਹੋਰ ਥਾਵਾਂ ਤੇ ਫੈਲਣ ਵਾਲੀ ਜਿਸਮਫਰੋਸ਼ੀ ਮੁਹੱਲੇ ਨਾਲੋਂ ਵਧੇਰੇ ਖਤਰਨਾਕ ਏ। ਉੱਥੇ ਦੀਆਂ ਜਿਸਮਫਰੋਸ਼ ਔਰਤਾਂ ਤਾਂ ਕਿਸੇ ਅਜਿਹੇ ਟੱਬਰ ਵਿਚ ਪਲੀਆਂ ਨੇ ਜਿਨ੍ਹਾਂ ਦਾ ਗੁਜ਼ਰਬਸਰ ਦਾ ਧੰਦਾ ਹੀ ਇਹ ਵੇ। ਮੁਹੱਲੇ ਤੋਂ ਬਾਹਰ ਦੇ ਨਵੇਂ ਰੁਝਾਨ ਵਿਚ ਔਰਤਾਂ ਨੂੰ ਜਬਰੀ ਧੰਦੇ ਵਿਚ ਪਾਇਆ ਜਾਂਦਾ ਏ ਅਤੇ ਦੱਲੇ ਸਾਰੇ ਸ਼ਹਿਰ ਵਿਚ ਚੱਕਲੇ ਖੋਲ੍ਹੀ ਬੈਠੇ ਹਨ ਅਤੇ ਜਦੋਂ ਔਰਤਾਂ ਧੰਦੇ ਦੇ ਕੰਮ ਦੀਆਂ ਨਹੀਂ ਰਹਿੰਦੀਆਂ ਨੂੰ ਉਨਾਂ ਨੂੰ ਗਟਰਾਂ ਵਿਚ ਰੋੜ ਦਿੱਤਾ ਜਾਂਦਾ ਏ।

ਉਹਨੇ ਗੱਲ ਮੁਕਾਈ, 'ਅਸੀਂ ਉਨ੍ਹਾਂ ਦਾ ਪਿੱਛਾ ਕਰਾਂਗੇ ਤੇ ਜਿੱਥੇ ਵੀ ਉਹ ਜਾਣਗੀਆਂ ਅਸੀਂ ਉਨ੍ਹਾ ਨੂੰ ਖਤਮ ਕਰ ਦਿਆਂਗੇ। ਮੇਰਾ ਖਿਆਲ ਏ ਅਸੀਂ ਉਨ੍ਹਾਂ ਦੀ ਜਿੰਦਗੀ ਐਨੀ ਤੰਗ ਕਰ ਦਿੱਤੀ ਏ ਕਿ ਉਹ ਧੰਦਾ ਛੱਡ ਕੇ ਭੱਜ ਰਹੀਆਂ ਨੇ।'

# ਨਵੇਂ ਸਾਲ ਦੀ ਪਹਿਲੀ ਸ਼ਾਮ

ਮੈਂ ਇਸਲਾਮਾਬਾਦ ਦੇ ਅਪਣੇ ਦੋਸਤਾ ਨੂੰ ਛੱਡਿਆ ਤਾਂ ਕਿ ਆਪਣੀ ਖੋਜ ਦੇ ਕੰਮ ਤੇ ਲਾਹੌਰ ਵਿਚ ਜੁਟ ਸਕਾਂ। ਮੈਂ ਹਰੇਕ ਹਫਤੇ ਦੇ ਅਖੀਰ ਵਿਚ ਸ਼ਾਹੀ ਮੁਹੱਲੇ ਵਿਚ ਜਾਣਾ ਚਾਹੁੰਦੀ ਸੀ ਅਤੇ ਹੋਰ ਵੀ ਕਿਸੇ ਸਮੇਂ ਜਦੋਂ ਵੀ ਮੈਨੂੰ ਦਫਤਰ ਤੋਂ ਵਿਹਲ ਮਿਲ ਸਕਦੀ।

ਨਵੇਂ ਸਾਲ ਦੇ ਜਸ਼ਨ ਪਾਕਿਸਤਾਨ ਦੇ ਸੱਭਿਆਚਾਰ ਦਾ ਰਵਾਇਤੀ ਹਿੱਸਾ ਨਹੀਂ, ਸੂਰਜੀ ਵਰ੍ਹੇ ਤੇ ਤਾਂ ਸਿਰਫ ਸੁਵਿਧਾ ਲਈ ਚੱਲਿਆ ਜਾਂਦਾ ਏ। ਜਸ਼ਨਾਂ ਅਤੇ ਹੋਰ ਖਾਸ ਮੌਕਿਆਂ ਲਈ ਤਾਂ ਚੰਨ ਦਾ ਵਰ੍ਹਾ ਹੀ ਵਰਤਿਆ ਜਾਂਦਾ ਏ। ਬਦਕਿਸਮਤੀ ਨਾਲ ਚੰਨ ਦਾ ਵਰ੍ਹਾ ਇਕ ਮਹੀਨੇ ਦੇ ਮੁਹੱਰਮ ਤੋਂ ਸ਼ੁਰੂ ਹੁੰਦਾ ਏ ਇਸ ਲਈ ਇਸਲਾਮੀ ਵਰ੍ਹੇ ਵਿਚ ਨਵੇਂ ਸਾਲ ਦੇ ਜਸ਼ਨ ਮਨਾਉਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਕਿਉਂਕਿ ਇਸਲਾਮਾਬਾਦ ਬਾਕੀ ਪਾਕਿਸਤਾਨ ਨਾਲੋਂ ਵਧੇਰੇ ਪੱਛਮੀ ਏ ਇਸ ਲਈ ਨਵੇਂ ਸਾਲ ਦੀ ਪਹਿਲੀ ਰਾਤ ਉੱਥੇ ਜ਼ਿਆਦਾ ਖਿੱਚ ਰੱਖਦੀ ਏ, ਖਾਸ ਕਰਕੇ ਨੌਜਵਾਨਾਂ ਲਈ।

ਮੈਂ ਲਾਹੌਰ ਵਿਚ ਆਪਣੇ ਅੰਕਲ ਕੋਲ ਟਿਕੀ ਹੋਈ ਸੀ। ਸਰਦੀਆਂ ਦੀਆਂ ਛੁੱਟੀਆਂ ਲਈ ਸਕੂਲ ਤੇ ਕਾਲਜ ਬੰਦ ਹੋਏ ਹੋਏ ਸੀ ਇਸ ਲਈ ਮੇਰੇ ਦੁਆਲੇ ਕਈ ਭੈਣ-ਭਰਾ ਜੁੜੇ ਹੋਏ ਸਨ। ਇਸਲਾਮਾਬਾਦ ਦੀ ਇਕ ਦੋਸਤ ਸਾਰਾ ਨੇ ਸੁਨੇਹਾ ਭੇਜਿਆ ਕਿ ਉਹ ਵੀ ਲਾਹੌਰ ਵਿਚ ਏ ਅਤੇ ਉਹ ਤੇ ਉਸ ਦਾ ਅਮਰੀਕੀ ਪਤੀ ਵੀ ਨਵੇਂ ਸਾਲ ਦੀ ਪਹਿਲੀ ਸ਼ਾਮ ਮੇਰੇ ਨਾਲ ਸ਼ਾਹੀ ਮੁਹੱਲੇ ਚੱਲਣਗੇ। ਸਾਰਾ ਪਾਕਿਸਤਾਨ ਵਿਚ ਜੰਮੀ ਸੀ ਪਰ ਪਲੀ ਕਿਤੇ ਹੋਰ ਸੀ। ਉਹ ਲੱਗਦੀ ਤਾਂ ਪਾਕਿਸਤਾਨੀ ਏ ਪਰ ਉਹਦਾ ਵਿਹਾਰ ਰਵਾਇਤੀ ਨਹੀਂ। ਮੇਰੇ ਕਈ ਭੈਣ-ਭਰਾਵਾਂ ਨੇ ਸਾਡੀ ਗੱਲਬਾਤ ਸੁਣ ਲਈ ਸੀ ਅਤੇ ਮੈਨੂੰ ਕਹਿਣ ਲੱਗੇ ਕਿ ਮੈਂ ਉਨ੍ਹਾਂ ਨੂੰ ਵੀ ਨਾਲ ਲੈ ਚੱਲਾਂ।

ਨੌਜਵਾਨ ਪਾਕਿਸਤਾਨੀ ਔਰਤਾਂ, ਭਾਵੇਂ ਕਾਲਜ ਵਿਚ ਵੀ ਹੋਣ, ਵਿਚ ਬਚਪਨਾ ਹੀ ਹੁੰਦਾ ਏ ਤੇ ਉਹ ਉਸੇ ਰੌਂਅ ਵਿਚ ਮੰਗ ਰੱਖ ਦਿੰਦੀਆਂ ਨੇ ਕਿ ਉਨ੍ਹਾਂ ਨੂੰ ਇਹ ਚਾਹੀਦਾ ਏ। ਮੈਂ ਮੁਹੱਲੇ ਵਿਚ ਜਾਣ ਦੀ ਉਨ੍ਹਾਂ ਦੀ ਇੱਛਾ ਨੂੰ ਦੋਸ਼ ਨਹੀਂ ਦੇ ਸਕਦੀ। ਸਮਾਜ ਨੇ ਹੀ ਉਸ ਸਮਾਜ ਨੂੰ ਅਜਿਹਾ ਰਹੱਸ ਬਣਾਇਆ ਹੋਇਆ ਏ ਕਿ ਹਰੇਕ ਇਸ ਨੂੰ ਵੇਖਣ ਦੇ ਖਹਿੜੇ ਪੈ ਸਕਦਾ ਏ। ਇਹ ਇਕੋ ਜਿਹੀ ਉਮਰ ਦੀਆਂ ਤਿੰਨ ਕੁੜੀਆਂ ਸਨ। ਦੋ ਕਾਲਜ ਵਿਚ ਸੀਨੀਅਰ ਸਨ ਅਤੇ ਤੀਜੀ ਫੈਜ਼ਾ ਅਪਣੀ ਐਮ.ਏ. ਕਰ ਰਹੀ ਸੀ। ਉਹ ਮਨੋਰੰਜਨ ਦਾ ਕੋਈ ਵੀ ਮੌਕਾ ਭਾਲਦੀਆਂ ਸਨ। ਪੜ੍ਹਨ ਅਤੇ ਰੰਗੀਨ ਕੱਪੜੇ ਪਾਉਣ ਤੋਂ ਅਗਾਂਹ ਉਨ੍ਹਾਂ ਦਾ ਜੀਵਨ ਪੂਰਾ ਨੀਰਸ ਸੀ। ਮੁਹੱਲੇ ਵਿਚ ਜਾਣ ਦੀ ਉਤੇਜਨਾ ਤੋਂ ਵੱਧ ਉਨ੍ਹਾਂ ਨੂੰ ਹੋਰ ਕੁਝ ਨਹੀਂ ਲੱਗ ਰਿਹਾ ਸੀ। ਉਹ ਇਸ ਰੋਮਾਂਚ ਦਾ ਹਿੱਸਾ ਬਣਨ ਲਈ ਲੂਰ੍ਹੀਆਂ ਲੈ ਰਹੀਆਂ ਸਨ।

ਸਾਦੀਆ ਨੇ ਕਿਹਾ, 'ਪਲੀਜ਼, ਪਲੀਜ਼, ਪਲੀਜ਼ ਸਾਨੂੰ ਉੱਥੇ ਲੈ ਚੱਲ। ਮੈਂ ਇਨ੍ਹਾਂ ਔਰਤਾਂ ਦੇ ਕਈ ਅਫਸਾਨੇ ਪੜ੍ਹੇ ਨੇ। ਮੈਂ ਉਥੇ ਜਾ ਕੇ ਉਨ੍ਹਾਂ ਨੂੰ ਮਿਲ਼ਣਾ ਚਾਹੁੰਦੀ ਹਾਂ।'

ਮੈਂ ਉਨ੍ਹਾਂ ਨੂੰ ਦੱਸਿਆ, 'ਉਹ ਵੀ ਸਾਡੇ ਵਰਗੀਆਂ ਹੀ ਨੇ, ਤੈਨੂੰ ਪਤੈ! ਲਾਹੌਰ ਦੇ ਪੁਰਾਣੇ ਸ਼ਹਿਰ ਦੀ ਕਿਸੇ ਵੀ ਹੋਰ ਔਰਤ ਵਰਗੀਆਂ!'

ਸਮੀਨਾ ਕਹਿਣ ਲੱਗੀ, 'ਅਸੀਂ ਘੱਟੋ ਘੱਟ ਇਕ ਨੂੰ ਤਾਂ ਆਪਣੀ ਅੱਖਾਂ ਨਾਲ ਦੇਖ ਲਈਏ। ਇਕ ਵਾਰੀ ਮੇਰੀ ਇਕ ਸਹੇਲੀ ਕਾਰ ਵਿਚ ਉਸ ਇਲਾਕੇ ਵਿਚੋਂ ਲੰਘੀ ਸੀ ਅਤੇ ਉਹਨੇ ਦੇਖਿਆ ਸੀ...'

ਸਾਦੀਆ ਹੈਰਾਨ ਹੋ ਗਈ, 'ਇਕੱਲੀ?' ਉਹਨੇ ਹੈਰਾਨੀ ਨਾਲ ਪੁੱਛਿਆ।

ਸਮੀਨਾ ਬੋਲੀ, 'ਨਹੀਂ! ਬੇਵਕੂਫ! ਉਹਦਾ ਭਰਾ ਤੇ ਹੋਰ ਦੋਸਤ ਜਾ ਰਹੇ ਸੀ ਤੇ ਉਹ ਵੀ ਨਾਲ ਚਲੀ ਗਈ ਸੀ।'

'ਕਿੰਨੀ ਖੁਸ਼ਕਿਸਮਤ ਏ! ਮੇਰਾ ਭਰਾ ਤਾਂ ਮੈਨੂੰ ਉਥੇ ਲਿਜਾਣ ਤੋਂ ਪਹਿਲਾਂ ਮਾਰ ਹੀ ਦਿੰਦਾ।' ਸਾਦੀਆ ਨੇ ਕਿਹਾ।

ਮੈਂ ਬੋਲੀ, 'ਫੇਰ ਤੂੰ ਮੈਨੂੰ ਲਿਜਾਣ ਲਈ ਕਿਉਂ ਕਹਿ ਰਹੀ ਏਂ ਤਾਂ ਕਿ ਮੈਂ ਬਖੇੜੇ ਵਿਚ ਫਸ ਜਾਵਾਂ? ਸਮੀਨਾ ਨੇ ਜਵਾਬ ਦਿੱਤਾ, 'ਕਿਸੇ ਨੂੰ ਪਤਾ ਵੀ ਨਹੀਂ ਲੱਗਣਾ, ਮੈਂ ਵਾਦਾ ਕਰਦੀ ਹਾਂ। ਤੈਨੂੰ ਪਤੈ , ਮੇਰੀ ਇਸੇ ਸਹੇਲੀ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਸਜੀਆਂ ਹੋਈਆਂ ਔਰਤਾਂ ਨੂੰ ਲਾਈਟਾਂ ਨਾਲ ਲਿਸ਼ਕਦੇ ਕਮਰਿਆਂ ਵਿਚ ਦੇਖਿਆ ਸੀ ਤੇ ਨਾਲ ਸਾਜ਼ਿੰਦੇ ਬੈਠੇ ਸਨ। ਸਾਦੀਆ ਅਤੇ ਫੈਜ਼ਾ ਅੱਖਾਂ ਪਾੜ-ਪਾੜ ਕੇ ਉਹਦੀ ਗੱਲ ਸੁਣ ਰਹੀਆਂ ਸਨ।

ਮੈਂ ਪੁੱਛਿਆ, 'ਉਹ ਕੋਠੇ ਤੇ ਵੀ ਗਈ ਸੀ?'

'ਤੂੰ ਮਜ਼ਾਕ ਕਰ ਰਹੀ ਏਂ?, ਉਹਨੇ ਨੀਵੀਂ ਪਾ ਕੇ ਕਿਹਾ, 'ਯਾ ਅੱਲਾ, ਨਹੀਂ।' ਉਹ ਤਾਂ ਬਹੁਤ ਡਰ ਗਏ ਸੀ। ਉਹ ਬਾਜ਼ਾਰ ਵਿਚੋਂ ਦੀ ਕਾਰ ਵਿਚ ਲੰਘੇ ਅਤੇ ਮੁੜ ਆਏ। ਉਹ ਤਾਂ ਕਿਤੇ ਖਾਣ ਲਈ ਵੀ ਨਹੀਂ ਰੁਕੇ। ਅਸਲ ਵਿਚ ਉਨ੍ਹਾਂ ਦੀ ਸਲਾਹ ਤਾਂ ਫਾਜਾ ਪਾਏ ਵਾਲੇ ਕੋਲ ਦੀ ਸੀ ਕਿ ਪਾਏ ਖਾਣਗੀਆਂ। ਕੋਠੇ ਤਾਂ ਉਹ ਸਿਰਫ ਬਾਹਰੋਂ ਹੀ ਦੇਖਣੇ ਚਾਹੁੰਦੇ ਸਨ, ਪਰ ਉਹ ਐਨਾ ਘਬਰਾ ਗਏ ਸਨ ਕਿ ਉਨ੍ਹਾਂ ਦੀ ਕਿਤੇ ਰੁਕਣ ਦੀ ਹਿੰਮਤ ਹੀ ਨਹੀਂ ਹੋਈ।'

ਸਾਦੀਆ ਨੇ ਉਤਸੁਕਤਾ ਨਾਲ ਪੁੱਛਿਆ, 'ਉਸਦੇ ਮਾਪਿਆਂ ਨੂੰ ਪਤਾ ਏ?'

ਸਮੀਨਾ ਹੱਸ ਪਈ ਤੇ ਬੋਲੀ, 'ਸਾਦੀਆ, ਤੂੰ ਵੀ ਪਾਗਲ ਏਂ! ਘਰਦਿਆਂ ਨੂੰ ਅਜਿਹੀਆਂ ਚੀਜ਼ਾਂ ਪਤਾ ਲੱਗਦੀਆਂ ਹੁੰਦੀਆਂ ਨੇ? ਉਹ ਤਾਂ ਉਨ੍ਹਾਂ ਨੂੰ ਮਾਰ ਹੀ ਦਿੰਦੇ। ਇਹ ਕਦੀ ਨਹੀਂ ਚਾਹਿਆ ਜਾਂਦਾ ਏ ਕਿ ਕੋਈ ਉੱਥੇ ਜਾਵੇ। ਉਹ ਕੁੜੀਆਂ ਨੂੰ ਚੁੱਕ ਲੈ ਜਾਂਦੇ ਨੇ ਤੇ ਜਿਸਮਫਰੋਸ਼ੀ ਕਰਵਾਉਂਦੇ ਨੇ। ਤੂੰ ਇਹ ਚੀਜ਼ਾਂ ਫਿਲਮਾਂ ਵਿਚ ਨਹੀਂ ਦੇਖਦੀ?'

ਮੈਂ ਵਿਚੋਂ ਬੋਲੀ, 'ਪਲੀਜ਼! ਜੇ ਤੂੰ ਸਮਝਦੀ ਏਂ ਕਿ ਅਸੀਂ ਅਜਿਹੇ ਕੋਠੇ ਵੇਖਾਂਗੀਆਂ ਜਿਹੋ ਜਿਹੇ ਫਿਲਮਾਂ ਵਿਚ ਹੁੰਦੇ ਨੇ ਤਾਂ ਫੇਰ ਇਸ ਬਾਰੇ ਭੁੱਲ ਜਾ। ਜੋ ਤੂੰ ਫਿਲਮਾਂ ਵਿਚ ਦੇਖਦੀ ਏਂ ਉਹੋ ਜਿਹਾ ਉੱਥੇ ਕੁਝ ਨਹੀਂ ਹੁੰਦਾ। ਫਿਲਮਾਂ ਤਾਂ ਫਿਲਮਸਾਜ਼ਾਂ ਦੀਆਂ ਕਲਪਨਾਵਾਂ ਹੁੰਦੀਆਂ ਨੇ ਜਿੱਥੇ ਉਹ ਮੁਗਲਾਂ ਵਾਲੇ ਸਮੇਂ ਸਾਕਾਰ ਕਰਦੇ ਨੇ ਜਦੋਂ ਅਮੀਰ ਲੋਕ ਹਵੇਲੀਆਂ ਵਿਚ ਰਹਿੰਦੇ ਸੀ। ਜਿਸ ਤਰ੍ਹਾਂ ਦਾ ਕੋਠਾ ਫਿਲਮ ਵਿਚ ਦਿਖਾਉਂਦੇ ਨੇ ਉਸ ਵਿਚ ਤਾਂ ਮੁਹੱਲੇ ਦੇ 20 ਅਸਲੀ ਕੋਠੇ ਸਮਾ ਜਾਣ। ਉਹ ਤਾਂ ਛੋਟੇ-ਛੋਟੇ ਕਮਰੇ ਹੁੰਦੇ ਨੇ। ਫਿਲਮਾਂ ਦੇ ਮੁਕਾਬਲੇ ਨਾਚੀਆਂ ਬੜੀਆਂ ਸਾਦਾ ਕਿਸਮ ਦੀਆਂ ਹੁੰਦੀਆਂ ਨੇ। ਨਾ ਤਾਂ ਕੋਈ ਚੰਗੇ ਕੱਪੜੇ ਹੁੰਦੇ ਨੇ ਤੇ ਨਾ ਹੀ ਫਿਲਮਾਂ ਵਾਂਗੂ

ਜ਼ੇਵਰ। ਔਰਤਾਂ ਤਾਂ ਬੇਢੱਬੀਆ ਅਤੇ ਘੈਂ-ਘੈਂ ਕਰਦੀ ਆਵਾਜ਼ ਵਾਲੀਆਂ ਹੁੰਦੀਆਂ ਨੇ ਨਾ ਕਿ ਰੇਖਾ, ਮੀਨਾ ਕੁਮਾਰੀ ਅਤੇ ਰਾਣੀ (ਦਰਬਾਰਾਂ ਵਿਚ ਨੱਚਣ ਵਾਲੀ ਨਾਚੀ ਦੀ ਭੂਮਿਕਾ ਕਰਨ ਵਾਲੀ) ਵਰਗੀਆਂ। ਉਹ ਆਪਣੇ ਘੁੰਗਰੂਆਂ ਨਾਲ ਐਨਾ ਸ਼ੋਰ ਮਚਾਉਂਦੀਆਂ ਨੇ ਕਿ ਗਾਣਾ ਤਾਂ ਤੁਹਾਨੂੰ ਸੁਣਾਈ ਹੀ ਨਹੀਂ ਦਿੰਦਾ। ਕਈਆਂ ਦੀ ਆਵਾਜ਼ ਤਾਂ ਬੜੀ ਖਰ੍ਹਵੀ ਹੁੰਦੀ ਏ। ਕੁਝ ਕੁ ਚੰਗਾ ਗਾਉਂਦੀਆ ਨੇ। ਜਿਹੜੀਆਂ ਚੰਗੀਆਂ ਨਾਚੀਆਂ ਤੇ ਗਾਇਕਾਵਾ ਸੀ ਉਨ੍ਹਾਂ ਨੂੰ ਫਿਲਮਾਂ ਵਾਲੇ ਲੈ ਗਏ ਨੇ। ਇਸ ਲਈ ਜੋ ਤੁਸੀਂ ਉੱਥੇ ਦੇਖਦੇ ਹੋ ਉਹ ਬਚਿਆ-ਖੁਚਿਆ ਮਾਲ ਏ।'

ਮੈਂ ਵੇਖਿਆ ਕਿ ਇਨ੍ਹਾਂ ਬਹੁਤ ਹੀ ਉਤੇਜਿਤ ਕੁੜੀਆਂ ਨੂੰ ਮੈਂ ਕਿਵੇਂ ਨਿਰਾਸ਼ ਕਰ ਦਿੱਤਾ ਸੀ। ਉਨ੍ਹਾਂ ਦੇ ਲਮਕਦੇ ਚਿਹਰਿਆਂ ਵੱਲ ਵੇਖਕੇ ਮੈਂ ਕਿਹਾ, 'ਮਾਫ ਕਰਨ, ਪਰ ਮੁਹੱਲਾ ਹੁਣ ਇਹੀ ਬਣਿਆ ਹੋਇਆ ਏ। ਗਾਹਕਾਂ ਨੂੰ ਸੰਗੀਤ ਵਿਚ ਦਿਲਚਸਪੀ ਨਹੀਂ ਰਹੀ। ਉਹ ਸਿਰਫ ਗੰਦ-ਮੰਦ ਦੀ ਹੀ ਇੱਛਾ ਰਖਦੇ ਨੇ ਇਸ ਲਈ ਇਹ ਮਨੋਰੰਜਨ ਵੀ ਉਸੇ ਤਰ੍ਹਾਂ ਦੇ ਹਾਵ-ਭਾਵਾਂ ਵੱਲ ਤੁਰ ਗਿਆ ਏ। ਰੋਮਾਂਸ ਵਾਲੀ ਕੋਈ ਗੱਲ ਨਹੀਂ ਰਹੀ। ਸ਼ਾਇਦ ਹੁਣ ਤੁਸੀਂ ਉੱਥੇ ਜਾਣ ਬਾਰੇ ਆਪਣਾ ਮਨ ਬਦਲ ਲਿਆ ਹੋਣਾ ਏਂ।'

ਸਾਰੀਆਂ ਜਣੀਆਂ ਨੇ ਇਕ ਜੁਟ ਆਵਾਜ਼ ਵਿਚ ਉੱਚੀ ਸਾਰੀ ਕਿਹਾ, 'ਨਹੀਂ!' ਉਹ ਫੇਰ ਸ਼ੁਰੂ ਹੋ ਗਈਆਂ ਤੇ ਕਹਿਣ ਲੱਗੀਆਂ, 'ਅਸੀਂ ਉੱਥੇ ਜਾਣਾ ਚਾਹੁੰਦੀਆਂ ਹਾਂ। ਪਲੀਜ਼ ਸਾਨੂੰ ਲੈ ਚੱਲੋ। ਸਾਨੂੰ ਜ਼ਿੰਦਗੀ ਵਿਚ ਫੇਰ ਕਦੀ ਇਹ ਮੌਕਾ ਨਹੀਂ ਮਿਲਣਾ। ਐਨਾ ਸਖ਼ਤ ਨਾ ਬਣੋ।'

ਉਹ ਨਾਲ ਜਾਣ ਲਈ ਪੂਰਾ ਜ਼ੋਰ ਲਾ ਰਹੀਆਂ ਸਨ। ਸਾਰਾ ਅਤੇ ਉਸਦਾ ਪਤੀ ਵੀ ਪੁੱਜ ਗਏ ਤੇ ਉਹ ਉਨ੍ਹਾਂ ਨੂੰ ਨਾਲ ਲੈ ਜਾਣ ਲਈ ਤਿਆਰ ਕਰਨ ਲੱਗੀਆਂ। ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਉਨ੍ਹਾਂ ਦੇ ਮਾਪੇ ਇਜਾਜ਼ਤ ਦੇ ਦੇਣ ਤਾਂ ਮੈਂ ਉਨ੍ਹਾਂ ਨੂੰ ਨਾਲ ਲੈ ਜਾ ਸਕਦੀ ਹਾਂ ਪਰ ਇਹ ਹੋ ਨਹੀਂ ਸਕਦਾ ਸੀ। ਪਰ ਉਹ ਦੂਜੇ ਰਾਹ ਹੀ ਮੇਰੇ ਮਗਰ ਪੈ ਗਈਆਂ ਕਿ ਇਕ ਪਾਸੇ ਤਾਂ ਮੈਂ ਔਰਤਾਂ ਦੀ ਸ਼ਕਤੀਸਪੰਨਤਾ ਵਿਚ ਵਿਸ਼ਵਾਸ ਰੱਖਦੀ ਹਾਂ ਤੇ ਦੂਜੇ ਪਾਸੇ ਚਾਹੁੰਦੀ ਹਾਂ ਕਿ ਬਾਲਗ਼ ਕੁੜੀਆਂ ਸ਼ਾਮ ਨੂੰ ਬਾਹਰ ਜਾਣ ਲਈ ਮਾਪਿਆਂ ਦੀ ਇਜਾਜ਼ਤ ਲੈਣ। ਉਨ੍ਹਾਂ ਦੀ ਦਲੀਲ ਤੇ ਆਖਰ ਮੈਨੂੰ ਝੁਕਣਾ ਪਿਆ।

ਕਿਉਂਕਿ ਮੈਂ ਉਨ੍ਹਾਂ ਨੂੰ ਲੈ ਜਾ ਰਹੀ ਸੀ ਕਿ ਇਸ ਲਈ ਮੈਂ ਇਹ ਠੀਕ ਸਮਝਿਆ ਕਿ ਮੈਂ ਆਪਣੇ ਨਾਲ ਮੋਹਸਿਨ ਨੂੰ ਲੈ ਲਵਾਂ। ਮੈਂ ਸੋਚਿਆ ਕਿ ਐਨੇ ਸਾਰੇ ਬੰਦਿਆਂ ਨੂੰ ਸਾਂਭਣ ਨੂੰ ਕੋਈ ਪ੍ਰੌਢ ਵਿਅਕਤੀ ਨਾਲ ਹੋਣਾ ਜ਼ਰੂਰੀ ਏ। ਉਹ ਫੌਰਨ ਆ ਗਿਆ ਅਤੇ ਆਪਣੇ ਮਾਪਿਆਂ ਨੂੰ ਦੱਸ ਕੇ ਨਾ ਆਇਆ ਕਿ ਕਿੱਥੇ ਜਾ ਰਿਹਾ ਏ। ਉਹ ਕਰੀਬ ਤੀਹ ਸਾਲ ਦਾ ਸਾਵੀਂ ਸੋਚ ਵਾਲਾ ਵਿਅਕਤੀ ਸੀ। ਮੈਂ ਲੈਲਾ ਨੂੰ ਵੀ ਸੁਨੇਹਾ ਭੇਜ ਦਿੱਤਾ ਕਿ ਕੁੜੀਆਂ ਦਾ ਇਕ ਵੱਡਾ ਜੱਥਾ ਮਿਲਣ ਆ ਰਿਹਾ ਏ।

ਅਸੀਂ ਦੋ ਕਾਰਾਂ ਵਿਚ ਚੱਲ ਪਏ। ਮੈਂ ਮੁਹੱਲੇ ਵਿਚ ਨਿਸ਼ਚਿਤ ਥਾਂ ਤੇ ਕਾਰਾਂ ਪਾਰਕ ਕੀਤੀਆਂ ਅਤੇ ਆਮ ਵਾਂਗ ਨੇੜੇ ਦੇ ਦੁਕਾਨਦਾਰ ਨੂੰ ਕਾਰਾਂ ਦਾ ਖਿਆਲ ਰੱਖਣ ਲਈ ਆਖਿਆ। ਤਿੰਨੇ ਨੌਜਵਾਨ ਕੁੜੀਆਂ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਦਾ ਵਤੀਰਾ ਹੁਣ ਕੀ ਹੋਣਾ ਚਾਹੀਦਾ ਏ। ਇਸ ਵਰਗੀ ਥਾਂ ਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਮੂੰਹ ਕੱਜ ਲੈਣ ਕਿਉਂਕਿ ਉਨ੍ਹਾਂ ਨੂੰ ਖਤਰਾ ਸੀ ਕਿ ਜੇ ਮਾਪਿਆਂ ਦੀ ਜਾਣ ਪਛਾਣ ਵਾਲੇ ਕਿਸੇ ਮਿੱਤਰ ਜੋ ਉਨ੍ਹਾਂ ਦੇ ਹੋਣ ਵਾਲੇ ਪਤੀ ਜਾਂ ਸਹੁਰਿਆਂ ਨੇ ਉਨ੍ਹਾਂ ਨੂੰ ਉੱਥੇ ਦੇਖ ਕਿ ਪਛਾਣ ਲਿਆ ਤਾਂ ਬੜੀ ਮੁਸ਼ਕਿਲ ਖੜ੍ਹੀ ਹੋ ਜਾਏਗੀ। ਉਹ ਭੈਅ ਨਾਲ

ਇਕ ਦੂਜੇ ਨਾਲ ਚਿਪਕ ਕੇ ਚੱਲ ਰਹੀਆਂ ਸਨ। ਉਨ੍ਹਾਂ ਨੇ ਆਪਣੇ ਮੂੰਹ ਸਿਰ ਦੁਪੱਟੇ ਨਾਲ ਢਕ ਲਏ ਸਨ।

ਮੈਂ ਲੈਲਾ ਦੇ ਘਰ ਵਲ ਤੁਰ ਪਈ ਪਰ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਪਿੱਛੇ ਤਾਂ ਕੋਈ ਵੀ ਨਹੀਂ ਆ ਰਿਹਾ ਸੀ ਨਾ ਸਾਰਾ ਨਾ ਮੋਹਸਿਨ ਤੇ ਨਾ ਹੀ ਸਾਰਾ ਦਾ ਪਤੀ। ਮੈਂ ਮੁੜ ਕੇ ਵੇਖਿਆ ਤਾਂ ਤਿੰਨ ਬੰਡਲ ਜਿਹੇ ਮੇਰੀ ਕਾਰ ਦੇ ਕੋਲ ਖੜ੍ਹੇ ਸਨ, ਮੈਨੂੰ ਉਨ੍ਹਾਂ ਦਾ ਭੈਅ ਦੇਖ ਕੇ ਵਿਸ਼ਵਾਸ ਨਹੀ ਹੋ ਰਿਹਾ ਸੀ ਜੋ ਉਨ੍ਹਾਂ ਦੇ ਮਨ ਵਿਚ ਇਸ ਥਾਂ ਬਾਰੇ ਸੀ ਕਿ ਉਹ ਕਿਤੇ ਦੇਖ ਨਾ ਲਈਆਂ ਜਾਣ। ਮੈਂ ਆਵਾਜ਼ ਦੇ ਕੇ ਕਿਹਾ, 'ਆਮ ਦੀ ਤਰ੍ਹਾਂ ਵਿਹਾਰ ਕਰੋ! ਜੇ ਤੁਸੀਂ ਇਸ ਤਰ੍ਹਾਂ ਲਿਪਟ ਕੇ ਲੜਖੜਾਉਂਦੀਆਂ ਤੁਰੋਂਗੀਆਂ ਤਾਂ ਲੋਕਾਂ ਦਾ ਧਿਆਨ ਤੁਹਾਡੇ ਵਲ ਵਧੇਰੇ ਜਾਏਗਾ।' ਉਨ੍ਹਾਂ ਨੇ ਆਪਣੇ ਦੁਪੱਟੇ ਜ਼ਰਾ ਢਿੱਲੇ ਕੀਤੇ ਪਰ ਮੂੰਹ ਢਕ ਕੇ ਹੀ ਰੱਖੇ ਅਤੇ ਮੇਰੇ ਪਿੱਛੇ ਤੁਰ ਪਈਆਂ। ਮੈਂ ਉਨ੍ਹਾਂ ਤਿੰਨਾਂ ਦੀ ਫੁਸਫੁਸਾਹਟ ਸੁਣ ਰਹੀ ਸਾਂ, ਹਰੇਕ ਇਕ ਦੂਜੀ ਤੇ ਇੱਥੇ ਲਿਆਉਣ ਦਾ ਦੋਸ਼ ਲਾ ਰਹੀ ਸੀ।

ਪਰ ਅਮਰੀਕੀ ਬਣੀ ਸਾਰਾ ਨੂੰ ਉੱਥੇ ਸਭ ਕੁਝ ਐਨਾ ਦਿਲਚਸਪ ਲੱਗ ਰਿਹਾ ਸੀ ਕਿ ਉਹ ਹਰੇਕ ਨੂੰ ਹੀ ਹੱਥ ਹਿਲਾਕੇ 'ਹਾਇ' ਕਹਿੰਦੀ ਜਾ ਰਹੀ ਸੀ। ਲੋਕ ਉਹਦੇ ਵੱਲ ਹੈਰਾਨੀ ਨਾਲ ਵੇਖਦੇ। ਮੈਂ ਉਹਨੂੰ ਆਪਣੇ ਨੇੜੇ ਖਿੱਚ ਲਿਆ ਤੇ ਬੋਲੀ ਕਿ ਉਸ ਨੂੰ ਬਾਜ਼ਾਰ ਦੇ ਲੋਕਾਂ ਨਾਲ ਐਨੀ ਦੋਸਤਾਨਾ ਹੋਣ ਦੀ ਲੋੜ ਨਹੀਂ। ਉਹ ਜਿਸਮਫਰੋਸ਼ਾਂ ਤੋਂ ਬਿਨਾਂ ਹੋਰ ਔਰਤਾਂ ਨੂੰ ਨਹੀਂ ਦੇਖਦੇ ਰਾਤ ਨੂੰ ਇਸ ਲਈ ਉਹ ਸਾਨੂੰ ਦੇਖ ਕੇ ਹੈਰਾਨ ਨੇ। ਲੋਕ ਇਹ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰ ਰਹੇ ਨੇ ਕਿ ਕੀ ਅਸੀਂ ਵੀ ਉਨ੍ਹਾਂ ਵਿਚੋਂ ਹੀ ਹਾਂ ਜਾਂ ਨਹੀਂ। ਉਸਦਾ ਪਤੀ ਵੀ ਇਕ ਸੈਲਾਨੀ ਵਾਂਗ ਚੱਲ ਰਿਹਾ ਸੀ, ਅਤੇ ਗੋਰਾ ਹੋਣ ਕਰਕੇ ਲੋਕਾਂ ਦਾ ਵਾਧੂ ਹੀ ਧਿਆਨ ਉਸ ਵਲ ਜਾ ਰਿਹਾ ਸੀ। ਅਤੇ ਉਹ ਵੀ ਸਿਰ ਹਿਲਾ ਕੇ ਅਤੇ ਮੁਸਕਰਾ ਕੇ ਉਨ੍ਹਾਂ ਵਲ ਦੇਖਦਾ ਸੀ। ਸਿਰਫ ਮੋਹਸਿਨ ਹੀ ਠੀਕ-ਠਾਕ ਤੁਰ ਰਿਹਾ ਸੀ। ਮੈਂ ਪਿੱਛੇ ਮੁੜ ਕੇ ਦੇਖਿਆ ਉਹ ਤਿੰਨੋਂ ਕੁੜੀਆਂ ਦੇ ਐਨ ਪਿੱਛੇ ਚਲ ਰਿਹਾ ਸੀ। ਮੈਂ ਖੁਦ ਹੀ ਬੁੜਬੁੜਾਈ, ' ਧੰਨਵਾਦ ਮੋਹਸਿਨ! ਇਸ ਜੱਥੇ ਨਾਲ ਅੱਜ ਮੈਨੂੰ ਤੇਰੀ ਲੋੜ ਪੈਣੀ ਹੀ ਸੀ।'

ਕਈ ਦਿਨ ਬਾਦ ਮੋਹਸਿਨ ਨੇ ਮੈਨੂੰ ਦੱਸਿਆ ਕਿ ਜਦੋਂ ਉਹ ਬਜ਼ਾਰ ਵਿਚ ਕੁੜੀਆਂ ਦੇ ਪਿੱਛੇ ਪਿੱਛੇ ਮੇਰੇ ਨਾਲ ਆ ਰਿਹਾ ਸੀ ਤਾਂ ਉਸਦੀਆਂ ਲੱਤਾਂ ਕੰਬ ਰਹੀਆਂ ਸਨ। ਉਹ ਪਹਿਲਾਂ ਕਦੀ ਵੀ ਮੁਹੱਲੇ ਵਿਚ ਨਹੀਂ ਆਇਆ ਸੀ ਇਸ ਲਈ ਖੁਦ ਨੂੰ ਕੋਸ ਰਿਹਾ ਸੀ। ਮੈਂ ਐਥੇ ਆਇਆ ਹੀ ਕਿਉਂ ਤੇ ਮੈਂ ਫੌਜੀਆਂ ਦੀ ਗੱਲ ਕਿਉਂ ਮੰਨ ਲਈ ਜੋ ਮੁਸੀਬਤ ਦੀ ਜੜ ਤੋਂ ਬਿਨਾਂ ਹੋਰ ਕੁਝ ਨਹੀਂ। ਉਹ ਦਰਅਸਲ ਇਹ ਸੋਚ ਰਿਹਾ ਸੀ ਕਿ ਉਸ ਦਾ ਤਾਂ ਭਵਿੱਖ ਤਾਂ ਦਾਅ ਤੇ ਲੱਗ ਗਿਆ ਏ। ਜਦੋਂ ਉਸਨੇ ਬਾਦ ਵਿਚ ਮੈਨੂੰ ਇਹ ਸਭ ਕੁਝ ਦੱਸਿਆ ਤਾਂ ਮੈਨੂੰ ਵਿਸ਼ਵਾਸ ਹੀ ਨਾ ਹੋਇਆ ਤੇ ਮੈਂ ਖਿੜਖਿੜਾ ਕੇ ਹੱਸ ਪਈ।

ਲੈਲਾ ਦੇ ਕੋਠੇ ਤੇ ਪਹੁੰਚ ਕੇ ਹਰੇਕ ਨੂੰ ਕੁਝ ਧਰਵਾਸ ਬੱਝਾ। ਉਨ੍ਹਾਂ ਨੂੰ ਮਾਹੌਲ ਠੀਕ ਲੱਗਾ ਕਿਉਂਕਿ ਇੱਥੇ ਸਭ ਕੁਝ ਕਿਸੇ ਵੀ ਘਰ ਦੀ ਬੈਠਕ ਵਰਗਾ ਸੀ। ਸਿਰਫ ਨਾਚੀ ਅਤੇ ਸਾਜ਼ਿੰਦੇ ਹੀ ਵਾਧੂ ਸਨ। ਮੈਂ ਦੇਖਿਆ ਕਿ ਕੁੜੀਆਂ ਦੇ ਮੂੰਹ ਹੈਰਾਨੀ ਨਾਲ ਖੁਲ੍ਹੇ ਹੋਏ ਸਨ ਤੇ ਉਹ ਲੈਲਾ ਵਲ ਟਿਕਟਿਕੀ ਲਾ ਕੇ ਦੇਖ ਰਹੀਆਂ ਸਨ ਜਿਵੇਂ ਉਹ ਕੋਈ ਅਜੀਬ ਸ਼ੈਅ ਹੋਵੇ।

ਮੈਂ ਹੱਸੀ ਤੇ ਲੈਲਾ ਨੂੰ ਕਿਹਾ, 'ਲੈਲਾ ਤੂੰ ਐਨੇ ਕੁੜੀਆਂ ਨਾਲ ਗੱਲਬਾਤ ਕਰ ਤੇ ਮੈਂ ਤੇਰੀ ਮਾਂ ਨੂੰ ਮਿਲ ਕੇ ਆਉਂਦੀ ਹਾਂ। ਕੈਸਰਾ ਕੁਝ ਢਿੱਲੀ ਸੀ। ਮੈਂ ਬਾਲਕੋਨੀ ਵਿਚ ਗਈ ਜਦ ਕਿ ਲੈਲਾ ਕੁੜੀਆਂ ਕੋਲ ਖੜ੍ਹੀ ਰਹੀ। ਉਹ ਦਿਖਾਵਾ ਪਸੰਦ ਕਰਦੀ ਸੀ ਇਸ ਲਈ ਅੰਗ੍ਰੇਜ਼ੀ ਰੁਟੀਨ ਵਿਚ ਰਹੀ। ਕੁੜੀਆਂ ਬੜੀਆਂ ਹੈਰਾਨ ਸਨ ਤੇ ਉਸ ਨੂੰ ਹੱਥ ਲਾ-ਲਾ ਕੇ ਦੇਖ ਰਹੀਆਂ ਸਨ, ਗੱਲਾਂ ਕਰ ਰਹੀਆਂ ਸਨ ਜਿਵੇਂ ਕਿ ਉਹ ਸਿੱਧੀ ਮੰਗਲ ਗ੍ਰਹਿ ਤੋਂ ਆ ਰਹੀ ਹੋਵੇ।

ਸਾਰਾ ਪੂਰੀ ਕੋਸ਼ਿਸ਼ ਕਰਕੇ ਸਾਜ਼ਿੰਦਿਆਂ ਨਾਲ ਉਰਦੂ ਵਿਚ ਗੱਲ ਕਰ ਰਹੀ ਸੀ। ਇਹ ਸੋਚ ਕੇ ਕਿ ਉਹ ਮੇਰੀ ਦੋਸਤ ਏ ਤੇ ਉਸ ਦਾ ਮਜ਼ਾਕ ਨਹੀਂ ਉਡਾਇਆ ਜਾਣਾ ਚਾਹੀਦਾ, ਉਹ ਪੂਰੀ ਕੋਸ਼ਿਸ਼ ਕਰਕੇ ਧਿਆਨ ਨਾਲ ਸੁਣਦੇ ਰਹੇ ਪਰ ਅਮਰੀਕੀ ਲਹਿਜੇ ਵਿਚ ਜੋ ਕੁਝ ਉਹ ਕਹਿ ਰਹੀ ਸੀ ਉਸ ਵਿਚੋਂ ਕੁਝ ਵੀ ਉਨ੍ਹਾਂ ਦੇ ਪੱਲੇ ਨਾ ਪਿਆ। ਇਕ ਸੰਗੀਤਕਾਰ ਮੇਰੇ ਕੋਲ ਆਇਆ ਤੇ ਬੋਲਿਆ, 'ਡਾ. ਸਾਹਿਬਾ, ਉਹ ਤੁਹਾਨੂੰ ਬੁਲਾ ਰਹੀਆਂ ਨੇ।' ਜਦੋਂ ਮੈਂ ਮੁੜ ਕੇ ਉਸ ਵਲ ਵੇਖਿਆ ਤਾਂ ਉਹ ਹੌਲੀ ਜਿਹੀ ਬੋਲਿਆ, 'ਇਹ ਵਲੈਤੀ ਕੁਕੜੀ ਕਿੱਥੋਂ ਲਿਆਂਦੀ ਏ?' ਮੈਂ ਉਹਨੂੰ ਮੂੰਹ ਬੰਦ ਰੱਖਣ ਲਈ ਝਾੜਿਆ।

ਮੈਂ ਆਪਣੇ ਮਹਿਮਾਨਾਂ ਵਲ ਮੁੜੀ ਤਾ ਵੇਖਿਆ ਕਿ ਸਾਰਾ ਫਰਸ਼ ਤੇ ਬੈਠੀ ਸੀ ਅਤੇ ਸੰਗੀਤਕਾਰਾਂ ਤੋਂ ਸੰਗੀਤ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਵਿਚ ਸੀ। ਉਸ ਦਾ ਪਤੀ ਮੁਸਕਰਾਉਂਦਾ ਹੋਇਆ ਆਪਣੇ ਲੰਬੇ ਬੂਟ ਪਾਈਂ ਕਮਰੇ ਵਿਚ ਘੁੰਮ ਰਿਹਾ ਸੀ ਜਦ ਕਿ ਬਾਕੀ ਸਾਰਿਆਂ ਨੇ ਆਪਣੇ ਜੁੱਤੇ ਲਾਹੇ ਹੋਏ ਸਨ। ਉਹ ਕੰਧਾਂ ਤੇ ਲੱਗੀਆਂ ਤਸਵੀਰਾਂ ਦੇਖ ਰਿਹਾ ਸੀ। ਤਿੰਨੋਂ ਕੁੜੀਆਂ ਸੋਫੇ ਤੇ ਲੈਲਾ ਦੇ ਨਾਲ ਜੁੜੀਆਂ ਬੈਠੀਆਂ ਸਨ ਅਤੇ ਉਸ ਦੇ ਵਾਲਾਂ ਅਤੇ ਹੱਥਾਂ ਨੂੰ ਛੂਹ ਕੇ ਦੇਖ ਰਹੀਆਂ ਸਨ ਅਤੇ ਹਸਦੀਆਂ ਜਾ ਰਹੀਆਂ ਸਨ।

ਮੈਂ ਹੱਸੇ ਬਿਨਾਂ ਨਾ ਰਹਿ ਸਕੀ। ਜਿਵੇਂ ਉਹ ਲੈਲਾ ਨੂੰ ਵੇਖ ਰਹੀਆਂ ਸਨ ਤਾਂ ਮੇਰੇ ਯਾਦ ਆ ਗਿਆ ਕਿ ਜਦੋਂ ਮੈਂ ਉਨ੍ਹਾਂ ਦੇ ਘਰ ਪਹਿਲੀ ਵਾਰੀ ਆਈ ਸੀ ਤਾਂ ਉਹ ਮੈਨੂੰ ਵੀ ਇਸੇ ਤਰ੍ਹਾਂ ਦੇਖ ਰਹੀਆਂ ਸਨ। ਉਨ੍ਹਾਂ ਨੇ ਮੇਰੇ ਵਾਲ ਵੀ ਛੂਹ ਕੇ ਦੇਖੇ ਸਨ ਤੇ ਸਿਰ ਤੋਂ ਅੱਡੀਆਂ ਤਕ ਮੈਨੂੰ ਘੂਰ-ਘੂਰ ਵੇਖਿਆ ਸੀ।

ਲੈਲਾ ਨੇ ਗਾਣਾ ਸ਼ੁਰੂ ਕੀਤਾ। ਉਹ ਮੁਜਰਾ ਇਸੇ ਗੀਤ ਨਾਲ ਸ਼ੁਰੂ ਕਰਦੀ ਸੀ। ਆਪਣੇ ਸਿਰ ਤੇ ਦੁਪੱਟਾ ਲੈ ਕੇ ਲੰਬਾ ਅਲਾਪ ਲੈਂਦੀ ਤੇ ਮੂੰਹ ਢਕਿਆ ਹੁੰਦਾ। ਤੇ ਹੌਲੀ ਹੌਲੀ ਇਸ ਨੂੰ ਉਤਾਂਹ ਚੁੱਕ ਕੇ ਦਰਸ਼ਕਾਂ ਨੂੰ ਆਪਣੀ ਸੁੰਦਰਤਾ ਦੇ ਦਰਸ਼ਨ ਕਰਵਾਉਂਦੀ। ਗੀਤ ਮਸ਼ਹੂਰ ਭਾਰਤੀ ਫਿਲਮ ਦੀ ਧੁਨ ਘਰ ਆਇਆ ਮੇਰਾ ਪ੍ਰਦੇਸੀ ਤੇ ਸੀ। ਅਜਿਹੇ ਇਕੱਠ ਵਿਚ ਸਾਜ਼ਾਂ ਅਤੇ ਗਾਇਕਾਂ ਦੀ ਆਵਾਜ਼ ਦਾ ਸੰਤੁਲਨ ਟੈਲੀਵੀਜ਼ਨ ਰਿਕਾਰਡਿੰਗ ਵਾਲੇ ਸਮੇਂ ਤੋਂ ਬਿਲਕੁਲ ਵਖਰਾ ਹੁੰਦਾ ਏ ਜਾਂ ਭਾਵੇਂ ਇਹ ਮੰਚ ਉੱਤੇ ਜੀਵਿਤ ਪੇਸ਼ਕਾਰੀ ਦਾ ਵੇਲਾ ਹੀ ਕਿਉਂ ਨਾ ਹੋਏ। ਇਹ ਗਾਇਕਾਵਾਂ ਮਾਈਕਰਫੋਨ ਨਹੀਂ ਵਰਤਦੀਆਂ ਅਤੇ ਸੰਗੀਤ ਦੇ ਸਾਜ਼ਾਂ ਦੀ ਮਦਦ ਲਈ ਨਹੀਂ ਸਗੋਂ ਉਨ੍ਹਾਂ ਦੇ ਮੁਕਾਬਲੇ ਲਈ ਸੁਰ ਉੱਚੀ ਕੱਢਦੀਆਂ ਹਨ। ਅਤੇ ਇਸ ਦੇ ਨਾਲ ਹੀ ਉਹ ਆਪਣੇ ਘੁੰਗਰੂਆਂ ਨੂੰ ਹੋਰ ਰੌਲਾ ਪਾਉਣ ਲਈ ਵਰਤਦੀਆਂ ਹਨ ਨਾ ਕਿ ਸਾਜ਼ਾਂ ਦੀ ਧੁਨ ਤੇ ਛਣਕਾਉਣ ਲਈ ਤਾਂ ਕਿ ਨਾਚੀਆਂ ਦੇ ਪੈਰਾਂ ਦੀ ਖ਼ੂਬਸੂਰਤ ਥਿਰਕਣ ਦਾ ਅਹਿਸਾਸ ਹੋਏ।

ਮੇਰੇ ਸਾਥੀਆਂ ਨੇ ਇਸ ਨਾਚ ਦਾ ਖ਼ੂਬ ਅਨੰਦ ਲਿਆ। ਮੈਂ ਭੁੱਬਾ ਨੂੰ ਹਜ਼ਾਰ ਰੁਪਏ ਦੇ ਛੋਟੇ

ਨੋਟ ਲਿਆਉਣ ਲਈ ਕਿਹਾ ਤੇ ਉਹ ਇਕ ਇਕ ਰੁਪਏ ਦੇ ਨੋਟਾਂ ਦੀਆਂ ਦਸ ਦੱਥੀਆਂ ਲੈ ਆਇਆ ਜੋ ਮੈਂ ਆਪਣੇ ਦੋਸਤਾਂ ਨੂੰ ਫੜਾ ਦਿੱਤੀਆਂ। ਮੈਂ ਉਨ੍ਹਾਂ ਨੂੰ ਦੱਸਿਆ ਕਿ ਨਾਚੀ ਉੱਤੇ ਪੈਸੇ ਕਿਵੇਂ ਸੁੱਟੇ ਜਾਂਦੇ ਨੇ - ਨੋਟਾਂ ਦੀ ਦੱਥੀ ਹੱਥ ਵਿਚ ਫੜੋ ਅਤੇ ਨਾਚੀ ਦੇ ਨੇੜੇ ਜਾਉ ਤੇ ਛੇਤੀ-ਛੇਤੀ ਇਕ- ਇਕ ਕਰਕੇ ਨੋਟ ਨਾਚੀ ਦੇ ਉੱਪਰ ਸੁੱਟਦੇ ਜਾਉ ਤਾਂ ਕਿ ਇੰਝ ਲੱਗੇ ਜਿਵੇਂ ਨਾਚੀ ਦੇ ਸਿਰ ਤੇ ਨੋਟਾਂ ਦੀ ਬਰਸਾਤ ਹੋ ਰਹੀ ਏ। ਮੈਂ ਉਨ੍ਹਾਂ ਨੂੰ ਨੋਟ ਦੇਣ ਦਾ ਇਕ ਹੋਰ ਢੰਗ ਵੀ ਦੱਸਿਆ ਜਿੱਥੇ ਤੁਸੀਂ ਇਕ ਜਾਂ ਦਸ ਰੁਪਏ ਦਾ ਨੋਟ ਆਪਣੇ ਸਾਥੀ ਦੇ ਸਿਰ ਤੇ ਰੱਖ ਦਿੰਦੇ ਹੋ। ਨਾਚੀ ਉਸ ਵਿਅਕਤੀ ਦੇ ਸਾਮ੍ਹਣੇ ਨੱਚਦੀ ਹੈ ਤੇ ਆਪਣਾ ਪੂਰਾ ਧਿਆਨ ਉਸ ਨੂੰ ਦਿੰਦੀ ਏ ਅਤੇ ਫੇਰ ਨੋਟ ਚੁੱਕਣ ਲਈ ਅੱਗੇ ਨੂੰ ਝੁਕਦੀ ਏ ਅਤੇ ਨੋਟ ਚੁੱਕ ਕੇ ਗੱਲ੍ਹ ਤੇ ਚੂੰਢੀ ਵੱਢ ਜਾਂਦੀ ਏ।

ਸਾਰੇ ਜੱਥੇ ਨੇ ਨੋਟਾਂ ਦੀ ਬਰਸਾਤ ਦਾ ਅਨੰਦ ਲਿਆ ਅਤੇ ਨਾਲ ਹੀ ਲੈਲਾ ਨੇ। ਇਹ ਵਧੀਆ ਘਰੇਲੂ ਜਿਹਾ ਮਾਹੌਲ ਸੀ ਕਿਉਂਕਿ ਉਹ ਸਾਰੇ ਉਸ ਦੇ ਮਿੱਤਰ ਬਣ ਚੁੱਕੇ ਸਨ। ਇਸ ਤੋਂ ਬਿਨਾਂ ਕਿਉਂਕਿ ਦਰਸ਼ਕ ਵੀ ਸਿਰਫ ਅਸੀਂ ਹੀ ਸਾਂ ਇਸ ਲਈ ਸਭ ਨੇ ਬੜਾ ਆਰਾਮਦੇਹ ਮਹਿਸੂਸ ਕੀਤਾ। ਪਹਿਲੇ ਗਾਣੇ ਤੋਂ ਬਾਦ ਲੈਲਾ ਨੇ ਪੁੱਛਿਆ ਕਿ ਅਸੀਂ ਕੀ ਸੁਣਨਾ ਚਾਹੁੰਦੇ ਹਾਂ। ਸਾਰਾ ਨੇ ਫੌਰਨ ਕਿਹਾ ਕਿ ਕੋਈ ਵਧੀਆ ਜਿਹੀ ਕਲਾਸੀਕਲ ਚੀਜ਼। ਲੈਲਾ ਨੇ ਮੇਰੇ ਵਲ ਦੇਖਿਆ ਅਤੇ ਮੈਂ ਵਿਚੋਂ ਬੋਲ ਪਈ ਕਿ ਕੋਈ ਉਰਦੂ ਜਾਂ ਪੰਜਾਬੀ ਗੀਤ ਜਾਂ ਗਜ਼ਲ ਦੀ ਗੱਲ ਕਰਨ।

ਮੈਂ ਸਾਰਾ ਦੇ ਨੇੜੇ ਗਈ ਤੇ ਫੁਸਫੁਸਾਈ 'ਇਥੇ ਹੁਣ ਬਹੁਤੇ ਕਲਾਸੀਕਲ ਗਾਇਕ ਨਹੀਂ ਰਹੇ।'

ਹੈਰਾਨ ਹੋ ਕੇ ਉਹ ਆਪਣੇ ਅਮਰੀਕੀ ਲਹਿਜ਼ੇ ਵਿਚ ਬੋਲੀ, 'ਪਰ ਕਿਉਂ?'

ਮੈਂ ਜਵਾਬ ਦਿੱਤਾ, 'ਹੁਣ ਕਲਾਸੀਕਲ ਗੀਤ ਸੁਣਨ ਲਈ ਕੋਈ ਨਹੀਂ ਕਹਿੰਦਾ। ਜਿਹੜੇ ਹੁਣ ਕਲਾਸੀਕਲ ਗਾਇਕ ਹਨ ਵੀ ਉਨ੍ਹਾਂ ਨੂੰ ਗੁਜ਼ਾਰਾ ਤਕ ਕਰਨਾ ਔਖਾ ਹੋ ਰਿਹਾ ਏ। ਸ਼ਾਹਿਦਾ ਨੂੰ ਛੱਡ ਕੇ ਹੋਰ ਕੋਈ ਔਰਤ ਪੇਸ਼ਾਵਰ ਤੌਰ ਤੇ ਕਲਾਸੀਕਲ ਗੀਤ ਗਾਉਂਦੀ ਹੀ ਨਹੀਂ।'

ਤਿੰਨੋਂ ਕੁੜੀਆਂ ਨੇ ਫਰਮਾਇਸ਼ ਕਰਨ ਤੋਂ ਪਹਿਲਾਂ ਆਪਸ ਵਿਚ ਬੜੀ ਸਲਾਹ ਕੀਤੀ। ਫੈਜ਼ਾ ਨੂੰ ਹੁੱਜ ਮਾਰ ਕੇ ਅਗਾਂਹ ਕੀਤਾ ਗਿਆ ਕਿ ਉਹ 'ਸੋਨੇ ਦਿਆ ਕੰਗਣਾ' ਦੀ ਫਰਮਾਇਸ਼ ਕਰੇ ਜੋ ਕਿ ਇਕ ਮਸ਼ਹੂਰ ਪੰਜਾਬੀ ਗੀਤ ਏ। ਲੈਲਾ ਇਸ ਫਰਮਾਇਸ਼ ਤੇ ਖੁਸ਼ ਹੋ ਗਈ ਅਤੇ ਪੂਰੇ ਜੋਸ਼ ਵਿਚ ਗਾਉਣ ਲੱਗੀ। ਕੁੜੀਆਂ ਨੇ ਉਸ ਦੇ ਗੀਤ ਦਾ ਅਨੰਦ ਲਿਆ ਤੇ ਹੌਲੀ ਹੌਲੀ ਨਾਲ ਨਾਲ ਗੁਣਗੁਣਾਉਂਦੀਆਂ ਵੀ ਰਹੀਆਂ।

ਉਦੋਂ ਮੈਂ ਧਿਆਨ ਕੀਤਾ ਕਿ ਦੋ ਸੱਤ ਸੱਤ ਕੁ ਸਾਲ ਦੇ ਮੁੰਡੇ ਅੰਦਰ ਆ ਕੇ ਕਮਰੇ ਦੇ ਕੋਨੇ ਵਿਚ ਬੈਠੇ ਹੋਏ ਸੀ। ਮੈਂ ਉਨ੍ਹਾਂ ਨੂੰ ਪਹਿਲਾਂ ਕਦੀ ਨਹੀਂ ਸੀ ਦੇਖਿਆ ਤੇ ਸਮਝ ਨਹੀਂ ਸਕੀ ਕਿ ਇਹ ਕੌਣ ਨੇ, ਕਿਉਂਕਿ ਨਾਂ ਤਾਂ ਉਨ੍ਹਾਂ ਕੋਲ ਵੇਚਣ ਲਈ ਫੁੱਲ ਸਨ ਅਤੇ ਨਾ ਹੀ ਟੁੱਟੇ ਹੋਏ ਛੋਟੇ ਨੋਟ ਤਾ ਕਿ ਗਾਹਕਾਂ ਨੂੰ ਦੇ ਸਕਣ। ਮੈਂ ਅੰਦਾਜ਼ਾ ਲਾਇਆ ਕਿ ਸ਼ਾਇਦ ਉਹ ਚਾਹ ਦੀ ਦੁਕਾਨ ਵਾਲੇ ਹੋਣਗੇ।

ਲੈਲਾ ਦੀ ਮਾਂ ਬੈਠਕ ਵਿਚ ਆਈ ਤੇ ਮੇਰੇ ਸਾਰੇ ਸਾਥੀਆਂ ਨੂੰ ਮਿਲੀ। ਤਿੰਨੋਂ ਕੁੜੀਆਂ ਆਪਸ ਵਿਚ ਬਹੁਤ ਖੁਸਰ-ਫੁਸਰ ਕਰ ਰਹੀਆਂ ਸਨ ਅਤੇ ਆਲੇ ਦੁਆਲੇ ਦੇਖ ਕੇ ਦੰਦ ਕੱਢ ਰਹੀਆਂ ਸਨ। ਲੈਲਾ ਦੀ ਮਾਂ ਵੱਲ ਇਸ਼ਾਰਾ ਕਰਕੇ ਉਹ ਸਿਰ ਹਿਲਾ ਕੇ ਮੈਥੋਂ ਕੁਝ ਪੁੱਛਣ ਦੀ

ਕੋਸ਼ਿਸ਼ ਕਰ ਰਹੀਆਂ ਸਨ। ਪਰ ਮੈਂ ਉਨ੍ਹਾਂ ਵੱਲ ਉੱਕਾ ਧਿਆਨ ਨਾ ਦਿੱਤਾ। ਮੈਂ ਇਸ ਕਰਕੇ ਪ੍ਰੇਸ਼ਾਨ ਹੋ ਰਹੀ ਸੀ ਕਿ ਉਹ ਸਮਝ ਰਹੀਆਂ ਸੀ ਕਿ ਕੈਸਰਾ ਬੇਗਮ ਤੋਂ ਉਨ੍ਹਾਂ ਦੀ ਉਕਸਾਹਟ ਛੁਪੀ ਰਹੇਗੀ। ਪਰ ਕੈਸਰਾ ਨੂੰ ਬਹੁਤ ਬੁਖਾਰ ਸੀ ਇਸ ਲਈ ਉਹ ਛੇਤੀ ਹੀ ਅੰਦਰ ਚਲੀ ਗਈ।

ਉਸਦੇ ਜਾਣ ਤੋਂ ਬਾਦ ਫੈਜ਼ਾ ਆਈ ਤੇ ਮੇਰੇ ਕੰਨ ਵਿਚ ਬੋਲੀ, 'ਇਹ ਨਾਇਕਾ ਸੀ, ਕੋਠੇ ਦੀ ਮੈਡਮ?'

ਮੈਂ ਉਹਦੇ ਮੂੰਹ ਵਲ ਦੇਖਿਆ। ਉਹ ਉਤੇਜਨਾ ਨਾਲ ਮਰੀ ਜਾ ਰਹੀ ਸੀ। ਵੇਸਵਾ ਦੀ ਮਾਂ ਅਕਸਰ ਫਿਲਮਾਂ ਵਿਚ ਦਿਖਾਈ ਜਾਂਦੀ ਏ। ਇਸ ਤਰ੍ਹਾਂ ਦੀ ਔਰਤ ਜੋ ਨਾਇਕ ਅਤੇ ਖਲਨਾਇਕ ਨਾਲ ਸੌਦਾ ਕਰਦੀ ਤੇ ਤੋੜਦੀ ਏ। ਨਾਇਕ ਨੇ ਉਸ ਮਾਸੂਮ ਨਾਚੀ ਕੁੜੀ ਨੂੰ ਵੇਸਵਾ ਬਣਨ ਤੋਂ ਪਹਿਲਾਂ ਹੀ ਚੁੱਕ ਕੇ ਲੈ ਜਾਣਾ ਹੁੰਦਾ ਏ ਜਾਂ ਜਦੋਂ ਨਾਇਕਾ ਦੇ ਪਹਿਲੇ ਗਾਹਕ ਨਾਲ ਉਸ ਕੁੜੀ ਦਾ ਸੌਦਾ ਹੋਣਾ ਹੁੰਦਾ ਏ। ਜਦੋਂ ਨਾਇਕ ਦੇ ਘਰ ਵਾਲੇ ਵੇਸਵਾ ਨਾਲ ਸ਼ਾਦੀ ਕਰਨ ਦੀ ਇੱਛਾ ਰੱਖਣ ਕਰਕੇ ਨਾਇਕ ਨੂੰ ਘਰੋਂ ਕੱਢ ਦਿੰਦੇ ਨੇ ਤਾ ਉਹ ਘਰੋਂ ਭੱਜ ਕੇ ਨਾਚੀ ਨਾਲ ਵਿਆਹ ਕਰਕੇ ਇਕ ਨਿੱਕੇ ਜਿਹੇ ਸ਼ਹਿਰ ਵਿਚ ਛੁਪ ਕੇ ਰਹਿਣ ਲੱਗ ਪੈਂਦਾ ਏ। ਅਤੇ ਫੇਰ ਪਤਾ ਨਹੀਂ ਕਿੱਥੋਂ ਨਾਇਕਾ ਆਪਣੇ ਨਾਲ ਦੱਲਿਆਂ ਅਤੇ ਨੌਕਰਾਂ ਨੂੰ ਲੈ ਕੇ ਪਹੁੰਚ ਜਾਂਦੀ ਏ ਤੇ ਕੁੜੀ ਨੂੰ ਚੁੱਕ ਲਿਆਉਂਦੀ ਏ। ਬਹੁਤੀਆਂ ਨਾਟਕੀ ਫਿਲਮਾਂ ਵਿਚ ਉਹ ਉਦੋਂ ਆਉਂਦੀ ਏ ਜਦੋਂ ਨਾਚੀ ਕੁੜੀ ਆਪਣੇ ਪਹਿਲੇ ਬੱਚੇ ਨੂੰ ਜਨਮ ਦੇਣ ਵਾਲੀ ਹੁੰਦੀ ਏ ਅਤੇ ਬੱਚਾ ਅਕਸਰ ਕੁੜੀ ਹੁੰਦੀ ਏ ਜਿਸ ਨੂੰ ਉਹ ਚੁੱਕ ਕੇ ਆਪਣੇ ਨਾਲ ਬਾਜ਼ਾਰ ਵਿਚ ਲੈ ਜਾਂਦੀ ਏ। ਨਾਇਕ ਨੂੰ ਫੇਰ ਬੱਚੀ ਨੂੰ ਚੁੱਕਣ ਲਈ ਆਉਣਾ ਪੈਂਦਾ ਏ। ਆਪਣੀ ਕੁੜੀ ਆਪਣੀ ਇੱਜ਼ਤ' ਨੂੰ ਵਾਪਸ ਲੈ ਜਾਣ ਲਈ ਉਹ ਪੂਰੇ ਬਾਜ਼ਾਰ ਨਾਲ ਲੜਦਾ-ਭਿੜਦਾ ਏ ਤਾਂ ਕਿ ਉਹ ਮੁਹੱਲੇ ਦੇ ਗੰਦੇ ਲੋਕਾਂ ਵਿਚੋਂ ਉਸਨੂੰ ਕੱਢ ਕੇ ਲੈ ਜਾਏ। ਦੱਖਣੀ ਏਸ਼ੀਆਈ ਫਿਲਮਾਂ ਵਿਚ ਨਾਇਕਾ ਜਿਸਮਫਰੋਸ਼ੀ ਦੇ ਧੰਦੇ ਦੀ ਮੂਰਤ ਹੁੰਦੀ ਏ। ਇਹ ਦਰਸ਼ਕਾਂ ਨੂੰ ਮੋਂਹਦੀ ਏ ਕਿਉਂਕਿ ਇਹ ਉਸ ਭ੍ਰਿਸ਼ਟ ਸੱਤਾ ਅਤੇ ਜੋੜ-ਜੁਗਾੜ ਨੂੰ ਝਲਕਾਉਂਦੀ ਏ ਜੋ ਜਿਸਮਫਰੋਸ਼ੀ ਦੇ ਧੰਦੇ ਨਾਲ ਜੁੜੇ ਹੋਏ ਨੇ।

ਖੁਲ੍ਹੇ ਮੂੰਹ ਨਾਲ ਹੈਰਾਨ ਖੜ੍ਹੀ ਫੈਜ਼ਾ ਵਲ ਦੇਖ ਕੇ ਮੈਂ ਹੱਸੀ ਅਤੇ ਬੋਲੀ, 'ਹਾਂ ਫੈਜ਼ਾ, । ਇਹ ਨਾਇਕਾ ਹੀ ਏ।'

ਕੁਝ ਦੇਰ ਬਾਦ ਠੰਢੇ ਸੋਢੇ, ਦੁੱਧ ਅਤੇ ਖੀਰ ਨਾਲ ਮੀਜ਼ਬਾਨੀ ਸ਼ੁਰੂ ਹੋ ਗਈ ਇਸ ਲਈ ਸਾਰੇ ਜਣੇ ਸੋਫੇ ਉਤੇ ਮੇਜ਼ ਦੇ ਸਾਮ੍ਹਣੇ ਬੈਠ ਗਏ। ਬਹੁਤੇ ਜਣਿਆਂ ਨੇ ਦੁੱਧ ਪੀਣਾ ਹੀ ਪਸੰਦ ਕੀਤਾ ਜੋ ਵੱਡੇ-ਵੱਡੇ ਗਲਾਸਾਂ ਵਿਚ ਬਦਾਮ ਤੇ ਮਿੱਠਾ ਪਾ ਕੇ ਤਿਆਰ ਕੀਤਾ ਗਿਆ ਸੀ ਤੇ ਗਿਲਾਸ ਮਹੀਨ ਕਾਗਜ਼ਾਂ ਵਿਚ ਲਿਪਟੇ ਹੋਏ ਸਨ ਜਿਨ੍ਹਾਂ ਉੱਤੇ ਮੋਟੇ ਅੱਖਰਾਂ ਵਿਚ ਦੁਕਾਨ ਦਾ ਨਾਂ ਲਿਖਿਆ ਹੋਇਆ ਸੀ।

ਲੈਲਾ ਦੀ ਸਭ ਤੋਂ ਵੱਡੀ ਭਤੀਜੀ, ਯਾਸਮੀਨ, ਬਾਹਰ ਆਈ ਅਤੇ ਮਹਿਫਿਲ ਵਿਚ ਇਕ ਹੋਰ ਉਤੇਜਨਾ ਫੈਲ ਗਈ। ਉਹ ਤਿਆਰ ਹੋ ਕੇ ਨਹੀਂ ਆਈ ਸੀ ਅਤੇ ਨਾ ਹੀ ਸ਼ਿੰਗਾਰ ਕੀਤਾ ਹੋਇਆ ਸੀ ਪਰ ਉਹ ਲੱਗ ਬੜੀ ਸੋਹਣੀ ਰਹੀ ਸੀ। ਯਾਸਮੀਨ ਬਹੁਤਾ ਬੋਲਣ ਵਾਲੀ ਨਹੀਂ ਸੀ ਇਸ ਲਈ ਉਹ ਕੋਨੇ ਦੀ ਇਕ ਕੁਰਸੀ ਤੇ ਬੈਠ ਗਈ ਅਤੇ ਸਭ ਨੂੰ ਵੇਖਣ ਲੱਗੀ। ਦੂਜੇ ਪਾਸੇ ਲੈਲਾ ਪੂਰੇ ਕਮਰੇ ਤੇ ਛਾਈ ਪਈ ਸੀ, ਮੇਰੇ ਨਾਲ ਚੁਹਲ ਕਰ ਰਹੀ ਸੀ ਤੇ ਹਰੇਕ ਨੂੰ ਹੋਰ ਖਾਣ

ਲਈ ਇਸਰਾਰ ਕਰ ਰਹੀ ਸੀ, ਸੰਗੀਤਕਾਰਾਂ ਨਾਲ ਹੱਸ ਰਹੀ ਸੀ ਤੇ ਵਿਚ ਵਿਚ ਅੰਗ੍ਰੇਜ਼ੀ ਵਿਚ ਵੀ ਸ਼ੁਰੂ ਹੋ ਜਾਂਦੀ ਸੀ।

ਕੁਝ ਚਿਰ ਬਾਦ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਕੋਈ ਹੋਰ ਕੋਠਾ ਵੀ ਦੇਖਣਾ ਚਾਹੁੰਦੇ ਨੇ ਪਰ ਉਨ੍ਹਾਂ ਕਿਹਾ ਬੱਸ। ਉਹ ਲੈਲਾ ਕੋਲ ਹੀ ਖੁਸ਼ ਹੋ ਗਈਆਂ ਸਨ ਤੇ ਘਰ ਜਾਣ ਲਈ ਨਿੱਕਲਣ ਤੋਂ ਪਹਿਲਾਂ ਉਹ ਦੋਬਾਰਾ ਬਾਜ਼ਾਰ ਵਿਚ ਨਹੀਂ ਜਾਣਾ ਚਾਹੁੰਦੀਆਂ ਸਨ। ਅੰਦਰ ਆਉਣ ਤੋਂ ਬਾਦ ਜਦੋਂ ਉਨ੍ਹਾਂ ਦੇਖਿਆ ਸੀ ਕਿ ਉਹ ਲੋਕ ਮੇਰੇ ਕਿੰਨੇ ਨਜ਼ਦੀਕੀ ਹਨ ਤਾਂ ਉਨ੍ਹਾਂ ਨੂੰ ਸ਼ਾਂਤੀ ਆ ਗਈ ਸੀ। ਇਸ ਲਈ ਅਸੀਂ ਲੈਲਾ ਨਾਲ ਹੀ ਰੁੱਝੇ ਰਹੇ ਅਤੇ ਉਹਨੇ ਸਾਨੂੰ ਹੋਰ ਗੀਤ ਸੁਣਾਏ। ਹੋਰ ਅੱਧੇ ਘੰਟੇ ਦਾ ਅਸੀਂ ਅਨੰਦ ਲਿਆ ਤੇ ਫੇਰ ਉਨ੍ਹਾਂ ਤੋਂ ਜਾਣ ਦੀ ਇਜਾਜ਼ਤ ਮੰਗੀ। ਲੈਲਾ ਨੇ ਆਪਣੀ ਮਾਂ ਨੂੰ ਬੁਲਾ ਲਿਆ। ਅਸੀਂ ਉਹਦਾ ਧੰਨਵਾਦ ਕੀਤਾ ਅਤੇ ਤੁਰ ਪਏ।

ਮੈਂ ਕਈ ਚੀਜ਼ਾਂ ਚੁੱਕੀਆਂ ਹੋਈਆਂ ਸੀ, ਕੁਝ ਕਾਗਜ਼, ਇਕ ਬੈਗ ਅਤੇ ਆਪਣਾ ਪਰਸ। ਮੈਂ ਸਭ ਕੁਝ ਫੜਿਆ ਅਤੇ ਆਪਣੀਆਂ ਕਾਰਾਂ ਵਲ ਤੁਰ ਪਏ। ਗਲੀ ਵਿਚ ਨਿੱਕਲਣ ਤੋਂ ਪਹਿਲਾਂ ਕੁੜੀਆਂ ਨੇ ਫੇਰ ਆਪਣੇ ਮੂੰਹ ਸਿਰ ਢਕ ਲਏ। ਅਸੀਂ ਕਾਰਾਂ ਤੋਂ ਬਹੁਤੀ ਦੂਰ ਤਾਂ ਨਹੀਂ ਸੀ ਪਰ ਫੇਰ ਵੀ ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਲਿਪਟੀਆਂ ਜਾਂਦੀਆਂ ਕੁੜੀਆਂ ਨੂੰ ਮੁੜ ਮੁੜ ਕੇ ਦੇਖਿਆ। ਜਦ ਮੈਂ ਕਾਰ ਦੇ ਨੇੜੇ ਪਹੁੰਚੀ ਤਾਂ ਮੇਰੇ ਚੇਤੇ ਆਇਆ ਕਿ ਮੈਂ ਆਪਣੀ ਕਾਰ ਦੀਆਂ ਚਾਬੀਆਂ ਤਾਂ ਲੈਲਾ ਦੇ ਮੇਜ਼ ਤੇ ਹੀ ਛੱਡ ਆਈ ਹਾਂ। ਮੈਂ ਮੋਹਸਿਨ ਨੂੰ ਚਾਬੀਆਂ ਲੈਣ ਲਈ ਭੇਜਿਆ ਤੇ ਦੱਸਿਆ ਕਿ ਇਹ ਕਿਸ ਥਾਂ ਪਈਆਂ ਹੋਣਗੀਆਂ। ਮੈਂ ਸਾਰਾ ਤੇ ਉਸਦੇ ਪਤੀ ਨੂੰ ਕਿਹਾ ਕਿ ਉਨ੍ਹਾਂ ਨੂੰ ਸਾਡੇ ਲਈ ਰੁਕਣ ਦੀ ਕੋਈ ਲੋੜ ਨਹੀਂ, ਪਰ ਉਨ੍ਹਾਂ ਕਿਹਾ ਕਿ ਨਹੀਂ ਉਹ ਅਜੇ ਕੁਝ ਚਿਰ ਹੋਰ ਰੁਕਣਗੇ। ਮੋਹਸਿਨ ਮੁੜ ਕੇ ਆਇਆ ਤੇ ਦੱਸਿਆ ਕਿ ਚਾਬੀਆਂ ਤਾਂ ਉੱਥੇ ਨਹੀਂ ਮਿਲੀਆਂ। ਮੈਂ ਇਹ ਠੀਕ ਨਹੀਂ ਸਮਝਦੀ ਸੀ ਕਿ ਉਨ੍ਹਾਂ ਸਾਰਿਆਂ ਨੂੰ, ਖਾਸ ਕਰਕੇ ਕੁੜੀਆਂ ਨੂੰ ਸੜਕ ਤੇ ਖੜ੍ਹਾ ਕਰਕੇ ਖੁਦ ਚਾਬੀਆਂ ਦੇਖਣ ਜਾਵਾਂ। ਤੇ ਮੈਂ ਸਾਰਿਆਂ ਨੂੰ ਵਾਪਸ ਵੀ ਨਹੀਂ ਲਿਜਾਣਾ ਚਾਹੁੰਦੀ ਸੀ ਕਿਉਂਕਿ ਰਾਤ ਦਾ ਇਕ ਵਜ ਚੁੱਕਾ ਸੀ ਤੇ ਮੁਜਰੇ ਦਾ ਸਮਾਂ ਖਤਮ ਹੋ ਜਾਣ ਤੋਂ ਬਾਦ ਮੈਂ ਉਨ੍ਹਾਂ ਨੂੰ ਕੋਠੇ ਤੇ ਨਹੀਂ ਲਿਜਾਣਾ ਚਾਹੁੰਦੀ ਸੀ। ਕਿਉਂਕਿ ਉਸਤਾਦ ਸਦੀਕ ਦੀ ਬੈਠਕ ਕੋਨੇ ਤੇ ਹੀ ਸੀ ਇਸ ਲਈ ਮੈਂ ਸਲਾਹ ਦਿੱਤੀ ਕਿ ਉੱਥੇ ਚੱਲਿਆ ਜਾਏ। ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਇੱਥੇ ਇੰਤਜ਼ਾਰ ਕਰਨ ਤੇ ਮੈਂ ਤੇ ਮੋਹਸਿਨ ਚਾਬੀਆਂ ਲੈਣ ਲਈ ਲੈਲਾ ਦੇ ਕੋਠੇ ਵੱਲ ਚੱਲ ਪਏ। ਮੈਂ ਆਪਣੇ ਸਾਰੇ ਸਾਥੀ ਸਦੀਕ ਅਤੇ ਰਿਆਜ਼ ਕੋਲ ਬਿਠਾ ਦਿਤੇ ਸਨ।

ਅਚਾਨਕ ਪੁਲਿਸ ਦੀਆਂ ਕਾਰਾਂ ਦੀ ਗਿਣਤੀ ਵਧ ਗਈ ਤੇ ਮੈਂ ਸੋਚਿਆ ਕਿ ਇਕ ਵਜ ਗਿਆ ਹੋਣਾ ਏ। ਮੋਹਸਿਨ ਨੇ ਸਮੇਂ ਦੀ ਪੁਸ਼ਟੀ ਕੀਤੀ ਅਤੇ ਬੇਚੈਨ ਜਿਹਾ ਲੱਗਣ ਲੱਗਾ। ਮੈਂ ਕਿਹਾ, 'ਸਾਨੂੰ ਛੇਤੀ ਨਿੱਕਲ ਚੱਲਣਾ ਚਾਹੀਦਾ ਏ। ਮੈਂ ਨਹੀਂ ਚਾਹੁੰਦੀ ਕਿ ਅਸੀਂ ਇਕ ਵਜੇ ਤੋਂ ਬਾਦ ਇੱਥੇ ਰੁਕੀਏ, ਘੱਟੋ ਘੱਟ ਇਨ੍ਹਾਂ ਲੋਕਾਂ ਦੇ ਨਾਲ। ਪੁਲਿਸ ਉਸ ਵੇਲੇ ਬਹੁਤ ਹੀ ਵਹਿਸ਼ੀ ਬਣ ਜਾਂਦੀ ਏ। ਅਸੀਂ ਦੋਵੇਂ ਲੈਲਾ ਦੀ ਬੈਠਕ ਵਿਚ ਗਏ ਤੇ ਸਾਰੇ ਪਾਸੇ ਨਜ਼ਰ ਮਾਰੀ। ਮੈਂ ਆਪਣਾ ਪਰਸ, ਬੈਗ ਅਤੇ ਜੋ ਕੁਝ ਵੀ ਮੇਰੇ ਕੋਲ ਸੀ ਕਈ ਵਾਰੀ ਦੇਖਿਆ। ਮੇਰੇ ਯਾਦ ਸੀ ਕਿ ਅੰਦਰ ਆ ਕੇ ਮੈਂ ਚਾਬੀਆਂ ਟੇਬਲ ਦੇ ਸੱਜੇ ਪਾਸੇ ਰੱਖੀਆਂ ਸਨ ਪਰ ਉਹ ਪਤਾ ਨਹੀਂ ਕਿੱਥੇ ਚਲੀਆਂ ਗਈਆਂ। ਮੋਹਸਿਨ ਨੇ ਸਲਾਹ ਦਿੱਤੀ ਕਿ ਵਾਪਸ ਕਾਰ ਕੋਲ ਚੱਲਦੇ ਹਾਂ ਅਤੇ ਬਿਨਾਂ ਚਾਬੀ ਤੋਂ

ਉਸਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹਾਂ।

ਅਸੀਂ ਹੇਠਾਂ ਆ ਗਏ ਤੇ ਜਦੋਂ ਅਸੀਂ ਕਾਰ ਵਲ ਜਾ ਰਹੇ ਸੀ ਤਾਂ ਬੈਠਕ ਦੇ ਨੇੜੇ ਰੌਲਾ-ਰੱਪਾ ਸੁਣਿਆਂ ਜਿੱਥੇ ਮੈਂ ਸਾਰਿਆਂ ਨੂੰ ਛੱਡ ਕੇ ਗਈ ਸਾਂ। ਮੈਂ ਉੱਧਰ ਨੂੰ ਤੁਰੀ। ਇਕ ਪੁਲਿਸ ਇੰਸਪੈਕਟਰ ਕੁਝ ਸਿਪਾਹੀਆਂ ਨਾਲ ਅੰਦਰੋਂ ਨਿਕਲ ਰਿਹਾ ਸੀ। ਸਦੀਕ ਉਹਦੇ ਨਾਲ ਹੀ ਬਾਹਰ ਨਿਕਲਿਆ ਅਤੇ ਬੋਲਿਆ, 'ਇਹ ਸਾਰੇ ਸਾਡੇ ਮਹਿਮਾਨ ਹਨ।'

ਇੰਸਪੈਕਟਰ ਨੇ ਮੈਨੂੰ ਦੇਖਿਆ ਤੇ ਵਿਅੰਗ ਨਾਲ ਬੋਲਿਆ, 'ਉਹ! ਤਾਂ ਡਾ. ਸਾਹਿਬਾ ਵੀ ਇੱਥੇ ਨੇ।' ਉਹਨੇ ਆਪਣੀ ਇੱਕ ਅੱਖ ਤਿਰਛੀ ਜਿਹੀ ਕਰਕੇ ਖਚਰੀ ਜਿਹੀ ਮੁਸਕਾਨ ਨਾਲ ਕਿਹਾ, 'ਇਹ ਤੇਰੇ ਮਹਿਮਾਨ ਨੇ?'

ਮੈਂ ਕਾਹਲੀ ਨਾਲ ਜਵਾਬ ਦਿੱਤਾ,'ਹਾਂ, ਅਸੀਂ ਨਿੱਕਲ ਹੀ ਰਹੇ ਸੀ, ਪਰ ਮੇਰੀ ਕਾਰ ਦੀਆਂ ਚਾਬੀਆਂ ਕਿਤੇ ਰਹਿ ਗਈਆਂ। ਅਸੀਂ ਛੇਤੀ ਹੀ ਕੋਈ ਇੰਤਜਾਮ ਕਰਕੇ ਨਿੱਕਲ ਜਾਵਾਂਗੇ।

ਉਹ ਉੱਚੀ ਆਵਾਜ਼ ਵਿਚ ਬੋਲਿਆ, 'ਆਪਣੇ ਦੋਸਤਾਂ ਨੂੰ ਵੀ ਦੱਸਦੇ ਕਿ ਗਾਹਕਾਂ ਦਾ ਸਮਾਂ ਮੁੱਕ ਚੁੱਕਾ ਏ। ਮੈਂ ਇੱਥੇ ਕੋਈ ਸੰਗੀਤ ਨਹੀਂ ਸੁਣਨਾ ਚਾਹੁੰਦਾ।'

'ਠੀਕ ਹੈ। ਮੈਂ ਸਮਝਦੀ ਹਾਂ,' ਮੈਂ ਕਿਹਾ, 'ਭਾਵੇਂ ਪੂਰੀ ਤਰ੍ਹਾਂ ਸਮਝ ਨਹੀਂ ਸਕੀ ਸੀ ਕਿ ਉਹਦਾ ਮਤਲਬ ਕੀ ਏ। ਮੈਂ ਜਾਣ ਕੇ ਉਨ੍ਹਾਂ ਨੂੰ ਵਾਪਸ ਲੈਲਾ ਦੇ ਕੋਠੇ ਤੇ ਨਹੀਂ ਲੈ ਗਈ ਸੀ ਕਿਉਂਕਿ ਇਕ ਦੇ ਕਰੀਬ ਹੋ ਚੁੱਕਾ ਸੀ ਤੇ ਉਸ ਤੋਂ ਬਾਦ ਉੱਥੇ ਪੁਲਿਸ ਦਾ ਰਾਜ ਹੁੰਦਾ ਸੀ। ਉਹ ਲੋਕਾਂ ਨੂੰ ਫੜਨ ਦੇ ਮੌਕੇ ਲੱਭਦੇ ਰਹਿੰਦੇ ਸਨ। ਆਖਰ ਉਨ੍ਹਾਂ ਨੂੰ ਪੈਸਿਆਂ ਲਈ ਕੋਈ ਕਾਰਵਾਈ ਤਾਂ ਪਾਉਣੀ ਹੀ ਪੈਂਦੀ ਏ।

ਮੋਹਸਿਨ ਤੇ ਮੈਂ ਅੰਦਰ ਨੂੰ ਭੱਜੇ ਅਤੇ ਦੇਖਿਆ ਸਾਰੇ ਬੜੇ ਸ਼ਾਂਤ ਬੈਠੇ ਸਨ ਅਤੇ ਸਾਰਾ ਇਕ ਸੰਗੀਤਕਾਰ ਤੋਂ ਕੱਥਕ ਨਾਚ ਦੇ ਕਦਮ ਸਿੱਖ ਰਹੀ ਸੀ। ਮੈਨੂੰ ਅੱਖਾਂ ਤੇ ਵਿਸ਼ਵਾਸ ਨਹੀਂ ਹੋਇਆ। ਉਹ ਐਨ ਕਮਰੇ ਦੇ ਵਿਚਕਾਰ ਕੱਥਕ ਦੀ ਬੁਨਿਆਦੀ ਮੁਦਰਾ ਵਿਚ ਸੀ ਅਤੇ ਸੰਗੀਤਕਾਰ ਨੂੰ ਕਹਿ ਰਹੀ ਸੀ ਕਿ ਉਹ ਧੁਨ ਵਜਾਏ। ਸੰਗੀਤਕਾਰ ਉਸਦੇ ਉਰਦੂ ਨੂੰ ਸਮਝਣ ਲਈ ਪੂਰਾ ਜ਼ੋਰ ਲਾ ਰਿਹਾ ਸੀ। ਬਾਕੀ ਸਾਰੇ ਉਸ ਵਲ ਇਸ ਤਰ੍ਹਾਂ ਵੇਖ ਰਹੇ ਸਨ ਜਿਵੇਂ ਉਹ ਕਿਸੇ ਮੰਚ ਉੱਤੇ ਮਹਾਨ ਨਾਇਕ ਬਿਰਜੂ ਮਹਾਰਾਜ ਨੂੰ ਦੇਖ ਰਹੇ ਹੋਣ।

'ਫੌਰਨ ਬੰਦ ਕਰੋ ਇਸਨੂੰ', ਮੈਂ ਬੋਲੀ, 'ਥੋਨੂੰ ਪਤਾ ਨਹੀਂ ਅਸੀਂ ਮੁਸੀਬਤ ਵਿਚ ਫਸੇ ਹੋਏ ਹਾਂ? ਗਾਹਕਾਂ ਦਾ ਸਮਾਂ ਮੁੱਕ ਚੁੱਕਾ ਏ? ਮੈਂ ਸਾਰਾ ਵਲ ਗੁੱਸੇ ਨਾਲ ਦੇਖਦੇ ਹੋਏ ਕਿਹਾ, 'ਤੂੰ ਇਸ ਇਲਾਕੇ ਵਿਚ ਨਾਚ ਸਿੱਖ ਰਹੀ ਏਂ। ਤੈਨੂੰ ਪਤੈ ਤੂੰ ਕੀ ਕਰ ਰਹੀ ਏਂ?'

ਉਹਨੇ ਆਪਣੇ ਮੋਢੇ ਹਿਲਾਏ ਤੇ ਬੋਲੀ, 'ਮੈਂ ਤਾਂ ਉਹਨੂੰ ਸਿਰਫ ਇਹ ਦਿਖਾ ਰਹੀ ਸੀ ਕਿ ਮੈਂ ਇਸਲਾਮਾਬਾਦ ਵਿਚ ਡਾਂਸ ਦੀ ਕਲਾਸ ਵਿਚ ਕੀ ਸਿੱਖਿਆ ਏ। ਮੈਂ ਸੋਚਦੀ ਸੀ ਸ਼ਾਇਦ ਉਹ ਮੈਨੂੰ ਕੁਝ ਹੋਰ ਨਵੇਂ ਕਦਮ ਸਿਖਾ ਸਕੇ।'

'ਇਹ ਤਬਲੇ ਦੀ ਆਵਾਜ਼ ਸੀ ਜਿਸਨੂੰ ਸੁਣ ਕੇ ਪੁਲਿਸ ਉੱਧਰ ਆਈ ਸੀ। ਅਸੀਂ ਕਾਰ ਦਾ ਕੋਈ ਜੁਗਾੜ ਕਰਦੇ ਹਾਂ ਪਰ ਤੁਸੀਂ ਦੋਵੇਂ ਕਿਉਂ ਨਹੀਂ ਚਲੇ ਜਾਂਦੇ।' ਮੈਂ ਕੁੜੀਆਂ ਨੂੰ ਵੀ ਉਨ੍ਹਾਂ ਦੇ ਨਾਲ ਹੀ ਚਲੇ ਜਾਣ ਲਈ ਕਿਹਾ ਅਤੇ ਮੈਂ ਤੇ ਮੋਹਸਿਨ ਕਾਰ ਠੀਕ ਕਰਨ ਲੱਗ ਪਏ।

ਛੇਤੀ ਜਾਣ ਯਾ ਕਾਫੀ ਸਮਾਂ ਬੈਠੇ ਰਹਿਣ ਵਿਚੋਂ ਚੋਣ ਕਰ ਸਕਣ ਦੀ ਦੁਚਿੱਤੀ ਕਾਰਨ ਕੁੜੀਆਂ ਅਜੇ ਵੀ ਮੇਰੇ ਨਾਲ ਚਿੰਬੜੀਆਂ ਰਹਿਣਾ ਚਾਹੁੰਦੀਆਂ ਸਨ। ਮੈਂ ਸੋਚਦੀ ਸੀ ਜੇ ਉਨ੍ਹਾਂ ਵਿਚੋਂ ਕੁਝ ਚਲੀਆਂ ਜਾਂਦੀਆਂ ਤਾਂ ਮੇਰਾ ਭਾਰ ਘਟ ਜਾਂਦਾ। ਸਾਫ ਸੀ ਕਿ ਉਨ੍ਹਾਂ ਵਿਚੋਂ ਕੋਈ ਨਹੀਂ ਜਾਣਦੀ ਸੀ ਕਿ ਉਹ ਅੱਗ ਨਾਲ ਖੇਡ ਰਹੀਆਂ ਨੇ। ਮੁਹੱਲੇ ਵਿਚ ਪੁਲਿਸ ਸਭ ਤੋਂ ਵਹਿਸ਼ੀ ਲੋਕਾਂ ਵਿਚੋਂ ਏ।

ਸਾਰਾ ਤੇ ਉਹਦਾ ਪਤੀ ਚਲੇ ਗਏ। ਅਸੀਂ ਆਪਣੇ ਸਾਥੀ ਸੰਗੀਤਕਾਰਾਂ ਨਾਲ ਕਾਰ ਕੋਲ ਗਏ ਤੇ ਇਸ ਨੂੰ ਬਿਨਾਂ ਚਾਬੀਆਂ ਤੋਂ ਖੋਲ੍ਹਣ ਦੀ ਕੋਸ਼ਿਸ਼ ਕਰਨ ਲੱਗੇ। ਹਨੇਰਾ ਬਹੁਤ ਸੀ। ਜਦੋਂ ਅਸੀਂ ਕਾਰ ਕੋਲ ਪੁੱਜੇ ਤਾਂ ਮੋਹਸਿਨ ਚੀਕਿਆ ਤੇ ਉਸਨੇ ਟਾਇਰਾਂ ਵਲ ਇਸ਼ਾਰਾ ਕੀਤਾ। ਉਹ ਬੋਲ ਵੀ ਨਾ ਸਕਿਆ। ਚਾਰੇ ਟਾਇਰਾਂ ਦੀ ਹਵਾ ਨਿੱਕਲੀ ਹੋਈ ਸੀ। ਮੈਂ ਮਹਿਸੂਸ ਕੀਤਾ ਕਿ ਮੇਰੀ ਕਾਰ ਦੀਆਂ ਚਾਬੀਆਂ ਅਚਾਨਕ ਹੀ ਨਹੀਂ ਖੋ ਗਈਆਂ ਸਨ। ਮੋਹਸਿਨ ਤੇ ਮੈਂ ਇਕ ਦੂਜੇ ਵਲ ਵੇਖਿਆ। ਸਾਨੂੰ ਖਤਰੇ ਦੀ ਬੂ ਆ ਰਹੀ ਸੀ।

ਮੋਹਸਿਨ ਤਕਨੀਕੀ ਜਾਣਕਾਰੀ ਰੱਖਦਾ ਸੀ ਇਸ ਲਈ ਉਹ ਕਾਰ ਦਾ ਤਾਲਾ ਖੋਲ੍ਹਣ ਦੀ ਕੋਸ਼ਿਸ਼ ਕਰਨ ਲੱਗਾ। ਤਿੰਨੋਂ ਕੁੜੀਆਂ ਆਪਸ ਵਿਚ ਚਿਪਕੀਆਂ ਖੜ੍ਹੀਆਂ ਸਨ। ਉਨ੍ਹਾਂ ਨੇ ਨੇੜਿਉਂ ਇਕ ਲੱਕੜੀ ਦਾ ਬੈਂਚ ਖਿੱਚ ਲਿਆ ਤੇ ਕਾਰ ਦੇ ਕੋਲ ਕਰਕੇ ਇਕ ਦੂਜੇ ਨਾਲ ਜੁੜ ਕੇ ਬਹਿ ਗਈਆਂ। ਹੁਣ ਉਨ੍ਹਾਂ ਨੇ ਆਪਣੇ ਮੂੰਹ ਸਿਰਫ ਦੁਪੱਟੇ ਦੇ ਪੱਲੇ ਨਾਲ ਢਕੇ ਹੋਏ ਸਨ। ਕਿਸੇ ਵੀ ਖਤਰੇ ਤੋਂ ਅਨਜਾਣ ਉਹ ਹਰ ਆਉਂਦੇ ਜਾਂਦੇ ਨੂੰ ਦੇਖ ਰਹੀਆਂ ਸਨ ਅਤੇ ਘਬਰਾਹਟ ਬਿਲਕੁਲ ਨਹੀਂ ਸੀ। ਕੋਈ ਉਨ੍ਹਾਂ ਦਾ ਚਿਹਰਾ ਨਹੀਂ ਵੇਖ ਸਕਦਾ ਪਰ ਉਹ ਹਰੇਕ ਨੂੰ ਵੇਖ ਸਕਦੀਆਂ ਸਨ।

ਪੁਲਿਸ ਦੀਆਂ ਜੀਪਾਂ ਟਿਮਕਦੀਆਂ ਲਾਈਟਾਂ ਨਾਲ ਸਮੇਂ ਸਮੇਂ ਸਾਇਰਨ ਵਜਾਉਂਦੀਆਂ ਘੁੰਮ ਰਹੀਆਂ ਸਨ। ਉਹ ਸਾਨੂੰ ਹੀ ਬਹੁਤਾ ਦਿਖਾ ਰਹੀਆਂ ਸਨ ਕਿਉਂਕਿ ਅਜੇ ਹੋਰ ਉੱਥੇ ਕੋਈ ਨਹੀਂ ਸੀ। ਗੱਡੀ ਹਰ ਪੰਜ ਸੱਤ ਮਿੰਟ ਬਾਦ ਸਾਡੇ ਕੋਲੋਂ ਲੰਘਦੀ ਤੇ ਪੁੱਛਿਆ ਜਾਂਦਾ ਕਿ ਸਮੱਸਿਆ ਕੀ ਹੈ। ਮੋਹਸਿਨ ਕਾਰ ਦਾ ਦਰਵਾਜ਼ਾ ਖੋਲ੍ਹਣ ਵਿਚ ਕਾਮਯਾਬ ਹੋ ਗਿਆ ਸੀ ਅਤੇ ਹੁਣ ਸਟੇਰਿੰਗ ਨਾਲ ਘੁਲ ਰਿਹਾ ਸੀ ਤਾਂ ਕਿ ਕਾਰ ਸਟਾਰਟ ਕਰ ਸਕੇ। ਜਦੋਂ ਵੀ ਮੈਂ ਕੋਈ ਔਜ਼ਾਰ ਲੈਣ ਲਈ ਕੁੜੀਆਂ ਨੂੰ ਸਾਦਿਕ ਜਾਂ ਮੋਹਸਿਨ ਨਾਲ ਛੱਡਦੀ ਤਾਂ ਉਹ ਪੁਲਿਸ ਨੂੰ ਇਹ ਦੱਸਣ ਦਾ ਮੌਕਾ ਕੱਢ ਲੈਂਦੀਆਂ ਕਿ ਕੀ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਕਹਿੰਦੀ ਰਹੀ ਕਿ ਕੁਝ ਨਾ ਬੋਲੋ ਅਤੇ ਸਭ ਕੁਝ ਮੈਨੂੰ ਆਪ ਕਰਨ ਦਿਉ। ਉਨ੍ਹਾਂ ਨੂੰ ਪੁਲਿਸ ਨਾਲ ਬੋਲਦੇ ਦੇਖ ਕੇ ਮੈਨੂੰ ਚਿੰਤਾ ਹੁੰਦੀ ਸੀ। ਜਦ ਇਹ ਨੌਜਵਾਨ ਕੁੜੀਆਂ ਇਕੱਠੀਆਂ ਹੋ ਜਾਂਦੀਆਂ ਨੇ ਤਾਂ ਹਾਸੇ-ਠੱਠੇ ਦੇ ਰੌਂਅ ਵਿਚ ਆ ਜਾਂਦੀਆਂ ਨੇ।

ਉਹ ਪੁਲਸੀਆਂ ਨਾਲ ਇਸ ਤਰ੍ਹਾਂ ਗੱਲਾਂ ਕਰ 'ਰਹੀਆਂ ਸਨ ਜਿਵੇਂ ਉਹ ਕੈਂਪਸ ਦੇ ਮੁੰਡੇ ਹੋਣ ਅਤੇ ਦੰਦ ਕੱਢਕੇ ਉਹਨਾਂ ਤੋਂ ਮੱਦਦ ਮੰਗ ਰਹੀਆਂ ਹੋਣ ਅਤੇ ਪੁਲਸੀਏ ਇਸ ਦਾ ਅਨੰਦ ਲੈ ਰਹੇ ਸਨ। ਮੈਨੂੰ ਗੁੱਸਾ ਆ ਗਿਆ ਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਉਨ੍ਹਾਂ ਦਾ ਇੱਥੇ ਬੈਠਣਾ ਬਰਦਾਸ਼ਤ ਨਹੀਂ ਕਰ ਸਕਦੀ। ਮੈਂ ਉਨ੍ਹਾਂ ਨੂੰ ਬੈਠਕ ਵਿਚ ਲੈ ਗਈ ਤੇ ਕਿਹਾ,

'ਜਦ ਤਕ ਮੈਂ ਨਹੀਂ ਕਹਿੰਦੀ ਤੁਸੀਂ ਇੱਥੋਂ ਨਹੀਂ ਹਿਲੋਂਗੀਆ। ਮੈਂ ਪਹਿਲਾ ਹੀ ਬਹੁਤ ਪ੍ਰੇਸ਼ਾਨ ਹਾਂ।' ਮੈਂ ਫੈਜ਼ਾ ਨੂੰ ਕਿਹਾ, ਜੋ ਬਾਕੀਆਂ ਤੋਂ ਵੱਡੀ ਸੀ, ਅਤੇ ਥੋੜੀ ਸਮਝਦਾਰ ਵੀ ਸੀ, ਕਿ ਮੇਰੇ ਨਾਲ ਆਏ। ਮੈਂ ਸੋਚਿਆ ਕਿ ਉਹ ਮੇਰੀ ਮਦਦ ਕਰ ਸਕੇਗੀ। ਨਾਲ ਹੀ ਮੈਂ ਕੁੜੀਆਂ ਨੂੰ

ਅੱਡ ਕਰਨਾ ਚਾਹੁੰਦੀ ਸੀ। ਪਾਕਿਸਤਾਨ ਦੇ ਮੁੰਡੇ, ਕੁੜੀਆਂ ਜਦ ਸਮੂਹਾਂ ਵਿਚ ਹੁੰਦੇ ਨੇ ਤਾਂ ਬੜਾ ਊਧਮ ਮਚਾਉਂਦੇ ਨੇ।

ਅਸੀਂ ਦੇਖਣ ਗਏ ਕਿ ਸਾਦਿਕ ਤੇ ਮੋਹਸਿਨ ਨੇ ਕੀ ਕੁਝ ਕੀਤਾ ਏ। ਉਨ੍ਹਾਂ ਨੇ ਪਿਛਲਾ ਹਿੱਸਾ ਖੋਲ੍ਹ ਲਿਆ ਸੀ ਤੇ ਦੋ ਟਾਇਰ ਕੱਢ ਲਏ ਸੰਨ। ਉਹਨੇ ਕਿਹਾ ਕਿ ਉਹ ਟੈਕਸੀ ਕਰਕੇ ਤਿੰਨ ਟਾਇਰਾਂ ਨੂੰ ਦਰੁਸਤ ਕਰਵਾ ਲਿਆਵੇਗਾ ਤੇ ਚੌਥਾ ਅੰਦਰ ਪਿਆ ਟਾਇਰ ਲਾ ਲਿਆ ਜਾਏਗਾ। ਮੇਰੀ ਪ੍ਰੇਸ਼ਾਨੀ ਥੋੜ੍ਹੀ ਘਟੀ। ਪੁਲਿਸ ਦੀ ਗੱਡੀਆਂ ਦੀ ਲਾਈਨ ਉਵੇਂ ਆਉਂਦੀ ਜਾਂਦੀ ਰਹੀ ਤੇ ਉਹੀ ਸਵਾਲ ਪੁੱਛਦੀ ਰਹੀ। ਉਹ ਅਜੀਬ ਤਰ੍ਹਾਂ ਮੁਸਕਰਾਉਂਦੇ ਤੇ ਚਲੇ ਜਾਂਦੇ। ਸੰਗੀਤਕਾਰਾਂ ਨੇ ਸਾਡੀ ਕਮਾਲ ਦੀ ਮਦਦ ਕੀਤੀ। ਠੰਢ ਬਹੁਤ ਸੀ ਅਤੇ ਉਨ੍ਹਾਂ ਨੇ ਕੁੜੀਆਂ ਨੂੰ ਉੜ੍ਹਨ ਲਈ ਕੰਬਲ ਦੇ ਦਿੱਤੇ ਸੀ। ਦੋ ਬੰਦੇ ਮੋਹਸਿਨ ਨਾਲ ਰਹੇ ਤੇ ਉਸ ਲਈ ਚਾਹ ਲਿਆਉਂਦੇ ਰਹੇ।

ਫੈਜ਼ਾ ਤੇ ਮੈਂ ਦੁਕਾਨਦਾਰ ਕੋਲ ਚਲੀਆਂ ਗਈਆਂ। ਜਦੋਂ ਮੈਂ ਪਹਿਲਾਂ ਉਸਨੂੰ ਪੁੱਛਿਆ ਸੀ ਕਿ ਟਾਇਰਾਂ ਦੀ ਹਵਾ ਕਿਸ ਨੇ ਕੱਢ ਦਿੱਤੀ ਏ ਤਾਂ ਉਸ ਨੇ ਮੋਢੇ ਉਚਕਾ ਦਿੱਤੇ ਸੀ। ਮੈਂ ਕਿਹਾ, 'ਇੱਥੇ ਐਨੀ ਤਾਂ ਪੁਲਿਸ ਫਿਰਦੀ ਏ, ਇੰਝ ਕੋਈ ਟਾਇਰਾਂ ਦੀ ਹਵਾ ਕੱਢ ਕੇ ਬਚ ਕੇ ਕਿਵੇਂ ਨਿੱਕਲ ਸਕਦਾ ਏ?'

ਫੈਜ਼ਾ ਨੇ ਕਿਹਾ, 'ਜਦੋਂ ਤੱਕ ਉਹ ਪੁਲਿਸ ਦਾ ਸਾਥੀ ਨਾ ਹੋਏ।'

ਦੁਕਾਨਦਾਰ ਬੋਲਿਆ, 'ਡਾ. ਸਾਹਿਬਾ, ਅਸੀਂ ਉਨ੍ਹਾਂ ਨੂੰ ਇਹ ਕਰਦੇ ਦੇਖਿਆ ਸੀ। ਅਸੀਂ ਖੁਦ ਪੁਲਿਸ ਨੂੰ ਇਹ ਕਰਨੋਂ ਕਿਵੇਂ ਰੋਕਦੇ?'

ਮੈਨੂੰ ਧੱਕਾ ਜਿਹਾ ਵੱਜਾ। ਮੈਂ ਤਾਂ ਸੋਚ ਰਹੀ ਸੀ ਕਿ ਜਿਸ ਨੇ ਇਹ ਕਾਰਾ ਕੀਤਾ ਏ ਉਸ ਨੂੰ ਪੁਲੀਸ ਦੀ ਸ਼ਹਿ ਹੋਣੀ ਏਂ, ਪਰ ਇਹ ਤਾਂ ਹੱਦ ਈ ਹੋ ਗਈ। ਮੈਂ ਅਤੇ ਫੈਜ਼ਾ ਨੇ ਇਕ ਦੂਜੇ ਵੱਲ ਹੈਰਾਨੀ ਨਾਲ ਦੇਖਿਆ। ਮੈਂ ਬਹੁਤੇ ਗੁੱਸੇ ਵੀ ਸੀ।

ਮੈਂ ਫੈਜ਼ਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਆਪਾਂ ਟੈਕਸੀ ਕਰਕੇ ਘਰ ਚੱਲਦੇ ਹਾਂ, ਸਵੇਰ ਤਕ ਕਾਰ ਦਾ ਖਿਆਲ ਇਥੇ ਦੇ ਲੋਕ ਰੱਖ ਲੈਣਗੇ। ਪਰ ਫੈਜ਼ਾ ਇਸ ਬਾਰੇ ਬੜੀ ਪ੍ਰੇਸ਼ਾਨ ਸੀ। ਉਹਨੇ ਕਿਹਾ ਸਵੇਰੇ ਤਿੰਨ ਵਜੇ ਟੈਕਸੀ ਤੇ ਘਰ ਪਹੁੰਚਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਲੋਕ ਉਨ੍ਹਾਂ ਬਾਰੇ ਅਫਵਾਹਾਂ ਫੈਲਾਉਣ ਲੱਗ ਜਾਣਗੇ। ਆਪਣੀ ਕਾਰ ਵਿਚ ਰਾਤ ਨੂੰ ਭਾਵੇਂ ਕਿਸੇ ਸਮੇਂ ਘਰ ਜਾਉ ਉਹ ਵੱਖਰੀ ਗੱਲ ਏ, ਭਾਵੇਂ ਸਾਨੂੰ ਕੋਈ ਦੇਰ ਨਾਲ ਆਉਂਦੇ ਵੀ ਵੇਖ ਲਏ। ਇਸ ਵੇਲੇ ਕੋਈ ਵੀ ਟੈਕਸੀ ਤੇ ਘਰ ਜਾਣਾ ਨਹੀਂ ਚਾਹੇਗਾ। ਉਹਨੇ ਗੰਭੀਰਤਾ ਨਾਲ ਕਿਹਾ, 'ਚੰਗੀਆਂ ਕੁੜੀਆਂ ਇੰਝ ਨਹੀਂ ਕਰਦੀਆਂ। ਇਨ੍ਹਾਂ ਕੁੜੀਆਂ ਨੂੰ ਆਪਣੇ ਮਾਪਿਆਂ ਤੋਂ ਵੱਧ ਡਰ ਕਿਸੇ ਦਾ ਵੀ ਨਹੀਂ ਸੀ, ਇਸ ਵਹਿਸ਼ੀ ਪੁਲਿਸ ਦਾ ਵੀ ਨਹੀਂ।

ਆਖਰ ਮੋਹਸਿਨ ਮੇਨ ਰੋਡ ਤੋਂ ਦੋ ਰਿਕਸ਼ੇ ਲੈ ਕੇ ਆਇਆ ਅਤੇ ਤਿੰਨ ਟਾਇਰ ਲੈ ਕੇ ਪੈਂਚਰ ਲਵਾਉਣ ਚਲਾ ਗਿਆ। ਜਿੱਥੇ ਅਸੀਂ ਖੜ੍ਹੇ ਸੀ ਉੱਥੇ ਸਾਰੀਆਂ ਦੁਕਾਨਾਂ ਬੰਦ ਹੋ ਚੁੱਕੀਆਂ ਸਨ ਅਤੇ ਟੈਕਸੀ ਕਿਤੇ ਨਹੀਂ ਮਿਲ ਰਹੀ ਸੀ, ਇਸ ਲਈ ਉਸਨੂੰ ਟਾਇਰ ਮੁੱਖ ਹਾਈ-ਵੇ ਤੇ ਲੈ ਕੇ ਜਾਣੇ ਪੈਣਗੇ ਜਿੱਥੇ ਦੁਕਾਨਾਂ ਸਾਰੀ ਰਾਤ ਖੁੱਲ੍ਹੀਆਂ ਰਹਿੰਦੀਆਂ ਨੇ। ਰਿਆਜ਼ ਕਾਰ ਕੋਲ ਰੁਕ ਗਿਆ ਉਸਤਾਦ ਸਦੀਕ ਅਤੇ ਮੈਂ ਤੇ ਕੁੜੀਆਂ ਬੈਠਕ ਵਿਚ ਆ ਗਏ।

ਪੁਲਿਸ ਦੀਆਂ ਗੱਡੀਆਂ ਘੁੰਮਣੀਆਂ ਬੰਦ ਹੋ ਗਈਆਂ ਸਨ। ਹੁਣ ਤਿੰਨ ਕੁ ਵਜੇ ਦਾ ਸਮਾਂ

ਸੀ ਅਤੇ ਮੁਹੱਲਾ ਹੁਣ ਉਸ ਤੋਂ ਬਿਲਕੁਲ ਵਖਰਾ ਦਿਸ ਰਿਹਾ ਸੀ ਜੋ ਦਿਨ ਵੇਲੇ ਜਾਂ ਆਮ ਬਾਜ਼ਾਰ ਵਾਂਗ ਕੰਮ ਕਰਨ ਵੇਲੇ ਜਾਂ ਰਾਤ ਦੇ ਵੇਲੇ ਹੁੰਦਾ ਏ ਜਦੋਂ ਹੋਰ ਗਾਹਕ ਆਉਂਦੇ ਨੇ। ਹੁਣ ਤਾਂ ਇਕ ਅਜੀਬ ਰਹੱਸਮਈ ਹਵਾ ਉੱਥੇ ਰੁਮਕ ਰਹੀ ਸੀ। ਪੂਰਾ ਹਨੇਰਾ ਫੈਲ ਚੁੱਕਾ ਸੀ, ਬਾਜ਼ਾਰਾਂ ਵਿਚ ਮਸ਼ਰੂਫੀਅਤ ਸੀ। ਲੋਕ ਉਨ੍ਹਾਂ ਤੋਂ ਬਿਲਕੁਲ ਵਖਰੇ ਸਨ ਜੋ ਮੈਂ ਹੋਰ ਵੇਲੇ ਦੇਖੇ ਸਨ। ਮੈਂ ਇਕ ਵਜੇ ਤੋਂ ਬਾਦ ਕਦੀ ਇੱਥੇ ਨਹੀਂ ਠਹਿਰੀ ਸੀ ਇਸ ਲਈ ਮੈਂ ਇਸ ਮਾਹੌਲ ਦਾ ਅਨੁਭਵ ਲੈਣ ਲਈ ਇਸ ਮੌਕੇ ਨੂੰ ਵਰਤਿਆ।

ਬਹੁਤ ਸਾਰੇ ਸੰਗੀਤਕਾਰਾਂ ਨੇ ਦੱਸਿਆ ਸੀ ਕਿ ਜਦੋਂ ਆਮ ਗਾਹਕ ਚਲੇ ਜਾਂਦੇ ਨੇ ਉਦੋਂ ਇਹ ਮੁਹੱਲਾ ਬਿਲਕੁਲ ਹੋਰ ਹੋ ਜਾਂਦਾ ਏ। ਇਹ ਸਮਾਂ ਅਸਲੀ ਗਾਹਕਾਂ ਦਾ ਹੁੰਦਾ ਏ ਜੋ ਵਧੇਰੇ ਆਦੀ ਅਤੇ ਵਧੇਰੇ ਸ਼ਕਤੀਸ਼ਾਲੀ ਹੁੰਦੇ ਨੇ। ਇਹ ਲੋਕ, ਜ਼ਿਆਦਾਤਰ ਸਿਆਸੀ ਲੋਕ ਹੁੰਦੇ ਨੇ ਜੋ ਪੁਲਿਸ ਨਾਲ ਕੁੱਤੇ ਸਮਝਕੇ ਪੇਸ਼ ਆਉਂਦੇ ਨੇ। ਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਨੇ। ਬਾਜ਼ਾਰਾਂ ਵਿਚ ਪੈਦਲ ਲੋਕਾਂ ਦੀ ਐਨੀ ਭੀੜ ਨਹੀਂ ਹੁੰਦੀ ਜਿੰਨੀ 11 ਤੋਂ 1 ਵਜੇ ਦੇ ਸਮੇਂ ਹੁੰਦੀ ਏ। ਪਰ ਬਾਜ਼ਾਰਾਂ ਵਿਚ ਬੜੀਆਂ ਮਹਿੰਗੀਆਂ ਤੇ ਵੱਡੀਆਂ ਵੱਡੀਆਂ ਕਾਰਾਂ ਘੁੰਮਦੀਆਂ ਨੇ। ਇਹ ਲੋਕ ਨਾਚੀਆਂ ਨੂੰ ਲੱਭ ਕੇ ਨਹੀਂ ਚੁਣਦੇ ਬਲਕਿ ਇਨ੍ਹਾਂ ਦੇ ਪੱਕੇ ਠੀਹੇ ਹੁੰਦੇ ਨੇ ਅਤੇ ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਨੇ ਕਿੱਥੇ ਪੁੱਜਣਾ ਏ। ਇਹ ਖਾਸ ਔਰਤਾਂ ਦੇ ਪੱਕੇ ਗਾਹਕ ਹੁੰਦੇ ਨੇ।

ਅਸੀਂ ਘੰਟਾ ਕੁ ਮੋਹਸਿਨ ਦਾ ਇੰਤਜ਼ਾਰ ਕੀਤਾ, ਅਸੀਂ ਹੈਰਾਨ ਸੀ ਕਿ ਟਾਇਰ ਠੀਕ ਕਰਵਾਉਣ ਨੂੰ ਪਤਾ ਨਹੀਂ ਅਜੇ ਹੋਰ ਕਿੰਨਾ ਚਿਰ ਲੱਗੇਗਾ। ਮੈਂ ਮੁਹੱਲੇ ਦੀ ਤਬਦੀਲੀ ਵੇਖਣ ਕੁਝ ਕੁ ਮਿੰਟਾਂ ਬਾਦ ਬਾਹਰ ਦਾ ਚੱਕਰ ਲਾ ਆਉਂਦੀ ਸੀ। ਫੈਜ਼ਾ ਤੇ ਮੈਂ ਫੈਸਲਾ ਕੀਤਾ ਕਿ ਘਰ ਫੋਨ ਕਰ ਦਿੱਤਾ ਜਾਵੇ, ਕਿਉਂਕਿ ਸਾਨੂੰ ਆਸ ਸੀ ਕਿ ਫੋਨ ਫੈਜ਼ਾ ਦਾ ਭਰਾ ਚੁੱਕੇਗਾ ਜੋ ਰਾਤ ਦੇਰ ਤਕ ਪੜ੍ਹਦਾ ਰਹਿੰਦਾ ਸੀ। ਅਸੀਂ ਮੇਨ ਬਾਜ਼ਾਰ ਵਿਚ ਇਕ ਠੀਕ ਜਿਹੇ ਰੈਸਟੋਰੈਂਟ ਤੇ ਗਏ। ਉਨ੍ਹਾਂ ਦਾ ਫੋਨ ਕੰਮ ਨਹੀਂ ਕਰ ਰਿਹਾ ਸੀ ਇਸ ਲਈ ਉਨ੍ਹਾਂ ਨੇ ਸਾਨੂੰ ਬਾਜ਼ਾਰ ਦੇ ਪਾਰ ਪਾਨ ਦੀ ਦੁਕਾਨ ਤੇ ਭੇਜ ਦਿੱਤਾ। ਜਿਉਂ ਹੀ ਅਸੀਂ ਬਾਹਰ ਨਿੱਕਲੀਆਂ ਅਸੀਂ ਵੇਖਿਆ ਇਕ ਵੱਡਾ ਸਾਰਾ ਹਜੂਮ ਸਾਡੇ ਵਲ ਆ ਰਿਹਾ ਏ। ਅਸੀਂ ਤੁਰੰਤ ਰੈਸਟੋਰੈਂਟ ਦੇ ਅੰਦਰ ਹੋ ਗਈਆਂ। ਇਸ ਦਾ ਕੋਈ ਦਰਵਾਜ਼ਾ ਨਹੀਂ ਸੀ, ਵੱਡਾ ਸਾਰਾ ਲਾਂਘਾ ਸੀ ਤੇ ਮੇਜ ਕੁਰਸੀਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸੀ।

ਕਰੀਬ ਵੀਹ ਆਦਮੀ ਸਾਡੇ ਵਲ ਆ ਰਹੇ ਸਨ। ਸਾਨੂੰ ਸਮਝ ਨਹੀਂ ਪੈ ਰਿਹਾ ਸੀ ਕਿ ਉਹ ਗਾ ਰਹੇ ਸਨ ਜਾਂ ਚੀਕ ਰਹੇ ਸਨ, ਪਰ ਹੈ ਸਨ ਉਹ ਪੂਰੇ ਸ਼ਰਾਬੀ। ਉਹ ਸ਼ਾਇਦ ਕਿਸੇ ਪਾਰਟੀ ਜਾਂ ਕਿਸੇ ਲੜਾਈ ਤੋਂ ਜਾਂ ਦੋਹਾਂ ਤੋਂ ਆ ਰਹੇ ਲੱਗਦੇ ਸਨ। ਇਕ ਸਾਫ ਰੰਗ ਦਾ ਚੰਗਾ ਗਠਿਆ ਪਰ ਪੂਰਾ ਸ਼ਰਾਬੀ ਬੰਦਾ, ਜਿਸ ਦਾ ਚਿੱਟਾ ਰੇਸ਼ਮੀ ਕੁਰਤਾ ਲਹੂ ਨਾਲ ਲਿੱਬੜਿਆ ਹੋਇਆ ਸੀ, ਉੱਚੀ ਉੱਚੀ ਬੋਲ ਰਿਹਾ ਸੀ ਅਤੇ ਕਿਸੇ ਨੂੰ ਗਾਲਾਂ ਕੱਢ ਰਿਹਾ ਸੀ। ਬਾਕੀ ਵੀ ਆਪਣੇ ਲੀਡਰ ਦੇ ਮਗਰ ਲੱਗੇ ਹੋਏ ਸਨ। ਫੈਜ਼ਾ ਨੇ ਘੁੱਟ ਕੇ ਮੇਰੀ ਬਾਂਹ ਫੜ ਲਈ ਅਤੇ ਜਦੋਂ ਹਜੂਮ ਸਾਡੇ ਕੋਲੋਂ ਦੀ ਲੰਘਿਆ ਤਾਂ ਉਹ ਜੋਰ ਦੀ ਮੈਨੂੰ ਚਿੰਬੜ ਗਈ। ਹਜੂਮ ਯੂਸਫ ਸਲਾਉਦੀਨ ਦੀ ਹਵੇਲੀ ਵਲ ਵਧ ਰਿਹਾ ਸੀ।

ਇਹ ਪੱਕਾ ਕਰਕੇ ਕਿ ਉਹ ਵਾਕਈ ਜਾ ਚੁੱਕੇ ਨੇ ਅਸੀਂ ਬਾਹਰ ਨਿਕਲੇ ਤੇ ਘਰ ਫੋਨ

ਕੀਤਾ। ਸਾਨੂੰ ਧਰਵਾਸ ਮਿਲਿਆ ਕਿ ਫੋਨ ਫੈਜ਼ਾ ਦੇ ਭਰਾ ਨੇ ਪਹਿਲੀ ਘੰਟੀ ਤੇ ਹੀ ਚੁੱਕ ਲਿਆ ਸੀ। ਮੈਂ ਉਸਨੂੰ ਦੱਸਿਆ ਕਿ ਅਸੀਂ ਮੁਹੱਲੇ ਵਿਚ ਫਸ ਗਈਆਂ ਸੀ। ਉਹਨੇ ਸ਼ਿਕਾਇਤ ਕੀਤੀ ਕਿ ਅਜਿਹੇ ਮਾਮਲੇ ਵਿਚ ਉਹਨੂੰ ਨਾਲ ਕਿਉਂ ਨਹੀਂ ਰੱਖਿਆ ਗਿਆ ਪਰ ਫੇਰ ਬੋਲਿਆ ਕਿ ਕੋਈ ਨਹੀਂ ਜੇ ਮਾਪਿਆਂ ਵਿਚੋਂ ਕੋਈ ਉੱਠ ਖੜ੍ਹਾ ਤਾਂ ਉਹ ਆਪੀ ਸਾਂਭ ਲਏਗਾ। ਅਸੀਂ ਉਸਨੂੰ ਕਿਹਾ ਕਿ ਅਸੀਂ ਚੱਲਣ ਤੋਂ ਪਹਿਲਾਂ ਫੇਰ ਉਸ ਨੂੰ ਫੋਨ ਕਰ ਦਿਆਂਗੀਆਂ ਤਾਂ ਕਿ ਉਹ ਮਾਪਿਆਂ ਨੂੰ ਜਗਾਏ ਬਿਨਾਂ ਘਰ ਦਾ ਬੂਹਾ ਖੋਲ੍ਹ ਦਏ।

ਮੈਂ ਇਸ ਰੌਲੇ-ਰੱਪੇ ਬਾਰੇ ਦੁਕਾਨਦਾਰ ਨੂੰ ਪੁੱਛਿਆ ਤਾਂ ਉਹਨੇ ਜਵਾਬ ਦਿੱਤਾ, 'ਰਾਤ ਦੇ ਇਸ ਪਹਿਰ ਮੁਹੱਲੇ ਵਿਚ ਇਹ ਕੁਝ ਵਾਪਰਦਾ ਹੀ ਰਹਿੰਦਾ ਏ। ਸਾਡੇ ਲਈ ਕੁਝ ਨਵਾਂ ਨਹੀਂ ਇਸ ਲਈ ਅਸੀਂ ਇਸ ਬਾਰੇ ਪੁੱਛਣ ਦੀ ਵੀ ਕੋਸ਼ਿਸ਼ ਨਹੀਂ ਕਰਦੇ। ਇਹ ਮਹੱਤਵਪੂਰਨ ਲੋਕ ਸ਼ਰਾਬੀ ਹੋ ਜਾਂਦੇ ਨੇ ਤੇ ਫੇਰ ਇਕ ਜਾਂ ਦੂਜੇ ਕਾਰਨ ਤੋਂ ਲੜ ਪੈਂਦੇ ਨੇ, ਜੇ ਉਨ੍ਹਾਂ ਨੂੰ ਕੋਈ ਵੀ ਕਾਰਨ ਨਹੀਂ ਲੱਭਦਾ ਤਾਂ ਉਂਝ ਹੀ ਲੜ ਪੈਂਦੇ ਨੇ।'

ਮੈਂ ਉਸ ਦੇ ਪਹਿਰ ਸ਼ਬਦ ਵਰਤਣ ਨੂੰ ਬਹੁਤ ਪਸੰਦ ਕੀਤਾ, ਪਹਿਲਾਂ ਦਿਨ ਰਾਤ ਦੀ ਵੰਡ ਪਹਿਰਾਂ ਵਿਚ ਕੀਤੀ ਜਾਂਦੀ ਸੀ। ਪੂਰਾ ਦਿਨ ਅੱਠ ਪਹਿਰਾਂ ਦਾ ਹੁੰਦਾ ਹੈ। ਚਾਰ ਪਹਿਰ ਦਿਨ ਦੇ ਤੇ ਚਾਰ ਰਾਤ ਦੇ। ਹਰੇਕ ਪਹਿਰ ਤਿੰਨ ਤੋਂ ਚਾਰ ਘੰਟੇ ਦਾ। ਮੁਹੱਲੇ ਵਿਚ ਹਰੇਕ ਦੀਆਂ ਵੱਖਰੀਆਂ ਭਾਵਨਾਵਾਂ ਹੁੰਦੀਆਂ ਨੇ। ਪੁਰਾਣੇ ਲਾਹੌਰ ਵਿਚ ਸਵੇਰ ਹਰੇਕ ਸਵੇਰ ਵਰਗੀ ਹੁੰਦੀ ਏ। ਲੋਕ ਨਾਸ਼ਤਾ ਕਰਨ ਲਈ ਰੈਸਟੋਰੈਂਟਾਂ ਵਿਚ ਜਾ ਵੜਦੇ ਨੇ ਪਰ ਜਿਸਮਫਰੋਸ਼ੀ ਅਤੇ ਸੰਗੀਤ ਦੇ ਧੰਦੇ ਨਾਲ ਜੁੜੇ ਲੋਕ ਗੂੜ੍ਹੀ ਨੀਂਦ ਸੁੱਤੇ ਹੁੰਦੇ ਨੇ। ਨੱਚਣ-ਗਾਉਣ ਵਾਲੇ ਦੂਜੇ ਪਹਿਰ ਜਾ ਕੇ ਉੱਠਦੇ ਨੇ ਅਤੇ ਕਰੀਬ ਦੁਪਹਿਰ ਨੂੰ ਨਾਸ਼ਤਾ ਕਰਨ ਨਿੱਕਲਦੇ ਨੇ ਅਤੇ ਹਮਾਮਾਂ ਤੇ ਕਤਾਰਾਂ ਲਾ ਲੈਂਦੇ ਨੇ। ਤੀਜਾ ਪਹਿਰ ਸੰਗੀਤ ਦੇ ਅਭਿਆਸ ਲਈ ਅਤੇ ਬਾਜ਼ਾਰ ਵਿਚੋਂ ਜੁੱਤੀਆਂ ਜਾਂ ਹੋਰ ਜ਼ਰੂਰਤ ਦੀਆਂ ਚੀਜ਼ਾਂ ਖਰੀਦਣ ਲਈ ਹੁੰਦਾ ਏ। ਅਖੀਰਲਾ ਪਹਿਲਾ ਰਾਤ ਦੀ ਤੜਕ-ਭੜਕ ਲਈ ਤਿਆਰੀ ਕਰਨ ਦਾ ਸਮਾਂ ਹੁੰਦਾ ਏ। ਕਿਸੇ ਪਿੰਡ ਜਾਂ ਸ਼ਹਿਰ ਵਿਚ ਵਿਸ਼ੇਸ਼ ਘੰਟੇ ਵਿਚ ਹੋਣ ਵਾਲੇ ਕੰਮਾਂ ਬਾਰੇ ਹਰ ਕੋਈ ਦੱਸ ਸਕਦਾ ਏ ਪਰ ਮੁਹੱਲੇ ਵਿਚ ਤਬਦੀਲੀਆਂ ਸਾਰੀ ਰਾਤ ਹੀ ਹੁੰਦੀਆਂ ਰਹਿੰਦੀਆਂ ਨੇ, ਹਰ ਪਹਿਰ ਗੁੱਝੇ ਤੋਂ ਗੁੱਝੇ ਭੇਤ ਲੈ ਕੇ ਪ੍ਰਗਟ ਹੁੰਦਾ ਏ।

ਮੈਨੂੰ ਬਾਦ ਵਿਚ ਪਤਾ ਚੱਲਾ ਕਿ ਮੁਹੱਲੇ ਦੇ ਪਿਛਲੇ ਘੰਟਿਆਂ ਵਿਚ ਸੀਨੀਅਰ ਸਿਆਸਤਦਾਨ ਭਾਰੂ ਹੁੰਦੇ ਨੇ। ਵੱਡੇ ਵੱਡੇ ਸਿਆਸੀ ਫੈਸਲਿਆਂ ਲਈ ਵਿਚਾਰਾਂ ਅਤੇ ਸੌਦੇ ਇਨ੍ਹਾਂ ਕੋਠਿਆਂ ਵਿਚ ਹੀ ਹੁੰਦੇ ਨੇ, ਅਜੇ ਇਨ੍ਹਾਂ ਦਾ ਐਲਾਨ ਕਿਤੇ ਬਾਦ ਵਿਚ ਜਾ ਕੇ ਹੋਣਾ ਹੁੰਦਾ ਏ। ਇਹ ਉਹ ਥਾਂ ਹੈ ਜਿੱਥੇ ਸ਼ਕਤੀਸ਼ਾਲੀ ਲੋਕ ਆਰਾਮ ਫਰਮਾਉਂਦੇ ਨੇ। ਮਨਭਾਉਂਦੇ ਕੋਠਿਆਂ ਵਿਚ ਮੀਟਿੰਗਾਂ ਆਯੋਜਿਤ ਕਰਨੀਆਂ ਸੁਖਾਲੀਆਂ ਹੁੰਦੀਆਂ ਤੇ ਮਾਹੌਲ ਪੂਰੀ ਤਰ੍ਹਾਂ ਗੁਪਤ ਰਹਿੰਦਾ ਏ।

ਜਦੋਂ ਪੁਲਿਸ ਆਮ ਲੋਕਾਂ ਨੂੰ ਡਰਾ-ਧਮਕਾ ਕੇ ਮੁਹੱਲੇ ਤੋਂ ਨਠਾ ਦਿੰਦੀ ਏ ਉਦੋਂ ਦੋ ਵਜੇ ਤੋਂ ਬਾਦ ਇਹ ਉੱਚ ਪ੍ਰਭਾਵਸ਼ਾਲੀ ਲੋਕ ਪਹੁੰਚਦੇ ਨੇ। ਉਨ੍ਹਾਂ ਦਾ ਵਕਤ ਉਦੋਂ ਸ਼ੁਰੂ ਹੁੰਦਾ ਏ ਅਤੇ ਪੁਲਿਸ ਉਨ੍ਹਾਂ ਦੀ ਪੂਰੀ ਹਿਫਾਜ਼ਤ ਕਰਦੀ ਏ। ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਸੋਚ ਤੋਂ ਵੀ ਦੂਰ ਦੀ ਗੱਲ ਏ। ਪੁਲਿਸ ਪ੍ਰੇਸ਼ਾਨ ਕਰਨ ਦਾ ਨਾਟਕ ਤਾਂ ਉਸ ਆਮ ਗਾਹਕ ਨਾਲ ਕਰਦੀ ਏ ਜੋ ਬਦਲਾ ਲੈਣ ਜੋਗਾ ਨਹੀਂ ਹੁੰਦਾ। ਇਹ ਮਹੱਤਵਪੂਰਨ ਲੋਕ ਸੰਗੀਤ ਸੁਣਦੇ ਨੇ ਅਤੇ ਆਨੰਦ ਮਾਣਦੇ ਨੇ ਅਤੇ

ਮੀਟਿੰਗ ਦਾ ਸਮਾਂ 4 ਵਜੇ ਤੋਂ ਬਾਦ ਦਾ ਰੱਖਦੇ ਨੇ ਤਾਂ ਕਿ ਉਨ੍ਹਾਂ ਦੇ ਸਾਥੀ ਪੂਰੀ ਤਰ੍ਹਾਂ ਆਰਾਮ ਦਾ ਅਨੰਦ ਮਾਣਕੇ ਤਰੋਤਾਜ਼ਾ ਹੋ ਕੇ ਰਾਜ ਦੇ ਮਾਮਲਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਪੁੱਜ ਸਕਣ। ਇਸ ਇਲਾਕੇ ਦੇ ਕਲਾਕਾਰਾਂ, ਸੰਗੀਤਕਾਰ ਅਤੇ ਨਾਚੀਆਂ, ਨੂੰ ਮੁਗਲ ਕਾਲ ਤੋਂ ਹੀ ਇਹ ਸਿੱਖਿਆ ਦਿੱਤੀ ਗਈ ਹੈ ਕਿ ਉਹ ਗਾਹਕ ਦੇ ਕਾਰੋਬਾਰ ਦਾ ਭੇਤ ਗੁੱਝਾ ਹੀ ਰੱਖਣਗੇ। ਮਨੋਰੰਜਨ ਕਰਨ ਵਾਲਿਆਂ ਦਾ ਲੰਬਾ ਇਤਿਹਾਸ ਹੈ ਜਦੋਂ ਇਹ ਰਾਜ ਨੇਤਾਵਾਂ ਦੇ ਦਰਬਾਰਾਂ ਅਤੇ ਨਿੱਜੀ ਸਥਾਨਾਂ ਤੇ ਮਨੋਰੰਜਨ ਕਰਦੇ ਰਹੇ ਨੇ ਅਤੇ ਉਹ ਮਹੱਤਵਪੂਰਨ ਫੈਸਲੇ ਅਤੇ ਬਹਿਸਾਂ ਕਰਦੇ ਰਹੇ ਨੇ। ਇਨ੍ਹਾਂ ਸ਼ਾਹ ਲੋਕਾਂ ਦੀ ਸੱਤਾ ਰਹਿਣ ਵਾਲੀਆਂ ਮਨੋਰੰਜਨ ਕਰਨ ਵਾਲੀਆਂ ਕੁੜੀਆਂ ਨੂੰ ਤਾਂ ਅਕਸਰ ਰਾਜਕੀ ਗੁਪਤ ਗੱਲਾਂ ਦਾ ਵੀ ਪਤਾ ਲੱਗ ਜਾਂਦਾ ਏ। ਪਰ ਗੱਲ ਨੂੰ ਗੁੱਝਾ ਰੱਖਣਾ ਇਨ੍ਹਾਂ ਦੇ ਪੇਸ਼ੇ ਦਾ ਇਕ ਹਿੱਸਾ ਏ। ਸੰਗੀਤਕਾਰਾਂ ਅਤੇ ਨਾਚੀਆਂ ਦੀ ਹਾਜ਼ਰੀ ਵਿਚ ਸਿਆਸਤਦਾਨ ਬੜੇ ਆਰਾਮ ਨਾਲ ਗੁਪਤ ਗੱਲਾਂ ਤੇ ਵਿਚਾਰ ਕਰ ਸਕਦੇ ਨੇ, ਅਤੇ ਉਨ੍ਹਾਂ ਨੂੰ ਪੂਰੀ ਤਸੱਲੀ ਹੁੰਦੀ ਏ ਕਿ ਕੋਈ ਗੱਲ ਕਮਰੇ ਤੋਂ ਬਾਹਰ ਨਹੀਂ ਜਾਏਗੀ।

ਮੋਹਸਿਨ ਅਜੇ ਵੀ ਨਹੀਂ ਆਇਆ ਸੀ। ਰਾਤ ਦਾ ਆਖਰੀ ਪਹਿਰ ਸ਼ੁਰੂ ਹੋ ਰਿਹਾ ਸੀ। ਮੈਂ ਫੈਸਲਾ ਕੀਤਾ ਕਿ ਇਨ੍ਹਾਂ ਦੇਰ ਦੇ ਗਾਹਕਾਂ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਦੁਕਾਨਦਾਰਾਂ ਤੋਂ ਹੋਰ ਜਾਣਕਾਰੀ ਲਈ ਜਾਵੇ। ਗਲੀਆਂ ਬਿਲਕੁਲ ਦੋਸਤਾਨਾ ਨਹੀਂ ਸਨ ਅਤੇ ਹਵਾ ਵਿਚ ਇਕ ਅਜੀਬ ਖਰ੍ਹਵਾਪਣ ਫੈਲਿਆ ਹੋਇਆ ਸੀ ਜੋ ਲੜਖੜਾਉਂਦੇ ਜਾ ਰਹੇ ਸ਼ਰਾਬੀਆਂ ਦੇ ਲਲਕਾਰਿਆਂ ਤੇ ਗਾਲ੍ਹਾਂ ਨਾਲ ਪੈਦਾ ਹੋਇਆ ਪਿਆ ਸੀ। ਮੈਨੂੰ ਦੱਸਿਆ ਗਿਆ ਕਿ ਇਹ ਉਹ ਵਕਤ ਹੁੰਦਾ ਏ ਜਦੋਂ ਕਤਲ ਹੁੰਦੇ ਨੇ। ਮਹੱਤਵਪੂਰਨ ਗਾਹਕ ਅਤੇ ਦੱਲੇ ਇਸ ਵੇਲੇ ਤਕ ਜ਼ਰਾ ਸ਼ੁਦਾਈ ਜਿਹੇ ਹੋ ਚੁੱਕਦੇ ਨੇ।

ਮੋਹਸਿਨ ਕਰੀਬ 4.30 ਵਜੇ ਆਇਆ। ਕਾਰ ਦੇ ਟਾਇਰ ਰੇਡੀਅਲ ਸਨ ਇਸ ਲਈ ਉਸਨੂੰ ਇਨ੍ਹਾਂ ਦੀ ਖਾਸ ਦੁਕਾਨ ਲੱਭਣ ਵਿਚ ਦਿੱਕਤ ਆਈ ਸੀ। ਫੇਰ ਉਸ ਨੂੰ ਇਕ ਮਿਸਤਰੀ ਨੂੰ ਜਗਾਉਣਾ ਪਿਆ ਤੇ ਕੰਮ ਛੇਤੀ ਮੁਕਾਉਣ ਲਈ ਤਕੜੀ ਬਖਸ਼ੀਸ਼ ਵੀ ਦੇਣੀ ਪਈ। ਅਸੀਂ ਸਾਰਿਆਂ ਨੇ ਟਾਇਰ ਚਾੜ੍ਹਨ ਵਿਚ ਮਦਦ ਕੀਤੀ ਅਤੇ ਛੇਤੀ ਹੀ ਜਾਣ ਲਈ ਤਿਆਰ ਹੋ ਗਏ। ਮੋਹਸਿਨ ਨੇ ਕਾਰ ਨੂੰ ਸਟਾਰਟ ਕਰਨ ਲਈ ਹੀਟਰ ਪਲੱਗ ਲਾਏ। ਮੈਂ ਆਪਣੇ ਮੀਜ਼ਬਾਨਾਂ ਦਾ ਸ਼ੁਕਰੀਆ ਅਦਾ ਕੀਤਾ ਜਿਨ੍ਹਾਂ ਵਿਚੋਂ ਇਕ ਨੇ ਤਾਂ ਕਾਰ ਦੀ ਰਾਖੀ ਸਾਰੀ ਰਾਤ ਠੰਢ ਵਿਚ ਖੜ੍ਹਕੇ ਕੀਤੀ ਸੀ। ਉਨ੍ਹਾਂ ਦੇ ਚਿਹਰਿਆਂ ਤੇ ਮੁਸਕਰਾਹਟ ਸੀ ਪਰ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਬੜੀ ਸ਼ਰਮ ਆ ਰਹੀ ਏ ਕਿ ਸਾਨੂੰ ਉਨ੍ਹਾਂ ਦੇ ਇਲਾਕੇ ਵਿਚ ਖੁਆਰ ਹੋਣਾ ਪਿਆ ਏ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਸ਼ੁਰੂ ਤੋਂ ਹੀ ਪੁਲਿਸ ਦੇ ਜ਼ਬਰ ਬਾਰੇ ਉਨ੍ਹਾਂ ਤੋਂ ਸੁਣਦੀ ਰਹੀ ਸੀ ਅਤੇ ਹੁਣ ਕਹਿਣ ਲਈ ਮੇਰੇ ਕੋਲ ਆਪਣੀ ਵੀ ਕਹਾਣੀ ਹੈ।

ਮੇਰੀ ਕਾਰ ਦੀਆਂ ਚਾਬੀਆਂ ਜਿਵੇਂ ਗਵਾਚੀਆਂ ਸਨ ਉਸੇ ਰਹੱਸਪੂਰਨ ਢੰਗ ਨਾਲ ਲੱਭ ਪਈਆਂ। ਅਗਲੇ ਦਿਨ ਦੁਪਹਿਰ ਨੂੰ ਚਾਬੀਆਂ ਲੈਲਾ ਨੂੰ ਆਪਣੇ ਕਮਰੇ ਦੇ ਵਿਚਾਲੇ ਪਈਆਂ ਮਿਲ ਗਈਆਂ। ਉਸ ਦਾ ਸ਼ੱਕ ਸੀ ਕਿ ਤੜਕੇ ਕੋਈ ਚੁਪਕੇ ਜਿਹੇ ਆਇਆ ਹੋਏਗਾ ਸੁੱਟ ਚਲਾ ਗਿਆ, ਸ਼ਾਇਦ ਉਹੀ ਲੜਕੇ ਹੋਣ ਜਿਨ੍ਹਾਂ ਨੂੰ ਮੈਂ ਪਿਛਲੀ ਰਾਤ ਕੋਠੇ ਦੇ ਖੂੰਜੇ ਬੈਠੇ ਦੇਖਿਆ ਸੀ।

## ਪਸੰਦ

ਅਗਲੀ ਸਵੇਰ ਜਦੋਂ ਮੈਂ ਬੈਠਕ ਵਿਚ ਆਈ ਤਾਂ ਮੇਰੀ ਆਂਟੀ ਅਤੇ ਅੰਕਲ ਨਾਸ਼ਤਾ ਕਰ ਰਹੇ ਸਨ. ਉਨ੍ਹਾਂ ਨੂੰ ਪਿਛਲੀ ਰਾਤ ਦੀ ਘਟਨਾ ਬਾਰੇ ਕੁਝ ਵੀ ਨਹੀਂ ਸੀ ਪਤਾ। ਮੈਂ ਵੀ ਉਨ੍ਹਾਂ ਨਾਲ ਜਾ ਬੈਠੀ। ਛੇਤੀ ਹੀ ਮੋਹਸਿਨ ਵੀ ਆ ਗਿਆ ਅਤੇ ਦੁਆ-ਸਲਾਮ ਹੋਈ। ਉਨ੍ਹਾਂ ਨੇ ਉਸ ਨੂੰ ਵੀ ਨਾਸ਼ਤੇ ਦੀ ਦਾਅਵਤ ਦਿੱਤੀ ਤੇ ਉਹ ਵੀ ਬੈਠ ਗਿਆ। ਘਰੇਲੂ ਗੱਲਬਾਤ ਤੋਂ ਬਾਦ ਉਹ ਚਲਾ ਗਿਆ। ਉਸ ਦੇ ਜਾਣ ਤੋਂ ਬਾਦ ਮੇਰੀ ਆਂਟੀ ਕਹਿਣ ਲੱਗੀ ਕਿ ਅੱਜ ਤਾਂ ਉਹ ਬੜਾ ਸਾਝਰੇ ਆ ਗਿਆ ਏ। ਫੇਰ ਖੁਦ ਹੀ ਬੋਲੀ, 'ਸ਼ਾਇਦ ਉਹ ਦਫਤਰ ਜਾਣ ਤੋਂ ਪਹਿਲਾਂ ਕਿਤੇ ਰੁਕਣਾ ਚਾਹੁੰਦਾ ਹੋਏ। ਉਹ ਨੂੰ ਇਹ ਵੀ ਨਹੀਂ ਸੀ ਪਤਾ ਕਿ ਉਹ ਉਸ ਦੇ ਪੁੱਤਰ ਦੇ ਕਮਰੇ ਵਿਚ ਵੀ ਕੁਝ ਘੰਟੇ ਸੁੱਤਾ ਰਿਹਾ ਏ।

ਮੇਰੀ ਆਂਟੀ ਨੇ ਮੈਨੂੰ ਖ਼ਾਨੁਮ ਬਾਰੇ ਦੱਸਿਆ, ਇਕ ਅਦਾਕਾਰਾ ਜਿਸ ਨੂੰ ਉਹ ਜਾਣਦੀ ਏ, ਜੋ ਸ਼ਾਹਨੂਰ ਸਟੂਡੀਉਜ਼ ਦੇ ਨੇੜੇ ਰਹਿੰਦੀ ਏ। ਬਹੁਤੀਆਂ ਫਿਲਮ ਅਦਾਕਾਰਾਂ ਵਾਂਗ ਹੀ ਖਾਨੁਮ ਵੀ ਸ਼ਾਹੀ ਮੁਹੱਲੇ ਦੀ ਹੀ ਸੀ। ਉਸ ਨੇ ਕਿਹਾ ਕਿ ਜੇ ਇਹ ਮੇਰੇ ਅਧਿਐਨ ਲਈ ਠੀਕ ਹੋਏ ਤਾਂ ਉਹ ਉਸ ਨਾਲ ਮੁਲਾਕਾਤ ਦਾ ਪ੍ਰਬੰਧ ਕਰ ਸਕਦੀ ਏ। ਮੈਨੂੰ ਪਤਾ ਸੀ ਕਿ ਮੁਹੱਲਾ ਛੱਡਣ ਤੋਂ ਬਾਦ ਖਾਨੁਮ ਨੂੰ ਫਿਲਮਾਂ ਵਿਚ ਕਾਫੀ ਸਮਾਂ ਹੋ ਚੁੱਕਾ ਏ ਤੇ ਭਾਵ ਉਹ ਕਿਸੇ ਦੀ ਰਖੇਲ ਏ। ਮੈਂ ਇਨ੍ਹਾਂ ਉੱਚੇ ਪੱਧਰ ਦੀਆਂ ਜਿਸਮਫਰੋਸ਼ਾਂ ਦੇ ਨਿਕਾਹ ਦੇ ਸੰਕਲਪ ਅਤੇ ਦੀਰਘ-ਕਾਲੀ ਰਿਸ਼ਤਿਆਂ ਬਾਰੇ ਖੋਜ ਸ਼ੁਰੂ ਕੀਤੀ ਹੋਈ ਸੀ ਇਸ ਲਈ ਮੈਂ ਫੌਰਨ ਮੰਨ ਗਈ। ਮੈਨੂੰ ਬੜਾ ਅਜੀਬ ਲੱਗਾ ਜਦੋਂ ਮੈਂ ਅਲਪ ਕਾਲੀ ਅਤੇ ਦੀਰਘ ਕਾਲੀ ਸਬੰਧਾਂ ਲਈ ਇਨ੍ਹਾਂ ਨਾਚੀਆਂ ਲਈ ਆਉਂਦੇ ਪ੍ਰਸਤਾਵਾਂ ਦੀ ਗਤੀਸ਼ੀਲਤਾ ਨੂੰ ਪਰਖ ਰਹੀ ਸਾਂ ਤਾਂ ਮੇਰੇ ਸਾਮ੍ਹਣੇ ਇਕ ਪਰਿਵਾਰਕ ਸਥਿਤੀ ਆ ਖੜ੍ਹੀ ਹੋਈ ਜਿਸ ਦੇ ਮੁਹੱਲੇ ਬਾਰੇ ਮੇਰੀ ਖੋਜ ਨਾਲ ਮਜ਼ਬੂਤ ਅਸਿੱਧੇ ਸਬੰਧ ਜੁੜੇ ਹੋਏ ਸਨ।

ਮੈਂ ਫੈਜ਼ਾ ਦੇ ਪਰਿਵਾਰ ਦੇ ਬੜੀ ਨੇੜੇ ਸੀ। ਨੌਜਵਾਨ ਬੱਚਿਆਂ ਦੇ ਤੌਰ ਤੇ ਮੇਰੇ ਭਰਾ-ਭੈਣ ਅਤੇ ਮੈਂ ਫੈਜ਼ਾ ਅਤੇ ਉਸਦੇ ਤਿੰਨ ਭਰਾਵਾਂ ਨਾਲ ਬੜਾ ਆਨੰਦ ਲੈਂਦੇ ਸੀ। ਅਸੀਂ ਆਪਣੇ ਅੰਕਲ ਦੇ ਬੱਚਿਆਂ ਤੋਂ ਜ਼ਰਾ ਵੱਡੇ ਸੀ ਪਰ ਅਸੀਂ ਬਹੁਤ ਸਾਰੇ ਛੋਟੇ ਮੋਟੇ ਰੋਮਾਂਚ ਇਕੱਠੇ ਭੁਗਤਦੇ। ਫੈਜ਼ਾ ਯੂਨੀਵਰਸਿਟੀ ਤੋਂ ਫਾਈਨ ਆਰਟਸ ਦੀ ਐਮ. ਏ. ਕਰ ਰਹੀ ਸੀ। ਉਸ ਦਾ ਵੱਡਾ ਭਰਾ ਪੜ੍ਹਨ ਲਈ ਇੰਗਲੈਂਡ ਗਿਆ ਹੋਇਆ ਸੀ, ਦੂਜਾ ਕਰਾਚੀ ਦੇ ਮੈਡੀਕਲ ਕਾਲਜ ਵਿਚ ਪੜ੍ਹ ਰਿਹਾ ਸੀ ਅਤੇ ਸਭ ਤੋਂ ਛੋਟਾ ਇੰਗਲੈਂਡ ਜਾਣ ਦੀ ਤਿਆਰੀ ਕਰ ਰਿਹਾ ਸੀ। ਫੈਜ਼ਾ ਦੀ ਪੜ੍ਹਾਈ ਵਿਚ ਬਹੁਤੀ ਦਿਲਚਸਪੀ ਨਹੀਂ ਸੀ ਕਿਉਂਕਿ ਉਹ ਜਾਣਦੀ ਸੀ ਕਿ ਉਹਨੂੰ ਨਾਂ ਤਾਂ ਵਿਦੇਸ਼ ਭੇਜਿਆ ਜਾਏਗਾ ਤੇ ਨਾ ਹੀ ਉਹ ਨੇ ਕੋਈ ਮਾਹਰ ਪੇਸ਼ਾਵਰ ਬਣਨਾ ਹੈ। ਫਾਈਨ ਆਰਟਸ ਉਹਦੀ ਰਚਨਾਤਮਕ ਲਲਕ ਨੂੰ ਪੂਰਾ ਕਰਦਾ ਸੀ ਅਤੇ ਉਹਨੂੰ ਘਰੋਂ ਬਾਹਰ ਰਹਿਣ ਦਾ ਮੌਕਾ ਮਿਲ ਜਾਂਦਾ ਸੀ ਅਤੇ ਉਹ ਦੋਸਤਾਂ ਸੰਗ ਰਹਿ ਸਕਦੀ ਸੀ। ਵੈਸੇ ਉਹ ਬੜੀ ਜ਼ਹੀਨ ਲੜਕੀ ਸੀ ਅਤੇ

ਚੰਗੀਆਂ ਅੰਤਰਵਿਅਕਤੀਗਤ ਸੰਚਾਰ ਕੁਸ਼ਲਤਾਵਾਂ ਵਾਲੀ ਸਿਰਜਣਾਤਮਕ ਚਿੰਤਕ ਸੀ। ਸਮਾਜਕ ਅੰਤਰਕਿਰਿਆ ਵਿੱਚ ਵੀ ਬੜੀ ਪ੍ਰਭਾਵੀ ਉਹ ਇਕ ਬੇਹਤਰੀਨ ਆਯੋਜਕ ਸੀ। ਮੈਂ ਉਸ ਦੀ ਦਾਅਵੇ ਨਾਲ ਗੱਲ ਕਹਿਣ ਦੀ ਆਦਤ ਤੋਂ ਬੜੀ ਪ੍ਰਭਾਵਤ ਸੀ ਖਾਸ ਕਰ ਜਦੋਂ ਉਹ ਆਪਣੇ ਪਰਿਵਾਰ ਨੂੰ ਆਪਣੇ ਅਨੁਸਾਰ ਚਲਾ ਰਹੀ ਹੋਏ।

ਛੁੱਟੀਆਂ ਤੋਂ ਬਾਦ ਮਹਿਮਾਨ ਚਲੇ ਗਏ ਤੇ ਮੈਂ ਫੈਜ਼ਾ ਦੇ ਵੱਡੇ ਭਰਾ ਦੇ ਕਮਰੇ ਵਿਚ ਟਿਕ ਗਈ। ਕਿਉਂ ਜੋ ਉਹ ਵਿਦੇਸ਼ ਵਿਚ ਸੀ ਇਸ ਲਈ ਮੇਰੇ ਅੰਕਲ ਨੇ ਮੈਨੂੰ ਕਹਿ ਰੱਖਿਆ ਸੀ ਕਿ ਜਦੋਂ ਮੈਂ ਲਾਹੌਰ ਹੋਵਾਂ ਤਾਂ ਇਸ ਕਮਰੇ ਨੂੰ ਆਪਣਾ ਸਮਝਾਂ। ਮੇਰੇ ਅੰਕਲ ਬੁੜੇ ਖੁਸ਼ਦਿਲ ਇਨਸਾਨ ਸਨ ਜੀਵਨ ਨਾਲ ਭਰਪੂਰ। ਉਹ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਏ ਸਨ ਅਤੇ ਹੁਣ ਕਿਸੇ ਪ੍ਰਾਈਵੇਟ ਫਰਮ ਵਿਚ ਕੰਮ ਕਰ ਰਹੇ ਸਨ।

ਇਕ ਦਿਨ ਮੈਂ ਨੌਂ ਕੁ ਵਜੇ ਰਾਤ ਨੂੰ ਮੁਹੱਲੇ ਤੋਂ ਵਾਪਸ ਮੁੜੀ। ਹੁਣ ਤੱਕ ਮੇਰੀ ਆਂਟੀ ਤੇ ਅੰਕਲ ਮੇਰੇ ਵੇਲੇ-ਕੁਵੇਲੇ ਆਉਣ ਜਾਣ ਦੇ ਆਦੀ ਹੋ ਚੁੱਕੇ ਸਨ। ਉਨ੍ਹਾਂ ਨਾਲ ਰਹਿਣ ਦੀ ਮੇਰੀ ਇਕੋ ਇਹੀ ਸ਼ਰਤ ਸੀ ਅਤੇ ਉਨ੍ਹਾਂ ਨੇ ਇਹ ਪੂਰੀ ਮੰਨ ਲਈ ਸੀ। ਫੈਜ਼ਾ ਦਾ ਮਿਜਾਜ਼ ਕੁਝ ਵਿਗੜਿਆ ਹੋਇਆ ਸੀ। ਜਦੋਂ ਵੀ ਮੈਂ ਦਰਵਾਜ਼ੇ ਤੇ ਪਹੁੰਚਦੀ ਤਾਂ ਉਹ ਅਕਸਰ ਮੈਨੂੰ ਦੁਆ ਸਲਾਮ ਕਰਦੀ ਹੁੰਦੀ ਸੀ। ਪਰ ਉਸ ਦਿਨ ਉਹ ਕਮਰੇ ਦੇ ਅੰਦਰ ਬਾਹਰ ਚੱਕਰ ਲਾ ਰਹੀ ਸੀ, ਕਦੀ ਵਿਹੜੇ ਵਿਚ। ਮੇਰੀ ਆਂਟੀ ਨੇ ਆਮ ਵਾਂਗ ਪੁੱਛਿਆ ਕਿ ਮੇਰਾ ਦਿਨ ਕਿਵੇਂ ਦਾ ਰਿਹਾ ਤਾਂ ਮੈਂ ਉਸ ਨੂੰ ਦੱਸਿਆ ਕਿ ਮੁਹੱਲੇ ਵਿਚ ਨਵੇਂ-ਨਵੇਂ ਦੋਸਤ ਬਣਾ ਕੇ ਮੈਂ ਬਹੁਤ ਹੀ ਖੁਸ਼ ਹਾਂ। ਫੇਰ ਮੈਂ ਆਪਣੇ ਅੰਕਲ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, 'ਉਹ ਬਾਹਰ ਘੁੰਮਣ ਗਏ ਨੇ। ਪਰ ਉਹ ਬਹੁਤ ਗੁੱਸੇ ਵਿਚ ਸਨ।'

ਮੈਂ ਆਪਣੀਆਂ ਭਵਾਂ ਸਿਕੋੜੀਆਂ ਤੇ ਹੋਰ ਜਾਣਕਾਰੀ ਚਾਹੀ। ਆਪਣਾ ਚਾਹ ਦਾ ਕੱਪ ਸਾਈਡ ਟੇਬਲ ਤੇ ਰੱਖ ਕੇ ਉਹ ਛਿੱਥਾ ਜਿਹਾ ਪੈ ਕੇ ਹੱਸੀ ਅਤੇ ਬੋਲੀ ਕਿ ਸਾਡਾ ਝਗੜਾ ਹੋ ਗਿਆ ਏ। ਮੈਂ ਪੁੱਛਿਆ ਕਿ ਇਸ ਤਰ੍ਹਾਂ ਦਾ ਕੀ ਹੋ ਗਿਆ ਤੇ ਬੋਲੀ, 'ਮੈਂ ਦੇਖ ਰਹੀ ਹਾਂ ਫੈਜ਼ਾ ਵੀ ਪ੍ਰੇਸ਼ਾਨ ਹੈ।'

ਉਹਨੇ ਜਵਾਬ ਦਿੱਤਾ, 'ਫੈਜ਼ਾ ਨੂੰ ਦੇਖਣ ਲਈ ਕੋਈ ਪਰਿਵਾਰ ਆਇਆ ਸੀ, ਐਥੋਂ ਹੀ ਗੱਲ ਸ਼ੁਰੂ ਹੋ ਗਈ।'

'ਉਹ ਮੈਂ ਸਮਝ ਗਈ। ਉਹਦੇ ਲਈ ਕੋਈ ਵਿਆਹ ਦਾ ਪ੍ਰਸਤਾਵ ਆਇਆ ਏ। ਮੈਨੂੰ ਦੱਸੋ ਫੇਰ ਕੀ ਹੋਇਆ, 'ਮੈਂ ਜ਼ੋਰ ਪਾਇਆ।'

'ਤੂੰ ਮੇਰੀ ਪੁਰਾਣੀ ਜਮਾਤਣ ਦੀ ਭਾਬੀ ਦੀ ਆਂਟੀ ਨੂੰ ਤਾਂ ਜਾਣਦੀ ਏਂ...?'

'ਨਹੀਂ, ਮੈਂ ਕਿਵੇਂ ਜਾਣਦੀ ਹੋਵਾਂਗੀ? ਮੈਨੂੰ ਹੈਰਾਨੀ ਹੋਈ ਕਿ ਤੂੰ ਉਹਨੂੰ ਜਾਣਦੀ ਏਂ। ਅਤੇ ਇੱਥੇ ਆ ਕੇ ਰਿਸ਼ਤੇਦਾਰੀ ਗੁੰਝਲਦਾਰ ਹੋ ਗਈ।

ਮੇਰੀ ਆਂਟੀ ਨੇ ਕਹਿਣਾ ਜਾਰੀ ਰੱਖਿਆ, 'ਮੈਂ ਉਹਨੂੰ ਕਹਿ ਰੱਖਿਆ ਸੀ ਕਿ ਫੈਜ਼ਾ ਲਈ ਕੋਈ ਮੁੰਡਾ ਦੇਖੇ। ਉਹਨੇ ਕਈ ਮੁੰਡੇ ਦੱਸੇ ਪਰ ਉਨ੍ਹਾਂ ਫੈਜ਼ਾ ਨੂੰ ਪਸੰਦ ਨਹੀਂ ਕੀਤਾ।'

'ਹਾਂ ਮੈਨੂੰ ਪਤਾ ਹੈ', ਮੈਂ ਗੁੱਸੇ ਜਿਹੇ ਵਿਚ ਬੋਲੀ।

'ਇਸ ਵਾਰੀ ਉਹਨੇ ਇਕ ਪਰਿਵਾਰ ਭੇਜਿਆ ਜੋ ਆਪਣੇ ਮੁੰਡੇ ਲਈ ਵਹੁਟੀ ਲੱਭ ਰਿਹਾ ਸੀ। ਉਨ੍ਹਾਂ ਦੇ ਮਾਪੇ ਲੁਧਿਆਣੇ ਤੋਂ ਆਏ ਸੀ ਜੋ ਕਿ ਭਾਰਤ ਦੇ ਪੂਰਵੀ ਪੰਜਾਬ ਦਾ ਇਕ ਸ਼ਹਿਰ

ਏ ਮੈਨੂੰ ਮਾਂ, ਧੀ ਬੜੀਆਂ ਪਸੰਦ ਆਈਆਂ। ਉਹ ਮੁੰਡੇ ਨੂੰ ਵੀ ਨਾਲ ਹੀ ਲਿਆਈਆਂ ਸਨ। ਤੇਰੇ ਅੰਕਲ ਨੂੰ ਇਹ ਪਸੰਦ ਨਹੀਂ ਕੁੜੀ ਦੇਖਣ ਲਈ ਆਉਣ ਵਾਲੇ ਟੱਬਰ ਮੁੰਡਿਆਂ ਨੂੰ ਵੀ ਨਾਲ ਚੁੱਕ ਲਿਆਉਣ, ਪਰ ਇਸ ਮਾਮਲੇ ਵਿਚ ਸਾਨੂੰ ਪਹਿਲਾਂ ਨਹੀਂ ਪਤਾ ਸੀ ਕਿ ਮੁੰਡਾ ਵੀ ਨਾਲ ਹੀ ਆ ਰਿਹਾ ਏ।'

ਐਨ ਉਸ ਵੇਲੇ ਫੈਜ਼ਾ ਵੀ ਵਿਹੜੇ ਵਿਚੋਂ ਅੰਦਰ ਆ ਵੜੀ ਤੇ ਆਪਣੀ ਮਾਂ ਨੂੰ ਮੈਨੂੰ ਕਹਾਣੀ ਸੁਣਾਉਂਦੇ ਹੋਏ ਸੁਣ ਲਿਆ। ਬਿਨਾਂ ਕੁਝ ਬੋਲੇ ਉਹ ਅੰਦਰ ਆਈ ਤੇ ਮੇਰੀ ਕੁਰਸੀ ਦੇ ਨਾਲ ਗਲੀਚੇ ਤੇ ਬੈਠ ਗਈ।

ਮੇਰੀ ਆਂਟੀ ਨੇ ਕਹਿਣਾ ਜਾਰੀ ਰੱਖਿਆ, 'ਫੈਜ਼ਾ ਬੈਠਕ ਵਿਚ ਉਨ੍ਹਾਂ ਲਈ ਚਾਹ ਤੇ ਨਾਸ਼ਤਾ ਲਿਆਈ।'

ਫੈਜ਼ਾ ਵਿਚੋਂ ਬੋਲੀ, 'ਹਾਂ! ਮੈਂ ਨੁਮਾਇਸ਼ ਤੇ ਜੁ ਸੀ। ਉਹ ਵੇਖਣਾ ਚਾਹੁੰਦੇ ਸੀ ਕਿ ਬੋਲਦੀ ਤੁਰਦੀ ਤੇ ਠੀਕ ਹਾਂ।'

'ਉਹ ਚੁੱਪ ਕਰ ਬੱਚੀ, ਤੂੰ ਅੱਬਾ ਨੂੰ ਪਹਿਲਾਂ ਹੀ ਬੜਾ ਕੁਝ ਕਹਿ ਚੁੱਕੀ ਏਂ। ਇਹ ਇਕ ਦਸਤੂਰ ਏ। ਹੋਰ ਅਸੀਂ ਕਿਵੇਂ ਤੇਰਾ ਵਿਆਹ ਕਰਾਂਗੇ ਫੇਰ।' ਆਂਟੀ ਬੋਲੀ।

ਫੈਜ਼ਾ ਰੋਣ ਲੱਗੀ। ਆਪਣਾ ਹੱਥ ਮੇਰੀ ਗੋਦ ਵਿਚ ਰੱਖ ਕੇ ਉਹ ਚਿੱਲਾਈ, 'ਮੈਂ ਇਹ ਕਈ ਵਾਰੀ ਕਰ ਚੁੱਕੀ ਹਾਂ ਤੇ ਮੈਂ ਇਸ ਤੋਂ ਅੱਕ ਤੇ ਥੱਕ ਚੁੱਕੀ ਹਾਂ।'

ਮੇਰੀ ਆਂਟੀ ਨੇ ਮੇਰੇ ਵਲ ਦੇਖਿਆ ਤੇ ਬੋਲੀ, 'ਤੂੰ ਹੀ ਵੇਖ ਲੈ ਹੁਣ ਫੌਜ਼ੀਆ ਬੇਟੀ, ਇਹ ਦਸਤੂਰ ਮੈਂ ਤਾਂ ਨਹੀਂ ਬਣਾਏ ਤੇ ਨਾ ਹੀ ਤੇਰੇ ਅੰਕਲ ਨੇ ਬਣਾਏ ਨੇ। ਇਹਨੂੰ ਪੁੱਛ ਕਿ ਇਸ ਤੋਂ ਇਹ ਸਭ ਕਰਵਾਉਣ ਦਾ ਦੋਸ਼ ਇਹ ਸਾਡੇ ਤੇ ਕਿਉਂ ਮੜ੍ਹਦੀ ਏ। ਇਹ ਸਭ ਕੁਝ ਕਰਨ ਦਾ ਇਹੀ ਤਾਂ ਤਰੀਕਾ ਏ। ਲੋਕ ਆਉਂਦੇ ਨੇ, ਇਸ ਨੂੰ ਦੇਖਦੇ ਨੇ, ਅਤੇ ਫੇਰ ਸਾਨੂੰ ਕੋਈ ਉੱਘ-ਸੁੱਘ ਨਹੀਂ ਮਿਲਦੀ। ਇਹ ਸਾਡਾ ਤਾਂ ਕਸੂਰ ਨਹੀਂ। ਮੈਂ ਇਹਨੂੰ ਕਿਹਾ ਹੋਇਆ ਏ ਪਈ ਧੁੱਪੇ ਨਾ ਜਾਇਆ ਕਰ। ਇਸ ਨਾਲ ਇਸਦਾ ਰੰਗ ਕਾਲਾ ਹੁੰਦਾ ਏ। ਮੈਨੂੰ ਰਤਾ ਚਿੰਤਾ ਨਹੀਂ ਜੇ ਇਹ ਕਾਲਜ ਜਾਣਾ ਵੀ ਛੱਡ ਦਏ। ਇਹ ਆਪਣੇ ਕੰਮਾਂ ਵਿਚ ਹੀ ਉਲਝੀ ਰਹਿੰਦੀ ਏ। ਰਾਤ ਨੂੰ ਦੇਰ ਤੱਕ ਚਿੱਤਰਕਾਰੀ ਕਰਦੀ ਰਹਿੰਦੀ ਏ ਜਿਸ ਕਰਕੇ ਇਹਦੀਆਂ ਅੱਖਾਂ ਦੁਆਲੇ ਕਾਲੀਆਂ ਛਾਹੀਆਂ ਪੈ ਗਈਆਂ ਨੇ। ਇਸ ਦੀ ਉਮਰ ਵਿਚ ਇਸ ਨੂੰ ਐਨੀ ਦੇਰ ਤਕ ਨਹੀਂ ਜਾਗਣਾ ਚਾਹੀਦਾ। ਇਹਨੂੰ ਆਰਾਮ ਕਰਨਾ ਚਾਹੀਦਾ ਏ ਧੁੱਪ ਤੋਂ ਦੂਰ ਰਹਿਣਾ ਚਾਹੀਦਾ ਏ ਤਾਂ ਕਿ ਇਸ ਦੇ ਰੰਗ ਤੇ ਅਸਰ ਨਾ ਪਏ। ਇਹ ਨੂੰ ਇਹ ਨਹੀਂ ਕਰਨਾ ਚਾਹੀਦਾ, ਬੇਟੀ?'

ਮੈਂ ਕਿਹਾ, 'ਇਹ ਅਜੇ ਪੜ੍ਹ ਰਹੀ ਏ, ਤੁਹਾਨੂੰ ਇਹਦੇ ਵਿਆਹ ਦੀ ਅਜੇ ਹੀ ਕਿਉਂ ਚਿੰਤਾ ਪਈ ਹੋਈ ਏ?'

ਮੇਰੀ ਆਂਟੀ ਨੇ ਜਵਾਬ ਦਿੱਤਾ, 'ਇਹੀ ਤਾਂ ਉਮਰ ਏ ਬੇਟੀ। ਜੇ ਇਹ ਲੰਘ ਗਈ ਤਾਂ ਫੇਰ ਸਾਨੂੰ ਕੋਈ ਵੀ ਮੁੰਡਾ ਨਹੀਂ ਲੱਭਣਾ। ਇਹੀ ਤਾਂ ਵਕਤ ਹੈ ਜਦੋਂ ਅਸੀਂ ਸੋਚ ਕੇ ਪਸੰਦ ਨਾ ਪਸੰਦ ਦੇਖ ਸਕਦੇ ਹਾਂ। ਜੇ ਅਸੀਂ ਇੰਤਜ਼ਾਰ ਕਰਦੇ ਰਹੇ ਤਾਂ ਫੇਰ ਪਸੰਦ ਵੀ ਨਹੀਂ ਰਹਿਣੀ ਤੇ ਫੇਰ ਤਾ ਤਲਾਕਸ਼ੁਦਾ ਜਾਂ ਰੰਡੇ ਹੀ ਰਹਿ ਜਾਂਦੇ ਨੇ।

ਫੈਜ਼ਾ ਨੇ ਡੁਸਕਦੇ ਹੋਏ ਕਿਹਾ, ਕੀ ਮੈਂ ਜਾਣ ਸਕਦੀ ਹਾਂ ਅਸੀਂ ਕਿਸ ਦੀ ਪਸੰਦ ਦੀ ਗੱਲ

ਕਰ ਰਹੇ ਹਾਂ?' ਉਹ ਮੇਰੇ ਵਲ ਦੇਖ ਕੇ ਬੋਲੀ, 'ਉਹ ਤਾਂ ਕਹਿੰਦੇ ਨੇ ਮੈਂ ਬਹੁਤ ਕਾਲੀ ਹਾਂ।'

ਮੇਰੇ ਲਈ ਇਹ ਬੜਾ ਚੁਭਵਾਂ ਸੀ ਅਤੇ ਮੈਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਕੀ ਜਵਾਬ ਦੇਵਾਂ। ਇਹ ਮਸਲਾ ਪਰਿਵਾਰ ਵਿਚ ਬੜੇ ਚਿਰ ਤੋਂ ਚੱਲ ਰਿਹਾ ਸੀ। ਜਿਉਂ ਹੀ ਫੈਜ਼ਾ ਨੇ ਗ੍ਰੈਜੁਏਸ਼ਨ ਕੀਤੀ ਉਸ ਦੇ ਘਰ ਦੇ ਕਿਸੇ ਚੰਗੇ ਮੁੰਡੇ ਦੀ ਭਾਲ ਵਿਚ ਲੱਗ ਗਏ। ਕੁੜੀ ਦੇ ਮਾਪੇ ਮੁੰਡੇ ਦੀ ਭਾਲ ਅਸਿੱਧੇ ਤੌਰ ਤੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਕੋਲ ਕੁੜੀ ਦੀ ਗੱਲ ਕਰਕੇ ਕਰਦੇ ਨੇ ਤਾਂ ਕਿ ਉਹ ਉਨ੍ਹਾਂ ਲੋਕਾਂ ਨਾਲ ਗੱਲ ਚਲਾ ਸਕਣ ਜਿਹੜੇ ਆਪਣੇ ਮੁੰਡੇ ਲਈ ਲਾੜੀ ਦੀ ਭਾਲ ਵਿਚ ਹੋਣ। ਮੁੰਡੇ ਦੇ ਪਰਿਵਾਰ ਨੂੰ ਇਹ ਵਾਧਾ ਹੁੰਦਾ ਏ ਕਿ ਉਹ ਖੁਲ੍ਹ ਕੇ ਕੁੜੀ ਦੀ ਭਾਲ ਕਰੇ, ਕਈ ਕੁੜੀਆਂ ਦੇਖਣ ਉਨ੍ਹਾਂ ਦੇ ਪਰਿਵਾਰਾਂ ਵਿਚ ਜਾਏ ਅਤੇ ਅੰਤਮ ਤੌਰ ਤੇ ਵਿਆਹ ਲਈ ਸੁਨੇਹਾ ਦੇਣ ਤੋਂ ਪਹਿਲਾਂ ਅਪਣੀ ਪਸੰਦ ਦੀ ਕੁੜੀ ਲੱਭੇ।

ਮੇਰੀ ਆਂਟੀ ਇਸ ਬਾਰੇ ਬੜੀ ਸਪਸ਼ਟ ਸੀ ਕਿ ਫੈਜ਼ਾ ਇਸ ਲਈ ਪੜ੍ਹਾਈ ਜਾਰੀ ਰੱਖ ਰਹੀ ਏ ਕਿਉਂਕਿ ਉਹ ਰਿਸ਼ਤੇ ਦੇ ਇੰਤਜ਼ਾਰ ਵਿਚ ਨੇ ਅਤੇ ਜਦੋਂ ਹੀ ਕਿਸੇ ਮੁੰਡੇ ਅਤੇ ਉਹਦੇ ਪਰਿਵਾਰ ਨੇ ਹਾਂ ਕੀਤੀ ਉਹ ਉਸਦੀ ਪੜ੍ਹਾਈ ਛੁਡਵਾ ਕੇ ਉਸਦਾ ਵਿਆਹ ਕਰ ਦੇਣਗੇ। ਇਹ ਹੀ ਉਨ੍ਹਾਂ ਦੀ ਤਰਜੀਹ ਸੀ ਅਤੇ ਫੈਜ਼ਾ ਨੂੰ ਉਹ ਅਜੇ ਬੱਚੀ ਹੀ ਸਮਝਦੇ ਸਨ ਜੋ ਦਸਤੂਰ ਨੂੰ ਨਹੀਂ ਸੀ ਸਮਝਦੀ ਇਸੇ ਲਈ ਉਹ ਉਸਦੀ ਗੱਲ ਨਹੀਂ ਸੁਣਦੇ ਸਨ।

ਆਮ ਤੌਰ ਤੇ ਨੌਜਵਾਨ ਕੁੜੀਆਂ ਦੇ ਮਾਪਿਆਂ ਨੂੰ ਕਿਸੇ ਚੰਗੇ ਮੁੰਡੇ ਦੀ ਦੱਸ ਪੈਣ ਦਾ ਇੰਤਜ਼ਾਰ ਰਹਿੰਦਾ ਏ ਪਰ ਉਹ ਅਕਸਰ ਲਾਚਾਰ ਹੁੰਦੇ ਹਨ ਕਿ ਕੌਣ ਉਸ ਨੂੰ ਪਸੰਦ ਕਰਦਾ ਏ। ਜਿਸਮਾਨੀ ਸੁੰਦਰਤਾ ਅਤੇ ਮਾਪਿਆਂ ਦੀ ਕੁੜੀ ਨੂੰ ਦਾਜ ਦੇਣ ਦੀ ਸਮਰਥਾ ਇਸ ਵਿਚ ਕਾਫੀ ਆੜੇ ਆਉਂਦੇ ਨੇ। ਮੁੰਡੇ ਦੇ ਪਰਿਵਾਰ ਲਈ ਲਾੜੀ ਦੀ ਭਾਲ ਅਨੰਦ ਦਾ ਸਮਾਂ ਹੁੰਦਾ ਏ ਅਤੇ ਭੈਣਾਂ ਅਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਇਸ ਚੋਣ ਕਮੇਟੀ ਵਿਚ ਸ਼ਾਮਲ ਹੋ ਜਾਂਦੇ ਨੇ ਜਿਸ ਵਿਚ ਮੁੰਡਾ ਅਤੇ ਉਸ ਦੇ ਮਾਪੇ ਵੀ ਹੁੰਦੇ ਨੇ ਅਤੇ ਇਹ ਲਾੜੀ ਦੀ ਖਰੀਦਾਰੀ ਲਈ ਤੁਰ ਪੈਂਦੇ ਨੇ।

ਉਸ ਰਾਤ ਮੈਂ ਫੈਜ਼ਾ ਬਾਰੇ ਹੀ ਸੋਚਦੀ ਰਹੀ। ਮੈਂ ਉਸ ਨੂੰ ਬੜਾ ਪਿਆਰ ਕਰਦੀ ਸਾਂ ਅਤੇ ਉਸ ਦੀਆਂ ਖੂਬੀਆਂ ਦੀ ਕਾਇਲ ਸਾਂ। ਆਪਣੀਆਂ ਇਨ੍ਹਾਂ ਸਾਰੀਆਂ ਕਮਾਲ ਦੀਆਂ ਖੂਬੀਆਂ ਨਾਲ ਉਹ ਇਕ ਵਧੀਆ ਆਗੂ ਬਣ ਸਕਦੀ ਸੀ, ਇਕ ਚੰਗੀ ਕਾਰੋਬਾਰੀ ਔਰਤ ਵੀ। ਉਸ ਨੂੰ ਕਿਹੋ ਜਿਹੇ ਅਜੀਬ ਦਸਤੂਰ ਨਾਲ ਮੱਥਾ ਡਾਹੁਣਾ ਪੈ ਰਿਹਾ ਸੀ ਜਿੱਥੇ ਉਸ ਨੂੰ ਪੂਰਾ ਧਿਆਨ ਇਸ ਗੱਲ ਤੇ ਦੇਣਾ ਪੈ ਰਿਹਾ ਸੀ ਕਿ ਕੋਈ ਮੁੰਡਾ ਉਸ ਨੂੰ ਪਸੰਦ ਕਰ ਲਏ। ਉਸਦੇ ਭਵਿੱਖ, ਉਸਦੇ ਸਮਾਜਕ ਰੁਤਬੇ ਅਤੇ ਉਸ ਦੀ ਹੋਂਦ ਨੂੰ ਕੋਈ ਅਰਥ ਉਸੇ ਵੇਲੇ ਹੀ ਦਿੱਤੇ ਜਾਣੇ ਸਨ।

ਮੈਂ ਅਗਲੇ ਦਿਨ ਅਪਣੀ ਆਂਟੀ ਨਾਲ ਇਸ ਮਾਮਲੇ ਬਾਰੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਉਸ ਨੂੰ ਪੁੱਛਿਆ ਕਿ ਉਸ ਦੇ ਵਿਆਹ ਦੀ ਐਨੀ ਚਿੰਤਾ ਕਿਉਂ ਏ। ਉਸ ਦਾ ਜਵਾਬ ਬੜਾ ਸਪਸ਼ਟ ਸੀ ਕਿ ਉਹ ਆਪਣੀ ਧੀ ਨੂੰ ਸਮਾਜਕ ਤੌਰ ਤੇ ਸੁਰੱਖਿਅਤ ਸਥਿਤੀ ਵਿਚ ਦੇਖਣਾ ਚਾਹੁੰਦੀ ਹੈ ਜਿੱਥੇ ਉਸ ਦਾ ਭਵਿੱਖ ਸੁਰੱਖਿਅਤ ਹੋਏ। ਉਹ ਨਹੀਂ ਚਾਹੁੰਦੀ ਸੀ ਕਿ ਉਹ 'ਬਸ ਚੜਨੋਂ' ਰਹਿ ਜਾਏ, ਜਿਵੇਂ ਉਸ ਦਾ ਸੋਚਣਾ ਸੀ, ਅਤੇ ਇਕੱਲੀ ਹੀ ਖੜ੍ਹੀ ਰਹਿ ਜਾਏ। ਮੇਰੀ ਆਂਟੀ ਨੇ ਸਪਸ਼ਟ ਕਰ ਦਿੱਤਾ ਕੇ ਫੈਜ਼ਾ ਦਾ ਭਵਿੱਖ ਉਸ ਦੇ ਪਤੀ ਅਤੇ ਬੱਚਿਆਂ ਨਾਲ ਹੀ ਸੀ।

ਅਸੀਂ ਸਾਰੇ ਸਵੇਰੇ ਸੁਵਖਤੇ ਉੱਠ ਖੜ੍ਹਦੇ ਸਾਂ ਇਸ ਲਈ ਮੈਂ ਆਂਟੀ ਅਤੇ ਅੰਕਲ ਨਾਲ ਗੱਪਸ਼ਪ ਕਰਦੀ ਰਹਿੰਦੀ। ਉਨ੍ਹਾਂ ਕੋਲ ਦੱਸਣ ਲਈ ਬੜੀਆਂ ਦਿਲਚਸਪ ਗੱਲਾਂ ਹੁੰਦੀਆਂ ਸਨ। ਮੇਰੀ ਆਂਟੀ ਜ਼ਰਾ ਵਧੇਰੇ ਹੀ ਮਨ ਲਾ ਕੇ ਰੱਖਦੀ ਕਿਉਂਕਿ ਉਹ ਹਰ ਸਥਿਤੀ ਅਤੇ ਵਿਅਕਤੀ ਬਾਰੇ ਵਿਸਤਾਰ ਨਾਲ ਗੱਲ ਕਰਦੀ। ਉਸ ਸਵੇਰ ਮੇਰੀ ਆਂਟੀ ਨੇ ਦੱਸਿਆ ਕਿ ਉਹਨੇ ਖਾਨੁਮ ਨਾਲ ਮੁਲਾਕਾਤ ਦਾ ਪ੍ਰਬੰਧ ਕਰ ਲਿਆ ਏ। ਹਾਲਾਂਕਿ ਆਂਟੀ ਉਸਨੂੰ ਸਿੱਧਾ ਨਹੀਂ ਜਾਣਦੀ ਸੀ ਪਰ ਮੇਰੀ ਆਂਟੀ ਦੀ ਗਵਾਂਢਣ ਦੀ ਸੱਸ ਦੀ ਭੈਣ ਦੀ ਇਕ ਗਵਾਂਢਣ ਉਸ ਨੂੰ ਜਾਣਦੀ ਸੀ ਅਤੇ ਮੇਰੀ ਆਂਟੀ ਨੇ ਸਾਫ ਗੱਲ ਮੁਕਾਈ ਕਿ ਅਜਿਹੇ ਨੇੜਲੇ ਸੰਪਰਕ ਕਾਰਨ ਉਹ ਸਾਨੂੰ ਖਾਨੁਮ ਦੇ ਘਰ ਲੈ ਜਾਣ ਲਈ ਮੰਨ ਗਈ। ਆਖਰ ਖਾਨੁਮ ਉਨ੍ਹਾਂ ਦੀ ਗਲੀ ਵਿਚ ਹੀ ਤਾਂ ਰਹਿੰਦੀ ਏ। ' ਮੈਂ ਖੁਸ਼ ਸਾਂ ਕਿ ਉਹਨੇ ਇਸ ਦਾ ਪ੍ਰਬੰਧ ਕਰ ਲਿਆ ਏ ਅਤੇ ਮੈਂ ਕਿਹਾ ਕਿ ਮੈਂ ਦੁਪਹਿਰ ਤੋਂ ਬਾਦ ਆ ਜਾਵਾਂਗੀ ਤੇ ਆਪਾਂ ਇਕੱਠੇ ਹੀ ਉਸ ਕੋਲ ਚੱਲਾਂਗੇ। ਮੈਂ ਉਹਨੂੰ ਕਿਹਾ ਕਿ ਆਪਾਂ ਫੈਜ਼ਾ ਨੂੰ ਵੀ ਨਾਲ ਲੈ ਚੱਲਾਂਗੀਆਂ ਤਾਂ ਕਿ ਉਸ ਦਾ ਧਿਆਨ ਵੀ ਮੌਜੂਦਾ ਸਮੱਸਿਆ ਤੋਂ ਲਾਂਭੇ ਹੋ ਜਾਏ। ਮੇਰੀ ਆਂਟੀ ਬੜੀ ਮਖੌਲੀਆ ਏ ਅਤੇ ਜਦੋਂ ਅਸੀਂ ਚੱਲੇ ਤਾਂ ਉਹ ਮਜ਼ਾਕ ਕਰੀ ਜਾ ਰਹੀ ਸੀ ਕਿ ਅਸੀਂ ਖਾਨੁਮ ਦੇ ਇਹ ਦੇਖਾਂਗੇ, ਉਹ ਦੇਖਾਂਗੇ। ਉਹਨੇ ਮੈਨੂੰ ਦੱਸਿਆ ਕਿ ਕੋਈ ਫਿਲਮ ਨਿਰਮਾਤਾ ਉਹਨੂੰ ਮੁਹੱਲੇ ਵਿਚੋਂ ਲੈ ਗਿਆ ਸੀ ਅਤੇ ਫੇਰ ਉਸ ਨੂੰ ਕਿਸੇ ਹੋਰ ਨੇ ਅਪਣੀ ਰਖ਼ੇਲ ਬਣਾ ਲਿਆ।

ਮੈਂ ਕਾਰ ਚਲਾਉਂਦੀ ਰਹੀ। ਪਹਿਲਾਂ ਅਸੀਂ ਆਂਟੀ ਦੇ ਗਵਾਂਢੀ ਦੀ ਸੱਸ ਦੇ ਘਰ ਗਏ। ਉਹਨੇ ਸਾਨੂੰ ਜੀ ਆਇਆਂ ਕਿਹਾ ਅਤੇ ਚਾਹ ਤੇ ਨਾਸ਼ਤੇ ਨਾਲ ਸੇਵਾ ਕੀਤੀ ਅਤੇ ਫੇਰ ਸਾਨੂੰ ਆਪਣੀ ਭੈਣ ਦੇ ਘਰ ਲੈ ਗਈ ਜਿੱਥੇ ਮੁੜ ਸਾਡੀ ਖਾਤਰਦਾਰੀ ਹੋਈ ਕਿਉਂਕਿ ਉਹ ਨਹੀਂ ਚਾਹੁੰਦੀ ਸੀ ਕਿ ਉਸਦੀ ਭੈਣ ਦੀ ਨੂੰਹ ਦੇ ਗਵਾਂਢੀ ਬਿਨਾ ਕੁਝ ਖਾਏ ਉਸ ਦੇ ਘਰੋਂ ਜਾਣ। ਫੇਰ ਅਸੀਂ ਉਸਦੀ ਗਵਾਂਢਣ ਦੇ ਘਰ ਗਏ ਜੋ ਇਕ ਬੜੀ ਸਾਊ ਔਰਤ ਸੀ ਅਤੇ ਉਹ ਸਾਨੂੰ ਖਾਨੁਮ ਦੇ ਘਰ ਲਿਜਾਣ ਲਈ ਤਿਆਰ ਹੋ ਗਈ ਪਰ ਪਹਿਲਾਂ ਚਾਹ ਅਤੇ ਨਾਸ਼ਤਾ ਲੈਣ ਲਈ ਆਖਣ ਲੱਗੀ। ਅਸੀਂ ਕਿਹਾ ਕਿ ਇਹ ਖਾਤਰਦਾਰੀ ਫੇਰ ਕਿਸੇ ਸਮੇਂ ਤੇ ਪਾ ਦਿਉ ਤਾਂ ਕਿਤੇ ਜਾ ਕੇ ਉਹ ਮੰਨੀ। ਮੈਂ ਬੜੇ ਹਲਕੇ ਰੌਂਅ ਵਿਚ ਸੀ ਅਤੇ ਸਭ ਕਾਸੇ ਦਾ ਅਨੰਦ ਲੈ ਰਹੀ ਸੀ। ਮੈਂ ਤੇ ਫੈਜ਼ਾ ਇਕ ਦੂਜੀ ਵੱਲ ਦੇਖ ਕੇ ਆਪਣੀ ਆਂਟੀ ਤੇ ਮੁਸਕਾਉਂਦੇ ਰਹਿੰਦੇ ਜੋ ਬੜੀ ਮਿਠਾਸ ਨਾਲ ਹਰੇਕ ਔਰਤ ਦੇ ਪੂਰੇ ਪਰਿਵਾਰ ਬਾਰੇ ਪੁੱਛਦੀ ਰਹਿੰਦੀ ਸੀ।

ਆਖਰ ਗਵਾਂਢਣ ਨੇ ਅਪਣੀ ਕੁੜੀ ਨੂੰ ਖਾਨੁਮ ਦੇ ਘਰ ਇਹ ਦੱਸਣ ਲਈ ਭੇਜਿਆ ਕਿ ਅਸੀਂ ਆ ਰਹੇ ਹਾਂ। ਹੁਣ ਅਸੀਂ ਪੰਜ ਜਣੀਆਂ ਉਸ ਅਦਾਕਾਰਾ ਦੇ ਘਰ ਜਾ ਰਹੀਆਂ ਸਾਂ। ਉਹ ਸ਼ਾਹਨੂਰ ਸਟੂਡੀਉਜ਼ ਦੇ ਸਾਮ੍ਹਣੇ ਇਕ ਠੀਕ ਜਿਹੇ ਦਿਸਦੇ ਘਰ ਵਿਚ ਹੇਠਲੇ ਮੱਧਵਰਗੀ ਤਬਕੇ ਦੇ ਗਵਾਂਢ ਵਿਚ ਇਕ ਸੌੜੀ ਜਿਹੀ ਗਲੀ ਵਿਚ ਰਹਿੰਦੀ ਸੀ। ਮੈਂ ਇਸ ਇਲਾਕੇ ਤੋਂ ਜਾਣੂ ਸੀ ਕਿਉਂਕਿ ਇਥੇ ਕੋਈ ਮੰਚ ਕਲਾਕਾਰ ਰਹਿੰਦੇ ਸੀ ਜਿਨ੍ਹਾਂ ਨੂੰ ਸਦਾ ਆਸ ਰਹਿੰਦੀ ਕਿ ਸ਼ਾਇਦ ਉਨ੍ਹਾਂ ਦਾ ਵੀ ਕਈ ਫਿਲਮਾਂ ਵਿਚ ਤੁੱਕਾ ਲੱਗ ਜਾਵੇ। ਉਹ ਡਾਇਰੈਕਟਰ ਦੀ ਸ਼ਕਲ ਦੇਖਣ ਲਈ ਸਟੂਡੀਉਜ਼ ਦੇ ਆਲੇ ਦੁਆਲੇ ਫਿਰਦੇ ਰਹਿੰਦੇ ਕਿਉਂਕਿ ਉਹ ਸਮਝਦੇ ਸਨ ਕਿ ਜੇ ਡਾਇਰੈਕਟਰ ਉਨ੍ਹਾਂ ਵਿਚ ਕੋਈ ਦਿਲਚਸਪੀ ਦਿਖਾ ਦਏ ਤਾਂ ਉਨ੍ਹਾਂ ਦੀ ਜ਼ਿੰਦਗੀ ਹੀ ਬਦਲ ਸਕਦੀ ਏ।

ਖਾਨੁਮ ਲੰਬੀ ਅਤੇ ਸਾਫ ਰੰਗ ਦੀ ਸੀ. ਉਸ ਦੇ ਲੰਮੇ ਕਾਲੇ ਵਾਲ ਸਨ ਅਤੇ ਵੱਡੀਆਂ ਵੱਡੀਆਂ ਦੱਖਣ ਏਸ਼ੀਆਈ ਅੱਖਾਂ। ਉਸ ਦੀ ਚਾਲ-ਢਾਲ ਤੋਂ ਉਸਦੇ ਸ਼ਾਹੀ ਮੁਹੱਲੇ ਦੇ ਪਿਛੋਕੜ ਦੀ ਝਲਕ ਮਿਲਦੀ ਸੀ। ਉਹਦੀ ਆਵਾਜ਼ ਖਰ੍ਹਵੀ ਸੀ ਅਤੇ ਮੂੰਹ ਵਿਚ ਪਾਨ ਤੁੰਨਿਆਂ ਹੋਇਆ ਸੀ। ਉਹ ਪੁਰਾਣੇ ਬਾਜ਼ਾਰ ਦੇ ਖਾਸ ਅੰਦਾਜ਼ ਵਿਚ ਪੰਜਾਬੀ ਬੋਲਦੀ ਸੀ। ਖਾਨੁਮ ਨੇ ਸਾਨੂੰ ਬੈਠਕ ਵਿਚ ਬੁਲਾ ਲਿਆ ਜਿੱਥੇ ਉਹ ਚਾਰਪਾਈ ਤੇ ਬੈਠੀ ਸੀ। ਉਸ ਦੀ ਚਾਲ-ਢਾਲ ਵਿਚੋਂ ਵਿਸ਼ੇਸ਼ ਕਿਸਮ ਦੀ ਹੈਂਕੜ ਦੀ ਬੂ ਆਉਂਦੀ ਸੀ। ਅਸੀਂ ਲੰਬੀ ਗੱਲਬਾਤ ਕੀਤੀ। ਸਵਾਲ ਪੁੱਛਣ ਵਿਚ ਮੇਰੀ ਆਂਟੀ ਬੜੀ ਤੇਜ਼ ਸੀ ਅਤੇ ਉਸ ਨੇ ਛੇਤੀ ਹੀ ਹੋਰ ਮਸ਼ਹੂਰ ਅਦਾਕਾਰਾਂ ਨਾਲ ਉਸਦੇ ਸਬੰਧਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਲਈ। ਮੈਂ ਉਹਨੂੰ ਪੁੱਛਿਆ ਕਿ ਉਸਨੂੰ ਫਿਲਮਾਂ ਵਿਚ ਕੰਮ ਕਰਨ ਦਾ ਮੌਕਾ ਕਿਵੇਂ ਮਿਲਿਆ।

ਉਹਨੇ ਜਵਾਬ ਦਿੱਤਾ, 'ਮੈਂ ਇਹ ਦੇ ਕਾਬਲ ਤੇ ਨਹੀਂ ਸਾਂ ਪਰ ਇਹ ਮੇਰੇ ਲਈ ਖੁਦਾ ਦੀ ਰਹਿਮਤ ਵਾਂਗ ਹੀ ਏ।' ਉਸ ਦੀ ਆਵਾਜ਼ ਦੀ ਤਰਜ਼ ਉਸ ਦੇ ਨਿਮਰ ਬੋਲਾਂ ਦਾ ਸਾਥ ਨਹੀਂ ਦੇ ਰਹੀ ਸੀ। ਹਵਾ ਵਿਚ ਦੇਖਦੇ ਹੋਏ ਉਹ ਅੱਗੇ ਬੋਲੀ, 'ਇਕ ਦਿਨ ਖਵਾਜਾ ਸਾਹਿਬ, ਫਿਲਮ ਨਿਰਮਾਤਾ, ਇਕ ਹੋਰ ਬੰਦੇ ਨਾਲ ਸਾਡੇ ਕੋਠੇ ਤੇ ਆਏ ਜੋ ਸਾਡਾ ਨਿੱਤ ਦਾ ਗਾਹਕ ਸੀ। ਖਵਾਜਾ ਸਾਹਿਬ ਕਿਸੇ ਨਵੇਂ ਕਲਾਕਾਰ ਦੀ ਭਾਲ ਵਿਚ ਨਹੀਂ ਸਨ ਬਲਕਿ ਸਿਰਫ ਆਪਣੇ ਦੋਸਤ ਦੇ ਨਾਲ ਐਵੇਂ ਹੀ ਆ ਗਏ ਸਨ। ਜਦ ਕੋਈ ਜੁਗਾੜ ਬਣਨਾ ਹੀ ਹੁੰਦਾ ਏ ਤਾਂ ਬੱਸ ਬਣ ਹੀ ਜਾਂਦਾ ਏ। ਉਹ ਸਾਡੇ 'ਆਫਿਸ' ਆਏ ਤੇ ਕਿਹਾ ਕਿ ਉਹ ਕੁਝ ਸੁਣਨਾ ਚਾਹੁੰਦੇ ਨੇ। ਮੇਰੇ ਉਸਤਾਦ ਨੇ ਮੈਨੂੰ ਚੰਗੀਆਂ ਗਜ਼ਲਾਂ ਸਿਖਾਈਆਂ ਸਨ ਅਤੇ ਮੈਂ ਸਭ ਤੋਂ ਬੇਹਤਰੀਨ ਉਨ੍ਹਾਂ ਦੀ ਨਜ਼ਰ ਕੀਤੀ। ਉਨ੍ਹਾਂ ਨੂੰ ਪਸੰਦ ਆਈ।'

ਮੇਰੀ ਆਂਟੀ ਵਿਚੋਂ ਹੀ ਬੋਲ ਪਈ, 'ਉਹਨੂੰ ਗਜ਼ਲ ਪਸੰਦ ਆ ਗਈ ਜਾਂ ਤੂੰ?'

ਖਾਨੁਮ ਹੱਸੀ ਅਤੇ ਬੋਲੀ, 'ਦਰਅਸਲ, ਦੋਵੇਂ ਹੀ। ਉਹਨੇ ਮੈਨੂੰ ਕਿਹਾ ਕਿ ਫਿਲਮੀ ਕੰਮ ਦੀ ਕੋਸ਼ਿਸ਼ ਕਰਾਂ। ਮੈਂ ਉਹਨੂੰ ਮਿਲਦੀ ਰਹੀ ਤੇ ਉਹ ਮੇਰੀ ਆਸ ਵਧਾਉਂਦਾ ਰਿਹਾ। ਮੇਰੇ ਕਈ ਦੋਸਤਾਂ ਨੇ ਕਿਹਾ ਕਿ ਫਿਲਮੀ ਲੋਕ ਇਸੇ ਤਰ੍ਹਾਂ ਹੀ ਚੂਸਦੇ ਰਹਿੰਦੇ ਨੇ, ਨਾਂ ਹੀ ਉਹ ਤੈਨੂੰ ਪੈਸੇ ਦਿੰਦੇ ਨੇ ਤੇ ਨਾਂ ਹੀ ਫਿਲਮਾਂ ਵਿਚ ਤੈਨੂੰ ਕੰਮ ਦਿਵਾਉਂਦੇ ਨੇ। ਪਰ ਮੇਰੀ ਮਾਂ ਕਿਸੇ ਦੀ ਸੁਣਨ ਲਈ ਤਿਆਰ ਨਹੀਂ ਸੀ ਅਤੇ ਬੋਲੀ, 'ਇਹ ਲੋਕ ਤਾਂ ਸੜਦੇ ਨੇ। ਜੇ ਖੁਦਾ ਨੇ ਉਹਨੂੰ ਇਕ ਫਰਿਸ਼ਤੇ ਵਾਂਗ ਸਾਡੇ ਬੂਹੇ ਤੇ ਭੇਜਿਆ ਏ ਤਾਂ ਅਸੀਂ ਇਹ ਮੌਕਾ ਨਹੀਂ ਖੁੰਝਣ ਦਿਆਂਗੇ।'' ਮੈਂ ਉਹਦੇ ਮਗਰ ਲੱਗੀ ਰਹੀ। ਉਹ ਮੈਨੂੰ ਆਪਣੇ ਸਟੂਡੀਉ ਵਿਚ ਬੁਲਾ ਲੈਂਦਾ ਤੇ ਮੈਂ ਸਾਰਾ ਦਿਨ ਉੱਥੇ ਬੈਠੀ ਰਹਿੰਦੀ। ਅਕਸਰ ਮੇਰੀ ਮਾਂ ਵੀ ਮੇਰੇ ਨਾਲ ਹੁੰਦੀ। ਕਈ ਵਾਰੀ ਉਹ ਮੈਨੂੰ ਰਾਤਾਂ ਨੂੰ ਨਾਲ ਲੈ ਜਾਂਦਾ ਅਤੇ ਮੇਰੇ ਲਈ ਚੀਜ਼ਾਂ ਖਰੀਦਦਾ। ਇਕ ਦਿਨ ਉਹਨੇ ਮੈਨੂੰ ਕਿਹਾ ਕਿ ਫਿਲਮ ਵਿਚ ਮੇਰੇ ਲਈ ਇਕ ਰੋਲ ਹੈਗਾ ਏ। ਮੇਰਾ ਸਾਰਾ ਪਰਿਵਾਰ ਝੱਲਿਆਂ ਵਾਂਗ ਹੋ ਗਿਆ। ਉਹਨੇ ਅਤੇ ਮੇਰੀ ਮਾਂ ਨੇ ਸੌਦਾ ਤੈਅ ਕੀਤਾ। ਮੈਨੂੰ ਉਹਦੇ ਬਾਰੇ ਬਹੁਤਾ ਨਹੀਂ ਪਤਾ। ਉਹ ਚਾਹੁੰਦਾ ਸੀ ਕਿ ਮੈਂ ਉਹਦੀ ਇਕੱਲੇ ਦੀ ਰਹਾਂ ਪਰ ਮੇਰੀ ਮਾਂ ਨਹੀਂ ਸੀ ਮੰਨਦੀ, ਉਹਦਾ ਕਹਿਣਾ ਸੀ ਕਿ ਇਸ ਨਾਲ ਮੇਰਾ ਧੰਦਾ ਤਬਾਹ ਹੋ ਜਾਏਗਾ।'

ਮੈਂ ਪੁੱਛਿਆ, 'ਉਹ ਕਿਸ ਲਈ?'

'ਮੇਰਾ ਖਿਆਲ ਏ ਉਹ ਮੇਰੀ ਮਾਂ ਦੀਆਂ ਸ਼ਰਤਾਂ ਨਾਲ ਸਹਿਮਤ ਨਹੀਂ ਸੀ। ਉਹ ਚਾਹੁੰਦਾ ਸੀ ਉਸ ਦੇ ਕੀਤੇ ਦਾ ਉਸਨੂੰ ਇਵਜ਼ਾਨਾ ਮਿਲੇ। ਅਸਲ ਵਿਚ ਮੈਂ ਉਹਦੀ ਬਹੁਤ ਇੱਜ਼ਤ ਕਰਦੀ ਸਾਂ ਅਤੇ ਸਮਝਦੀ ਸਾਂ ਕਿ ਉਹ ਬੜਾ ਸਾਊ ਬੰਦਾ ਏ ਪਰ ਮੇਰੀ ਮਾਂ ਵਧੇਰੇ ਹੀ ਸੁਚੇਤ ਸੀ। ਉਹਨੇ ਕਿਹਾ ਕਿ ਜਦੋਂ ਤੈਨੂੰ ਲੋੜ ਹੋਏਗੀ ਉਹ ਤੇਰੀ ਹੋਏਗੀ ਪਰ ਇਹ ਸਿਰਫ ਤੇਰੀ ਨਹੀਂ ਹੋ ਸਕੇਗੀ ਜਦੋਂ ਤੱਕ ਕਿ ਉਹ ਕੋਈ ਇਸ ਤਰ੍ਹਾਂ ਦਾ ਸੌਦਾ ਨਹੀਂ ਮੁਕਾ ਲੈਂਦਾ। ਤੈਨੂੰ ਪਤਾ ਹੀ ਏ ਕਿ ਮਹੀਨੇਵਾਰ ਪੈਸੇ ਦੇ ਕੇ ਇਕ ਤਰ੍ਹਾਂ ਦਾ ਨਿਕਾਹ।'

ਮੈਂ ਹੋਰ ਜਾਣਨਾ ਚਾਹੁੰਦੀ ਸਾਂ, 'ਫੇਰ ਉਹਨਾਂ ਕੀ ਕਿਹਾ?'

ਉਹਨੇ ਅੱਗੇ ਗੱਲ ਤੋਰੀ, 'ਉਹਦੇ ਪਹਿਲਾਂ ਹੀ ਦੋ ਬੀਵੀਆਂ ਸਨ। ਉਹ ਇਹ ਵੀ ਨਹੀਂ ਕਰ ਸਕਦਾ ਸੀ ਤੇ ਮੈਨੂੰ ਛੱਡਣਾ ਵੀ ਨਹੀਂ ਚਾਹੁੰਦਾ ਸੀ। ਫਿਲਮ ਦਾ ਕੰਮ ਵੀ ਠੀਕ ਚੱਲਿਆ। ਉਹ ਬੜਾ ਨਿਰਾਸ਼ ਸੀ ਅਤੇ ਮੇਰੀ ਮਾਂ ਨੂੰ ਕਹਿਣ ਲੱਗਾ ਕਿ ਉਹ ਮੈਨੂੰ ਹੋਰ ਡਾਇਰੈਕਟਰਾਂ ਕੋਲ ਲੈ ਕੇ ਜਾਏਗਾ। ਉਹਨੇ ਮੇਰੀ ਜਾਣ-ਪਛਾਣ ਇਕ ਹੋਰ ਦੋਸਤ ਨਾਲ ਕਰਵਾ ਦਿੱਤੀ ਅਤੇ ਮੇਰੀ ਮਾਂ ਵੀ ਇਸ ਲੀਹ ਤੇ ਅੱਗੇ ਤੁਰੀ। ਪਹਿਲੀ ਫਿਲਮ ਤੋਂ ਬਾਦ ਫਿਲਮ ਉਦਯੋਗ ਵਿਚ ਤੁਰਨਾ ਫਿਰਨਾ ਸੌਖਾ ਹੋ ਜਾਂਦਾ ਏ ਪਰ ਜੇ ਪਹਿਲੀ ਫਿਲਮ ਹੀ ਡੁੱਬ ਜਾਏ ਤਾਂ ਬੂਹੇ ਭੜੱਕ ਬੰਦ ਹੋ ਜਾਂਦੇ ਨੇ। ਹਾਲਾਂਕਿ ਮੇਰਾ ਰੋਲ ਨਿੱਕਾ ਜਿਹਾ ਸੀ ਅਤੇ ਫਿਲਮ ਡੁੱਬਣ ਦਾ ਦੋਸ਼ ਮੇਰੇ ਤੇ ਨਹੀਂ ਲਾਇਆ ਜਾ ਸਕਦਾ ਇਸ ਕਰਕੇ ਥੋੜ੍ਹਾ ਬਚਾਉ ਸੀ।

ਮੈਂ ਪੁੱਛਿਆ, 'ਤੂੰ ਕਿਹੜੇ ਰੋਲ ਨਿਭਾਉਂਦੀ ਏਂ?'

'ਮੈਂ ਨਾਚੀ ਹਾਂ। ਇਕ ਫਿਲਮ ਵਿਚ ਮੈਂ ਨਾਚੀ ਦਾ ਰੋਲ ਅਦਾ ਕੀਤਾ, ਜਿਸ ਦਾ ਬਲਾਤਕਾਰ ਹੋ ਜਾਂਦਾ ਏ ਤੇ ਉਹ ਕੋਠੇ ਤੇ ਜਾ ਪੁੱਜਦੀ ਏ। ਅੰਤ ਵਿਚ ਮੈਂ ਮਰ ਜਾਂਦੀ ਹਾਂ। ਇਸ ਵਿਚ ਮੇਰੇ ਦੋ ਨਾਚ ਨੇ,' ਉਹਨੇ ਮਾਣ ਨਾਲ਼ ਦੱਸਿਆ।

ਗਵਾਢਣ ਮੁਸਕਰਾਈ ਤੇ ਉਤੇਜਤ ਹੋ ਕੇ ਬੋਲੀ, 'ਮੈਂ ਉਹ ਫਿਲਮ ਦੇਖੀ ਸੀ। ਮੈਂ ਇਹਦੀਆਂ ਸਾਰੀਆਂ ਫਿਲਮਾਂ ਦੇਖੀਆਂ ਨੇ। ਕਿਉਂਕਿ ਅਸੀਂ ਗਵਾਂਢੀ ਹਾਂ ਇਸ ਲਈ ਸਾਡਾ ਇਸ ਦਾ ਕੰਮ ਦੇਖਣ ਜਾਣਾ ਬਣਦਾ ਹੀ ਏ।'

ਖਾਨੁਮ ਨੇ ਅੱਗੇ ਗੱਲ ਤੋਰੀ, 'ਇਕ ਹੋਰ ਫਿਲਮ ਵਿਚ ਮੈਂ ਨਾਈਟ ਕਲੱਬ ਵਿਚ ਦੋ ਨਾਚ ਕੀਤੇ। ਇਕ ਵਿਚ ਨਦੀਮ ਗੀਤ ਗਾਉਂਦਾ ਏ ਤੇ ਮੈਂ ਨੱਚ ਰਹੀ ਹੁੰਦੀ ਹਾਂ। ਪਰ ਉਸ ਤੋਂ ਬਾਦ ਮੈਂ ਕੰਮ ਕਰਨਾ ਛੱਡ ਦਿੱਤਾ।'

'ਤੇਰਾ ਤਾਂ ਕੰਮ ਅਜੇ ਸ਼ੁਰੂਆਤ ਵਿਚ ਹੀ ਸੀ, ਤੂੰ ਬੰਦ ਕਿਉਂ ਕਰ ਦਿਤਾ?' ਮੈਂ ਪੁੱਛਿਆ।

ਉਹ ਮੁਸਕਰਾਈ ਤੇ ਬੋਲੀ, 'ਹੁਣ ਮੈਂ ਇੱਥੇ ਸੇਠ ਰਹਿਮਾਨ ਖੋਖਰ ਨਾਲ ਰਹਿੰਦੀ ਹਾਂ। ਉਹ ਨਹੀਂ ਚਾਹੁੰਦਾ ਕਿ ਮੈਂ ਇਹ ਕੰਮ ਜਾਰੀ ਰੱਖਾਂ।'

ਮੈਨੂੰ ਬੜੀ ਹੈਰਾਨੀ ਹੋਈ; ਘਰ ਤਾਂ ਸੇਠ ਦੇ ਘਰ ਵਰਗਾ ਨਹੀਂ ਸੀ ਲੱਗ ਰਿਹਾ। ਆਮ ਤੌਰ ਤੇ ਅਮੀਰ ਲੋਕ ਆਪਣੀ ਰਖੇਲ ਨੂੰ ਅਮੀਰ ਗਵਾਂਢ ਦੇ ਨੇੜੇ ਵੱਡੇ ਘਰਾਂ ਵਿਚ ਰੱਖਦੇ ਨੇ। ਮੈ ਉਹਨੂੰ ਪੁੱਛਿਆ ਕਿ ਉਹ ਸੇਠ ਰਹਿਮਾਨ ਨੂੰ ਮਿਲੀ ਕਿਵੇਂ।

'ਉਹ ਵੀ ਇਕ ਗਾਹਕ ਸੀ', ਉਹਨੇ ਜਵਾਬ ਦਿੱਤਾ, 'ਮੈਂ ਆਪਣੇ ਆਫਿਸ ਵਿਚ ਕੰਮ

ਕਰਨਾ ਬੰਦ ਨਹੀਂ ਕੀਤਾ ਸੀ। ਮੈਨੂੰ ਪੱਕਾ ਨਹੀਂ ਸੀ ਕਿ ਮੇਰਾ ਨਵਾਂ ਕੰਮ ਚੱਲ ਹੀ ਨਿੱਕਲੇਗਾ, ਇਸ ਲਈ ਮੇਰੀ ਮਾਂ ਨੇ ਕਿਹਾ ਕਿ ਮੈਂ ਆਪਣਾ ਧੰਦਾ ਨਾ ਛੱਡਾਂ। ਜੇ ਤੁਸੀਂ ਟੈਲੀਵਿਜ਼ਨ ਜਾਂ ਫਿਲਮਾਂ ਵਿਚ ਕੰਮ ਕਰਦੇ ਹੋਵੋ ਤਾਂ ਤੁਹਾਨੂੰ ਗਾਹਕ ਸਗੋਂ ਬੇਹਤਰ ਮਿਲਦੇ ਨੇ।' ਉਹ ਹੱਸੀ।

ਉਹਦੀ ਖੁਲ੍ਹਦਿਲੀ ਬੜੀ ਚੰਗੀ ਲੱਗੀ ਇਸ ਲਈ ਮੈਂ ਅੱਗੇ ਬੋਲੀ, 'ਅੱਛਾ! ਤੂੰ ਫੇਰ ਇਹ ਫੈਸਲਾ ਕਿਵੇਂ ਕੀਤਾ ਕਿ ਵਿਆਹ ਕਰਵਾ ਕੇ ਮੁਹੱਲੇ ਤੋਂ ਬਾਹਰ ਰਹਿਣ ਲੱਗ ਪਏਂ?'

ਇਹ ਫੈਸਲਾ ਮੇਰੀ ਮਾਂ ਦਾ ਸੀ। ਡਾਇਰੈਕਟਰਾਂ ਤੇ ਪਰੋਡਿਊਸਰਾਂ ਦੇ ਪਿੱਛੇ ਭੱਜਣਾ ਵੀ ਔਖਾ ਕੰਮ ਏ। ਉਹ ਵੀ ਬੜੇ ਮਸ਼ਰੂਫ ਰਹਿੰਦੇ ਨੇ ਤੇ ਤੁਹਾਡੇ ਲਈ ਹਮੇਸ਼ਾ ਉਨ੍ਹਾਂ ਕੋਲ ਕੰਮ ਵੀ ਨਹੀਂ ਹੁੰਦਾ। ਸੇਠ ਰਹਿਮਾਨ ਕਈ ਵਾਰੀ ਮੇਰੀਆਂ ਸ਼ੂਟਿੰਗਾਂ ਵੇਖਣ ਆਉਂਦਾ ਰਿਹਾ। ਫੇਰ ਉਹਨੇ ਮੇਰੀ ਮਾਂ ਨੂੰ ਕਿਹਾ ਕਿ ਉਹ ਮੇਰੇ ਲਈ ਕਿਰਾਏ ਤੇ ਵੱਖਰਾ ਮਕਾਨ ਲੈ ਦਏਗਾ ਅਤੇ ਖਰਚਾ ਵੀ ਦਏਗਾ। ਮੈਨੂੰ ਨਹੀਂ ਪਤਾ ਕਿ ਉਹਦਾ ਮੇਰੀ ਮਾਂ ਨਾਲ ਕੀ ਸੌਦਾ ਹੋਇਆ, ਪਰ ਮੈਂ ਇੱਥੇ ਆ ਗਈ।

ਮੁਹੱਲੇ ਦੀ ਹਰ ਔਰਤ ਫਿਲਮਾਂ ਵਿਚ ਜਾਣ ਦਾ ਸੁਪਨਾ ਲੈਂਦੀ ਏ', ਮੈਂ ਕਿਹਾ। 'ਕੀ ਉਹ ਤੈਥੋਂ ਸਬਕ ਲੈਂਦੀਆਂ ਨੇ ਜਾਂ ਇਸ ਬਾਰੇ ਤੇਰੇ ਨਾਲ ਗੱਲ ਕਰਦੀਆਂ ਨੇ?'

'ਮੈਨੂੰ ਪਤਾ ਏ ਮੇਰੇ ਵੱਡੇ ਖੁਸ਼ ਅਤੇ ਸੰਤੁਸ਼ਟ ਨੇ। ਮੇਰੀ ਮਾਂ ਦਾ ਕਹਿਣਾ ਏ ਕਿ ਮੇਰੇ ਫਿਲਮਾਂ ਵਿਚ ਕੀਤੇ ਕੰਮ ਨੇ ਪਰਿਵਾਰ ਦੀ ਮਦਦ ਕੀਤੀ ਏ। ਇਹ ਮੇਰੀਆਂ ਭੈਣਾਂ ਲਈ ਚੰਗਾ ਰਿਹਾ ਏ ਇਸ ਲਈ ਮੈਂ ਵੀ ਖੁਸ਼ ਹਾਂ। ਕੈਮਰੇ ਦੇ ਸਾਮ੍ਹਣੇ ਨੱਚਣਾ ਮੈਨੂੰ ਬੜਾ ਪਸੰਦ ਏ। ਇਹ ਆਪਣੇ 'ਆਫਿਸ' ਵਿਚ ਨੱਚਣ ਨਾਲੋਂ ਬਿਲਕੁਲ ਵਖਰਾ ਏ। ਮੈਨੂੰ ਬੜਾ ਚੰਗਾ ਲੱਗਦਾ ਏ ਜਦੋਂ ਲੋਕ ਮੈਨੂੰ ਪਛਾਣ ਕੇ ਮੇਰੇ ਕੰਮ ਦੀ ਦਾਦ ਦਿੰਦੇ ਨੇ। ਮੈਂ ਮੁਹੱਲੇ ਵਿਚ ਆਪਣੀਆਂ ਭੈਣਾਂ ਕੋਲ ਜਾਣਾ ਬੜਾ ਪਸੰਦ ਕਰਦੀ ਹਾਂ ਅਤੇ ਮੇਰੀ ਮਾਂ ਨੂੰ ਵੀ ਮੇਰੇ 'ਤੇ ਮਾਣ ਏ। ਸੇਠ ਰਹਿਮਾਨ ਦਾ ਕਹਿਣਾ ਏ ਕਿ ਜੇ ਫਿਲਮ ਬਣਾਉਣ ਵਿਚ ਉਸ ਦੇ ਦੋਸਤ ਵੀ ਸ਼ਾਮਲ ਹੋਏ ਤਾਂ ਉਹ ਵੀ ਮੈਨੂੰ ਇਕ ਫਿਲਮ ਵਿਚ ਕੰਮ ਦਿਵਾਏਗਾ। ਦੇਖਦੇ ਹਾਂ।'

'ਤੂੰ ਹੋਰ ਫਿਲਮਾਂ ਵਿਚ ਵੀ ਕੰਮ ਕਰੇਂਗੀ?' ਮੈਂ ਪੁੱਛਿਆ।

ਮੈਂ ਅਭਿਨੈ ਦਾ ਤਾਂ ਪੱਕਾ ਨਹੀਂ ਕਹਿ ਸਕਦੀ ਪਰ ਨੱਚਣਾ ਮੈਨੂੰ ਪਸੰਦ ਏ। ਨਾਈਟ ਕਲੱਬ ਦੀ ਨਾਚੀ ਦਾ ਆਪਣਾ ਰੋਲ ਮੈਨੂੰ ਬੜਾ ਚੰਗਾ ਲੱਗਾ ਪਰ ਮੈਨੂੰ ਡਾਇਰੈਕਟਰਾਂ ਦੇ ਦਫਤਰਾਂ ਵਿਚ ਜਾ ਕੇ ਨਿੱਕੇ-ਮੋਟੇ ਰੋਲ ਮੰਗਣਾ ਬਿਲਕੁਲ ਪਸੰਦ ਨਹੀਂ। ਹੁਣ ਸ਼ਾਇਦ ਇਹ ਸੌਖਾ ਹੋਏ ਪਰ ਮੈਨੂੰ ਇਹੀ ਚੰਗਾ ਲੱਗਦਾ ਏ। ਸੇਠ ਰਹਿਮਾਨ ਮੇਰੀ ਮਾਂ ਕੋਲ ਗਿਆ ਤੇ ਮੇਰੇ ਇਸ ਤਰ੍ਹਾਂ ਦੇ ਇੰਤਜ਼ਾਮ ਦੀ ਪੇਸ਼ਕਸ਼ ਕੀਤੀ ਤੇ ਉਹ ਮੰਨ ਗਈ। ਉਹ ਦਾ ਵਤੀਰਾ ਮੇਰੇ ਨਾਲ ਬੜਾ ਚੰਗਾ ਏ। ਪਿਛਲੇ ਦਿਨੀਂ ਉਹਨੇ ਮੇਰੀ ਮਾਂ ਨੂੰ ਇਕ ਹੀਰੇ ਦੀ ਅੰਗੂਠੀ ਖਰੀਦ ਕੇ ਦਿੱਤੀ ਏ, ਉਹ ਮੈਨੂੰ ਵੀ ਚੀਜ਼ਾਂ ਖਰੀਦ ਕੇ ਦਿੰਦਾ ਏ। ਮੇਰੀ ਮਾਂ ਮੇਰੀ ਸੁਰੱਖਿਆ ਚਾਹੁੰਦੀ ਏ। ਉਹਨੂੰ ਮੇਰੇ ਭਵਿੱਖ ਦੀ ਚਿੰਤਾ ਏ।'

'ਤੂੰ ਉਹਦੇ ਨਾਲ ਕਿੰਨਾਂ ਚਿਰ ਰਹੇਂਗੀ?' ਮੈਂ ਪੁੱਛਿਆ।

'ਆਪਣੇ ਭਵਿੱਖ ਬਾਰੇ ਤਾਂ ਕੋਈ ਵੀ ਕੁਝ ਨਹੀਂ ਕਹਿ ਸਕਦਾ। ਮੈਂ ਤਾਂ ਸੋਚਦੀ ਹਾਂ ਜਦੋਂ ਤੱਕ ਜ਼ਿੰਦਾ ਹਾਂ ਇੱਥੇ ਹੀ ਰਹਾਂਗੀ, ਪਰ ਕੌਣ ਜਾਣਦਾ ਏ? ਇਨ੍ਹਾਂ ਦਿਨਾਂ ਵਿਚ ਤਾਂ ਇਹ ਵੀ ਪਤਾ

ਨਹੀਂ ਲੱਗਦਾ ਕਿ ਸਹੀ ਵਿਆਹ ਹੀ ਕਿੰਨੇ ਦਿਨ ਚੱਲੇਗਾ। ਫੇਰ ਮੈਂ ਕੀ ਕਹਿ ਸਕਦੀ ਹਾਂ ਕਿ ਇਹ ਇੰਤਜ਼ਾਮ ਕਿੰਨੀ ਦੇਰ ਚੱਲਦਾ ਰਹੇਗਾ?'

ਗੱਲਬਾਤ ਸ਼ੁਰੂ ਹੋਣ ਤਾਂ ਪਹਿਲਾਂ ਮੇਰੀ ਆਂਟੀ ਨੇ ਮੁਹੱਲੇ ਬਾਰੇ ਕੀਤੇ ਜਾ ਰਹੇ ਮੇਰੇ ਕੰਮ ਬਾਰੇ ਦੱਸ ਦਿੱਤਾ ਸੀ, ਤੇ ਉਹ ਜਾਣਨ ਲਈ ਉਤਸੁਕ ਸੀ ਕਿ ਮੈਂ ਉੱਥੇ ਕਿਨ੍ਹਾਂ ਨੂੰ ਜਾਣਦੀ ਹਾਂ। ਜਦੋਂ ਉਹਨੇ ਪੁੱਛਿਆ ਤਾਂ ਮੈਂ ਕੈਸਰਾ ਬੇਗਮ ਦਾ ਨਾਂ ਲਿਆ।

ਉਹਨੇ ਪੁੱਛਿਆ, 'ਉਹੀ ਜਿਸਦੀ ਕੁੜੀ ਦਾ ਨਾਂ ਲੈਲਾ ਏ?'

'ਹਾਂ ਉਹੀ। ਉਹ ਮੇਨ ਬਾਜ਼ਾਰ ਵਿਚ ਰਹਿੰਦੇ ਨੇ।'

ਉਹਨੇ ਕਿਹਾ, 'ਕੈਸਰਾ ਤੇ ਸ਼ਮਸਾ ਦੋ ਭੈਣਾਂ ਸਨ।

ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੀ ਪਰ ਮੇਰੀ ਮਾਂ ਉਨ੍ਹਾਂ ਤੋਂ ਚੰਗੀ ਤਰ੍ਹਾਂ ਜਾਣੂ ਏ। ਉਹ ਇਨ੍ਹੀਂ ਦਿਨੀਂ ਲੈਲਾ ਲਈ ਵੀ ਕੋਈ ਮੰਗ ਦੇਖ ਰਹੇ ਨੇ। ਉਹਦੀ ਮਾਂ ਨੂੰ ਉਹਦੀ ਬੜੀ ਚਿੰਤਾ ਏ।'

'ਮਾਵਾਂ ਨੂੰ ਤਾਂ ਹਮੇਸ਼ਾ ਹੀ ਚਿੰਤਾ ਰਹਿੰਦੀ ਏ, ਹੈ ਕਿ ਨਹੀਂ?', ਮੈਂ ਠੰਢਾ ਸਾਹ ਭਰਦਿਆਂ ਕਿਹਾ।

'ਹਾਂ! ਇਹ ਬੜਾ ਅਰਥ ਰੱਖਦਾ ਹੈ ਕਿ ਉਹਨੂੰ ਕੌਣ ਮਿਲਦਾ ਏ। ਇਸ ਨਾਲ ਹੀ ਉਸ ਦਾ ਰੁਤਬਾ ਤੇ ਉਹਦੀਆਂ ਭਤੀਜੀਆਂ ਦੇ ਭਵਿੱਖ ਦਾ ਫੈਸਲਾ ਹੁੰਦਾ ਏ।'

ਮੈਂ ਅੱਗੇ ਪੁੱਛਿਆ, 'ਜੇ ਗਾਹਕ ਲੰਮੇ ਸਮੇਂ ਦਾ ਸਬੰਧ ਨਾ ਚਾਹੁੰਦਾ ਹੋਏ, ਤਾਂ ਫੇਰ ਕੀ ਫਰਕ ਪੈਂਦਾ ਏ ਕਿ ਉਹ ਵੱਡਾ ਆਦਮੀ ਏ ਜਾਂ ਨਹੀਂ? ਲੈਲਾ ਤਾਂ ਫੇਰ ਵੀ ਅਪਣਾ ਧੰਦਾ ਚਲਾ ਸਕਦੀ ਏ।'

ਉਹ ਮੁਸਕਰਾਈ ਤੇ ਬੋਲੀ, 'ਬਿਰਾਦਰੀ ਵਿਚ ਰੁਤਬੇ ਦੀ ਗੱਲ ਵੀ ਮਹੱਤਵ ਰੱਖਦੀ ਏ। ਜੋ ਕੋਈ ਵੀ ਉੱਥੇ ਰਹਿੰਦਾ ਏ ਉਹ ਧੰਦੇ ਵਿਚ ਏ; ਉਨ੍ਹਾਂ ਨੇ ਆਪਣੀ ਮਾਰਕੀਟ ਬਣਾ ਕੇ ਰੱਖਣੀ ਹੁੰਦੀ ਏ। ਦੱਲੇ, ਉਸਤਾਦ, ਪ੍ਰੋਗਰਾਮ ਕਰਾਉਣ ਵਾਲੇ ਪ੍ਰਬੰਧਕ, ਸਾਰੇ ਦਰਸ਼ਕ ਨੇ। ਜੇ ਤੁਹਾਡੀ ਨੱਥ ਲਈ ਕੋਈ ਅਮੀਰ ਗਾਹਕ ਹੈਗਾ ਏ ਤਾਂ ਤੁਹਾਡੀ ਬਾਜ਼ਾਰੀ ਕੀਮਤ ਉਤਾਂਹ ਚੜ੍ਹ ਜਾਂਦੀ ਏ ਅਤੇ ਇਸੇ ਤਰ੍ਹਾਂ ਤੁਹਾਡੀ ਭੈਣ ਦੀ ਵੀ। ਸਾਰੇ ਪਰਿਵਾਰ ਦਾ ਫਾਇਦਾ ਹੁੰਦਾ ਏ। ਤੂੰ ਠੀਕ ਕਹਿੰਦੀ ਏਂ ਪਰ ਇਹ ਸਿਰਫ ਇਕ ਗਾਹਕ ਦੀ ਗੱਲ ਨਹੀਂ। ਜਦੋਂ ਵੀ ਕਿਸੇ ਨਾਚੀ ਨੂੰ ਅਮੀਰ ਗਾਹਕ ਮਿਲ ਜਾਂਦਾ ਏ ਉਹ ਉਸਦੀਆਂ ਫੜ੍ਹਾਂ ਮਾਰਦੀ ਏ ਅਤੇ ਉਸ ਦਾ ਰੁਤਬਾ ਵਧਦਾ ਏ। ਹੁਣ ਨਜ਼ਮਾ ਅਤੇ ਉਹਦੀ ਭੈਣ ਦੀ ਹੀ ਗੱਲ ਲੈ ਲਉ। ਉਹ ਮੋਟਾ ਜਿਹਾ ਸਿਆਸਤਦਾਨ- ਕੀ ਨਾਂ ਏ ਉਹਦਾ - ਅਕਸਰ ਉਹਦੇ ਕੋਠੇ ਤੇ ਆਉਂਦਾ ਏ ਕਿ ਪੁਲਿਸ ਵੀ ਉਹਦੇ ਨਾਲ ਠੀਕ ਰਹਿੰਦੀ ਏ। ਜਦੋਂ ਵੀ ਉਨ੍ਹਾਂ ਦੇ ਕਿਸੇ ਸਾਥੀ ਤੇ ਮੁਸੀਬਤ ਪੈਂਦੀ ਏ ਤਾਂ ਉਹ ਨਜ਼ਮਾਂ ਨੂੰ ਕਹਿੰਦੇ ਨੇ ਕਿ ਅਧਿਕਾਰੀਆਂ ਨੂੰ ਕਹਿ ਕੇ ਜ਼ਰਾ ਕੰਮ ਕਰਵਾ ਦਏ। ਨਜ਼ਮਾਂ ਦੀ ਮਾਂ ਨੂੰ ਕਦੀ ਕਿਸੇ ਹੋਰ ਨੂੰ ਕੰਮ ਲਈ ਕਹਿਣ ਦੀ ਲੋੜ ਹੀ ਨਹੀਂ ਪੈਂਦੀ। ਇਹੀ ਸਭ ਫਰਕ ਏ। ਮੈਨੂੰ ਦੇਖ ਜ਼ਰਾ। ਖ਼ੁਦਾ ਨੇ ਮੈਨੂੰ ਚੰਗਾ ਭਵਿੱਖ ਬਖਸ਼ਿਆ ਏ। ਮੇਰੀ ਭੈਣ ਨੂੰ ਨੱਥ ਦੀ ਪੇਸ਼ਕਸ਼ ਮੁਲਤਾਨ ਦੇ ਇਕ ਜਿਮੀਂਦਾਰ ਤੋਂ ਆਈ ਏ, ਇਹ ਚੰਗੀ ਕਿਸਮਤ ਦੀ ਨਿਸ਼ਾਨੀ ਏ।' ਮੇਰੀ ਆਂਟੀ ਨੇ ਸੇਠ ਦੇ ਪਰਿਵਾਰ ਬਾਰੇ ਪੁੱਛਿਆ।

ਉਹਨੇ ਸਰਸਰੀ ਜਿਹਾ ਜਵਾਬ ਦਿੱਤਾ, 'ਉਹਦੀ ਇਕ ਬੀਵੀ ਤੇ ਚਾਰ ਜਵਾਨ ਮੁੰਡੇ ਨੇ, ਦੋ

ਵਿਆਹੇ ਗਏ ਨੇ। ਸੇਠ ਸਾਹਿਬ ਕੋਲ ਚੰਗੀ ਜ਼ਮੀਨ ਏ ਅਤੇ ਪੈਸਾ ਉੱਥੋਂ ਹੀ ਆਉਂਦਾ ਏ। ਉਹਦੇ ਪਰਿਵਾਰ ਨੂੰ ਕੋਈ ਇਤਰਾਜ਼ ਨਹੀਂ। ਤੂੰ ਇਨ੍ਹਾਂ ਲੋਕਾਂ ਨੂੰ ਜਾਣਦੀ ਹੀ ਏਂ, ਉਹ ਜੋ ਮਰਜ਼ੀ ਚਾਹੁਣ ਕਰ ਸਕਦੇ ਨੇ। ਉਹ ਜੇ ਮੈਨੂੰ ਚਾਹੁੰਦਾ ਏ ਤਾਂ ਉਹਦਾ ਪਰਿਵਾਰ ਇਤਰਾਜ਼ ਨਹੀਂ ਕਰ ਸਕਦਾ। ਇਹ ਉਨ੍ਹਾਂ ਦੇ ਦਸਤੂਰ ਦਾ ਹੀ ਹਿੱਸਾ ਏ।'

ਉਸ ਰਾਤ ਮੈਨੂੰ ਚੰਗੀ ਤਰ੍ਹਾਂ ਨੀਂਦ ਨਾ ਆਈ ਤੇ ਮੈਂ ਔਰਤਾਂ ਲਈ ਵਿਆਹ ਦੇ ਮਹੱਤਵ ਅਤੇ ਉਨ੍ਹਾਂ ਦੇ ਜੀਵਨ ਅਤੇ ਸਮਾਜਕ ਰੁਤਬੇ ਲਈ ਮਰਦਾਂ ਦੀ ਅਹਿਮੀਅਤ ਬਾਰੇ ਹੀ ਸੋਚਦੀ ਰਹੀ। ਮੈਨੂੰ ਮਾਵਾਂ ਦੀ ਉਸ ਸਿਰ-ਤੋੜ ਕਾਹਲੀ ਤੇ ਹੈਰਾਨੀ ਹੋਈ ਜਿਸ ਨਾਲ ਉਹ ਆਪਣੀਆਂ ਧੀਆਂ ਲਈ 'ਢੁਕਵੇਂ' ਵਿਆਹ ਨੂੰ ਯਕੀਨੀ ਬਣਾਉਣ ਲਈ ਲੱਗੀਆਂ ਰਹਿੰਦੀਆਂ ਨੇ।

ਮੈਂ ਖਾਨੁਮ ਬਾਰੇ ਸੋਚਦੀ ਰਹੀ। ਉਹਦੀ ਮਾਂ ਨੂੰ ਵੀ ਉਹਦੇ ਭਵਿੱਖ ਦੀ ਚਿੰਤਾ ਸੀ ਅਤੇ ਅਪਣੀ ਧੀ ਦੇ ਸੁਰੱਖਿਅਤ ਭਵਿੱਖ ਲਈ ਉਹਨੇ ਵੀ ਆਪਣੇ ਸਮਾਜ ਦੇ ਦਸਤੂਰ ਪੂਰੀ ਤਰ੍ਹਾਂ ਨਿਭਾਏ। ਕੈਸਰਾ ਨੂੰ ਵੀ ਲੈਲਾ ਦੀ ਚਿੰਤਾ ਏ, ਜਿਵੇਂ ਕਿ ਮੇਰੀ ਆਂਟੀ ਨੂੰ ਫੈਜ਼ਾ ਦੀ।

# ਤਿੰਨ ਨਾਚੀਆਂ

ਸਵੇਰ ਦੇ ਸਾਢੇ ਕੁ ਅੱਠ ਵਜੇ ਸਨ: ਮੈਂ ਪਹਿਲਾਂ ਇੰਨੇ ਸੁਵਖਤੇ ਮੁਹੱਲੇ ਵਿਚ ਨਹੀਂ ਗਈ ਸੀ। ਪਰ ਮੈਂ ਨਾਸ਼ਤੇ ਦੀਆਂ ਮਸ਼ਹੂਰ ਦੁਕਾਨਾਂ ਦਾ ਅਨੰਦ ਲੈਣ ਲਈ ਜ਼ਰਾ ਛੇਤੀ ਪੁੱਜ ਗਈ ਸਾਂ। ਲੋਕ ਦੂਰੋਂ-ਦੂਰੋਂ ਇੱਥੇ ਖਰੌੜੇ ਖਰੀਦਣ ਆਉਂਦੇ ਨੇ। ਉੱਥੇ ਖਾਣ ਦੀ ਬਜਾਏ ਉਹਦੇ ਵਿਚੋਂ ਬਹੁਤੇ ਇਹ ਸਮਾਨ ਆਪਣੇ ਦੋਸਤਾਂ ਅਤੇ ਪਰਿਵਾਰਾਂ ਲਈ ਘਰ ਲੈ ਜਾਂਦੇ ਨੇ। ਮੈਂ ਖਰੌੜਿਆਂ ਦੀ ਤਰੀ ਲਈ ਲਾਹੌਰ ਦੇ ਮਸ਼ਹੂਰ ਢਾਬੇ 'ਫਾਜਾ' ਦੇ ਨੇੜੇ ਮੇਨ ਬਾਜ਼ਾਰ ਦੀ ਸੜਕ ਤੇ ਤੁਰੀ ਜਾ ਰਹੀ ਸਾਂ ਜਦੋਂ ਇਕ ਛੋਟਾ ਸੁਜ਼ੂਕੀ ਪਿਕ-ਅਪ ਟਰੱਕ ਮੇਰੇ ਪਿੱਛੇ ਰੁਕਿਆ। ਮੈਂ ਮੁੜਕੇ ਦੇਖਿਆ ਤਾਂ ਟਰੱਕ ਵਿਚ ਲੈਲਾ ਖੜ੍ਹੀ ਸੀ। ਉਹਨੇ ਉੱਚੀ ਸਾਰੀ ਪੁੱਛਿਆ, 'ਤੂੰ ਇਥੇ ਕੀ ਕਰ ਰਹੀ ਏਂ?' ਉਹ ਮੈਨੂੰ ਦੇਖ ਕੇ ਖੁਸ਼ ਹੋਈ ਲੱਗਦੀ ਸੀ।

ਪਮੀ ਅਤੇ ਚੰਦਾ ਨਾਲ ਲੈਲਾ ਪੱਤੋਕੀ ਵਿਖੇ ਸ਼ੋਅ ਕਰਕੇ ਬੱਸ ਆ ਹੀ ਰਹੀ ਸੀ। ਉਹ ਇਕ ਵਿਆਹ ਤੇ ਵਰਾਇਟੀ ਸ਼ੋਅ ਕਰਨ ਲਈ ਬੈਂਡ ਨਾਲ ਗਈਆਂ ਸਨ। ਇਹ ਇਕ ਮੱਧ ਦਰਜੇ ਦੇ ਜ਼ਿਮੀਂਦਾਰ ਦਾ ਵਲਿਮਾ ਸੀ ਜੋ ਸੂਬੇ ਦੀ ਸਿਆਸਤ ਵਿਚ ਸਰਗਰਮ ਸੀ। ਉਸ ਨੇ ਕੋਈ ਚੋਣ ਤਾਂ ਕਦੀ ਨਹੀਂ ਲੜੀ ਸੀ ਪਰ ਉਹ ਕਈ ਪ੍ਰਚਾਰ ਕਮੇਟੀਆਂ ਵਿਚ ਬੜਾ ਕੰਮ ਕਰਦਾ ਰਿਹਾ ਸੀ।

ਮੈਂ ਹੈਰਾਨੀ ਨਾਲ ਕਿਹਾ, 'ਮੈਂ ਤਾਂ ਸਮਝਦੀ ਸੀ ਕਿ ਤੂੰ ਪੱਤੋਕੀ ਵਿਚ ਹੀ ਏਂ।' ਲੈਲਾ ਨੇ ਮੈਨੂੰ ਘਰ ਆਉਣ ਦਾ ਇਸ਼ਾਰਾ ਕੀਤਾ ਇਸ ਲਈ ਮੈਂ ਨਾਸ਼ਤੇ ਦੀ ਭੁੱਖ ਲਾਉਂਦੀ ਮਹਿਕ ਨੂੰ ਪਿੱਛੇ ਹੀ ਛੱਡ ਕੇ ਤੁਰ ਪਈ। ਜਦੋਂ ਨੂੰ ਮੈਂ ਉਹਦੇ ਘਰ ਪੁੱਜੀ ਬੰਦੇ ਜਾ ਚੁੱਕੇ ਸਨ ਅਤੇ ਤਿੰਨੇ ਕੁੜੀਆਂ ਥੱਕੀਆਂ ਜਿਹੀਆਂ ਲੰਮੀਆਂ ਪਈਆਂ ਸਨ, ਦੋ ਫਰਸ਼ ਤੇ ਅਤੇ ਇਕ ਸੋਫੇ ਤੇ।

ਇਹ ਸ਼ੋਅ ਚੰਦਾ ਦੇ ਇਕ ਉਸਤਾਦ ਨੇ ਸੱਤ ਹੋਰ ਸਾਜ਼ਿੰਦਿਆਂ, ਤਿੰਨ ਨਾਚੀਆਂ ਤੇ ਇਕ ਮਸਖ਼ਰੇ ਨਾਲ ਕੀਤਾ ਸੀ ਜੋ ਜਸ਼ਨ ਦਾ ਉਸਤਾਦ ਵੀ ਸੀ। ਉਹ ਉਸਤਾਦ ਦੀ ਨਿੱਕੀ ਜਿਹੀ ਸੁਜ਼ੂਕੀ ਵਿਚ ਹੀ ਗਏ ਸਨ ਅਤੇ ਕੁੜੀਆਂ ਬੁੜਬੁੜ ਕਰ ਰਹੀਆਂ ਸਨ ਕਿ ਇਸ ਵਿਚ ਇੰਨਾ ਭੀੜ-ਭੜੱਕਾ ਸੀ। ਜਦੋਂ ਮੈਂ ਕਮਰੇ ਵਿਚ ਵੜੀ ਤਾਂ ਮੈਂ ਬੋਲੀ, 'ਆਹਾ! ਇਕ ਚੰਗੀ ਪੇਸ਼ਕਾਰੀ ਤੋਂ ਬਾਦ ਤੁਸੀਂ ਤਾਂ ਵਾਕਈ ਥੱਕੀਆਂ ਲੱਗਦੀਆਂ ਹੋ।'

ਸੋਫੇ ਤੇ ਪਈ ਲੈਲਾ ਨੇ ਅਪਣਾ ਹੱਥ ਚੁੱਕਿਆ ਤੇ ਬੋਲੀ, 'ਪੇਸ਼ਕਾਰੀ ਕੋਈ ਐਨੀ ਵਧੀਆ ਵੀ ਨਹੀਂ ਸੀ। ਪਰ ਹਾਂ, ਹਾਂ ਅਸੀਂ ਥੱਕ ਜ਼ਰੂਰ ਗਈਆਂ ਹਾਂ।'

ਚੰਦਾ ਅਤੇ ਪਮੀ, ਗਵਾਂਢ ਦੀਆਂ ਦੂਜੀਆਂ ਨਾਚੀਆਂ, ਆਪਣੇ ਬੈਗ ਪਾਸੇ ਸੁੱਟ ਕੇ ਫਰਸ਼ ਤੇ ਹੀ ਲਿਟੀਆਂ ਪਈਆਂ ਸਨ। ਮੈਂ ਆਰਾਮ ਕੁਰਸੀ ਤੇ ਬੈਠ ਗਈ ਤੇ ਬੋਲੀ, 'ਫੇਰ! ਕਿਵੇਂ ਰਿਹਾ ਇਹ?'

ਤਿੰਨੋਂ ਹੀ ਇਕੱਠੀਆਂ ਸ਼ੁਰੂ ਹੋ ਗਈਆਂ। ਲੈਲਾ ਕਹਿਣ ਲੱਗੀ, 'ਸ਼ੋਹਦੇ, ਇਹ ਤਾਂ ਸ਼ੋਹਦਿਆਂ ਦਾ ਇਕੱਠ ਸੀ। ਚੰਦਾ ਚਿਲਾਈ, 'ਤੂੰ ਇਸ ਤਰ੍ਹਾਂ ਦੀ ਪੇਸ਼ਕਾਰੀ ਵਿਚੋਂ ਕੀ ਲੱਭਦੀ

ਏਂ, ਉਹ ਜਿੰਨੇ ਵੱਧ ਸ਼ੋਹਦੇ ਹੁੰਦੇ ਉਨਾ ਹੀ ਸਾਡੇ ਲਈ ਚੰਗਾ ਸੀ। ਪਮੀ ਪੈਰ ਸੁੰਗੇੜਦੇ ਹੋਏ ਬੋਲੀ, 'ਮੇਰੇ ਪੈਰਾਂ ਵਿਚ ਤਾਂ ਛਾਲੇ ਹੋ ਗਏ।'

ਲੈਲਾ ਨੇ ਗੱਲ ਸਾਫ ਕੀਤੀ, 'ਇਸ ਕੰਮ ਚੋਰ ਦੇ ਛਾਲੇ ਪੈ ਗਏ ਨੇ, ਬਹੁਤ ਨੱਚਣ ਕਰਕੇ ਨਹੀਂ ਬਲਕਿ ਇਸਦੀਆਂ ਜੁੱਤੀਆਂ ਦੀਆਂ ਅੱਡੀਆਂ ਕਰਕੇ।'

ਪਮੀ ਖਿਝ ਕੇ ਉੱਠੀ ਤੇ ਬੋਲੀ, 'ਥੋਨੂੰ ਪਤਾ ਏ ਕੁਛ। ਮੈਂ ਅੱਠ ਘੰਟੇ ਨੱਚਦੀ ਰਹੀ ਹਾਂ।' ਚੰਦਾ ਅਤੇ ਲੈਲਾ ਦੋਵੇਂ ਹੱਸ ਪਈਆਂ ਤੇ ਬੋਲੀਆਂ, 'ਲੈ ਦੇਖ ਲੈ ਫੌਜ਼ੀਆ। ਪੂਰਾ ਸ਼ੋਅ ਤਾਂ ਛੇ ਘੰਟੇ ਚੱਲਿਆ ਏ ਤੇ ਇਹ ਅੱਠ ਘੰਟੇ ਨੱਚਦੀ ਰਹੀ ਏ। ਲੈਲਾ ਪਮੀ ਵੱਲ ਵੇਖ ਕੇ ਬੋਲੀ, 'ਤੂੰ ਦੋ ਘੰਟੇ ਵੱਧ ਕਿਸ ਨਾਲ ਨੱਚਦੀ ਰਹੀ ਸਾਨੂੰ ਨਹੀਂ ਪਤਾ।'

ਚੰਦਾ ਨੇ ਅੱਗੇ ਗੱਲ ਤੋਰੀ, 'ਹਾਂ ਦੱਸ ਤਾਂ ਸਹੀ। ਤੂੰ ਕਿੱਥੇ ਨੱਚਦੀ ਰਹੀ ਤੇ ਨਾਲ ਕੌਣ ਸੀ? ਅਸੀਂ ਜਾਣਨ ਲਈ ਮਰੀਆਂ ਜਾ ਰਹੀਆਂ ਹਾਂ।'

ਪਮੀ ਹੋਰ ਖਿਝ ਗਈ ਤੇ ਬੋਲੀ, ' ਤੂੰ ਹੀ ਤਾਂ ਸੀ ਜਿਹੜੀ ਉਸ ਮੁੱਛਲ ਨਾਲ ਪਿਛਲੇ ਕਮਰੇ ਵਿਚ ਗਈ ਸੀ। ਮੈਂ ਤੇ ਲੈਲਾ ਨੇ ਹੀ ਸਟੇਜ ਸਾਂਭੀ ਰੱਖੀ। ਮੈਂ ਤਾਂ ਨਹੀਂ ਖਿਸਕੀ ਕਿਤੇ।'

ਲੈਲਾ ਉਹ ਦੀ ਨਕਲ ਲਾਹੁਣ ਲੱਗੀ, ਹਾਂ! ਤਾਂ ਹੀ ਤਾਂ ਇਹਨੂੰ ਤਿੰਨ ਪਰਚੀਆਂ ਆਈਆਂ ਸੀ। ਵਾਹ! ਇਹ ਨੂੰ ਪਿਆਰ ਦੇ ਤਿੰਨ ਰੁੱਕੇ ਆਏ ਤੇ ਸਾਨੂੰ ਇਕ ਵੀ ਨਹੀਂ।'

ਪਮੀ ਅਜੇ ਵੀ ਗੁੱਸੇ ਨਾਲ ਉੱਬਲ ਰਹੀ ਸੀ ਤੇ ਬੋਲੀ, 'ਮੈਂ ਗਾਹਕ ਲੱਭਣ ਲਈ ਲੋਕਾਂ ਦੀਆਂ ਝੋਲੀਆਂ ਵਿਚ ਨਹੀਂ ਡਿੱਗਦੀ ਫਿਰਦੀ।'

ਚੰਦਾ ਨੇ ਚਿੜ੍ਹਾਇਆ, 'ਉਹ ਹੋ! ਬੜੀ ਸ਼ਰੀਫਜ਼ਾਦੀ ਏਂ, ਫੇਰ ਤੂੰ ਇਹ ਧੰਦਾ ਛੱਡ ਕੇ ਨਿਕਾਹ ਹੀ ਕਿਉਂ ਨਹੀਂ ਕਰਵਾ ਲੈਂਦੀ?'

ਪਮੀ ਖਿਝੀ ਰਹੀ ਤੇ ਫੇਰ ਬੋਲੀ, 'ਤੁਸੀਂ ਜੋ ਮਰਜ਼ੀ ਕਹਿੰਦੀਆਂ ਫਿਰੋ। ਪਰ ਭੀੜ ਬੜੀ ਬੇਕਾਰ ਸੀ।'

ਲੈਲਾ ਐਨੀ ਜ਼ੋਰ ਦੀ ਹੱਸੀ ਕਿ ਉਹ ਸੋਫੇ ਤੋਂ ਹੀ ਡਿੱਗ ਪਈ। ਮੈਂ ਪੁੱਛਿਆ, 'ਲੈਲਾ! ਇਹ ਕੀ ਹੈ?'

ਉਹਨੇ ਜ਼ਰਾ ਸਾਹ ਠੀਕ ਕੀਤਾ ਤੇ ਬੋਲੀ, 'ਫੌਜ਼ੀਆ, ਅਸੀਂ ਨੱਚ ਰਹੀਆਂ ਸੀ ਤੇ ਇਕ ਸ਼ੋਹਦਾ ਸੀ ਜੋ ਸਾਡੇ ਦੁਆਲੇ ਬਹੁਤ ਛਾਲਾਂ ਮਾਰਦਾ ਫਿਰ ਰਿਹਾ ਸੀ। ਉਹ ਦੀ ਜੇਬ ਵਿਚ ਤਾਂ ਧੇਲੀ ਨਹੀਂ ਸੀ ਪਰ ਉਹ ਚਾਹੁੰਦਾ ਸੀ ਅਸੀਂ ਉਹਨੂੰ ਚਿੰਬੜ ਜਾਈਏ।'

ਚੰਦਾ ਨੇ ਵੀ ਗੱਲ ਪੱਕੀ ਕੀਤੀ, 'ਹਾਂ, ਉਹ ਕਾਲੀ ਕਮੀਜ਼ ਵਾਲਾ। ਕੀ ਹਰਾਮੀ ਬੰਦਾ ਸੀ। ਉਹ ਜੇਬ ਵਿਚੋਂ ਤਾਂ ਦਸ ਦੇ ਨੋਟ ਤੋਂ ਵੱਧ ਕੱਢਦਾ ਨਹੀਂ ਸੀ ਤੇ ਸਾਨੂੰ ਨਾਲ ਚੰਬੇੜਨ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ।'

ਲੈਲਾ ਫਿਰ ਹੱਸਣਾ ਸ਼ੁਰੂ ਹੋ ਗਈ। ਉਹਨੇ ਪਮੀ ਨੂੰ ਐਨੀ ਦੱਬ ਕੇ ਚੂੰਢੀ ਵੱਡੀ ਕਿ ਅਜੇ ਵੀ ਦਾਗ ਪਿਆ ਹੋਇਆ ਏ।'

ਚੰਦਾ ਵੀ ਉੱਠ ਕੇ ਬੋਲੀ, 'ਸੱਚੀਂ! ਇਹੀ ਗੱਲ ਹੈ ਕਿ ਪਮੀ ਐਨੀ ਗੁੱਸੇ ਵਿਚ ਏ। ਕੋਈ ਗੱਲ ਨੀਂ ਉਹਨੇ ਤਾਂ ਦਾਦ ਦਿੱਤੀ ਏ। ਤੈਨੂੰ ਨਹੀਂ ਪਤਾ ਸਾਡਾ ਧੰਦਾ ਕੀ ਏ?'

ਚੰਦਾ ਫੇਰ ਫਰਸ਼ ਤੇ ਲਿਟ ਗਈ, ਲੈਲਾ ਨੇ ਕਹਿਣਾ ਜਾਰੀ ਰੱਖਿਆ, ਤੂੰ ਤਾਂ ਉਸ ਮੁੱਛਲ

ਨਾਲ ਪਿਛਲੇ ਕਮਰੇ ਵਿਚ ਸੀ, ਸਟੇਜ ਤੇ ਤਾਂ ਮੈਂ ਤੇ ਪਮੀ ਹੀ ਸਾਂ। ਉਹ ਜ਼ਰਾ ਸਟੇਜ ਦੇ ਖੂੰਜੇ ਵੱਲ ਹੋਈ ਕਿ ਉਸ ਬੰਦੇ ਨੇ ਇਸ ਨੂੰ ਖਿੱਚ ਕੇ ਅਪਣੀ ਗੋਦੀ ਵਿਚ ਸੁੱਟ ਲਿਆ। ਜਦੋਂ ਉਹ ਮੁੜ ਕੇ ਮੇਰੇ ਕੋਲ ਆਈ ਤਾਂ ਉਹਨੇ ਆਪਣੀ ਝਰੀਟੀ ਬਾਂਹ ਮੈਨੂੰ ਦਿਖਾਈ। ਉਹ ਤਾਂ ਰੋਣਹਾਕੀ ਹੋਈ ਪਈ ਸੀ, 'ਪਮੀ ਵਿਚੇ-ਵਿਚ ਰਿੱਝਦੀ ਰਹੀ ਪਰ ਬੋਲੀ ਕੁਝ ਨਾ।

ਚੰਦਾ ਨੇ ਕਿਹਾ, 'ਸਾਡੇ ਮੀਜ਼ਬਾਨ ਨਾ ਰਿਸ਼ਤੇਦਾਰ ਤਾਂ ਬੜਾ ਸ਼ਾਂਤ ਜਿਹਾ ਸੀ।

ਲੈਲਾ ਘੁੰਮ ਕੇ ਅਪਣੇ ਢਿੱਡ ਪਰਨੇ ਹੋ ਗਈ ਅਤੇ ਬੋਲੀ, 'ਓਹ! ਉਹ ਤਾਂ ਬੜਾ ਚੰਗਾ ਸੀ ਪਰ ਉਹ ਮੇਰੇ ਵੱਲ ਤਾਂ ਝਾਕਿਆ ਹੀ ਨਹੀਂ। ਉਹ ਤਾਂ ਚੰਦਾ ਤੇਰੇ ਤੇ ਡੁਲ੍ਹਿਆ ਫਿਰਦਾ ਸੀ। ਫੇਰ ਤੂੰ ਕਦ ਮਿਲਣ ਜਾ ਰਹੀ ਏਂ ਉਹਨੂੰ?'

'ਇਸੇ ਸ਼ਾਮ। ਉਹ ਲਾਹੌਰ ਆ ਰਿਹਾ ਏ। ਤੂੰ ਵੀ ਆ ਇਹੋ ਜਿਹੇ ਕੰਮ ਛੇਤੀ ਹੀ ਸਿੱਖ ਜਾਏਂਗੀ। ਮੈਂ ਇੱਥੇ ਤੇਰੇ ਤੇ ਪਮੀ ਨਾਲੋਂ ਬਹੁਤੀ ਦੇਰ ਤੋਂ ਹਾਂ। ਥੋਨੂੰ ਇਨ੍ਹਾਂ ਲੋਕਾਂ ਨੂੰ ਪਾਗਲ ਕਰਨਾ ਪੈਂਦਾ ਏ। ਇਹੀ ਤਾਂ ਸਾਡਾ ਕੰਮ ਏ। ਉਹ ਵੀ ਸਾਥੋਂ ਇਹੀ ਤਾਂ ਚਾਹੁੰਦੇ ਨੇ ਅਤੇ ਇਸੇ ਲਈ ਸਾਨੂੰ ਸੱਦਦੇ ਨੇ ਤੇ ਪੈਸੇ ਦਿੰਦੇ ਨੇ।'

ਮੈਂ ਉਹਨੂੰ ਪੁੱਛਿਆ ਕਿ ਉਹਨੇ ਇਸ ਬੰਦੇ ਨਾਲ ਮਿਲਣ ਦਾ ਇੰਤਜਾਮ ਕਿਵੇਂ ਕੀਤਾ। ਉਹਨੇ ਮੈਨੂੰ ਕਾਗਜ਼ ਦਾ ਇਕ ਟੁਕੜਾ ਦਿੱਤਾ ਅਤੇ ਉਸ ਤੇ ਤਰੀਕ ਅਤੇ ਸਮਾਂ ਲਿਖਿਆ ਹੋਇਆ ਸੀ।' ਉਹਨੇ ਕਿਹਾ। 'ਮੇਰੀ ਮਾਂ ਪੈਸੇ ਤੈਅ ਕਰਨ ਤੋਂ ਪਹਿਲਾਂ ਮੈਨੂੰ ਕਦੇ ਵੀ ਕਿਤੇ ਨਹੀਂ ਭੇਜਦੀ ਪਰ ਇਹ ਦੇ ਬਾਰੇ ਮੈਂ ਉਹਨੂੰ ਮਨਾ ਲਵਾਂਗੀ। ਮੈਨੂੰ ਉਹ ਚੰਗਾ ਲੱਗਾ ਏ ਤੇ ਮੈਨੂੰ ਲੱਗਦਾ ਏ ਸਾਡੇ ਮੀਜ਼ਬਾਨ ਨਾਲੋਂ ਉਹਦੇ ਵਿਚ ਵਧੇਰੇ ਦਮ ਏ। ਸਾਨੂੰ ਅਜਿਹੀਆਂ ਮੋਟੀਆਂ ਅਸਾਮੀਆਂ ਦੀ ਭਾਲ ਰਹਿੰਦੀ ਹੀ ਏ, ਤੈਨੂੰ ਪਤਾ ਈ ਏ, ਡੂੰਘੀਆਂ ਜੇਬਾਂ ਵਾਲੇ ਪੰਛੀ। ਧੰਦਾ ਤਾਂ ਚਲਾਉਣਾ ਈ ਏ।'

ਲੈਲਾ ਵਿਚੋਂ ਬੋਲੀ, 'ਮੈਂ ਵੀ ਲੰਬੇ ਵਾਲਾਂ ਵਾਲੇ ਨਾਲ ਚੰਗਾ ਅਨੰਦ ਲਿਆ ਉਹ ਜਿਸਨੇ ਸੁਨਹਿਰੀ ਕੁੜਤਾ ਪਾਇਆ ਹੋਇਆ ਸੀ। ਸਮਝ ਗਈ ਮੈਂ ਕਿਸ ਦੀ ਗੱਲ ਕਰ ਰਹੀ ਹਾਂ?'

ਪਮੀ ਮੁਸਕਰਾਈ, 'ਘਰ ਦੀ ਦਾਰੂ ਉਹਨੂੰ ਵਾਕਈ ਵਾਧੂ ਚੜ੍ਹੀ ਹੋਈ ਸੀ। ਉਹ ਚੰਗਾ ਮੂਰਖ ਬਣਿਆ ਫਿਰਦਾ ਸੀ। ਦੇਖ ਕੇ ਹਾਸਾ ਆਉਂਦਾ ਸੀ।'

'ਮੂਰਖ ਹੀ ਤਾਂ ਸਭ ਤੋਂ ਵਧੀਆ ਹੁੰਦੇ ਨੇ। ਇਹੀ ਗੱਲ ਤਾਂ ਤੈਨੂੰ ਸਮਝ ਨਹੀਂ ਸੀ ਆ ਰਹੀ। ਤੁਸੀਂ ਦੋਵੇਂ ਇਸ ਦਾ ਸਵਾਦ ਇਕ ਸ਼ੋਅ ਵਾਂਗ ਲੈਂਦੀਆਂ ਹੋ। ਚੰਦਾ ਪਮੀ ਵਲ ਦੇਖ ਕੇ ਬੋਲੀ, 'ਜੇ ਤੈਨੂੰ ਥੋੜ੍ਹੀ ਬਹੁਤ ਅਕਲ ਹੁੰਦੀ ਤਾਂ ਤੂੰ ਉਹਨੂੰ ਹੀ ਜੱਫਾ ਮਾਰਦੀ। ਇਹ ਸੌਖਾ ਵੀ ਸੀ।'

'ਪਮੀ ਨੇ ਚਿੜ੍ਹ ਕੇ ਕਿਹਾ, 'ਫੇਰ ਤੂੰ ਉਹਨੂੰ ਜੱਫਾ ਕਿਉਂ ਨਾ ਮਾਰਿਆ?'

'ਮੈਂ ਕਿਸੇ ਹੋਰ ਦੀ ਝਾਕ ਵਿਚ ਸੀ, ਮੂਰਖ!,' ਚੰਦਾ ਨੇ ਇਕ ਵਿਜੇਤਾ ਵਾਂਗ ਦੰਦੀਆਂ ਕੱਢ ਕੇ ਜਵਾਬ ਦਿੱਤਾ ਜੋ ਹੁਣੇ-ਹੁਣੇ ਜੰਗ ਜਿੱਤਿਆ ਹੋਏ, 'ਤੈਨੂੰ ਪਤਾ ਈ ਏ ਮੈਂ ਅਮੀਰ ਅਤੇ ਖਾਲੀ ਦਿਲ ਵਾਲਿਆਂ ਨੂੰ ਕਿਵੇਂ ਮਿੰਟਾਂ ਵਿਚ ਪਛਾਣ ਜਾਂਦੀ ਹਾਂ। ਮੇਰਾ ਖਿਆਲ ਏ ਮੈਂ ਇਹ ਕੰਮ ਕਾਫੀ ਚੰਗਾ ਕਰ ਲੈਂਦੀ ਹਾਂ। ਸ਼ਾਇਦ ਜੇ ਮੈਂ ਆਪਣਾ ਮਨ ਕਿਤੇ ਹੋਰ ਪਾਸੇ ਲਾ ਲੈਂਦੀ ਹਾਂ ਤਾਂ ਮੈਂ ਵੱਡੀ ਮਾਅਰਕੇਬਾਜ਼ ਹੁੰਦੀ।' ਉਹ ਹੱਸੀ।

ਲੈਲਾ ਨੇ ਹੌਕਾ ਭਰਿਆ ਤੇ ਬੋਲੀ, 'ਚਲੋ ਜਿਵੇਂ ਵੀ ਹੈ। ਆਪਾਂ ਤਾਂ ਅਨੰਦ ਲਿਆ। ਇਕ ਵਾਰੀ ਤਾਂ ਮੈਨੂੰ ਐਨਾ ਹਾਸਾ ਪਿਆ ਕਿ ਢਿੱਡ ਵਿਚ ਪੀੜ ਹੋਣ ਲੱਗ ਪਈ। ਮੇਰਾ ਖਿਆਲ

ਏ ਬਹੁਤੇ ਲੋਕ ਉੱਤੇਜਨਾ ਦੀ ਭਾਲ ਵਿਚ ਸਨ ਪਰ ਉਹ ਬਟੂਆਂ ਦਾ ਮੂੰਹ ਨਹੀਂ ਸਨ ਖੋਲ੍ਹ ਰਹੇ। ਪਿਛਲਾ ਸ਼ੋਅ ਇਸ ਨਾਲੋਂ ਕਿਤੇ ਚੰਗਾ ਰਿਹਾ ਸੀ।

'ਉਹਦਾ ਤਾਂ ਕੋਈ ਮੁਕਾਬਲਾ ਹੀ ਨਹੀਂ, ਲੈਲਾ! ਚੰਦਾ ਬੋਲੀ, 'ਸੁਨਿਆਰੇ ਸਭ ਤੋਂ ਵਧੀਆ ਹੁੰਦੇ ਨੇ।' ਤੇਰੀ ਮਾਂ ਨੇ ਨਹੀਂ ਪੜ੍ਹਾਇਆ ਤੈਨੂੰ ਕੁਛ?'

ਲੈਲਾ ਬੋਲੀ, 'ਤੇਰੇ ਵਾਸਤੇ ਤਾਂ ਸਾਰਾ ਸ਼ੋਅ ਇਕ ਪਾਸੇ ਸੀ ਤੇ ਤੇਰਾ ਸੁਨਹਿਰੀ ਕੁੜਤੇ ਵਾਲਾ ਇਕ ਪਾਸੇ।'

ਅਸੀਂ ਸਾਰੀਆਂ ਹੱਸ ਪਈਆਂ। ਹਾਸੇ ਦੀ ਆਵਾਜ਼ ਸੁਣ ਕੇ ਲੈਲਾ ਦੀ ਮਾਂ ਕਮਰੇ ਵਿਚ ਆ ਗਈ। ਉਹ ਖੁਸ਼ ਨਹੀਂ ਲੱਗਦੀ ਸੀ। ਸ਼ਾਇਦ ਇਸ ਕਰਕੇ ਕਿ ਅਜੇ ਸੁਵਖਤਾ ਬੜਾ ਸੀ।' ਤੁਸੀਂ ਮੂਰਖਾਂ ਵਾਂਗ ਮੂੰਹ ਫਾੜ ਕੇ ਕਿਉਂ ਹੱਸ ਰਹੀਆਂ ਹੋ? ਥੋਨੂੰ ਭੋਰਾ ਵੀ ਅਕਲ ਹੈ ਕਿ ਨਹੀਂ? ਉਹ ਘੂਰੀ ਵੱਟ ਕੇ ਬੋਲੀ।

'ਮੈਨੂੰ ਇਹ ਸੋਚ ਕੇ ਹੀ ਸ਼ਰਮ ਪਈ ਆਉਂਦੀ ਏ ਕਿ ਮੈਂ ਇਹ ਦਿਨ ਵੀ ਵੇਖਣੇ ਸੀ ਜਦੋਂ ਕੰਜਰੀਆਂ ਐਨਾ ਡਿੱਗ ਜਾਣਗੀਆਂ।'

ਹਰ ਕੋਈ ਛਹਿ ਜਿਹੀ ਗਈ। ਉਹਨੇ ਪਾਸੇ ਸੁੱਟੇ ਹੋਏ ਬੈਗਾਂ ਤੇ ਨਿਗਾਹ ਮਾਰੀ ਤੇ ਫੇਰ ਕਮਰੇ ਵਿਚ ਲਿਟੀਆਂ ਕੁੜੀਆਂ ਤੇ।' ਦੇਖੋ ਜ਼ਰਾ ਇਨ੍ਹਾਂ ਵੱਲ, ਤੁਸੀਂ ਬੜੀਆਂ ਬੇਕਾਰ ਹੋ। ਚੰਦਾ ਤੇ ਪਮੀ, ਤੁਸੀਂ ਐਥੇ ਕੀ ਕਰ ਰਹੀਆਂ ਹੋ? ਤੁਸੀਂ ਨਹੀਂ ਘਰ ਜਾ ਕੇ ਆਰਾਮ ਕਰਨਾ? ਜਾਉ! ਜਾਉ! ਆਪਣੇ ਘਰ ਜਾਉ। ਤੁਹਾਡੀਆਂ ਮਾਵਾਂ ਇੰਤਜ਼ਾਰ ਕਰ ਰਹੀਆਂ ਹੋਣਗੀਆਂ।

ਤਿੰਨੇ ਕੁੜੀਆਂ ਨੇ ਇਕ ਦੂਜੀ ਵੱਲ ਦੇਖਿਆ ਤੇ ਦੰਦੀਆਂ ਕੱਢਣ ਲੱਗ ਪਈਆਂ। ਲੈਲਾ ਨਿਆਣਿਆਂ ਵਾਂਗ ਮੂੰਹ ਬਣਾ ਕੇ ਬੋਲੀ, 'ਅੰਮੀ, ਮੈਂ ਆਪਣੀਆਂ ਸਹੇਲੀਆਂ ਨੂੰ ਚਾਹ ਲਈ ਸੱਦ ਲਿਆ ਸੀ। ਉਹ ਚਾਹ ਪੀ ਕੇ ਘਰ ਜਾਣਗੀਆਂ। ਤੂੰ ਜਾ ਕੇ ਆਪਣਾ ਕੰਮ ਕਰ।

ਲੈਲਾ ਦੀ ਮਾਂ ਨੇ ਮੇਰੇ ਵੱਲ ਦੇਖਿਆ। 'ਤੂੰ ਦੇਖ ਲਿਆ, ਫੌਜੀਆ? ਵੱਡਿਆਂ ਦੀ ਕੋਈ ਇੱਜ਼ਤ ਨਹੀਂ! ਤੂੰ ਇਨ੍ਹਾਂ ਗਸ਼ਤੀਆਂ ਨੂੰ ਜਿੰਨਾ ਮਰਜ਼ੀ ਦੰਦੀਆਂ ਕਢਾ ਲੈ, ਹਸਾ ਲੈ, ਖੁਆ ਲੈ, ਸੁਲਾ ਲੈ, ਪਰ ਫੇਰ ਵੀ ਉਨ੍ਹਾਂ ਨੂੰ ਅਕਲ ਨਹੀਂ ਆਉਣੀ ਕਿ ਆਪਣਾ ਕੰਮ ਚੱਜ ਨਾਲ ਕਿਵੇਂ ਕਰਨਾ ਏਂ।'

ਲੈਲਾ ਸੋਫੇ ਤੋਂ ਉੱਠੀ ਤੇ ਚੀਕ ਕੇ ਬੋਲੀ, 'ਤੇ ਫੇਰ ਮੈਂ ਪੱਤੋਕੀ ਸਾਰੀ ਰਾਤ ਹੋਰ ਕੀ ਸਵਾਹ ਉਡਾਉਂਦੀ ਰਹੀ ਹਾਂ? ਨੱਚ-ਨੱਚ ਕੇ ਮੇਰੇ ਪੈਰ ਦੁਖ ਰਹੇ ਨੇ। ਸੰਗੀਤਕਾਰ ਤਾਂ ਬਦਲ ਕੇ ਬੈਠ ਜਾਂਦੇ ਨੇ, ਮਖੌਲੀਏ ਵੀ ਕੁਝ ਖਾਣ-ਪੀਣ ਬਾਹਰ ਨਿੱਕਲ ਜਾਂਦੇ ਨੇ ਪਰ ਅਸੀਂ! ਅਸੀਂ ਤਾਂ ਸਾਰਾ ਸਮਾਂ ਸਟੇਜ ਤੇ ਹੀ ਟੰਗੀਆਂ ਹੁੰਦੀਆਂ ਹਾਂ।'

'ਤੇਰੀ ਜੀਭ ਬੜੀ ਲੰਬੀ ਹੋਗੀ। ਆ ਜਾਣ ਦੇ ਜ਼ਰਾ ਤੇਰੇ ਭਰਾ ਨੂੰ ਫੇਰ ਦੇਖੀਂ।' ਕੈਸਰਾ ਕਮਰੇ ਵਿਚੋਂ ਬਾਹਰ ਜਾਂਦੀ ਹੋਈ ਚੀਖੀ।

ਲੈਲਾ ਨੇ ਆਵਾਜ਼ ਮਾਰੀ, 'ਭੁੱਬਾ, ਭੁੱਬਾ। ਕੋਈ ਚਾਹ ਲਿਆ ਰਿਹਾ ਏ ਸਾਨੂੰ? ਮੈ ਬੜੀ ਥੱਕੀ ਹੋਈ ਹਾਂ। ਮੈਂ ਚਾਹ ਦਾ ਕੱਪ ਪੀ ਕੇ ਸੌਣਾ ਚਾਹੁੰਦੀ ਹਾਂ। ਹੋਰ ਕੋਈ ਵੱਡੀ ਚੀਜ਼ ਤਾਂ ਨਹੀਂ ਮੰਗ ਲਈ?' ਉਹ ਰੋਣ ਲੱਗੀ।

ਭੁੱਬਾ ਬਾਜ਼ਾਰ ਜਾਣ ਲਈ ਪੌੜੀਆਂ ਉੱਤਰ ਕੇ ਦੌੜਿਆ।

ਲੈਲਾ ਦੀਆਂ ਸਹੇਲੀਆਂ ਹਮਦਰਦੀ ਨਾਲ ਦੇਖਦੀਆਂ ਰਹੀਆਂ ਤੇ ਉਹ ਸ਼ਿਕਾਇਤ ਕਰਦੀ ਰਹੀ, 'ਮੈਨੂੰ ਨਹੀਂ ਪਤਾ ਇਹ ਮੈਥੋਂ ਹੋਰ ਕੀ ਚਾਹੁੰਦੇ ਨੇ। ਮੈਂ ਆਪਣੀ ਜਾਨ ਲਾ ਦਿੰਦੀ ਹਾਂ ਅਤੇ ਇਹ ਮੈਨੂੰ ਹੱਸਦਾ ਦੇਖ ਕੇ ਵੀ ਨਹੀਂ ਜ਼ਰਦੀ। ਉਹਦੀ ਮਾਂ ਰੌਲਾ ਸੁਣਕੇ ਫੇਰ ਮੁੜ ਆਈ। ਉਹ ਲੈਲਾ ਨੂੰ ਇੰਝ ਘੂਰ ਰਹੀ ਸੀ ਜਿਵੇਂ ਹੁਣੇ ਥੱਪੜ ਜੜ ਦਏਗੀ। ਫੇਰ ਉਹ ਮੇਰੇ ਨਾਲ ਹੋ ਕੇ ਬਹਿ ਗਈ। ਲੈਲਾ ਵੱਲ ਦੇਖਦਿਆਂ ਉਹ ਬੋਲੀ, 'ਮੇਰੀ ਬਦਕਿਸਮਤੀ ਏ ਕਿ ਤੇਰੇ ਵਰਗੀ ਕੁੜੀ ਮੇਰੀ ਧੀ ਏ।'

ਲੈਲਾ ਹੋਰ ਉੱਚੀ ਰੋਣ ਲੱਗੀ, ਬਿਲਕੁਲ ਨਿਆਣੇ ਵਾਂਗ। ਉਹਦੀ ਮਾਂ ਬੋਲੀ, 'ਤੂੰ ਕਦੀ ਵੱਡੀ ਨਹੀਂ ਹੋਣਾ। ਤੂੰ ਤਾਂ ਬੱਸ ਚਾਂਭਲੀ ਰਹਿਣਾ ਏ। ਤੂੰ ਮੌਜਾਂ ਕਰਨ ਨਹੀਂ ਜਾਂਦੀ। ਇਹ ਤੇਰਾ ਧੰਦਾ ਏ ਜਿਸ ਨਾਲ ਟੱਬਰ ਦਾ ਗੁਜ਼ਾਰਾ ਹੁੰਦਾ ਏ। ਤੈਨੂੰ ਆਪਣੀਆਂ ਭੈਣਾਂ ਤੇ ਭਰਾਵਾਂ ਬਾਰੇ ਸੋਚਣਾ ਚਾਹੀਦਾ ਏ, ਪਰ ਤੂੰ ਜ਼ਿੰਮੇਵਾਰੀ ਹੀ ਨਹੀਂ ਸਮਝਦੀ। ਤੂੰ ਆਪਣਾ ਸਵਾਦ ਲੈਣ ਲਈ ਲੋਕਾਂ ਤੇ ਹੱਸਣ ਵਿਚ ਹੀ ਮਸਤ ਰਹਿੰਦੀ ਏਂ ਕਿ ਤੈਨੂੰ ਆਪਣੀ ਰੋਜ਼ੀ ਵੀ ਚੇਤੇ ਨਹੀਂ ਰਹਿੰਦੀ। ਇਹੀ ਏ ਤੇਰੀ ਸਮੱਸਿਆ।', ਕੈਸਰਾ ਵੀ ਰੋਣ ਲੱਗੀ।

ਹੁਣ ਮੈਨੂੰ ਸਮਝ ਆਈ ਕਿ ਕੈਸਰਾ ਕਿਉਂ ਸ਼ਿਕਾਇਤਾਂ ਕਰਦੀ ਰਹਿੰਦੀ ਸੀ। ਉਹ ਸਾਡੇ ਰੌਲੇ ਕਰਕੇ ਨਹੀਂ ਜਾਗੀ ਸੀ। ਉਹ ਲੈਲਾ ਦੇ ਘਰ ਪਹੁੰਚਣ ਤੋਂ ਪਹਿਲਾਂ ਤੋਂ ਹੀ ਉਸਦਾ ਇੰਤਜ਼ਾਰ ਕਰ ਰਹੀ ਸੀ। ਕੈਸਰਾ ਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਰਾਤ ਉਸ ਦੀ ਕੀ ਕਮਾਈ ਹੋਈ ਏ। ਇਹ ਤਾਂ ਬਿਲਕੁਲ ਨਾਂਹ ਵਰਗੀ ਸੀ ਜਿਸ ਨੂੰ ਦੇਖ ਕੇ ਉਹ ਪ੍ਰੇਸ਼ਾਨ ਸੀ। ਇਹ ਤਾਂ ਸਿਰਫ ਉਹੀ ਪੈਸਾ ਸੀ ਜਿਸ ਦਾ ਸੌਦਾ ਸ਼ੋਅ ਤੋਂ ਪਹਿਲਾਂ ਉਸਤਾਦ ਨੇ ਕੀਤਾ ਸੀ -ਹੋਰ ਵਾਧੂ ਕੁਝ ਨਹੀਂ। ਇਸ ਦਾ ਮਤਲਬ ਸੀ ਕਿ ਲੈਲਾ ਲੋਕਾਂ ਨੂੰ ਖਿੱਚ ਨਹੀਂ ਸਕੀ ਕਿ ਉਹ ਉਸ ਦੇ ਸਿਰ ਉਤੋਂ ਦੀ ਵੀ ਪੈਸੇ ਲੁਟਾਉਂਦੇ। ਇਸੇ ਕਰਕੇ ਉਸਤਾਦ ਨੇ ਵੀ ਉਸ ਤੋਂ ਵੱਧ ਹੋਰ ਕੁਝ ਨਹੀਂ ਦਿੱਤਾ। ਤੇ ਇਹਦੇ ਨਾਲ ਹੀ ਉਹ ਕਿਸੇ ਹੋਰ ਗਾਹਕ ਦਾ ਸੱਦਾ ਵੀ ਨਹੀਂ ਲੈ ਕੇ ਆ ਸਕੀ ਸੀ।

ਭੁੱਬਾ ਚਾਹ ਲੈ ਕੇ ਮੁੜ ਆਇਆ। ਕੈਸਰਾ ਨੇ ਉਹਨੂੰ ਝਾੜਿਆ ਕਿ ਉਹ ਮੇਰੇ ਲਈ ਕਿਉਂ ਕੁਝ ਨਹੀਂ ਲਿਆਇਆ। ਮੈਂ ਸ਼ਰਮਾ ਕੇ ਨਾਂਹ ਕਰ ਦਿੱਤੀ, ਪਰ ਫੇਰ ਸੋਚਿਆ ਕਿ ਇਹ ਸਮਾਂ ਬਹਿਸ ਦਾ ਨਹੀਂ ਏ। ਭੁੱਬਾ ਦੁੱਧ ਲੈਣ ਲਈ ਭੱਜ ਗਿਆ। ਚੁੱਪ ਭਾਰੀ ਹੋ ਗਈ ਸੀ। ਮੈਂ ਸਿਰਫ ਲੈਲਾ ਦੀਆਂ ਹਿਚਕੀਆਂ ਸੁਣ ਰਹੀ ਸਾਂ। ਉਹਨੇ ਛੇਤੀ ਛੇਤੀ ਚਾਹ ਅੰਦਰ ਸੁੱਟੀ ਤੇ ਉੱਠ ਖੜ੍ਹੀ ਹੋਈ। ਆਪਣੀਆਂ ਅੱਖਾਂ ਮਲਦੇ ਹੋਏ ਉਹ ਇਹ ਕਹਿੰਦਿਆਂ ਘਰ ਦੇ ਅੰਦਰਲੇ ਵੱਲ ਤੁਰ ਪਈ। 'ਮੈਨੂੰ ਬੜੀ ਨੀਂਦ ਆ ਰਹੀ ਏ। ਮੈਂ ਚੱਲੀ ਹਾਂ ਸੌਣ।'

ਕੈਸਰਾ ਨੇ ਚੰਦਾ ਤੇ ਪਮੀ ਵੱਲ ਵੇਖਿਆ ਜੋ ਅਜੇ ਚਾਹ ਦੀਆਂ ਚੁਸਕੀਆਂ ਲੈ ਰਹੀਆਂ ਸਨ। 'ਤੁਸੀਂ ਵੀ ਆਪਣੀ ਚਾਹ ਪੀ ਕੇ ਘਰ ਜਾਉ। ਥੋਡੀਆਂ ਮਾਵਾਂ ਵੀ ਉਡੀਕ ਰਹੀਆਂ ਹੋਣੀਆਂ ਨੇ। ਭੁੱਬਾ ਤੁਹਾਡੇ ਬੈਗ ਚੁੱਕ ਲਏਗਾ।'

ਉਹ ਚੰਦਾ ਵੱਲ ਵੇਖ ਕੇ ਬੋਲੀ, 'ਚੰਦਾ ਤੈਨੂੰ ਤੇ ਅਕਲ ਏ, ਤੂੰ ਥੋੜ੍ਹੀ ਅਕਲ ਲੈਲਾ ਦੇ ਸਿਰ ਵਿਚ ਕਿਉਂ ਨਹੀਂ ਪਾ ਦਿੰਦੀ?'

ਆਪਣੇ ਚਿਹਰੇ ਤੇ ਅਜੀਬ ਜਿਹੇ ਭਾਵ ਲੈ ਕੇ ਚੰਦਾ ਕੈਸਰਾ ਵੱਲ ਮੁੜੀ ਤੇ ਬੋਲੀ, 'ਮੈਨੂੰ ਬਹੁਤਾ ਨਾ ਸਮਝਾ। ਮੇਰੀਆਂ ਆਪਣੀਆਂ ਹੀ ਪੀੜਾਂ ਘੱਟ ਨਹੀਂ। ਕੋਈ ਕਿੰਨਾ ਹੀ ਕਰ ਲਵੇ ਕਿਸੇ

ਦੀ ਤਸੱਲੀ ਕਦੀ ਨਹੀਂ ਹੁੰਦੀ।' ਮੈਨੂੰ ਉਸ ਦੀਆਂ ਅੱਖਾਂ ਵਿਚ ਨਫਰਤ ਸਾਫ ਦਿਖਾਈ ਦੇ ਰਹੀ ਸੀ। ਭਾਵੇਂ ਉਹ ਕਹਿ ਇਹ ਰਹੀ ਸੀ ਕਿ ਉਹ ਆਪਣੇ ਧੰਦੇ ਵਿਚ ਖੁਦ ਪੂਰੀ ਤਰ੍ਹਾਂ ਜਮੀ ਹੋਈ ਏ ਪਰ ਮੈਂ ਸਾਫ ਮਹਿਸੂਸ ਕਰ ਰਹੀ ਸਾਂ ਕਿ ਉਸਦੇ ਆਪਣੇ ਘਰ ਵਿਚ ਉਹ ਪ੍ਰਬੰਧਕਾਂ ਨੇ ਪੂਰੀ ਤਰ੍ਹਾਂ ਜਕੜੀ ਹੋਈ ਸੀ।

ਚੰਦਾ ਤੇ ਪਮੀ ਨੇ ਚਾਹ ਖਤਮ ਕੀਤੀ ਅਤੇ ਭੁੱਬਾ ਨਾਲ ਆਪਣੇ ਆਪਣੇ ਘਰ ਨੂੰ ਤੁਰ ਗਈਆਂ। ਮੈਂ ਵੀ ਜਾਣ ਦੀ ਇਜਾਜ਼ਤ ਲੈਣ ਲਈ ਉੱਠ ਖੜ੍ਹੀ ਹੋਈ, ਕੈਸਰਾ ਨੇ ਮੈਨੂੰ ਮੂੰਹੋਂ ਤਾਂ ਕੁਝ ਨਾ ਕਿਹਾ ਪਰ ਮੇਰਾ ਹੱਥ ਆਪਣੇ ਹੱਥ ਵਿਚ ਲੈ ਕੇ ਜ਼ਰਾ ਘੁੱਟਿਆ। ਮੈਂ ਕੁਝ ਸਮਝੀ ਨਹੀਂ ਤੇ ਉੱਠ ਕੇ ਤੁਰਨ ਲੱਗੀ। ਉਹਨੇ ਮੈਨੂੰ ਫੜ ਕੇ ਖਿੱਚ ਲਿਆ ਤੇ ਅੱਖਾਂ ਨਾਲ ਰੁਕਣ ਦਾ ਇਸ਼ਾਰਾ ਕੀਤਾ। ਮੈਂ ਰੁਕ ਗਈ। ਕੁੜੀਆਂ ਦੇ ਜਾਣ ਤੋਂ ਬਾਦ ਉਹਨੇ ਕਿਹਾ, 'ਥੋੜ੍ਹੀ ਦੇਰ ਰੁਕ ਕੇ ਜਾਈਂ।'

ਅਸੀਂ ਬੈਠਕ ਵਿਚ ਹੀ ਬੈਠ ਗਈਆਂ ਅਤੇ ਆਪਣੇ ਪੈਰ ਕੱਠੇ ਕਰਕੇ ਸੋਫੇ ਤੇ ਰੱਖ ਲਏ। ਉਹ ਮਾਯੂਸ ਸੀ ਅਤੇ ਕਿਸੇ ਨਾਲ ਦਿਲ ਖੋਲ੍ਹਣਾ ਚਾਹੁੰਦੀ ਸੀ। ਉਸਨੂੰ ਅਹਿਸਾਸ ਸੀ ਕਿ ਦਿਲ ਦੀ ਗੱਲ ਕਰਨ ਲਈ ਮੇਰੇ ਤੋਂ ਬੇਹਤਰ ਹੋਰ ਬੰਦਾ ਕੋਈ ਨਹੀਂ ਹੋਏਗਾ। ਮੈਂ ਉਨ੍ਹਾਂ ਦੀ ਭਰੋਸੇਯੋਗ ਦੋਸਤ ਬਣ ਗਈ ਸੀ ਅਤੇ ਸਦਾ ਉਨ੍ਹਾਂ ਦੀ ਗੱਲ ਸੁਣਦੀ ਸਾਂ।

ਉਹ ਬੋਲੀ, 'ਸਮਝ ਨਹੀਂ ਆਉਂਦੀ ਮੈਂ ਇਸ ਕੁੜੀ ਦਾ ਕੀ ਕਰਾਂ। ਇਹ ਇਕ ਤਰ੍ਹਾਂ ਮਾਇਕ ਬੋਝ ਅਤੇ ਮੇਰੇ ਲਈ ਸਮਾਜਕ ਜ਼ਿੱਲਤ ਦਾ ਕਾਰਨ ਬਣਦੀ ਜਾ ਰਹੀ ਏ।'

'ਗੱਲ ਕੀ ਏ?' ਮੈਂ ਪੁੱਛਿਆ।

'ਲੈਲਾ ਸਾਰਾ ਦਿਨ ਭਾਰਤੀ ਫਿਲਮਾਂ ਦੇਖਦੀ ਰਹਿੰਦੀ ਏ। ਉਹ ਦੇਰ ਨਾਲ ਉੱਠਦੀ ਏ ਤੇ ਰਿਹੱਸਲ ਕਰਨ ਜਾਂਦੀ ਹੀ ਨਹੀਂ। ਫੇਰ ਉਹ ਗਾਹਕਾਂ ਸਾਮ੍ਹਣੇ ਬੜਾ ਫੂਹੜ ਜਿਹਾ ਨੱਚਦੀ ਏ। ਮੈਂ ਮੰਨਦੀ ਹਾਂ ਕਿ ਸਾਡੀ ਰੋਜ਼ੀ ਜੋ ਖੁਦਾ ਨੇ ਲਿਖੀ ਏ ਉਹੀ ਮਿਲਣੀ ਏਂ ਪਰ ਸਾਡੀਆਂ ਵੀ ਤਾਂ ਕੋਈ ਜ਼ਿੰਮੇਵਾਰੀਆਂ ਨੇ। ਸਾਨੂੰ ਮੇਹਨਤ ਤਾਂ ਕਰਨੀ ਹੀ ਚਾਹੀਦੀ ਏ। ਉਹਨੂੰ ਤੜਕ-ਭੜਕ ਪਸੰਦ ਏ ਅਤੇ ਉਹਦਾ ਧਿਆਨ ਸਦਾ ਆਪਣੇ ਮਨੋਰੰਜਨ ਵੱਲ ਰਹਿੰਦਾ ਏ।'

'ਮੈਂ ਮਤਲਬ ਨਹੀ ਸਮਝੀ।' ਮੈਂ ਅੱਗੋਂ ਬੋਲੀ।

'ਮੈਂ ਉਹਦਾ ਛੇਤੀ ਨਿਕਾਹ ਕਰਨਾ ਚਾਹੁੰਦੀ ਹਾਂ ਪਰ ਕੋਈ ਚੱਜ ਦਾ ਰਿਸ਼ਤਾ ਹੀ ਨਹੀਂ ਮਿਲਦਾ। ਮੈਂ ਤੇ ਮੇਰਾ ਪੁੱਤਰ ਪੂਰੀ ਵਾਹ ਲਾ ਰਹੇ ਹਾਂ ਪਰ ਅਸੀਂ ਹਮੇਸ਼ਾ ਲਈ ਤਾਂ ਇੰਤਜ਼ਾਰ ਨਹੀਂ ਕਰ ਸਕਦੇ ਹਾਂ।'

ਮੈਨੂੰ ਇਸ ਸਿਸਟਮ ਦੀ ਪੂਰੀ ਸਮਝ ਪੈ ਚੁੱਕੀ ਸੀ ਕਿ ਉਹਨੂੰ ਲੈਲਾ ਦੇ ਪਹਿਲੇ ਗਾਹਕ ਦੀ ਉਡੀਕ ਹੈ ਤਾਂ ਕਿ ਉਸ ਤੋਂ ਮਗਰੋਂ ਉਹ ਖੁਲ੍ਹ ਕੇ ਧੰਦਾ ਸ਼ੁਰੂ ਕਰ ਸਕੇ। ਲੈਲਾ ਸ਼ਾਮ ਨੂੰ ਆਪਣੇ ਘਰ ਵਿਚ ਹੀ ਮੁਜਰਾ ਕਰਦੀ ਸੀ ਅਤੇ ਇਸ ਬਾਰੇ ਮਸ਼ਹੂਰ ਸੀ ਕਿ ਉਹ ਨਾਚੀ ਚੋਣਵੇਂ ਗਾਹਕਾਂ ਦੀ ਪੇਸ਼ਕਸ਼ ਹੀ ਮੰਜ਼ੂਰ ਕਰਦੀ ਏ, ਪਰ ਇਹ ਧੰਦਾ ਉਹ ਖੁਲ੍ਹ ਕੇ ਨਹੀਂ ਕਰ ਸਕਦੀ ਸੀ ਕਿਉਂਕਿ ਉਸ ਨੂੰ ਅਜੇ ਰਸਮੀ ਤੌਰ ਤੇ ਇਸ ਧੰਦੇ ਵਿਚ ਨਹੀਂ ਪਾਇਆ ਗਿਆ ਸੀ। ਇਹ ਉਦੋਂ ਹੀ ਹੋਣਾ ਸੰਭਵ ਸੀ ਜਦੋਂ ਉਸਦੀ ਮਾਂ ਉਸਦੇ ਪਹਿਲੇ ਗਾਹਕ ਨਾਲ ਉਸ ਦੀ ਸ਼ਾਦੀ ਦਾ ਪ੍ਰਬੰਧ ਕਰ ਦਿੰਦੀ, ਜਿਸ ਨੂੰ ਨੱਥ ਉਤਰਵਾਈ ਦੀ ਰਸਮ ਕਹਿੰਦੇ ਨੇ। ਉਸ ਦੇ ਕੁਆਰਪੁਣੇ ਦੀ ਉੱਚੀ ਰਕਮ ਵਸੂਲਣ ਤੋਂ ਬਾਦ ਉਹ ਫੇਰ ਦੂਜੇ ਗਾਹਕਾਂ ਲਈ ਸੈਕਸ ਸੇਵਾ ਮੁਹੱਈਆਂ ਕਰਨ ਦਾ ਕੰਮ ਖੁਲ੍ਹ ਕੇ ਕਰ

ਸਕਦੀ ਸੀ।

ਉਸਦੀ ਮਾਂ ਤੇ ਵਧ ਰਹੇ ਦਬਾਉ ਨੂੰ ਮੈਂ ਪੂਰੀ ਤਰ੍ਹਾਂ ਮਹਿਸੂਸ ਕਰ ਰਹੀ ਸਾਂ। ਕੈਸਰਾ ਨੇ ਨਿਰਾਸ਼ ਹੋ ਕੇ ਕਿਹਾ, 'ਲੈਲਾ ਕੋਈ ਅਕਲ ਨਹੀਂ ਕਰਦੀ। ਜਦੋਂ ਉਹ ਬਾਹਰ ਜਾਂਦੀ ਏ ਤਾਂ ਕੁਝ ਵੀ ਮਜ਼ਾਕੀਆ ਵੇਖ ਕੇ ਉਹ ਹਿੜ-ਹਿੜ ਕਰਨ ਲੱਗ ਪੈਂਦੀ ਏ।'

ਉਹ ਕੰਧ ਤੇ ਲੱਗੀਆਂ ਵੱਡੀਆਂ ਕਾਲੀਆਂ-ਸਫੇਦ ਤਸਵੀਰਾਂ ਵੱਲ ਦੇਖਣ ਲੱਗੀ ਤੇ ਫੇਰ ਬੋਲੀ, 'ਪਹਿਲਾਂ ਮੇਰੀ ਭੈਣ ਹੀ ਮੈਨੂੰ ਬਹੁਤ ਤਕਲੀਫਾਂ ਦੇ ਚੁੱਕੀ ਏ। ਹੁਣ ਮੈਂ ਹੋਰ ਨਹੀਂ ਝੱਲ ਸਕਦੀ।'

'ਇਹ ਤੁਹਾਡੀ ਭੈਣ ਏ?' ਮੈਂ ਪੁੱਛਿਆ, ਮੇਰੀਆਂ ਅੱਖਾ ਟੱਡੀਆਂ ਰਹਿ ਗਈਆਂ। ਮੈਂ ਦੇਖਿਆ ਕਿ ਫੋਟੋ ਵਾਲੀ ਦੂਜੀ ਕੁੜੀ ਬਿਲਕੁਲ ਉਸੇ ਵਰਗੀ ਲੱਗਦੀ ਸੀ ਅਤੇ ਮੈਂ ਉਤੇਜਿਤ ਹੋ ਕੇ ਬੋਲੀ, 'ਅੱਛਾ ਇਹ ਤੁਸੀਂ ਹੋ। ਯਾ ਖੁਦਾ ਮੈਂ ਪਹਿਲਾਂ ਕਿਉਂ ਨੀ ਪਛਾਣਿਆ?' ਮੈਂ ਇਨ੍ਹਾਂ ਤਸਵੀਰਾਂ ਬਾਰੇ ਕਈ ਵਾਰੀ ਪੁੱਛਿਆ ਸੀ ਅਤੇ ਕਦੀ ਵੀ ਸਿੱਧਾ ਜਵਾਬ ਨਹੀਂ ਮਿਲਿਆ ਸੀ।

ਉਹਨੇ ਜਵਾਬ ਦਿੱਤਾ, 'ਹਾਂ! ਪਰ ਉਹ ਦਿਨ ਬਿਲਕੁਲ ਹੋਰ ਸਨ। ਅਸੀਂ ਸਖਤ ਮੇਹਨਤ ਕਰਦੀਆਂ ਸਾਂ। ਅਸੀਂ ਆਪਣੇ ਬਜ਼ੁਰਗਾਂ ਦੀ ਗੱਲ ਪੂਰੀ ਸੁਣਦੀਆਂ ਸਾਂ ਭਾਵੇਂ ਇਹ ਕਿੰਨੀ ਵੀ ਬੋਝਲ ਹੋਏ।'

'ਤੁਹਾਡੀ ਭੈਣ ਦਾ ਕੀ ਬਣਿਆਂ ਫੇਰ?' ਮੈਂ ਪੁੱਛਿਆ।

ਉਹਦੀਆਂ ਅੱਖਾਂ ਭਰ ਆਈਆਂ ਤੇ ਕੁਝ ਚਿਰ ਉਹ ਕੁਝ ਨਾ ਬੋਲ ਸਕੀ। ਫੇਰ ਆਪਣੇ ਦੁਪੱਟੇ ਨਾਲ ਮੂੰਹ ਪੂੰਝ ਕੇ ਉਹ ਬੋਲੀ, 'ਉਹ ਲੰਦਨ ਰਹਿੰਦੀ ਏ। ਉਸ ਬਾਰੇ ਤੈਨੂੰ ਮੈਂ ਫੇਰ ਕਿਸੇ ਦਿਨ ਦੱਸਾਂਗੀ। ਤੂੰ ਹੁਣੇ ਲੈਲਾ ਨਾਲ ਗੱਲ ਕਰ ਤੇ ਉਹਨੂੰ ਕਹਿ ਕਿ ਯਾਂ ਤਾਂ ਉਹ ਮੇਰੀ ਗੱਲ ਮੰਨ ਲਏ ਨਹੀਂ ਤਾਂ ਫੇਰ ਉਹਦਾ ਕੋਈ ਭਵਿੱਖ ਨਹੀਂ ਹੋਣਾ। ਪਹਿਲਾਂ ਹੀ ਸਮਾਂ ਲੰਘ ਚੁੱਕਾ ਏ।'

'ਮੈਂ!' ਮੈਂ ਤ੍ਰਭਕ ਪਈ।

ਇਹ ਸੋਚ ਕੇ ਮੈਂ ਬੜੀ ਖੁਸ਼ ਸੀ ਕਿ ਉਹ ਮੇਰੇ ਤੇ ਐਨਾ ਵਿਸ਼ਵਾਸ ਕਰਦੀ ਏ ਕਿ ਮੈਨੂੰ ਘਰ ਦੀ ਸਮੱਸਿਆ ਵਿਚ ਸ਼ਾਮਲ ਕਰ ਰਹੀ ਏ ਪਰ ਮੈਂ ਇਹ ਸੋਚ ਵੀ ਨਹੀਂ ਸਕਦੀ ਸਾਂ ਕਿ ਮੈਂ ਲੈਲਾ ਨੂੰ ਇਮ ਗੱਲ ਲਈ ਮੰਨਾਵਾਂਗੀ ਕਿ ਉਹ ਮਾਂ ਦੀ ਗੱਲ ਸੁਣੇ ਤੇ ਜਿਸਮਫਰੋਸ਼ੀ ਦਾ ਧੰਦਾ ਗੰਭੀਰਤਾ ਨਾਲ ਅਪਣਾ ਲਏ। ਮੈਂ ਚੁੱਪ ਹੀ ਰਹੀ।

ਉਹ ਅੱਗੇ ਬੋਲੀ, 'ਤੂੰ ਉਹਦੀ ਭੈਣ ਵਰਗੀ ਏਂ। ਜੇ ਭੈਣ ਨੂੰ ਚੰਗਾ ਰਿਸ਼ਤਾ ਨਹੀਂ ਮਿਲਦਾ ਤਾਂ ਮੱਦਦ ਪਰਿਵਾਰ ਨੇ ਹੀ ਕਰਨੀ ਹੁੰਦੀ ਏ। ਤੂੰ ਉਸ ਦੇ ਲਈ ਇਸਲਾਮਾਬਾਦ ਵਿਚ ਕੋਈ ਚੰਗਾ ਰਿਸ਼ਤਾ ਕਿਉਂ ਨਹੀਂ ਦੇਖ ਲੈਂਦੀ।'

ਮੈਨੂੰ ਇਵੇਂ ਮਹਿਸੂਸ ਹੋਇਆ ਜਿਵੇ ਕਿਸੇ ਨੇ ਮੇਰੇ ਸਿਰ ਵਿਚ ਪੱਥਰ ਮਾਰਿਆ ਹੋਏ। ਮੇਰੀਆਂ ਅੱਖਾਂ ਟੱਡੀਆਂ ਰਹਿ ਗਈਆਂ ਅਤੇ ਅਚਾਨਕ ਹੀ ਮੇਰੇ ਪੱਲੇ ਪਿਆ ਕਿ ਕੀ ਹੋਣ ਜਾ ਰਿਹਾ ਏ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਹੱਸਾਂ, ਗੰਭੀਰ ਰਹਾਂ ਜਾਂ ਉੱਠ ਕੇ ਚਲੀ ਜਾਵਾਂ। ਖ਼ੈਰ ਮੈਂ ਉਸ ਦੀ ਗੱਲ ਸੁਣਨ ਦਾ ਫੈਸਲਾ ਕੀਤਾ ਅਤੇ ਸੋਚਿਆ ਕਿ ਇਸ ਦਾ ਨਿਬੇੜਾ ਮੈਂ ਉੱਥੇ ਹੀ ਕਰ ਦਿਆਂ।

ਉਹ ਬੋਲੀ, 'ਤੇਰਾ ਸ਼ਹਿਰ ਅਮੀਰ ਅਫਸਰਸ਼ਾਹਾਂ ਨਾਲ ਭਰਿਆ ਪਿਆ ਏ ਅਤੇ ਅਮੀਰ

ਵਪਾਰੀਆਂ ਨਾਲ ਵੀ। ਮੈਨੂੰ ਪੱਕਾ ਯਕੀਨ ਏ ਕਿ ਤੂੰ ਕੋਈ ਅਜਿਹਾ ਲੱਭ ਸਕਦੀ ਏਂ ਜਿਸ ਨੂੰ ਲੈਲਾ ਵਿਚ ਦਿਲਚਸਪੀ ਹੋ ਜਾਏ। ਅਸੀਂ ਲਾਲਚੀ ਨਹੀਂ ਹਾਂ ਪਰ ਸਾਡੀ ਵੀ ਬਿਰਾਦਰੀ ਏ, ਰੁਤਬਾ ਏ ਜਿਸ ਬਾਰੇ ਸੋਚਣਾ ਤਾਂ ਪੈਣਾ ਹੀ ਪੈਣਾ ਏ। ਸਾਨੂੰ ਸਿਰਫ ਐਨੇ ਕੁ ਦੀ ਤਾਂਘ ਏ ਜਿਸ ਨਾਲ ਸਾਡੇ ਟੱਬਰ ਦਾ ਰੁਤਬਾ ਕਾਇਮ ਰਹੇ।

'ਅਸੀਂ ਕਿੰਨਾ ਕੁ ਠੀਕ ਸਮਝ ਰਹੇ ਹਾਂ,' ਮੈਂ ਬੋਲੀ।

ਉਹ ਐਨੀ ਭੋਲੀ ਵੀ ਨਹੀਂ ਸੀ ਕਿ ਉਹ ਮੈਨੂੰ ਐਵੇਂ ਹੀ ਕੀਮਤ ਦੱਸ ਦਿੰਦੀ। 'ਚਲੋ ਸੋਚਾਂਗੇ', ਉਸ ਜਵਾਬ ਦਿੱਤਾ।

ਮੈਂ ਉਹਦਾ ਹੱਥ ਫੜਿਆ ਤੇ ਸਿੱਧੀ ਉਸ ਦੀਆਂ ਅੱਖਾਂ ਵਿਚ ਦੇਖਣ ਲੱਗੀ। 'ਮੈਂ ਚਾਹੁੰਦੀ ਹਾਂ ਕਿ ਮੈਂ ਤੇਰੇ ਨਾਲ ਇਮਾਨਦਾਰੀ ਨਾਲ ਗੱਲ ਕਰਾਂ। ਮੈਂ ਲੈਲਾ ਨੂੰ ਬਹੁਤ ਪਸੰਦ ਕਰਦੀ ਹਾਂ ਤੇ ਤੈਨੂੰ ਵੀ, ਤੇ ਮੈਂ ਇਹ ਵੀ ਸਮਝਦੀ ਹਾਂ ਕਿ ਤੇਰੇ ਉੱਤੇ ਕਿੰਨਾ ਬੋਝ ਏ। ਇਸੇ ਤਰ੍ਹਾਂ ਦਾ ਬੋਝ ਅਸੀਂ ਆਪਣੇ ਪਰਿਵਾਰਾਂ ਵਿਚ ਵੀ ਦੇਖਦੇ ਹਾਂ ਜਦੋਂ ਉਨ੍ਹਾਂ ਦੀਆਂ ਕੁੜੀਆਂ ਨੂੰ ਕੋਈ ਚੱਜ ਦਾ ਰਿਸ਼ਤਾ ਨਹੀਂ ਲੱਭਦਾ, ਅਤੇ ਮਾਪਿਆਂ ਨੂੰ ਫਿਕਰ ਹੁੰਦਾ ਏ ਕਿ ਉਹ ਵੱਡੀਆਂ ਹੁੰਦੀਆਂ ਜਾ ਰਹੀਆਂ ਨੇ। ਪਰ ਇਸ ਮਾਮਲੇ ਵਿਚ, ਮੈਂ ਤੇਰੀ ਕੋਈ ਮੱਦਦ ਨਹੀਂ ਕਰ ਸਕਦੀ। ਮੈਂ ਝੂਠਾ ਵਾਅਦਾ ਵੀ ਨਹੀਂ ਕਰ ਸਕਦੀ। ਮੈਂ ਤੈਨੂੰ ਇਹ ਦੱਸਣਾ ਵੀ ਪਸੰਦ ਕਰਾਂਗੀ ਕਿ ਮੈਂ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਪੈਣਾ ਹੀ ਨਹੀਂ ਚਾਹੁੰਦੀ।'

ਉਹ ਵੀ ਸਿੱਧੀ ਮੇਰੀਆਂ ਅੱਖਾਂ ਵਿਚ ਝਾਕ ਰਹੀ ਸੀ ਤੇ ਹਰ ਗੱਲ ਬੜੇ ਧਿਆਨ ਨਾਲ ਸੁਣ ਰਹੀ ਸੀ।

ਮੈਂ ਕਹਿਣਾ ਜਾਰੀ ਰੱਖਿਆ, 'ਮੈਂ ਤੇਰੀ ਇੱਜ਼ਤ ਕਰਦੀ ਹਾਂ ਅਤੇ ਸਮਝਦੀ ਹਾਂ ਕਿ ਤੂੰ ਅਪਣੀ ਧੀ ਨੂੰ ਮਾੜੇ ਭਵਿੱਖ ਤੋਂ ਸੁਰੱਖਿਅਤ ਕਰਨਾ ਚਾਹੁੰਦੀ ਏਂ ਜਿੱਥੇ ਉਹਨੂੰ ਕਦੀ ਗਲੀਆਂ ਵਿਚ ਨਿੱਕਲਣ ਲਈ ਮਜਬੂਰ ਹੋਣਾ ਪੈ ਸਕਦਾ ਏ ਤਾਂ ਕਿ ਉਹ ਜ਼ਿੰਦਾ ਰਹਿ ਸਕੇ, ਪਰ ਫੇਰ ਵੀ ਮੈਂ ਇਸ ਮਾਮਲੇ ਵਿਚ ਨਹੀਂ ਪੈਣਾ ਚਾਹੁੰਦੀ।'

ਉਸਨੇ ਆਪਣਾ ਸਿਰ ਨੀਵਾਂ ਕੀਤਾ ਅਤੇ ਕੁਝ ਪਲਾਂ ਬਾਦ ਮੈਨੂੰ ਜੱਫੀ ਵਿਚ ਘੁੱਟ ਲਿਆ, 'ਫੇਰ ਮੇਰੇ ਲਈ ਦੁਆ ਕਰ', ਉਹ ਬੋਲੀ 'ਮੈਂ ਆਤਮਾ ਦੀ ਸ਼ਾਂਤੀ ਚਾਹੁੰਦੀ ਹਾਂ।'

# ਪਮੀ ਦਾ ਟੱਬਰ

ਪਿਛਲੇ ਅੱਧੇ ਘੰਟੇ ਤੋਂ ਪਮੀ ਦੀ ਮਾਂ ਬੈਠੀ ਸਬਜ਼ੀਆਂ ਕੱਟ ਰਹੀ ਸੀ ਅਤੇ ਇਸ ਤੋਂ ਅੱਕੀ ਹੋਈ ਲੱਗਦੀ ਸੀ। ਉਸ ਦਾ ਭਾਰਾ ਸਰੀਰ ਉਸ ਗਰਮੀ ਨੂੰ ਬਹੁਤਾ ਮੰਨ ਰਿਹਾ ਸੀ ਤੇ ਉਹ ਪਸੀਨੇ ਨਾਲ ਭਿੱਜੀ ਹੋਈ ਸੀ। ਉਹ ਪਾਲਕ ਦੇ ਢੇਰ ਨਾਲ ਇਕ ਚਾਰਪਾਈ ਤੇ ਬੈਠੀ ਸੀ ਅਤੇ ਉਸਦੇ ਸੱਜੇ ਪਾਸੇ ਫਰਸ਼ ਤੇ ਇਕ ਵੱਡੀ ਸਾਰੀ ਪਰਾਤ ਪਈ ਸੀ। ਉਹਨੇ ਪਾਲਕ ਕੱਟਿਆ ਤੇ ਉਹ ਪਰਾਤ ਵਿਚ ਜਾ ਡਿੱਗਾ। ਉਹ ਦਾ ਸਰੀਰ ਐਨਾ ਭਾਰਾ ਹੋ ਚੁੱਕਾ ਸੀ ਕਿ ਉਹ ਸਟੋਵ ਦੇ ਸਾਮ੍ਹਣੇ ਪੀੜ੍ਹੀ ਤੇ ਬੈਠਣ ਵਿਚ ਵੀ ਤਕਲੀਫ ਮਹਿਸੂਸ ਕਰਦੀ ਸੀ, ਇਸ ਲਈ ਉਹ ਇਸੇ ਤਰ੍ਹਾਂ ਅਪਣਾ ਕੰਮ ਕਰਦੀ।

ਉਹ ਇਕ ਉੱਚੀ ਸਾਰੀ ਇਮਾਰਤ ਦੀ ਹੇਠਲੀ ਮੰਜ਼ਲ ਦੇ ਛੋਟੇ ਜਿਹੇ ਘਰ ਵਿਚ ਰਹਿੰਦੀ ਸੀ। ਅੰਦਰਲੇ ਸ਼ਹਿਰ ਦੇ ਬਹੁਤ ਸਾਰੇ ਰਿਹਾਇਸ਼ੀ ਘਰਾਂ ਵਾਂਗ ਇਮਾਰਤ ਦੇ ਵਿਚਾਲੇ ਇਕ ਖੁਲ੍ਹਾ ਵਿਹੜਾ ਸੀ। ਇਸ ਦੇ ਦੁਆਲੇ ਦੇ ਕਮਰਿਆਂ ਵਿਚ ਤਿੰਨ ਟੱਬਰ ਰਹਿੰਦੇ ਸਨ ਅਤੇ ਸਾਰੇ ਇਸੇ ਵਿਹੜੇ ਵਿਚ ਅਪਣੇ ਘਰੇਲੂ ਕੰਮ ਧੰਦੇ ਕਰਦੇ ਸਨ। ਪਮੀ ਦੇ ਟੱਬਰ ਕੋਲ ਤਿੰਨ ਕਮਰੇ ਸਨ - ਦੋ ਰਹਿਣ ਲਈ ਤੇ ਇਕ ਧੰਦੇ ਲਈ। ਉਨ੍ਹਾਂ ਸਾਰਿਆਂ ਦੇ ਦਰਵਾਜ਼ੇ ਗਲੀ ਦੀ ਬਜਾਏ ਵਿਹੜੇ ਵਿਚ ਖੁਲ੍ਹਦੇ ਸਨ। ਬਾਕੀ ਦੇ ਦੋ ਕਿਰਾਏਦਾਰਾਂ ਕੋਲ ਦੋ ਦੋ ਕਮਰੇ ਸਨ, ਉਨ੍ਹਾਂ ਦੇ ਦਰਵਾਜ਼ੇ ਵੀ ਇਸੇ ਵਿਹੜੇ ਵਿਚ ਹੀ ਖੁਲ੍ਹਦੇ ਸਨ। ਇਨ੍ਹਾਂ ਕਮਰਿਆਂ ਵਿਚ ਰਹਿਣ ਵਾਲੇ ਸਾਰਿਆਂ ਲਈ ਕੋਨੇ ਵਿਚ ਇਕ ਇਕ ਟਾਇਲਟ ਸੀ। ਪਕਾਉਣਾ, ਭਾਂਡੇ ਧੋਣਾ, ਕੱਪੜੇ ਧੋਣਾ ਤੇ ਬੱਚਿਆਂ ਨੂੰ ਨੁਹਾਉਣਾ, ਇਹ ਸਾਰੇ ਕੰਮ ਵਿਹੜੇ ਵਿਚ ਹੀ ਹੁੰਦੇ ਸਨ ਅਤੇ ਇਹ ਹੀ ਜਗ੍ਹਾ ਗੱਪਾਂ-ਗੱਲਾਂ ਮਾਰਨ ਲਈ ਬੈਠਣ ਦੇ ਕੰਮ ਵੀ ਆਉਂਦੀ ਸੀ।

ਪਮੀ ਦੀ ਮਾਂ ਆਪਣੇ ਕਮਰੇ ਦੇ ਸਾਮ੍ਹਣੇ ਵੱਡੇ ਦਰਵਾਜ਼ੇ ਦੇ ਨੇੜੇ ਬੈਠਣਾ ਪਸੰਦ ਕਰਦੀ ਸੀ ਤਾਂ ਕਿ ਉਹ ਦੇਖ ਸਕੇ ਕਿ ਵਿਹੜੇ ਵਿਚ ਕੌਣ ਆਉਂਦਾ ਤੇ ਜਾਂਦਾ ਹੈ। ਤੀਜੇ ਪਹਿਰ ਦੇ ਕਰੀਬ ਉਹ ਆਪਣੀ ਮੰਜੀ ਬਾਹਰ ਖਿੱਚ ਲੈਂਦੀ ਅਤੇ ਉਸ ਤੇ ਬੈਠ ਕੇ ਘਰ ਦਾ ਕੰਮ ਕਰਦੀ ਰਹਿੰਦੀ। ਜਦੋਂ ਉਹ ਥੱਕ ਜਾਂਦੀ ਤਾਂ ਉਸੇ ਮੰਜੀ ਤੇ ਲੰਮੀ ਹੋ ਕੇ ਝਪਕੀ ਵੀ ਲੈ ਲੈਂਦੀ। ਇਹ ਇਕ ਕਾਲੇ ਰੰਗ ਦੀ ਖੁਲ੍ਹੇ ਮੂੰਹ ਮੁਹਾਂਦਰੇ ਵਾਲੀ, ਗੋਲ ਚਿਹਰੇ ਅਤੇ ਮੋਟੇ ਹੱਥ-ਪੈਰਾਂ ਵਾਲੀ ਔਰਤ ਸੀ। ਉਹ ਅਪਣੇ ਵਸਮਾ ਕੀਤੇ ਕਾਲੇ ਵਾਲਾਂ ਦੀ ਗੁੱਤ ਕਰਕੇ ਰੱਖਦੀ ਅਤੇ ਅਕਸਰ ਛਾਪੇਦਾਰ ਕਮੀਜ਼ ਸਲਵਾਰ ਪਾਉਂਦੀ ਜਿਸ ਨਾਲ ਮੋਤੀਆਂ ਰੰਗ ਦਾ ਦੁਪੱਟਾ ਹੁੰਦਾ। ਉਹਦੇ ਕੱਪੜੇ ਅਕਸਰ ਲਿੱਬੜੇ ਹੋਏ ਤੇ ਵਟਾਂ ਵਾਲੇ ਹੁੰਦੇ।

ਪਮੀ ਦੀ ਮਾਂ ਦੇ ਸੱਤ ਬੱਚੇ ਸਨ ਤੇ ਸਾਰੇ ਜਿਉਂਦੇ ਸਨ। ਦੋ ਜੰਮਣ ਵੇਲੇ ਮਰ ਗਏ ਸਨ ਅਤੇ ਇਕ ਜਦੋਂ ਤਿੰਨ ਕੁ ਮਹੀਨੇ ਦਾ ਸੀ। ਮਰਨ ਵਾਲੇ ਤਿੰਨੇ ਬੱਚੇ ਮੁੰਡੇ ਸਨ। ਹੁਣ ਉਹਦੇ ਪੰਜ ਧੀਆਂ ਤੇ ਦੋ ਮੁੰਡੇ ਸਨ। ਪਮੀ ਸਭ ਤੋਂ ਵੱਡੀ ਧੀ ਸੀ ਅਤੇ ਇਸ ਕਰਕੇ ਜਿਵੇਂ ਕੰਜਰਾਂ ਵਿਚ ਰਿਵਾਜ ਹੁੰਦਾ

ਹੈ, ਉਸ ਦੀ ਮਾਂ ਦਾ ਨਾਂ 'ਪਮੀ ਦੀ ਮਾਂ' ਪੈ ਗਿਆ ਸੀ। ਉਹ ਦਾ ਵੱਡਾ ਮੁੰਡਾ ਪਮੀ ਨਾਲੋਂ ਦੋ ਸਾਲ ਵੱਡਾ ਸੀ ਪਰ ਕਿਉਂਕਿ ਬੱਚਿਆਂ ਵਿਚੋਂ ਇਥੇ ਕੁੜੀਆਂ ਦੀ ਵੱਧ ਅਹਿਮੀਅਤ ਹੁੰਦੀ ਏ ਇਸ ਲਈ ਮਾਂ ਦਾ ਨਾਂ ਕੁੜੀ ਦੇ ਨਾਂ ਨਾਲ ਜੋੜ ਕੇ ਹੀ ਲਿਆ ਜਾਂਦਾ ਏ।

ਉਹ ਦਾ ਵੱਡਾ ਮੁੰਡਾ ਚੌਦਾਂ ਕੁ ਸਾਲ ਦੀ ਉਮਰ ਵਿਚ ਹੀ ਘਰੋਂ ਨਿੱਕਲ ਗਿਆ ਕਿਉਂਕਿ ਉਸ ਨੂੰ ਅਪਣੇ ਜੀਵਨ ਦੀ ਸੋਝੀ ਸੀ। ਪਮੀ ਦੀ ਮਾਂ ਨੇ ਮੈਨੂੰ ਦੱਸਿਆ ਕਿ ਉਹ ਮੁੰਡਾ ਬੜਾ ਸਿਆਣਾ ਸੀ। ਘਰ ਦੇ ਨਿੱਕੇ ਮੋਟੇ ਕੰਮ ਕਰਦਾ, ਸਾਰਾ ਦਿਨ ਘਰ ਤੋਂ ਦੁਕਾਨਾਂ ਤੇ ਅਤੇ ਦੁਕਾਨਾਂ ਤੋਂ ਘਰ ਨੂੰ ਭੱਜਦਾ ਫਿਰਦਾ ਵੱਡਾ ਹੋਇਆ ਸੀ। ਉਹ ਗਾਹਕਾਂ ਲਈ ਮਾਚਸਾਂ, ਸਿਗਰਟਾਂ ਅਤੇ ਨਾਸ਼ਤਾ ਆਦਿ ਲੈ ਕੇ ਆਉਂਦਾ, ਉਨ੍ਹਾਂ ਦੇ ਵੱਡੇ ਨੋਟ ਤੁੜਾ ਕੇ ਲਿਆਉਂਦਾ, ਮਾਂ ਲਈ ਪਾਨ ਲਿਆਉਂਦਾ, ਮਹਿਮਾਨਾਂ ਲਈ ਚਾਹ ਲਿਆਉਂਦਾ। ਉਹ ਸਮਾਨ ਦੀ ਮੁਰੰਮਤ ਕਰਵਾਉਂਦਾ, ਭੈਣਾਂ ਲਈ ਗਾਣਿਆਂ ਦੀਆਂ ਕੈਸਿਟਾਂ ਲਿਆਉਂਦਾ, ਜੇ ਉਨ੍ਹਾਂ ਨੂੰ ਸੰਗੀਤ ਚੰਗਾ ਨਾ ਲੱਗਦਾ ਤਾਂ ਬਦਲ ਕੇ ਲਿਆਉਂਦਾ। ਮਾਂ ਦਾ ਸੁਨੇਹਾ ਸਾਜ਼ਿੰਦਿਆਂ ਕੋਲ ਲੈ ਕੇ ਜਾਂਦਾ, ਆਦਿ ਆਦਿ ਕੰਮ ਨੱਠ-ਨੱਠ ਕੇ ਕਰਦਾ ਹੁੰਦਾ ਸੀ। ਸ਼ਾਇਦ ਉਹ ਇਸ ਸਭ ਕਾਸੇ ਵਿਚ ਅਪਣਾ ਭਵਿੱਖ ਨਹੀਂ ਵੇਖਦਾ ਸੀ ਪਰ ਉਸ ਦਾ ਜੀਵਨ ਉੱਕਾ ਹੀ ਨੀਰਸ ਨਹੀਂ ਸੀ। ਪਮੀ ਦੀ ਮਾਂ ਨੇ ਮੈਨੂੰ ਦੱਸਿਆ ਕਿ ਉਹ ਘਰ ਸ਼ਾਇਦ ਇਸ ਲਈ ਛੱਡ ਗਿਆ ਕਿ ਕਿਸੇ ਰੂਹ ਨੇ ਉਸ ਤੋਂ ਇਹ ਕਰਵਾ ਦਿੱਤਾ। ਉਹ ਉਹਦੇ ਬਾਰੇ ਘੱਟ ਹੀ ਗੱਲ ਕਰਦੀ ਅਤੇ ਇਹੀ ਕਹਿੰਦੀ ਕਿ ਉਹ ਵੀ ਸ਼ਾਨੋ ਦੇ ਮੁੰਡੇ ਪੱਪੂ ਨਾਲ ਕੰਮ ਕਰਦਾ ਸੀ ਅਤੇ ਖੁਦ ਆਪਣੇ ਲਈ ਅਤੇ ਆਪਣੇ ਟੱਬਰ ਲਈ ਕੁਝ ਕਮਾ ਸਕਦਾ ਸੀ। ਸਾਫ ਸੀ ਕਿ ਪੱਪੂ ਇਕ ਵਿਚਲੇ ਦਰਜੇ ਦਾ ਦੱਲਾ ਸੀ ਜਿਹੜਾ ਆਪਣੀਆਂ ਭੈਣਾਂ ਅਤੇ ਹੋਰ ਗਵਾਂਢਣਾਂ ਦਾ ਸੌਦਾ ਕਰਦਾ ਹੁੰਦਾ ਸੀ।

ਇਸ ਨਿੱਕੇ ਜਿਹੇ ਘਰ ਵਿਚ ਪਮੀ ਰਾਜਕੁਮਾਰੀ ਵਾਂਗ ਸੀ। ਵੱਡੀ ਕੁੜੀ ਅਤੇ ਕੱਲੀ ਕਮਾਊ ਹੋਣ ਕਰਕੇ ਉਸਦੀ ਮਾਂ ਨੇ ਉਹਨੂੰ ਵਿਗਾੜ ਲਿਆ ਸੀ। ਮਾਂ ਵਾਂਗ ਹੀ ਉਹਦਾ ਵੀ ਭਾਰ ਵਧਣ ਲੱਗ ਪਿਆ ਸੀ ਅਤੇ ਉੱਨੀ ਸਾਲ ਦੀ ਉਮਰ ਵਿਚ ਹੀ ਖਾਸੀ ਮੋਟੀ ਹੋ ਗਈ ਸੀ। ਇਸ ਵਿਚ ਸ਼ੱਕ ਨਹੀਂ ਕਿ ਇਸ ਉਮਰ ਵਿਚ ਸ਼ਾਹੀ ਮੁਹੱਲੇ ਦੀ ਵੇਸ਼ਵਾ ਆਪਣੇ ਧੰਦੇ ਦੇ ਪਿਛਲੇ ਅੱਧੇ ਸਮੇਂ ਵਿਚ ਜਾ ਪੁੱਜਦੀ ਏ। ਹੋ ਸਕਦਾ ਏ ਕਿ ਪਮੀ ਹੋਰ ਤਿੰਨ ਕੁ ਸਾਲ ਪੇਸ਼ਾ ਕਰਦੀ ਰਹੇ ਪਰ ਉਸ ਨੂੰ ਆਪਣੇ ਭਵਿੱਖ ਲਈ ਹੁਣੇ ਤੋਂ ਹੀ ਯੋਜਨਾ ਬਣਾਉਣੀ ਪੈਣੀ ਸੀ। ਦੋਵੇਂ ਦੂਜੀਆਂ ਭੈਣਾਂ, 17 ਅਤੇ 14 ਸਾਲ ਦੀਆਂ ਭਰ ਜੁਆਨ ਹੋ ਚੁੱਕੀਆਂ ਸਨ। ਪਰ ਇਸ ਆਮ ਜਿਹੇ ਘਰ ਨੂੰ ਦੇਖ ਕੇ ਇਹ ਨਹੀਂ ਲੱਗਦਾ ਸੀ ਕਿ ਇਸ ਟੱਬਰ ਦੀਆਂ ਪੰਜ ਕੁੜੀਆਂ ਨੇ। ਪਮੀ ਦੀ ਮਾਂ ਇਹਦਾ ਦੋਸ਼ ਮਾੜੀ ਕਿਸਮਤੀ ਤੇ ਧਰਦੀ ਸੀ।

ਇਸ ਵਾਰੀ ਮੈਂ ਦਸ ਕੁ ਦਿਨ ਲਈ ਲਾਹੌਰ ਰੁਕੀ। ਮੈਂ ਪਹਿਲੀ ਹੀ ਬਾਦ ਦੁਪਹਿਰ ਨੂੰ ਇਕ ਬੰਦੇ ਨੂੰ ਮਿਲਣ ਗਈ ਜੋ ਪਮੀ ਦੀ ਹੀ ਇਮਾਰਤ ਵਿਚ ਰਹਿੰਦਾ ਸੀ। ਉਹਦੇ ਇਕ ਸ਼ਗਿਰਦ ਨੇ ਮੈਨੂੰ ਦੱਸਿਆ ਕਿ ਉਹ ਕਿਤੇ ਗਿਆ ਹੋਇਆ ਏ ਤੇ ਛੇਤੀ ਹੀ ਮੁੜ ਆਏਗਾ। ਉਹਦੇ ਘਰ ਨੂੰ ਤਾਲਾ ਵੱਜਾ ਹੋਇਆ ਸੀ। ਮੈਂ ਪਹਿਲਾਂ ਕਦੇ ਵੀ ਤਾਲਾ ਲੱਗੇ ਘਰ ਦੇ ਬਾਹਰ ਨਹੀਂ ਖੜੀ ਸਾਂ ਕਿਉਂਕਿ ਲੋਕ ਆਲੇ ਦੁਆਲੇ ਝਾਕਦੇ ਫਿਰਦੇ ਰਹਿੰਦੇ ਹਨ। ਮੈਂ ਉਸ ਨਾਲ ਆਪਣੇ ਅਗਲੇ ਦਸ ਦਿਨਾਂ ਲਈ ਮੁਹੱਲੇ ਬਾਰੇ ਯੋਜਨਾ ਬਣਾਉਣੀ ਸੀ ਇਸ ਲਈ ਮੈਂ ਇੰਤਜ਼ਾਰ ਕਰਨ ਲੱਗੀ।

ਕਿਉਂਕਿ ਮੇਰੇ ਪਾਸ ਕੁਝ ਵਿਹਲ ਸੀ ਇਸ ਲਈ ਮੈਂ ਸੋਚਿਆ ਕਿ ਚਲੋ ਗੁਆਂਢੀਆਂ ਨਾਲ ਦੋਸਤੀ ਕੀਤੀ ਜਾਏ। ਮੈਂ ਹੋਰ ਲੋਕਾਂ ਦੇ ਕੋਠਿਆਂ ਤੇ ਕਈ ਵਾਰੀ ਪਮੀ ਨੂੰ ਮਿਲ ਚੁੱਕੀ ਸਾਂ ਪਰ ਉਹਦੇ ਘਰ ਜਾ ਕੇ ਢੰਗ ਨਾਲ ਕਦੀ ਨਹੀਂ ਮਿਲੀ ਸਾਂ।

ਮੈਂ ਤੇ ਪਮੀ ਦੀ ਮਾਂ ਦਾ ਤਾਅਰੁੱਫ ਤਾਂ ਸੀ ਪਰ ਅਸੀਂ ਬੈਠ ਕੇ ਬਹੁਤੀਆਂ ਗੱਲਾਂ ਨਹੀਂ ਸਨ ਕੀਤੀਆਂ ਕਦੀ। ਜਦੋਂ ਮੈਂ ਪਮੀ ਦੀ ਰਿਹਾਇਸ਼ ਵਾਲੇ ਕਮਰਿਆਂ ਵਿਚ ਪੁੱਜੀ ਮੈਂ ਵੇਖਿਆ ਕਿ ਪਮੀ ਦੀ ਮਾਂ ਮੰਜੀ ਤੇ ਬੈਠੀ ਸਬਜ਼ੀ ਕੱਟ ਰਹੀ ਸੀ। ਉਹਦੀਆਂ ਕੱਛਾਂ ਮੁੜ੍ਹਕੇ ਨਾਲ ਭਿੱਜੀਆਂ ਪਈਆਂ ਸਨ। ਉਹਨੇ ਅਪਣਾ ਸਿਰ ਹੇਠਾਂ ਹੀ ਰੱਖਿਆ ਅਤੇ ਸਿਰਫ ਅੱਖਾਂ ਚੁੱਕ ਕੇ ਮੇਰੇ ਵੱਲ ਦੇਖਿਆ ਪਰ ਉਹ ਦੇ ਚਿਹਰੇ ਦੇ ਭਾਵ ਬਿਲਕੁਲ ਨਹੀਂ ਬਦਲੇ। ਮੈਂ ਮਹਿਸੂਸ ਕੀਤਾ ਜਿਵੇਂ ਮੈਂ ਇਕ ਦਰਿਆਈ ਘੋੜੇ ਦੇ ਕੋਲ ਜਾ ਰਹੀ ਹੋਵਾਂ ਜੋ ਮੈਨੂੰ ਦੇਖ ਰਿਹਾ ਹੋਏ ਪਰ ਉਸ ਦੀਆਂ ਸਿਰਫ਼ ਅੱਖਾਂ ਹੀ ਮੇਰੇ ਨਾਲ-ਨਾਲ ਚੱਲ ਰਹੀਆਂ ਹੋਣ। ਮੈਂ ਵਿਹੜੇ ਵਿਚ ਬੈਠੇ ਲੋਕਾਂ ਨੂੰ ਸਲਾਮ ਕੀਤੀ ਅਤੇ ਸਿੱਧੀ ਉਸ ਵੱਲ ਨੂੰ ਹੋ ਲਈ। ਉਹਨੂੰ ਮਜਬੂਰ ਹੋ ਕੇ ਸਿਰ ਚੁੱਕਣਾ ਪਿਆ ਤੇ 'ਵਾਲੇਕੁਮ ਸਲਾਮ' ਕਹਿਣੀ ਪਈ। ਮੈਂ ਉਹਨੂੰ ਦੱਸਿਆ ਕਿ ਮੈਂ ਉਹਦੇ ਗੁਆਂਢੀ ਨੂੰ ਮਿਲਣ ਆਈ ਸੀ ਪਰ ਮੈਨੂੰ ਉਸ ਦਾ ਇੰਤਜ਼ਾਰ ਕਰਨਾ ਪੈਣਾ ਸੀ। ਮੂੰਹੋਂ ਕੁਝ ਬੋਲੇ ਬਿਨਾਂ ਉਹਨੇ ਚਾਕੂ ਨਾਲ ਮੰਜੇ ਤੇ ਖਿੰਡੀ ਸਬਜ਼ੀ ਇਕੱਠੀ ਕੀਤੀ ਅਤੇ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ। ਮੈਂ ਉਹਦੇ ਨੇੜੇ ਹੀ ਬਹਿ ਗਈ। ਗਰਮੀ ਅਤੇ ਸ਼ੋਰ ਸ਼ਰਾਬਾ ਬਹੁਤ ਸੀ। ਵਿਹੜੇ ਵਿਚ ਇਕ ਮੁੰਡਾ ਕੁੜੀ ਖੇਡ ਰਹੇ ਸਨ। ਦੋ ਹੋਰ ਕੁੜੀਆਂ ਇਕ ਮੰਜੀ ਤੇ ਬੈਠੀਆਂ ਸਨ ਤੇ ਨੇੜੇ ਹੀ ਇਕ ਕੁੜੀ ਕੱਪੜੇ ਧੋ ਰਹੀ ਸੀ। ਪੰਮੀ ਨੇ ਆਪਣੀ ਮੰਜੀ ਕਮਰੇ ਦੇ ਦਰਵਾਜ਼ੇ ਦੇ ਨੇੜੇ ਖਿੱਚ ਲਈ ਸੀ।

ਮੈਂ ਪਮੀ ਬਾਰੇ ਪੁੱਛਿਆ ਤੇ ਉਹਨੇ ਜਵਾਬ ਦਿੱਤਾ ਕਿ ਉਹ ਕੰਮ ਤੇ ਗਈ ਹੋਈ ਏ। ਮੈਂ ਉਹਦੀ ਖੁਲ੍ਹਦਿਲੀ ਦੀ ਦਿਲੀ ਦਾਦ ਦਿੱਤੀ ਅਤੇ ਥੋੜ੍ਹਾ ਬਹੁਤ ਆਪਣੇ ਬਾਰੇ ਦੱਸਣ ਲੱਗੀ ਤਾਂ ਕਿ ਉਹ ਇਹ ਦੇਖ ਕੇ ਹੈਰਾਨੀ ਨਾ ਕਰੇ ਕਿ ਮੈਂ ਇਥੇ ਕੀ ਕਰ ਰਹੀ ਹਾਂ। ਉਹਨੇ ਵੱਡੇ ਸਾਰੇ ਚਾਕੂ ਵਾਲਾ ਅਪਣਾ ਹੱਥ ਚੁੱਕਿਆ ਤੇ ਮੈਨੂੰ ਚੁੱਪ ਕਰਨ ਦਾ ਇਸ਼ਾਰਾ ਕੀਤਾ।

'ਲੈ ਮੈਂ ਨਹੀਂ ਤੈਨੂੰ ਜਾਣਦੀ?', ਉਹ ਬੋਲੀ, 'ਪੂਰਾ ਜਾਣਦੀ ਹਾਂ। ਇੱਥੇ ਦਾ ਹਰ ਕੋਈ ਤੈਨੂੰ ਜਾਣਦਾ ਏ।'

ਮੈਂ ਰਤਾ ਕੁ ਛਿੱਥੀ ਜਿਹੀ ਪੈ ਗਈ ਤੇ ਜਵਾਬ ਦਿੱਤਾ, 'ਹਾਂ! ਮੈਂ ਤਾਂ ਤੈਨੂੰ ਜਾਣਦੀ ਹਾਂ ਪਰ ਮੈਨੂੰ ਨਹੀਂ ਸੀ ਪੱਕਾ ਪਤਾ ਕਿ ਤੂੰ ਵੀ ਮੈਨੂੰ ਜਾਣਦੀ ਏਂ ਕਿ ਨਹੀਂ।'

ਮੇਰੀਆਂ ਅੱਖਾਂ ਸਾਮ੍ਹਣੇ ਚਾਕੂ ਹਿਲਾਉਂਦੀ ਹੋਈ ਉਹ ਬੋਲੀ, 'ਤੂੰ ਇਸਲਾਮਾਬਾਦ ਤੋਂ ਸਾਡੇ ਘਰ ਫੋਨ ਨਹੀਂ ਕਰਦੀ ਰਹਿੰਦੀ?'

ਮੈਨੂੰ ਉਹਦੇ ਸਖਤ ਚਿਹਰੇ ਤੇ ਮੁਸਕਾਨ ਦਿਖਾਈ ਦਿੱਤੀ ਤੇ ਮੈਂ ਬੋਲੀ, ਹਾਂ! ਤੇਰੇ ਬੱਚੇ ਮੇਰੇ ਸੁਨੇਹੇ ਪੁਚਾਉਣ ਲਈ ਬੜੀ ਮਦਦ ਕਰਦੇ ਰਹੇ ਨੇ।'

ਚੀਰਨ ਲਈ ਹੋਰ ਸਬਜ਼ੀ ਇਕੱਠੀ ਕਰਦੀ ਹੋਈ ਉਹ ਬੋਲੀ, 'ਹਾਂ ਮੇਰੇ ਖਾਸੇ ਨਿਆਣੇ ਨੇ। ਚੰਗਾ ਏ ਉਹ ਕਿਸੇ ਕੰਮ ਤਾਂ ਆਉਂਦੇ ਨੇ।'

'ਤੇਰੇ ਪੰਜ ਧੀਆਂ ਨੇ', ਮੈਂ ਬੋਲੀ, 'ਤੂੰ ਖਦ ਨੂੰ ਖੁਸ਼ਕਿਸਮਤ ਔਰਤ ਨਹੀਂ ਸਮਝਦੀ? ਇੱਥੋਂ ਦੇ ਲੋਕ ਤਾਂ ਮਸੀਤਾਂ ਤੇ ਮੰਨਤਾਂ ਕਰਦੇ ਫਿਰਦੇ ਨੇ ਕਿ ਉਨ੍ਹਾਂ ਦੇ ਕੁੜੀ ਹੋ ਜਾਏ।'

ਉਹਨੇ ਡੂੰਘਾ ਸਾਹ ਭਰਿਆ ਤੇ ਬੋਲੀ, 'ਹਾਂ, ਹਾਂ,... ਚੰਗੀ ਕਿਸਮਤ ਵੀ ਹੋਣੀ ਚਾਹੀਦੀ ਏ। ਸਿਰਫ ਕੁੜੀਆਂ ਹੋਣ ਨਾਲ ਤਾਂ ਕੁਝ ਨਹੀਂ ਹੁੰਦਾ।'

ਉਹਨੇ ਹੱਥ ਦੀ ਸਬਜ਼ੀ ਕੱਟੀ ਤੇ ਆਪਣੀ ਇਕ ਕੁੜੀ ਨੂੰ ਉੱਚੀ ਦੇ ਕੇ ਹਾਰ ਮਾਰੀ। ਇਵੇਂ ਲੱਗਾ ਜਿਵੇਂ ਉਹਦੇ ਗਲ ਵਿਚ ਧੁਤੂ ਫਿੱਟ ਕੀਤਾ ਹੋਇਆ ਸੀ। ਉਦੋਂ ਤੱਕ ਮੈਨੂੰ ਪਤਾ ਲੱਗ ਚੁੱਕਾ ਸੀ ਕਿ ਮੁਹੱਲੇ ਦੇ ਲੋਕਾਂ ਦੀ ਆਵਾਜ਼ ਬੜੀ ਉੱਚੀ ਹੁੰਦੀ ਏ ਕਿਉਂਕਿ ਉਨ੍ਹਾਂ ਨੂੰ ਮਾਈਕਰੋਫੋਨ ਤੋਂ ਬਿਨਾਂ ਗਾਉਣ ਦੀ ਆਦਤ ਹੁੰਦੀ ਏ ਪਰ ਇਸ ਦੀ ਆਵਾਜ਼ ਤਾਂ ਮੰਚ ਦੇ ਕਲਾਕਾਰ ਵਰਗੀ ਸੀ। ਉਸ ਨੇ ਕੁੜੀ ਨੂੰ ਕਿਹਾ ਕਿ ਚਾਕੂ ਅਤੇ ਸਬਜ਼ੀ ਲੈ ਜਾਏ। ਚਾਕੂ ਜਾਂਦਾ ਦੇਖ ਕੇ ਮੈਂ ਸੁਖ ਦਾ ਸਾਹ ਲਿਆ।

ਕੁੜੀ ਨੇ ਸਬਜ਼ੀ ਸਟੋਵ ਤੇ ਚਾੜ੍ਹ ਦਿੱਤੀ। ਇਹ ਥਾਂ ਵਿਹੜੇ ਵਿਚ ਉਸ ਥਾਂ ਦੇ ਨੇੜੇ ਹੀ ਸੀ ਜਿੱਥੇ ਕੁੜੀ ਕੱਪੜੇ ਧੋ ਰਹੀ ਸੀ। ਮੰਜੀ ਤੇ ਬੈਠੀਆਂ ਦੋਵੇਂ ਕੁੜੀਆਂ ਜੁੜ ਕੇ ਸਟੋਵ ਦੇ ਸਾਮ੍ਹਣੇ ਜਾ ਬੈਠੀਆਂ। ਉਹ ਇਕ ਦੂਜੀ ਦੇ ਖਾਸ ਹੀ ਨਜ਼ਦੀਕ ਲੱਗਦੀਆਂ ਸਨ। ਇਕ ਦਾ ਨਾਂ ਰੋਜ਼ੀ ਸੀ ਤੇ ਦੂਜੀ ਦਾ ਸੋਨੀ।

ਪਮੀ ਦੀ ਮਾਂ ਨੇ ਉੱਚੀ ਸਾਰੀ ਹੋਰ ਕੁਝ ਕਿਹਾ। ਮੈਨੂੰ ਇਹਦਾ ਅੱਧਾ ਕੁ ਹੀ ਸਮਝ ਪਿਆ ਪਰ ਲੱਗਾ ਕਿ ਇਹ ਬੱਚਿਆਂ ਨੂੰ ਚੁੱਪ ਰਹਿਣ ਦਾ ਆਦੇਸ਼ ਸੀ। ਪਰ ਸ਼ੋਰ ਰਤਾ ਵੀ ਨਾ ਘਟਿਆ। ਪਰ ਇਕ ਕੁੜੀ ਜ਼ਰੂਰ ਮੇਰੇ ਕੋਲ ਆਈ ਤੇ ਪੁੱਛਣ ਲੱਗੀ ਕਿ ਮੈਂ ਚਾਹ ਪਿਆਂਗੀ। ਜਿਵੇਂ ਆਦਤ ਸੀ ਮੈਂ ਨਾਂਹ ਕਰ ਦਿਤੀ ਅਤੇ ਉਨ੍ਹਾਂ ਨੇ ਮੇਰੇ ਲਈ ਦੁੱਧ ਲੈ ਆਂਦਾ। ਧੁਰ ਅੰਦਰੋਂ ਪੰਜਾਬੀ ਹੋਣ ਕਾਰਨ ਮੈਂ ਫੇਰ ਨਾਂਹ ਨਾ ਕਰ ਸਕੀ।

ਮੈਂ ਪਮੀ ਦੀ ਮਾਂ ਨੂੰ ਪੁੱਛਿਆ ਕਿ ਉਹਦੀਆਂ ਕੁੜੀਆਂ ਕਿਥੇ ਮੁਜਰਾ ਕਰਦੀਆਂ ਨੇ। ਉਹ ਇਮਾਰਤ ਦੇ ਪਿਛਲੇ ਹਿੱਸੇ ਵਿਚ ਰਹਿੰਦੀ ਸੀ ਜਿਸ ਦਾ ਰਾਹ ਨਿੱਕੀ ਜਿਹੀ ਡਿਉਢੀ ਵਿਚੋਂ ਸੀ। ਉੱਥੇ ਮੁਜਰੇ ਲਈ ਕੋਈ ਕਮਰਾ ਨਹੀਂ ਸੀ ਅਤੇ ਰਹਿਣ ਦੀ ਸਾਰੀ ਥਾਂ ਖੁਲ੍ਹੀ ਸੀ। ਕਿਤੇ ਇਕਾਂਤ ਨਹੀਂ ਸੀ। ਉਨ੍ਹਾਂ ਦੇ ਦੋ ਕਮਰੇ ਬੰਦਿਆਂ ਨਾਲ ਭਰੇ ਹੋਏ ਸਨ। ਉਹਨੇ ਜਵਾਬ ਦਿੱਤਾ, 'ਕਿਸੇ ਦੇ ਵੀ ਕੋਠੇ ਤੇ। ਜਿਵੇਂ ਸਮੇਂ ਦੀ ਲੋੜ ਹੋਏ। ਇਨ੍ਹੀਂ ਦਿਨੀਂ ਡੇਰੇਦਾਰ ਨਾਚੀਆਂ ਨੂੰ ਠੀਕ ਹਿੱਸਾ ਨਹੀਂ ਦਿੰਦੇ। ਜਦੋਂ ਅਸੀਂ ਇਕ ਤੋਂ ਅੱਕ ਜਾਂਦੀਆਂ ਹਾਂ ਤਾਂ ਦੂਜੇ ਦੇ ਚਲੀਆਂ ਜਾਂਦੀਆ ਹਾਂ।'

ਮੈਂ ਪੁੱਛਿਆ ਕਿ ਹਿੱਸੇ ਦੀ ਵੰਡ ਕਿਵੇਂ ਹੁੰਦੀ ਏ ਤੇ ਉਹ ਹੱਸ ਕੇ ਮੇਰੇ ਵੱਲ ਦੇਖਣ ਲੱਗੀ। ਸ਼ਾਇਦ ਇਹ ਮੇਰਾ ਸਵਾਲ ਬੜਾ ਸਿੱਧਾ ਹੋਣ ਕਾਰਨ ਸੀ। ਪਰ ਉਹ ਮੇਰੇ ਨਾਲ ਪਹਿਲਾਂ ਹੀ ਖੁਲ੍ਹੀ ਹੋਈ ਸੀ। ਮੈਂ ਉਹਦੇ ਨਾਲ ਹੀ ਹੱਸੀ ਤੇ ਬੋਲੀ, 'ਦਰਅਸਲ ਮੈਂ ਇਸ ਸਿਸਟਮ ਬਾਰੇ ਜਾਣਨਾ ਚਾਹੁੰਦੀ ਹਾਂ।'

'ਕੋਈ ਨਹੀਂ ਮੈਂ ਦੱਸ ਦਿਆਂਗੀ, ਪਰ ਅਜੇ ਨਹੀਂ।'

ਮੈਂ ਹੈਰਾਨ ਹੋ ਕੇ ਪੁੱਛਿਆ, 'ਪਰ ਕਦੋਂ?'

'ਜਦੋਂ ਤੂੰ ਅਪਣਾ ਦੁੱਧ ਮੁਕਾ ਲਏਂਗੀ।'

ਉਹਨੇ ਮੇਰੇ ਮੋਢੇ ਉੱਤੋਂ ਦੀ ਦੇਖਿਆ। ਮੈਂ ਵੀ ਗਰਦਨ ਘੁਮਾ ਕੇ ਦੇਖਿਆ ਤੇ ਮੇਰੇ ਪਿੱਛੇ ਉਹਦੀ ਕੁੜੀ ਦੋ ਗਿਲਾਸਾਂ ਵਿਚ ਦੁੱਧ ਲਈ ਖੜ੍ਹੀ ਸੀ। ਮੈਂ ਉਸ ਦਾ ਖਿਆਲ ਹੀ ਨਹੀਂ ਕੀਤਾ ਸੀ ਪਹਿਲਾਂ। ਅਸੀਂ ਸਾਰੇ ਹੱਸ ਪਏ। ਉਹਨੇ ਇਕ ਗਿਲਾਸ ਮੈਨੂੰ ਫੜਾਇਆ ਤੇ ਇਕ ਆਪਣੀ ਮਾਂ

ਨੂੰ, ਜਿਸਨੇ ਸਿੱਧਾ ਮੂੰਹ ਨੂੰ ਲਾ ਲਿਆ ਅਤੇ ਪਹਿਲੇ ਹੀ ਘੁੱਟ ਵਿਚ ਕਾਫੀ ਸਾਰਾ ਖਾਲੀ ਕਰ ਦਿੱਤਾ।

ਮੈਂ ਆਪਣੀ ਪਹਿਲੀ ਘੁੱਟ ਭਰੀ ਤੇ ਬੋਲੀ, 'ਹਾਂ ਫੇਰ?' ਉਹ ਫੇਰ ਹੱਸੀ, 'ਮੈਂ ਸੁਣਿਆ ਏਂ ਤੂੰ ਬਹੁਤ ਪੜ੍ਹੀ ਲਿਖੀ ਏਂ। ਇਹ ਬੜੀ ਹਾਸੇ ਦੀ ਗੱਲ ਏ ਕਿ ਤੂੰ ਮੈਨੂੰ ਕਹਿੰਦੀ ਏਂ ਕਿ ਮੈਂ ਤੈਨੂੰ ਕੁਝ ਦੱਸਾਂ।'

'ਬਿਲਕੁਲ', ਮੈਂ ਜਵਾਬ ਦਿੱਤਾ।

ਉਹ ਮੰਜੀ ਤੇ ਜ਼ਰਾ ਹੋਰ ਆਰਾਮ ਨਾਲ ਬਹਿ ਗਈ ਅਤੇ ਮੈਨੂੰ ਵੀ ਕਿਹਾ ਕਿ ਪੈਰ ਮੰਜੀ ਤੇ ਕਰਕੇ ਆਰਾਮ ਨਾਲ ਬਹਿ ਜਾਵਾਂ। ਫੇਰ ਉਹਨੇ ਕਹਿਣਾ ਸ਼ੁਰੂ ਕੀਤਾ।' ਮੁਜਰਾ ਖਤਮ ਹੋਣ ਤੇ ਜੋ ਕੁਝ ਆਇਆ ਹੁੰਦਾ ਏ ਉਹ ਇਕੱਠਾ ਕਰ ਲਿਆ ਜਾਂਦਾ ਏ। ਸਾਰੀਆਂ ਧਿਰਾ ਬਹਿ ਜਾਂਦੀਆਂ ਨੇ।

'ਧਿਰਾਂ ਤੋਂ ਮਤਲਬ?' ਮੈਂ ਪੁੱਛਿਆ।

'ਜ਼ਰਾ ਸਾਹ ਤਾਂ ਲੈ। ਪਹਿਲਾਂ ਮੈਂ ਅਪਣੀ ਗੱਲ ਮੁਕਾ ਲਵਾਂ।'

'ਠੀਕ ਏ! ਠੀਕ ਏ! ਹੁਣ ਨਹੀਂ ਮੈਂ ਬੋਲਾਂਗੀ,' ਮੈਂ ਵਾਅਦਾ ਕੀਤਾ।

ਉਹਨੇ ਗੱਲ ਜਾਰੀ ਰੱਖੀ, 'ਪਹਿਲਾਂ ਤਾਂ ਪੂਰੀ ਕਮਾਈ ਵਿਚੋਂ ਨਿਆਜ਼ ਕੱਢੀ ਜਾਂਦੀ ਏ। ਇਹ ਆਮ ਤੌਰ 25 ਫੀਸਦ ਹੁੰਦੀ ਏ। ਇਸ ਫੀਸਦ ਦਾ ਘੱਟ ਵੱਧ ਦਾ ਫੈਸਲਾ ਧਿਰਾਂ ਵਲੋਂ ਕੀਤਾ ਜਾ ਸਕਦਾ ਏ। ਫੇਰ ਬਾਕੀ ਬਚੇ ਦੇ ਦੋ ਅੱਧ ਕਰ ਲਏ ਜਾਂਦੇ ਨੇ। ਅੱਧਾ ਹਿੱਸਾ ਨਾਚੀਆਂ ਦਾ ਹੁੰਦਾ ਏ ਤੇ ਅੱਧਾ ਉਸਤਾਦਾਂ ਦਾ। ਪਰ ਡੇਰੇਦਾਰ ਹਰੇਕ ਵਿਚੋਂ ਹਿੱਸਾ ਲੈਂਦਾ ਏ। ਇਹ ਉਹਦਾ ਹੱਕ ਏ, ਸਮਝੀ?'

'ਹਾਂ ਤਕਰੀਬਨ। ਡੇਰੇਦਾਰ ਹੀ ਥਾਂ ਦਾ ਪ੍ਰਬੰਧ ਕਰਨ ਵਾਲਾ ਹੁੰਦਾ ਏ, ਠੀਕ?' ਮੈਂ ਬੋਲੀ। ਉਹਨੇ ਜਵਾਬ ਦਿੱਤਾ, 'ਹਾਂ।'

ਉਹਨੇ ਆਪਣੇ ਹੱਥ ਢਿੱਡ ਦੇ ਸਾਮ੍ਹਣੇ ਕੀਤੇ ਤੇ ਗਿਣਤੀ ਕਰਨ ਲੱਗੀ। ਉਹਨੇ ਦੋਵੇਂ ਹੱਥ ਸਾਮ੍ਹਣੇ ਕੀਤੇ ਹੋਏ ਸਨ ਜਿਵੇਂ ਉਨ੍ਹਾਂ ਵਿਚ ਪਾਣੀ ਸਾਂਭਿਆ ਹੋਇਆ ਹੋਵੇ ਅਤੇ ਬੋਲੀ, 'ਸੋਲਾਂ ਆਨੇ ਵਿਚੋਂ ਸਮਝ ਲੈ ਅਸੀਂ ਦੋ ਆਨੇ ਨਿਆਜ਼ ਦੇ ਕੱਢ ਲਏ ਤੇ ਬਾਕੀ ਬਚੇ ਚੌਦਾਂ ਆਨੇ। ਇਨ੍ਹਾਂ ਦੇ ਦੋ ਹਿੱਸੇ ਹੋ ਗਏ। ਅਤੇ ਉਹਨੇ ਅਪਣੇ ਦੋਵੇਂ ਹੱਥ ਅੱਡ ਕਰਕੇ ਹੋਏ ਕਿਹਾ, 'ਇਕ ਹਿੱਸਾ ਹੋ ਗਿਆ ਉਸਤਾਦਾਂ ਦਾ ਤੇ ਦੂਜਾ ਨਾਚੀਆਂ ਦਾ। ਡੇਰੇਦਾਰ ਹਰੇਕ ਤੋਂ ਇਕ ਇਕ ਹਿੱਸਾ ਲਏਗਾ।'

ਮੈਂ ਵਿਚੋਂ ਟੋਕਿਆ, 'ਮੇਰੇ ਡੇਰੇਦਾਰ ਦੇ ਹਿੱਸੇ ਦੀ ਸਮਝ ਨਹੀਂ ਪਈ, ਇਹ ਕਿਵੇਂ ਮਿੱਥਿਆ ਜਾਂਦਾ ਏ? ਜੇ ਸੌ ਰੁਪਏ ਉਸਤਾਦਾਂ ਦੇ ਹਿੱਸੇ ਆਏ ਤੇ ਸੌ ਰੁਪਏ ਨਾਚੀਆਂ ਦੇ ਤਾਂ ਡੇਰੇਦਾਰ ਨੂੰ ਕੀ ਮਿਲੇਗਾ।'

ਉਹਨੇ ਜਵਾਬ ਦਿੱਤਾ, 'ਜੇ ਤਿੰਨ ਨਾਚੀਆਂ ਹੋਣ ਤਾਂ ਸੌ ਰੁਪਏ ਦੇ ਚਾਰ ਹਿੱਸੇ ਹੋ ਜਾਣਗੇ। ਇਕ ਇਕ ਹਿੱਸਾ ਨਾਚੀਆਂ ਦਾ ਤੇ ਇਕ ਡੇਰੇਦਾਰ ਦਾ। ਇਸੇ ਤਰ੍ਹਾਂ ਜੇ ਚਾਰ ਸਾਜ਼ਿੰਦੇ ਨੇ ਤਾਂ ਉਨ੍ਹਾਂ ਸੌ ਰੁਪਈਆਂ ਦੇ ਪੰਜ ਹਿੱਸੇ ਹੋ ਜਾਣਗੇ, ਚਾਰ ਹਿੱਸੇ ਸੰਗੀਤਕਾਰਾਂ ਦੇ ਅਤੇ ਇਕ ਹਿੱਸਾ ਡੇਰੇਦਾਰ ਦਾ।'

'ਹੁਣ ਮੈਨੂੰ ਸਮਝ ਪਈ ਏ', ਮੈਂ ਖੁਸ਼ ਹੋ ਕੇ ਕਿਹਾ, ਇਸ ਤਰ੍ਹਾਂ ਇਹ ਪੈਸਾ ਨਾਚੀਆਂ, ਉਸਤਾਦਾਂ ਅਤੇ ਜਗ੍ਹਾ ਦਾ ਪ੍ਰਬੰਧ ਕਰਨ ਵਾਲੇ ਵਿਅਕਤੀ ਵਿਚਕਾਰ ਵੰਡਿਆ ਜਾਂਦਾ ਏ। ਪਰ ਕੀ

ਇਹ ਬੰਦਾ ਹਮੇਸ਼ਾ ਹੀ ਨਾਚੀ ਦੀ ਤਰਫ ਦਾ ਨਹੀਂ ਹੁੰਦਾ ਕਿਉਂਕਿ ਮੈਂ ਸਾਜ਼ਿੰਦੇ ਤਾਂ ਕੋਠੇ ਚਲਾਉਂਦੇ ਵੇਖੇ ਨਹੀਂ।'

ਉਹ ਬੋਲੀ, 'ਨਾਚੀਆਂ ਨੂੰ ਹਿੱਸਾ ਤਾਂ ਹੀ ਮਿਲਦਾ ਏ ਜੇ ਉਹ ਬਾਹਰ ਦੀਆਂ ਹੋਣ। ਤੇਰਾ ਕੀ ਖਿਆਲ ਏ ਡੇਰੇਦਾਰ ਨਾਚੀ ਦਾ ਹਿੱਸਾ ਆਪਣੀਆਂ ਹੀ ਕੁੜੀਆਂ ਵਿਚ ਵੰਡ ਦੇਣਗੇ? ਨਹੀਂ, ਡੇਰੇਦਾਰ ਇਹ ਪੈਸੇ ਵੀ ਰੱਖ ਲੈਂਦਾ ਏ ਤੇ ਨਿਆਜ਼ ਵੀ। ਫੇਰ ਇਹ ਡੇਰੇਦਾਰ ਦੀ ਜ਼ਮੀਰ ਤੇ ਨਿਰਭਰ ਕਰਦਾ ਏ। ਖੁਦਾ ਈ ਜਾਣਦਾ ਏ ! ਮੈਂ ਇਸ ਬਾਰੇ ਕੀ ਕਹਿ ਸਕਦੀ ਹਾਂ। ਪਰ ਇਨ੍ਹੀਂ ਦਿਨੀ ਕੁਝ ਡੇਰੇਦਾਰ ਠੱਗੀ ਵੀ ਕਰ ਜਾਂਦੇ ਨੇ ਤੇ ਸਾਰੇ ਪੈਸੇ ਹੀ ਹੜੱਪ ਜਾਂਦੇ ਨੇ।'

ਉਹ ਮੇਰੇ ਵੱਲ ਦੇਖ ਕੇ ਮੁਸਕੁਰਾਈ ਤੇ ਬੋਲੀ, 'ਹੁਣ ਤੂੰ ਖੁਸ਼ ਏਂ?'

ਆਮ ਤੌਰ ਤੇ ਪਮੀ ਦੀ ਮਾਂ ਦਾ ਸਾਥ ਦੋਸਤਾਨਾ ਔਰਤਾਂ ਵਾਲਾ ਨਹੀਂ ਸੀ, ਪਰ ਉਹ ਮੈਨੂੰ ਪਸੰਦ ਆਈ।

ਉਹ ਬੱਚਿਆਂ ਤੇ ਫੇਰ ਗਰਜੀ। ਇਸ ਗਰਜ ਤੋਂ ਮੈਂ ਜੋ ਕੁਝ ਸਮਝ ਸਕੀ, ਅੱਧਾ ਕੁ ਦਰਜ਼ਨ ਗਾਲ੍ਹਾਂ ਨੂੰ ਛੱਡ ਕੇ, ਉਹ ਇਹ ਸੀ ਕਿ ਉਹਨੇ ਰੋਜ਼ੀ ਨੂੰ ਕਿਹਾ ਸੀ ਕਿ ਉਹ ਪਕੌੜੇ ਤਲ ਲਏ।

ਮੰਜੀ ਤੇ ਇਕੋ ਪਾਸੇ ਬੈਠੀ ਦੀਆਂ ਮੇਰੀਆਂ ਲੱਤਾਂ ਆਕੜ ਗਈਆਂ। ਮੈਂ ਪਾਸਾ ਬਦਲ ਕੇ ਫੇਰ ਉਹਨੂੰ ਪੁੱਛਿਆ, 'ਇਹ ਕਮਰਾ ਕਿਸ ਲਈ ਏ?' ਮੈਂ ਤੀਜੇ ਕਮਰੇ ਵੱਲ ਇਸ਼ਾਰਾ ਕਰ ਕੇ ਪੁੱਛਿਆ ਜਿਸ ਤੇ ਪੁਰਾਣੀ ਕਿਸਮ ਦੇ ਕੁੰਡੇ ਨੂੰ ਵੱਡਾ ਸਾਰਾ ਜੰਦਰਾ ਲੱਗਾ ਹੋਇਆ ਸੀ।

ਉਹਨੇ ਜਵਾਬ ਦਿੱਤਾ, 'ਇਸ ਕਮਰੇ ਦੀ ਡੇਰੇਦਾਰ ਮੈਂ ਹਾਂ। ਮੈਂ ਇਮਾਰਤ ਦੇ ਸਾਮ੍ਹਣੇ ਹਿੱਸੇ ਵਿਚ ਕੋਈ ਚੰਗੀ ਮੁਜਰੇ ਵਾਲੀ ਥਾਂ ਆਪਣੀ ਲੈਣ ਜੋਗੀ ਤਾਂ ਨਹੀਂ ਸੀ ਪਰ ਇਕ ਛੋਟੇ ਕਮਰੇ ਦਾ ਭਾੜਾ ਮੈਂ ਦੇ ਸਕਦੀ ਸਾਂ ਜੋ ਛੋਟੀਆਂ-ਮੋਟੀਆਂ ਵੇਸਵਾਵਾਂ ਰਾਤ ਨੂੰ ਵਰਤਣ ਲਈ ਲੈ ਲੈਂਦੀਆਂ ਨੇ। ਆਮ ਤੌਰ ਤੇ ਸਾਡੇ ਕੋਲ ਗਾਹਕ ਨੂੰ ਲੈ ਜਾਣ ਦੀ ਥਾਂ ਨਹੀਂ ਹੁੰਦੀ, ਇਸ ਲਈ ਉਹ ਇਹ ਕਮਰਾ ਭਾੜੇ ਤੇ ਲੈ ਲੈਂਦੀਆਂ ਨੇ। ਇਹ ਸੰਗੀਤ ਲਈ ਨਹੀਂ ਏ। ਤੂੰ ਵੇਖ ਹੀ ਲਿਆ ਹੋਣਾ ਏਂ ਇਸ ਦਾ ਮੂਹਰਲਾ ਦਰਵਾਜ਼ਾ ਨਹੀਂ ਹੈ ਇਸ ਲਈ ਇਹ ਸਿਰਫ ਪੇਸ਼ੇ ਲਈ ਏ।' ਮੈਂ ਪੁੱਛਿਆ, ''ਮੈਂ ਵੇਖ ਸਕਦੀ ਹਾਂ ਇਸਨੂੰ?' ਉਹਨੇ ਜਵਾਬ ਦਿੱਤਾ, 'ਫੇਰ ਕਿਸੇ ਦਿਨ ਸਹੀ।'

ਮੈਂ ਉਤਸੁਕਤਾ ਨਾਲ ਪੁੱਛਿਆ, ਫੇਰ ਤੂੰ ਇਸਦਾ ਕੀ ਭਾੜਾ ਲੈਂਦੀ ਏਂ?'

ਉਹ ਉੱਚੀ ਸਾਰੀ ਹੱਸੀ ਤੇ ਸਾਰੇ ਬੱਚੇ ਉਸ ਵੱਲ ਦੇਖਣ ਲੱਗ ਪਏ। ਉਨ੍ਹਾਂ ਨੇ ਸ਼ਾਇਦ ਸਾਲਾਂ ਤੋਂ ਅਪਣੀ ਮਾਂ ਨੂੰ ਹੱਸਦੇ ਨਹੀਂ ਵੇਖਿਆ ਸੀ।

'ਤੂੰ ਜਗਿਆਸਾ ਅਤੇ ਸਵਾਲਾਂ ਦੀ ਭਰੀ ਪਈ ਏਂ...ਇਕ ਬੱਚੇ ਦੀ ਤਰ੍ਹਾਂ!' ਮੈਂ ਵੀ ਮੁਸਕੁਰਾਈ ਤੇ ਜਵਾਬ ਦਾ ਇੰਤਜ਼ਾਰ ਕਰਨ ਲੱਗੀ। ਆਖਰ ਉਹ ਬੋਲੀ, 'ਰੁਪਏ ਦੇ ਦਸ ਪੈਸੇ।'

'ਦਸ ਫੀਸਦ ਹੋਇਆ ਫੇਰ, ਤੇ ਉਹ ਵੇਸਵਾ ਇਸ ਕਮਰੇ ਨੂੰ ਕਿੰਨੀ ਦੇਰ ਲਈ ਵਰਤਦੀ ਏ?' ਮੈਂ ਪੁੱਛਿਆ।

ਉਸੇ ਵੇਲੇ ਉਸਤਾਦ ਗਾਮਾਂ ਦੇ ਇਕ ਸ਼ਗੀਰਦ ਰੂਬਾ ਦੀ ਭਾਰੀ ਅਵਾਜ਼ ਸੁਣਾਈ ਦਿੱਤੀ ਜੋ ਮੈਨੂੰ ਦੱਸ ਰਿਹਾ ਸੀ ਕਿ ਉਸਤਾਦ ਆ ਗਿਆ ਏ। ਉਸ ਵੇਲੇ ਮੈਂ ਇਸ ਗੱਲ ਦੀ ਬਿਲਕੁਲ ਆਸਾਂ ਨਹੀਂ ਰੱਖ ਰਹੀ ਸੀ।

'ਤੂੰ ਜਾਹ!' ਮੈਂ ਕਿਹਾ, 'ਮੈਂ ਆਂਟੀ ਨਾਲ ਗੱਲਾ ਕਰਕੇ ਖੁਸ਼ ਹਾ। ਹੁਣ ਮੈਂ ਨਹੀਂ ਜਾਣਦੀ ਤੂੰ ਕੌਣ ਏਂ।'

ਮੇਰਾ ਖਿਆਲ ਸੀ ਸ਼ਾਇਦ ਇਹ ਗੱਲ ਪਮੀ ਦੀ ਮਾਂ ਨੂੰ ਵੀ ਪਸੰਦ ਆਈ ਸੀ ਕਿ ਮੈਂ ਫੌਰਨ ਹੀ ਉੱਠ ਕੇ ਨਹੀਂ ਤੁਰ ਗਈ। ਉਹਨੇ ਮੈਨੂੰ ਕਿਹਾ, ''ਅੱਜ ਤੂੰ ਸਾਡੇ ਨਾਲ ਹੀ ਰੋਟੀ ਖਾਈਂ।' ਮੈਂ ਮੰਨ ਗਈ ਅਤੇ ਸ਼ਾਮ ਦਾ ਸਮਾਂ ਮੈਂ ਉਹਦੇ ਅਤੇ ਉਹਦੀਆਂ ਕੁੜੀਆਂ ਨਾਲ ਗੱਲਾਂ ਕਰਦਿਆਂ ਬਿਤਾਇਆ, ਤੇ ਹੌਲੀ-ਹੌਲੀ ਮੈਂ ਖਾਸਾ ਕੁਛ ਸਿੱਖਿਆ।

# ਬੈਠਕ ਵਿਚ

ਮੈਂ ਬੈਠਕ ਵਿਚ ਬੈਠੀ ਦੋ ਸੰਗੀਤਕਾਰਾਂ ਦੀ ਇੰਟਰਵਿਊ ਲੈ ਰਹੀ ਸਾਂ ਜੋ ਆਪਸ ਵਿਚ ਭਰਾ ਸਨ। ਮੈਨੂੰ ਦੱਸਿਆ ਗਿਆ ਸੀ ਕਿ ਮੁਹੱਲੇ ਵਿਚ ਰਹਿ ਗਏ ਕੁਝ ਉਸਤਾਦਾਂ ਵਿਚੋਂ ਉਹ ਹੀ ਨੇ ਜੋ ਉਨ੍ਹਾਂ ਦੀ ਸਿਖਲਾਈ ਨੂੰ ਵਧੇਰੇ ਗੰਭੀਰਤਾ ਨਾਲ ਲੈਂਦੇ ਸਨ। ਉਨ੍ਹਾਂ ਨੇ ਦੱਸਿਆ ਕਿ ਉਹ ਸਿਰਫ ਉਨ੍ਹਾਂ ਸਗਿਰਦਾਂ ਨੂੰ ਲੈਂਦੇ ਨੇ ਜੋ ਸੰਗੀਤ ਸਿੱਖਣ ਬਾਰੇ ਗੰਭੀਰ ਹੋਣ ਅਤੇ ਜਿਨ੍ਹਾਂ ਦੇ ਪਰਿਵਾਰ ਵੀ ਉਨ੍ਹਾਂ ਨੂੰ ਸੰਗੀਤ ਦੀ ਸਿਖਲਾਈ ਦਿਵਾਉਣ ਲਈ ਗੰਭੀਰ ਹੋਣ। ਉਹ ਉਨ੍ਹਾਂ ਕੁੜੀਆਂ ਤੇ ਸਮਾਂ ਜ਼ਾਇਆ ਕਰਨ ਲਈ ਬਿਲਕੁਲ ਤਿਆਰ ਨਹੀਂ ਸਨ ਜੋ ਸਿਰਫ ਹੱਥ ਪੈਰ ਮਾਰਨੇ ਸਿੱਖ ਕੇ ਭਾਰਤੀ ਫਿਲਮਾਂ ਦੇ ਗਾਣਿਆਂ ਦੀ ਤਰਜ਼ ਤੇ ਮੁਜਰਾ ਕਰਨਾ ਚਾਹੁੰਦੀਆਂ ਸਨ।

ਵੱਡਾ ਭਰਾ ਅਸ਼ਰਫ ਅਲੀ ਬੋਲਿਆ, 'ਅਸੀਂ ਚਾਹੁੰਦੇ ਹਾਂ ਸਾਡੇ ਸਿਖਾਏ ਹੋਏ ਮੌਲਣ ਤੇ ਵਧਣ। ਹੁਣ ਤੱਕ ਤਾਂ ਸਾਡੇ ਤੇ ਖੁਦਾ ਦੀ ਮੇਹਰ ਏ। ਸਾਡੇ ਸ਼ਗਿਰਦ ਚੰਗਾ ਨਾਂ ਖੱਟ ਰਹੇ ਨੇ। ਉਸਦੇ ਭਰਾ ਉਸਮਾਨ ਅਲੀ ਨੇ ਅੱਗੇ ਗੱਲ ਤੋਰੀ, 'ਇਕ ਉਸਤਾਦ ਦਾ ਕੰਮ ਸਿਰਫ ਸੰਗੀਤ ਸਿਖਾਉਣਾ ਹੀ ਨਹੀਂ ਏ। ਉਨ੍ਹਾਂ ਨੇ ਆਪਣੇ ਸ਼ਗਿਰਦਾਂ ਦੀ ਜਾਣ-ਪਛਾਣ ਸਹੀ ਲੋਕਾਂ ਨਾਲ ਵੀ ਕਰਵਾਉਣੀ ਹੁੰਦੀ ਏ ਜਦੋਂ ਉਨ੍ਹਾਂ ਨੂੰ ਪੇਸ਼ਕਾਰੀ ਲਈ ਉਤਾਰਿਆ ਜਾਣਾ ਹੁੰਦਾ ਏ। ਉਸੇ ਨੇ ਉਨ੍ਹਾਂ ਨੂੰ ਖਾਸ ਤਰ੍ਹਾਂ ਦੇ ਗੀਤ ਸਿਖਾਉਣੇ ਹੁੰਦੇ ਨੇ ਅਤੇ ਦੱਸਣਾ ਹੁੰਦਾ, ਹੈ ਕਿ ਕਿਹੜੀ ਚੀਜ਼ ਕਿੱਥੇ ਸੁਣਾਈ ਜਾਏ।'

'ਅਸੀਂ ਇਸ ਨੂੰ ਸੰਗੀਤ ਦੇ ਕਸਬੀ ਸੰਸਾਰ ਵਿਚ ਉਸਨੂੰ ਪੁਚਾਉਣਾ ਆਖਦੇ ਹਾਂ।' ਅਸ਼ਰਫ ਨੇ ਕਿਹਾ।

ਮੈਂ ਸਹਿਜਤਾ ਨਾਲ ਪੁੱਛਿਆ ਕਿ ਕੀ ਉਨ੍ਹਾਂ ਦਾ ਇਸ ਤੋਂ ਭਾਵ ਕੋਠੇ ਤੇ ਵਿਭਿੰਨ ਗਾਹਕਾਂ ਲਈ ਗਾਉਣ ਤੋਂ ਹੈ ਤਾਂ ਅਸ਼ਰਫ ਨੇ ਜਵਾਬ ਦਿੱਤਾ, 'ਨਹੀਂ, ਮੈਂ ਪੇਸ਼ਕਾਰੀ ਦੇ ਕਸਬੀ ਸੰਸਾਰ ਦੀ ਗੱਲ ਕਰ ਰਿਹਾ ਹਾਂ, ਰੇਡੀਓ, ਟੈਲੀਵੀਜ਼ਨ ਅਤੇ ਫਿਲਮਾਂ।'

ਉਸਮਾਨ ਅਲੀ ਨੇ ਹੌਕਾ ਲਿਆ ਤੇ ਬੋਲਿਆ, 'ਭਾਵੇਂ ਕਿ ਸਮਾਂ ਬਦਲ ਗਿਆ ਏ ਪਰ ਮੁਹੱਲੇ ਦੀ ਪੇਸ਼ਕਾਰੀ ਦੇ ਪਹਿਲੂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਾਲਾਂਬੱਧੀ ਪਾਕਿਸਤਾਨ ਦੇ ਵਧੀਆ ਗਾਇਕ, ਅਦਾਕਾਰ, ਸੰਗੀਤਕਾਰ ਅਤੇ ਗੀਤਕਾਰ ਬਹੁਤੇ ਇਸੇ ਥਾਂ ਤੋਂ ਆਏ ਨੇ। ਪੇਸ਼ਾਵਰ ਜਿਸਮਫਰੋਸ਼ੀ ਨਾਲ ਜੁੜੀਆਂ ਇਸ ਇਲਾਕੇ ਦੀਆਂ ਪੇਸ਼ਕਾਰੀ ਕਲਾਵਾਂ ਦੀ ਵਖਰੀ ਰਵਾਇਤ ਅਤੇ ਸਮਾਜ ਵਿਚ ਆਪਣਾ ਮਹੱਤਵ ਏ। ਸਾਡੇ ਬਹੁਤੇ ਉਸਤਾਦ ਸੰਗੀਤਕਾਰ ਅਤੇ ਕਲਾਸਕੀ ਗਾਇਕ ਕਿਸੇ ਨਾ ਕਿਸੇ ਢੰਗ ਨਾਲ ਇਸ ਮੁਹੱਲੇ ਨਾਲ ਜੁੜੇ ਰਹੇ ਨੇ। ਉਨ੍ਹਾਂ ਦੇ ਘਰਾਣਿਆਂ ਨੇ ਅਪਣੀਆਂ ਸੰਗੀਤ ਰਵਾਇਤਾਂ ਨੂੰ ਕਾਇਮ ਰੱਖਿਆ ਏ, ਪਰ ਉਨ੍ਹਾਂ ਦੇ ਸ਼ਾਹੀ ਮੁਹੱਲੇ ਦੀਆਂ ਸਰਗਰਮੀਆਂ ਵਿਚ ਨੇੜਲੀ ਸ਼ਮੂਲੀਅਤ ਦੇ ਉਨ੍ਹਾਂ ਨੇ ਵਿਕਾਸ ਵਿਚ ਸਾਥ ਦਿੱਤਾ ਏ। ਇਸੇ ਤਰ੍ਹਾਂ ਉਹ ਸਾਲਾਂ ਤੋਂ ਪੇਸ਼ਕਾਰੀ ਦਾ ਇਕ ਮਿਆਰ ਕਾਇਮ ਰੱਖਣ ਵਿਚ ਸਫਲ ਰਹੇ

ਨੇ ਪਰ ਇਹ ਮਿਆਰ ਹੁਣ ਤੇਜ਼ੀ ਨਾਲ ਢੱਠ ਰਹੇ ਕਈ ਕੋਠਿਆਂ ਵਿਚ ਦਿਖਾਈ ਦਿੰਦਾ ਏ।'

ਅਸ਼ਰਫ ਅਲੀ ਨੇ ਕਹਿਣਾ ਜਾਰੀ ਰੱਖਿਆ, 'ਚੇਤੇ ਰਹੇ ਕਿ ਅਸੀਂ ਉਸਤਾਦ ਲੋਕ ਕੰਜਰ ਟੱਬਰਾਂ ਵਿਚੋਂ ਨਹੀਂ ਹਾਂ ਅਤੇ ਸਾਡਾ ਜਿਸਮਫਰੋਸ਼ੀ ਨਾਲ ਕੋਈ ਸਿੱਧਾ ਤਾਅਲੁਕ ਨਹੀਂ। ਅਸੀਂ ਬਾਜ਼ਾਰ ਦੇ ਸਿਰਫ ਸੰਗੀਤ ਪੱਖ ਵਿਚ ਹੀ ਸ਼ਾਮਲ ਹਾਂ। ਕਿਉਂ ਜੋ ਕਲਾਸਕੀ ਸੰਗੀਤ ਦਾ ਪੂਰਾ ਸੰਦਰਭ ਹੀ ਬਦਲ ਚੁੱਕਾ ਹੈ ਮੁਹੱਲੇ ਦੇ ਨਾਲ ਜੁੜਿਆ ਕਲੰਕ ਸਾਡੇ ਸਾਰਿਆਂ ਲਈ ਇਕ ਅਹਿਮ ਮੁੱਦਾ ਬਣਦਾ ਜਾ ਰਿਹਾ ਏ। ਕਈ ਬੱਚੇ ਤਾਂ ਇਹ ਸੋਚਣ ਲੱਗ ਪਏ ਹਨ ਕਿ ਮੁਹੱਲਾ ਰਹਿਣ ਲਈ ਹੁਣ ਇਕ ਆਦਰਯੋਗ ਥਾਂ ਨਹੀਂ ਰਹਿ ਗਿਆ ਏ ਇਸ ਲਈ ਉਹ ਚਾਹੁੰਦੇ ਨੇ ਕਿ ਉਨ੍ਹਾਂ ਦੇ ਬਜੁਰਗ ਉੱਥੋਂ ਉੱਠ ਕੇ ਕਰੀਮ ਪਾਰਕ ਜਾਂ ਵੱਸਣ (ਮੁਹੱਲੇ ਤੋਂ ਥੋੜਾ ਦੂਰ ਦਾ ਗਵਾਂਢ, ਪਰ ਟਕਸਾਲੀ ਦਰਵਾਜੇ ਤੋਂ ਬਾਹਰ)।

ਮੈਂ ਕਲਾਸਕੀ ਸੰਗੀਤ ਦੇ ਮਸ਼ਹੂਰ ਉਸਤਾਦ ਦਾ ਜ਼ਿਕਰ ਕੀਤਾ ਏ, ਮਰਹੂਮ ਜਨਾਬ ਉਸਤਾਦ ਅਮਾਨਤ ਅਲੀ ਖਾਨ, ਅਤੇ ਉਨ੍ਹਾਂ ਦੇ ਭਰਾ, ਉਸਤਾਦ ਫਤੇਹ ਅਲੀ ਖਾਨ, ਕਿ ਮੈਂ ਉਨ੍ਹਾਂ ਦੀ ਕਰੀਮ ਪਾਰਕ ਦੀ ਰਿਹਾਇਸ਼ ਤੇ ਉਨ੍ਹਾਂ ਕੋਲ ਗਈ ਸਾਂ। 'ਮੈਂ ਸਮਝਦੀ ਹਾਂ ਕਿ ਉਸਤਾਦ ਫਤੇਹ ਅਲੀ ਅਜੇ ਵੀ ਕਦੀ-ਕਦੀ ਮੁਹੱਲੇ ਦੇ ਅਪਣੇ ਸ਼ਗਿਰਦਾ ਨੂੰ ਮਿਲਣ ਆ ਜਾਂਦੇ ਨੇ।' ਮੈਂ ਪੁੱਛਿਆ।

'ਬਿਲਕੁਲ', ਉਸਮਾਨ ਅਲੀ ਨੇ ਹਾਮੀ ਭਰੀ, 'ਉਹ ਕਲਾਸਕੀ ਸੰਗੀਤ ਦੇ ਪਟਿਆਲਾ ਘਰਾਣੇ ਵਿਚੋਂ ਨੇ। ਉਨ੍ਹਾਂ ਨੇ ਕਲਾਸਕੀ ਸੰਗੀਤ ਦੀ ਉਹ ਰਵਾਇਤ ਕਾਇਮ ਰੱਖੀ ਏ, ਪਰ ਉਹ ਮੁਹੱਲੇ ਤੋਂ ਬਾਹਰ ਚਲੇ ਗਏ। ਉਨ੍ਹਾਂ ਦੇ ਛੋਟੇ ਭਰਾ ਹਮੀਦ ਅਲੀ ਅਤੇ ਉਸਤਾਦ ਅਮਾਨਤ ਅਲੀ ਪੁੱਤਰ, ਅਸਦ ਅਮਾਨਤ ਅਲੀ ਨੇ ਅਪਣੇ ਉਸਤਾਦਾਂ ਨਾਲ ਇਨਸਾਫ ਕੀਤਾ ਏ। ਦੋਵੇਂ ਹੀ ਅੱਛੇ ਕਲਾਸਕੀ ਪੇਸ਼ਕਾਰ ਹਨ। ਅਗਲੀ ਪੀੜ੍ਹੀ ਨੂੰ ਵੀ ਕਲਾਸਕੀ ਗੀਤਾਂ ਦੀ ਸਿਖਲਾਈ ਦਿੱਤੀ ਜਾ ਰਹੀ ਏ।'

ਉਸਮਾਨ ਅਲੀ ਨੇ ਦੱਸਿਆ ਕਿ ਉਸਤਾਦ ਬੜੇ ਗੁਲਾਮ ਅਲੀ ਖਾਂ ਵੀ ਸਪਰਦਾਰੀ ਸਨ, ਮਤਲਬ ਇਕ ਸਾਜ਼ਿੰਦੇ ਜੋ ਪਹਿਲਾਂ ਤਵਾਇਫ ਜਾਂ ਉੱਚੇ ਰੁਤਬੇ ਵਾਲੇ ਦਰਬਾਰੀਆਂ ਲਈ ਸੰਗੀਤ ਵਜਾਉਂਦੇ ਸਨ। ਉਹਨੇ ਅੱਗੇ ਕਹਿਣਾ ਜਾਰੀ ਰੱਖਿਆ, 'ਇਸ ਇਲਾਕੇ ਵਿਚ ਉਨ੍ਹਾਂ ਦੇ ਬੜੇ ਸ਼ਗਿਰਦ ਨੇ। ਮੇਰੇ ਲਈ ਤਾਂ ਜਿਹੜੇ ਸ਼ਗਿਰਦ ਅਪਣੇ ਉਸਤਾਦ ਦਾ ਨਾਂ ਰੋਸ਼ਨ ਰੱਖਦੇ ਨੇ ਉਹ ਇਕ ਦਾਤ ਨੇ। ਵਿਅਕਤੀਗਤ ਤੌਰ ਤੇ ਮੈਂ ਆਪਣੇ ਉਨ੍ਹਾਂ ਸ਼ਗਿਰਦਾਂ ਵਿਚ ਰਹਿਣਾ ਵਧੇਰੇ ਪਸੰਦ ਕਰਦਾ ਹਾਂ ਜਿਨ੍ਹਾਂ ਨੂੰ ਸੰਗੀਤ ਦੀ ਸਮਝ ਏ।'

'ਬਿਨਾਂ ਸ਼ੱਕ', ਮੈਂ ਸਹਿਮਤੀ ਜਤਾਈ, 'ਮੈਂ ਮਾਸਟਰ ਇਨਾਇਤ ਹੁਸੈਨ ਕੋਲ ਜਾਂਦੀ ਰਹੀ ਹਾਂ' ਉਨ੍ਹਾਂ ਬਾਰੇ ਵੀ ਮੈਂ ਇਹੀ ਮਹਿਸੂਸ ਕਰਦੀ ਹਾਂ। ਉਹ ਅਪਣੀਆਂ ਪ੍ਰਾਪਤੀਆਂ ਤੋਂ ਬੜੇ ਸੰਤੁਸ਼ਟ ਨੇ ਅਤੇ ਮੁਹੱਲੇ ਵਿਚ ਰਹਿਣ ਤੋਂ ਕੋਈ ਦਿੱਕਤ ਮਹਿਸੂਸ ਨਹੀਂ ਕਰਦੇ। ਉਹ ਕੂਚਾ ਸੇਠੀਆਂ ਵਿਚ ਟਿੱਬੀ ਥਾਣੇ ਦੇ ਨੇੜੇ ਰਹਿੰਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਇਸ ਮੁਹੱਲੇ ਦੇ ਨਜ਼ਦੀਕ ਇਸ ਲਈ ਆ ਗਏ ਸਨ ਕਿਉਂਕਿ ਇਹ ਕਸਬੀ ਤੌਰ ਤੇ ਉਨ੍ਹਾਂ ਨੂੰ ਵਧੇਰੇ ਮੁਆਫਿਕ ਸੀ।'

ਉਸਮਾਨ ਅਲੀ ਦੇ ਚਿਹਰੇ ਤੇ ਇਕ ਵੱਡੀ ਮੁਸਕਾਨ ਫੈਲ ਗਈ ਜਦੋਂ ਉਨ੍ਹਾਂ ਨੇ ਮਾਸਟਰ

ਇਨਾਇਤ ਹੁਸੈਨ ਦਾ ਨਾਂ ਸੁਣਿਆਂ।' ਮਾਸਟਰ ਇਨਾਇਤ ਇਸ ਉੱਚ ਦਰਜੇ ਦੀਆਂ ਧੁਨਾਂ ਬਣਾਉਂਦੇ ਸਨ ਕਿ ਉਨ੍ਹਾਂ ਦੀ ਪਾਕਿਸਤਾਨੀ ਫਿਲਮ ਜਗਤ ਵਿਚ ਕੋਈ ਬਰਾਬਰੀ ਨਹੀਂ ਕਰ ਸਕਿਆ। ਉਨ੍ਹਾਂ ਨੇ ਕਈ ਮਸ਼ਹੂਰ ਗੀਤਾਂ ਦੀ ਧੁਨ ਬਣਾਈ...''ਉਲਫਤ ਕੀ ਨਈ ਮੰਜ਼ਿਲ ਕੋ ਚਲਾ''[1] ''ਐ ਦਿਲ ਕਿਸੀ ਕੀ ਯਾਦ ਮੇਂ ਹੋਤਾ ਹੈ ਬੇਕਰਾਰ ਕਿਉਂ''[2]...।

ਅਸ਼ਰਫ ਅਲੀ ਨੇ ਅੱਗੇ ਜੋੜਿਆ, ''ਜਾਨੇ ਬਹਾਰਾਂ ਰਸ਼ਕੇ ਚਮਨ''[3] ਅਤੇ ''ਤਰਕੇ ਉਲਫਤ ਕਾ ਸਿਲਾ ਪਾ ਭੀ ਲੀਆ ਹੈ ਮੈਂ ਨੇ''[4] 'ਕਿਆ ਕਮਾਲ ਦੀ ਧੁਨ ਸੀ!'

ਉਸ ਦੇ ਪੇਸ਼ੇ ਦੌਰਾਨ ਬਣਾਈਆਂ ਧੁਨਾਂ ਤੇ ਗੀਤ ਸੁਣ ਕੇ ਅਸੀਂ ਨਸ਼ੇ ਨਾਲ ਝੂਮਣ ਲੱਗ ਪੈਂਦੇ ਸੀ।

ਉਮਮਾਨ ਅਲੀ ਨੇ ਕਹਿਣਾ ਜਾਰੀ ਰੱਖਿਆ, 'ਇੱਥੇ ਤਾਂ ਹੁਣ ਕੁਝ ਕੁ ਹੀ ਉਸਤਾਦ ਰਹਿੰਦੇ ਨੇ ਕਿਉਂਕਿ ਉਨ੍ਹਾਂ ਦੇ ਬੱਚੇ ਇਸ ਥਾਂ ਨੂੰ ਆਦਰਯੋਗ ਨਹੀਂ ਸਮਝਦੇ।'

'ਪਰ ਸਾਡਾ ਇੱਥੋਂ ਜਾਣ ਦਾ ਕੋਈ ਵਿਚਾਰ ਨਹੀਂ', ਅਸ਼ਰਫ ਹੱਸਿਆ, 'ਸਾਨੂੰ ਮਾਣ ਹੈ ਕਿ ਅਸੀਂ ਇਸ ਥਾਂ ਦਾ ਇਕ ਹਿੱਸਾ ਹਾਂ ਜੋ ਕਿ ਸੰਗੀਤ ਅਤੇ ਕਲਾ ਨਾਲ ਐਨੀ ਭਰਪੂਰ ਏ। ਇਹ ਪਾਕਿਸਤਾਨ ਦੇ ਚੋਟੀ ਦੇ ਕਲਾਕਾਰਾਂ ਦਾ ਜਨਮ ਸਥਾਨ ਏ। ਮੈਂ ਫਿਲਮ ਸਟੂਡੀਉਜ਼ ਵਿਚ ਤਿੰਨ ਚੋਟੀ ਦੇ ਗਾਇਕ ਪੇਸ਼ ਕੀਤੇ ਨੇ। ਇਕ ਉਸਤਾਦ ਲਈ ਕੀ ਇਹ ਵੱਡੇ ਮਾਣ ਦੀ ਗੱਲ ਨਹੀਂ?'

ਦੋ ਨੌਜਵਾਨ ਆਸ-ਪਾਸ ਘੁੰਮ ਰਹੇ ਸਨ ਤੇ ਮੈਂ ਨਹੀਂ ਜਾਣਦੀ ਸੀ ਕਿ ਉਹ ਹੈਲਪਰ ਹਨ, ਸ਼ਾਗਿਰਦ, ਸੰਗੀਤਕਾਰ ਜਾਂ ਨੌਕਰ। ਅਸ਼ਰਫ ਨੇ ਉਨ੍ਹਾਂ ਵਿਚੋਂ ਇਕ ਨੂੰ ਬੁਲਾਇਆ ਤੇ ਉਹਨੂੰ ਹਾਰਮੋਨੀਅਮ ਲੈ ਕੇ ਆਉਣ ਲਈ ਕਿਹਾ।

ਮੈਂ ਉਹਨੂੰ ਪੁੱਛਿਆ ਕਿ ਕੀ ਉਹ ਸਿਰਫ ਕੁੜੀਆਂ ਨੂੰ ਹੀ ਸਿਖਾਉਂਦੇ ਨੇ।'

ਉਹਨੇ ਜਵਾਬ ਦਿੱਤਾ, 'ਦਰਅਸਲ, ਇਸ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਪਰ ਤੈਨੂੰ ਪਤਾ ਹੀ ਏ ਕਿ ਅਸੀਂ ਕਿੱਥੇ ਰਹਿੰਦੇ ਹਾਂ। ਮੇਰੀਆਂ ਸਾਰੀਆਂ ਸ਼ਾਗਿਰਦ ਕੁੜੀਆਂ ਹੀ ਨੇ। ਮੈਂ ਖੁਦ ਧੁਨ ਬਣਾਉਂਦਾ ਹਾਂ ਅਤੇ ਗਾਣਾ ਸਿਖਾਉਣ ਲਈ ਸ਼ਾਗਿਰਦ ਲੈਂਦਾ ਹਾਂ ਨਾ ਕਿ ਸੰਗੀਤਕਾਰ ਜੋ ਸਾਜ ਸਿੱਖਣਾ ਚਾਹੁੰਦੇ ਹੋਣ। ਜੇ ਮੈਂ ਵੀ ਕੋਈ ਵਿਸ਼ੇਸ਼ ਸਾਜ ਸਿਖਾਉਂਦਾ ਹੁੰਦਾ ਤਾਂ ਮੇਰੇ ਕੋਲ ਮੁੰਡੇ ਵੀ ਆਉਂਦੇ।'

ਉਹਨੇ ਆਪਣੇ ਭਰਾ ਵੱਲ ਦੇਖਿਆ ਤੇ ਬੋਲਿਆ, 'ਤੁਹਾਡਾ ਕੀ ਖਿਆਲ ਏ ਉਸਮਾਨ ਸਾਹਿਬ?' ਉਸਮਾਨ ਹੱਸਿਆ ਤੇ ਬੋਲਿਆ, 'ਮੇਰੇ ਕੋਲ ਦੋ ਮੁੰਡੇ ਨੇ, ਬੜੇ ਨੌਜਵਾਨ। ਪਰ ਮੇਰੀਆਂ ਵੀ ਬਹੁਤੀਆਂ ਸ਼ਾਗਿਰਦ ਕੁੜੀਆਂ ਹੀ ਨੇ।'

ਹਾਰਮੋਨੀਅਮ ਆ ਗਿਆ ਤੇ ਅਸ਼ਰਫ ਅਲੀ ਦੇ ਮੂਹਰੇ ਰੱਖ ਦਿੱਤਾ ਗਿਆ। ਉਸੇ ਵੇਲੇ ਦੋ ਹੋਰ ਸੰਗੀਤਕਾਰ ਬੈਠਕ ਵਿਚ ਆ ਗਏ ਜਿਨ੍ਹਾਂ ਨੂੰ ਮੈਂ ਚੰਗੀ ਤਰ੍ਹਾਂ ਜਾਣਦੀ ਸਾਂ। ਅਸੀਂ ਗੈਰਰਸਮੀ ਦੁਆ-ਸਲਾਮ ਕੀਤੀ। ਉਹ ਅਸ਼ਰਫ ਕੋਲ ਬੇਨਤੀ ਕਰਨ ਆਏ ਸਨ ਕਿ ਉਨ੍ਹਾਂ ਦੀ ਵੀ ਸਟੂਡੀਉਜ਼ ਵਿਚ ਜਾਣ-ਪਛਾਣ ਕਰਵਾ ਦੇਣ ਤਾਂ ਕਿ ਕੰਮ ਮਿਲ ਸਕੇ। ਉਨ੍ਹਾਂ ਵਿਚੋਂ ਇਕ ਤਬਲਾ ਬੋਂਗੋ ਤੇ ਨਾਲ ਵਜਾਉਂਦਾ ਸੀ ਤੇ ਦੂਜਾ ਤਕਰੀਬਨ ਤਾਰ ਵਾਲੇ ਸਾਰੇ ਹੀ ਸਾਜ ਵਜਾ ਲੈਂਦਾ ਸੀ, ਪਰ ਉਹ ਸਿਤਾਰ ਸਭ ਤੋਂ ਵਧੀਆ ਵਜਾਉਂਦਾ ਸੀ।

ਆਖਰ ਜਦੋਂ ਅਸ਼ਰਫ ਅਲੀ ਕੁਝ ਵਜਾਉਣ ਲਈ ਤਿਆਰ ਹੋ ਰਿਹਾ ਸੀ ਤਾਂ ਇਕ ਸੰਗੀਤਕਾਰ ਰੂਬਾ ਮੇਰੇ ਵੱਲ ਝੁਕਿਆ ਤੇ ਪੁੱਛਣ ਲੱਗਾ, 'ਕੀ ਤੂੰ ਕਦੀ ਜੇਬੀ ਗਾਇਕ ਨੂੰ ਮਿਲੀ ਏਂ?'

ਮੈਂ ਗੱਲਾਂ ਸ਼ੁਰੂ ਕਰ ਕੇ ਅਸ਼ਰਫ ਅਲੀ ਦੇ ਗਾਣੇ ਵਿਚ ਵਿਘਨ ਨਹੀਂ ਪਾਉਣਾ ਚਾਹੁੰਦੀ ਸੀ। ਪਰ ਮੇਰੀ ਇਸ ਵਿਚ ਵੀ ਦਿਲਚਸਪੀ ਸੀ ਜੋ ਉਹ ਕਹਿ ਰਿਹਾ ਸੀ। ਮੈਂ ਨਾਂਹ ਕਹਿਣ ਲਈ ਸਿਰ ਹਿਲਾਇਆ।

ਰੂਬਾ ਉੱਚੀ ਸਾਰੀ ਬੋਲਿਆ, 'ਉਸਤਾਦ ਜੀ! ਤੁਸੀਂ ਅਜੇ ਡਾਕਟਰ ਸਾਹਿਬਾ ਨੂੰ ਅਪਣਾ ਸਭ ਤੋਂ ਨਿੱਕਾ ਸ਼ਾਗਿਰਦ ਨਹੀਂ ਮਿਲਾਇਆ?'

ਵਿਘਨ ਪਾਉਣ ਤੋਂ ਖਿਝ ਕੇ ਅਸ਼ਰਫ ਅਲੀ ਬੋਲਿਆ, 'ਫੇਰ! ਫੇਰ!' ਉਹ ਹੰਮਮਮ... ਤੋਂ ਸ਼ੁਰੂ ਹੋਇਆ ਤੇ ਫੇਰ ਸਿੱਧਾ ਕਹਿਣ ਲੱਗਾ 'ਇਹ ਗਜ਼ਲ ਮੇਰੀ ਆਪਣੀ ਏ।' ਮੈਂ ਦੇਖਿਆ ਇਹ ਬੜੀ ਸੋਹਣੀ ਸੀ, ਪਰ ਰੂਬਾ ਅਤੇ ਉਸਦੇ ਸਾਥੀ ਦੀ ਦਾਦ ਐਨੀ ਜ਼ਿਆਦਾ ਸੀ ਕਿ ਸਾਫ ਪਤਾ ਲੱਗਦਾ ਸੀ ਕਿ ਉਹ ਮਜ਼ਾਕ ਕਰ ਰਹੇ ਨੇ। ਗਜ਼ਲ ਤੋਂ ਬਾਦ ਭਰਾਵਾਂ ਨੇ ਮੈਨੂੰ ਕਿਹਾ ਕਿ ਕੀ ਮੈਂ ਉਨ੍ਹਾਂ ਨੂੰ ਕਿਸੇ ਹੋਰ ਦਿਨ ਉਨ੍ਹਾਂ ਦੀ ਇਕ ਸ਼ਾਗਿਰਦ ਦੇ ਘਰ ਮਿਲ ਸਕਦੀ ਹਾਂ। ਮੈਂ ਖੁਸ਼ੀ ਨਾਲ ਸਹਿਮਤ ਹੋ ਗਈ। ਇਹ ਖਾਸ ਕੰਜਰ ਟੱਬਰ ਮੁਹੱਲੇ ਦੇ ਸਭ ਤੋਂ ਪੁਰਾਣੇ ਨਿਵਾਸੀਆਂ ਵਿਚੋਂ ਸੀ। ਉਨ੍ਹਾਂ ਦੀ ਸ਼ਾਗਿਰਦ ਮੁੱਖ ਨਾਚੀ ਸੀ ਪਰ ਉਹ ਉਸ ਦੀ ਛੋਟੀ ਭੈਣ ਅੰਦਿਲਾ ਨੂੰ ਵੀ ਸਿਖਾ ਰਹੇ ਸਨ। ਦੋਹਾਂ ਕੁੜੀਆਂ ਤੋਂ ਉਨ੍ਹਾਂ ਨੂੰ ਬੜੀਆਂ ਆਸਾਂ ਸਨ।

ਅਚਾਨਕ ਅਸ਼ਰਫ ਬੋਲਿਆ, 'ਉਹ! ਅਸੀਂ ਤਾਂ ਇਸ ਵੇਲੇ ਸਟੂਡੀਉਜ਼ ਵਿਚ ਹੋਣਾ ਸੀ। ਵਜਾਹਤ ਅੱਤਰੇ (ਇਕ ਮਸ਼ਹੂਰ ਗੀਤਕਾਰ) ਸਾਡੀ ਇੰਤਜ਼ਾਰ ਕਰ ਰਿਹਾ ਹੋਣਾ ਏ। ਅਸੀਂ ਇਕੱਠੇ ਕੁਝ ਕਰ ਰਹੇ ਹਾਂ। ਫੇਰ ਅਸੀਂ ਮੈਡਮ ਦੇ ਘਰ ਜਾਵਾਂਗੇ, ਉਸ ਦੀ ਤਬੀਅਤ ਠੀਕ ਨਹੀਂ।'

ਉਸਦਾ ਮਤਲਬ ਮੈਡਮ ਨੂਰ ਜਹਾਂ ਤੋਂ ਸੀ, ਪਾਕਿਸਤਾਨੀ ਮਲਕਾਏ ਤਰੰਨੁਮ, ਜੋ ਉਸ ਵੇਲਾ ਜ਼ਿੰਦਾ ਸੀ। ਸਿਰਫ 'ਮੈਡਮ' ਕਹਿ ਦੇਣਾ ਹੀ ਕਾਫੀ ਸੀ ਕਿਉਂਕਿ ਹਰੇਕ ਸਮਝ ਜਾਂਦਾ ਸੀ ਕਿ ਕਿਸਦੀ ਗੱਲ ਹੋ ਰਹੀ ਏ। ਉਹ ਦੇਸ਼ ਦੀ ਮਸ਼ਹੂਰ ਗਾਇਕਾ ਸੀ।

ਉਨ੍ਹਾਂ ਦੇ ਜਾਣ ਤੋਂ ਬਾਦ ਰੂਬਾ ਤੇ ਜਾਜੀ ਹੱਸਣ ਲੱਗ ਪਏ। ਰੂਬਾ ਬੋਲਿਆ, ਡਾਕਟਰ ਫੌਜੀਆ ਮੈਂ ਵੀ ਇਜਾਜ਼ਤ ਚਾਹੁੰਦਾ ਹਾਂ ਕਿਉਂਕਿ ਮੈਂ ਜਾਵੇਦ ਸ਼ੇਖ (ਇਕ ਮਸ਼ਹੂਰ ਐਕਟਰ) ਨੂੰ ਮਿਲਣਾ ਏ। ਉਹ ਮਹੀਨੇ ਤੋਂ ਮਿਲਣ ਲਈ ਮੇਰੀ ਮਿੰਨਤ ਕਰ ਰਿਹਾ ਏ ਅਤੇ ਮੈਂ ਉਹਨੂੰ ਕਹਿ ਦਿੱਤਾ ਸੀ ਕਿ ਇਹ ਮਾਣ ਮੈਂ ਤੈਨੂੰ ਅੱਜ ਬਖਸ਼ ਦਿਆਂਗਾ।' ਜਾਜੀ ਦੰਦ ਕੱਢਣ ਲੱਗ ਪਿਆ, 'ਮੈਂ ਪ੍ਰਧਾਨ ਮੰਤਰੀ ਨੂੰ ਸਮਾਂ ਦੇਈ ਬੈਠਾ ਹਾਂ, ਪਰ ਤੇਰੇ ਕਰਕੇ ਮੈਂ ਇਹ ਰੱਦ ਕਰ ਦਿਆਂਗਾ। ਉਹ ਹੋਰ ਕਿਸੇ ਦਿਨ ਦਾ ਇੰਤਜ਼ਾਰ ਕਰ ਲਏਗਾ।'

ਅਸੀਂ ਸਾਰੇ ਹੱਸ ਪਏ ਮੈਂ ਛਿੱਥੀ ਜਿਹੀ ਪੈ ਰਹੀ ਸਾਂ ਕਿਉਂਕਿ ਦੋ ਸਹਾਇਕ ਅਜੇ ਵੀ ਉਥੇ ਸਨ। ਰੂਬਾ ਨੇ ਮੈਨੂੰ ਕੱਚਾ ਜਿਹਾ ਪੈਂਦੇ ਦੇਖਿਆ ਤਾਂ ਉਸਨੇ ਇਕ ਸਹਾਇਕ ਨੂੰ ਇਸ਼ਾਰੇ ਨਾਲ ਬੁਲਾਇਆ। 'ਡਾ. ਸਾਹਿਬਾ', ਉਹ ਬੋਲਿਆ, ਸਾਡੇ ਬਾਜ਼ਾਰ ਦੇ ਇਕੋ ਇਕੋ ਪੱਕੜ ਦੱਲੇ ਨੂੰ ਮਿਲੋ।

ਸਹਾਇਕ ਕੱਚਾ ਜਿਹਾ ਹੋ ਗਿਆ ਪਰ ਧਿਆਨ ਦੇਣਾ ਉਸ ਨੂੰ ਪਸੰਦ ਆਇਆ। ਉਹ ਰੰਗ ਦਾ ਕਾਲਾ ਅਤੇ ਬਹੁਤ ਮੋਟੂ ਸੀ।

ਰੂਬਾ ਨੇ ਕਹਿਣਾ ਜਾਰੀ ਰੱਖਿਆ, 'ਇਹ ਇਕ ਬੰਦਾ ਹੈ ਜੋ ਤੇਰੀਆਂ ਤਸਵੀਰਾਂ ਵਿਚ ਨਜ਼ਰ ਨਹੀਂ ਆਏਗਾ।' ਤੂੰ ਕੋਸ਼ਿਸ਼ ਕਿਉਂ ਨਹੀਂ ਕਰਦੀ? ਤੂੰ ਸਾਡੀਆਂ ਤਸਵੀਰਾਂ ਕਿਉਂ ਨਹੀਂ ਲੈਂਦੀ?'

'ਬੰਦ ਕਰ ਇਹ ਹੁਣ', ਮੈਂ ਕੱਚੀ ਜਿਹੀ ਹੋ ਕੇ ਕਿਹਾ।

ਪਰ ਉਹ ਚੁੱਪ ਕਰਨ ਵਾਲਾ ਨਹੀਂ ਸੀ, 'ਤੂੰ ਉਹਨੂੰ ਸਿਰਫ ਇਕ ਤਰ੍ਹਾਂ ਦੇਖ ਸਕਦੀ ਏਂ ਜੇ ਕਿਤੇ ਉਹ ਹੱਸ ਪਏ। ਰਾਤ ਨੂੰ ਅਸੀਂ ਇਸ ਦੋਸਤ ਨੂੰ ਉਦੋਂ ਹੀ ਪਛਾਣਦੇ ਹਾਂ ਜਦੋਂ ਇਹ ਹੱਸ ਰਿਹਾ ਹੋਏ। ਸਾਨੂੰ ਦੰਦਾਂ ਦੀ ਇਕ ਲੜੀ ਨਜ਼ਰ ਆਉਂਦੀ ਏ ਅਤੇ ਅਸੀਂ ਕਹਿੰਦੇ ਹਾਂ, 'ਲਉ ਦੱਲਾ ਆ ਗਿਆ।'

ਜਾਜੀ ਉੱਚੀ ਸਾਰੀ ਹੱਸਿਆ, 'ਪਰ ਉਹ ਵੀ ਤਾਂ ਜੇ ਇਹਨੇ ਅਪਣੇ ਦੰਦ ਉਸ ਮਹੀਨੇ ਸਾਫ ਕੀਤੇ ਹੋਏ ਹੋਣ।'

ਉਹ ਦੱਲੇ ਨੂੰ ਮਜਾਕ ਕਰਦੇ ਰਹੇ...ਉਸ ਦਾ ਅਸਲੀ ਨਾਂ ਭਾਵੇਂ ਕੋਈ ਵੀ ਹੋਏ। ਜਦੋਂ ਮੈਂ ਅਪਣੀਆਂ ਚੀਜ਼ਾਂ ਅਪਣੇ ਬੈਗ ਵਿਚ ਰੱਖ ਰਹੀ ਸਾਂ, ਮੈਂ ਰੂਬਾ ਨੂੰ ਪੁੱਛਿਆ, ''ਥੋੜਾ ਕੀ ਖਿਆਲ ਏ ਲੈਲਾ ਦੀ ਨੱਥ ਉਤਰਵਾਈ ਦੀ ਕੀਮਤ ਕੀ ਹੋਏਗੀ?'

ਉਹਨੇ ਸਰਸਰੀ ਜਿਹਾ ਜਵਾਬ ਦਿੱਤਾ, 'ਨੱਥ ਉਤਰਵਾਈ ਕੁਆਰੀਆਂ ਕੁੜੀਆਂ ਦੀ ਹੁੰਦੀ ਏ ਉਹਦੇ ਵਰਗੀਆਂ ਦੀ ਨਹੀਂ।'

'ਪਰ ਉਨ੍ਹਾਂ ਦਾ ਤੇ ਕਹਿਣਾ ਏ ਕਿ ਉਸ ਦੀ ਅਜੇ ਸ਼ਾਦੀ ਨਹੀਂ ਹੋਈ', ਮੈਂ ਕਿਹਾ।

'ਇਹ ਸੱਚ ਏ। ਉਸ ਦਾ ਅਜੇ ਵਿਆਹ ਨਹੀਂ ਹੋਇਆ ਪਰ ਕੀ ਤੂੰ ਸਮਝਦੀ ਏਂ ਕਿ ਉਹਦੇ ਕੋਠੇ ਵਿਚ ਸਾਰਾ ਸਾਲ ਜੋ ਗਾਣਾ-ਵਜਾਉਣਾ ਹੁੰਦਾ ਏ ਉਹ ਗਾਹਕਾਂ ਦੀਆਂ ਅੱਖਾਂ ਅਤੇ ਕੰਨਾਂ ਦੇ ਮਨੋਰੰਜਨ ਲਈ ਹੀ ਹੁੰਦਾ ਏ। ਉਹ ਐਨੀ ਤਾਂ ਸੁਰੀਲੀ ਨਹੀਂ।' ਉਹ ਹੱਸਿਆ, 'ਅਤੇ ਗਾਹਕ ਐਨੇ ਬੁੱਧੂ ਵੀ ਨਹੀਂ ਹੁੰਦੇ।'

ਰੂਬਾ ਅਤੇ ਜਾਜੀ ਦੋਵੇਂ ਹੱਸ ਪਏ। ਜਾਜੀ ਨੇ ਰੂਬਾ ਦੇ ਹੱਥ ਤੇ ਹੱਥ ਮਾਰ ਕੇ ਕਿਹਾ, 'ਯਾਰ ਤੂੰ ਵੀ ਸ਼ੈ ਹੈਂ...ਬੁੱਧੂ! ਉਹ ਤਾਂ ਉੱਥੇ ਹੁੰਦੇ ਹੀ ਨਾ ਜਿੱਥੇ ਹੁੰਦੇ ਨੇ।'

'ਤੁਸੀਂ ਲੋਕ ਤਾਂ ਹਮੇਸ਼ਾ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਰਹਿੰਦੇ ਹੋ।', ਮੈਂ ਅੱਗੇ ਕਿਹਾ, 'ਪਰ ਉਹ ਬੜੀ ਗੰਭੀਰਤਾ ਨਾਲ ਕਿਸੇ ਨੂੰ ਲੱਭ ਰਹੇ ਨੇ।'

'ਹਾਂ, ਉਹ ਲੱਭ ਰਹੇ ਨੇ', ਰੂਬਾ ਬੋਲਿਆ, 'ਉਹ ਬਿਰਾਦਰੀ ਵਿਚ ਆਪਣਾ ਨੱਕ ਨਹੀਂ ਵਢਾ ਸਕਦੇ। ਉਹ ਇਹ ਨਹੀਂ ਕਹਿ ਸਕਦੇ ਕਿ ਉਹਦਾ ਅਜੇ ਵਿਆਹ ਨਹੀਂ ਸੀ ਹੋਇਆ, ਤੇ ਕਿਉਂਕਿ ਟੱਬਰ ਨੂੰ ਪੈਸੇ ਦੀ ਲੋੜ ਸੀ ਇਸ ਲਈ ਉਸ ਨੇ ਪੇਸ਼ਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣਾ ਮੂੰਹ ਵੀ ਬਚਾਉਣਾ ਏਂ। ਜਿਵੇਂ ਕਿਵੇਂ ਉਨ੍ਹਾਂ ਨੂੰ ਅਜਿਹਾ ਬੇਵਕੂਫ ਲੱਭਣਾ ਹੀ ਪੈਣਾ ਏਂ ਜਿਸ ਨੂੰ ਇਹ ਪਤਾ ਨਾ ਲੱਗੇ ਕਿ ਉਹ ਕੁਆਰੀ ਨਹੀਂ ਏ।' ਦੋਵੇਂ ਮੁੰਡੇ ਫੇਰ ਖੁਲ੍ਹ ਕੇ ਹੱਸਣ ਲੱਗੇ।

ਰੂਬਾ ਨੇ ਕਹਿਣਾ ਜਾਰੀ ਰੱਖਿਆ, 'ਮੈਂ ਕੁਝ ਕਹਿਣ ਵਾਲਾ ਕੌਣ ਹੁੰਦਾ ਹਾਂ? ਅੱਜ ਕਲ,

ਉਹ ਖੁਦ ਨੂੰ ਫਿਟਕੜੀ ਨਾਲ ਧੋਂਦੀਆਂ ਨੇ ਤੇ ਫੇਰ ਨਵੀਆਂ ਨਕੋਰ ਹੋ ਜਾਂਦੀਆਂ ਨੇ। ਉਹ ਹੋਰਾਂ ਨੂੰ ਮੂਰਖ ਬਣਾ ਸਕਦੀਆਂ ਨੇ।' ਉਹ ਕੁਝ ਚੁੱਪ ਰਿਹਾ ਤੇ ਫੇਰ ਬੋਲਿਆ, 'ਕੀ ਤੈਨੂੰ ਪਤੈ ਪਮੀ ਦਾ ਬਾਪ ਵੀ ਕਿਸੇ ਬੇਵਕੂਫ ਨੂੰ ਲੱਭ ਰਿਹਾ ਏ ..ਮੇਰਾ ਮਤਲਬ ਕਿਸੇ ਬੰਦੇ ਨੂੰ।'

'ਪਮੀ ਵਾਸਤੇ', ਮੈਂ ਮਾਸੂਮੀਅਤ ਨਾਲ ਪੁੱਛਿਆ।

'ਉਹ! ਕਿਰਪਾ ਕਰ...ਨਾ,ਨਾ... ਤੂੰ ਬਿਲਕੁਲ ਹੀ ਪਾਗਲ ਹੋ ਗਈ ਏਂ? ਉਹਦੀ ਛੋਟੀ ਭੈਣ ਰਜ਼ੀਆ ਲਈ। ਉਨ੍ਹਾਂ ਦਾ ਅਖੌਤੀ ਬਾਪ ਬੜਾ ਭੈੜਾ ਬੰਦਾ ਏ। ਮੈਨੂੰ ਨਹੀਂ ਸਮਝ ਪੈਂਦੀ ਕਿ ਪਮੀ ਦਾ ਮਾਂ ਕਿਉਂ ਉਹਦੇ ਚਿੱਤੜਾਂ ਤੇ ਲੱਤ ਨਹੀਂ ਮਾਰਦੀ।' ਰੂਬਾ ਬੋਲਿਆ।

'ਉਹ ਲੱਗਦੀ ਤਾਂ ਤਕੜੀ ਔਰਤ ਏ', ਮੈਂ ਹੁੰਗਾਰਾ ਦਿੱਤਾ।

ਰੂਬਾ ਨੇ ਸਿਰ ਹਿਲਾਇਆ ਤੇ ਬੋਲਿਆ, 'ਮੈਨੂੰ ਤਾਂ ਉਹ ਬੰਦਾ ਉੱਕਾ ਪਸੰਦ ਨਹੀਂ।'

ਜਾਜੀ ਫੇਰ ਗੱਲਬਾਤ ਵਿਚ ਸ਼ਾਮਲ ਹੋ ਗਿਆ, ''ਮੈਂ ਦੱਸਦਾ ਹਾਂ ਤੈਨੂੰ, ਡਾ. ਫੌਜ਼ੀਆ, ਇਹ ਉਸ ਬੰਦੇ ਨੂੰ ਕਿਉਂ ਪਸੰਦ ਨਹੀਂ ਕਰਦਾ।'

ਰੂਬਾ ਨੇ ਜਾਜੀ ਦੇ ਸਰ੍ਹਾਣਾ ਵਗਾਹ ਮਾਰਿਆ ਤੇ ਬੋਲਿਆ, 'ਮੈਂ ਤੇਰਾ ਬੂਥਾ ਭੰਨ ਦਿਆਂਗਾ।'

'ਕਿਉਂ ਰੂਬਾ, ਮੈਥੋਂ ਵੀ ਗੱਲਾਂ ਲੁਕਾਉਂਦਾ ਏਂ?' ਮੈਂ ਮਜ਼ਾਕ ਕੀਤਾ।

ਜਾਜੀ ਤੁਰਤ ਅੱਗੇ ਨੂੰ ਝੁਕਿਆ ਤੇ ਬੋਲਿਆ, 'ਇਹ ਪਮੀ ਦੀ ਛੋਟੀ ਭੈਣ ਨੂੰ ਪਸੰਦ ਕਰਦਾ ਏ। ਸਮਝ ਗਈ ਨਾਂ ਮੇਰਾ ਮਤਲਬ?'

'ਕਿਹੜੀ ਭੈਣ? ਉਹਦੀਆਂ ਤਾਂ ਕਈ ਭੈਣਾ ਨੇ।', ਮੈਂ ਪੁੱਛਿਆ।

ਰੂਬਾ ਤੁਰਤ ਬੋਲਿਆ, 'ਸਭ ਤੋਂ ਵਧੀਆ ਵਾਲੀ।'

'ਨੰਬਰ ਦੋ, ਨੰਬਰ ਤਿੰਨ...ਕਿਹੜੀ ਵਾਲੀ? ਮੇਰੀਆਂ ਅੱਖਾਂ ਤੇਰਾ ਦਿਲ ਤਾਂ ਨਹੀਂ ਦੇਖ ਸਕਦੀਆਂ ਨਾ।', ਮੈਂ ਕਿਹਾ।

ਜਾਜੀ ਬੋਲਿਆ, 'ਤੀਜੀ ਵਾਲੀ, ਰਜ਼ੀਆ। ਇਸ ਵੇਲੇ ਉਹਦਾ ਬਾਪ ਉਹਦੇ ਲਈ ਕੋਈ ਚੰਗਾ ਰਿਸ਼ਤਾ ਲੱਭ ਰਿਹਾ ਏ। ਮੈਂ ਇਹਨੂੰ ਕਹਿੰਦਾ ਰਹਿੰਦਾ ਹਾਂ ਕਿ ਅਸੀਂ ਸਾਰੇ ਇਸ ਵਿਚ ਹਿੱਸਾ ਪਾ ਸਕਦੇ ਹਾਂ ਤੇ ਤੂੰ ਕੰਮ ਲਈ ਅਰਜ਼ੀ ਦੇ ਸਕਦਾ ਏਂ। ਉਹ ਉਹਦਾ ਦੀਰਘ ਕਾਲੀ ਗਾਹਕ ਬਣ ਸਕਦਾ ਏ ਤੇ ਉੱਥੇ ਹੀ ਰਹਿ ਵੀ ਸਕਦਾ ਏ। ਐਨੇ ਵਧੀਆ ਸਹੁਰੇ ਦੇ ਹੁੰਦੇ ਉਹ ਨੂੰ ਕਿਸੇ ਚੀਜ਼ ਦਾ ਫਿਕਰ ਕਰਨ ਦੀ ਵੀ ਲੋੜ ਨਹੀਂ।'

'ਬਕਬਾਸ ਬੰਦ ਕਰ!' , ਰੂਬਾ ਗੁੱਸੇ ਵਿਚ ਆ ਰਿਹਾ ਸੀ।

'ਯਾ ਖੁਦਾ, ਇਹ ਤਾਂ ਬੜੀ ਗੰਭੀਰ ਗੱਲ ਏ', ਮੈਂ ਹੈਰਾਨੀ ਨਾਲ ਕਿਹਾ, 'ਉਹ ਦੇ ਬਾਪ ਨਾਲ ਗੱਲ ਕਰਨ ਦੀ ਕੋਈ ਗੁੰਜਾਇਸ਼ ਬਣ ਸਕਦੀ ਏ?'

ਰੂਬਾ ਨੇ ਸਰਾਹਣਾ ਵਗਾਹ ਕੇ ਮਾਰਿਆ ਤੇ ਅਤੇ ਵਾਲਾਂ ਵਿਚ ਹੱਥ ਫੇਰ ਕੇ ਕਹਿਣ ਲੱਗਾ, 'ਕਦੀ ਨਹੀਂ...ਕਦੀ ਨਹੀਂ...। ਜੇ ਉਨ੍ਹਾਂ ਨੂੰ ਮੇਰੇ ਦਿਲ ਦੀ ਗੱਲ ਪਤਾ ਲੱਗ ਗਈ ਤਾਂ ਉਨਾਂ ਨੇ ਤਾਂ ਮੈਨੂੰ ਕਦੀ ਉਸਦੇ ਨੇੜੇ ਵੀ ਨਹੀਂ ਲੱਗਣ ਦੇਣਾ। ਮੈਂ ਮਿਰਾਸੀ ਹਾਂ। ਸਾਡਾ ਸਾਥ ਉਨ੍ਹਾਂ ਨਾਲ ਪਾਣੀ ਤੇ ਤੇਲ ਵਾਲਾ ਏ।'

ਜਾਜੀ ਨੇ ਟੋਕਿਆ, 'ਉਹ ਵੀ ਤਾਂ ਖੁਦ ਨੂੰ ਖਾਲਸ ਕੰਜਰ ਨਹੀਂ ਅਖਵਾ ਸਕਦੇ। ਉਹਦੀ

ਮਾਂ ਵੀ ਤਾਂ ਡੋਮਣੀ ਸੀ।'

ਵੇਸਵਾ ਦੇ ਧੰਦੇ ਵਿਚ ਕੰਜਰ ਹੋਣਾ ਇਸ ਤਰ੍ਹਾਂ ਹੀ ਸੀ ਜਿਵੇਂ ਜਨਮ ਤੋਂ ਇਸ ਵਪਾਰ ਦਾ ਹੱਕ ਮਿਲ ਗਿਆ ਹੋਏ। ਹੋਰ ਨਸਲਾਂ ਨੂੰ ਘਟੀਆ ਮਸਝਿਆ ਜਾਂਦਾ ਸੀ। ਪਮੀ ਦਾ ਟੱਬਰ ਖਾਲਸ ਕੰਜਰ ਨਹੀਂ ਸੀ ਪਰ ਉਹ ਦਿਖਾਵਾ ਹਮੇਸ਼ਾ ਇਸੇ ਦਾ ਕਰਦੇ ਸਨ ਅਤੇ ਕਰਦੇ ਵੀ ਇਸੇ ਤਰ੍ਹਾਂ ਸਨ ਜਿਵੇਂ ਉਹੀ ਹੋਣ। ਉਹਦੀ ਮਾਂ ਖ਼ੁਦ ਨੂੰ ਡੋਮਣੀ ਅਖਵਾਉਣਾ ਕਦੀ ਪਸੰਦ ਨਹੀਂ ਕਰਦੀ ਸੀ ਜੋ ਉਨ੍ਹਾਂ ਛੋਟੇ ਕਿੱਤਿਆਂ ਦੇ ਲੋਕ ਹੁੰਦੇ ਹਨ ਜਿਹੜੇ ਗੜਵੀ ਵਰਗੇ ਛੋਟੇ ਸਾਜਾਂ ਤੇ ਗਾ ਨੱਚ ਕੇ ਅਪਣਾ ਗੁਜ਼ਾਰਾ ਕਰਦੇ ਨੇ। ਉਹ ਵਿਆਹਾਂ ਦੇ ਮੌਕੇ ਲੋਕਾਂ ਦਾ ਮਨੋਰੰਜਨ ਕਰਦੇ ਵੇਖੇ ਜਾ ਸਕਦੇ ਨੇ ਜਿਵੇਂ ਪੁਤਲੀਆਂ ਵਾਲੇ। ਉਨ੍ਹਾਂ ਵਿਚੋਂ ਕੁਝ ਜਿਸਮਫਰੋਸ਼ੀ ਦੇ ਧੰਦੇ ਵਿਚ ਆ ਗਏ।

ਇਹ ਜਾਣਨ ਦੀ ਜਗਿਆਸਾ ਨਾਲ ਕਿ ਕੀ ਰੂਬਾ ਵਾਕਈ ਰਜ਼ੀਆ ਨਾਲ ਵਿਆਹ ਕਰਵਾਉਣਾ ਚਾਹੁੰਦਾ ਏ ਜਾਂ ਐਵੇਂ ਉਸ ਵੱਲ ਖਿੱਚਿਆ ਗਿਆ ਏ, ਮੈਂ ਪੁੱਛਿਆ, 'ਤੂੰ ਕੀ ਪਸੰਦ ਕਰੇਂਗਾ? ਇਨ੍ਹਾਂ ਰੁਕਾਵਟਾਂ ਨੂੰ ਲਾਂਭੇ ਛੱਡ ਕੇ ਜੇ ਤੈਨੂੰ ਮਰਜ਼ੀ ਕਰਨ ਲਈ ਕਿਹਾ ਜਾਏ ਤਾਂ ਤੂੰ ਕੀ ਕਰੇਂਗਾ?'

ਰੂਬਾ ਨੇ ਆਲੇ-ਦੁਆਲੇ ਦੇਖਿਆ। ਇਕ ਸਹਾਇਕ ਅਜੇ ਵੀ ਨੇੜੇ ਹੀ ਫਿਰ ਰਿਹਾ ਸੀ। ਰੂਬਾ ਉੱਠਿਆ, ਉਹਦੇ ਪਿੱਠ ਵਿਚ ਧੱਫਾ ਮਾਰ ਕੇ ਬੋਲਿਆ, 'ਤੁਰਦਾ ਬਣ ਇੱਥੋਂ, ਪੁੱਤਰ!'

ਉਹ ਮੁੜ ਕੇ ਆਇਆ ਤੇ ਮੇਰੇ ਕੋਲ ਬਹਿ ਗਿਆ, 'ਮੈਂ ਉਹਨੂੰ ਐਥੋਂ ਕਿਤੇ ਦੂਰ ਲੈ ਜਾਵਾਂਗਾ, ਉਹਦੇ ਟੱਬਰ ਦੀਆਂ ਗਿਰਝਾਂ ਤੋਂ ਬੜੀ ਦੂਰ। ਉਹ ਸਿਰਫ ਉਹਦੇ ਖ਼ੂਨ ਦੀਆਂ ਪਿਆਸੀਆਂ ਨੇ। ਉਹ ਇਸ ਥਾਂ ਲਈ ਬਿਲਕੁਲ ਨਹੀਂ ਬਣੀ।'

ਜਾਜੀ ਹੱਸ ਪਿਆ, 'ਇਹ ਬਹੁਤ ਜ਼ਿਆਦਾ ਭਾਰਤੀ ਫਿਲਮਾਂ ਦੇਖਦਾ ਏ।'

ਰੂਬਾ ਚਿਲਾਇਆ, ''ਬਕਬਾਸ ਬੰਦ ਕਰ ਤੂੰ ਮਦਰਚੋ...। ਤੇਰੇ ਵਰਗੇ ਦੋਸਤ ਨਾਲੋਂ ਤਾਂ ਮੈਂ ਉਂਝ ਹੀ ਚੰਗਾ ਸੀ।' ਉਹ ਅਸਲ ਵਿਚ ਹੀ ਗੁੱਸੇ ਦਿਖਾਈ ਦੇ ਰਿਹਾ ਸੀ ਜਿਸ ਕਰਕੇ ਜਾਜੀ ਵੀ ਫੌਰਨ ਗੰਭੀਰ ਹੋ ਗਿਆ।

'ਕੀ ਉਨ੍ਹਾਂ ਦੀ ਦਿਲਚਸਪੀ ਸਿਰਫ ਪੈਸੇ ਵਿਚ ਨਹੀਂ?' ਮੈਂ ਪੁੱਛਿਆ, 'ਜੇ ਤੂੰ ਉਨ੍ਹਾਂ ਨੂੰ ਕੁਝ ਪੈਸਾ ਦਏਂ, ਉਹ ਤੈਨੂੰ ਪ੍ਰਵਾਨ ਨਹੀਂ ਕਰ ਲੈਣਗੇ?'

'ਪ੍ਰਵਾਨ ਮੈਨੂੰ, ਕਿਸ ਢੰਗ ਨਾਲ?' ਉਹਨੇ ਪੁੱਛਿਆ, ਸਿਰ ਨੂੰ ਟੇਢਾ ਕਰਦੇ ਹੋਏ ਕਿਹਾ, ''ਉਹ ਉਹਦੀ ਪਹਿਲੀ ਰਾਤ ਵੇਚਣੀ ਚਾਹੁੰਦੇ ਨੇ।'

ਮੈਂ ਬੋਲੀ, 'ਪਰ ਉਹ ਦੀਰਘ ਕਾਲੀ ਰਿਸ਼ਤੇ ਵੀ ਤਾਂ ਜੋੜਦੇ ਨੇ, ਜੇ ਤੂੰ ਉਨ੍ਹਾਂ ਨੂੰ ਮਹੀਨਾ ਵਾਰ ਜਾਂ ਕੁਛ ਦਿੰਦਾ ਰਹੇਂ।'

'ਪਹਿਲੀ ਗੱਲ ਤਾਂ ਇਹ ਏ ਕਿ ਉਹ ਮਰ ਜਾਣਗੇ ਪਰ ਇਕ ਮਿਰਾਸੀ ਦਾ ਅਪਣੀ ਕੁੜੀ ਨਾਲ ਸਬੰਧ ਨਹੀਂ ਜੁੜਨ ਦੇਣਗੇ, 'ਜਾਜੀ ਨੇ ਸਪਸ਼ਟ ਕੀਤਾ।' ਫੇਰ ਉਹ ਉਸਨੂੰ ਲਗਾਤਾਰ ਆਮਦਨ ਲਈ ਧੰਦੇ ਵਿਚ ਲਾ ਦੇਣਗੇ, ਭਾਵੇਂ ਇਹ ਰਿਸ਼ਤਾ ਦੀਰਘ ਕਾਲੀ ਹੋਏ ਜਾਂ ਅਲਪ ਕਾਲੀ। ਤੇਰਾ ਕੀ ਖਿਆਲ ਏ ਰੂਬਾ ਇਹਨੂੰ ਬਰਦਾਸ਼ਤ ਕਰ ਸਕੇਗਾ? ਇਹ ਨਹੀਂ ਜਿੱਤ ਸਕਦਾ। ਇਸ ਤਰ੍ਹਾਂ ਕਦੀ ਨਹੀਂ ਹੋਣਾ।

'ਉਹ ਕੀ ਕਹਿੰਦੀ ਏ?', ਮੈਂ ਪੁੱਛਿਆ, ਕੀ ਉਹ ਵੀ ਇਹਨੂੰ ਪਿਆਰ ਕਰਦੀ ਏ ਜਾਂ ਇਹ

ਇਕਤਰਫਾ ਹੀ ਏ? ਉਹ ਤਾਂ ਮੈਨੂੰ ਬੜੀ ਖਾਮੋਸ਼ ਕੁੜੀ ਲੱਗੀ ਏ।'

ਰੂਬਾ ਦੀ ਲੱਤ ਖਿੱਚਣ ਦਾ ਜਾਜੀ ਨੂੰ ਇਕ ਹੋਰ ਮੌਕਾ ਮਿਲ ਗਿਆ. 'ਮੇਰਾ ਵਿਸ਼ਵਾਸ ਕਰ ਉਹਨੂੰ ਇਸ ਗੱਲ ਦਾ ਪਤਾ ਤੱਕ ਨਹੀਂ ਤੇ ਜੇ ਉਹਨੂੰ ਪਤਾ ਲੱਗ ਵੀ ਗਿਆ ਤਾਂ ਉਹਨੇ ਇਸ ਨਾਲ ਤੁਰਨਾ ਹੀ ਨਹੀਂ। ਉਹ ਉਹੀ ਕੁਝ ਕਰੇਗੀ ਜੋ ਉਹਦੀ ਪਿਆਰੀ ਮਾਂ ਉਹਨੂੰ ਕਰਨ ਲਈ ਕਹੇਗੀ।'

'ਤੂੰ ਆਪਣੀ ਭੈੜੀ ਜਿਹੀ ਬੂਥੀ ਮੇਰੀ ਜਿੰਦਗੀ ਤੋਂ ਦੂਰ ਰੱਖ, 'ਰੂਬਾ ਨੇ ਖਿਝ ਕੇ ਕਿਹਾ, 'ਉਹਨੂੰ ਸਭ ਪਤਾ ਏ। ਇਹ ਮੇਰਾ ਦਿਲ ਕਹਿੰਦਾ ਏ। ਮੈਨੂੰ ਪਤਾ ਏ ਕਿ ਉਹਨੂੰ ਪਤਾ ਏ ਕਿ ਮੇਰੇ ਮਨ ਵਿਚ ਉਹਦੇ ਲਈ ਕੀ ਏ।'

'ਇਸ ਨੂੰ ਸਾਡੇ ਉਸਤਾਦ ਨੇ ਕਈ ਵਾਰੀ ਕੁੱਟਿਆ ਏ, ਪਰ ਉਹ ਉਹਦੀਆਂ ਗੱਲਾਂ ਕਰਨ ਤੋਂ ਹਟਦਾ ਹੀ ਨਹੀਂ। ਉਸਤਾਦ ਗਾਮਾ ਦਾ ਕਹਿਣਾ ਏ ਤੇਲ ਤੇ ਪਾਣੀ ਕਦੀ ਨਹੀਂ ਮਿਲਦੇ,' ਜਾਜੀ ਨੇ ਕਿਹਾ। ਉਹ ਉੱਠ ਖੜ੍ਹਾ ਹੋਇਆ ਤੇ ਬੋਲਿਆ, ''ਆ ਚੱਲੀਏ ਰੂਬਾ, ਉਸਤਾਦ ਸਾਨੂੰ ਉਡੀਕ ਰਿਹਾ ਹੋਣਾ ਏਂ ਤੇ ਰਾਹ ਵਿਚ ਜਾਂਦੇ ਹੋਏ ਆਪਾਂ ਤੇਰੇ ਸਹੁਰੀਂ ਵੀ ਰੁਕ ਜਾਵਾਂਗੇ।''

ਜਾਜੀ ਨੇ ਤੁਰਤ ਆਪਣੀ ਚੱਪਲਾਂ ਚੁੱਕੀਆਂ ਤੇ ਭੱਜ ਲਿਆ। ਰੂਬਾ ਉਹਦੇ ਮਗਰ ਭੱਜਿਆ ਤੇ ਉਹਦੀ ਪਿੱਠ ਵਿਚ ਧੱਫਾ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਵਾਰ ਖਾਲੀ ਗਿਆ। ਉਹ ਆਪਣਾ ਸਿਰ ਨੀਵਾਂ ਕਰਕੇ ਲਮਕੇ ਜਿਹੇ ਮੂੰਹ ਨਾਲ ਮੁੜ ਆਇਆ।

ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਕੀ ਕਹਾਂ, ਪਰ ਮੈਂ ਇਕ ਗੱਲ ਪੁੱਛਣੀ ਸੀ, 'ਤੂੰ ਉਹਨੂੰ ਦੱਸੇਂਗਾ ਵੀ ਕਿ ਤੇਰੇ ਮਨ ਵਿਚ ਉਹਦੇ ਲਈ ਕੀ ਏ?'

'ਕਿਸੇ ਦਿਨ', ਉਹ ਮੇਰੇ ਵੱਲ ਦੇਖੇ ਬਿਨਾਂ ਬੋਲਿਆ। 'ਆ। ਮੈਂ ਤੈਨੂੰ ਤੇਰੀ ਕਾਰ ਤੱਕ ਛੱਡ ਆਵਾਂ।'

'ਨਹੀਂ, ਸ਼ੁਕਰੀਆ।', ਮੈਂ ਕਿਹਾ, 'ਮੈਂ ਹੁਣੇ ਹੀ ਵਾਪਸ ਨਹੀਂ ਜਾ ਰਹੀ ਪਰ ਤੂੰ ਮੇਰੇ ਨਾਲ ਉਸਤਾਦ ਗਾਮਾ ਦੀ ਬੈਠਕ ਤੱਕ ਚੱਲ ਸਕਦਾ ਏਂ। ਮੈਂ ਉਹਨੂੰ ਵੀ ਮਿਲਣਾ ਏ।'

ਅਸੀਂ ਹੋਰ ਗੱਲਾਂ ਕਰਦੇ ਹੋਏ ਬਾਜ਼ਾਰ ਵਿਚ ਤੁਰਨ ਲੱਗੇ ਪਰ ਮੈਨੂੰ ਪਤਾ ਸੀ ਕਿ ਅਜੇ ਵੀ ਉਸਦੇ ਦਿਮਾਗ ਉੱਤੇ ਉਹੀ ਕੁੜੀ ਛਾਈ ਹੋਈ ਸੀ।

## ਟਿੱਪਣੀਆਂ

### ਸਰਵਰ ਅਲੀ, ਸੰਗੀਤ ਆਲੋਚਕ

ਸਰਵਰ ਅਲੀ ਅਖਬਾਰਾਂ ਵਿਚ ਸੰਗੀਤ ਬਾਰੇ ਲਿਖਦਾ ਏ ਤੇ ਦੱਖਣੀ ਏਸ਼ੀਆਂ ਦੀਆਂ ਪੇਸ਼ਕਾਰੀ ਕਲਾਵਾਂ ਬਾਰੇ ਉਸ ਨੂੰ ਚੰਗਾ ਗੁਣੀ ਬੰਦਾ ਮੰਨਿਆ ਜਾਂਦਾ ਏ। ਇਕ ਦਿਨ ਉਹਦੇ ਘਰ ਵਿਚ ਬੈਠਿਆਂ ਅਸੀਂ ਜਿਸਮਫਰੋਸ਼ੀ ਦੇ ਵਰਤਾਰੇ ਦੀ ਤਹਿ ਵਿਚਲੇ ਵਿਰੋਧਾਂ ਬਾਰੇ ਚਰਚਾ ਕਰ ਰਹੇ ਸੀ। ਮੈਨੂੰ ਉਸਦਾ ਨਜ਼ਰੀਆ ਅਤੇ ਵਿਸ਼ਲੇਸ਼ਣ ਬੜਾ ਦਿਲਚਸਪ ਲੱਗਾ।

ਉਹਨੇ ਕਿਹਾ, 'ਸਾਡੀਆਂ ਫਿਲਮਾਂ, ਕਾਵਿ, ਸੰਗੀਤ ਅਤੇ ਹੋਰ ਦ੍ਰਿਸ਼ਟ ਕਲਾਵਾਂ ਦਰਬਾਰੀ ਵਿਸ਼ੇ ਤੋਂ ਪ੍ਰਭਾਵਤ ਨੇ। ਜਿਸਮਫੋਰਸ਼ੀ ਤਵਾਇਫੀ ਹਮੇਸ਼ਾ ਹੀ ਮਰਦਾਂ ਦੀ ਸੋਚ ਤੇ ਭਾਰੂ ਰਹੀ ਏ। ਘਰ ਵਿਚ ਉਨਾਂ ਦੀ ਪਤਨੀ ਹੁੰਦੀ ਏ, ਇਕ ਔਰਤ ਜੋ ਵਫਾਦਾਰ ਹੁੰਦੀ ਏ ਤੇ ਉਨਾਂ ਦੇ ਵੰਸ਼ ਨੂੰ ਚਲਾਉਣ ਵਾਲੀ ਅਤੇ ਬਾਜ਼ਾਰ ਵਿਚ ਉਨਾਂ ਦੀ ਰਖੇਲ ਹੁੰਦੀ ਏ ਜੋ ਖਿੱਚ ਅਤੇ ਰਚਨਾਤਮਕਤਾ ਦੀ ਸਿਖਰ ਤੇ ਹੁੰਦੀ ਏ। ਉਹਦੀਆਂ ਸਾਰੀਆਂ ਕਲਪਨਾਵਾਂ ਉਸੇ ਤੇ ਮੁੱਕਦੀਆਂ ਨੇ। ਉਹ ਸੁੰਦਰ ਅਤੇ ਸਾਰੀਆਂ ਕਲਾਵਾਂ ਦੀ ਮਾਹਿਰ ਹੁੰਦੀ ਏ। ਉਹ ਗਾਉਂਦੀ ਏ, ਨੱਚਦੀ ਏ ਅਤੇ ਕਈ ਵਾਰੀ ਅਪਣਾ ਲਿਖਿਆ ਸੁਣਾਉਂਦੀ ਏ। ਸਾਰੇ ਬੰਦੇ ਉਸਨੂੰ ਚਾਹੁੰਦੇ ਨੇ।'

'ਮੈਨੂੰ ਉਮਰਾਉ ਜਾਨ ਅਦਾ ਨੇ ਬੜਾ ਟੁੰਬਿਆ ਏ, ਮੈਂ ਕਿਹਾ। ਭਾਰਤੀ ਅਤੇ ਪਾਕਿਸਤਾਨੀ ਫਿਲਮ ਜਗਤ ਨੇ ਇਸ ਨਾਵਲ ਤੇ ਵਧੀਆ ਫਿਲਮਾਂ ਬਣਾਇਆਂ ਨੇ। ਮੈਂ ਹੱਸੀ! ਉਮਰਾਉ ਜਾਨ ਪਕਿਸਤਾਨੀ ਫਿਲਮ ਵਿਚ ਹੀਰੋ ਨੂੰ ਛੱਡ ਕੇ ਕਦੀ ਕਿਸੇ ਹੋਰ ਨਾਲ ਨਹੀਂ ਸੌਂਦੀ ਅਤੇ ਉਹ ਵੀ ਉਹਦੇ ਨਾਲ ਵਿਆਹ ਤੋਂ ਮਗਰੋਂ। ਅਸੀਂ ਉਹਦੇ ਗੁਣ ਕਾਇਮ ਰੱਖਣ ਵਾਸਤੇ ਕਹਾਣੀ ਹੀ ਬਦਲ ਲਈ ਪਰ ਭਾਰਤੀ ਫਿਲਮਾਂ ਨੇ ਉਸਨੂੰ ਕਈ ਗਾਹਕਾਂ ਵਾਲੀ ਜਿਸਮਫਰੋਸ਼ ਹੀ ਮੰਨ ਲਿਆ।

ਸਰਵਰ ਕਹਿਣ ਲੱਗਾ,' ਇਹ ਗੱਲ ਸਿਰਫ ਉਮਰਾਉ ਜਾਨ* ਦੀ ਨਹੀਂ, ਇਹ ਅਨਾਰਕਲੀ, ਪਾਕੀਜ਼ਾ ਅਤੇ ਹਰੇਕ ਹੋਰ ਅਜਿਹੀ ਫਿਲਮ ਨਾਲ ਏ ਜੋ ਦਰਬਾਰਾਂ ਦੀ ਚਕਾਚੌਂਧ ਦਰਸਾਉਂਦੀ ਏ। ਫਿਲਮਾਂ ਬਣਾਉਣ ਵਾਲੇ ਵਧੀਆਂ ਗੀਤ ਅਤੇ ਨਾਚ ਆਪਣੀਆਂ ਫਿਲਮਾਂ ਵਿਚ ਦੇਣ ਲਈ ਇਸ ਨੂੰ ਕੋਠੇ ਦੇ ਸੰਦਰਭ ਵਿਚ ਵਰਤਦੇ ਨੇ। ਪਰ ਦਿਲਚਸਪ ਗੱਲ ਇਹ ਵੇ ਕਿ ਉਹ ਹਮੇਸ਼ਾ ਕਹਾਣੀ ਨੂੰ ਘੁਮਾਉਂਦੇ ਰਹਿੰਦੇ ਨੇ, ਸਿਰਫ ਇਹ ਦਿਖਾਉਣ ਲਈ ਕਿ ਉਹ ਸੁੰਦਰ ਜਿਹੀ ਔਰਤ ਮੁਸ਼ਕਿਲ ਹਾਲਾਤ ਅਤੇ ਮਾੜੀ ਕਿਸਮਤ ਕਾਰਨ ਉਸ ਮਾੜੇ ਜੀਵਨ ਵਿਚ ਪਈ ਏ। ਉਹ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਨੇ ਕਿ ਉਹ ਅਸਲ ਵਿਚ ਮੱਧਵਰਗੀ ਪਰਿਵਾਰ ਦੀ ਕੁੜੀ ਸੀ ਜਿਸ ਦਾ ਬੁਰਾ ਵਕਤ ਆ ਗਿਆ। ਤੇ ਆਖਰ ਉਸ ਨੂੰ ਬਚਾਉਣ ਲਈ ਇਕ ਨਾਇਕ ਪਹੁੰਚ ਜਾਂਦਾ ਏ।'

ਮੈਂ ਸਹਿਮਤ ਸੀ। ਪਾਕਿਸਤਾਨੀ ਫਿਲਮਾਂ ਵਿਚ ਨਾਇਕ ਨੂੰ ਉਸਦਾ ਪਹਿਲਾ ਗਾਹਕ ਮਿਲਣ ਤੋਂ ਪਹਿਲਾਂ ਉਹਨੂੰ ਬਚਾਉਣਾ ਪੈਂਦਾ ਏ ਕਿਉਂਕਿ ਨਹੀਂ ਤਾਂ ਲੇਖਕ ਦੀ ਠੀਕ ਕਹਾਣੀ ਹੀ ਨਹੀਂ

---

ਉਮਰਾਓ ਜਾਨ ਅਦਾ ਲਖਨਊ ਦੀ ਇਕ ਤਵਾਇਫ ਦੀ ਕਹਾਣੀ ਏ ਜੋ ਮਿਰਜ਼ਾ ਮੁਹੰਮਦ ਹਾਦੀ ਰੁਸਵਾ (1857-1931) ਵਿਚ ਲਿਖੀ ਅਤੇ ਪਹਿਲੀ ਵਾਰੀ ੧੮੯੯ ਵਿਚ ਛਪੀ।

ਬਣਦੀ। ਉਹ ਨਾਇਕ ਨਾਲ ਨਿਕਾਹ ਨਹੀਂ ਕਰ ਸਕਦੀ ਅਤੇ ਉਸਨੂੰ ਜਾਂ ਤਾਂ ਖੁਦਕੁਸ਼ੀ ਕਰਨੀ ਪੈਂਦੀ ਏ ਤੇ ਜਾਂ ਕਿਸੇ ਹੋਰ ਢੰਗ ਨਾਲ ਮਰਨਾ ਪੈਂਦਾ ਏ। ਲੇਖਕ ਅਤੇ ਨਿਰਦੇਸ਼ਕ ਇਕ ਰੰਡੀ ਦੀ ਕਲਪਨਾ ਫਿਲਮੀ ਨਾਇਕਾ ਦੇ ਰੂਪ ਵਿਚ ਕਰਨ ਤੋਂ ਅਸਮਰਥ ਨੇ। ਇਹ ਸਮਾਜ ਦੇ ਇਖਲਾਕ ਨੂੰ ਵਾਰਾ ਨਹੀਂ ਖਾਂਦਾ।

ਸਰਵਰ ਬੋਲਿਆ, '' ਕਈ ਦਲੇਰ ਨਿਰਦੇਸ਼ਕਾਂ ਨੇ ਹਕੀਕਤ ਦੀਆਂ ਫਿਲਮਾਂ ਬਣਾਈਆਂ ਨੇ ਜਿਨਾਂ ਵਿਚ ਰੰਡੀਆਂ ਬਾਰੇ ਕੋਈ ਰੋਮਾਂਟਿਕ ਅਕਸ ਪੇਸ ਨਹੀਂ ਕੀਤਾ ਹੁੰਦਾ। ਜਿਵੇਂ ਮੰਡੀ ਅਤੇ ਸ਼ਿਆਮ ਬੇਨੇਗਲ ਦੀ ਫਿਲਮ..... ਕੀ ਨਾਂ ਸੀ ਉਸਦਾ......?

'ਭੂਮਿਕਾ', ਮੈਂ ਚੇਤੇ ਕਰਵਾਇਆ।

'ਹਾਂ, ਇਹ ਇਕ ਯਥਾਰਥਕ ਅਕਸ ਪੇਸ਼ ਕਰਦੀ ਏ ਪਰ ਕਿਹੜੀਆਂ ਫਿਲਮਾ ਬਹੁਤਾ ਪੈਸਾ ਬਣਾਉਂਦੀਆਂ ਨੇ? ਲੋਕ ਰੰਡੀਆਂ ਦਾ ਰੋਮਾਂਟਕ ਅਕਸ ਦੇਖਣਾ ਚਾਹੁੰਦੇ ਨੇ ਅਤੇ ਉਨਾਂ ਦੀ ਉਦੋਂ ਹੀ ਤਸੱਲੀ ਹੁੰਦੀ ਏ ਜਦੋਂ ਨੌਜਵਾਨ ਨਾਚੀ ਨੂੰ ਕੋਈ ਦਲੇਰ ਹੀਰੋ ਦੱਲਿਆਂ ਅਤੇ ਨਾਇਕਾਵਾ ਤੋਂ ਰੰਡੀ ਬਣਨ ਤੋਂ ਪਹਿਲਾਂ ਹੀ ਬਚਾ ਲੈਂਦਾ ਏ।

ਤੂੰ ਕੀ ਸਮਝਦਾ ਏਂ ਇਸ ਦੇ ਪਿੱਛੇ ਕੀ ਅਸੰਗਤੀ ਏ? ਮੈਂ ਕਿਹਾ।

'ਸਾਡੇ ਲੋਕ ਇਨ੍ਹਾਂ ਔਰਤਾਂ ਦੀ ਤੜਕ-ਭੜਕ ਅਤੇ ਖੂਬੀ ਵੱਲ ਆਕ੍ਰਸ਼ਿਤ ਨੇ ਜੋ ਉਨਾਂ ਨੂੰ ਘਰੇ ਨਹੀਂ ਲੱਭਦੇ ਪਰ ਜਦੋਂ ਉਹ ਨੇੜਿਉਂ ਇਸ ਵਿਚ ਪੈ ਜਾਂਦੇ ਨੇ ਤਾਂ ਉਹ ਉਨਾਂ ਨੂੰ ਸੁਧਾਰਨਾ ਚਾਹੁੰਦੇ ਨੇ ਅਤੇ ਆਪਣੇ ਟੱਬਰਾਂ ਦੀਆਂ ਔਰਤਾਂ ਵਰਗੀਆਂ ਨੇਕ ਬਣਾਉਣਾ ਚਾਹੁੰਦੇ ਨੇ। ਜੇ ਉਨਾਂ ਨੂੰ ਅਸਲ ਵਿਚ ਹੀ ਨੇਕ ਔਰਤਾਂ ਚਾਹੀਦੀਆਂ ਨੇ ਤਾਂ ਉਹ ਤਾਂ ਫੇਰ ਘਰ ਵਿਚ ਨੇ ਹੀ, ਪਰ ਉਨਾਂ ਨੂੰ ਸਮਝ ਨਹੀਂ ਪੈਂਦੀ ਕਿ ਉਨਾਂ ਨੂੰ ਆਕ੍ਰਸ਼ਿਤ ਕੀ ਕਰ ਰਿਹਾ ਏ। ਲੋਕ ਇਸੇ ਦੁਚਿੱਤੀ ਵਿਚ ਫਸੇ ਹੋਏ ਨੇ ਪਰ ਉਹ ਮਹਿਸੂਸ ਹੀ ਨਹੀਂ ਕਰਦੇ ਕਿ ਇਸ ਦੀ ਹੋਂਦ ਵੀ ਏ।

'ਮੇਰਾ ਖਿਆਲ ਏ ਕਿ ਇਹੀ ਖਬਤ ਏ ਜਿਸ ਕਰਕੇ ਫਿਲਮਾਂ ਵੱਧ-ਫੁੱਲ ਰਹੀਆਂ ਨੇ। ਇਸ ਨਾਲ ਲੋਕਾਂ ਨੂੰ ਮੌਕਾ ਮਿਲ ਜਾਂਦਾ ਏ ਕਿ ਉਹ ਸੁੰਦਰ ਨਾਚੀ ਵੱਲ ਖਿੱਚੇ ਜਾਣ, ਉਸ ਦੇ ਦਿਲ ਜਿੱਤ ਲੈਣ ਅਤੇ ਫੇਰ ਉਸ ਨੂੰ ਸੁਧਾਰਨ ਲੱਗ ਪੈਣ। ਇਸ ਤਰਾਂ ਇਸ ਕਲਪਲਾਲੋਕ ਵਿਚ ਆਪਣੀ ਸੈਰ ਦੇ ਬਾਬਜੂਦ ਉਹ ਅੰਤ ਵਿਚ ਮੁੱਖਧਾਰਾ ਦੀਆਂ ਕਦਰਾਂ-ਕੀਮਤਾਂ ਹੀ ਕਾਇਮ ਰੱਖ ਲੈਂਦੇ ਨੇ। ਜਿਹੜੇ ਰੰਡੀਆਂ ਦੇ ਕੋਠਿਆਂ ਤੇ ਨਹੀਂ ਵੀ ਜਾਂਦੇ ਉਹ ਇਸ ਦਾ ਅਨੁਭਵ ਫਿਲਮਾਂ ਤੋਂ ਪ੍ਰਾਪਤ ਕਰ ਲੈਂਦੇ ਨੇ।

'ਅਜਿਹੀਆਂ ਫਿਲਮਾ ਦਰਸ਼ਕਾਂ ਨੂੰ ਤਾਂ ਖਿੱਚਦੀਆਂ ਹੀ ਨੇ, ਕਿਉਂ?' ਮੈਂ ਪੁੱਛਿਆ।

'ਹਾਂ' ਉਹਨੇ ਜਵਾਬ ਦਿੱਤਾ, 'ਸਾਡਾ ਸਮਾਜ ਅਸੰਗਤੀ ਅਤੇ ਪਖੰਡ ਨਾਲ ਭਰਪੂਰ ਏ ਪਰ ਇਹ ਉਨਾਂ ਵੱਲ ਝਾਤੀ ਨਹੀਂ ਮਾਰਨਾ ਚਾਹੁੰਦਾ।'

# ਪੇਸ਼ਕਾਰੀ ਕਲਾਵਾਂ ਦੀ ਅਕਾਦਮੀ

ਇਕ ਦਿਨ ਮੈਂ ਉਸਤਾਦ ਗਾਮਾਂ ਦੀ ਬੈਠਕ ਵਿਚ ਬੈਠੀ ਸੀ ਜਦੋਂ ਚੰਦਾ ਆ ਵੜੀ। ਭਾਵੇਂ ਉਹ ਉਸਤਾਦ ਸਦੀਕ ਦੀ ਸ਼ਾਗਿਰਦ ਸੀ ਪਰ ਉਹ ਕਈ ਪ੍ਰੋਗਰਾਮਾਂ ਤੇ ਉਸਤਾਦ ਗਾਮਾ ਨਾਲ ਵੀ ਚਲੀ ਜਾਂਦੀ ਸੀ ਅਤੇ ਉਹ ਉਸ ਦੀ ਉਸੇ ਤਰ੍ਹਾਂ ਇਜ਼ਤ ਕਰਦੀ ਸੀ ਜਿਵੇਂ ਉਹ ਉਸਦਾ ਅਪਣਾ ਹੀ ਉਸਤਾਦ ਹੋਏ। ਅਪਣੇ ਹਲਕੇ ਨੀਲੇ ਸ਼ਿਫਨ ਦੇ ਲਿਬਾਸ ਵਿਚ ਅਤੇ ਵੱਡੀਆਂ ਵੱਡੀਆਂ ਝੁਮਦੀਆਂ ਵਾਲੀਆਂ ਵਿਚ ਮਟਕਦੀ ਨੇ ਮੈਨੂੰ ਪੁੱਛਿਆ ਕਿ ਉਹ ਕਦੋਂ ਆਏਗਾ। ਇਹ ਪਤਾ ਲੱਗਣ ਤੇ ਕਿ ਉਹ ਆਉਣ ਹੀ ਵਾਲਾ ਏ ਉਹ ਵੀ ਮੇਰੇ ਨਾਲ ਬਹਿ ਕੇ ਉਸਦਾ ਇੰਤਜ਼ਾਰ ਕਰਨ ਲੱਗੀ। ਚੰਦਾ ਬਹੁਤ ਹੀ ਚੰਗੇ ਰੌਂਅ ਵਿਚ ਲੱਗ ਰਹੀ ਸੀ ਅਤੇ ਇਕੱਲੀ ਬੈਠੀ ਹੀ ਗਾਣੇ ਤੋਂ ਬਾਦ ਗਾਣਾ ਗੁਣਗੁਣਾਈ ਜਾ ਰਹੀ ਸੀ। ਉਹਨੇ ਆਪਣਾ ਦੁਪੱਟਾ ਇੱਕ ਬਾਂਹ ਤੇ ਫੈਲਾ ਲਿਆ ਅਤੇ ਆਪਣੇ ਬਰੇਸਲੈਟ ਵਿਚੋਂ ਫਸਿਆ ਹੋਇਆ ਕੱਢਿਆ ਅਤੇ ਇਸ ਨੂੰ ਉਤਾਂਹ ਕਰਕੇ ਵੇਖਣ ਲੱਗੀ ਕਿ ਉਹ ਕਿਸ ਤਰ੍ਹਾਂ ਦੀ ਲੱਗਦੀ ਏ। ਉਹ ਕਦੀ ਅਪਣੇ ਦੁਪੱਟੇ ਨੂੰ ਮੋਢਿਆਂ ਤੇ ਕਰਦੀ ਤੇ ਕਦੀ ਬਾਹਾਂ ਤੇ। ਉਸ ਦੀ ਪਿੱਠ ਤੇ ਲਮਕਦੇ ਕਾਲੇ ਵਾਲ ਪਹਿਲਾਂ ਨਾਲੋਂ ਕਿਤੇ ਸੁੰਦਰ ਲੱਗ ਰਹੇ ਸਨ। ਆਪਣੇ ਲਿਖੇ ਦੇ ਪੰਨੇ ਫਰੋਲਦੀ ਹੋਈ ਨੇ ਮੈਂ ਸਰਸਰੀ ਤੌਰ ਤੇ ਕਿਹਾ ਕਿ ਮੈਂ ਉਸਤਾਦ ਨੂੰ ਅੱਜ ਹੀ ਮਿਲਣਾ ਚਾਹੁੰਦੀ ਸੀ ਕਿਉਂਕਿ ਫੇਰ ਉਹ ਹਫਤੇ ਲਈ ਆਪਣੇ ਘਰ ਜਾ ਰਿਹਾ ਏ। ਚੰਦਾ ਹੈਰਾਨੀ ਨਾਲ ਉੱਠ ਕੇ ਖੜੀ ਹੋ ਗਈ, 'ਉਹ! ਉਹ ਘਰ ਜਾ ਰਿਹਾ ਏ? ਤੂੰ ਕਦੇ ਉਹਦੇ ਘਰ ਗਈ ਏਂ?'

'ਨਹੀਂ', ਮੈਂ ਕਿਹਾ ਤੇ ਸੋਚਣ ਲੱਗੀ ਕਿ ਉਹਨੇ ਕਦੀ ਮੈਨੂੰ ਸੱਦਿਆ ਵੀ ਨਹੀਂ।'

ਚੰਦਾ ਥੋੜ੍ਹਾ ਨੇੜੇ ਆ ਗਈ, 'ਉਹ ਅਪਣੇ ਘਰ ਬੜੇ ਪਾਸੇ ਰੱਖਦੇ ਨੇ ਤੇ ਕਿਸੇ ਨੂੰ ਕਦੀ ਲੈ ਕੇ ਵੀ ਨਹੀਂ ਜਾਂਦੇ। ਕਦੇ ਕਦੇ ਉਸਤਾਦ ਗਾਮਾਂ ਅਪਣੇ ਦਸ ਸਾਲ ਦੇ ਮੁੰਡੇ ਨੂੰ ਕੁਝ ਦਿਨ ਲਈ ਇੱਥੇ ਲੈ ਆਉਂਦਾ ਏ, ਬੱਸ। ਪਰ ਮੈਂ ਇਕ ਵਾਰੀ ਉਹਦੇ ਘਰ ਗਈ ਸੀ, 'ਉਹਦੀ ਆਵਾਜ਼ ਉੱਤੇਜਨਾ ਨਾਲ ਭਰਪੂਰ ਸੀ।

'ਕਿੱਦਾਂ ਦਾ ਸੀ ਉਹ?' ਮੈਂ ਵੀ ਅਚੰਭੇ ਨਾਲ ਪੁੱਛਿਆ।

'ਇਕ ਵਾਰੀ ਅਸੀਂ ਇਕ ਸ਼ੋਅ ਦੇ ਸਿਲਸਿਲੇ ਵਿਚ ਉਸੇ ਇਲਾਕੇ ਵਿਚ ਸੀ ਜਿੱਥੋਂ ਉਹਦਾ ਘਰ ਕੋਈ ਬਹੁਤੀ ਦੂਰ ਨਹੀਂ ਸੀ। ਜਦ ਅਸੀਂ ਕੰਮ ਮੁਕਾਇਆ ਤਾਂ ਰਾਤ ਦੇ 3.30 ਵਜ ਚੁੱਕੇ ਸਨ। ਉਸਤਾਦ ਗਾਮਾਂ ਨੇ ਸੋਚਿਆ ਕਿ ਐਨੇ ਸਾਝਰੇ ਅਜੇ ਢਾਬੇ ਵਗੈਰਾ ਨਹੀਂ ਖੁਲ੍ਹੇ ਹੋਣੇ ਅਤੇ ਹਰ ਕੋਈ ਐਨਾ ਥੱਕਿਆ ਹੋਇਆ ਸੀ ਕਿ ਚਾਹ ਦਾ ਕੱਪ ਪੀਤੇ ਬਿਨਾਂ ਘਰ ਨੂੰ ਤੁਰਨ ਲਈ ਤਿਆਰ ਨਹੀਂ ਸੀ। ਇਸ ਕਰਕੇ ਉਹਨੇ ਕਿਹਾ ਕਿ ਚੱਲੋ ਮੇਰੇ ਘਰ ਚੱਲਦੇ ਹਾਂ। ਜਦੋਂ ਅਸੀਂ ਉੱਥੇ ਪੁੱਜੇ ਤਾਂ ਅਸੀਂ ਸਾਰੇ ਗਲੀ ਵਿਚ ਹੀ ਖੜ੍ਹੇ ਹੋ ਗਏ। ਉਹਦੇ ਪੁੱਤਰਾਂ ਨੇ ਕੁਝ ਕੁਰਸੀਆਂ ਲਿਆ ਕੇ ਗੱਡੀ ਕੋਲ ਰੱਖ ਦਿੱਤੀਆਂ ਅਤੇ ਉਹਦੀ ਘਰਵਾਲੀ ਨੇ ਸਾਡੇ ਲਈ ਚਾਹ

ਬਣਾ ਦਿੱਤੀ। ਪਰ ਮੈਂ ਅੰਦਰ ਜਾ ਵੜੀ। ਇਕ ਔਰਤ ਦੇ ਤੌਰ ਤੇ ਮੈਨੂੰ ਇਹ ਫਾਇਦਾ ਸੀ ਅਤੇ ਮੈਂ ਇਹ ਮੌਕਾ ਗੁਆਉਣਾ ਨਹੀਂ ਚਾਹੁੰਦੀ ਸੀ। ਘਰ ਬੜਾ ਛੋਟਾ ਜਿਹਾ ਤੇ ਹਨੇਰਾ ਸੀ। ਉਹਦੇ ਕਈ ਬੱਚੇ ਸਨ। ਮੇਰੇ ਯਾਦ ਨਹੀਂ ਕਿ ਕਿੰਨੇ ਸਨ, ਪਰ ਮੈਂ ਉਹਦੀਆਂ ਦੋ ਧੀਆਂ ਨੂੰ ਮਿਲੀ ਸਾਂ, ਇਕ ਕਰੀਬ ਮੇਰੀ ਉਮਰ ਦੀ ਸੀ ਥੋੜੀ ਛੋਟੀ ਹੋਏਗੀ ਤੇ ਦੂਜੀ ਕਰੀਬ ਬਾਰਾਂ ਸਾਲ ਦੀ।'

'ਮੇਰਾ ਖਿਆਲ ਏ ਇਹ ਵੱਡੀ ਏ ਜਿਸਦਾ ਨਿਕਾਹ ਹੋ ਰਿਹਾ ਏ!' ਮੈਂ ਮੁਸਕੁਰਾਉਂਦੇ ਹੋਏ ਕਿਹਾ।

'ਅੱਛਾ! ਤਾਂ ਇਸ ਕਰਕੇ ਉਹ ਘਰ ਜਾ ਰਿਹਾ ਏ?' ਚੰਦਾ ਨੇ ਖੁਸ਼ ਹੋ ਕੇ ਪੁੱਛਿਆ। 'ਉਹ ਅਸਲ ਵਿਚ ਸੰਗੀਤ ਸਿੱਖ ਕੇ ਗਾਇਕ ਬਣਨਾ ਚਾਹੁੰਦੀ ਸੀ। ਉਹਨੇ ਦੱਸਿਆ ਸੀ ਕਿ ਉਹ ਕਾਫੀ ਕੁਝ ਸਿੱਖ ਚੁੱਕੀ ਸੀ ਜੋ ਉਸਦਾ ਅੱਬਾ ਉਸਦੇ ਭਾਈਆਂ ਨੂੰ ਸੰਗੀਤ ਬਾਰੇ ਦੱਸਦਾ ਹੁੰਦਾ ਸੀ ਅਤੇ ਸਮਝਦੀ ਸੀ ਕਿ ਉਸ ਦੀ ਅਵਾਜ਼ ਵੀ ਚੰਗੀ ਏ। ਉਹਨੇ ਮੈਨੂੰ ਦੱਸਿਆ ਸੀ ਕਿ ਉਸਦੀ ਗਾਉਣ ਦੀ ਦਿਲੀ ਇੱਛਾ ਸੀ ਪਰ ਉਸਨੂੰ ਇਹ ਕਰਨ ਨਹੀਂ ਦਿੱਤਾ ਗਿਆ ਸੀ।

'ਉਹ ਕਿਉਂ', ਮੈਂ ਪੁੱਛਿਆ।

'ਇਹ ਉਸਤਾਦ ਆਪਣੀਆਂ ਕੁੜੀਆਂ ਨੂੰ ਸੰਗੀਤ ਨਹੀਂ ਸਿਖਾਉਂਦੇ। ਜਦ ਮੈਂ ਉਹਨੂੰ ਮਿਲੀ ਸੀ ਤਾਂ ਮੈਂ ਉਹਦੀਆਂ ਅੱਖਾਂ ਵਿਚ ਜਲਣ ਵੇਖ ਸਕਦੀ ਸੀ। ਉਹ ਸਾਨੂੰ ਪੂਰੀ ਤਰ੍ਹਾਂ ਗੰਦੀਆਂ ਔਰਤਾਂ ਸਮਝਦੀ ਸੀ ਪਰ ਫੇਰ ਵੀ ਉਸ ਵਿਚ ਜਲਣ ਸੀ ਕਿ ਅਸੀਂ ਤਾਂ ਉਸਦੇ ਅੱਬਾ ਤੋਂ ਸਿੱਖਣ ਦਾ ਮੌਕਾ ਪਾ ਜਾਂਦੀਆਂ ਹਾਂ ਅਤੇ ਸਾਨੂੰ ਗਾਉਣ ਨੂੰ ਇਕ ਪੇਸ਼ੇ ਦੇ ਤੌਰ ਤੇ ਅਪਨਾਉਣ ਦੀ ਅਜ਼ਾਦੀ ਏ। ਉਸ ਥੋੜੇ ਜਿਹੇ ਸਮੇਂ ਵਿਚ ਉਹਨੇ ਮੈਥੋਂ ਗਾਣਾ ਵੀ ਸੁਣਿਆ। ਉਹ ਹਾਰਮੋਨੀਅਮ ਕੱਢ ਲਿਆਂਈ ਤੇ ਬੋਲੀ, 'ਮੈਨੂੰ ਗਾ ਕੇ ਸੁਣਾ ਦੇਹ।' ਉਹ ਅਪਣੇ ਅੱਬਾ ਤੋਂ ਡਰ ਰਹੀ ਸੀ ਇਸ ਕਰਕੇ ਫੁਸਫੁਸਾ ਕੇ ਹੀ ਗੱਲ ਕਰਦੀ ਰਹੀ ਸੀ। ਉਹਨੇ ਮੈਨੂੰ ਦੱਸਿਆ ਕਿ ਉਹ ਹਮੇਸ਼ਾ ਗਾਇਕ ਬਣਨ ਦੇ ਸੁਪਨੇ ਲੈਂਦੀ ਰਹੀ ਏ ਪਰ ਉਸ ਨੂੰ ਇਹ ਵੀ ਪਤਾ ਸੀ ਕਿ ਉਸਨੂੰ ਤਾਂ 'ਪਰਿਵਾਰਕ ਇਕੱਠ ਵਿਚ ਵੀ ਗਾਉਣ ਦੀ ਇਜਾਜਤ ਨਹੀਂ ਮਿਲ ਸਕਦੀ। ਮੈਂ ਧੀਮੀ ਅਵਾਜ਼ ਵਿਚ ਉਹਨੂੰ ਗਾ ਕੇ ਸੁਣਾਇਆ। ਮੇਰੇ ਅਜੇ ਵੀ ਯਾਦ ਏ ਕਿ ਉਹ ਕਿਵੇਂ ਮੁਸਕੁਰਾਈ ਸੀ।'

ਮੈਂ ਉਸਨੂੰ ਦੱਸਿਆ, 'ਮੈਂ ਅਪਣੀ ਖੋਜ ਰਾਹੀਂ ਇਹ ਸਮਝਿਆ ਏ ਕਿ ਇਹ ਅਦਾਕਾਰੀ ਕਲਾਵਾਂ ਪੂਰੀ ਤਰ੍ਹਾਂ ਲਿੰਗ ਪੱਖਪਾਤੀ ਹਨ। ਮਿਰਾਸੀ ਅਤੇ ਹੋਰ ਪਰਿਵਾਰਾਂ ਦੇ ਵਿਅਕਤੀ ਜੋ ਸੰਗੀਤ ਸਾਜ ਵਜਾਉਂਦੇ ਹਨ, ਉਹ ਹੀ ਇਸ ਸੱਭਿਆਚਾਰ ਦਾ ਹਿੱਸਾ ਹਨ। ਇਨ੍ਹਾਂ ਸੰਗੀਤਕਾਰਾਂ ਦੇ ਔਰਤ ਪਰਿਵਾਰਕ ਮੈਂਬਰ ਇਸ ਕੰਮ ਵਿਚ ਨਹੀਂ ਪੈਂਦੇ। ਸੰਗੀਤਕਾਰ ਅਪਣੇ ਪਰਿਵਾਰਾਂ ਨੂੰ ਦੂਰ ਰੱਖਦੇ ਹਨ, ਅਤੇ ਮੁਹੱਲੇ ਵਿਚ ਸਿਰਫ਼ ਅਪਣੇ ਅਤੇ ਅਪਣੇ ਸਾਥੀਆਂ ਲਈ ਹੀ ਬੈਠਕ ਚਲਾਉਂਦੇ ਹਨ। ਉਹ ਸਾਜ ਵਜਾਉਣੇ ਸਿਰਫ ਅਪਣੇ ਪੁੱਤਰਾਂ ਨੂੰ ਸਿਖਾਉਂਦੇ ਹਨ, ਕੁੜੀਆਂ ਨੂੰ ਨਹੀਂ।'

ਚੰਦਾ ਸਹਿਮਤ ਸੀ, 'ਹਾਂ ਉਸਤਾਦ ਆਪਣੀਆਂ ਕੁੜੀਆਂ ਨੂੰ ਸੰਗੀਤ ਕਦੀ ਹੀ ਸਿਖਾਉਂਦੇ ਹਨ। ਜੇ ਕੋਈ ਸਿਖਾ ਵੀ ਦਿੰਦਾ ਹੈ ਤਾਂ ਉਸ ਲਈ ਇਹ ਪੇਸ਼ ਕਰਨਾ ਮੁਸ਼ਕਲ ਹੀ ਹੁੰਦਾ ਹੈ। ਮਿਰਾਸੀ ਕੁੜੀਆਂ, ਹੋਰ ਪਾਕਿਸਤਾਨੀ ਕੁੜੀਆਂ ਵਾਂਗ ਹੀ, ਆਰਥਕ ਜ਼ਿੰਮੇਵਾਰੀ ਸਮਝੀਆਂ ਜਾਂਦੀਆਂ ਨੇ ਜਿਨ੍ਹਾਂ ਨੂੰ ਜਿੰਨੀ ਛੇਤੀ ਹੋ ਸਕੇ ਵਿਆਹ ਦਿੱਤਾ ਜਾਣਾ ਚਾਹੀਦਾ ਏ। ਉਨ੍ਹਾਂ ਨੇ ਕਮਾਈ

ਕਰਨ ਲਈ ਸੰਗੀਤ ਘਰਾਣੇ ਦੀ ਰਵਾਇਤ ਨੂੰ ਅੱਗੇ ਨਹੀਂ ਚਲਾਉਣਾ ਹੁੰਦਾ। ਜਦੋਂ ਕਦੀ ਕੋਈ ਕੁੜੀ ਤੇਜ਼ ਹੋਵੇ ਤੇ ਸੰਗੀਤ ਵਧੀਆ ਤਰ੍ਹਾਂ ਸਿੱਖ ਲਵੇ ਤਾਂ ਉਹ ਧੁਨਾਂ ਬਣਾਉਣ ਅਤੇ ਚੰਗੀ ਤਰ੍ਹਾਂ ਗਾਉਣ ਵਿਚ ਅਪਣੇ ਭਰਾਵਾਂ ਦੀ ਮਦਦ ਕਰ ਸਕਦੀ ਏ। ਜੇ ਉਹ ਕਿਸੇ ਗਾਇਕ ਜਾਂ ਚੰਗੇ ਸੰਗੀਤਕਾਰ ਨਾਲ ਵਿਆਹੀ ਜਾਂਦੀ ਏ ਤਾਂ ਉਹ ਉਸ ਦੀ ਵੀ ਉਸੇ ਤਰ੍ਹਾਂ ਮਦਦ ਕਰ ਸਕਦੀ ਏ ਪਰ ਉਸ ਦੇ ਨਾਲ ਕਦੀ ਸਟੇਜ ਤੇ ਨਹੀਂ ਆਉਂਦੀ।'

'ਮੈਨੂੰ ਪਤਾ ਏ', ਮੈਂ ਜਵਾਬ ਦਿੱਤਾ, 'ਜ਼ਿਦਾਂ ਮਹਾਨ ਉਸਤਾਦਾਂ ਵਿਚੋਂ ਸਿਰਫ ਸ਼ਾਮ ਚੌਰਾਸੀ ਘਰਾਣੇ ਦੇ ਉਸਤਾਦ ਸਲਾਮਤ ਅਲੀ ਹੀ ਹਨ ਜਿਨ੍ਹਾਂ ਨੇ ਅਪਣੀ ਕੁੜੀ ਨੂੰ ਇਕ ਸਮਾਰੋਹ ਵਿਚ ਤਾਨਪੁਰਾ ਵਜਾਉਣ ਦੀ ਇਜਾਜ਼ਤ ਦਿੱਤੀ ਸੀ। ਮਰਦਾਂ ਨੇ ਕਲਾਸਕੀ ਸੰਗੀਤ ਸੁਣਾਇਆ ਸੀ ਤੇ ਉਹ ਪਰਦੇ ਦੇ ਪਿੱਛੇ ਵਜਾਉਂਦੀ ਰਹੀ ਸੀ। ਉਨ੍ਹਾਂ ਦਾ ਇਹ 'ਉਦਾਰ' ਰਵੱਈਆ ਸ਼ਾਇਦ ਇਸ ਕਰਕੇ ਸੀ ਕਿ ਉਹ ਖੁਸ਼ਹਾਲ ਤਬਕੇ ਦੇ ਮੈਂਬਰਾਂ ਅਤੇ ਵਿਦੇਸ਼ੀਆਂ ਨਾਲ ਚੰਗਾ ਰਾਬਤਾ ਰੱਖਦੇ ਸਨ। ਹਾਲਾਂਕਿ ਉਹ ਇਕ ਅਪਵਾਦ ਹੀ ਸਨ।'

ਚੰਦਾ ਨੇ ਕਿਹਾ,! ਜਦੋਂ ਉਸਤਾਦ ਵਾਪਸ ਆਏ ਤਾਂ ਉਨ੍ਹਾਂ ਤੋਂ ਪੁੱਛੀਂ ਕਿ ਉਨ੍ਹਾਂ ਨੇ ਆਪਣੀ ਕੁੜੀ ਨੂੰ ਸੰਗੀਤ ਕਿਉਂ ਨਹੀਂ ਸਿਖਾਇਆ।'

'ਠੀਕ ਹੈ', ਮੈਂ ਕਿਹਾ,' ਆਪਾਂ ਦੋਵੇਂ ਉਹਨੂੰ ਪੁੱਛਾਂਗੀਆਂ। ਪਹਿਲਾਂ ਤੂੰ ਮੈਨੂੰ ਇਹ ਦਸ ਕਿ ਤੂੰ ਹਰ ਵੇਲੇ ਗਾਣ ਲਈ ਹੀ ਕਿਉਂ ਤਿਆਰ ਰਹਿੰਦੀ ਹੈਂ ਬਜਾਏ ਕਿ ਕੋਈ ਸੰਗੀਤ ਸਾਜ ਵਜਾਉਣ ਦੇ। ਤੁਸੀਂ ਔਰਤਾਂ ਤਬਲਾ ਜਾਂ ਨਾਲ ਕਿਉਂ ਨਹੀਂ ਵਜਾਉਂਦੀਆਂ? ਸਿਰਫ ਹਾਰਮੋਨੀਅਮ ਹੀ ਇਕ ਸਾਜ ਏ ਜੋ ਮੈਂ ਤੁਹਾਨੂੰ ਵਜਾਉਂਦੇ ਦੇਖਦੀ ਹਾਂ ਅਤੇ ਉਹ ਵੀ ਆਪਣੇ ਗਾਣੇ ਦੀ ਸੰਗਤ ਵਿਚ ਹੀ।'

ਕੁੱਛ ਦੇਰ ਲਈ ਚੰਦਾ ਚੁੱਪਚਾਪ ਬੈਠੀ ਰਹੀ। ਫੇਰ ਉਹ ਗੰਭੀਰਤਾ ਨਾਲ ਮੇਰੇ ਵਲ ਵੇਖਣ ਲੱਗੀ ਤੇ ਬੋਲੀ, 'ਮੈਂ ਨਹੀਂ ਜਾਣਦੀ। ਮੈਂ ਇਹ ਕਦੇ ਸੋਚਿਆ ਹੀ ਨਹੀਂ।' ਕੁਝ ਸਮੇਂ ਬਾਦ ਕੋਈ ਨਵਾਂ ਵਿਚਾਰ ਆਉਣ ਤੇ ਉਹ ਮੁਸਕੁਰਾਈ, 'ਇਸ ਬਾਰੇ ਵੀ ਆਪਾਂ ਉਸਤਾਦ ਨੂੰ ਪੁੱਛਾਂਗੀਆਂ। ਮੈਂ ਤਾਂ ਸਿਰਫ ਇਹੀ ਜਾਣਦੀ ਹਾਂ ਕਿ ਇਹ ਨਹੀਂ ਕੀਤਾ ਜਾਂਦਾ।'

ਮੈਂ ਉਹਦੀਆਂ ਖਾਹਿਸ਼ਾਂ ਬਾਰੇ ਪੁੱਛਿਆ। ਸੁਪਨੀਲੀਆਂ ਅੱਖਾਂ ਨਾਲ ਚੰਦਾ ਬੋਲੀ, 'ਮੈਂ ਇਕ ਮਸ਼ਹੂਰ ਕਲਾਕਾਰ ਬਣਨਾ ਚਾਹੁੰਦੀ ਹਾਂ। ਇਸ ਇਲਾਕੇ ਵਿਚੋਂ ਬਹੁਤ ਸਾਰੇ ਚੰਗੇ ਗਾਇਕ ਹੋਏ ਨੇ।

'ਮੈਂ ਇਸ ਮੁਹੱਲੇ ਅਤੇ ਹੋਰ ਸ਼ਹਿਰਾਂ ਦੇ ਲਾਲ ਬੱਤੀ ਇਲਾਕਿਆਂ ਦੀ ਗਾਇਕੀ ਨੂੰ ਦੇਣ ਬਾਰੇ ਸੋਚ ਰਹੀ ਸਾਂ। ਲੋਕ ਸੰਗੀਤ ਨੂੰ ਛੱਡ ਕੇ ਬਹੁਤੇ ਚੋਟੀ ਦੇ ਗਾਇਕ ਇਸ ਮੁਹੱਲੇ ਨਾਲ ਹੀ ਜੁੜੇ ਹੋਏ ਹਨ।'

ਅਪਣਾ ਦੁਪੱਟਾ ਇਕ ਪਾਸੇ ਸੁੱਟ ਕੇ, ਉਸਨੇ ਕਿਹਾ, 'ਹਾਂ, ਸਾਰੇ ਹੀ। ਕੋਈ ਵੀ ਚੋਟੀ ਦੇ ਨਾਂ ਲਉ ਉਨ੍ਹਾਂ ਦਾ ਸਬੰਧ ਇਸ ਮੁਹੱਲੇ ਨਾਲ ਹੀ ਏ। ਜਿਵੇਂ ਤੂੰ ਕਿਹਾ ਏ, ਇਸ ਮੁਹੱਲੇ ਨੇ ਬੜੀ ਦੇਣ ਪਾਈ ਏ, ਤੇ ਮੇਰੀ ਵੀ ਕੋਸ਼ਿਸ਼ ਏ ਕਿ ਮੈਂ ਵੀ ਉਨ੍ਹਾਂ ਚੋਟੀ ਦਿਆਂ ਵਿਚੋਂ ਇਕ ਬਣਾਂ।' ਉਸ ਦੀਆਂ ਅੱਖਾਂ ਵਿਚੋਂ ਦ੍ਰਿੜ੍ਹਤਾ ਝਲਕ ਰਹੀ ਸੀ।

ਉਸਨੇ ਅੱਗੇ ਕਿਹਾ, 'ਅਕਸਰ ਜਦੋਂ ਕਿਸੇ ਪਰਿਵਾਰ ਦਾ ਕੋਈ ਜੀਅ ਅਸਲੋਂ ਹੀ

ਮਸ਼ਹੂਰ ਗਾਇਕ ਬਣ ਜਾਂਦਾ ਏ ਉਹ ਸਾਰੇ ਪੇਸ਼ਾ ਛੱਡ ਦਿੰਦੇ ਨੇ ਅਤੇ ਉਸੇ ਮਸ਼ਹੂਰੀ ਨਾਲ ਜੀਵਨ ਬਿਤਾਉਂਦੇ ਹਨ। ਉਹ ਅਪਣੀਆਂ ਬਾਕੀ ਧੀਆਂ ਨੂੰ ਵੀ ਗਾਇਕੀ ਵਿਚ ਪਾ ਦਿੰਦੇ ਨੇ ਤੇ ਫੇਰ ਉਨ੍ਹਾਂ ਦੀ ਸ਼ਾਦੀ ਸ਼ੁਰਫਾਂ ਵਿਚ ਕਰ ਦਿੰਦੇ ਨੇ। ਇਕ ਵਾਰੀ ਜਦੋਂ ਉਹ ਮਸ਼ਹੂਰ ਹੋ ਜਾਂਦੀਆਂ ਨੇ ਫੇਰ ਉਦੋਂ ਹੀ ਉਹ ਕਿਸੇ ਉਪਨਗਰ ਵਿਚ ਨਿੱਕਲ ਜਾਂਦੀਆਂ ਨੇ।'

'ਕੀ ਤੂੰ ਮੈਨੂੰ ਆਪਣੇ ਪਰਿਵਾਰ ਦੀਆਂ ਭਵਿੱਖੀ ਯੋਜਨਾਵਾਂ ਦੱਸ ਰਹੀ ਏਂ?' ਮੈਂ ਪੁੱਛਿਆ।

ਚੰਦਾ ਕੱਚੀ ਜਿਹੀ ਹੋ ਕੇ ਹੱਸ ਪਈ ਜਿਵੇਂ ਕਿ ਮੈਂ ਉਹਨੂੰ ਅਚਾਨਕ ਸਹੀ ਥਾਂ ਤੋਂ ਫੜ ਲਿਆ ਹੋਏ। 'ਮੇਰਾ ਖਿਆਲ ਏ ਕਿ ਨਹੀਂ, ਮੈਨੂੰ ਅਪਣਾ ਕੰਮ ਪਸੰਦ ਏ।', ਉਹਨੇ ਜਵਾਬ ਦਿੱਤਾ। ਸਾਡੇ ਇਲਾਕੇ ਦੇ ਬਹੁਤ ਸਾਰੇ ਲੋਕ ਫਿਲਮ ਉਦਯੋਗ ਵਿਚ ਗਾਉਂਦੇ ਨੇ। ਤੈਨੂੰ ਪਤਾ ਏ ਮੈਂ ਵੀ ਕਦੀ ਸੰਗੀਤ ਧੁਨਾਂ ਬਣਾਉਣ ਵਾਲਿਆਂ ਲਈ ਗਾ ਚੁੱਕੀ ਹਾਂ। ਇਨ੍ਹਾਂ ਦਿਨਾਂ ਵਿਚ ਹੀ ਮੈਨੂੰ ਮੇਰਾ ਸੌਕਾ ਮਿਲ ਜਾਏਗਾ।'

'ਤੇਰੇ ਸਾਮ੍ਹਣੇ ਤਾਂ ਬਹੁਤ ਸਾਰੇ ਰੋਲ ਮਾਡਲ ਹਨ। ਮੈਂ ਤਾਂ ਇਸ ਮੁਹੱਲੇ ਨੂੰ ਅਦਾਕਾਰੀ ਕਲਾਵਾਂ ਦੀ ਅਕਾਦਮੀ ਹੀ ਸਮਝਦੀ ਹਾਂ ਅਤੇ ਇਸ ਨੇ ਬਹੁਤ ਹੀ ਮਹਾਨ ਸੰਗੀਤ ਉਸਤਾਦ, ਐਕਟਰ ਅਤੇ ਡਾਂਸਰ ਪੈਦਾ ਕੀਤੇ ਨੇ।

ਚੰਦਾ ਤੇਜ਼ੀ ਨਾਲ ਬੋਲੀ, 'ਅਤੇ ਗਾਇਕ ਵੀ! ਸਾਰੇ ਹੀ ਮਸ਼ਹੂਰ ਗਾਇਕ ਇਸੇ ਮੁਹੱਲੇ ਦੇ ਨੇ ਜਾਂ ਹੋਰ ਸ਼ਹਿਰਾਂ ਦੀਆਂ ਇਹੋ ਜਿਹੀਆਂ ਹੀ ਥਾਵਾਂ ਦੇ ਖਾਸ ਕਰਕੇ ਗਾਇਕਾਵਾਂ। ਮੈਡਮ ਸਭ ਤੋਂ ਬੇਹਤਰੀਨ ਏ। ਕੋਈ ਵੀ ਫੁੱਟਦਾ ਗਾਇਕ ਉਸ ਨੂੰ ਹੀ ਪੂਜਦਾ ਏ। ਉਹ ਨਿਸ਼ਚੇ ਹੀ ਸਭ ਤੋਂ ਮਸ਼ਹੂਰ ਏ।'

ਮੈਂ ਚੰਦਾ ਨੂੰ ਉਸ ਬਾਰੇ ਅਤੇ ਹੋਰ ਗਾਇਕਾਂ ਬਾਰੇ ਦੱਸਦੀ ਰਹੀ। 'ਮੈਡਮ ਨੂਰ ਜਹਾਂ, ਸਾਡੇ ਸਮੇਂ ਦੀ ਇਕ ਮਸ਼ਹੂਰ ਗਾਇਕਾ ਏ ਅਤੇ ਉਹ ਸਰੋਤਿਆਂ ਅਤੇ ਸਾਥੀ ਸੰਗੀਤਕਾਰਾਂ ਦੋਹਾਂ ਦੇ ਹੀ ਦਿਲਾਂ ਤੇ ਰਾਜ ਕਰਦੀ ਏ। ਉਹ 50 ਸਾਲ ਤੋਂ ਵੱਧ ਤੋਂ ਇਸ ਖੇਤਰ ਵਿਚ ਏ। ਇਹ ਆਮ ਜਾਣਕਾਰੀ ਏ ਕਿ ਉਸਦਾ ਪਰਿਵਾਰ ਪੰਜਾਬ ਦੇ ਇਕ ਛੋਟੇ ਜਿਹੇ ਸ਼ਹਿਰ ਕਸੂਰ ਦੇ ਬਜ਼ਾਰ ਵਿਚ ਰਹਿੰਦਾ ਸੀ। ਉਹ ਅਜੇ ਬੜੀ ਛੋਟੀ ਹੀ ਸੀ ਜਦੋਂ ਉਸਨੂੰ ਕਸੂਰ ਵਿਚੋਂ ਲੈ ਆਂਦਾ ਗਿਆ ਅਤੇ ਫੇਰ ਮੁੜ ਕੇ ਉਸਨੂੰ ਇਲਾਕੇ ਦੇ ਰਵਾਇਤੀ ਧੰਦੇ ਵਿਚ ਨਹੀਂ ਪੈਣ ਦਿੱਤਾ ਗਿਆ। ਵਧੀਆ ਉਸਤਾਦਾਂ ਨੇ ਉਹਨੂੰ ਸਿਖਲਾਈ ਦਿੱਤੀ ਅਤੇ ਉਹ ਫਿਲਮ ਉਦਯੋਗ ਲਈ ਲਾਮਿਸਾਲ ਲੱਭਤ ਬਣ ਗਈ। ਬਟਵਾਰੇ ਤੋਂ ਪਹਿਲਾਂ ਉਹ ਅਭਿਨੈ ਵੀ ਕਰਦੀ ਸੀ ਅਤੇ ਗਾਉਂਦੀ ਵੀ ਸੀ ਪਰ ਬਾਦ ਵਿਚ ਉਸਨੇ ਪੂਰਾ ਧਿਆਨ ਗਾਉਣ ਤੇ ਹੀ ਲਾ ਦਿੱਤਾ।'

ਕਾਫੀ ਚਿਰ ਤੱਕ ਅਸੀਂ ਬਹੁਤ ਸਾਰੀਆਂ ਮਸ਼ਹੂਰ ਗਾਇਕਾਵਾਂ ਦੀਆਂ ਗੱਲਾਂ ਕਰਦੇ ਰਹੇ ਜਿਨ੍ਹਾਂ ਦਾ ਸਬੰਧ ਸ਼ਾਹੀ ਮੁਹੱਲੇ ਨਾਲ ਰਿਹਾ ਸੀ। ਇਲਾਕੇ ਦੀਆਂ ਔਰਤਾਂ ਦੀਆਂ ਹਾਂ-ਪੱਖੀ ਮਿਸਾਲਾਂ ਸੁਣ ਕੇ, ਜੋ ਪਿਛਲੇ ਸਮੇਂ ਵਿਚ ਸਫਲ ਰਹੀਆਂ ਸਨ, ਚੰਦਾ ਬਹੁਤ ਹੀ ਉੱਤੇਜਿਤ ਹੋ ਗਈ। ਇਸ ਲਈ ਮੈਂ ਉਹਨੂੰ ਪੁੱਛਿਆ, 'ਜੇ ਤੂੰ ਇਸ ਇਲਾਕੇ ਦੇ ਪੈਦਾ ਕੀਤੇ ਸਾਰੇ ਕਲਾਕਾਰਾਂ ਦੀ ਸੂਚੀ ਬਣਾ ਲਏਂ ਤਾਂ ਤੂੰ ਕੀ ਸਮਝਦੀ ਏਂ ਇਹ ਕਿੰਨੀ ਵੱਡੀ ਹੋਏਗੀ?'

'ਬਹੁਤ ਵੱਡੀ', ਉਹਨੇ ਜਵਾਬ ਦਿੱਤਾ,' ਪਰ ਸਰਕਾਰ ਨੂੰ ਇਹ ਯਕੀਨ ਦੁਆਉਣ ਜਿੰਨੀ

ਲੰਬੀ ਨਹੀਂ ਕਿ ਇਸ ਇਲਾਕੇ ਨੂੰ ਧਿਆਨ ਦੀ ਲੋੜ ਏ। ਹਾਲਾਤ ਵਿਗੜ ਰਹੇ ਨੇ, ਅਤੇ ਜੇ ਇਹ ਇਸੇ ਤਰ੍ਹਾਂ ਹੀ ਰਹੇ ਤਾਂ ਮੁਹੱਲਾ ਦੇਸ਼ ਲਈ ਨਿੱਕੇ-ਮੋਟੇ ਕਲਾਕਾਰ ਹੀ ਪੈਦਾ ਕਰਨ ਦੇ ਯੋਗ ਰਹਿ ਜਾਏਗਾ। ਸਾਡਾ ਪਰਿਵਾਰ ਉਨ੍ਹਾਂ ਥੋੜ੍ਹੇ ਜਿਹੇ ਘਰਾਣਿਆਂ ਵਿਚੋਂ ਹੈ ਜਿਹੜੇ ਅਜੇ ਵੀ ਸੰਗੀਤ ਦੀ ਵੰਨਗੀ ਵੱਲ ਧਿਆਨ ਦਿੰਦੇ ਨੇ। ਮੇਰੀ ਅੰਮੀ ਮੇਰੇ ਵਾਸਤੇ ਦੋ ਉਸਤਾਦਾਂ ਨੂੰ ਪੈਸੇ ਦਿੰਦੀ ਏ। ਉਸਤਾਦ ਸਦੀਕ ਮੇਰੀ ਪੇਸ਼ਕਾਰੀ ਕਲਾ ਦਾ ਖਿਆਲ ਕਰਦਾ ਏ, ਪਰ ਨਾਲ ਹੀ ਮੈਂ ਨਾਚ ਸਿਖਲਾਈਕਾਰ ਵੀ ਰੱਖਿਆ ਹੋਇਆ ਏ ਅਤੇ ਗਾਇਕੀ ਵਾਸਤੇ ਮੈਂ ਕਈ ਵਾਰੀ ਉਸਤਾਦ ਅਸ਼ਰਫ ਅਲੀ ਕੋਲ ਵੀ ਜਾਂਦੀ ਹਾਂ। ਮੈਂ ਦੇਖ ਰਹੀ ਹਾਂ ਜੋ ਮੇਰੀਆਂ ਸਾਥਣਾ ਨਾਲ ਹੋ ਰਿਹਾ ਏ ਉਨ੍ਹਾਂ ਨੂੰ ਤਾਂ ਭੈਰਵੀ ਅਤੇ ਭੈਰੋਂ ਵਿਚਕਾਰ ਫਰਕ ਵੀ ਨਹੀਂ ਪਤਾ।'

'ਹਾਂ' ਮੈਂ ਸਿਰ ਹਿਲਾਇਆ, 'ਸੰਗੀਤ ਅਤੇ ਨਾਚ ਦੀ ਸਿਖਲਾਈ ਨੇ ਫਿਲਮਾਂ ਲਈ ਸਿਤਾਰੇ ਪੈਦਾ ਕੀਤੇ, ਰੇਡੀਉ, ਟੈਲੀਵੀਜ਼ਨ ਅਤੇ ਮੰਚ ਲਈ ਟੇਲੈਂਟ ਪੇਸ਼ ਕੀਤੀ ਇਸੇ ਲਈ ਸੰਗੀਤ ਸਾਜ਼ਾਂ ਦਾ ਨਿਰਮਾਣ ਇੱਥੇ ਬਹੁਤ ਹੁੰਦਾ ਏ। ਚੰਦਾ, ਭਾਵੇਂ ਸਾਡਾ ਦੇਸ਼ ਚਾਹੁੰਦਾ ਹੋਏ ਕਿ ਮੁਹੱਲਾ ਖਿੰਡ ਜਾਏ ਪਰ ਉਨ੍ਹਾਂ ਨੇ ਚੰਗੇ ਕਲਾਕਾਰਾਂ ਦੀ ਸਿਖਲਾਈ ਲਈ ਕੋਈ ਹੋਰ ਬਦਲ ਬਿਲਕੁਲ ਨਹੀਂ ਸੋਚਿਆ। ਮੇਰਾ ਅੰਦਾਜ਼ਾ ਏ ਕਿ ਬਹੁਤੇ ਲੋਕ ਅਪਣੀ ਕਲਾ ਦੀ ਵੰਨਗੀ ਪ੍ਰਤਿ ਵਧੇਰੇ ਚੌਕਸ ਹੀ ਨਹੀਂ ਉਹ ਭਾਰਤੀ ਫਿਲਮੀ ਗੀਤ ਸੁਣਕੇ ਹੀ ਸਾਰ ਲੈਂਦੇ ਨੇ ਅਤੇ ਜੋ ਕੁਝ ਉਨ੍ਹਾਂ ਨੂੰ ਕੈਸਟਾਂ ਅਤੇ ਸੀ.ਡੀਆਂ ਵਿਚ ਮਿਲਦਾ ਏ ਉਸੇ ਨਾਲ ਹੀ ਖੁਸ਼ ਨੇ। ਪਰ ਪਾਕਿਸਤਾਨੀ ਸੱਭਿਆਚਾਰ ਦੇ ਸਰਪ੍ਰਸਤ ਸਮਝਣ ਵਾਲੇ ਲੋਕਾਂ ਅਤੇ ਮੁੱਖ ਸੰਸਥਾਵਾਂ ਨੂੰ ਕੋਈ ਪ੍ਰਣਾਲੀਬੱਧ ਸੋਚ ਅਪਨਾਉਣੀ ਚਾਹੀਦੀ ਏ। ਇਕ ਅਜਿਹੀ ਅਹਿਮ ਸੱਭਿਆਚਾਰਕ ਸੰਸਥਾ ਦੀ ਅੰਨ੍ਹੇਵਾਹ ਤਬਾਹੀ ਦਾ ਕੋਈ ਨਾ ਕੋਈ ਬਦਲ ਸੋਚਣ ਦੀ ਬੜੀ ਲੋੜ ਏ।'

ਉਸੇ ਵੇਲੇ ਇਕ ਮੁੰਡਾ ਬੈਠਕ ਵਿਚ ਵੜਿਆ, ਉਸਨੇ ਉਸਤਾਦ ਦੀਆਂ ਕੁਝ ਚੀਜ਼ਾਂ ਵਿਚ ਹੱਥ ਮਾਰਿਆ ਅਤੇ ਸਿਗਰਟਾਂ ਦੀ ਡੱਬੀ ਕੱਢ ਕੇ ਵਾਪਸ ਚਲਾ ਗਿਆ। ਚੰਦਾ ਉਹਦੇ ਪਿੱਛੇ ਹੀ ਚੀਕੀ, 'ਉਸਤਾਦ ਗਾਮਾ ਕਿੱਥੇ ਏ?'

'ਉਹ ਹੁਣੇ ਆ ਰਿਹਾ ਏ! ਉਹਨੇ ਮੈਨੂੰ ਸਿਗਰਟਾਂ ਲੈਣ ਲਈ ਭੇਜਿਆ ਸੀ। ਚੰਗਾ ਮੈਂ ਜਾਨਾਂ।', ਲੜਕੇ ਨੇ ਜਵਾਬ ਦਿੱਤਾ ਤੇ ਚਲਾ ਗਿਆ।

ਚੰਦਾ ਅਰਾਮ ਨਾਲ ਬਹਿ ਗਈ ਅਤੇ ਮੇਰੇ ਵੱਲ ਦੇਖ ਕੇ ਬੋਲੀ, 'ਤਾਂ ਫੇਰ ਉਸਤਾਦ ਦੀ ਧੀ ਦਾ ਵਿਆਹ ਅਗਲੇ ਹਫਤੇ ਹੋ ਰਿਹਾ ਏ।'

'ਮੈਨੂੰ ਉਹਦੇ ਲਈ ਕੋਈ ਸੌਗਾਤ ਵੀ ਲੈਣੀ ਚਾਹੀਦੀ ਏ', ਮੈਂ ਬੋਲੀ।

'ਇੱਥੇ ਤਾਂ ਕੱਪੜੇ ਜਾਂ ਨਕਦੀ ਹੀ ਦਿੱਤੀ ਜਾਂਦੀ ਏ। ਮੈਨੂੰ ਪੱਕਾ ਪਤਾ ਏ ਕਿ ਉਸਦੀਆਂ ਮੁੱਖ ਸ਼ਾਗਿਰਦਾਂ ਦੀਆਂ ਅੰਮੀਆਂ ਵੀ ਇਹੀ ਕੁਝ ਦੇਣਗੀਆਂ।,' ਚੰਦਾ ਨੇ ਦੱਸਿਆ। ਪਰ ਮੈਂ ਉਹਨੂੰ ਕੁੱਝ ਵੱਖਰਾ ਦੇਣਾ ਚਾਹੁੰਦੀ ਸੀ। ਮੈਂ ਨਹੀਂ ਸਮਝਦੀ ਕਿ ਉਹ ਮੈਥੋਂ ਨਕਦੀ ਲੈ ਲਏਗਾ।'

ਜਦੋਂ ਅਸੀਂ ਸੌਗਾਤ ਬਾਰੇ ਸਲਾਹ ਕਰ ਰਹੀਆਂ ਸੀ ਤਾਂ ਉਸਤਾਦ ਗਾਮਾ ਅੰਦਰ ਆਇਆ ਤੇ ਉਸਦੇ ਪਿੱਛੇ ਉਹੀ ਮੁੰਡਾ ਸੀ। ਉਹ ਕੁੱਝ ਥੱਕਿਆ ਜਿਹਾ ਲੱਗਦਾ ਸੀ ਤੇ ਉਸਨੇ ਮੁੰਡੇ ਨੂੰ ਕਿਹਾ ਕਿ ਸਾਡੇ ਸਾਰਿਆਂ ਲਈ ਚਾਹ ਲੈ ਕੇ ਆਏ। ਚੰਦਾ ਅਤੇ ਮੈਂ ਨਾਂਹ ਕਰ ਦਿੱਤੀ ਪਰ ਮੁੰਡਾ ਰੁਪਏ ਦਾ ਨੋਟ ਹੱਥ ਵਿਚ ਫੜ ਕੇ ਬਾਹਰ ਨੂੰ ਦੌੜ ਗਿਆ।

ਚੰਦਾ ਦੇ ਕੰਮ ਬਾਰੇ ਗੱਲਬਾਤ ਖਤਮ ਕਰ ਲੈਣ ਤੋਂ ਬਾਦ ਉਸਤਾਦ ਗਾਮਾਂ ਅਰਾਮ ਨਾਲ ਬਹਿ ਗਿਆ ਅਤੇ ਕੰਧ ਦਾ ਢਾਸਣਾ ਲਾ ਲਿਆ। ਚੰਦਾ ਮੇਰੇ ਵੱਲ ਦੇਖ ਰਹੀ ਸੀ ਕਿ ਉਹ ਸਵਾਲ ਉਸਤਾਦ ਨੂੰ ਪੁੱਛੇ ਜਾਣ ਜਿਨ੍ਹਾਂ ਬਾਰੇ ਸਲਾਹ ਕੀਤੀ ਗਈ ਸੀ। ਉਹ ਮੈਨੂੰ ਬਾਰ-ਬਾਰ ਹੁੱਝਾਂ ਮਾਰਕੇ ਬੋਲਣ ਲਈ ਕਹਿ ਰਹੀ ਸੀ। ਆਖਰ ਮੈਂ ਉਸਤਾਦ ਗਾਮਾਂ ਨੂੰ ਸੰਗੀਤ ਵਿਚ ਲਿੰਗ ਪੱਖਪਾਤ ਬਾਰੇ ਪੁੱਛ ਹੀ ਲਿਆ। ਉਹ ਹੈਰਾਨੀ ਨਾਲ ਮੇਰੇ ਵਲ ਦੇਖਣ ਲੱਗਾ ਅਤੇ ਗੱਲ ਦੁਹਰਾਈ, 'ਲਿੰਗ ਪੱਖਪਾਤ?'

ਮੈਂ ਫੌਰਨ ਸਪਸ਼ਟ ਕੀਤਾ, 'ਔਰਤਾਂ ਸਿਰਫ ਗਾਉਂਦੀਆਂ ਨੇ ਉਹ ਸਾਜ ਕਿਉਂ ਨਹੀਂ ਵਜਾਉਂਦੀਆਂ ਮਿਰਾਸੀ ਲੋਕ ਹੀ ਕਿਉਂ ਸਾਜ ਵਜਾਉਂਦੇ ਨੇ ਤੇ ਗਾਉਂਦੇ ਵੀ ਨੇ, ਪਰ ਅਪਣੇ ਪਰਿਵਾਰ ਦੀਆਂ ਔਰਤਾਂ ਨੂੰ ਸੰਗੀਤ ਦੀ ਪੇਸ਼ਕਾਰੀ ਨਹੀਂ ਕਰਨ ਦਿੰਦੇ?'

ਉਸਤਾਦ ਗਾਮਾ ਨੇ ਕੁਝ ਦੇਰ ਸੋਚਿਆ ਤੇ ਫੇਰ ਗੱਲ ਸਪਸ਼ਟ ਕੀਤੀ, 'ਜਿਹੜੀਆਂ ਔਰਤਾਂ ਪੇਸ਼ਕਾਰੀ ਕਲਾਵਾਂ ਦਾ ਅਭਿਆਸ ਕਰਦੀਆਂ ਨੇ ਉਹ ਕੰਜਰ ਪਰਿਵਾਰਾਂ ਦੀਆਂ ਹੁੰਦੀਆਂ ਨੇ ਜਾਂ ਜੋ ਪਿਛਲੇ ਸਮੇਂ ਵਿਚ ਪੇਸ਼ਾ ਕਰਦੀਆਂ ਰਹੀਆਂ ਨੇ। ਉਹ ਗਾਉਂਦੀਆਂ ਤੇ ਨੱਚਦੀਆਂ ਨੇ ਕਿਉਂਕਿ ਇਹ ਚੀਜ਼ਾਂ ਗਾਹਕਾਂ ਨੂੰ ਖਿੱਚ ਪਾਉਣ ਵਾਲੀਆਂ ਸਮਝੀਆਂ ਜਾਂਦੀਆਂ ਨੇ। ਸਾਜ ਵਜਾਉਣ ਦਾ ਮਹੱਤਵ ਕਦੀ ਇਸ ਪੱਖੋਂ ਨਹੀਂ ਵੇਖਿਆ ਗਿਆ ਜੋ ਕਿ ਖੁਦ ਅਪਣੇ ਤੌਰ ਤੇ ਗਾਹਕ ਦਾ ਦਿਲ ਮੋਹ ਸਕੇ। ਇਹ ਕੰਮ ਤਾਂ ਕਵਿਤਾ ਦੇ ਬੰਦਾਂ ਜਾਂ ਨਾਚ ਦੀਆਂ ਸੈਨਤਾਂ ਹੀ ਕਰਦੀਆਂ ਨੇ। ਇਸੇ ਲਈ ਤੂੰ ਕਦੀ ਹੀ ਵੇਖਿਆ ਹੋਏਗਾ ਕਿ ਕੋਈ ਔਰਤ ਧੁਨ ਬਣਾਉਂਦੀ ਹੋਏ ਜਾਂ ਸਾਜ ਵਜਾਉਂਦੀ ਹੋਏ। ਇਨ੍ਹਾਂ ਵਿਚੋਂ ਸਿਰਫ ਤਾਨਪੁਰਾ ਜਾਂ ਹਾਰਮੋਨੀਅਮ ਹੀ ਏ ਜੋ ਔਰਤ ਗਾਉਣ ਦੇ ਨਾਲ ਵਰਤ ਸਕਦੀ ਏ। ਕਈ ਵਾਰੀ ਔਰਤਾਂ ਸਿਤਾਰ ਵੀ ਵਜਾਉਂਦੀਆਂ ਨੇ ਪਰ ਉਹ ਵੀ ਕਸਬੀ ਤੌਰ ਤੇ ਨਹੀਂ। ਇਸ ਤਰ੍ਹਾਂ ਜਦੋਂ ਕਦੀ ਉਹ ਸਾਜ ਵਜਾਉਂਦੀ ਵੀ ਏ ਤਾਂ ਇਹ ਉਸਦੇ ਅਪਣੇ ਗਾਉਣ ਦੀ ਮਦਦ ਲਈ ਹੀ ਹੁੰਦਾ ਏ ਨਾਂ ਕਿ ਹੋਰ ਗਾਇਕ ਦੀ ਮੱਦਦ ਲਈ।'

ਅਪਣੇ ਸਪਸ਼ਟੀਕਰਨ ਵਿਚ ਪੂਰੀ ਤਰ੍ਹਾਂ ਰੁੱਝਿਆ ਹੋਇਆ ਉਹ ਉੱਠ ਕੇ ਬੈਠ ਗਿਆ ਅਤੇ ਬੋਲਣਾ ਜਾਰੀ ਰੱਖਿਆ, 'ਇਨ੍ਹਾਂ ਭੂਮਿਕਾਵਾਂ ਦੀ ਵੰਡ ਇੱਥੇ ਕੰਮ ਕਰਨ ਵਾਲੇ ਦੇ ਮੁੱਖ ਸਮੂਹਾਂ ਦੇ ਰਵਾਇਤੀ ਦਸਤੂਰ ਨੂੰ ਝੁਲਕਾਉਂਦੀ ਏ। ਕੰਜਰ ਬੜੇ ਸਮੇਂ ਤੋਂ ਪੇਸ਼ੇ ਵਿਚ ਰੁੱਝੇ ਰਹੇ ਹਨ। ਇਸ ਜਾਤ ਸਮੂਹ ਦੀਆਂ ਔਰਤਾਂ ਦੀ ਇਸ ਧੰਦੇ ਵਿਚ ਅਹਿਮ ਭੂਮਿਕਾ ਏ ਅਤੇ ਉਨ੍ਹਾਂ ਦੇ ਮਰਦ ਉਨ੍ਹਾਂ ਦੇ ਸਾਥੀਆਂ ਨਾਲੋਂ ਉਨ੍ਹਾਂ ਦੀਆਂ ਜੋਕਾਂ ਵਧੇਰੇ ਬਣੇ ਹੋਏ ਹਨ। ਦੂਜੇ ਪਾਸੇ ਮਿਰਾਸੀਆਂ ਵਿਚ, ਰਵਾਇਤੀ ਸੰਗੀਤ ਦੇਣ ਵਾਲੇ, ਸਿਰਫ ਮਰਦ ਹੀ ਤਵਾਇਫਾਂ ਦੇ ਗਾਉਣ ਅਤੇ ਨੱਚਣ ਵਿਚ ਮਦਦਕਾਰੀ ਭੂਮਿਕਾ ਨਿਭਾਉਂਦੇ ਹਨ। ਮਿਰਾਸੀ ਲੋਕ ਕੰਜਰ ਪਰਿਵਾਰਾਂ ਦੀਆਂ ਔਰਤਾਂ ਅਤੇ ਆਪਣੇ ਪਰਿਵਾਰਾਂ ਦੀਆਂ ਔਰਤਾ ਵਿਚਕਾਰ ਸਪਸ਼ਟ ਨਿਖੇੜ ਰੱਖਣਾ ਚਾਹੁੰਦੇ ਹਨ ਇਸ ਲਈ ਉਹ ਅਪਣੀਆਂ ਔਰਤਾਂ ਨੂੰ ਸੰਗੀਤ ਦੇ ਖੇਤਰ ਵਿਚ ਨਹੀਂ ਪਾਉਂਦੇ। ਤੂੰ ਦੇਖਦੀ ਨਹੀਂ? ਇਹ ਨਿਖੇੜਾ ਤਾਂ ਰਵਾਇਤੀ ਜਾਤ ਸਮੂਹਾਂ ਤੋਂ ਬਾਹਰ ਵੀ ਕਾਇਮ ਰਹਿੰਦਾ ਏ। ਪਾਕਿਸਤਾਨੀ ਔਰਤਾਂ ਗਾਉਣ ਨੂੰ ਹੀ ਤਰਜੀਹ ਦਿੰਦੀਆਂ ਨੇ ਸੰਗੀਤ ਸਾਜ ਵਜਾਉਣ ਨੂੰ ਕਦੀ ਵੀ ਨਹੀਂ।'

ਇਨ੍ਹਾਂ ਗੱਲਾਂ ਬਾਰੇ ਸੋਚਣ ਲਈ ਉਹ ਗੰਭੀਰ ਯਤਨ ਕਰ ਰਿਹਾ ਸੀ। ਜਦੋਂ ਗੱਲ ਮੁੱਕੀ,

ਉਹ ਕੁਝ ਚਿਰ ਚੁੱਪ ਰਿਹਾ ਤੇ ਬੋਲਿਆ ਕਿ ਉਹ ਕੁਝ ਚਿਰ ਝਪਕੀ ਲੈਣਾ ਚਾਹੁੰਦਾ ਏ। ਇਸ ਤੋਂ ਪਹਿਲਾਂ ਕਿ ਉਹ ਲੇਟ ਜਾਏ ਚੰਦਾ ਨੇ ਕ਼ਾਹਲੀ ਨਾਲ ਪੁੱਛਿਆ, 'ਕਿਰਪਾ ਕਰਕੇ ਸਾਨੂੰ ਇਹ ਵੀ ਦੱਸੋ ਕਿ ਸਰਕਾਰ ਵਿਚਲੇ ਇਸ ਮੁਹੱਲੇ ਦਾ ਕਿਉਂ ਧਿਆਨ ਨਹੀਂ ਕਰਦੇ ਜਦੋਂ ਕਿ ਇਹ ਬਹੁਤ ਮਹਾਨ ਕਲਾਕਾਰ ਪੈਦਾ ਕਰਦਾ ਏ।'

ਉਸਤਾਦ ਗਾਮਾ ਉੱਚੀ ਸਾਰੀ ਹੱਸ ਪਿਆ, 'ਸਰਕਾਰ! ਤੂੰ ਪਾਗਲ ਹੋ ਗਈ ਏਂ ਕੁੜੀਏ? ਜੇ ਇਹ ਕਰ ਸਕਦੀ ਤਾਂ ਸਰਕਾਰ ਨੇ ਪਾਕਿਸਤਾਨ ਵਿਚੋਂ ਸੰਗੀਤ ਨੂੰ ਹਿੰਦੂਆਂ ਦਾ ਬੁਰਾ ਪ੍ਰਭਾਵ ਕਹਿਕੇ ਪੂਰੀ ਤਰ੍ਹਾਂ ਖਤਮ ਹੀ ਕਰ ਦੇਣਾ ਸੀ।' ਉਹ ਫੇਰ ਜ਼ੋਰ ਦੀ ਹੱਸਿਆ ਤੇ ਮਸ਼ਹੂਰ ਕਹਾਵਤ ਸੁਣਾਈ, 'ਮੁੱਲਾਂ ਦੀ ਦੌੜ ਮਸਜਿਦ ਤੱਕ। ਸਾਡੇ ਲੀਡਰ ਮੁਸਲਿਮ-ਹਿੰਦੂ ਬਹਿਸਬਾਜ਼ੀ ਤੋਂ ਅੱਗੇ ਨਹੀਂ ਜਾ ਸਕਦੇ। ਉਨ੍ਹਾਂ ਦਾ ਕਹਿਣਾ ਏ ਕਿ ਮੁਸਲਿਮ ਇਸ ਸੰਸਾਰ ਦੀ ਸਿਰਜਣਾ ਵਿਚ ਸਭ ਤੋਂ ਉੱਤਮ ਚੀਜ਼ ਨੇ।' ਉਹਨੇ ਬਿਆਨ ਕੀਤਾ।

ਉਹਨੇ ਹੌਕਾ ਭਰਿਆ ਤੇ ਕਹਿਣਾ ਜਾਰੀ ਰੱਖਿਆ, 'ਸਰਕਾਰ ਨੂੰ ਭੁੱਲ ਜਾਹ। ਇਹ ਸ਼ਰਮ ਦੀ ਗੱਲ ਏ ਕਿ ਸਾਰਾ ਦੇਸ਼ ਸਾਡੇ ਵੱਲ ਭੈੜੇ ਲੋਕਾਂ ਵਾਂਗ ਦੇਖ ਰਿਹਾ ਏ। ਉਹ ਆਪਣਾ ਮਨੋਰੰਜਨ ਤਾਂ ਚਾਹੁੰਦੇ ਨੇ ਪਰ ਉਨ੍ਹਾਂ ਪੇਸ਼ਕਾਰੀ ਕਲਾਵਾਂ ਵਾਲਿਆਂ ਦੀ ਜਖਮੀ ਅਤੇ ਝਰੀਟੀ ਰੂਹ ਨੂੰ ਨਹੀਂ ਵੇਖਦੇ ਜੋ ਇੱਥੇ ਨੰਗੀ ਪਈ ਨੇ।' ਇਸ ਤੋਂ ਬਾਦ ਉਹਨੇ ਪਾਸਾ ਪਰਤਿਆ ਤੇ ਨਾਲ ਪਏ ਕੱਪੜਿਆਂ ਦੇ ਢੇਰ ਵਿਚ ਮੂੰਹ ਛੁਪਾ ਲਿਆ।

ਮੈਂ ਤੇ ਚੰਦਾ ਭਾਰੀ ਮਨਾਂ ਨਾਲ ਉੱਠ ਖੜ੍ਹੇ ਹੋਏ ਤੇ ਜਾਣ ਲੱਗੇ। ਮੈਂ ਚੰਦਾ ਨੂੰ ਦੱਸਿਆ ਕਿ ਮੇਰੇ ਕੋਲ ਉਸਦੀ ਧੀ ਦੀ ਸੌਗਾਤ ਲਈ ਇਕ ਬਹੁਤ ਵਧੀਆ ਵਿਚਾਰ ਏ।

ਮੇਰੀ ਗੱਲ ਨੇ ਉਸਨੂੰ ਖੁਸ਼ ਕਰ ਦਿੱਤਾ ਤੇ ਉਹਨੇ ਉਤਸੁਕਤਾ ਨਾਲ ਪੁੱਛਿਆ, 'ਕੀ ਚੀਜ਼?'

'ਢੋਲਕੀ। ਇਹੀ ਇਕ ਸਾਜ਼ ਏ ਜੋ ਔਰਤਾਂ ਬਿਨਾਂ ਕਿਸੇ ਝਿਜਕ ਦੇ ਵਜਾਉਂਦੀਆਂ ਨੇ। ਕੁੜੀਆਂ ਵਿਆਹ ਤੇ ਇਕੱਠੀਆਂ ਹੋ ਜਾਂਦੀਆਂ ਨੇ ਅਤੇ ਵਿਆਹ ਦੇ ਗੀਤ ਗਾਉਂਦੀਆਂ ਨੇ। ਉਸਤਾਦ ਨੇ ਇਹਦੇ ਬਾਰੇ ਨਹੀਂ ਸੋਚਿਆ ਹੋਣਾ, ਸ਼ਾਇਦ ਇਸ ਲਈ ਕਿ ਇਹ ਇਕ ਲੋਕ ਸਾਜ਼ ਏ। ਜਦੋਂ ਕਿੱਤੇ ਦੇ ਤੌਰ ਤੇ ਇਹ ਵਰਤਿਆ ਜਾਂਦਾ ਏ ਤਾਂ ਇਸ ਨੂੰ ਮਰਦ ਵਜਾਉਂਦੇ ਨੇ। ਪਰ ਪਾਕਿਸਤਾਨ ਦੀ ਹਰੇਕ ਬਿਰਾਦਰੀ ਦੀਆਂ ਔਰਤਾਂ ਇਸ ਨੂੰ ਕਿਸੇ ਨਾ ਕਿਸੇ ਮੌਕੇ ਜ਼ਰੂਰ ਵਜਾਉਂਦੀਆਂ ਨੇ। ਮੈਨੂੰ ਵੀ ਢੋਲਕੀ ਬੜੀ ਪਸੰਦ ਏ', ਮੈਂ ਕਿਹਾ।

'ਮੈਨੂੰ ਵੀ। ਬਿਲਕੁਲ ਠੀਕ ਏ, ਇਹ ਠੀਕ ਰਹੇਗਾ।' ਚੰਦਾ ਨੇ ਮੰਨਿਆਂ ਕਿ ਇਹ ਚੰਗਾ ਵਿਚਾਰ ਸੀ।

ਅਸੀਂ ਢੋਲਕੀ ਦੀ ਸਾਈ ਦੇਣ ਨੇੜੇ ਦੇ ਬਾਜ਼ਾਰ ਵਿਚ ਚਲੀਆਂ ਗਈਆਂ। ਕਿਉਂਕਿ ਇਹ ਇਕ ਉਸਤਾਦ ਦੀ ਕੁੜੀ ਦੀ ਸੌਗਾਤ ਹੋਣੀ ਸੀ ਇਸ ਲਈ ਮੈਂ ਕੋਈ ਬਣੀ ਪਈ ਢੋਲਕੀ ਨਹੀਂ ਖਰੀਦ ਸਕਦੀ ਸੀ। ਉਸਤਾਦਾਂ ਦੇ ਸਾਜ ਤਾਂ ਉਨ੍ਹਾਂ ਲਈ ਖਾਸ ਤੌਰ ਤੇ ਬਣਾਏ ਜਾਂਦੇ ਨੇ। ਉਸੇ ਰਵਾਇਤ ਨੂੰ ਕਾਇਮ ਰੱਖਦਿਆਂ ਮੈਂ ਸੋਚਿਆ ਕਿ ਅਸੀਂ ਮਾਰਕਿਟ ਵਿਚ ਜਾ ਕੇ ਦੇਖੀਏ ਕਿ ਢੋਲਕੀਆਂ ਕਿੱਥੇ ਬਣਦੀਆਂ ਨੇ।

ਸੰਗੀਤ ਸਾਜ਼ਾਂ ਦੀ ਮੁੱਖ ਮਾਰਕਿਟ ਮੇਨ ਬਾਜ਼ਾਰ ਚੌਂਕ ਤੋਂ ਲੈ ਕੇ ਲੰਗਾ ਮੰਡੀ ਤੱਕ ਫੈਲੀ

ਹੋਈ ਸੀ। ਕੁਝ ਦੁਕਾਨਾਂ ਥਾਣਾ ਟਿੱਬੀ ਦੇ ਨੇੜੇ ਸਨ, ਜਿੱਥੇ ਇਲਾਕੇ ਦਾ ਥਾਣਾ ਏ, ਸ਼ਾਹੀ ਮੁਹੱਲੇ ਦੇ ਐਨ ਸਾਮ੍ਹਣੇ, ਪਰ ਬਹੁਤੀਆਂ ਇਸ ਲੰਬੀ ਮਾਰਕਿਟ ਵਿਚ ਹੀ ਸਨ। ਸੜਕ ਦੇ ਦੋਵੇਂ ਪਾਸੇ ਢੋਲਕੀਆਂ, ਡਫਲੀਆਂ ਅਤੇ ਹੋਰ ਸਾਜ ਲਟਕੇ ਹੋਏ ਸਾਫ ਦਿਖਾਈ ਦੇ ਰਹੇ ਸਨ। ਕਿਉਂਕਿ ਬਹੁਤੇ ਕਸਬੀ ਸੰਗੀਤਕਾਰ ਜਾਂ ਤਾਂ ਮੁਹੱਲੇ ਵਿਚ ਹੀ ਰਹਿੰਦੇ ਨੇ ਜਾਂ ਇਸ ਨਾਲ ਜੁੜੇ ਹੋਏ ਨੇ ਇਸ ਲਈ ਆਪਣੇ ਸਾਜਾਂ ਲਈ ਉਹ ਇਸੇ ਮਾਰਕਿਟ ਤੇ ਨਿਰਭਰ ਕਰਦੇ ਨੇ! ਇਹ ਥਾਂ ਉਨ੍ਹਾਂ ਨੂੰ ਵੀ ਖਿੱਚ ਲਿਆਉਂਦੀ ਏ ਜੋ ਸਾਜ ਵਜਾਉਣੇ ਸਿੱਖਣ ਵਿਚ ਦਿਲਚਸਪੀ ਰੱਖਦੇ ਨੇ ਕਿਉਂਕਿ ਸ਼ਹਿਰ ਵਿਚ ਇਹੀ ਉਹ ਥਾਂ ਏ ਜਿੱਥੇ ਹਰ ਤਰ੍ਹਾਂ ਦੇ ਸਾਜ ਮਿਲਦੇ ਨੇ। ਤਬਲਾ, ਢੋਲਕੀ, ਨਾਲ, ਸਿਤਾਰ, ਹਾਰਮੋਨੀਅਮ, ਡਫਲੀ, ਕਾਂਗੋ, ਘੁੰਗਰੂ ਅਤੇ ਹੋਰ ਬਹੁਤ ਤਰ੍ਹਾਂ ਦੇ ਸਾਜ ਇੱਥੇ ਬਣਦੇ ਨੇ।

ਹੋਰ ਵੱਡੇ ਸ਼ਹਿਰਾਂ ਦੇ ਰਵਾਇਤੀ ਲਾਲ ਬੱਤੀ ਇਲਾਕੇ ਵੀ ਇਸੇ ਮਾਰਕਿਟ ਤੋਂ ਖਰੀਦ ਕਰਦੇ ਨੇ। ਇਸ ਲਈ ਸ਼ਾਹੀ ਮੁਹੱਲਾ ਸਾਜ ਬਣਾਉਣ ਦਾ ਇਕ ਮੁੱਖ ਕੇਂਦਰ ਏ। ਥਾਪ ਵਾਲੇ ਸਾਜ ਇੱਥੇ ਦੀ ਖਾਸੀਅਤ ਨੇ। ਗੁਜਰਾਂਵਾਲਾ ਹਾਰਮੋਨੀਅਮ ਲਈ ਵਧੇਰੇ ਮਸ਼ਹੂਰ ਏ ਅਤੇ ਸਿਆਲਕੋਟ ਕਲੈਰੀਨੇਟ, ਸੈਕਸਾਫੋਨ ਅਤੇ ਮੁਰਗਬੀਨ ਬਾਹਰ ਭੇਜਦਾ ਏ, ਇਹ ਰਵਾਇਤ ਅੰਗ੍ਰੇਜ਼ ਫ਼ੌਜ ਬੈਂਡ ਦੀ ਛੱਡੀ ਹੋਈ ਏ। ਸਾਜ ਵਜਾਉਣ ਦਾ ਕੰਮ ਲਾਹੌਰ ਦੇ ਹੋਰ ਹਿੱਸਿਆਂ ਵਿਚ ਵੀ ਚਲਾ ਗਿਆ ਏ ਪਰ ਪਰਿਵਾਰ ਉਹੀ ਨੇ ਅਤੇ ਉਨ੍ਹਾਂ ਦੇ ਸਬੰਧ ਇਸ ਮੁਹੱਲੇ ਦੇ ਕਾਰੋਬਾਰ ਅਤੇ ਲੋਕਾਂ ਨਾਲ ਬੜੇ ਪੀਡੇ ਨੇ।

ਢੋਲਕੀ ਬਣਾਉਣ ਲਈ ਕਹਿਣ ਵਾਸਤੇ ਚੰਦਾ ਅਤੇ ਮੈਨੂੰ ਦੱਸਿਆ ਗਿਆ ਕਿ ਪਹਿਲਾਂ ਫੈਕਟਰੀ ਜਾ ਕੇ ਲੱਕੜੀ ਦਾ ਖੋਲ ਬਣਵਾਇਆ ਜਾਏ। ਇਹ ਖੋਲ ਹੋਰ ਲੋਕ ਬਣਾਉਂਦੇ ਨੇ ਜੋ ਇਸ ਉੱਤੇ ਚਮੜਾ ਮੜ੍ਹਨ ਵਾਲਿਆਂ ਨਾਲੋਂ ਵਖਰੇ ਨੇ। ਕਈ ਫੈਕਟਰੀਆਂ ਦੱਸੀਆਂ ਗਈਆਂ, ਟਕਸਾਲੀ ਵਿਖੇ ਬਾਬਾ ਫਰੀਦ ਦੀ, ਮਾਲੀਪੁਰਾ ਵਿਚ ਅੱਲਾ ਰੱਖਾ ਦੀ, ਕਾਸ਼ਪੁਰਾ ਵਿਚ ਹੀਰੋ ਦੀ, ਮਲਿਕਪੁਰਾ ਵਿਚ ਯਾਮਿਨ ਦੀ ਅਤੇ ਕੁਝ ਲਾਹੌਰ ਤੋਂ ਬਾਹਰ ਦੀਆਂ। ਅਸੀਂ ਸਭ ਤੋਂ ਨੇੜੇ ਦੀ ਚੁਣੀ, ਟਕਸਾਲੀ ਵਿਚ ਬਾਬਾ ਫਰੀਦ ਦੀ, ਜੋ ਮੇਨ ਰੋਡ ਦੇ ਐਨ ਸਾਮ੍ਹਣੇ ਸੀ।

ਬਾਬਾ ਫਰੀਦ ਖੁਦ ਸਾਨੂੰ ਬੜੇ ਸਨੇਹ ਨਾਲ ਮਿਲਿਆ ਅਤੇ ਖੁਸ਼ ਸੀ ਕਿ ਦੋ ਔਰਤਾਂ ਢੋਲਕੀ ਦਾ ਆਰਡਰ ਦੇਣ ਲਈ ਫੈਕਟਰੀ ਆਈਆਂ ਨੇ। ਉਹਨੇ ਬੜੇ ਜੋਸ਼ ਨਾਲ ਸਾਨੂੰ ਫੈਕਟਰੀ ਦਿਖਾਈ ਅਤੇ ਥਾਪ ਵਾਲੇ ਸਾਜ ਲਈ ਖੋਲ ਤਿਆਰ ਕਰਨ ਦੀ ਪੂਰੀ ਵਿਧੀ ਸਮਝਾਈ। ਉਸਨੇ ਦੱਸਿਆ ਕਿ ਇਹ ਟਕਸਾਲੀ ਵਿਚ ਪਿਛਲੇ ਤੀਹ ਸਾਲ ਤੋਂ ਬਣਾਏ ਜਾ ਰਹੇ ਨੇ ਅਤੇ ਇਹ ਕੰਮ ਸੱਠਵਿਆਂ ਵਿਚ ਉਸ ਦੇ ਅੱਬਾ ਨੇ ਸ਼ੁਰੂ ਕੀਤਾ ਸੀ। ਪਹਿਲਾਂ ਉਹ ਲੱਕੜ ਦਾ ਹੋਰ ਸਮਾਨ ਆਰਡਰ ਤੇ ਬਣਾਉਂਦੇ ਹੁੰਦੇ ਸਨ ਪਰ ਸਾਜ ਬਣਾਉਣ ਵਾਲਿਆਂ ਨੂੰ ਨੇੜੇ ਕੋਈ ਅਜਿਹੀ ਚਾਹੀਦੀ ਸੀ ਜਿਸ ਵਿਚ ਵੱਡੇ ਆਰੇ ਅਤੇ ਖਰਾਦ ਲੱਗੇ ਹੋਏ ਹੋਣ ਇਸ ਲਈ ਅਸੀਂ ਸੰਗੀਤ ਸਾਜਾਂ ਲਈ ਸਮਾਨ ਬਣਾਉਣਾ ਸ਼ੁਰੂ ਕਰ ਦਿੱਤਾ। ਹੁਣ ਸਾਰਾ ਕੰਮ ਬਾਬਾ ਫਰੀਦ ਦਾ ਪੁੱਤਰ ਮੁਹੰਮਦ ਇਕਬਾਲ ਦੇਖ ਰਿਹਾ ਸੀ।

ਉਹਨੇ ਸਾਨੂੰ ਕੱਟੀ ਪਈ ਲੱਕੜੀ ਦਾ ਇਕ ਚੱਠਾ ਦਿਖਾਇਆ ਅਤੇ ਦੱਸਿਆ ਕਿ ਸਾਜਾਂ ਲਈ ਖੋਲ ਬਣਾਉਣ ਵਾਸਤੇ ਟਾਹਲੀ ਅਤੇ ਅੰਬ ਦੀ ਲੱਕੜ ਵਰਤੀ ਜਾਂਦੀ ਏ। ਉਹਨੇ ਸਾਨੂੰ ਕਿਹਾ ਕਿ ਜਿਹੜਾ ਟੁਕੜਾ ਪਸੰਦ ਹੋਵੇ ਅਸੀਂ ਚੁਣ ਲਈਏ, ਅਤੇ ਸਾਨੂੰ ਇਹ ਵੀ ਦੱਸਿਆ ਕਿ

ਸਭ ਤੋਂ ਵਧੀਆ ਢੋਲਕੀ ਗੁੱਲੀ ਤੋਂ ਬਣਦੀ ਏ, ਵੱਡੇ, ਖੋਲ ਨੂੰ ਵਿਚੋਂ ਖੋਖਲਾ ਕਰਕੇ, ਸਭ ਤੋਂ ਵਧੀਆ ਕਿਸਮ ਦੀ ਚੀਜ਼ ਬਣਵਾਉਣ ਲਈ ਦ੍ਰਿੜ ਮੈਂ ਉਸੇ ਦੀ ਮੰਗ ਕੀਤੀ। ਉਹਨੇ ਇਕ ਕਾਲੇ ਰੰਗ ਦਾ ਛੋਟਾ ਜਿਹਾ ਟੁਕੜਾ ਕੱਢਿਆ ਤੇ ਇਕਬਾਲ ਨੂੰ ਕਿਹਾ ਕਿ ਸਾਡੇ ਲਈ ਤਿਆਰ ਕਰ ਦਏ। ਬਿਜਲੀ ਦੇ ਖਰਾਦ ਨਾਲ ਇਸ ਨੂੰ ਖੋਖਲਾ ਕਰਨ ਲਈ ਕੋਈ ਅੱਧਾ ਕੁ ਘੰਟਾ ਲੱਗਾ ਇਹ ਗੋਲ ਖੋਲ ਦੇ ਰੂਪ ਵਿਚ ਤਿਆਰ ਹੋ ਗਿਆ। ਉਨ੍ਹਾਂ ਨੇ ਦੱਸਿਆ ਕਿ ਹੱਥ ਵਾਲੀ ਮਸ਼ੀਨ ਨਾਲ ਐਨਾ ਹੀ ਕੰਮ ਕਰਨ ਲਈ ਅੱਠ ਦਿਨ ਲੱਗ ਜਾਣੇ ਸੀ। ਉਨ੍ਹਾਂ ਨੇ ਖੋਲ ਸਾਫ ਕਰਨ ਅਤੇ ਤਿਆਰ ਕਰਨ ਲਈ ਸਾਦੇ ਸੰਦਾਂ ਦੀ ਵਰਤੋਂ ਕੀਤੀ। ਖੋਲ ਦੇਖ ਕੇ ਸਾਨੂੰ ਇੰਨਾਂ ਮਾਣ ਹੋਇਆ ਕਿ ਜਿਵੇਂ ਇਹ ਮੈਂ ਤੇ ਚੰਦਾ ਨੇ ਹੀ ਬਣਾਇਆ ਹੋਏ।

ਬਾਬਾ ਫਰੀਦ ਨੇ ਇਕਬਾਲ ਨੂੰ ਕਿਹਾ ਕਿ ਸਾਡੀ ਢੋਲਕੀ ਨੂੰ ਰੰਗ ਕਰ ਦਏ ਇਸ ਲਈ ਉਹਨੇ ਇਸ ਨੂੰ ਮੁੜ ਖਰਾਦ ਤੇ ਚਾੜ੍ਹ ਦਿੱਤਾ ਅਤੇ ਧਾਰੀਆਂ ਪਾਉਣ ਲੱਗਾ। ਅਸੀਂ ਢੋਲਕੀ ਨੂੰ ਤਿਆਰ ਹੁੰਦੀ ਵੇਖਕੇ ਸ਼ੁਦਾਈ ਜਿਹੀਆਂ ਹੋ ਰਹੀਆਂ ਸੀ, ਮੈਂ ਆਪਣੇ ਲਈ ਵੀ ਇਕ ਹੋਰ ਬਣਾਉਣ ਲਈ ਕਹਿ ਦਿੱਤਾ।

ਢੋਲਕੀਆਂ ਮੜ੍ਹਵਾਉਣਾ ਕੋਈ ਔਖਾ ਕੰਮ ਨਹੀਂ ਸੀ। ਇਸ ਕੰਮ ਦੇ ਇਕ ਖਾਸ ਕਾਰੀਗਰ ਨੂੰ ਇਹ ਦੇ ਦਿੱਤੀਆਂ ਅਤੇ ਉਹਨੇ ਸਾਨੂੰ ਦੂਜੇ ਦਿਨ ਆ ਕੇ ਲੈ ਜਾਣ ਲਈ ਕਿਹਾ। ਅਗਲੇ ਦਿਨ ਜਦੋਂ ਅਸੀਂ ਢੋਲਕੀਆਂ ਲੈਣ ਆਈਆਂ ਤਾਂ ਉਸਨੇ ਦੱਸਿਆ ਕਿ ਇਸ੍ਹ ਦੀ ਅਵਾਜ ਪਸੰਦ ਮੁਤਾਬਕ ਕਰਨ ਲਈ ਇਸ ਨੂੰ ਗਰਮ ਕਰ ਲਿਆ ਜਾਵੇ ਜਾਂ ਗੁੰਨ੍ਹਿਆਂ ਹੋਇਆ ਆਟਾ ਵਰਤਿਆ ਜਾਵੇ।

ਜਦੋਂ ਅਸੀਂ ਉਸਤਾਦ ਗਾਮਾ ਨੂੰ ਉਸ ਦੀ ਕੁੜੀ ਦੀ ਸੌਗਾਤ ਫੜਾਈ ਤਾਂ ਉਹ ਬੜਾ ਹੈਰਾਨ ਹੋਇਆ। ਉਹਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਆਖੇ, ਪਰ ਕੁਝ ਪਲਾਂ ਦੀ ਝਿਜਕ ਤੋਂ ਬਾਦ ਉਹ ਬੋਲਿਆ ਕਿ ਇਹ ਚੀਜ਼ ਪਾਕੇ ਉਸਨੂੰ ਬੜੀ ਖੁਸ਼ੀ ਹੋਈ ਏ।

ਮੈਂ ਅਤੇ ਚੰਦਾ ਖੁਸ਼ੀ ਖੁਸ਼ੀ ਉੱਥੋਂ ਤੁਰ ਪਈਆਂ। ਮੈਂ ਉਹਦੇ ਵੱਲ ਦੇਖਿਆ ਤੇ ਬੋਲੀ, 'ਚੰਗਾ ਫੇਰ, ਕਿਹੜੀਆਂ ਔਰਤਾਂ ਪੇਸ਼ਕਾਰੀ ਕਰ ਸਕਦੀਆਂ ਨੇ ਅਤੇ ਕਿਹੜੀਆਂ ਨਹੀਂ ਇਸ ਬਾਰੇ ਬਹਿਸ ਅਜੇ ਜਾਰੀ ਰਹੇਗੀ ਪਰ ਇਸ ਵੇਲੇ ਤਾਂ ਢੋਲਕੀ ਹੀ ਉਹ ਚੀਜ਼ ਰਹਿ ਗਈ ਏ ਜਿਸ ਰਾਹੀਂ ਪਾਕਿਸਤਾਨੀ ਔਰਤਾਂ ਅਪਣੀ ਸੰਗੀਤ ਦੀ ਚਾਹਨਾ ਪੂਰੀ ਕਰ ਸਕਦੀਆਂ ਨੇ। ਇਹੀ ਸਭ ਕੁਝ ਹੈ ਸਾਡੇ ਕੋਲ। ਇਕ ਢੋਲਕੀ ਅਤੇ ਵਿਆਹ ਤੇ ਨੱਚਣ ਅਤੇ ਗਾਉਣ ਦਾ ਮੌਕਾ।'

# ਫਿਲਮ ਸਟੂਡੀਉਜ਼ ਦਾ ਗੇੜਾ

ਅਭਿਨੈ ਅਤੇ ਨਾਚ ਦੀ ਕਲਾ ਨੂੰ ਸ਼ਾਹੀ ਮੁਹੱਲੇ ਦੀ ਬਹੁਤ ਵੱਡੀ ਦੇਣ ਏਂ। ਜਿਵੇਂ ਕਲਾਸਕੀ ਅਤੇ ਪਾਪੂਲਰ ਸੰਗੀਤ ਦੇ ਕਸਬੀ ਗਾਇਕਾਂ ਦਾ ਸ਼ਾਹੀ ਮੁਹੱਲੇ ਨਾਲ ਸਬੰਧ ਏ ਜਾਂ ਇਸੇ ਤਰ੍ਹਾਂ ਦੇ ਰਵਾਇਤੀ ਬਾਜ਼ਾਰਾਂ ਨਾਲ, ਉਵੇਂ ਹੀ ਤਕਰੀਬਨ ਸਾਰੀਆਂ ਅਦਾਕਾਰਾਂ ਅਤੇ ਮਰਦ ਐਕਟਰਾਂ ਦਾ ਵੀ ਏ ਜੋ ਫਿਲਮ ਜਗਤ ਵਿਚ ਕੰਮ ਕਰਦੇ ਨੇ।

ਪਿਛਲੇ ਸਮੇਂ ਵਿਚ ਉੱਭਰਦੀਆਂ ਅਦਾਕਾਰਾਂ ਅਪਣੇ ਮੂਲ ਤੋਂ ਟੁੱਟਣ ਲਈ ਬਹੁਤ ਜ਼ਿਆਦਾ ਕੋਸ਼ਿਸ਼ ਕਰਦੀਆਂ ਰਹੀਆਂ ਨੇ ਅਤੇ ਕਾਮਯਾਬ ਹੋਣ ਤੋਂ ਪਹਿਲਾਂ ਹੀ ਮੁੱਹਲੇ ਤੋਂ ਬਾਹਰ ਵੀ ਚਲੀਆਂ ਗਈਆਂ ਸਨ। ਉਹ ਆਪਣੇ ਅਤੀਤ ਦੀ ਅਕਸਰ ਕੋਈ ਕਹਾਣੀ ਘੜ ਲੈਂਦੀਆਂ ਸਨ ਅਤੇ ਉਨ੍ਹਾਂ ਦੀ ਆਂਟੀ ਜਾਂ ਮਨੇਜਰ ਦੇ ਤੌਰ ਤੇ ਜਾਣ-ਪਛਾਣ ਕਰਵਾਉਂਦੀਆਂ ਸਨ ਜੋ ਬਹੁਤੇ ਮਾਮਲਿਆਂ ਵਿਚ ਸੱਚ ਵੀ ਹੁੰਦਾ ਸੀ। ਮਸ਼ਹੂਰ ਹੋਣ ਤੋਂ ਬਾਦ ਜਦੋਂ ਮੀਡੀਆ ਇੰਟਰਵਿਊ ਲੈਂਦਾ ਤਾਂ ਅਦਾਕਾਰਾਂ ਮੁਹੱਲੇ ਨਾਲ ਅਪਣੇ ਸਬੰਧ ਜਾਂ ਮੂਲ ਤੋਂ ਉੱਕਾ ਹੀ ਮੁੱਕਰ ਜਾਂਦੀਆਂ ਸਨ।

ਕਈ ਸਿਤਾਰੇ ਮਸ਼ਹੂਰ ਹੋਣ ਤੋਂ ਪਹਿਲਾਂ ਉਪਨਗਰਾਂ ਦੀਆਂ ਆਪਣੀਆਂ ਰਿਹਾਇਸ਼ਾਂ ਜਾਂ ਬੋਰਡਿੰਗ ਸਕੂਲਾਂ ਵਿਚ ਪਾਲੇ ਜਾਂਦੇ ਸਨ। ਇਹ ਕਹਿਣ ਨਾਲ ਕਿ ਫਿਲਮ ਜਗਤ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਹੀ ਮੁਹੱਲੇ ਵਿਚ ਜੰਮੀਆਂ ਨੇ ਇਹ ਮਤਲਬ ਉੱਕਾ ਹੀ ਨਹੀਂ ਰੱਖਦਾ ਸੀ ਕਿ ਉਹ ਤਵਾਇਫਾਂ ਸਨ। ਕਈ ਵਾਰੀ ਮਾਵਾਂ ਨੂੰ ਆਪਣੀਆਂ ਧੀਆਂ ਨੂੰ ਇਸ ਕਿੱਤੇ ਵਿਚ ਨਾ ਪਾਉਣ ਦੇ ਵਿਰੋਧ ਦਾ ਸਖਤ ਸਾਮ੍ਹਣਾ ਕਰਨਾ ਪੈਂਦਾ ਸੀ। ਫਿਲਮ ਅਭਿਨੈ ਨੂੰ ਮੁਹੱਲੇ ਵਿਚੋਂ ਮੁੱਖਧਾਰਾ ਵਿਚ ਆਉਣ ਦਾ ਇਕ ਪ੍ਰਭਾਵਕ ਜ਼ਰੀਆ ਸਮਝਿਆ ਜਾਂਦਾ ਰਿਹਾ ਏ, ਪੈਸੇ ਅਤੇ ਮਸ਼ਹੂਰੀ ਰਾਹੀਂ ਸਤਕਾਰ ਪ੍ਰਾਪਤ ਕਰਨ ਦਾ ਇਕ ਢੰਗ। ਐਪਰ, ਫਿਲਮਾਂ ਨਾਲ ਜੁੜੇ ਰੋਮਾਂਸ ਅਤੇ ਤੜਕ-ਭੜਕ ਦੇ ਬਾਵਜੂਦ ਫਿਲਮ ਜਗਤ ਵੀ ਉਨ੍ਹਾਂ ਹੀ ਮਨਾਹੀਆਂ ਦਾ ਭਾਈਵਾਲ ਏ ਜਿਹੜੀਆਂ ਲਾਲ ਬੱਤੀ ਇਲਾਕਿਆਂ ਲਈ ਹਨ। ਇਹ ਆਮ ਕਿਹਾ ਜਾਂਦਾ ਏ ਕਿ ਕਿਉਂਕਿ ਇਸ ਦੇ ਬਹੁਤ ਕਲਾਕਾਰ ਲਾਲ ਬੱਤੀ ਇਲਾਕਿਆਂ ਤੋਂ ਆਉਂਦੇ ਨੇ ਇਸ ਲਈ ਪਾਕਿਸਤਾਨੀ ਸਮਾਜ ਦੇ 'ਪਾਕ ਦਾਮਨ' ਲੋਕ ਉਨ੍ਹਾਂ ਨਾਲ ਰਲਣ ਦੀ ਇੱਛਾ ਨਹੀਂ ਰੱਖਦੇ।

ਮਸ਼ਹੂਰ ਅਦਾਕਾਰਾਂ ਦੇ ਪਰਿਵਾਰਕ ਸਬੰਧ ਉਨ੍ਹਾਂ ਨੂੰ ਵਿਭਿੰਨ ਮੁਹੱਲਿਆਂ ਨਾਲ ਜੋੜ ਦਿੰਦੇ ਨੇ। ਇਨ੍ਹਾਂ ਵਿਚ ਕੁਝ ਹੀ ਅਪਵਾਦ ਸਨ ਜਿਵੇਂ ਸ਼ਬਨਮ, ਨੱਯਰ ਸੁਲਤਾਨਾ, ਮਸੱਰਤ ਨਜ਼ੀਰ ਅਤੇ ਸਮੀਨਾ ਪੀਰਜ਼ਾਦਾ, •ਜਿਨ੍ਹਾਂ ਦੇ ਇਸ ਨਾਲ ਸਬੰਧ ਨਹੀਂ ਸਨ ਅਤੇ ਫਿਲਮ ਜਗਤ ਵਿਚ ਇਸ ਕਾਰਨ ਆਈਆਂ ਸਨ ਕਿ ਉਹ ਅਭਿਨੈ ਨੂੰ ਕਿੱਤੇ ਵਜੋਂ ਅਪਨਾਉਣਾ ਚਾਹੁੰਦੀਆਂ ਸਨ। ਸਬੀਹਾ ਖਾਨੁਮ ਮੰਚ ਅਦਾਕਾਰਾਂ ਦੇ ਪਰਿਵਾਰ ਵਿਚੋਂ ਆਈ ਸੀ।

1960 ਵਿਆਂ ਦੌਰਾਨ ਕੁਝ ਕੁ ਅਦਾਕਾਰਾਂ ਫਿਲਮ ਜਗਤ ਵਿਚ ਖੁਸ਼ਹਾਲ ਸ਼ਹਿਰੀ ਉੱਚ ਵਰਗ ਵਿਚੋਂ ਵੀ ਆ ਗਈਆਂ ਸਨ ਜੋ ਖ਼ੁਦ ਨੂੰ ਆਧੁਨਿਕ ਸਮਝਦੇ ਸਨ ਅਤੇ ਨਾਈਟ

ਕਲੱਬ ਸੱਭਿਆਚਾਰ ਦੇ ਮਤਵਾਲੇ ਸਨ ਜੋ ਪੱਛਮੀ ਨਾਚ ਅਤੇ ਸੰਗੀਤ ਨਾਲ ਭਰਪੂਰ ਸੀ। ਭਾਵੇਂ ਉਹ ਇਸ ਸੰਦਰਭ ਵਿਚ ਔਰਤਾਂ ਨੂੰ ਮਰਦਾਂ ਨਾਲ ਖੁਲ੍ਹ ਲੈਣ ਦੀ ਇਜਾਜ਼ਤ ਦੇ ਦਿੰਦੇ ਸਨ ਪਰ ਸਮੁੱਚਾ ਸਮਾਜ ਫੇਰ ਵੀ ਇਸ ਤੇ ਨੱਕ-ਬੁੱਲ੍ਹ ਚੜ੍ਹਾਉਂਦਾ ਸੀ। ਇਸ ਘਟਗਿਣਤੀ ਉਪ-ਸਭਿਆਚਾਰ ਦੀ ਮਿਸਾਲ ਹੁਸਨਾ ਅਤੇ ਨੀਲੋ ਵਰਗੀਆਂ ਅਦਾਕਾਰਾਂ ਹਨ ਜੋ ਫਿਲਮ ਜਗਤ ਦੀਆਂ ਮਸ਼ਹੂਰ ਨਾਚੀਆਂ ਬਣੀਆਂ।

ਕਈ ਮਸ਼ਹੂਰ ਅਦਾਕਾਰਾਂ ਦਰਬਾਰੀਆਂ, ਤਵਾਇਫਾਂ, ਦੇ ਉੱਚ ਵਰਗ ਵਿਚੋਂ ਵੀ ਆਈਆਂ ਸਨ। ਰਾਜਿਆਂ, ਮਹਾਰਾਜਿਆਂ ਦੇ ਪੁਰਾਣੇ ਯੁਗ ਵਿਚ ਉਹ ਪੂਰੀ ਤਰ੍ਹਾਂ ਸਿੱਖਿਅਤ ਕਲਾਕਾਰ ਹੁੰਦੀਆਂ ਸਨ ਜੋ ਜਿੰਦਗੀ ਭਰ ਸਿਰਫ ਇਕ ਹੀ ਗਾਹਕ ਨਾਲ ਜੁੜੀਆਂ ਰਹਿੰਦੀਆਂ ਸਨ। ਉਨ੍ਹਾਂ ਦਾ ਕਾਰੋਬਾਰੀ ਔਰਤ ਦੇ ਤੌਰ ਉੱਚਾ ਰੁਤਬਾ ਹੁੰਦਾ ਸੀ ਅਤੇ ਉਨ੍ਹਾਂ ਨੂੰ ਰੰਡੀਆਂ ਨਾਲ ਨਹੀਂ ਜੋੜਿਆ ਜਾਂਦਾ ਸੀ। ਇਨ੍ਹਾਂ ਵਿਚ ਕਈ ਔਰਤਾਂ ਨੇ ਜਵਾਨੀ ਵਿਚ ਹੀ ਧਨੀ ਲੋਕਾਂ ਨਾਲ ਵਿਆਹ ਕਰਵਾਏ ਅਤੇ ਨਾਲੇ ਉਹ ਗਾਉਣ ਅਤੇ ਅਭਿਨੈ ਦਾ ਕੰਮ ਕਰਦੀਆਂ ਰਹੀਆਂ। ਇਨ੍ਹਾਂ ਵਿਚੋਂ ਕਈ ਬਹੁਤ ਵਧੀਆ ਗਾਇਕਾਵਾਂ ਸਨ।

ਦਿਲਚਸਪ ਗੱਲ ਇਹ ਵੇ ਕਿ ਪੁਰਾਣੇ ਜ਼ਮਾਨੇ ਦੀਆਂ ਹੀਰੋਇਨਾਂ ਦੇ ਉਲਟ ਨਵੇਂ ਫਿਲਮੀ ਸਿਤਾਰੇ ਇਸ ਗੱਲ ਦੀ ਲੋੜ ਬਿਲਕੁਲ ਮਹਿਸੂਸ ਨਹੀਂ ਕਰਦੇ ਕਿ ਉਹ ਆਪਣੇ ਅਤੀਤ ਨਾਲੋਂ, ਜੜ੍ਹਾਂ ਨਾਲੋਂ ਟੁੱਟ ਕੇ ਰਹਿਣ। ਉਹ ਨਾ ਸਿਰਫ ਆਪਣੇ ਮੂਲ ਬਾਰੇ ਖੁਲ੍ਹ ਕੇ ਦੱਸਦੀਆਂ ਹਨ ਬਲਕਿ ਮੁਜਰੇ ਦੇ ਰੂਪ ਵਿਚ ਅਪਣਾ ਕਿੱਤਾ ਵੀ ਜਾਰੀ ਰੱਖਦੀਆਂ ਹਨ। ਉਹ ਅਕਸਰ ਇਸ ਕਰਕੇ ਅਜਿਹੇ ਇਲਾਕੇ ਵਿਚ ਰਹਿਣਾ ਪਸੰਦ ਨਹੀਂ ਕਰਦੀਆਂ ਕਿ ਉਹ ਉਪਨਗਰੀ ਆਧੁਨਿਕ ਰਹਿਣ-ਸਹਿਣ ਨੂੰ ਪਸੰਦ ਕਰਦੀਆਂ ਨੇ ਬਲਕਿ ਉਨ੍ਹਾਂ ਦੀ ਜੀਵਨ-ਜਾਚ ਅਤੇ ਦੋਸਤਾਂ ਦਾ ਘੇਰਾ ਇਸੇ ਮੁਹੱਲਾ ਸੱਭਿਆਚਾਰ ਦਾ ਹੀ ਇਕ ਵਾਧਰਾ ਹੁੰਦਾ ਏ। ਹੁਣ ਕਈ ਅਪਣੇ ਨਾਲ ਸਟੂਡੀਉਜ਼ ਵਿਚ ਆਪਣੀਆਂ ਭੈਣਾਂ ਅਤੇ ਭਰਾਵਾਂ ਨੂੰ ਵੀ ਲੈ ਆਉਂਦੀਆਂ ਹਨ ਅਤੇ ਉਨ੍ਹਾਂ ਨੂੰ ਫਿਲਮ ਉਦਯੋਗ ਵਿਚ ਅਭਿਨੈ ਤੋਂ ਬਿਨ੍ਹਾਂ ਵੀ ਹੋਰ ਕੰਮਾਂ ਤੇ ਲਾ ਦਿੰਦੀਆਂ ਹਨ।

ਪਾਕਿਸਤਾਨੀ ਫਿਲਮਾਂ ਵਿਚ ਚਿਹਰਾ ਵਧੀਆ ਹੋਵੇ ਅਤੇ ਇਕ ਖੁਲ੍ਹੇ ਦਿਲ ਵਾਲਾ ਨਿਰਮਾਤਾ ਹੋਵੇ ਜੋ ਉਨ੍ਹਾਂ ਨੂੰ ਮੌਕਾ ਅਤੇ ਮਸ਼ਹੂਰੀ ਦੇ ਦਏ, ਬੱਸ ਇਹੀ ਸਿਤਾਰਾ ਬਣਨ ਲਈ ਕਾਫੀ ਏ। ਸੰਗੀਤ ਅਤੇ ਗਾਉਣ ਲਈ ਸਿਖਲਾਈ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਏ ਪਰ ਇਸਦੇ ਉਲਟ ਅਭਿਨੈ ਦਾ ਬਹੁਤਾ ਸਬੰਧ ਤੜਕ-ਭੜਕ ਨਾਲ ਹੀ ਏ। ਅਲਾਦੀਨ, ਤਾਲਿਸ਼ ਵਰਗੇ ਕੁਝ ਐਕਟਰ ਅਪਣੀ ਸਖਤ ਮੇਹਨਤ ਅਤੇ ਭਿੰਨ ਤਰ੍ਹਾਂ ਦੀ ਪੇਸ਼ਕਾਰੀ ਨਾਲ ਹੀ ਕਾਮਯਾਬ ਹੋਏ ਹਨ। ਐਪਰ ਬਹੁਤ ਸਾਰੇ ਮਸ਼ਹੂਰ ਐਕਟਰਾਂ ਅਤੇ ਐਕਟਰਸਾਂ ਨੂੰ ਦੇਖਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਦੀ ਉੱਚੇ ਦਰਜੇ ਦੀ ਪੇਸ਼ਕਾਰੀ ਹੀ ਉਨ੍ਹਾਂ ਨੂੰ ਚੋਟੀ ਤੇ ਲੈ ਕੇ ਆਈ ਏ। ਇਸ ਵੇਲੇ ਫਿਲਮਾਂ ਵਿਚ ਅਭਿਨੈ ਦੀ ਯੋਗਤਾ ਨਾਲੋਂ ਸਕਰੀਨ ਬਿਊਟੀ ਅਤੇ ਨੱਚਣ ਦੀ ਕਲਾ ਹੀ ਵਧੇਰੇ ਅਹਿਮੀਅਤ ਰੱਖਦੀ ਹੈ, ਖਾਸ ਕਰਕੇ ਔਰਤਾਂ ਲਈ। ਪਾਕਿਸਤਾਨ ਵਿਚ ਐਕਟਿੰਗ ਨੂੰ ਅਜਿਹੀ ਕਲਾ ਨਹੀਂ ਸਮਝਿਆ ਜਾਂਦਾ ਜਿਸ ਦੀ ਰਸਮੀ ਸਿਖਲਾਈ ਦਿੱਤੀ ਜਾਵੇ। ਸਮਝਿਆ ਜਾਂਦਾ ਏ ਕਿ ਜੇ ਡਾਇਰੈਕਟਰ ਚੰਗਾ ਹੋਵੇ ਤਾਂ ਐਕਟਿੰਗ ਕੰਮ ਤੇ ਹੀ ਸਿੱਖ ਹੋ ਜਾਂਦੀ ਏ ਜਿਹੜਾ ਆਪ ਹੀ ਅਧਿਆਪਕ ਦੀ ਵਾਧੂ ਭੂਮਿਕਾ ਵੀ ਨਿਭਾ ਦਿੰਦਾ ਏ।

ਐਕਟਰਾਂ ਲਈ ਸਭ ਤੋਂ ਵੱਡੀ ਮੰਡੀ ਫਿਲਮ ਜਗਤ ਏ। ਟੈਲੀਵੀਜ਼ਨ ਵੀ ਕੁਝ ਮੌਕੇ ਦਿੰਦਾ ਏ ਪਰ ਇਸ ਨੂੰ ਬਹੁਤਾ ਫਿਲਮ ਨਿਰਮਾਤਾਵਾਂ ਨੂੰ ਖਿੱਚਣ ਦਾ ਜ਼ਰੀਆ ਹੀ ਸਮਝਿਆ ਜਾਂਦਾ ਏ ਜਾਂ ਸ਼ਾਇਦ ਅਪਣੀ ਰਚਨਾਤਮਕ ਭੁੱਖ ਮਿਟਾਉਣ ਦਾ। ਟੈਲੀਵੀਜ਼ਨ ਤੇ ਐਕਟਿੰਗ ਕਰਨ ਨੂੰ ਆਰਥਕ ਤੌਰ ਤੇ ਢੁਕਵਾਂ ਨਹੀਂ ਸਮਝਿਆ ਜਾਂਦਾ। ਇਸ ਦੇ ਉਲਟ ਮੰਚ ਐਕਟਿੰਗ ਬੇਹਤਰ ਏ ਤੇ ਚੰਗਾ ਪੈਸਾ ਵੀ ਮਿਲ ਜਾਂਦਾ ਏ ਤੇ ਸ਼ੋਹਰਤ ਦਾ ਸੁਰੱਖਿਅਤ ਰਾਹ ਵੀ।

ਮੈਂ ਫਿਲਮੀ ਸਟੂਡੀਉਜ਼ ਵਿਚ ਕਈ ਗੇੜੇ ਮਾਰੇ ਤਾਂ ਕਿ ਉਸ ਜਗਤ ਦੀ ਇਕ ਝਲਕ ਤਾਂ ਵੇਖਾਂ ਜੋ ਹਜ਼ਾਰਾਂ ਐਕਟਿੰਗ ਦੇ ਖਾਹਸ਼ਮੰਦਾਂ ਨੂੰ ਖਿੱਚਦਾ ਏ ਅਤੇ ਕੁਝ ਕੁ ਨੂੰ ਸਫਲਤਾ ਦੀਆਂ ਬੁਲੰਦੀਆਂ ਤੇ ਲੈ ਜਾਂਦਾ ਏ ਅਤੇ ਕੁਝ ਅਜਿਹਿਆਂ ਨੂੰ ਭਮੱਕੜਾਂ ਵਾਂਗ ਫੂਕ ਕੇ ਸੁੱਟ ਦਿੰਦਾ ਏ ਜੋ ਸਮਝ ਨਾ ਹੋਣ ਦੇ ਬਾਵਜੂਦ ਵੀ ਇਸ ਮੋਮਬੱਤੀ ਵੱਲ ਖਿੱਚੇ ਗਏ ਹੋਣ। ਉਹ ਬਾਕੀ ਦੀ ਸਾਰੀ ਉਮਰ ਇਸ ਮੋਮਬੱਤੀ ਦੇ ਦੁਆਲੇ ਘਿਸਟ-ਘਿਸਟ ਕੇ ਹੀ ਬਿਤਾ ਛੱਡਦੇ ਨੇ ਤੇ ਸੋਚਦੇ ਰਹਿੰਦੇ ਨੇ ਕਿ ਸ਼ਾਇਦ ਉੱਡਣ ਦਾ ਇਕ ਹੋਰ ਮੌਕਾ ਮਿਲ ਜਾਏ।

ਮੇਰੀ ਖਿੱਚ ਸੁਪਰ ਸਟਾਰਾਂ ਦੇ ਜੀਵਨ ਕਰਕੇ ਨਹੀਂ ਸੀ ਬਲਕਿ ਸਟੂਡੀਉਜ਼ ਨਾਲ ਜੁੜੇ ਵਿਭਿੰਨ ਪੇਸ਼ਕਾਰਾਂ ਅਤੇ ਤਕਨੀਸ਼ਨਾਂ ਦੇ ਘੜਮੱਸ਼ ਕਾਰਨ ਸੀ। ਮੈਂ ਚਰਿਤਰ ਅਭਿਨੇਤਾਵਾਂ ਤੋਂ ਪ੍ਰਭਾਵਤ ਸਾਂ, ਉਨ੍ਹਾਂ ਔਰਤਾਂ ਤੋਂ ਜੋ ਤਿੰਨ ਦਹਾਕਿਆਂ ਤੋਂ ਮਾਂ ਦੀ ਭੂਮਿਕਾ ਨਿਭਾਉਂਦੀਆਂ ਆ ਰਹੀਆਂ ਸਨ ਅਤੇ ਉਨ੍ਹਾਂ ਸਟੰਟਬਾਜ਼ਾਂ, ਸੈੱਟ ਡਿਜ਼ਾਈਨਰਾਂ, ਕੰਪੋਜ਼ਰਾਂ, ਸੰਗੀਤਕਾਰਾਂ, ਸਮੂਹ ਗਾਇਕਾਂ ਅਤੇ ਨਿਰਸੰਦੇਹ ਉਨ੍ਹਾਂ ਨੌਜਵਾਨ ਖ਼ਾਹਸ਼ਮੰਦਾਂ ਤੋਂ ਜੋ ਡਾਇਰੈਕਟਰਾਂ ਦੁਆਲੇ ਘੁੰਮਦੇ ਰਹਿੰਦੇ ਨੇ ਅਤੇ ਉਨ੍ਹਾਂ ਦਰਜਨਾਂ ਏਜੰਟਾਂ ਰਾਹੀਂ ਮੌਕੇ ਦੀ ਤਾੜ ਵਿਚ ਰਹਿੰਦੇ ਨੇ ਜਿਨ੍ਹਾਂ ਨੇ ਲੰਬੇ ਸਮੇਂ ਤੋਂ ਇਨਸਾਨੀ ਤਿਕੜਮਬਾਜ਼ੀ ਦੇ ਭੇਤ ਪਾਏ ਹੋਏ ਨੇ।

ਮੈਂ ਸ਼ਾਹਨੂਰ ਸਟੂਡੀਉਜ਼ ਵਿਚ ਇਕ ਨਵੀਂ ਫਿਲਮ ਦੀ ਨਾਚ ਲੜੀ ਦੀ ਸ਼ੂਟਿੰਗ ਦੇਖਣ ਦਾ ਪ੍ਰਬੰਧ ਕਰ ਲਿਆ। ਗਾਰਡਾਂ ਦੀਆਂ ਕਈ ਪਰਤਾਂ ਲੰਘਣ ਤੋਂ ਬਾਦ ਮੈਂ ਸ਼ੂਟਿੰਗ ਵਾਲੀ ਥਾਂ ਤੇ ਪੁੱਜ ਗਈ। ਕਈ ਸਟੂਡੀਉਜ਼ ਦੇ ਵਿਹੜਿਆਂ ਵਿਚੋਂ ਇਕ ਵਿਚ ਇਹ ਸ਼ੂਟਿੰਗ ਦੀ ਥਾਂ ਇਕ ਪਾਰਕ ਵਾਂਗ ਬਣਾਈ ਹੋਈ ਸੀ। ਇਕ ਸੁੰਦਰ ਜਿਹੀ ਡਾਂਸਰ, ਜਿਸਨੇ ਲਹਿਰਾਉਂਦੇ ਵਾਲਾਂ ਦਾ ਵਿੱਗ ਪਹਿਨਿਆਂ ਹੋਇਆ ਸੀ ਅਤੇ ਨੀਲੇ ਕਾਂਟੈਕਟ ਲੈਂਸ ਲਾਏ ਹੋਏ ਸਨ ਸੈੱਟ ਉੱਤੇ ਖਿੱਚ ਦਾ ਕੇਂਦਰ ਬਣੀ ਹੋਈ ਸੀ। ਇਕ ਪਾਸੇ ਵੱਡਾ ਸਾਰਾ ਫੁਆਰਾ ਸੀ ਤੇ ਦੂਜੇ ਪਾਸੇ ਪਾਰਕ ਜਿਸ ਵਿਚ ਰੁੱਖਾਂ ਦੀ ਮਹਿਰਾਬ ਬਣੀ ਹੋਈ ਸੀ। ਫਿਲਮ ਸ਼ੂਟਿੰਗ ਭਾਵੇਂ ਦਿਲਚਸਪ ਜਾਪਦੀ ਹੋਏ ਪਰ ਉਸ ਨੂੰ ਦੇਖਣਾ ਬੜਾ ਅਕਾਊ ਲੱਗਦਾ ਏ। ਤੁਸੀਂ ਕਈ ਘੰਟੇ ਬਿਤਾ ਕੇ ਵੀ ਕਿਸਮਤ ਨਾਲ ਦੋ ਸੀਨ ਹੀ ਰਿਕਾਰਡ ਕੀਤੇ ਦੇਖ ਸਕਦੇ ਹੋ। ਇਕੋ ਸੀਨ ਕਈ ਕਈ ਵਾਰੀ ਫਿਲਮਾਇਆ ਜਾਂਦਾ ਏ ਅਤੇ ਫਿਲਮ ਵਿਚ ਇਹ ਸਕਿੰਟਾਂ ਦਾ ਹੀ ਹੁੰਦਾ ਏ। ਡਾਂਸ ਡਾਇਰੈਕਟਰ ਨੂੰ ਦੇਖ ਕੇ ਮੈਨੂੰ ਬੜਾ ਅਨੰਦ ਆਇਆ ਜੋ ਮਰਦ ਹੋਣ ਦੇ ਬਾਵਜੂਦ ਵੀ ਉਸ ਸਟਾਰ ਨਾਲੋਂ ਕਿਤੇ ਵਧੀਆ ਢੰਗ ਨਾਲ ਨੱਚ ਰਿਹਾ ਸੀ,

ਫਿਲਮ ਡਾਇਰੈਕਟਰ, ਜੋ ਖੁਦ ਐਕਟਰ ਵੀ ਸੀ, ਇਕ ਕੁਰਸੀ ਤੇ ਵਿਛਿਆ ਬੈਠਾ ਸੀ ਜਿਵੇਂ ਕਿ ਕੋਈ ਖੁਦਾ ਹੋਏ। ਮੈਂ ਹੋਰ ਬਜੁਰਗ ਡਾਇਰੈਕਟਰ ਵੀ ਦੇਖੇ ਜੋ ਉੱਥੇ ਮੌਜੂਦ ਲੋਕਾਂ ਵਿਚ ਉਸ ਦਾ ਭੈਅ ਪੈਦਾ ਕਰਦੇ ਫਿਰਦੇ ਸਨ ਪਰ ਮੈਨੂੰ ਇਸ ਬੰਦੇ ਦੇ ਰਵੱਈਏ ਤੇ ਹੈਰਾਨੀ ਸੀ

ਕਿਉਂਕਿ ਉਸ ਦੀ ਉਮਰ ਅਜੇ ਇਸ ਤਰ੍ਹਾਂ ਦੇ ਧੁਮਾਅ ਲਈ ਕਾਫੀ ਨਹੀਂ ਸੀ। ਮੈਂ ਕੋਈ ਜੱਜ ਤਾਂ ਨਹੀਂ ਸੀ ਪਰ ਉਹਨੇ ਅਜੇ ਅਪਣੀ ਪਹਿਲੀ ਫਿਲਮ ਵੀ ਨਹੀਂ ਬਣਾਈ ਸੀ। ਫਿਲਮ ਜਗਤ ਵਿਚ ਉਸਦਾ ਦਾਖਲਾ ਬੜਾ ਸੌਖਾ ਸੀ ਕਿਉਂਕਿ ਉਸਦੇ ਮਾਪੇ ਫਿਲਮ ਜਗਤ ਵਿਚ ਮਸ਼ਹੂਰ ਐਕਟਰੈੱਸ ਅਤੇ ਬੜਾ ਮਸ਼ਹੂਰ ਡਾਇਰੈਕਟਰ ਸਨ। ਉਸ ਦਿਨ ਉਹਨੇ ਕਾਲੇ ਕਪੜੇ ਪਾਏ ਹੋਏ ਸਨ ਅਤੇ ਸਿਰ ਤੇ ਲਾਲ ਪੱਟੀ ਬੰਨ੍ਹੀ ਹੋਈ ਸੀ ਅਤੇ ਅਜੀਬ ਜਿਹਾ ਹੀ ਲੱਗਦਾ ਸੀ। ਮੈਂ ਕੁਝ ਸੰਗੀਤਕਾਰਾਂ ਤੋਂ ਉਸ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, 'ਫੌਜ਼ੀਆ ਬੀਬੀ, ਇਨ੍ਹੀਂ ਦਿਨੀਂ ਜਿਹੜਾ ਵੀ ਸਾਨੂੰ ਕੰਮ ਦਿੰਦਾ ਏ ਉਹ ਭਲਾ ਪੁਰਸ਼ ਏ। ਅਸੀਂ ਟੀਮ ਕਾਰਜ ਦੀ ਹੁਣ ਭਾਲ ਨਹੀਂ ਕਰਦੇ ਤੇ ਨਾ ਹੀ ਸਤਕਾਰ ਦੀ। ਕਈ ਡਾਇਰੈਕਟਰ ਸਾਡੀ ਇੱਜ਼ਤ ਕਰਦੇ ਨੇ ਕਿਉਂਕਿ ਉਨ੍ਹਾਂ ਨੂੰ ਪਤਾ ਏ ਕਿ ਅਸੀਂ ਇਥੇ ਦਹਾਕਿਆਂ ਤੋਂ ਹਾਂ। ਉਹ ਸਾਨੂੰ ਟੱਬਰ ਵਾਂਗ ਸਮਝਦੇ ਨੇ, ਪਰ ਇਹ ਨਵੇਂ ਮੁੰਡੇ ਸਮਝਦੇ ਨੇ ਜਿਵੇਂ ਉਹ ਅਸਮਾਨ ਤੋਂ ਡਿੱਗੇ ਹਨ ਅਤੇ ਬਾਕੀ ਸਾਰੇ ਮੂਰਖ ਹਨ।' ਮੈਂ ਸਵਾਲ ਹੋਰ ਅੱਗੇ ਨਾ ਤੋਰੇ। ਮੈਂ ਇਕ ਲਿਖਾਰੀ ਨੂੰ ਵੀ ਮਿਲੀ ਜੋ ਸੈੱਟ ਤੇ ਨਿਰਮਾਤਾ ਨੂੰ ਮਿਲਣ ਆਇਆ ਸੀ। ਇਕ ਦੋਸਤ ਨੇ ਉਹਦੀ ਖੁਲ੍ਹ ਕੇ ਜਾਣ-ਪਛਾਣ ਕਰਵਾਈ ਅਤੇ ਉਸਦੀਆਂ ਕੁਝ ਫਿਲਮਾਂ ਵੀ ਗਿਣੀਆਂ। ਮੈਂ ਉਸਨੂੰ ਪੁੱਛਿਆ ਕਿ ਜਿਹੜੀਆਂ ਫਿਲਮਾਂ ਉਹਨੇ ਲਿਖੀਆਂ ਉਹ ਇਕੋ ਜਿਹੀਆਂ ਕਿਉਂ ਸਨ। ਉਹਨੇ ਜਵਾਬ ਦਿੱਤਾ, 'ਤੁਹਾਡੇ ਵਰਗੇ ਦਰਸ਼ਕਾਂ ਲਈ ਸਾਰੀਆਂ ਪਾਕਿਸਤਾਨੀ ਫਿਲਮਾਂ ਇਕੋ ਜਿਹੀਆਂ ਹੀ ਹੋਣੀਆਂ ਨੇ।'

ਹਾਲਾਂਕਿ ਇਹ ਗੱਲ ਦਰੁਸਤ ਸੀ ਪਰ ਫੇਰ ਵੀ ਮੈਂ ਜਵਾਬ ਦਿੱਤਾ, 'ਮੈਂ ਫਿਲਮ ਜਗਤ ਨੂੰ ਬੁਰਾ ਨਹੀਂ ਦੱਸ ਰਹੀ ਪਰ ਇਹੀ ਫਾਰਮੂਲਾ ਕਿਉਂ?'

'ਹਰ ਕੋਈ ਗਾਰੰਟੀ ਸ਼ੁਦਾ ਸਫਲਤਾ ਚਾਹੁੰਦਾ ਏ', ਉਹਨੇ ਜਵਾਬ ਦਿੱਤਾ, 'ਇਸ ਲਈ ਕਿਜੇ ਫਿਲਮ ਵਿੱਚ ਕੁਝ ਗੰਦੇ ਨਾਚ, ਕੁਝ ਪਿਆਰ, ਕੁਝ ਲੜਾਈ, ਇਕ ਯਾ ਦੋ ਬਲਾਤਕਾਰ ਦੇ ਸੀਨ, ਇਕ ਕਮੇਡੀਅਨ, ਕਈ ਮਸਤ ਗਾਣੇ, ਨਾਚ ਅਤੇ ਕਾਫੀ ਸਾਰੀ ਲੜਾਈ-ਭਿੜਾਈ ਹੋਵੇ ਤਾਂ ਫਿਲਮ ਕਾਮਯਾਬ ਏ, ਇਸ ਲਈ ਹਰ ਫਿਲਮ ਵਿਚ ਇਹ ਜਰੂਰੀ ਏ। ਇਹ ਸਾਰੀਆਂ ਚੀਜ਼ਾਂ ਸਹੀ ਮਿਕਦਾਰ ਵਿਚ ਫਿਲਮ ਵਿਚ ਪਾਉਣ ਤੋਂ ਉਕਾਈ ਕਰਨ ਦੀ ਕੋਈ ਹਿੰਮਤ ਹੀ ਨਹੀਂ ਕਰ ਸਕਦਾ। ਪੈਸਾ ਕੌਣ ਗੁਆਉਣਾ ਚਾਹੁੰਦਾ ਏ? ਹੁਣ ਬਣਨ ਵਾਲੀਆਂ ਫਿਲਮਾਂ ਹੀ ਚੰਗਾ ਪੈਸਾ ਕਮਾ ਰਹੀਆਂ ਨੇ। ਅਸੀਂ ਬੜੇ ਔਖੇ ਸਮੇਂ ਦੇਖੇ ਨੇ। ਵੀਡੀਉ ਇੰਡਸਟਰੀ ਨੇ ਤਾਂ ਸਾਨੂੰ ਚੱਟ ਹੀ ਲਿਆ ਸੀ। ਮੈਂ ਨਹੀਂ ਸਮਝਦਾ ਕਿ ਅਸੀਂ ਉਸ ਤੋਂ ਮੁੜ ਕਦੀ ਰਾਸ ਆ ਸਕਾਂਗੇ।'

'ਕੀ ਤੁਸੀਂ ਨਹੀਂ ਸਮਝਦੇ ਕਿ ਇਸ ਫਾਰਮੂਲੇ ਦੀ ਬਹੁਤੀ ਵਰਤੋਂ ਪਾਕਿਸਤਾਨੀ ਸਿਨਮਾਂ ਵਿਚ ਨਿਘਾਰ ਲੈ ਆਏਗੀ?' ਮੈਂ ਪੁੱਛਿਆ।

'ਨਹੀਂ!' ਉਸ ਪਕਿਆਈ ਨਾਲ ਜਵਾਬ ਦਿੱਤਾ, 'ਵੀਡੀਉ ਨੇ ਸਾਡਾ ਕਾਰੋਬਾਰ ਖੋਹ ਲਿਆ ਸੀ। ਲੋਕ ਦਸ ਰੁਪਏ ਵਿਚ ਹੀ ਘਰ ਦੇ ਪੂਰੇ ਅਰਾਮ ਵਿਚ ਤਸਕਰੀ ਦੀਆਂ ਭਾਰਤੀ ਫਿਲਮਾਂ ਦੇਖ ਲੈਂਦੇ ਸੀ। ਕਈ ਟੱਬਰ ਤਾਂ ਇਕੋ ਸਾਹ ਤਿੰਨ ਜਾਂ ਚਾਰ ਫਿਲਮਾਂ ਵੀ ਦੇਖ ਲੈਂਦੇ ਸੀ ਅਤੇ ਮਨੋਰੰਜਨ ਲਈ ਅਪਣੇ ਘਰੋਂ ਬਾਹਰ ਹੀ ਨਹੀਂ ਨਿੱਕਲਦੇ ਸੀ।'

ਮੈਂ ਉਹਨੂੰ ਪੁੱਛਿਆ ਕਿ ਪਿਛਲੇ ਸਮੇਂ ਵਿਚ ਤੇ ਹੁਣ ਮੁਹੱਲੇ ਦੇ ਨਵੇਂ ਚਿਹਰੇ ਕਿਵੇਂ

ਲਿਆਂਦੇ ਜਾਂਦੇ ਰਹੇ ਹਨ। ਉਹ ਕੁਝ ਦੇਰ ਚੁੱਪ ਰਿਹਾ ਤੇ ਫੇਰ ਬੋਲਿਆ ਕਿ ਬੇਹਤਰ ਹੈ ਕਿ ਮੈਂ ਇਹ ਸਵਾਲ ਡਾਇਰੈਕਟਰ ਨੂੰ ਪੁੱਛਾਂ।

'ਪਰ ਮੈਂ ਤੈਥੋਂ ਸੁਣਨਾ ਚਾਹੁੰਦੀ ਹਾਂ', ਮੈਂ ਜਵਾਬ ਦਿੱਤਾ। ਉਹ ਜਕਦੇ-ਜਕਦੇ ਬੋਲਿਆ, 'ਅੱਜਕਲ੍ਹ ਜੋ ਕੁੜੀਆਂ ਇੱਥੇ ਕੰਮ ਕਰਨ ਆਉਂਦੀਆਂ ਨੇ ਉਹ ਅਪਣੀ ਕਲਾ ਅਤੇ ਸੁੰਦਰਤਾ ਬਾਰੇ ਪੂਰੀ ਤਰ੍ਹਾਂ ਸੁਚੇਤ ਨੇ। ਉਹ ਸਮਝਦੀਆਂ ਨੇ ਕਿ ਉਨ੍ਹਾਂ ਨੂੰ ਸਭ ਕੁਝ ਪਤਾ ਏ। ਪਹਿਲਾਂ ਜਦੋਂ ਕੋਈ ਡਾਇਰੈਕਟਰ ਜਾਂ ਨਿਰਮਾਤਾ ਮੁਹੱਲੇ ਵਿਚੋਂ ਕੋਈ ਚਿਹਰਾ ਚੁੱਕਦਾ ਸੀ ਤਾਂ ਉਹ ਉਸ ਨੂੰ ਫਿਲਮਾਂ ਲਈ ਤਿਆਰ ਕਰਦੇ ਹੁੰਦੇ ਸਨ। ਸਾਡੀਆਂ ਪੁਰਾਣੀਆਂ ਐਕਟਰੈੱਸਾਂ ਨੂੰ ਹੀ ਦੇਖ ਲਉ ਉਹ ਕਿੰਨੀਆਂ ਪੋਚੀਆਂ-ਸੋਧੀਆਂ ਹੋਈਆਂ ਸਨ। ਉਨ੍ਹਾਂ ਨੇ ਐਕਟਿੰਗ ਬਾਰੇ ਸਿੱਖਿਆ ਸੀ ਅਤੇ ਅਪਣੇ ਸੀਨੀਅਰ ਸਾਥੀਆਂ ਦੀ ਇੱਜ਼ਤ ਕਰਦੀਆਂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੇ ਅਜੇ ਬਹੁਤ ਕੁਝ ਸਿੱਖਣਾ ਏਂ ਅਤੇ ਉਹ ਡਾਇਰੈਕਟਰ ਦੀ ਗੱਲ ਸੁਣਦੀਆਂ ਸਨ। ਉਦੋਂ ਐਕਟਿੰਗ ਦਾ ਪਿਆਰ ਹੁਣ ਨਾਲੋਂ ਸੈਂਕੜੇ ਗੁਣਾ ਬੇਹਤਰ ਸੀ। ਹੁਣ ਤਾਂ ਕਲਾ ਨਾਲੋਂ ਪੈਸਾ ਵਧੇਰੇ ਹਾਵੀ ਹੋ ਚੁੱਕਾ ਏ।

'ਫਿਲਮਾਂ ਵਿਚ ਮੁਹੱਲੇ ਦੇ ਬੇਹਤਰੀਨ ਚਿਹਰੇ ਲਿਆਏ ਜਾਂਦੇ ਸਨ। ਬੇਹਤਰੀਨ ਗਾਇਕ ਤੇ ਐਕਟਰ, ਸਭ ਤੋਂ ਸੁੰਦਰ ਚਿਹਰੇ। ਅਜੇ ਵੀ ਫਿਲਮ ਜਗਤ ਨੂੰ ਮੁਹੱਲੇ ਤੋਂ ਹੀ ਬੇਹਤਰ ਚਿਹਰੇ ਪੇਸ਼ ਹੁੰਦੇ ਨੇ। ਪਰ ਬਦਕਿਸਮਤੀ ਨਾਲ ਹੁਣ ਜੋ ਪੇਸ਼ ਹੁੰਦਾ ਹੈ ਉਸ ਦੀ ਵੰਨਗੀ ਵਧੀਆ ਨਹੀਂ ਹੁੰਦੀ। ਹੁਣ ਇਹ ਨਿਰਾ ਗੰਦ ਏ। ਮੇਰੇ ਇਸ ਕਹਿਣ ਦਾ ਬੁਰਾ ਨਾ ਮਨਾਈਂ ਪਰ ਲੋਕ ਇਹੀ ਦੇਖਣ ਦੇ ਪੈਸੇ ਦਿੰਦੇ ਨੇ। ਮੈਂ ਸਿਰਫ ਡਾਇਰੈਕਟਰਾਂ ਤੇ ਨਿਰਮਾਤਾਵਾਂ ਨੂੰ ਦੋਸ਼ ਨਹੀਂ ਦੇ ਰਿਹਾ। ਬਹੁਤ ਥੋੜ੍ਹੀਆਂ ਔਰਤਾਂ ਸਮੀਨਾ ਪੀਰਜ਼ਾਦਾ ਵਰਗੀਆਂ ਨੇ ਜੋ ਇਸ ਘੇਰੇ ਤੋਂ ਬਾਹਰੋਂ ਆਈਆਂ ਨੇ, ਜੋ ਐਨੀਆਂ ਸੁੰਦਰ, ਕਲਾ ਵਾਲੀਆਂ ਅਤੇ ਦਲੇਰ ਨੇ ਕਿ ਉਹ ਐਕਟਿੰਗ ਦੀ ਉੱਚ ਵੰਨਗੀ ਕਾਇਮ ਰੱਖ ਸਕਦੀਆਂ ਨੇ ਅਤੇ ਇਸ ਉਦਯੋਗ ਵਿਚ ਰਹਿ ਸਕਦੀਆਂ ਨੇ ਅਤੇ ਗੰਦ-ਮੰਦ ਦੇ ਦਬਾਉ ਅੱਗੇ ਨਹੀਂ ਝੁਕਦੀਆਂ।

ਸੈੱਟ ਉੱਤੇ ਪਿਛੋਕੜ ਵਿਚ ਇਕ ਗੀਤ ਵੱਜ ਰਿਹਾ ਸੀ ਜੋ ਕਿ ਸਪਸ਼ਟ ਰੂਪ ਵਿਚ ਇਕ ਭਾਰਤੀ ਗਾਣੇ ਦੀ ਨਕਲ ਸੀ ਧੁਨ ਬਿਲਕੁਲ ਹੀ ਉਹੀ ਸੀ ਤੇ ਕੁਝ ਸ਼ਬਦ ਵੀ। ਮੇਰੇ ਲਈ ਇਹ ਸੁਣਨਾ ਬੜਾ ਮੁਸ਼ਕਲ ਸੀ ਕਿਉਂਕਿ ਮੈਂ ਚੋਰੀ ਦੇ ਗੀਤਾਂ ਪ੍ਰਤਿ ਬੜੀ ਸੰਵੇਦਨਸ਼ੀਲ ਹਾਂ। ਮੈਨੂੰ ਇਹ ਵੀ ਪਤਾ ਸੀ ਕਿ ਇਸ ਭਾਰਤੀ ਗੀਤ ਦੀ ਪ੍ਰੇਰਨਾ ਖੁਦ ਇਕ ਅਮਰੀਕੀ ਗੀਤ ਸੀ ਪਰ ਤਾਂ ਵੀ ਮੈਂ ਬੇਚੈਨ ਸੀ।

ਉਸ ਹਰਾਮ ਦੀ ਧੁਨ ਨੂੰ ਸੁਣਕੇ ਮੇਰੇ ਮਾਸਟਰ ਅਬਦੁੱਲਾ ਯਾਦ ਆ ਗਿਆ ਜੋ ਕਿ ਪੰਜਾਬੀ ਫਿਲਮ ਸੰਗੀਤ ਦਾ ਇਕ ਬੜਾ ਹੀ ਰਚਨਾਤਮਕ ਧੁਨਕਾਰ ਸੀ ਅਤੇ ਮੈਨੂੰ ਬਹੁਤ ਪਸੰਦ ਸੀ ਅਤੇ ਮੈਨੂੰ ਦੱਸਦਾ ਹੁੰਦਾ ਸੀ ਕਿ ਉਹ ਪ੍ਰੇਰਤ ਸੰਗੀਤ ਨੂੰ ਕਿੰਨੀ ਨਫਰਤ ਕਰਦਾ ਏ। ਉਸਦੀ ਦਲੀਲ ਸੀ ਕਿ ਇਹੀ ਕਾਰਨ ਹੈ ਕਿ ਚੰਗੇ ਧੁਨਕਾਰਾਂ ਨੂੰ ਕੰਮ ਨਹੀਂ ਮਿਲਦਾ।' ਪਹਿਲਾਂ ਤਾਂ ਅਸੀਂ ਮੌਲਿਕ ਧੁਨ ਲਿਆਉਂਦੇ ਸੀ ਜਿਸ ਨੂੰ ਤਿਆਰ ਕਰਨ ਵਿਚ ਸਮਾਂ ਲੱਗਦਾ ਸੀ ਅਤੇ ਅਸੀਂ ਵੱਧ ਪੈਸੇ ਲੈਂਦੇ ਸੀ। ਪਰ ਜਿਹੜੇ ਧੁਨਕਾਰ ਸਿਰਫ ਨਕਲ ਕਰਕੇ ਧੁਨਾਂ ਬਣਾਉਂਦੇ ਨੇ ਉਹ ਹਫਤੇ ਵਿਚ ਦੋ ਫਿਲਮਾਂ ਵੀ ਕਰ ਜਾਂਦੇ ਨੇ। ਉਹ ਪੈਸੇ ਵੀ ਬੜੇ ਘੱਟ ਲੈਂਦੇ ਨੇ ਜੋ ਕਿ ਘੱਟ ਬਜਟ ਦੀਆਂ

ਫਿਲਮਾਂ ਨੂੰ ਸੂਤ ਬਹਿੰਦਾ ਹੈ। ਦੂਜਾ ਕਿਉਂਕਿ ਸਾਡੀਆਂ ਧੁਨਾਂ ਮੌਲਿਕ ਹੁੰਦੀਆਂ ਨੇ ਗਾਇਕਾਂ ਨੂੰ ਉਹ ਯਾਦ ਕਰਨੀਆਂ ਪੈਂਦੀਆਂ ਨੇ ਅਤੇ ਅਸੀਂ ਵੀ ਬਹੁਤੀਆਂ ਰਿਹਰਸਲਾਂ ਤੇ ਜ਼ੋਰ ਦਿੰਦੇ ਹਾਂ। ਇਸ ਨਾਲ ਸਮਾਂ ਬਹੁਤਾ ਖਰਚ ਹੁੰਦਾ ਏ ਗਾਇਕ, ਸੰਗੀਤਕਾਰਾਂ ਅਤੇ ਡਾਇਰੈਕਟਰ ਦਾ। ਲੋਕ ਇਸਨੂੰ ਪਸੰਦ ਨਹੀਂ ਕਰਦੇ। ਇਕ ਗਾਇਕ ਨਕਲ ਕੀਤੇ ਕਈ ਗਾਣੇ ਦਿਹਾੜੀ ਵਿਚ ਗਾ ਸਕਦਾ ਏ ਅਤੇ ਚੰਗੇ ਪੈਸੇ ਬਣਾ ਲੈਂਦਾ ਏ ਪਰ ਜਦੋਂ ਮੈਂ ਧੁਨ ਬਣਾਉਂਦਾ ਹਾਂ ਤਾਂ ਇਕ ਗੀਤ ਰਿਕਾਰਡ ਕਰਨ ਲਈ ਤਿੰਨ ਦਿਨ ਵੀ ਲੱਗ ਜਾਂਦੇ ਨੇ। ਨਿਰਮਾਤਾ ਇਸ ਨੂੰ ਇਸ ਲਈ ਪਸੰਦ ਨਹੀਂ ਕਰਦਾ ਕਿ ਖਰਚਾ ਬਹੁਤਾ ਆਉਂਦਾ ਏ। ਗਾਇਕ ਨੂੰ ਇਹ ਇਸ ਲਈ ਪਸੰਦ ਨਹੀਂ ਆਉਂਦਾ ਕਿਉਂਕਿ ਉਹਨੂੰ ਤਾਂ ਗਾਣੇ ਦੇ ਹਿਸਾਬ ਪੈਸੇ ਮਿਲਣੇ ਨੇ। ਚੋਰੀ ਦੇ ਗਾਣਿਆਂ ਦੇ ਮਾਮਲੇ ਵਿਚ ਉਹਨੇ ਸਿਰਫ ਟੇਪ ਸੁਣਨੀ ਹੁੰਦੀ ਏ ਤੇ ਕੁਝ ਰਿਹਰਸਲ ਤੋਂ ਬਾਦ ਉਹ ਗਾ ਦਿੰਦਾ ਏ। ਉਲਟ ਗੇੜ ਤਾਂ ਇਹ ਏ ਕਿ ਦਰਸ਼ਕ ਤੇ ਸਰੋਤੇ ਵੀ ਕਈ ਵਾਰੀ ਮਸ਼ਹੂਰ ਧੁਨਾਂ ਨੂੰ ਹੀ ਪਸੰਦ ਕਰਦੇ ਨੇ ਜੋ ਕਿ ਬਦਲ ਬਦਲ ਕੇ ਕਈ ਢੰਗਾਂ ਨਾਲ ਸੁਣਾਈਆਂ ਗਈਆਂ ਹੋਣ।'

ਉਹਨੇ ਇਕ ਹੋਰ ਦਿਲਚਸਪ ਗੱਲ ਦੱਸੀ। 'ਘੱਟ ਬਜਟ ਦੀਆਂ ਫਿਲ੍ਮਾਂ ਹੀ ਇਕੋ ਇਕ ਵੱਡਾ ਪਹਿਲੂ ਹਨ ਜੋ ਫਿਲਮ ਨਿਰਮਾਣ ਦੇ ਮਿਆਰ ਨੂੰ ਡੇਗਣ ਦਾ ਜ਼ਿੰਮੇਵਾਰ ਏ। ਅਸੀਂ ਅਪਣੀਆਂ ਧੁਨਾਂ ਲਈ ਵਧੀਆ ਸੰਗੀਤ ਪੇਸ਼ ਕਰਦੇ ਸੀ। ਅਸੀਂ ਜੋ ਵੀ ਚਾਹੀਦੇ ਸਾਜ਼ ਇਸਤੇਮਾਲ ਕਰ ਸਕਦੇ ਸੀ। ਹੁਣ ਨਿਰਮਾਤਾ ਸਾਥੋਂ ਮੰਗ ਕਰਦਾ ਏ ਧੁਨ ਸਿਰਫ ਦੋ ਸਾਜ਼ਾਂ ਅਤੇ ਹਾਰਮੋਨੀਅਮ ਵਾਲੀ ਹੀ ਹੋਏ। ਇਹ ਸੰਭਵ ਨਹੀਂ ਹੁੰਦਾ। ਸਾਡੀਆਂ ਪੁਰਾਣੀਆਂ ਧੁਨਾਂ ਸੁਣੋ। ਕੁਝ ਸਕਿੰਟਾਂ ਦੇ ਸੰਗੀਤ ਲਈ ਹੀ ਅਸੀਂ ਪਿਆਨੋ ਅਤੇ ਸੰਗੀਤਕਾਰ ਭਾੜੇ ਤੇ ਕਰ ਲੈਂਦੇ ਸੀ। ਅਪਣੇ ਸੰਗੀਤ ਵਿਚ ਹੋਰ ਪਾਸਾਰ ਜੋੜਨ ਲਈ ਅਸੀਂ ਹਾਰਪਸ, ਤਾਨਪੁਰੇ, ਬਾਂਸਰੀਆਂ ਜੋ ਵੀ ਚਾਹੁੰਦੇ ਲੈ ਸਕਦੇ ਸੀ। ਪਰ ਹੁਣ ਇਹ ਭੈਣ ਚੋ...ਸਿੰਥੇਸਾਈਜ਼ਰ ਸਾਡੀ ਜਾਨ ਖਾ ਰਿਹਾ ਏ। ਹੁਣ ਜਾਂ ਤਾਂ ਨਿਰਮਾਤਾ ਹਰ ਗੀਤ ਤਬਲਾ, ਨਾਲ ਤੇ ਹਾਰਮੋਨੀਅਮ ਨਾਲ ਚਾਹੁੰਦਾ ਏ ਤੇ ਜਾਂ ਉਹ ਸਿੰਥੇਸਾਈਜ਼ਰ ਭਾਲਦਾ ਏ ਤਾਂ ਕਿ ਨਕਲ ਵਾਲੇ ਗਾਣੇ ਦੀ ਹੂ-ਬ-ਹੂ ਧੁਨ ਕੱਢੀ ਜਾ ਸਕੇ। ਹੁਣ ਇਨ੍ਹਾਂ ਹਰਾਮੀ ਸੀਨੀਅਰ ਐਕਟਰਾਂ ਅਤੇ ਡਾਇਰੈਕਟਰਾਂ ਨੂੰ ਹੀ ਦੇਖ ਲੈ। ਸੰਗੀਤ ਦੀ ਨਕਲ ਕਰਕੇ ਕਿਸੇ ਨੂੰ ਵੀ ਭੋਰਾ ਸ਼ਰਮ ਨਹੀਂ ਆਉਂਦੀ। ਉਹ ਖੁਦ ਨੂੰ ਕਿਵੇਂ ਬਰਦਾਸ਼ਤ ਕਰ ਰਹੇ ਨੇ? ਇਹ ਚੋਰ ਹਨ ਇਕ ਦਿਨ ਮੈਂ ਅਪਣੀ ਈਮਾਨਦਾਰੀ ਅਤੇ ਭੁੱਖ ਹੱਥੋਂ ਐਨਾ ਤੰਗ ਆਇਆ ਕਿ ਆਪਣੇ ਸਾਰੇ ਇਨਾਮ ਅਤੇ ਤਸਵੀਰਾਂ ਕੱਢੀਆਂ ਤੇ ਸਾਰੇ ਫੂਕ ਦਿੱਤੇ। ਹੁਣ ਮੇਰੇ ਕੋਲ ਅਪਣੀ ਇਕ ਵੀ ਤਸਵੀਰ ਨਹੀਂ। ਇਸ ਇਮਾਨਦਾਰੀ ਅਤੇ ਰਚਨਾਤਮਕਤਾ ਦੀ ਕੀ ਲੋੜ ਏ ਜਿਸ ਨਾਲ ਮੈਂ ਆਪਣੇ ਬੱਚਿਆਂ ਲਈ ਸੁੱਕੀ ਰੋਟੀ ਵੀ ਨਹੀਂ ਕਮਾ ਸਕਦਾ।'

ਮੁਸ਼ਤਾਕ ਗਜ਼ਦਾਰ, ਮਸ਼ਹੂਰ ਪਾਕਿਸਤਾਨ ਫਿਲਮ ਨਿਰਮਾਤਾ ਪਾਕਿਸਤਾਨੀ ਫਿਲਮ ਉਦਯੋਗ ਦੇ ਚੰਗੇ ਅਤੇ ਮਾੜੇ ਸਮੇਂ ਦਾ ਵਿਸ਼ਲੇਸ਼ਣ ਅਪਣੀ ਕਿਤਾਬ ਪਾਕਿਸਤਾਨੀ ਸਿਨਮਾ ਵਿਚ ਕਰਦਾ ਏ। ਉਸਦਾ ਵਿਸ਼ਵਾਸ ਏ ਕਿ ਫਿਲਮ ਉਦਯੋਗ ਦੇ ਸਾਮ੍ਹਣੇ ਪਿਛਲੇ ਪੰਜਾਹ ਸਾਲ ਵਿਚ ਰਚਨਾਤਮਕਤਾ ਅਤੇ ਜੋਖਮ ਵਾਲੀ ਰਚਨਾ ਬਿਲਕੁਲ ਹੀ ਅਨਜਾਣ ਚੀਜ਼ਾਂ ਹੋ ਗਈਆਂ ਹਨ। ਮਿਸਾਲ ਦੇ ਤੌਰ ਤੇ ਉਹ ਦੱਸਦਾ ਏ ਕਿ ਜਦੋਂ 1977 ਵਿਚ ਜ਼ਿਆਉਲ ਹੱਕ ਨੇ ਫੌਜੀ ਰਾਜ ਕਾਇਮ ਕੀਤਾ ਤਾਂ ਉਹਨੇ ਇਕ ਕਾਨੂੰਨ ਪਾਸ ਕਰ ਦਿੱਤਾ ਕਿ ਉਸ ਤਰੀਕ ਤੋਂ ਪਹਿਲਾਂ ਬਣੀਆਂ

ਪਾਕਿਸਤਾਨੀ ਫਿਲਮਾਂ ਦੇ ਸੈਂਸਰ ਕਲੀਅਰੈਂਸ ਸਰਟੀਫਿਕੇਟ ਰੱਦ ਕੀਤੇ ਜਾਂਦੇ ਹਨ। ਪਾਕਿਸਤਾਨ ਵਿਚ ਫਿਲਮ ਲਈ ਸੈਂਸਰ ਕਲੀਅਰੈਂਸ ਸਰਟੀਫਿਕੇਟ ਗੌਰਮਿੰਟ ਸੈਂਸਰ ਬੋਰਡ ਤੋਂ ਲੈਣਾ ਪੈਂਦਾ ਏ ਤਾਂ ਹੀ ਇਸ ਨੂੰ ਥਿਏਟਰਾਂ ਵਿਚ ਦਿਖਾਇਆ ਜਾ ਸਕਦਾ ਏ। ਉਹ ਮਹਿਸੂਸ ਕਰਦਾ ਸੀ ਕਿ ਜਨਰਲ ਜ਼ੀਆ ਦੀ ਇਹ ਕਾਰਵਾਈ ਦੇਸ਼ ਦੇ ਫ਼ਿਲਮ ਉਦਯੋਗ ਲਈ ਮੌਤ ਦੀ ਸਜ਼ਾ ਸੀ। ਪਿਛਲੇ ਤਿੰਨ ਦਹਾਕਿਆਂ ਵਿਚ ਬਣੀਆਂ ਸਾਰੀਆਂ ਫਿਲਮਾਂ ਤੇ ਪਾਬੰਦੀ ਲੱਗਣ ਨਾਲ ਇਕ ਖਲਾਅ ਪੈਦਾ ਹੋ ਗਿਆ ਜਿਸ ਨੂੰ ਪੂਰਨ ਲਈ ਅਤੇ ਫੌਰੀ ਮੁਨਾਫੇ ਲਈ ਘਟੀਆ ਫਿਲਮਾਂ ਬਣਨ ਲੱਗ ਪਈਆਂ। ਫਿਲਮ ਨਿਰਮਾਣ ਵਿਚ ਉਹ ਲੋਕ ਵੀ ਆ ਗਏ ਜੋ ਪੈਸਾ ਲਾਕੇ ਛੇਤੀ ਮੁਨਾਫਾ ਖੱਟਣਾ ਚਾਹੁੰਦੇ ਸਨ।

*ਟਿੱਪਣੀਆਂ*

***ਫੈਜ਼ਾ ਦੀ ਮਾਂ***

*ਇਕ ਦਿਨ ਸਵੇਰੇ ਮੈਂ ਆਪਣੀ ਆਂਟੀ ਫੈਜ਼ਾ ਦੀ ਮਾਂ ਨਾਲ ਸਰਵਰ ਨਾਲ ਹੋਈ ਚਰਚਾ ਬਾਰੇ ਗੱਲ ਕੀਤੀ। ਮੈਂ ਉਸ ਅਸੰਗਤੀ ਦੀ ਗੱਲ ਕੀਤੀ ਕਿ ਲੋਕ ਗਾਇਕਾਵਾਂ ਅਤੇ ਨਾਚੀਆਂ ਵੱਲ ਭੱਜੇ ਜਾਂਦੇ ਨੇ ਪਰ ਬਾਦ ਵਿਚ ਉਨਾਂ ਨੂੰ ਸੁਧਾਰਨਾ ਚਾਹੁਣ ਲੱਗ ਪੈਂਦੇ ਨੇ। ਉਹਨੇ ਮੇਰੀ ਗੱਲ ਸੁਣ ਕੇ ਫੌਰੀ ਜਵਾਬ ਦਿੱਤਾ, 'ਮੈਂ ਅਜਿਹੀਆਂ ਗੱਲਾਂ ਦੀ ਘੋਖ ਕਰਨ ਵਾਲੀ ਬੁੱਧੀਜੀਵੀ ਤਾਂ ਨਹੀਂ ਪਰ ਫੇਰ ਵੀ ਮੈਨੂੰ ਪਤਾ ਏ ਕਿ ਲੋਕਾਂ ਨੂੰ ਬੇਚੈਨੀ ਹੁੰਦੀ ਏ ਜੇ ਉਨਾਂ ਦੀਆਂ ਔਰਤਾਂ ਗਾਉਣ ਅਤੇ ਨੱਚਣ ਲੱਗ ਪੈਣ। ਮੈਂ ਨੂੰ ਹੈਰਾਨੀ ਏ ਕਿ ਇੰਝ ਕਿਉਂ ਵੇ?'*

*ਉਹ ਇਸ ਤਰਾਂ ਦੇਖਣ ਲੱਗੀ ਜਿਵੇਂ ਅਤੀਤ ਵਿਚ ਗਵਾਚ ਗਈ ਹੋਵੇ ਤੇ ਉਹਨੇ ਮੈਨੂੰ ਇਕ ਕਹਾਣੀ ਸੁਣਾਈ। 'ਜਦੋਂ ਮੈਂ ਕਾਲਜ ਵਿਚ ਪੜ੍ਹਦੀ ਸੀ ਤਾਂ ਮੈਂ ਹਰੇਕ ਹੀ ਪਾਠਕ੍ਰਮ ਬਾਹਰੀ ਗਤੀਵਿਧੀ ਵਿਚ ਹਿੱਸਾ ਲੈਂਦੀ ਸੀ। ਮੇਰੀ ਆਵਾਜ਼ ਬੜੀ ਸੋਹਣੀ ਸੀ ਇਸ ਕਰਕੇ ਕਾਲਜ ਦੇ ਫੰਕਸ਼ਨਾਂ ਤੇ ਗਾਉਂਦੀ ਵੀ ਹੁੰਦੀ ਸੀ। ਇਹ ਲੜਕੀਆਂ ਦਾ ਕਾਲਜ ਸੀ ਇਸ ਲਈ ਮੇਰੇ ਮਾਪਿਆਂ ਨੂੰ ਇਸ ਦੀ ਕੋਈ ਚਿੰਤਾ ਨਹੀਂ ਸੀ। ਇਕ ਵਾਰੀ ਮੈਂ ਕਾਲਜ ਦੇ ਨਾਟਕ ਵਿਚ ਹਿੱਸਾ ਲਿਆ ਜਿੱਥੇ ਬਾਹਰੋਂ ਵੀ ਲੋਕ ਆਏ ਸੀ ਅਤੇ ਮੈਨੂੰ ਇਕ ਨਵੀਂ ਪ੍ਰਤਿਭਾ ਦੇ ਤੌਰ ਤੇ ਦੇਖਿਆ ਗਿਆ। ਰੇਡੀਉ ਨਿਰਮਾਤਾ ਮੇਰੇ ਕੋਲ ਆਡੀਸ਼ਨ ਲਈ ਆਏ। ਇਸ ਦੀ ਇਜਾਜ਼ਤ ਲੈਣੀ ਮੇਰੇ ਲਈ ਬੜੀ ਭਾਰੀ ਗੱਲ ਬਣ ਗਈ। ਮੇਰੀ ਵੱਡੀ ਭੈਣ ਅਤੇ ਮੇਰੀਆਂ ਹੋਰ ਸਹੇਲੀਆਂ ਨੇ ਮੇਰੇ ਅੱਬਾ ਨੂੰ ਭਰੋਸਾ ਦਿਵਾਇਆ ਕਿ ਹੋਰ ਕੋਈ ਤਾਂ ਮੇਰਾ ਚਿਹਰਾ ਵੀ ਨਹੀਂ ਦੇਖੇਗਾ, ਸਿਰਫ ਆਵਾਜ਼ ਹੀ ਸੁਣੇਗਾ। ਕਾਫੀ ਦੇਰ ਮਿੰਨਤਾਂ ਕਰਨ ਤੋਂ ਬਾਦ ਉਹ ਰਾਜ਼ੀ ਹੋਏ। ਜਦੋਂ ਮੈਂ ਰੇਡੀਉ ਤੇ ਕੰਮ ਸ਼ੁਰੂ ਕੀਤਾ ਤਾਂ ਮੈਂ ਰਾਕੇਟ ਵਾਂਗ ਉਡ ਚੱਲੀ। ਉਨਾਂ ਦਿਨਾਂ ਵਿਚ ਰੇਡੀਉ ਬੜਾ ਮਸ਼ਹੂਰ ਹੁੰਦਾ ਸੀ। ਟੈਲੀਵਿਜ਼ਨ ਤਾਂ ਹੁੰਦੀ ਨਹੀਂ ਸੀ ਇਸ ਕਰਕੇ ਲੋਕ ਹਰ ਰੋਜ਼ ਰੇਡੀਉ ਨਾਟਕ ਹੀ ਸੁਣਦੇ ਹੁੰਦੇ ਸੀ।*

*'ਕੀ ਫੇਰ ਤੇਰੇ ਅੱਬਾ ਖੁਸ਼ ਸਨ?' ਮੈਂ ਪੁੱਛਿਆ।*

'ਉਨਾਂ ਨੂੰ ਹਰ ਵੇਲੇ ਫਿਕਰ ਰਹਿੰਦਾ, ਕਿਉਂਕਿ ਉਹ ਇਸੇ ਤਰ੍ਹਾਂ ਦੇ ਸੀ। ਉਨ੍ਹਾਂ ਨੂੰ ਫਿਕਰ ਰਹਿੰਦਾ ਕਿ ਮੈਨੂੰ ਕੋਈ ਚੰਗਾ ਮੁੰਡਾ ਨਹੀਂ ਮਿਲੇਗਾ। ਨੂਹਾਂ ਲੱਭਣ ਵਾਲੇ ਪਰਿਵਾਰ ਕਦੀ ਵੀ ਇਹ ਚੰਗਾ ਨਹੀਂ ਸਮਝਦੇ ਕਿ ਕੁੜੀ ਕਿਸੇ ਵੀ ਪੇਸ਼ਕਾਰੀ ਕਲਾ ਨਾਲ ਜੁੜੀ ਹੋਈ ਹੋਵੇ। ਬੰਦੇ ਇਹ ਪਸੰਦ ਨਹੀਂ ਕਰਦੇ। ਮੈਂ ਫੈਜ਼ ਨੂੰ ਫਾਈਨ ਆਰਟਸ ਲੈਣ ਦੀ ਇਜਾਜ਼ਤ ਦਿੱਤੀ ਏ ਕਿਉਂਕਿ ਇਸ ਨੂੰ ਬੁਰਾ ਨਹੀਂ ਸਮਝਿਆ ਜਾਂਦਾ ਪਰ ਨਾਚ ਤੇ ਗਾਣਾ ਬਿਲਕੁਲ ਨਹੀਂ। ਮੈਨੂੰ ਵੀ ਆਪਣੀ ਧੀ ਦੇ ਨਿਕਾਹ ਦਾ ਫਿਕਰ ਉਵੇਂ ਹੀ ਏ ਜਿਵੇਂ ਮੇਰੇ ਅੱਬੂ ਨੂੰ ਮੇਰਾ ਸੀ।

'ਜਦੋਂ ਤੇਰਾ ਨਿਕਾਹ ਹੋਇਆ ਫੇਰ ਕੀ ਹੋਇਆ?' ਮੈਂ ਪੁੱਛਿਆ। ਉਸ ਨੇ ਹੌਕਾ ਲਿਆ ਤੇ ਬੋਲੀ, 'ਪ੍ਰਤਿਭਾ ਵਾਲੀਆਂ ਬਹੁਤ ਸਾਰੀਆਂ ਔਰਤਾਂ ਨੂੰ ਨਿਕਾਹ ਵੇਲੇ ਕੀ ਹੁੰਦਾ ਏ? ਮੈਨੂੰ ਗਾਉਣਾ ਛੱਡਣਾ ਪਿਆ। ਬਹੁਤ ਚਿਰ ਬਾਦ ਮੈਂ ਰੇਡੀਉ ਕਲਾਕਾਰਾਂ ਬਾਰੇ ਇਕ ਅਖਬਾਰ ਵਿਚ ਲੇਖ ਪੜ੍ਹਿਆ। ਲੇਖਕ ਨੇ ਲਿਖਿਆ ਸੀ, ''ਮਸ਼ਹੂਰ ਰੇਡੀਉ ਕਲਾਕਾਰ ਸ਼ਬਾਨਾ ਅਖਤਰ ਨਾਲ ਕੀ ਵਾਪਰਿਆ? ਉਸਦੇ ਨਿਕਾਹ ਤੋਂ ਬਾਦ ਕੋਈ ਨਹੀਂ ਜਾਣਦਾ ਕਿ ਉਹ ਕਿੱਥੇ ਵੇ?'' ਮੈਂ ਇਹ ਪੜ੍ਹ ਕੇ ਬੜੀ ਖੁਸ਼ ਸੀ ਕਿ ਮੈਨੂੰ ਯਾਦ ਤਾਂ ਰੱਖਿਆ ਗਿਆ ਏ ਪਰ ਮੈਂ ਉਦਾਸ ਵੀ ਸੀ ਕਿਉਂਕਿ ਰੇਡੀਉ ਤੇ ਕੰਮ ਕਰਕੇ ਮੈਨੂੰ ਵਾਕਈ ਖੁਸ਼ੀ ਸੀ। ਲੋਕ ਮੇਰੀ ਆਵਾਜ਼ ਪਸੰਦ ਕਰਦੇ ਸੀ।''

ਮੈਨੂੰ ਵੀ ਇਸ ਦਾ ਪੂਰਾ ਅੰਦਾਜ਼ਾ ਸੀ। ਉਹ ਸਾਡੇ ਵਿਆਹਾਂ ਤੇ ਹੋਰ ਆਂਟੀਆਂ ਅਤੇ ਭਤੀਜੀਆਂ ਭਾਣਜੀਆਂ ਨਾਲ ਗਾਉਂਦੀ ਹੁੰਦੀ ਏ ਤੇ ਉਸ ਦੀ ਆਵਾਜ਼ ਬੜੀ ਮਿੱਠੀ ਏ। ਇਹ ਪਾਕਿਸਤਾਨੀ ਔਰਤਾਂ ਵਿਚੋਂ ਸਿਰਫ ਇਕ ਦੀ ਮਿਸਾਲ ਏ ਜਿਨ੍ਹਾਂ ਦੀ ਪ੍ਰਤਿਭਾ ਗਵਾਚ ਜਾਂਦੀ ਏ ਜਾਂ ਉਹ ਇਸ ਕਲਾਮਈ ਪਾਸੇ ਵੱਲ ਦੇਖਦੀਆਂ ਹੀ ਨਹੀਂ, ਜਦੋਂ ਤੱਕ ਕਿ ਉਹ ਸਮਾਜ ਦੇ ਉਸ ਪਾਸੇ ਵਿਚ ਨਾ ਹੋਵੇ ਜੋ ਪ੍ਰਵਾਣਤ ਏ।

'ਨਾਚ ਬਾਰੇ ਮੇਰੇ ਪਰਿਵਾਰ ਦੀ ਪਹਿਲੀ ਦਲੀਲ ਮੇਰੇ ਯਾਦ ਵੇ। ਮੈਨੂੰ ਲੋਕ ਨਾਚ ਬੜੇ ਮੋਹਕ ਲਗਦੇ ਨੇ। ਸਿਰਫ ਇਕ ਵਾਰੀ ਨਾਚ ਦੇਖਕੇ ਮੈਂ ਉਸ ਦੀ ਪੂਰੀ ਤਰਾਂ ਨਕਲ ਕਰ ਸਕਦੀ ਹਾਂ। ਮੈਂ ਆਪਣੇ ਪਰਿਵਾਰ ਲਈ ਨੱਚਦੀ ਰਹੀ ਹਾਂ ਅਤੇ ਬਾਦ ਵਿਚ ਕਾਲਜ ਵਿਚ (ਬਿਨਾ ਸ਼ਕ ਕੁੜੀਆ ਦੇ ਕਾਲਜ ਵਿਚ) ਨੱਚਦੀ ਰਹੀ ਹਾਂ। ਇਕ ਵਾਰੀ ਮੈਂ ਕਾਲਜ ਦੇ ਵੱਡੇ ਪ੍ਰੋਗਰਾਮ ਵਿਚ ਨਾਚ ਕੀਤਾ ਜਿੱਥੇ ਬਾਹਰੋਂ ਵੀ ਔਰਤ ਮਹਿਮਾਨ ਆਏ ਹੋਏ ਸਨ। ਇੱਕਠ ਵਿਚ ਮਰਦ ਕੋਈ ਵੀ ਨਹੀਂ ਸੀ ਪਰ ਇਕ ਪੇਸ਼ਾਵਰ ਫੋਟੋਗ੍ਰਾਫਰ ਤਸਵੀਰਾਂ ਲਾਹ ਰਿਹਾ ਸੀ। ਮੇਰੇ ਅੱਬਾ ਨੇ ਦੇਖਿਆ ਤਾਂ ਉਨਾਂ ਨੂੰ ਡਰ ਲੱਗਾ ਕਿ ਉਹ ਫੋਟੋਆਂ ਆਪਣੀ ਦੁਕਾਨ ਵਿਚ ਲਾ ਲਏਗਾ ਕਿਉਕਿ ਨੱਚਣ ਵਾਲੀਆਂ ਔਰਤਾਂ ਦੀਆਂ ਫੋਟੋਆਂ ਕਿਤੇ ਮਿਲਦੀਆਂ ਹੀ ਨਹੀਂ ਸਨ। ਮੇਰੀ ਮਾਂ ਮੇਰੇ ਪੱਖ ਵਿਚ ਸੀ ਪਰ ਟੱਬਰ ਦੀ ਇਕ ਵੱਡੀ ਸਾਰੀ ਦਲੀਲ ਕਾਰਨ ਮੈਨੂੰ ਮੰਨਣਾ ਪਿਆ ਕਿ ਮੈਂ ਬਿਲਕੁਲ ਹੀ ਸੁਰੱਖਿਅਤ ਥਾਂ ਤੇ ਹੀ ਨੱਚਿਆ ਕਰਾਂਗੀ।

# ਉਲਝੇ ਰਿਸ਼ਤੇ

ਲੈਲਾ ਮੇਰੇ ਤੋਂ ਬੜੀ ਖਿਝੀ ਹੋਈ ਸੀ। ਮੈਂ ਪਿਛਲੇ ਦਸ ਦਿਨਾਂ ਤੋਂ ਉਸ ਕੋਲ ਨਹੀਂ ਗਈ ਸਾਂ। ਉਹ ਸਮਝਦੀ ਸੀ ਕਿ ਮੈਂ ਮੁਹੱਲੇ ਦੇ ਹੋਰ ਪਰਿਵਾਰਾਂ ਨਾਲ ਬਹੁਤ ਰਚ-ਮਿਚ ਗਈ ਹਾਂ। ਮੈਂ ਉਸ ਵੱਲ ਬਹੁਤਾ ਧਿਆਨ ਵੀ ਨਹੀਂ ਦੇ ਰਹੀ ਸਾਂ ਅਤੇ ਉਸ ਵਿਚ ਮੇਰੇ ਤੇ ਦਾਅਵੇ ਦੀ ਭਾਵਨਾ ਵੀ ਘਟ ਰਹੀ ਸੀ। ਉਹ ਅਪਣੇ ਗਾਹਕਾ ਨੂੰ ਮੇਰੀ ਜਾਣ-ਪਛਾਣ ਇਸਲਾਮਾਬਾਦ ਤੋਂ ਆਈ ਨਜ਼ਦੀਕੀ ਸਹੇਲੀ ਦੇ ਤੌਰ ਤੇ ਕਰਵਾ ਕੇ ਖੁਸ਼ ਹੁੰਦੀ ਸੀ।

ਮੈਨੂੰ ਉਹਨੂੰ ਇਹ ਦੱਸਣ ਵਿਚ ਬੜੀ ਮਿਹਨਤ ਕਰਨੀ ਪੈਂਦੀ ਕਿ ਹੋਰ ਲੋਕਾਂ ਨਾਲ ਵਾਕਫੀ ਦਾ ਮਤਲਬ ਇਹ ਨਹੀਂ ਏ ਕਿ ਮੈਂ ਹੁਣ ਉਹਦੀ ਦੋਸਤ ਨਹੀਂ ਰਹੀ ਪਰ ਉਸ ਦੇ ਬਚਪਨੇ ਵਾਲੇ ਸੁਭਾਅ ਕਾਰਨ ਮੈਂ ਇਸ ਸਥਿਤੀ ਦਾ ਹੱਲ ਛੇਤੀ ਹੀ ਕੱਢ ਲਿਆ। ਜੇ ਮੈਂ ਉਹਨੂੰ ਅਪਣੀ ਕਾਰ ਤੇ ਆਈਸਕ੍ਰੀਮ ਖਵਾਉਣ ਲਈ ਲੈ ਜਾਂਦੀ ਤਾਂ ਉਹ ਤੁਰਤ ਖੁਸ਼ ਹੋ ਜਾਂਦੀ। ਜੀਵਨ ਬਾਰੇ ਉਸ ਦੇ ਬਚਪਨੇ ਵਾਲਾ ਸੁਭਾਅ ਉਦੋਂ ਬੜਾ ਸਪਸ਼ਟ ਸਾਮ੍ਹਣੇ ਆਉਂਦਾ ਸੀ। ਜਦੋਂ ਉਹਨੂੰ ਕੋਈ ਮੰਗੀ ਚੀਜ਼ ਮਿਲ ਜਾਂਦੀ ਜਾਂ ਨਾ ਮਿਲਦੀ। ਆਈਸਕ੍ਰੀਮ ਖਾਣ ਲਈ ਬਾਹਰ ਜਾਣ ਬਾਰੇ ਸੋਚਦੇ ਹੀ ਪਾਗਲ ਜਿਹੀ ਹੋ ਜਾਂਦੀ ਸੀ। ਇਸਦੀ ਬਜਾਏ ਕਿ ਉਹ ਅਪਣੀ ਮਾਂ ਪਾਸੋਂ ਬਾਹਰ ਜਾਣ ਦੀ ਇਜਾਜ਼ਤ ਲੈਂਦੀ ਤੇ ਤਿਆਰ ਹੋ ਜਾਂਦੀ ਉਹ ਫੋਨ ਚੁੱਕ ਕੇ ਖੜ੍ਹੀ ਹੋ ਗਈ ਅਤੇ ਆਪਣੇ ਗਾਹਕਾਂ ਕੋਲ ਫੜ੍ਹਾਂ ਮਾਰਨ ਵਿਚ ਪੂਰਾ ਘੰਟਾ ਲਾ ਦਿੱਤਾ ਕਿ ਅੱਜ ਮੈਂ ਘੁੰਮਣ ਜਾ ਰਹੀ ਹਾਂ। ਮੈਨੂੰ ਉਹਦਾ ਇੰਤਜ਼ਾਰ ਕਰਨ ਵਿਚ ਕੋਈ ਤਕਲੀਫ ਨਹੀਂ ਸੀ। ਟੈਲੀਫੋਨ ਤੇ ਉਹਦੀਆਂ ਗੱਲਾਂ ਮੇਰੇ ਲਈ ਸਦਾ ਦਿਲਚਸਪੀ ਦਾ ਸਬੱਬ ਰਹੀਆਂ ਨੇ।

ਜਿਸ ਨੂੰ ਉਹਨੇ ਪਹਿਲਾ ਫੋਨ ਕੀਤਾ ਉਹ ਜਵੇਦ ਸੀ, ਜਿਸਨੂੰ ਉਹ ਜਾਵੇਦ ਸਾਹਿਬ ਕਹਿੰਦੀ ਸੀ। ਉਹਨੇ ਫੋਨ ਉਸਦੀ ਦੁਕਾਨ ਤੇ ਹੀ ਕੀਤਾ ਹੋਣਾ ਏ ਕਿਉਂਕਿ ਉਹ ਮਾਰਕਿਟ ਦਾ ਹਵਾਲਾ ਦੇ ਰਹੀ ਸੀ। ਉਹ ਰਸਮੀ ਪੰਜਾਬੀ ਵਿਚ ਬੋਲ ਰਹੀ ਸੀ ਅਤੇ ਉਹਦੇ ਵਾਸਤੇ ਤੁਸੀਂ ਵਰਗੇ ਸ਼ਬਦ ਬੋਲ ਰਹੀ ਸੀ ਜੋ ਵਿਅਕਤੀ ਲਈ ਰਸਮੀ ਸੰਬੋਧਨ ਵਜੋਂ ਵਰਤਿਆ ਜਾਂਦਾ ਏ। ਉਸਦੀ ਅਵਾਜ਼ ਲਗਾਤਾਰ ਬੱਚੇ ਵਰਗੀ ਲੱਗਦੀ ਸੀ ਜੋ ਚਾਹੁੰਦਾ ਹੋਵੇ ਕਿ ਉਸਨੂੰ ਪਲੋਸਿਆ ਜਾਵੇ। ਪਹਿਲਾਂ ਉਹਨੇ ਪੁੱਛਿਆ ਕਿ ਉਹ ਕਰ ਕੀ ਰਿਹਾ ਏ, ਤੇ ਜਦੋਂ ਉਹਨੇ ਸਵਾਲ ਦਾ ਜਵਾਬ ਦੇ ਦਿੱਤਾ ਤਾਂ ਉਹ ਲੰਮੀਆਂ-ਚੌੜੀਆਂ ਗੱਲਾਂ ਵਿਚ ਰੁੱਝ ਗਈ। ਇਹ ਮੇਰੀ ਦੋਸਤ ਏ ਤੈਨੂੰ ਪਤੈ, ਬਹੁਤ ਨਜ਼ਦੀਕੀ, ਬਿਲਕੁਲ ਪੱਕੀ ਸਹੇਲੀ। ਉਹ ਮੈਨੂੰ ਮਿਲਣ ਹੀ ਲਾਹੌਰ ਆਉਂਦੀ ਏ। ਉਹਦੇ ਕੋਲ ਅਪਣੀ ਕਾਰ ਏ, ਟੋਇਟਾ ਕਰੋਲਾ, ਬਹੁਤ ਹੀ ਵਧੀਆ ਕਾਰ ਏ, ਇਸ ਵਿਚ ਟੇਪ ਡੈੱਕ ਵੀ ਲੱਗਾ ਹੋਇਆ ਏ। ਉਹ ਮੈਨੂੰ ਘੁਮਾਉਣ ਲੈ ਜਾਂਦੀ ਏ ਤੇ ਅਸੀਂ ਬੜਾ ਮਜ਼ਾ ਕਰਦੀਆਂ ਹਾਂ। ਅੱਜ ਉਹ ਮੈਨੂੰ ਮਾਲ ਤੇ ਆਈਸਕਰੀਮ ਖਵਾਉਣ ਲੈ ਜਾ ਰਹੀ ਏ।'

ਫੋਨ ਦੀ ਤਾਰ ਲੰਬੀ ਸੀ ਤੇ ਉਹ ਫੋਨ ਚੁੱਕ ਕੇ ਕਮਰੇ ਵਿਚ ਨਾਲ ਹੀ ਲੈ ਆਈ। ਪਹਿਲਾਂ

ਉਹ ਸੋਫੇ ਤੇ ਲੇਟ ਗਈ ਅਤੇ ਫੇਰ ਉੱਠ ਕੇ ਕੁਰਸੀ ਤੇ ਆ ਬੈਠੀ ਅਤੇ ਫੇਰ ਫਰਸ ਤੇ ਹੀ ਲੰਮੀ ਪੈ ਗਈ। ਉਹਨੂੰ ਇੰਝ ਲੱਗਦਾ ਸੀ ਜਿਵੇਂ ਬੰਦਾ ਉਹਨੂੰ ਟੈਲੀਫੋਨ ਵਿਚੋਂ ਦੀ ਦੇਖ ਰਿਹਾ ਹੋਵੇ ਜਿਵੇਂ ਕਿ ਇਹ ਫਿਲਮੀ ਸੀਨ ਹੋਵੇ ਅਤੇ ਕੈਮਰੇ ਨਾਲ ਉਸਦੀ ਸ਼ੂਟਿੰਗ ਹੋ ਰਹੀ ਹੋਵੇ।

'ਮੇਰੀ ਸਹੇਲੀ ਅਸਲੀ ਸਹੇਲੀ ਏ, ਤੇਰੇ ਵਰਗੀ ਨਹੀਂ।' ਉਹਨੇ ਕਿਹਾ, 'ਤੂੰ ਮੈਨੂੰ ਕਿੱਥੇ ਲੈ ਕੇ ਜਾਂਦਾ ਏਂ? ਕਿਤੇ ਵੀ ਨਹੀਂ! ਤੂੰ ਤਾਂ ਦੋਸਤੀ ਦੇ ਨਾਂ ਤੇ ਧੱਬਾ ਏਂ।' ਉਹ ਹੱਸੀ, 'ਕੀ? ਕਿਸ ਦੀ ਇਜਾਜ਼ਤ? ਜੇ ਤੇਰੇ ਵਿਚ ਦਿਲ ਗੁਰਦਾ ਹੁੰਦਾ ਤਾਂ ਮੇਰੀ ਮਾਂ ਦੀ ਇਜਾਜ਼ਤ ਵੀ ਲੈ ਲੈਂਦਾ। ਮੈਂ ਬਾਹਰ ਜਾਣਾ ਬਹੁਤ ਪਸੰਦ ਕਰਦੀ ਹਾਂ। ਅਪਣੇਂ ਚੇਹਰੇ ਤੇ ਕਾਮੁਕ ਮੁਸਕੁਰਾਹਟ ਲਿਆਉਂਦੀ ਹੋਈ ਉਹ ਸੋਫੇ ਤੇ ਲੇਟ ਗਈ। ਬਦਕਿਸਮਤੀ ਨਾਲ ਲੈਲਾ ਦੀ ਇਹ ਕਾਮੁਕ ਮੁਸਕੁਰਾਹਟ ਬੱਚੇ ਵਰਗੀ ਬਹੁਤੀ ਸੀ ਜਿਸ ਨੂੰ ਕੈਮਰੇ ਦੇ ਸਾਮ੍ਹਣੇ ਮੁਸਕੁਰਾਉਣ ਲਈ ਮਜ਼ਬੂਰ ਕੀਤਾ ਗਿਆ ਹੋਵੇ।

ਕੁਝ ਦੇਰ ਚੁੱਪ ਰਹਿਣ ਤੋਂ ਬਾਦ ਉਹ ਬੋਲੀ, 'ਤੂੰ ਕਿਹੜੇ ਦੋਸਤ ਦੀ ਗੱਲ ਕਰ ਰਿਹਾ ਹੈਂ? ਮੇਰੇ ਤਾਂ ਯਾਦ ਨਹੀਂ। ਮੈਂ ਤੇਰੇ ਵੱਲ ਵੇਖਣ ਵਿਚ ਹੀ ਐਨੀ ਮਸਤ ਸੀ ਕਿ ਮੈਨੂੰ ਪਤਾ ਹੀ ਨਹੀਂ ਲੱਗਾ ਕਿ ਹੋਰ ਕਮਰੇ ਵਿਚ ਕੌਣ ਸੀ। ਮੇਰੇ ਦਿਲ ਵਿਚ ਤਾਂ ਬਸ ਤੇਰੀ ਈ ਤਸਵੀਰ ਏ।' ਉਹਨੇ ਭਾਰੀ ਜਿਹੀ ਅਵਾਜ਼ ਵਿਚ ਕਿਹਾ ਅਤੇ ਫੇਰੇ ਸ਼ਰਾਰਤੀ ਅੰਦਾਜ਼ ਵਿਚ ਹੱਸ ਪਈ।' ਅੱਛਾ ਫੇਰ ਜੇ ਮੈਂ ਤੇਰੇ ਨਾਲ ਬਾਹਰ ਚਲੀ ਗਈ ਫੇਰ ਤੂੰ ਮੈਨੂੰ ਕੀ ਖਰੀਦ ਕੇ ਦਏਂਗਾ? ਜੋ ਵੀ ਮੈਂ ਕਹਾਂਗੀ? ਗੱਲ ਪੱਕੀ ਰਹੀ? ਫੇਰ ਨਾ ਭੱਜ ਜਾਈਂ ਮੈਂ ਤੈਨੂੰ ਦੱਸ ਦਿੰਦੀ ਹਾਂ। ਚੰਗਾ ਰਹੇਂਗਾ ਜੇ ਨਾ ਭੱਜਿਆ।'

ਉਹਨੇ ਫੋਨ ਰੱਖ ਦਿੱਤਾ ਤੇ ਮੈਨੂੰ ਕਹਿਣ ਲੱਗੀ, 'ਮੇਰੀ ਮਾਂ ਨੇ ਕਿਹਾ ਸੀ ਕਿ ਮੈਂ ਫੋਨ ਨੂੰ ਬਹੁਤਾ ਇਨ੍ਹਾਂ ਹਰਾਮੀਆਂ ਦੇ ਸੰਪਰਕ ਵਿਚ ਰਹਿਣ ਲਈ ਵਰਤਿਆ ਕਰਾਂ। ਹੁਣ ਜਿਸਨੂੰ ਮੈਂ ਫੋਨ ਕਰਨ ਲੱਗੀ ਹਾਂ ਉਹ ਬੜਾ ਮਸਖਰਾ ਏ। ਜ਼ਰਾ ਇਹਨੂੰ ਵੀ ਸੁਣ!'

ਉਸਦੇ ਨਾ ਮੰਨਣ ਦੇ ਬਾਵਜੂਦ ਵੀ ਮੈਂ ਉਸ ਵਿਚ ਇਕ ਬਣਦੀ ਰੰਡੀ ਦੇਖ ਰਹੀ ਸਾਂ। ਲੈਲਾ ਆਪਣੀ ਮਾਂ ਅਤੇ ਭਰਾਂ ਦੇ ਦਬਾਉ ਤੋਂ ਕੋਈ ਪ੍ਰੇਸ਼ਾਨ ਨਹੀਂ ਸੀ ਉਹ ਤਾਂ ਗਾਹਕਾਂ ਨੂੰ ਫਸਾਉਣ ਦੀ ਅਪਣੀ ਕਲਾ ਨੂੰ ਨਿਖਾਰ ਰਹੀ ਸੀ। ਉਹ ਪੂਰੀ ਤਰ੍ਹਾਂ ਧੰਦੇ ਵਿਚ ਪੈ ਗਈ ਸੀ ਅਤੇ ਇਸ ਵਿਚ ਅਪਣੀ ਭੂਮਿਕਾ ਦਾ ਕੁਝ ਹੱਦ ਤੱਕ ਅਨੰਦ ਵੀ ਲੈਣ ਲੱਗ ਪਈ ਸੀ। ਉਹਨੇ ਬੜੀ ਉਤੇਜਨਾ ਨਾਲ ਦੂਜਾ ਨੰਬਰ ਘੁਮਾਇਆ ਅਤੇ ਉਸ ਨਾਲ ਵੀ ਮੇਰੇ ਨਾਲ ਘੁੰਮਣ ਜਾਣ ਅਤੇ ਆਈਸਕਰੀਮ ਦੀ ਗੱਲ ਸ਼ੁਰੂ ਕਰ ਦਿੱਤੀ। ਫੇਰ ਉਹ ਬੋਲੀ, 'ਤੂੰ ਸਾਰਾ ਦਿਨ ਆਪਣੀ ਦੁਕਾਨ ਤੇ ਕੀ ਕਰਦਾ ਰਹਿੰਦਾ ਏਂ? ਉਹਨੇ ਮੈਨੂੰ ਇਸ਼ਾਰਾ ਕੀਤਾ ਕਿ ਜ਼ਰਾ ਨੇੜੇ ਆ ਜਾਵਾਂ ਅਤੇ ਫੋਨ ਦੇ ਦੂਜੇ ਪਾਸੇ ਅਪਣਾ ਕੰਨ ਲਾ ਲਵਾਂ ਕਿ ਸੁਣ ਸਕਾਂ।

ਬੰਦੇ ਨੇ ਜਵਾਬ ਦਿੱਤਾ, 'ਮੈਂ ਅਪਣੀ ਦੁਕਾਨ ਵਿਚ ਸਮਾਨ ਵੇਚਦਾ ਹਾਂ, ਹੋਰ ਕੀ?'

'ਸਾਰਾ ਦਿਨ?' ਉਹ ਬੱਚਿਆਂ ਵਾਂਗ ਪੁੱਛਿਆ।

'ਹਾਂ' ਉਹਨੇ ਜਵਾਬ ਦਿੱਤਾ, 'ਮੇਰਾ ਇਹੀ ਕੰਮ ਏਂ।'

ਫੇਰ ਬੜੀ ਹੀ ਕਾਮੁਕ ਅਵਾਜ਼ ਵਿਚ ਲੈਲਾ ਨੇ ਕਿਹਾ, 'ਤੇ ਤੇਰਾ ਮੇਰੇ ਬਾਰੇ ਕੀ ਖਿਆਲ ਏ?'

ਬੰਦੇ ਨੂੰ ਇਹ ਗੱਲ ਬੜੀ ਪਿਆਰੀ ਲੱਗੀ, ਉਹਨੇ ਉਹਦੇ ਸ਼ਬਦਾਂ ਦੀ ਇੰਝ ਦਾਦ ਦਿੱਤੀ

ਜਿਵੇਂ ਉਹਨੇ ਕੋਈ ਕਵਿਤਾ ਦਾ ਬੰਦ ਸੁਣਾਇਆ ਹੋਵੇ, ਅਤੇ ਉਹਨੇ ਜਵਾਬ ਵਿਚ ਕਿਹਾ, 'ਮਰ ਜਾਊਂ ਆਪ ਕੀ ਅਦਾਊਂ ਪੇ। ਮੈਂ ਹਰ ਸਾਹ ਵਿਚ ਤੈਨੂੰ ਯਾਦ ਕਰਦਾ ਹਾਂ।' ਲੈਲਾ ਅਪਣੇ ਆਮ ਸੁਰ ਵਿਚ ਆ ਗਈ ਤੇ ਧਮਕੀ ਭਰੇ ਅੰਦਾਜ਼ ਵਿਚ ਚਿਲਾਈ, 'ਜੇ ਤੂੰ ਮੇਰੇ ਲਈ ਐਨਾ ਹੀ ਮਰਿਆ ਜਾ ਰਿਹਾ ਏਂ ਤਾਂ ਹੀ ਤੂੰ ਮੈਨੂੰ ਫੋਨ ਨੀਂ ਕਰਦਾ?' ਉਹ ਮਾਫੀ ਮੰਗਣ ਲੱਗ ਪਿਆ। ਉਹ ਉਹਦਾ ਹੋਰ ਦੋਸ਼ ਕੱਢਦੀ ਰਹੀ ਤੇ ਉਹ ਹੋਰ ਮਾਫੀ ਮੰਗਦਾ ਗਿਆ। ਆਖਰ ਲੈਲਾ ਨੇ ਕਿਹਾ, 'ਠੀਕ ਹੈ ਫੇਰ ਮੇਰੇ ਲਈ ਇਕ ਨਵਾਂ ਜੋੜਾ ਲੈ ਕੇ ਆਈਂ। ਉਹ ਤੁਰਤ ਮੰਨ ਗਿਆ ਇਸ ਲਈ ਉਹ ਅੱਗੇ ਬੋਲੀ, 'ਮੇਰੀ ਛੋਟੀ ਭੈਣ ਲਈ ਚੂੜੀਆਂ ਵੀ।' ਉਹ ਫੇਰ ਮੰਨ ਗਿਆ। ਉਹ ਅੱਗੇ ਬੋਲੀ, 'ਕਦ...ਕਦੋਂ...ਕੱਲ ਨੂੰ! ਮੈਂ ਖੁਦ ਪਸੰਦ ਕਰਾਂਗੀ। ਤੂੰ ਮੈਨੂੰ ਬਜ਼ਾਰ ਲੈ ਕੇ ਜਾਏਂਗਾ ਤੇ ਜੋੜਾ ਖਰੀਦ ਕੇ ਦਏਂਗਾ।' ਮੈਂ ਅਚਾਨਕ ਹੀ ਉਸਦੇ ਤੌਰ ਤਰੀਕੇ ਦੀ ਇਕਸੁਰਤਾ ਭਾਂਪ ਗਈ। ਉਹਨੇ ਮੈਨੂੰ ਕਿਸੇ ਚੀਜ਼ ਦਾ ਅਚਾਨਕ ਹੀ ਦੋਸ਼ੀ ਬਣਾ ਦਿੱਤਾ ਜੋ ਮੈਂ ਮਹੱਤਵਪੂਰਨ ਨਹੀਂ ਸਮਝਦੀ ਸਾਂ ਅਤੇ ਮੈਥੋਂ ਆਈਸਕਰੀਮ ਦਾ ਵਾਅਦਾ ਲੈ ਲਿਆ।

ਲੈਲਾ ਦੀ ਮਾਂ ਕਮਰੇ ਵਿਚ ਆਈ ਤੇ ਬੋਲੀ, ''ਮੈਨੂੰ ਨਹੀਂ ਸੀ ਪਤਾ ਤੂੰ ਵੀ ਇੱਥੇ ਹੀ ਏਂ। ਕਿਵੇਂ ਏਂ ਤੂੰ? ਇਨ੍ਹਾਂ ਨੇ ਤੈਨੂੰ ਕੋਈ ਠੰਢਾ ਜਾਂ ਹੋਰ ਕੁਝ ਪਿਲਾਇਆ ਏ?' 'ਮੈਂ ਕਿਹੜੀ ਇੱਥੇ ਮਹਿਮਾਨ ਹਾਂ।' ਮੈਂ ਜਵਾਬ ਦਿੱਤਾ ਅਤੇ ਉੱਠ ਕੇ ਉਨ੍ਹਾਂ ਨੂੰ ਜੱਫੀ ਵਿਚ ਘੁੱਟ ਲਿਆ। ਅਸੀਂ ਇਕੱਠੀਆਂ ਹੀ ਬਹਿ ਗਈਆਂ। ਮੈਂ ਉਹਨੂੰ ਉਹਦੀ ਸੇਹਤ ਬਾਰੇ ਪੁੱਛਿਆ ਅਤੇ ਫੇਰ ਮੈਂ ਸੋਚਿਆ ਚੰਗਾ ਹੋਏਗਾ ਜੇ ਮੈਂ ਆਈਸਕਰੀਮ ਦੀ ਗੱਲ ਆਪ ਹੀ ਕਰ ਦਿਆਂ। 'ਲੈਲਾ ਚਾਹੁੰਦੀ ਏ ਕਿ ਮੈਂ ਉਹਨੂੰ ਆਈਸਕਰੀਮ ਖੁਆ ਕੇ ਲਿਆਵਾਂ। ਤੇਰਾ ਕੀ ਖਿਆਲ ਏ?' ਮੈਂ ਪੁੱਛਿਆ।

ਕੈਸਰਾ ਨੇ ਜਵਾਬ ਦਿੱਤਾ, 'ਤੂੰ ਇਹਦੀ ਭੈਣ ਵਰਗੀ ਹੀ ਏਂ, ਮੈਨੂੰ ਕੀ ਇਤਰਾਜ਼ ਹੋ ਸਕਦਾ ਏ ਭਲਾ।' ਮੈਨੂੰ ਥੋੜ੍ਹੀ ਹੈਰਾਨੀ ਹੋਈ। ਮੇਰਾ ਰਾਬਤਾ ਇਸ ਟੱਬਰ ਨਾਲ ਉਦੋਂ ਤੋਂ ਸੌ ਗੁਣਾ ਬੇਹਤਰ ਸੀ ਜਦੋਂ ਅਸੀਂ ਪਹਿਲੀ ਵਾਰੀ ਘੁੰਮਣ ਗਏ ਸਾਂ। ਪਰ ਇਸ ਵਿਚ ਇਸ ਤੋਂ ਵੱਧ ਕੁਝ ਸੀ। ਮੈਨੂੰ ਉਸ ਦੀ ਅਵਾਜ਼ ਤੋਂ ਇੰਝ ਲੱਗਾ ਜਿਵੇਂ ਲੈਲਾ ਵਿਚ ਉਸਦਾ ਭਰੋਸਾ ਸਗੋਂ ਹੋਰ ਵਧਿਆ ਹੋਇਆ ਏ।

ਜਦੋਂ ਅਸੀਂ ਤੁਰਨ ਹੀ ਵਾਲੇ ਸੀ ਤਾਂ ਕੈਸਰਾ ਬੋਲੀ ਕਿ ਛੋਟੀ ਭੈਣ ਨੂੰ ਵੀ ਨਾਲ ਹੀ ਲੈ ਜਾਈਏ। ਲੈਲਾ ਨੇ ਅਜੀਬ ਜਿਹੇ ਸਵੈ ਭਰੋਸੇ ਨਾਲ ਕਿਹਾ, 'ਨਹੀਂ ਅੰਮੀ! ਇਹ ਠੀਕ ਨਹੀਂ ਰਹੇਗਾ।' ਉਹ ਆਪਣੀ ਮਾਂ ਦੇ ਮੂੰਹ ਵੱਲ ਝਾਕੀ ਵੀ ਨਹੀਂ ਸੀ ਤੇ ਆਪਣਾ ਫੈਸਲਾ ਸੁਣਾ ਦਿੱਤਾ ਸੀ। ਮੈਨੂੰ ਉਹਦੇ ਸਵੈ ਭਰੋਸੇ ਦੇ ਨਵੇਂ ਪੱਧਰ ਦੀ ਕੋਈ ਸਮਝ ਨਹੀਂ ਪੈ ਰਹੀ ਸੀ ਪਰ ਇਹ ਪੱਕਾ ਸਮਝ ਗਈ ਸਾਂ ਕਿ ਉਨ੍ਹਾਂ ਦੇ ਰਿਸ਼ਤੇ ਪੀਡੇ ਹੋਏ ਹਨ। ਉਹ ਪੜਾਅ ਜਿੱਥੇ ਨੌਜਵਾਨ ਰੰਡੀ ਭੜਕ ਕੇ ਲੜਨ ਨੂੰ ਪੈਂਦੀ ਸੀ ਉਹ ਲੰਘ ਗਿਆ ਸੀ।

ਲੈਲਾ ਘਰ ਦੇ ਅੰਦਰ ਗਈ ਜਦ ਕਿ ਉਹਦੀ ਮਾਂ ਮੇਰੇ ਕੋਲ ਬੈਠੀ ਰਹੀ। 'ਫੌਜੀਆ' ਉਹ ਬੋਲੀ, 'ਜਦ ਤੂੰ ਵਾਪਸ ਆਈ ਤਾਂ ਲੈਲਾ ਨੂੰ ਲਾਹ ਕੇ ਹੀ ਨਾ ਮੁੜ ਜਾਈਂ। ਉਪਰ ਆ ਜਾਈਂ। ਲੈਲਾ ਦਾ ਭਰਾ ਘਰ ਹੀ ਏ ਤੇ ਮੈਂ ਚਾਹੁੰਦੀ ਹਾਂ ਕਿ ਤੂੰ ਉਸ ਨੂੰ ਮਿਲ ਲਏਂ।'

ਮੈਂ ਅਪਣੀ ਉਤਸੁਕਤਾ ਨੂੰ ਦਬਾਉਂਦੇ ਹੋਏ ਬੋਲੀ, 'ਬਿਲਕੁਲ! ਮੈਂ ਇਹੀ ਕਰਾਂਗੀ। ਉਹ ਤਾਂ ਬਾਹਰ ਦੂਰ-ਦੂਰ ਜਾਂਦਾ ਏ। ਹੈ ਕਿ ਨਹੀਂ? ਉਹ ਕਿਸੇ ਕੱਪੜੇ ਦੀ ਕੰਪਨੀ ਵਿਚ ਕੰਮ ਕਰਦਾ

ਏ, ਠੀਕ?'

ਉਸਨੇ ਕਿਹਾ, 'ਲੈਲਾ ਤੇਰੀਆਂ ਬਹੁਤ ਗੱਲਾਂ ਕਰਦੀ ਰਹਿੰਦੀ ਏ। ਉਹ ਵੀ ਤੈਨੂੰ ਮਿਲਣਾ ਚਾਹੁੰਦਾ ਏ।'

ਮੇਰੀ ਵਾਕਈ ਜਗਿਆਸਾ ਵਧ ਗਈ। ਮੈਂ ਉਸਦੀ ਬੀਵੀ ਜਮੀਲਾ ਨੂੰ ਮਿਲੀ ਸਾਂ। ਉਹ ਕਦੇ ਇਕ ਸ਼ਬਦ ਵੀ ਨਹੀਂ ਬੋਲੀ ਅਤੇ ਹਮੇਸ਼ਾ ਹੀ ਘਰ ਦੇ ਅੰਦਰਲੇ ਪਾਸੇ ਹੀ ਰਹਿੰਦੀ ਅਤੇ ਕਦੇ ਖਾਣਾ ਪਕਾਉਂਦੀ ਅਤੇ ਜਾਂ ਘਰ ਦੇ ਹੋਰ ਕੰਮ ਕਰਦੀ ਰਹਿੰਦੀ।

ਲੈਲਾ ਤੇ ਮੈਂ ਅਪਣੀ ਕਾਰ ਲੈ ਕੇ ਤੁਰ ਪਏ। ਲੈਲਾ ਬੜੀ ਉੱਤੇਜਿਤ ਸੀ ਜਿਵੇਂ ਪਹਿਲੀ ਵਾਰੀ ਜਾਣ ਵੇਲੇ ਸੀ। ਇਸ ਵਾਰੀ ਸਗੋਂ ਅੱਗੇ ਨਾਲੋਂ ਚੰਗਾ ਸੀ ਕਿਉਂਕਿ ਹੁਣ ਅਸੀਂ ਦੋਵੇਂ ਹੀ ਸਾਂ। ਉਹਨੇ ਅਜਾਦ ਜਿਹੀ ਮਹਿਸੂਸ ਕੀਤਾ। ਉਹ ਕਹਿਣ ਲੱਗੀ,

'ਪਹਿਲਾਂ ਅਸੀਂ ਮੇਰੀ ਸਹੇਲੀ ਸੁਰੱਈਆ ਕੋਲ ਜਾਵਾਂਗੀਆਂ।'

ਮੈਂ ਨਹੀਂ ਮੰਨੀ, 'ਲੈਲਾ! ਅਸੀਂ ਤੇਰੀ ਮਾਂ ਨੂੰ ਕਿਹਾ ਏ ਕਿ ਅਸੀਂ ਮਾਲ ਤੇ ਚੱਲੀਆਂ ਹਾਂ। ਮੈਂ ਨਹੀਂ ਚਾਹੁੰਦੀ ਕਿ ਉਸਨੂੰ ਮੇਰਾ ਭਰੋਸਾ ਨਾ ਰਹੇ।'

ਉਹਨੇ ਜਵਾਬ ਦਿੱਤਾ, 'ਸੁਣ, ਮੇਰੀ ਇਸ ਸਹੇਲੀ ਦਾ ਸਾਡੇ ਕਾਰੋਬਾਰ ਨਾਲ ਕੋਈ ਸਬੰਧ ਨਹੀਂ। ਠੀਕ! ਤੇ ਉਹ ਤਾਂ ਇਹ ਵੀ ਨਹੀਂ ਜਾਣਦੀ ਕਿ ਮੈਂ ਇੱਥੇ ਰਹਿੰਦੀ ਹਾਂ। ਉਹ ਕਾਲਜ ਵਿਚ ਮੇਰੀ ਸਹੇਲੀ ਸੀ। ਮੈਂ ਕਿਸੇ ਨੂੰ ਵੀ ਨਹੀਂ ਦੱਸਿਆ ਸੀ ਕਿ ਮੈਂ ਕਿੱਥੋਂ ਆਉਂਦੀ ਹਾਂ। ਇਸ ਲਈ ਉਹ ਕੁਝ ਵੀ ਨਹੀਂ ਜਾਣਦੀ।'

'ਲੈਲਾ', ਮੈਂ ਝਿਜਕਦੇ ਜਿਹੇ ਕਿਹਾ, 'ਆਪਾਂ ਤੇਰੀ ਅੰਮੀ ਨੂੰ ਵੀ ਤਾਂ ਦੱਸ ਸਕਦੇ ਸੀ ਕਿ ਅਸੀਂ ਤੇਰੀ ਸਹੇਲੀ ਕੋਲ ਜਾਣਾ ਏਂ।

'ਤੂੰ ਪਾਗਲ ਹੋ ਗਈ ਏਂ? ਉਹ ਤਾਂ ਚਾਹੁੰਦੇ ਹੀ ਨਹੀਂ ਕਿ ਮੇਰੀਆਂ ਸਹੇਲੀਆਂ ਹੋਣ। ਮੈਂ ਕਾਲਜ ਛੱਡਣ ਤੋਂ ਬਾਅਦ ਸੁਰੱਈਆ ਨੂੰ ਸਿਰਫ ਇਕ ਵਾਰੀ ਮਿਲੀ ਹਾਂ। ਜਦ ਉਹ ਬੀਮਾਰ ਸੀ ਤਾਂ ਮੈਂ ਉਹਦੇ ਘਰ ਗਈ ਸੀ ਤੇ ਉਹ ਦੀ ਮਾਂ ਨੂੰ ਵੀ ਮਿਲੀ ਸੀ। ਉਹ ਬੜੀ ਚੰਗੀ ਏ। ਮੈਂ ਤੇਰੇ ਨਾਲ ਹੀ ਉੱਥੇ ਜਾ ਸਕਦੀ ਹਾਂ, ਪਲੀਜ਼ ਮੈਨੂੰ ਲੈ ਚੱਲ।'

'ਠੀਕ ਏ' ਮੈਂ ਮੰਨਦੇ ਹੋਏ ਬੋਲੀ, 'ਪਰ ਬਹੁਤ ਥੋੜ੍ਹੀ ਦੇਰ ਲਈ।'

ਸਹੇਲੀ ਦਾ ਘਰ ਟਕਸਾਲੀ ਤੋਂ ਬਹੁਤਾ ਦੂਰ ਨਹੀਂ ਸੀ ਅਤੇ ਮਾਲ ਦੇ ਰਾਹ ਵਿਚ ਹੀ ਪੈਂਦਾ ਸੀ। ਮੈਂ ਛੋਟੀ ਜਿਹੀ ਗਲੀ ਵਿਚ ਕਾਰ ਖੜ੍ਹੀ ਕੀਤੀ ਜਿਸਦੇ ਸਿਰੇ ਤੇ ਪਾਣੀ ਦਾ ਛੱਪੜ ਸੀ ਜਿਸ ਵਿੱਚ ਮੱਝਾਂ ਨਹਾ ਰਹੀਆਂ ਸਨ ਅਤੇ ਆਪਣੇ ਸਿੰਗਾਂ ਤੇ ਬੈਠੇ ਕਾਵਾਂ ਤੋਂ ਪੂਰੀ ਤਰ੍ਹਾਂ ਬੇਖਬਰ ਸਨ।

ਅਸੀਂ ਕੁਝ ਪੌੜੀਆਂ ਚੜ੍ਹ ਕੇ ਉੱਪਰ ਗਈਆਂ ਅਤੇ ਫਲੈਟ ਦਾ ਬੂਹਾ ਖੜਕਾਇਆ। ਸੁਰੱਈਆ ਦੀ ਮਾਂ ਨੇ ਬੂਹਾ ਖੋਲ੍ਹਿਆ। ਉਹ ਕਰੀਬ ਪੰਜਾਹ ਕੁ ਸਾਲ ਦੀ ਸੀ ਤੇ ਸਾਦੇ ਸਲਵਾਰ ਕਮੀਜ਼ ਵਿਚ ਸੀ। ਉਹਨੇ ਲੈਲਾ ਨੂੰ ਪਛਾਣ ਲਿਆ ਤੇ ਸਾਨੂੰ ਅੰਦਰ ਆਉਣ ਲਈ ਕਿਹਾ। ਜਦੋਂ ਅਸੀਂ ਬੈਠਕ ਵਿਚ ਜਾ ਰਹੇ ਸੀ ਤਾਂ ਸੁਰੱਈਆਂ ਵੀ ਬਾਹਰ ਆ ਗਈ। ਉਸਨੇ ਲੈਲਾ ਨੂੰ ਵੇਖ ਲਿਆ ਤੇ ਖੁਸ਼ੀ ਨਾਲ ਚੀਕਣ ਲੱਗੀ, ਉਹ ਉਸ ਨੂੰ ਦੇਖ ਕੇ ਬੜੀ ਹੈਰਾਨ ਸੀ।

ਅਸੀਂ ਅੱਧਾ ਕੁ ਘੰਟਾ ਉੱਥੇ ਰੁਕੀਆਂ ਜੋ ਕਿ ਪਾਕਿਸਤਾਨੀ ਤੌਰ ਤਰੀਕੇ ਨਾਲ ਚੱਜ ਨਾਲ ਆਉਣਾ ਵੀ ਨਹੀਂ ਗਿਣਿਆ ਜਾਂਦਾ। ਚੰਗੀ ਗੱਲ ਬਾਤ ਲਈ ਘੱਟੋ-ਘੱਟ ਦੋ ਘੰਟੇ ਠੀਕ ਮੰਨਿਆਂ

ਜਾਂਦਾ ਏ ਪਰ ਮੇਰੀ ਝਿਜਕ ਕਰਕੇ ਲੈਲਾ ਵੀ ਦਬਾਉ ਵਿਚ ਸੀ ਇਸ ਲਈ ਉਸਨੇ ਗੱਲ ਬਾਤ ਛੇਤੀ ਛੇਤੀ ਵਲ੍ਹੇਟ ਲਈ।

ਇਹ ਉਹਨੂੰ ਵੀ ਸੂਤ ਬਹਿੰਦਾ ਸੀ ਕਿਉਂਕਿ ਉਹ ਸੁਰੱਈਆ ਲਾਲ ਹੋਰ ਬਹੁਤੀ ਖੁਲ੍ਹ ਵੀ ਨਹੀਂ ਸਕਦੀ ਸੀ। ਉਸ ਨੂੰ ਸਿਰਫ ਸੰਪਰਕ ਰੱਖਣਾ ਹੀ ਵਾਰਾ ਖਾਂਦਾ ਸੀ।

ਗੱਲਬਾਤ ਵਿਚ ਲੈਲਾ ਬੜੇ ਹੀ ਸਰਸਰੀ ਢੰਗ ਨਾਲ ਵਿਚਰ ਰਹੀ ਸੀ ਅਤੇ ਆਪਣੇ ਭਰਾ ਤੇ ਹੋਰ ਸ਼ਹਿਰਾਂ ਦੀਆਂ ਸਹੇਲੀਆਂ ਬਾਰੇ ਅਤੇ ਮੈਨੂੰ ਦੇਖਣ ਲਈ ਇਸਲਾਮਾਬਾਦ ਵਿੱਚ ਛੁੱਟੀਆਂ ਮਨਾਉਣ ਬਾਰੇ। ਉਸਦੀ ਕੋਸ਼ਿਸ਼ ਉਹੀ ਗੱਲਾਂ ਕਰਨ ਦੀ ਸੀ ਜੋ ਮੱਧ ਵਰਗੀ ਪਰਿਵਾਰਾਂ ਦੇ ਲੋਕ ਕਰਦੇ ਨੇ। ਉਹ ਨੇ ਥੋੜ੍ਹੀ ਬਹੁਤੀ ਗੱਲ ਭਾਰਤੀ ਫਿਲਮਾਂ ਬਾਰੇ ਵੀ ਕੀਤੀ।

ਅਸੀਂ ਗੱਲਬਾਤ ਮੁਕਾਈ ਅਤੇ ਅਲਵਿਦਾ ਆਖ ਕੇ ਤੁਰ ਪਈਆਂ। ਕਾਰ ਵਿਚ ਮੈਂ ਉਹ ਨੂੰ ਪੁੱਛਿਆ, ''ਤੇਰੀ ਸਹੇਲੀ ਐਨੀ ਨਜ਼ਦੀਕੀ ਹੋਵੇ ਤੇ ਤੂੰ ਉਹਨੂੰ ਆਪਣੇ ਜੀਵਨ ਦੀਆਂ ਮਹੱਤਵਪੂਰਨ ਗੱਲਾਂ ਨਾ ਦੱਸੇ ਇਹ ਕਿਵੇਂ ਕਰ ਲੈਂਦੀ ਏਂ।

ਉਹਨੇ ਜਵਾਬ ਦਿੱਤਾ, 'ਮੈਂ ਦੱਸ ਹੀ ਨਹੀਂ ਸਕਦੀ। ਮੈਨੂੰ ਪਤਾ ਏ ਫੇਰ ਮੇਰਾ ਸਹੇਲਪੁਣਾ ਟੁੱਟ ਜਾਏਗਾ। ਮੈਂ ਤਾਂ ਉਹਦੇ ਹੋਰ ਨੇੜੇ ਵੀ ਨਹੀਂ ਹੋ ਸਕਦੀ ਨਹੀਂ ਤਾਂ ਫੇਰ ਉਹ ਵੀ ਚਾਹੁਣਗੇ ਕਿ ਉਹ ਮੇਰੇ ਘਰ ਮੈਨੂੰ ਮਿਲਣ ਆਉਣ। ਫੇਰ ਮੈਂ ਕੀ ਕਰਾਂਗੀ? ਜੇ ਮੇਰੀ ਮਾਂ ਨੂੰ ਪਤਾ ਲੱਗ ਗਿਆ ਕਿ ਮੈਂ ਅਜੇ ਵੀ ਅਜਿਹੇ ਸੰਪਰਕ ਵਿਚ ਹਾਂ ਤਾਂ ਉਹ ਤਾਂ ਮੈਨੂੰ ਮਾਰ ਹੀ ਦਏਗੀ।'

'ਤੂੰ ਉਹਨੂੰ ਸਾਲ ਵਿਚ ਇਕ ਵਾਰੀ ਤਾਂ ਮਿਲੀ ਏਂ ਇਹ ਵੀ ਕੋਈ ਸੰਪਰਕ ਹੋਇਆ।

ਮੈਂ ਕਾਰ ਨੂੰ ਮੇਨ ਰੋਡ ਤੇ ਲਿਆਉਂਦਿਆਂ ਸਵਾਲ ਕੀਤਾ।

'ਤੂੰ ਇਸ ਨੂੰ ਭਾਵੇਂ ਕਿਵੇਂ ਵੀ ਦੇਖ ਪਰ ਇਹ ਮੇਰੇ ਲਈ ਬੜੀ ਅਹਿਮ ਗੱਲ ਏ। ਮੈਨੂੰ ਮਹਿਸੂਸ ਹੁੰਦਾ ਏ ਕਿ ਬਾਹਰ ਮੇਰੀ ਵੀ ਕੋਈ ਸਹੇਲੀ ਏ ਤੇਰੇ ਵਾਂਗ। ਮੈਨੂੰ ਇਹ ਸੋਚ ਕੇ ਖੁਸ਼ੀ ਹੁੰਦੀ ਏ ਕਿ ਮੇਰੀ ਸਹੇਲੀ ਇਸਲਾਮਾਬਾਦ ਵਿਚ ਵੀ ਏ। ਤੇਰੇ ਯਾਦ ਏ ਜਦੋਂ ਅਸੀਂ ਪਹਿਲੀ ਵਾਰੀ ਮਿਲੀਆਂ ਸੀ। ਮੈਂ ਤੈਨੂੰ ਕਿਹਾ ਸੀ ਕਿ ਮੇਰੇ ਲਈ ਇਸਲਾਮਾਬਾਦ ਵਿਚ ਕੋਈ ਨੌਕਰੀ ਲੱਭ ਦੇਹ।'

'ਹਾਂ ਮੇਰੇ ਯਾਦ ਏ' ਮੈਂ ਹੱਸ ਕੇ ਕਿਹਾ, 'ਪਰ ਜੋ ਵੀ ਮੈਂ ਦੱਸਿਆ ਉਹ ਤੈਨੂੰ ਪਸੰਦ ਹੀ ਨਹੀਂ ਆਇਆ ਸੀ।'

'ਹਾਂ, ਪਰ ਮੈਨੂੰ ਇਹ ਬੜਾ ਪਸੰਦ ਆਇਆ ਸੀ ਕਿ ਮੈਂ ਤੈਨੂੰ ਪੁੱਛ ਸਕਦੀ ਸਾਂ। ਮੈਂ ਸਹੇਲੀਆਂ ਹੋਣਾ ਬਹੁਤ ਪਸੰਦ ਕਰਦੀ ਹਾਂ ਪਰ ਮੇਰੀ ਇਸ ਗੱਲ ਨੂੰ ਮੇਰੀ ਮਾਂ ਤੇ ਭਰਾ ਬਰਦਾਸ਼ਤ ਨਹੀਂ ਕਰ ਸਕਦੇ। ਉਹ ਸਮਝਦੇ ਹਨ ਕਿ ਮੇਰੇ ਆਪਣੇ ਸੰਪਰਕ ਰਹੇ ਤਾਂ ਉਹ ਮੈਨੂੰ ਚੰਗੀ ਤਰ੍ਹਾਂ ਆਪਣੇ ਕਾਬੂ ਨਹੀਂ ਰੱਖ ਸਕਣਗੇ।

ਮੈਂ ਉਹਦੇ ਵੱਲ ਚਿੜ੍ਹਾਉਣ ਵਾਲੇ ਅੰਦਾਜ਼ ਵਿੱਚ ਵੇਖਿਆ ਤੇ ਬੋਲੀ, 'ਅੱਜ ਕਲ੍ਹ ਤਾਂ ਕਾਫੀ ਉੱਡ ਰਹੀ ਏਂ ਤੂੰ।

'ਮੇਰਾ ਭਰਾ ਘਰ ਆਇਆ ਤਾਂ ਸਾਡੀ ਲੰਮੀ ਗੱਲਬਾਤ ਹੋਈ।' ਉਹਦਾ ਜਵਾਬ ਸੀ।

'ਅੱਛਾ ਫ਼ੇਰ ਤੂੰ ਇਸਲਾਮਾਬਾਦ ਜਾਂ ਮੁਹੱਲੇ ਤੋਂ ਬਾਹਰ ਕਿਤੇ ਹੋਰ ਕੰਮ ਕਰਨ ਦਾ ਵਿਚਾਰ ਛੱਡ ਦਿੱਤਾ ਏ? ਹੁਣ ਤੈਨੂੰ ਆਪਣਾ ਭਵਿੱਖ ਇੱਥੇ ਹੀ ਲੱਗਦਾ ਏ? ਇਹੀ ਗੱਲ ਏ ਨਾ?' ਮੈਂ ਪੁੱਛਿਆ।

'ਮੈਂ ਇਸ ਬਾਰੇ ਕਾਫੀ ਕੁਝ ਸੋਚਿਆ ਏ, ਪਰ ਤੈਨੂੰ ਪਤਾ ਈ ਏ ਕਿ ਮੈਂ ਬਹੁਤੀ ਮੇਹਨਤ ਕਰਨੀ ਪਸੰਦ ਨਹੀਂ ਕਰਦੀ। ਮੈਨੂੰ ਅਜਿਹਾ ਕੰਮ ਚਾਹੀਦਾ ਏ ਜਿਥੇ ਮੈਨੂੰ ਪੈਸੇ ਤਾਂ ਮਿਲਣ ਪਰ ਬਹੁਤਾ ਕੰਮ ਨਾ ਕਰਨਾ ਪਏ। ਮੈਂ ਕਿਤੇ 9 ਤੋਂ 5 ਤੱਕ ਕੰਮ ਕਰਨ ਜੋਗੀ ਨਹੀਂ। ਮੈਂ ਵਿਚ ਸੌਣਾ ਵੀ ਹੁੰਦਾ ਏ ਤੇ ਤੂੰ ਜਾਣਦੀ ਏਂ ਮੈਨੂੰ ਫਿਲਮਾਂ ਕਿੰਨੀਆਂ ਪਸੰਦ ਨੇ। ਮੇਰੀ ਮਾਂ ਦਾ ਵੀ ਕਹਿਣਾ ਏ ਕਿ ਮੈਂ ਦਫਤਰੀ ਕੰਮਾਂ ਲਈ ਨਹੀਂ ਬਣੀ। ਮੇਰੇ ਭਰਾ ਦਾ ਕਹਿਣਾ ਏ ਕਿ ਦਫਤਰਾਂ ਵਿਚ ਤਾਂ ਔਰਤਾਂ ਦਾ ਸਗੋਂ ਹੋਰ ਵੀ ਮਾੜਾ ਹਾਲ ਏ। ਬਾਸ ਆਪਣੇ ਨਾਰੀ ਸਟਾਫ ਨੂੰ ਕਦੀ ਵੀ ਇਕੱਲਾ ਨਹੀਂ ਛੱਡਦੇ। ਸਮਝੀ ਮੇਰਾ ਕੀ ਮਤਲਬ ਏ?' ਮੈਂ ਮਾਲ ਦੇ ਟਰੈਫਿਕ ਨਾਲ ਘੁਲ ਰਹੀ ਸੀ ਜੋ ਕਿ ਪਿਛਲੇ ਦੋ ਦਿਨਾਂ ਦੇ ਮੀਂਹ ਕਾਰਨ ਹੋਰ ਮਾੜਾ ਹੋਇਆ ਪਿਆ ਸੀ। ਮੈਂ ਉਹਨੂੰ ਕੋਈ ਜਵਾਬ ਨਾ ਦਿੱਤਾ ਕਿਉਂਕਿ ਮੈਂ ਚਾਹੁੰਦੀ ਸਾਂ ਕਿ ਉਹ ਬੋਲਦੀ ਜਾਵੇ।

ਉਹ ਬੋਲਦੀ ਰਹੀ। ਮੇਰਾ ਭਰਾ ਖੁਦ ਇਨ੍ਹਾਂ ਦਫਤਰਾਂ ਵਿਚ ਕੰਮ ਕਰਦਾ ਏ। ਉਹਦਾ ਕਹਿਣਾ ਏ ਕਿ ਨੌਕਰੀ ਲੈਣ ਲਈ ਔਰਤਾਂ ਆਪਣੇ ਬਾਸਾਂ ਨਾਲ ਸੌਂਦੀਆਂ ਨੇ ਅਤੇ ਫੇਰ ਕਦੇ ਤਨਖਾਹ ਵਧਾਉਣ ਲਈ ਅਤੇ ਕਦੀ ਤਰੱਕੀ ਲੈਣ ਲਈ। ਉਹ ਦਾ ਕਹਿਣਾ ਹੈ ਕਿ ਔਰਤਾਂ ਨੂੰ ਪੈਸੇ ਮਿਲਦੇ ਨੇ ਤੇ ਬੰਦੇ ਉਹਦਾ ਬਦਲਾ ਉਠਾਉਂਦੇ ਨੇ। ਇੱਥੇ ਘੱਟੋ ਘੱਟ ਅਸੀਂ ਆਪਣੇ ਗਾਹਕ ਚੁਣ ਤਾਂ ਸਕਦੇ ਹਾਂ। ਮੇਰੀ ਮਾਂ ਦਾ ਕਹਿਣਾ ਏ ਕਿ ਮੈਂ ਕਿਸੇ ਵੀ ਤਰ੍ਹਾਂ ਉਸ ਵੇਲੇ ਐਨੀ ਛੇਤੀ ਨਹੀਂ ਉੱਠ ਸਕਣਾ। ਮੈਨੂੰ ਬਹੁਤ ਹੀ ਲਾਡ ਨਾਲ ਪਾਲਿਆ ਗਿਆ ਏ।'

'ਮੈਂ ਦੇਖ ਰਹੀ ਹਾਂ ਕਿ ਤੂੰ ਆਪਣੀ ਮਾਂ ਅਤੇ ਭਰਾ ਨਾਲ ਹਰੇਕ ਗੱਲ ਤੇ ਵਿਚਾਰ ਕਰ ਲਈ ਏ। ਉਨ੍ਹਾਂ ਨੇ ਤੇਰੀ ਪੂਰੀ ਤਸੱਲੀ ਕਰਵਾ ਦਿੱਤੀ ਏ। ਪਰ ਮੈਂ ਵੀ ਤੈਨੂੰ ਇੱਕ ਗੱਲ ਦੱਸ ਦਿਆਂ, ਲੈਲਾ। ਤੂੰ ਆਪਣੀ ਜ਼ਿੰਦਗੀ ਨਾਲ ਜੋ ਚਾਹੇਂ ਕਰ ਸਕਦੀ ਏ, ਪਰ ਜੋ ਤੇਰੀ ਮਾਂ ਦਾ ਕਹਿਣਾ ਏ ਉਹ ਸਾਰੀਆਂ ਔਰਤਾਂ ਤੇ ਲਾਗੂ ਨਹੀਂ ਹੁੰਦਾ ਜੋ ਦਫਤਰਾਂ ਵਿਚ ਕੰਮ ਕਰਦੀਆਂ ਨੇ। ਇਹ ਠੀਕ ਏ ਕਿ ਔਰਤਾਂ ਤਰੱਕੀ ਲਈ ਸੈਕਸ ਸੇਵਾਵਾਂ ਵਰਤ ਸਕਦੀਆਂ ਹਨ। ਕਦੀ ਬੰਦੇ ਇਸ ਕੰਮ ਲਈ ਉਨ੍ਹਾਂ ਨੂੰ ਆਪਣੀ ਸ਼ਕਤੀਆਂ ਵਰਤਕੇ ਪ੍ਰੇਸ਼ਾਨ ਵੀ ਕਰ ਸਕਦੇ ਹਨ ਪਰ ਸੰਸਾਰ ਬਦਲ ਚੁੱਕਾ ਤੇ ਹੁਣ ਮਰਦ ਅਤੇ ਔਰਤ ਕਿੱਤਾਕਾਰ ਸਾਥੀਆਂ ਵਾਂਗ ਕੰਮ ਕਰਨਾ ਗਿੱਝ ਚੁੱਕੇ ਨੇ। ਹੁਣ ਇਸ ਤਰ੍ਹਾਂ ਦੀਆਂ ਬੜੀਆਂ ਕਾਬਲ ਔਰਤਾਂ ਨੇ ਜਿਹੜੀਆਂ ਆਪਣੀ ਮੇਹਨਤ ਅਤੇ ਲਗਨ ਸਦਕਾ ਹੀ ਕਾਮਯਾਬ ਹੋਈਆਂ ਨੇ।

ਮੇਰੇ ਉਪਦੇਸ਼ ਤੇ ਉਹ ਜਰਾ ਹੈਰਾਨ ਹੋਈ ਅਤੇ ਬੋਲੀ, 'ਉਹ ਮੇਰੀ ਯੋਜਨਾ ਨਹੀਂ ਸੀ, ਵਿਚਾਰ ਸਨ। ਜਦੋਂ ਮੈਂ ਉਨ੍ਹਾਂ ਦੇ ਹੱਥਾਂ ਵਿਚ ਹੋਣ ਕਾਰਨ ਬਹੁਤੀ ਗੁੱਸੇ ਵਿਚ ਹੁੰਦੀ ਹਾਂ ਤਾਂ ਮੈਂ ਦੂਰ ਜਾਣ ਦੀ ਸੋਚਣ ਲੱਗ ਪੈਂਦੀ ਹਾਂ ਤੇ ਹੋਰ ਹੋਰ ਗੱਲਾਂ ਸੋਚਦੀ ਰਹਿੰਦੀ ਹਾਂ।

ਕੁਛ ਦੇਰ ਲਈ ਅਸੀਂ ਦੋਵੇਂ ਚੁੱਪ ਹੋ ਗਈਆਂ ਕਿਉਂਕਿ ਟਰੈਫਿਕ ਵਿਚ ਫਸੀਆਂ ਹੋਈਆਂ ਸਾਂ। ਫੇਰ ਉਹ ਬੋਲੀ, 'ਤੂੰ ਹੁਣੇ ਕਿਹਾ ਸੀ ਕਿ ਇਹ ਕਿਵੇਂ ਹੋ ਸਕਦਾ ਏ ਕਿ ਕਿਸੇ ਦੀ ਸਹੇਲੀ ਵੀ ਹੋਵੇ ਪਰ ਉਹ ਆਪਣੇ ਜੀਵਨ ਦੇ ਮਹੱਤਵਪੂਰਨ ਹਿੱਸੇ ਬਾਰੇ ਉਸ ਨਾਲ ਕੋਈ ਗੱਲ ਵੀ ਸਾਂਝੀ ਨਾ ਕਰੇ।

ਮੈਨੂੰ ਨਹੀਂ ਪਤਾ ਸੀ ਕਿ ਉਹ ਕੀ ਗੱਲ ਕਹਿਣ ਜਾ ਰਹੀ ਏ ਇਸ ਲਈ ਮੈਂ ਸਿਰਫ ਐਨਾ ਹੀ ਕਿਹਾ, 'ਫੇਰ?'ਮੈਂ ਤੈਨੂੰ ਕੁਝ ਦੱਸਣਾ ਚਾਹੁੰਦੀ ਹਾਂ, 'ਉਸਦੀ ਆਵਾਜ਼ ਵਿੱਚ ਉਹ ਤੁਰਸ਼ੀ ਨਹੀਂ ਸੀ ਅਤੇ ਭਾਰੀ ਜਿਹੀ ਹੋ ਗਈ ਸੀ।

ਮੈਂ ਆਪਣਾ ਸਿਰ ਉਸ ਵੱਲ ਘੁਮਾ ਕੇ ਦੇਖਿਆ ਅਤੇ ਉਹਦੇ ਬੋਲਣ ਦਾ ਇੰਤਜ਼ਾਰ ਕਰਨ ਲੱਗੀ।

'ਅਸਲ ਵਿੱਚ ਮੇਰਾ ਭਰਾ ਮੇਰਾ ਭਰਾ ਨਹੀਂ ਏ। ਉਹ ਮੇਰਾ ਬਾਪ ਏ' ਉਹ ਬੋਲੀ।

'ਮੈਂ ਤੇਰਾ ਮਤਲਬ ਨਹੀਂ ਸਮਝੀ।'

ਉਹਨੇ ਕਹਿਣਾ ਜਾਰੀ ਰੱਖਿਆ।' ਉਸ ਔਰਤ ਨੂੰ ਜਿਸ ਨੂੰ ਤੂੰ ਮੇਰੀ ਮਾਂ ਸਮਝਦੀ ਏਂ ਉਹ ਦਰਅਸਲ ਮੇਰੀ ਦਾਦੀ ਏ। ਉਹ ਸਿਰਫ ਇਸ ਲਈ ਮੇਰੀ ਮਾਂ ਦੱਸਦੀ ਏ ਕਿਉਂਕਿ ਸਾਰਾ ਕੁਝ ਉਹੀ ਕਰਦੀ ਏ। ਜਿਹੜੇ ਭਤੀਜੇ ਭਤੀਜੀਆਂ ਘਰ ਵਿਚ ਮੇਰੇ ਦੁਆਲੇ ਭੱਜੇ ਫਿਰਦੇ ਨੇ ਉਹ ਮੇਰੇ ਭਰਾ, ਭੈਣ ਨੇ। ਅਤੇ ਇਹ ਮੇਰੀ ਦਾਦੀ ਵੀ ਮੇਰੀ ਅਸਲੀ ਦਾਦੀ ਨਹੀਂ ਏ। ਇਸ ਦੀ ਵੱਡੀ ਭੈਣ ਮੇਰੀ ਕਿਤਿਉਂ ਦਾਦੀ ਲੱਗਦੀ ਸੀ ਪਰ ਅਸਲੀ ਉਹ ਵੀ ਨਹੀਂ ਸੀ।' ਉਹ ਬੜੀ ਗੰਭੀਰ ਸੀ।

'ਲੈਲਾ! ਮੇਰੇ ਤਾਂ ਕੁਝ ਪੱਲੇ ਨਹੀਂ ਪੈ ਰਿਹਾ ਏ। ਮੇਰਾ ਖਿਆਲ ਏ ਤੂੰ ਮੇਰੇ ਨਾਲ ਮਜ਼ਾਕ ਨਹੀਂ ਕਰ ਰਹੀ। ਮੈਨੂੰ ਜ਼ਰਾ ਸਾਰੀ ਗੱਲ ਸਮਝਾ। ਕੌਣ ਕਿਸਦਾ ਕੀ ਲੱਗਦਾ ਏ?'

ਉਹ ਕਹਿੰਦੀ ਰਹੀ, ' ਅਸਲ ਗੱਲ ਤਾਂ ਇਹ ਏ ਕਿ ਮੇਰੀ ਇਹ 'ਮਾਂ' ਦਾਦੀ ਵਰਗੀ ਏ। ਠੀਕ ਏ। ਜੇ ਤੂੰ ਸਮਝ ਗਈ ਤਾਂ ਐਨਾ ਕਾਫੀ ਏ।'

'ਲੈਲਾ, ਜੇ ਤੂੰ ਮੈਨੂੰ ਐਨਾ ਕੁਝ ਦੱਸਣਾ ਪਸੰਦ ਕੀਤਾ ਏ ਤਾਂ ਘੱਟੋ ਘੱਟ ਇਹ ਵੀ ਤਾਂ ਦੱਸ ਦੇ ਕਿ ਇਨ੍ਹਾਂ ਨਾਲ ਸਬੰਧ ਕੀ ਨੇ ਤੇਰੇ।'

ਇਸ ਵੇਲੇ ਤਕ ਟਰੈਫਿਕ ਅੱਗੇ ਵਧਣਾ ਸ਼ੁਰੂ ਹੋ ਗਿਆ ਸੀ ਤੇ ਮੈਂ ਆਪਣੀ ਕਾਰ ਉਸ ਜਾਮ ਵਿਚੋਂ ਕੱਢਣ ਲਈ ਘੁਲ ਰਹੀ ਸਾਂ। ਮੈਂ ਉਹਨੂੰ ਕਿਹਾ ਅਜੇ ਇੰਤਜਾਰ ਕਰੇ ਜਦੋਂ ਤੱਕ ਅਸੀਂ ਕਾਰ ਨੂੰ ਕਿਤੇ ਖੜ੍ਹਾ ਕਰਕੇ ਟਿਕ ਕੇ ਨਹੀਂ ਬੈਠ ਜਾਂਦੇ। ਅਸੀਂ ਆਈਸਕਰੀਮ ਦੀ ਦੁਕਾਨ ਤੇ ਪੁੱਜ ਗਏ। ਮੈਂ ਆਪਣੀ ਕਾਰ ਪਾਰਕ ਕੀਤੀ। ਜਦੋਂ ਤੁਸੀਂ ਵਿਅਕਤੀਗਤ ਗੱਲਾਂ ਕਰਨੀਆਂ ਹੋਣ ਤਾਂ ਇਹ ਬੜਾ ਠੀਕ ਰਹਿੰਦਾ ਏ ਕਿ ਤੁਸੀਂ ਖਾਣ-ਪੀਣ ਲਈ ਕਾਰ ਦੇ ਵਿਚ ਹੀ ਮੰਗਵਾ ਲਉ। ਦੁਕਾਨਦਾਰ ਦਾ ਧਿਆਨ ਖਿੱਚਣ ਲਈ ਮੈਂ ਹਾਰਨ ਵਜਾਇਆ। ਬਾਰਾਂ ਕੁ ਸਾਲ ਦਾ ਇਕ ਮੁੰਡਾ ਭੱਜਾ ਆਇਆ। ਅਸੀਂ ਉਸ ਤੋਂ ਆਈਸਕਰੀਮ ਮੰਗਵਾਈ ਤੇ ਉਹ ਮਿੰਟਾਂ ਵਿੱਚ ਹੀ ਦੇ ਗਿਆ।

ਮੈਂ ਆਪਣਾ ਆਈਸਕਰੀਮ ਦਾ ਕੱਪ ਹੱਥ ਵਿੱਚ ਘੁੱਟ ਕੇ ਫੜ ਲਿਆ ਅਤੇ ਲੈਲਾ ਵੱਲ ਮੁੜੀ 'ਹਾਂ, ਹੁਣ ਦੱਸ।'

ਲੈਲਾ ਆਈਸਕਰੀਮ ਖਾਣ ਲੱਗੀ ਅਤੇ ਫੇਰ ਆਮ ਆਵਾਜ਼ ਵਿੱਚ ਆਪਣੀ ਕਹਾਣੀ ਸੁਣਾਉਣ ਲੱਗ ਪਈ। ਇਕ ਗੱਲ ਏ ਕਿ ਇਨਾਂ ਦੋਹਾਂ ਭੈਣਾ ਦੇ ਕੋਈ ਬੱਚਾ ਨਹੀਂ ਸੀ।'

ਜ਼ਰਾ ਸੁਣ, ਤੂੰ ਆਪਣੀ ਮਾਂ ਯਾਨੀ ਕੈਸਰਾ ਦੀ ਗੱਲ ਕਰ ਰਹੀ ਏਂ ਨਾ? ਅਤੇ ਉਸਦੀ ਲੰਦਨ ਵਾਲੀ ਭੈਣ ਦੀ?' ਮੈਂ ਉਤਸੁਕ ਹੋ ਕੇ ਪੁੱਛਿਆ।

ਉਹਨੇ ਜਵਾਬ ਦਿੱਤਾ, 'ਹਾਂ ਕੈਸਰਾ ਤੇ ਸ਼ਮਸਾ। ਇਸ ਲਈ ਪਰਿਵਾਰ ਨੇ ਫੈਸਲਾ ਕੀਤਾ ਕਿ ਵੱਡੀ ਦੋ ਬੱਚੇ ਗੋਦ ਲੈ ਲਏ, ਇਕ ਮੁੰਡਾ ਤੇ ਇਕ ਕੁੜੀ ਅਤੇ ਇਸ ਦਾ ਪ੍ਰਬੰਧ ਉਨ੍ਹਾਂ ਨੇ ਦੂਰ-ਨੇੜੇ ਦੇ ਆਪਣੇ ਨਾਨਕਿਆਂ ਦੇ ਕਿਸੇ ਗਰੀਬ ਰਿਸ਼ਤੇਦਾਰ ਤੋਂ ਕਰ ਲਿਆ। ਇਹ ਬੱਚੇ ਵੱਡੀ ਭੈਣ ਦੇ ਬਣ ਗਏ ਅਤੇ ਉਨ੍ਹਾਂ ਨੂੰ ਪਾਲਦੀ ਛੋਟੀ ਭੈਣ ਰਹੀ, ਖਾਸ ਕਰਕੇ ਪਹਿਲਾਂ ਪਹਿਲਾਂ। ਗੋਦ ਲਈ

ਕੁੜੀ ਕਿਰਨ ਨੂੰ ਇਕ ਚੰਗੀ ਗਾਇਕਾ ਬਣਾਇਆ ਗਿਆ। ਅਤੇ ਪੁੱਤਰ ਸ਼ਾਹਿਦ ਦਾ ਛੋਟੀ ਉਮਰ ਵਿੱਚ ਵਿਆਹ ਕਰ ਦਿੱਤਾ ਗਿਆ ਅਤੇ ਉਸ ਨੂੰ ਬੀਵੀ ਜਮੀਲਾ ਨਾਲ ਬੱਚੇ ਜੰਮਣ ਤੇ ਲਾ ਦਿੱਤਾ ਗਿਆ। ਜਿੰਦਾ ਰਹਿਣ ਲਈ ਟੱਬਰ ਨੂੰ ਬਹੁਤੇ ਬੱਚੇ ਚਾਹੀਦੇ ਸੀ। ਉਸਦੀ ਪਹਿਲੀ ਕੁੜੀ ਬੱਬੀ ਹੋਈ। ਇਹ ਛੋਟੀ ਕੁੜੀ ਅਜੇ ਸਾਲ ਕੁ ਦੀ ਸੀ ਜਦੋਂ ਦੋਵੇਂ ਭੈਣਾਂ ਕੈਸਰਾ ਅਤੇ ਸੁਸ਼ਮਾ ਦੀ ਵਿਗੜ ਗਈ। ਸੁਸ਼ਮਾ ਨੇ ਦੋਵੇਂ ਗੋਦ ਲਏ ਹੋਏ ਬੱਚੇ ਤੇ ਪਰਿਵਾਰ ਦੀ ਪਹਿਲੀ ਪੋਤੀ ਲਈ ਤੇ ਲੰਦਨ ਚਲੀ ਗਈ। ਜਮੀਲਾ ਕੈਸਰਾ ਨਾਲ ਪਾਕਿਸਤਾਨ ਵਿੱਚ ਹੀ ਰਹਿ ਗਈ। ਪਰ ਸ਼ਾਹਿਦ ਵਾਪਸ ਆਉਂਦਾ ਰਿਹਾ ਅਤੇ ਅੱਠ ਬੱਚੇ ਹੋਰ ਪੈਦਾ ਹੋਏ। ਮੈਂ ਦੂਜੇ ਨੰਬਰ ਤੇ ਹਾਂ। ਛੋਟੀ ਭੈਣ ਕੈਸਰਾ, ਮੈਨੂੰ ਆਪਣੀ ਧੀ ਦੱਸਦੀ ਏ। ਇਹੀ ਕਾਰਨ ਹੈ ਕਿ ਉਹ ਖੁਦ ਨੂੰ ਮੇਰੀ ਮਾਂ ਦੱਸਦੀ ਏ।'

ਮੈਂ ਆਪਣਾ ਹੱਥ ਉਹਦੇ ਮੋਢੇ 'ਤੇ ਰੱਖਿਆ ਤੇ ਪੁੱਛਿਆ, 'ਕੀ ਤੈਨੂੰ ਇਹ ਸਾਰਾ ਕੁਝ ਬਚਪਨ ਤੋਂ ਹੀ ਪਤਾ ਏ?'

'ਨਹੀਂ, ਉਹਨੇ ਜਵਾਬ ਦਿੱਤਾ।' ਉਦੋਂ ਤੱਕ ਨਹੀਂ ਪਤਾ ਸੀ ਜਦੋਂ ਮੈਨੂੰ ਕਾਲਜ ਵਿੱਚੋਂ ਹਟਾਂ ਕੇ ਇਹ ਧੰਦਾ ਸ਼ੁਰੂ ਕਰਨ ਦਾ ਦਬਾਉ ਨਹੀਂ ਪਾਇਆ ਗਿਆ। ਉਦੋਂ ਮੈਨੂੰ ਪਤਾ ਲੱਗਾ ਕਿ ਮੇਰੀ ਅਸਲੀ ਮਾਂ ਕਿਹੜੀ ਸੀ। ਮੇਰੀ ਅਸਲੀ ਮਾਂ ਉਹ ਸੀ ਜਿਸ ਨੂੰ ਮੈਂ ਆਪਣੀ ਭਾਬੀ ਸਮਝਦੀ ਸਾਂ ਅਤੇ ਮੇਰਾ ਭਰਾ ਮੇਰਾ ਬਾਪ ਸੀ।

ਮੈਂ ਸਹਿਜ ਨਾਲ ਪੁੱਛਿਆ। ਫੇਰ ਇਹ ਤੈਨੂੰ ਹੁਣ ਕਿਵੇਂ ਲੱਗਦਾ ਹੈ? ਮੇਰਾ ਮਤਲਬ ਏ ਕੀ ਤੂੰ ਇਸ ਨੂੰ ਪ੍ਰਵਾਨ ਕਰ ਚੁੱਕੀ ਏਂ?'

ਉਹਨੇ ਜਵਾਬ ਦਿੱਤਾ, 'ਉਹ ਸਾਰੇ ਇਕੋ ਜਿਹੇ ਨੇ। ਮੈਂ ਖੁਦ ਨੂੰ ਮਾਂ ਦੇ ਬਹੁਤਾ ਨੇੜੇ ਮਹਿਸੂਸ ਕਰਦੀ ਹਾਂ। ਮੇਰਾ ਖਿਆਲ ਏ ਉਹਨੇ ਬੜਾ ਕੁਛ ਭੋਗਿਆ ਏ ਅਤੇ ਮੈਂ ਵੀ ਉਹਨੂੰ ਕਾਫੀ ਜ਼ਖਮ ਦਿੱਤੇ ਨੇ ਕਿਉਂਕਿ ਮੈਂਨੂੰ ਕਿਹੜਾ ਪਤਾ ਸੀ ਕਿ ਉਹ ਮੇਰੀ ਕੌਣ ਏਂ!'

ਮੈਨੂੰ ਪਤਾ ਸੀ ਕਿ ਕਹਾਣੀ ਮੈਂ ਲੈਲਾ ਦੀ ਅਸਲੀ ਮਾਂ ਤੋਂ ਵੀ ਕੱਢਣੀ ਸੀ। ਉਹ ਉਸ ਘਰ ਵਿਚ ਬੜੀ ਚੁੱਪ ਗੜੁੱਪ ਰਹਿੰਦੀ ਸੀ ਮੇਰਾ ਉਸ ਨਾਲ ਕੁਝ ਰਾਬਤਾ ਵੀ ਸੀ ਪਰ ਇਹ ਨਹੀਂ ਸੀ ਪਤਾ ਲੱਗ ਰਿਹਾ ਕਿ ਉਹ ਮੇਰੇ ਕੰਮ ਨੂੰ ਅਤੇ ਮੈਨੂੰ ਕਿਵੇਂ ਲੈਂਦੀ ਸੀ।

ਇਹ ਸਾਰਾ ਕੁਝ ਦੱਸ ਕੇ ਲੈਲਾ ਕੁਝ ਹਲਕੀ ਹੋ ਗਈ। ਮੈਨੂੰ ਉਹਦੀ ਅਵਾਜ਼ ਬੜੀ ਭਾਵੁਕ ਲੱਗੀ। ਉਹਨੇ ਹੋਰ ਆਈਸਕਰੀਮ ਲਈ ਕਿਹਾ ਤੇ ਮੈਂ ਫੌਰਨ ਮੰਗਵਾ ਦਿੱਤੀ।

ਉਹਨੇ ਮੈਨੂੰ ਪੁੱਛਿਆ, 'ਤੂੰ ਨਹੀਂ ਖਾਣੀ ਹੋਰ? ਅਸੀਂ ਮੇਰੇ ਕੱਪ ਵੱਲ ਦੇਖਿਆ, ਉਹ ਦੁੱਧ ਨਾਲ ਭਰਿਆ ਪਿਆ ਸੀ, ਅਸੀਂ ਦੋਵੇਂ ਹੱਸ ਪਈਆਂ।

ਮੈਂ ਕਿਹਾ, 'ਨਹੀਂ ਇਕ ਹੀ ਕਾਫੀ ਹੈ।' ਤੇ ਮੈਂ ਇਸ ਨੂੰ ਪੀ ਗਈ। ਲੈਲਾ ਨੇ ਦੂਜਾ ਕੱਪ ਖਤਮ ਕਰਨ ਨੂੰ ਸਮਾਂ ਲਾਇਆ ਅਤੇ ਪੂਰਾ ਧਿਆਨ ਖਾਣ ਤੇ ਦਿੱਤਾ। ਉਹ ਚੁੱਪਚਾਪ ਬੈਠੀ ਰਹੀ ਸਿਵਾਏ ਇਕ ਟਿੱਪਣੀ ਦੇ ਜੋ ਉਹਨੇ ਕਿਸੇ ਰਾਹ ਜਾਂਦੇ ਤੇ ਕੀਤੀ, ਇਹ ਉਸਨੂੰ ਕਰਨਾ ਪਸੰਦ ਵੀ ਏ।

ਪੈਸੇ ਦੇ ਕੇ ਮੈਂ ਕਾਰ ਸਟਾਰਟ ਕੀਤੀ ਅਤੇ ਲੈਲਾ ਨੂੰ ਪੁੱਛਿਆ, 'ਇਹ ਦੋਵੇਂ ਔਰਤਾਂ ਸਕੀਆਂ ਭੈਣਾਂ ਸਨ ਜਾਂ ਨਹੀਂ?' ਇਹ ਗੱਲ ਮੈਨੂੰ ਅਚਾਨਕ ਸੁੱਝ ਪਈ ਸੀ ਕਿ ਸ਼ਾਇਦ ਅੰਦਰੋਂ ਗੱਲ ਹੋਰ ਹੋਵੇ। ਇਸ ਲਈ ਇਸ ਬਾਰੇ ਵੀ ਪਤਾ ਲੱਗਣਾਂ ਜ਼ਰੂਰੀ ਸੀ। ਉਹਨੇ ਜਵਾਬ ਦਿੱਤਾ, 'ਹਾਂ ਇਕੋ ਮਾਂ ਤੋਂ ਪਰ ਉਹਨੇ ਉਨ੍ਹਾਂ ਦੇ ਬਾਪ ਨਾਲ ਵਿਆਹ ਉਨ੍ਹਾਂ ਦੇ ਜੰਮਣ ਤੋਂ ਬਾਦ ਕੀਤਾ ਸੀ।

ਮੇਰਾ ਮਤਲਬ ਏ ਉਨ੍ਹਾਂ ਦਾ ਬਾਪ ਉਨ੍ਹਾਂ ਦਾ ਅਸਲੀ ਬਾਪ ਨਹੀਂ ਸੀ। ਉਹ ਬਾਦ ਵਿਚ ਤਸਵੀਰ ਵਿਚ ਆਇਆ ਸੀ। ਸਮਝ ਗਈ ਨਾਂ?'

'ਹਾਂ ਸਮਝ ਗਈ', ਮੈਂ ਸਿਰ ਹਿਲਾਇਆ।

ਲੈਲਾ ਨੇ ਦਸ ਹੋਰ ਕੰਮ ਕਰਨ ਬਾਰੇ ਸੋਚਿਆ ਹੋਇਆ ਸੀ ਅਤੇ ਕੁਝ ਚੀਜ਼ਾਂ ਉਹ ਚਾਹੁੰਦੀ ਸੀ ਕਿ ਮੈਂ ਉਹਦੇ ਲਈ ਖਰੀਦ ਦਿਆਂ। ਉਹਨੂੰ ਵਾਪਸ ਘਰ ਪੁਚਾਉਣ ਲਈ ਮੈਨੂੰ ਥੋੜੀ ਸਖਤੀ ਤੋਂ ਕੰਮ ਲੈਣਾ ਪਿਆ। ਮੈਂ ਨਹੀਂ ਚਾਹੁੰਦੀ ਸੀ ਉਸ ਦੇ ਘਰ ਦਿਆਂ ਵਿਚ ਮੇਰਾ ਬਣਿਆ ਬਣਾਇਆ ਵਿਸ਼ਵਾਸ ਖਤਮ ਹੋ ਜਾਵੇ ਜੋ ਮੈਂ ਬੜੀ ਮੁਸ਼ਕਲ ਨਾਲ ਬਣਾਇਆ ਸੀ ਅਤੇ ਅੱਗੋਂ ਨੂੰ ਉਹਨੂੰ ਬਾਹਰ ਲੈ ਜਾਣ ਦਾ ਕੋਈ ਮੌਕਾ ਹੀ ਨਾ ਮਿਲੇ।

# ਲੈਲਾ ਦੇ ਬਾਪ ਨਾਲ ਮੁਲਾਕਾਤ

ਜਦੋਂ ਅਸੀਂ ਘਰ ਪੁੱਜੇ ਤਾਂ ਲੈਲਾ ਬੜੀ ਖੁਸ਼ ਸੀ। ਉਹ ਮੈਥੋਂ ਪਹਿਲਾਂ ਹੀ ਘਰ ਅੰਦਰ ਭੱਜ ਗਈ। ਉਹ ਘਰ ਦੇ ਅੰਦਰਲੇ ਵਿਚ ਜਾ ਵੜੀ ਅਤੇ ਮੈਂ ਬੈਠਕ ਵਿਚ ਹੀ ਰੁਕ ਗਈ। ਕੁਝ ਚਿਰ ਮੈਂ ਇੱਕਲੀ ਹੀ ਬੈਠੀ ਰਹੀ। ਫੇਰ ਕੈਸਰਾ ਅਤੇ ਲੈਲਾ ਦਾ ਭਰਾ ਮੈਨੂੰ ਮਿਲਣ ਆ ਗਏ ਜਿਨ੍ਹਾਂ ਬਾਰੇ ਮੈਨੂੰ ਹੁਣ ਪਤਾ ਲੱਗ ਚੁੱਕਾ ਸੀ ਕਿ ਉਹ ਉਸਦੇ ਦਾਦੀ ਤੇ ਬਾਪ ਹਨ।

ਉਹਦਾ ਬਾਪ ਸ਼ਾਹਿਦ, ਠੀਕ-ਠਾਕ ਦਿਸਦਾ ਬੰਦਾ ਸੀ, ਪੈਂਤੀ ਕੁ ਸਾਲ ਦਾ ਹੋਏਗਾ। ਉਹਨੇ ਇਸਤਰੀ ਕੀਤੀ ਹੋਈ ਸਲਵਾਰ ਕਮੀਜ਼ ਪਹਿਨੀ ਹੋਈ ਸੀ ਜਿਸ ਵਿਚ ਉਹ ਬੜਾ ਜਚਦਾ ਸੀ। ਜਿੰਨਾ ਮੈਂ ਸੋਚਿਆ ਸੀ ਉਹ ਉਸ ਤੋਂ ਜਵਾਨ ਸੀ ਤੇ ਵਾਲ ਕਾਲੇ ਸਨ, ਕਾਲੀਆਂ ਮੁੱਛਾਂ ਤੇ ਥੋੜ੍ਹਾ ਭਾਰਾ ਸਰੀਰ। ਮੈਨੂੰ ਲੱਗਾ ਕਿ ਉਨ੍ਹਾਂ ਦੇ ਨਾਲ ਕਮਰੇ ਵਿਚ ਜ਼ਰਾ ਰਸਮੀਪੁਣੇ ਦੀ ਹਵਾ ਵੀ ਆ ਵੜੀ ਸੀ। ਕੁਝ ਅਜੀਬ ਜਿਹਾ ਲੱਗਦਾ ਸੀ ਜਿਵੇਂ ਕੈਸਰਾ ਨੇ ਮੈਨੂੰ ਨਾਸ਼ਤਾ ਪੁੱਛਿਆ ਅਤੇ ਬਾਦ ਵਿਚ ਜਿਵੇਂ ਲੈਲਾ ਨੇ ਗੱਲਬਾਤ ਕੀਤੀ। ਦੋਵੇਂ ਵਿਸ਼ੇਸ਼ ਜਿਹੇ ਅੰਦਾਜ਼ ਵਿਚ ਐਕਟਿੰਗ ਕਰ ਰਹੀਆਂ ਸਨ ਅਤੇ ਇਹ ਢੰਗ ਉਹੀ ਸੀ ਜਿਹੜਾ ਕਿਸੇ ਨੌਜਵਾਨ ਕੁੜੀ ਯਾਂ ਔਰਤ ਦਾ ਹੁੰਦਾ ਏ ਜਦੋਂ ਉਹ ਕਿਸੇ ਮਰਦ ਦੀ ਹਾਜ਼ਰੀ ਵਿਚ ਕਰਦੀਆਂ ਨੇ। ਮੈਂ ਕਹਿ ਸਕਦੀ ਸੀ ਘਰ ਵਿਚ ਸ਼ਾਹਿਦ ਦਾ ਦਬਦਬਾ ਏ। ਮੈਨੂੰ ਇਹ ਦੇਖ ਕੇ ਬੜੀ ਹੈਰਾਨੀ ਹੋਈ ਕਿਉਂਕਿ ਰਵਾਇਤੀ ਤੌਰ ਤੇ ਤਾਂ ਕੋਠਿਆਂ ਤੇ ਚੌਧਰ ਸਿਰਫ ਨਾਇਕਾ ਦੀ ਹੀ ਹੁੰਦੀ ਏ ਤੇ ਮਰਦਾਂ ਦੀ ਤਾਂ ਉੱਥੇ ਕੋਈ ਮਹੱਤਵਪੂਰਨ ਹੈਸੀਅਤ ਹੀ ਨਹੀਂ ਹੁੰਦੀ। ਜਦੋਂ ਉਹ ਦੱਲੇ ਵੀ ਬਣ ਜਾਂਦੇ ਨੇ ਤਾਂ ਵੀ ਚੌਧਰ ਤਾਂ ਉਨ੍ਹਾਂ ਦੀ ਕਿਤੇ ਨਹੀਂ ਚੱਲਦੀ। ਬਲਕਿ ਉਹ ਤਾਂ ਦਲਾਲ ਹੀ ਹੁੰਦੇ ਨੇ ਜਿਨ੍ਹਾਂ ਨੂੰ ਕੰਮ ਠੀਕ ਨਾ ਕਰਨ ਵਾਸਤੇ ਚੌਧਰੀ ਔਰਤ ਝਾੜ-ਝੰਬ ਸਕਦੀ ਏ।

ਅਸੀਂ ਆਮ ਛੋਟੀਆਂ-ਮੋਟੀਆਂ ਗੱਲਾਂ ਸ਼ੁਰੂ ਕਰ ਲਈਆ ਅਤੇ ਇਸਲਾਮਾਬਾਦ ਅਤੇ ਲਾਹੌਰ ਦਾ ਮੁਕਾਬਲਾ ਕਰਨ ਲੱਗ ਪਏ। ਉਹ ਕਹਿਣ ਲੱਗਾ ਕਿ ਉਹ ਇਸਲਾਮਾਬਾਦ ਦੀਆਂ ਸਾਫ ਅਤੇ ਸੋਹਣੀਆਂ ਸੜਕਾਂ ਤੋਂ ਬੜਾ ਪ੍ਰਭਾਵਤ ਏ ਅਤੇ ਮੈਂ ਲਾਹੌਰ ਦੇ ਅਮੀਰ ਸੱਭਿਆਚਾਰ ਦੀ ਉਸਤਤ ਕੀਤੀ। ਕੁਝ ਦੇਰ ਬਾਦ ਨੌਕਰ ਭੂਬਾ ਨੇ ਦੱਸਿਆ ਕਿ ਕੁਝ ਮਹਿਮਾਨ ਆਏ ਨੇ। ਤਿੰਨ ਲੰਮੇ ਤਕੜੇ ਬੰਦੇ ਮਾਵਾ ਲੱਗੀਆਂ ਸਲਵਾਰ ਕਮੀਜ਼ਾਂ ਵਿਚ ਆਏ। ਇਹ ਲਾਹੌਰ ਦੇ ਖਾਸ ਪੰਜਾਬੀ ਦਿੱਖ ਵਾਲੇ ਬੰਦੇ ਸਨ ਜਿਨ੍ਹਾਂ ਦੀਆਂ ਵੱਡੀਆ ਵੱਡੀਆਂ ਮੁੱਛਾਂ ਅਤੇ ਸਰੀਰ ਸਨ। ਸਾਰੇ ਹੀ ਤੀਹ ਦੇ ਨੇੜੇ ਸਨ। ਉਨ੍ਹਾਂ ਦੇ ਆਉਣ ਦੇ ਮਕਸਦ ਬਾਰੇ ਕੁਝ ਨਹੀਂ ਪਤਾ ਸੀ। ਮੈਨੂੰ ਦੱਸਿਆ ਗਿਆ ਕਿ ਉਹ ਸ਼ਾਹਿਦ ਦੇ ਨਾਲ ਕੰਮ ਕਰਦੇ ਨੇ ਫੈਕਟਰੀ ਵਿਚ ਪਰ ਜਦੋਂ ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਬਾਰੇ ਸਾਫ ਸਵਾਲ ਕੀਤੇ ਤਾਂ ਉਨ੍ਹਾਂ ਦੇ ਜਵਾਬ ਉਲਝੇ ਜਿਹੇ ਹੀ ਸਨ। ਬੱਸ ਉਨ੍ਹਾਂ ਨੇ ਐਨਾ ਹੀ ਕਿਹਾ ਕਿ ਉਹ ਸ਼ਾਹਿਦ ਨਾਲ ਫੈਕਟਰੀ ਵਿਚ ਕੰਮ ਕਰਦੇ ਨੇ। ਲੈਲਾ ਦੀ ਦਾਦੀ ਉਨ੍ਹਾਂ ਦਾ ਬੜਾ ਧਿਆਨ ਰੱਖ ਰਹੀ ਸੀ ਅਤੇ ਮੇਰਾ ਵਿਸ਼ਵਾਸ ਸੀ ਕਿ ਉਹ ਸ਼ਾਹਿਦ ਨਾਲ ਕੋਈ ਖਾਸ ਗੱਲ

ਕਰਨ ਆਏ ਹਨ ਪਰ ਮੇਰੀ ਹਾਜ਼ਰੀ ਵਿਚ ਉਹ ਝਿਜਕ ਰਹੇ ਸਨ।

ਪੰਦਰਾਂ ਕੁ ਮਿੰਟ ਬਾਦ ਮੈਂ ਕੈਸਰਾ ਕੋਲ ਬਹਾਨਾ ਲਾਇਆ ਕਿ ਮੈਂ ਕਿਸੇ ਨੂੰ ਇੰਟਰਵਿਊ ਲਈ ਸਮਾਂ ਦਿੱਤਾ ਹੋਇਆ ਹੈ ਅਤੇ ਕਿਹਾ ਕਿ ਇਹ ਮੁਕਾ ਕੇ ਮੈਂ ਫੇਰ ਘੰਟੇ ਕੁ ਤੱਕ ਸ਼ਾਹਿਦ ਨੂੰ ਮਿਲਣ ਆਉਂਦੀ ਹਾਂ। ਉਸ ਨੇ ਹਾਮੀ ਭਰੀ ਅਤੇ ਮੈਂ ਚਾਰ ਮੋਟੇ ਬੰਦਿਆਂ ਨੂੰ ਆਪਣੇ ਕਾਰੋਬਾਰ ਦੀਆਂ ਗੱਲਾਂ ਕਰਨ ਲਈ ਛੱਡ ਕੇ ਤੁਰ ਪਈ। ਮੈਂ ਕਿਸੇ ਨੂੰ ਸਮਾਂ ਤਾਂ ਦਿੱਤਾ ਨਹੀਂ ਸੀ ਹੋਇਆ ਪਰ ਫੇਰ ਵੀ ਮੈਂ ਇਕ ਬਜ਼ੁਰਗ ਔਰਤ ਨੂੰ ਮਿਲਣ ਚੱਲ ਪਈ ਜਿਸਨੇ ਮੈਨੂੰ ਅਪਣੇ ਘਰ ਸੱਦਿਆ ਹੋਇਆ ਸੀ।

ਮੇਰੀ ਨਵੀਂ ਜਾਣਕਾਰ ਅਪਣੇ ਸੱਠਵਿਆਂ ਵਿਚ ਸੀ ਠੀਕ-ਠਾਕ ਦਿਸਣ ਵਾਲੀ ਔਰਤ ਅਤੇ ਬੜੀ ਸੁਚੇਤ। ਮੈਂ ਜਦੋਂ ਵੀ ਉਹਨੂੰ ਮਿਲੀ ਹਾਂ ਉਹ ਅਪਣੇ ਜੀਵਨ ਤੋਂ ਬੜੀ ਸੰਤੁਸ਼ਟ ਲੱਗੀ ਏ ਅਤੇ ਮੈਂ ਉਹਦੇ ਬਾਰੇ ਹੋਰ ਜਾਣਨਾ ਚਾਹੁੰਦੀ ਸਾਂ। ਉਹ ਘਰ ਹੀ ਸੀ। ਉਹ ਇਕ ਉੱਚੀ ਸਾਰੀ ਇਮਾਰਤ ਦੀ ਦੂਜੀ ਮੰਜ਼ਿਲ ਤੇ ਰਹਿੰਦੀ ਸੀ ਜਿਸ ਵਿਚ ਪੇਸ਼ਕਾਰੀ ਲਈ ਥਾਂ ਤਾਂ ਕੁਝ ਥੋੜੀ ਸੀ ਪਰ ਕੁਝ ਕਮਰੇ ਉਸਦੇ ਪਿੱਛੇ ਕਰਕੇ ਸਨ। ਇਹ ਕੋਈ ਵੱਡੀ ਥਾਂ ਤਾਂ ਨਹੀਂ ਸੀ ਪਰ ਉਹ ਅਪਣਾ ਕੋਠਾ ਹੋਣ ਨਾਲ ਹੀ ਸੰਤੁਸ਼ਟ ਸੀ ਕਿਉਂਕਿ ਉਹਨੂੰ ਥਾਂ ਲਈ ਕਿਸੇ ਹੋਰ ਤੇ ਨਿਰਭਰ ਨਹੀਂ ਹੋਣਾ ਪੈਂਦਾ ਸੀ। ਮੈਨੂੰ ਦੇਖ ਕੇ ਉਹ ਬੜੀ ਖੁਸ਼ ਹੋਈ। ਅਸੀਂ ਫਰਸ਼ ਤੇ ਵਿਛੀਆਂ ਚਿੱਟੀਆਂ ਚਾਦਰਾਂ ਤੇ ਬੈਠ ਗਏ ਅਤੇ ਢਾਸਣੇਂ ਲਈ ਤਕੀਏ ਪਿੱਠ ਪਿਛੇ ਲਾ ਲਏ। ਉਹਦੀ ਇਕ ਕੁੜੀ ਮੀਨਾ ਹੀ ਘਰ ਵਿਚ ਸੀ। ਦੂਜੀ ਹੋਟਲ ਵਿਚ ਕਿਸੇ ਗਾਹਕ ਕੋਲ ਗਈ ਹੋਈ ਸੀ।

ਮੈਂ ਸਹਿਜ ਨਾਲ ਪੁੱਛਿਆ ਕਿ ਕੀ ਹਾਲ ਹੈ ਮੈਨੂੰ ਆਸ ਨਾਲੋਂ ਵੱਧ ਮਸਾਲਾ ਮਿਲ ਗਿਆ।

ਮੈਂ ਆਪਣੀ ਜ਼ਿੰਦਗੀ ਤੋਂ ਹੋਰ ਵੱਧ ਨਹੀਂ ਮੰਗ ਸਕਦੀ। ਉਹਨੇ ਕਿਹਾ, 'ਮੈਂ ਅਜਿਹੀ ਔਰਤ ਹਾਂ ਜਿਸ ਤੇ ਖੁਦਾ ਦੀ ਬੜੀ ਮੇਹਰ ਏ। ਮੇਰੇ ਕੋਲ ਉਹ ਸਭ ਕੁਝ ਏ ਜੋ ਮੈਂ ਸੋਚ ਸਕਦੀ ਹਾਂ। ਇਸ ਉਮਰ ਵਿਚ ਵੀ ਮੈਂ ਬਾਰ-ਬਾਰ ਕਹਿੰਦੀ ਹਾਂ ਕਿ ਮੈਂ ਇਸ ਬਾਜ਼ਾਰ ਦੀ ਸਭ ਤੋਂ ਸੰਤੁਸ਼ਟ ਔਰਤ ਹਾਂ।

'ਤੇਰਾ ਸਭ ਕੁਛ ਤੋਂ ਕੀ ਮਤਲਬ ਏ', ਮੈਂ ਪੁੱਛਿਆ।

'ਮੈਂ ਨੌਜਵਾਨ ਰੰਡੀ ਦੇ ਤੌਰ ਤੇ ਵਧੀਆ ਧੰਦਾ ਕੀਤਾ, ਉਸ ਕਹਿਣਾ ਸ਼ੁਰੂ ਕੀਤਾ, 'ਮੈਂ ਕੰਜਰ ਪਰਿਵਾਰ ਤੋਂ ਹਾਂ ਅਤੇ ਖੁਦਾ ਬਚਾਏ ਮਿਰਾਸੀ ਜਾਂ ਡੋਮਣੀ ਨਹੀਂ, ਜਿਵੇਂ ਹੋਰ ਬਹੁਤ ਸਾਰੀਆਂ ਇੱਥੋਂ ਦੀਆ ਔਰਤਾਂ ਨੇ। ਮੈਂ ਮਾਂ ਦੀ ਗੱਲ ਸੁਣੀ। ਖੁਦਾ ਦੀ ਰਹਿਮਤ ਨਾਲ ਮੇਰੇ ਦੋ ਕੁੜੀਆਂ ਨੇ ਜੋ ਮੇਰੀ ਗੱਲ ਮੰਨਦੀਆਂ ਨੇ ਅਤੇ ਚੰਗਾ ਧੰਦਾ ਕਰਦੀਆਂ ਨੇ।' ਉਹਨੇ ਆਪਣਾ ਪਾਨਦਾਨ ਚੁੱਕਿਆ ਅਤੇ ਪਾਨ ਤੇ ਚੂਨਾ ਲਾਉਣ ਲੱਗੀ। ਉਹਨੇ ਅੱਗੇ ਜਾਰੀ ਰੱਖਿਆ। ਮੈਂ ਤੈਨੂੰ ਪੁੱਛਦੀ ਹਾਂ ਫ਼ੌਜ਼ੀਆ ਕਿ ਇਸ ਪਲ ਅਤੇ ਉਮਰ ਵਿਚ ਆਗਿਆਕਾਰ ਬੱਚਿਆਂ ਦਾ ਹੋਣਾ ਇਕ ਚਮਤਕਾਰ ਏ। ਮੇਰੀਆਂ ਕੁੜੀਆਂ ਚੰਗਾ ਕਮਾਉਂਦੀਆਂ ਨੇ। ਅਜੇ ਕਲ੍ਹ ਹੀ ਉਨ੍ਹਾਂ ਦਾ ਉਸਤਾਦ ਉਨ੍ਹਾਂ ਨੂੰ ਵੇਰਾਇਟੀ ਸ਼ੋਅ ਤੇ ਲੈ ਕੇ ਗਿਆ ਸੀ ਅਤੇ ਦੋਹਾਂ ਨੇ ਦੋ ਹਜ਼ਾਰ ਰੁਪਏ ਦੀ ਕਮਾਈ ਕੀਤੀ। ਹੋਰ ਬਹੁਤੀਆਂ ਮਾਵਾਂ ਸ਼ਿਕਾਇਤਾਂ ਕਰਦੀਆਂ ਹੋਣਗੀਆਂ ਪਰ ਮੈਂ ਨਹੀਂ ਕਰਦੀ। ਇਹ ਕੋਈ ਮਾੜਾ ਨਹੀਂ। ਕਿਸੇ ਨੂੰ ਵੀ ਰੋਜ਼ੀ ਨੂੰ ਲੱਤ ਨਹੀਂ ਮਾਰਨੀ ਚਾਹੀਦੀ ਜੋ ਵੀ ਖੁਦਾ ਭੇਜਦਾ ਏ।

ਉਹਨੇ ਇਕ ਪਾਨ ਮੈਨੂੰ ਫੜਾਇਆ। ਪਰ ਮੈਂ ਨਰਮੀ ਨਾਲ ਨਾਂਹ ਕਰ ਦਿੱਤੀ ਅਤੇ ਕਿਹਾ,

'ਤੂੰ ਖਾ ਲੈ ਮੈਂ ਕਦੀ ਖਾਧਾ ਨਹੀਂ।'

ਉਹਨੇ ਇਸਨੂੰ ਅਪਣੀ ਜਾੜ੍ਹ ਵਿਚ ਰੱਖ ਲਿਆ ਅਤੇ ਗੱਲ ਜਾਰੀ ਰੱਖੀ। 'ਮੈਂ ਗਾਹਕਾਂ ਨਾਲ ਉਵੇਂ ਹੀ ਹਾਂ। ਇੱਥੋਂ ਦੇ ਲੋਕ ਭਾਅ ਬਾਰੇ ਬੜੀ ਬਹਿਸਬਾਜ਼ੀ ਕਰਦੇ ਨੇ, ਦੱਲਿਆਂ ਨਾਲ ਲੜਦੇ ਨੇ ਪਰ ਮੈਂ ਨਹੀਂ। ਮੈਂ ਜੋ ਉਹ ਦਿੰਦੇ ਨੇ ਲੈ ਲੈਂਦੀ ਹਾਂ। ਰੋਜ਼ੀ ਦੇ ਲੱਤ ਮਾਰਨੀ ਪਾਪ ਏ ਜੋ ਖ਼ੁਦਾ ਦਿੰਦਾ ਏ। ਹੋਰ ਦਾ ਲਾਲਚ ਤਾਂ ਕਦੀ ਵੀ ਮੁੱਕਦਾ ਨਹੀਂ। ਇਹ ਤਾਂ ਇਕ ਰੋਗ ਏ।'

'ਹੋਰ ਐਥੇ ਤੇਰੇ ਨਾਲ ਕੌਣ ਰਹਿੰਦਾ ਏ।' ਮੈਂ ਪੁੱਛਿਆ। ਮੈਂ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰੀ ਸੀ।

ਉਹਨੇ ਜਵਾਬ ਦਿੱਤਾ, 'ਮੈਂ, ਮੇਰੀਆਂ ਦੋ ਕੁੜੀਆਂ ਤੇ ਮੇਰਾ ਆਦਮੀ।' ਮੇਰੇ ਕੋਈ ਨੌਕਰ ਨਹੀਂ। ਮੇਰਾ ਆਦਮੀ ਘਰ ਦਾ ਸਾਰਾ ਕੰਮ ਵਧੀਆ ਕਰ ਲੈਂਦਾ ਏ। ਖ਼ੁਦਾ ਨੇ ਮੈਨੂੰ ਅਜਿਹਾ ਆਦਮੀ ਦਿੱਤਾ ਏ ਜੋ ਰੋਟੀ ਬਣਾ ਲੈਂਦਾ ਏ, ਸਾਰਾ ਕੰਮ ਕਰ ਲੈਂਦਾ ਏ। ਉਹ ਤਾਂ ਮੈਂਨੂੰ ਮੰਜੀ ਤੋਂ ਹੇਠਾਂ ਪੈਰ ਵੀ ਨਹੀਂ ਰੱਖਣ ਦਿੰਦਾ।'

'ਤੇਰਾ ਉਹਦੇ ਨਾਲ ਕਦੋਂ ਵਿਆਹ ਹੋਇਆ ਸੀ?'

'ਖ਼ੁਦਾ ਦੀ ਮੇਹਰ ਨਾਲ ਜਦੋਂ ਮੇਰੀ ਵੱਡੀ ਕੁੜੀ ਤੇਰਾਂ ਸਾਲ ਦੀ ਸੀ। ਦੂਜੀ ਕੁੜੀ ਮੈਂ ਕਿਸੇ ਦੀ ਗੋਦ ਲਈ ਏ। ਉਨ੍ਹਾਂ ਦਾ ਟੱਬਰ ਬੜਾ ਗਰੀਬ ਸੀ ਅਤੇ ਉਹ ਉਸਨੂੰ ਪਾਲ ਨਹੀਂ ਸਨ ਸਕਦੇ। ਮੇਰਾ ਆਦਮੀ ਕੁੜੀਆਂ ਨਾਲ ਬੜਾ ਚੰਗਾ ਏ। ਇਹ ਸਭ ਖ਼ੁਦਾ ਦੀ ਮੇਹਰ ਏ ਹੋਰ ਕੁਝ ਨਹੀਂ।'

'ਕੀ ਉਹ ਇਸੇ ਇਲਾਕੇ ਦਾ ਏ ਜਾਂ ਕਿਤੋਂ ਬਾਹਰ ਦਾ ਏ, ਮੈਂ ਪੁਛਿਆ।

'ਉਹ ਬਹੁਤ ਸਾਰੇ ਲੋਕਾਂ ਲਈ ਕੰਮ ਕਰਦਾ ਰਿਹਾ ਏ। ਮੈਂ ਉਹਨੂੰ ਇਕ ਮੁਜਰੇ ਵਿਚ ਮਿਲੀਆ ਸੀ ਅਤੇ ਉਹ ਮੈਨੂੰ ਪਿਆਰ ਕਰਨ ਲੱਗ ਪਿਆ। ਮੈਂ ਉਦੋਂ ਬਹੁਤ ਸੋਹਣੀ ਹੁੰਦੀ ਸੀ ਤੈਨੂੰ ਪਤਾ ਈ ਏ। ਮੈਨੂੰ ਖ਼ੁਦਾ ਨੇ ਬੜਾਂ ਸੁਹੱਪਣ ਦਿੱਤਾ ਸੀ। ਮੇਰਾ ਧੰਦਾ ਚੰਗਾ ਸੀ। ਉਹ ਮੈਂਨੂੰ ਦੇਖਣ ਲੱਗ ਪਿਆ। ਜਦ ਮੈਂ ਅਪਣੀ ਵੱਡੀ ਧੀ ਦੇ ਵਿਆਹ ਦਾ ਇੰਤਜਾਮ ਕੀਤਾ ਤਾਂ ਮੈਂ ਸੋਚਿਆ ਕਿ ਮੈਂ ਇਹਦੇ ਨਾਲ ਵੀ ਨਿਪਟਾ ਹੀ ਲਵਾਂ। ਉਹ ਮੇਰੀ ਵਾਕਈ ਬਹੁਤ ਪ੍ਰਵਾਹ ਕਰਦਾ ਏ। ਜੇ ਮੇਰੇ ਸਿਰ ਵਿਚ ਦਰਦ ਹੋਵੇ ਤਾਂ ਉਹ ਮੇਰਾ ਸਿਰ ਸਾਰੀ ਰਾਤ ਘੁੱਟਦਾ ਰਹਿੰਦਾ ਏ। ਉਹ ਮੇਰੀਆਂ ਕੁੜੀਆਂ ਦੇ ਸਾਰੇ ਕੱਪੜੇ ਧੋਂਦਾ ਏ ਅਤੇ ਸਾਰੀ ਖਰੀਦਦਾਰੀ ਕਰਦਾ ਏ। ਮੇਰੀ ਪਸੰਦ ਬੜੀ ਵਧੀਆ ਰਹੀ ਇਹ ਤਾਂ ਮੇਰੇ ਲਈ ਖ਼ੁਦਾ ਦੀ ਨੇਮਤ ਹੀ ਰਹੀ।'

ਮੈਂ ਬਾਜ਼ਾਰ ਵਿਚ ਮਰਦਾਂ ਦੀ ਭੂਮਿਕਾ ਵਿਚ ਦਿਲਚਸਪੀ ਰੱਖਦੀ ਸਾਂ ਇਸ ਲਈ ਮੈਂ ਉਹਦੇ ਬਾਰੇ ਹੋਰ ਪੁੱਛਿਆ ਕਿ, 'ਕੀ ਤੇਰਾ ਆਦਮੀ ਤੇਰੀਆਂ ਧੀਆਂ ਦਾ ਸੌਦਾ ਕਰਨ ਵਿਚ ਵੀ ਤੇਰੀ ਮੱਦਦ ਕਰਦਾ ਏ?'

'ਕਦੇ ਕਦੇ', ਉਹਨੇ ਜਵਾਬ ਦਿਤਾ, 'ਕਦੇ ਕਦੇ ਜਦ ਮੈਨੂੰ ਕਿਸੇ ਹੋਰ ਸ਼ਹਿਰ ਜਾਣਾ ਪੈਂਦਾ ਏ ਤਾਂ ਮੈਂ ਉਹਨੂੰ ਨਾਲ ਲੈ ਜਾਂਦੀ ਹਾਂ ਪਰ ਉਹ ਆਮ ਤੌਰ ਤੇ ਘਰ ਦੇ ਕੰਮ ਵਿਚ ਐਨਾ ਰੁੱਝਿਆ ਰਹਿੰਦਾ ਏ ਕਿ ਉਸ ਦੇ ਇਸ ਤਰ੍ਹਾਂ ਦੇ ਸੰਪਰਕ ਦੇ ਬਣਦੇ ਹੀ ਨਹੀਂ।'

'ਫੇਰ, ਤੇਰੇ ਗਾਹਕ ਕੌਣ ਲਿਆਉਂਦਾ ਏ?', ਮੈਂ ਸਿੱਧਾ ਸਵਾਲ ਕੀਤਾ , 'ਉਨ੍ਹਾਂ ਨੂੰ ਖ਼ੁਦਾ ਭੇਜਦਾ ਏ। ਉਹ ਹੀ ਆਪਣੀ ਸਾਰੀ ਸਿਰਜਣਾ ਦਾ ਪਾਲਕ ਏ। ਰੋਜ਼ੀ ਕੁਛ ਇਸ ਤਰ੍ਹਾਂ ਵੰਡੀ

ਹੁੰਦੀ ਏ ਤਾਂ ਕਿ ਹਰੇਕ ਪ੍ਰਾਣੀ ਜੀਵਤ ਰਹਿ ਸਕੇ। ਇਹੀ ਕੁਦਰਤ ਦਾ ਕਾਨੂੰਨ ਏ। ਅਵਾਰਾ ਕੁੱਤਿਆ ਤਕ ਨੂੰ ਵੀ ਰੋਟੀ ਮਿਲਦੀ ਏ; ਗਲੀਆਂ ਵਿਚ ਬਿੱਲੀਆਂ ਵੀ ਰੋਟੀ ਖਾਂਦੀਆਂ ਨੇ। ਹਰੇਕ ਬੰਦੇ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਰੋਜ਼ੀ ਦਾ ਜ਼ਰੀਆ ਦਿੱਤਾ ਗਿਆ ਏ।' ਉਹਨੇ ਜਵਾਬ ਦਿੱਤਾ।

ਮੈਂ ਉਸ ਦੀ ਪੁਸ਼ਟੀ ਕੀਤੀ, ' ਹਾਂ, ਮੈਂ ਸਮਝਦੀ ਹਾਂ ਕਿ ਖੁਦਾ ਸਾਨੂੰ ਸਾਰਿਆਂ ਨੂੰ ਰੁਜ਼ਗਾਰ ਦਿੰਦਾ ਏ ਤੇ ਜ਼ਿੰਦਾ ਰਹਿਣ ਲਈ ਪੈਸਾ, ਪਰ ਮੈਂ ਇਹ ਜਾਣਨਾ ਚਾਹੁੰਦੀ ਹਾਂ ਕਿ ਗਾਹਕ ਲਿਆਉਣ ਵਿਚ ਮਦਦ ਇਲਾਕੇ ਦੇ ਲੋਕ ਹੀ ਕਰਦੇ ਨੇ ਜਾਂ ਮੁਹੱਲੇ ਤੋਂ ਬਾਹਰ ਦੇ ਆਦਮੀ।'

'ਕਿ ਬਜ਼ਾਰ ਤਾਂ ਇਕ ਖੁੱਲ੍ਹੀ ਮੰਡੀ ਏ।' ਕੋਈ ਵੀ ਇੱਥੇ ਆਵੇ', ਉਹਨੇ ਜਵਾਬ ਦਿੱਤਾ, 'ਜਦ ਮੈਂ ਆਪਣੀ ਕੁੜੀ ਦੀ ਨੱਥ ਉਤਰਵਾਈ ਦੀ ਰਸਮ ਲਈ ਕੋਈ ਚੰਗਾ ਸੌਦਾ ਦੇਖ ਰਹੀ ਸੀ ਤਾਂ ਮੈਂ ਇਕ ਦਲਾਲ ਕੀਤਾ ਸੀ। ਮੈਂ ਉਹਨੂੰ ਮੁਹੱਲੇ ਕਰਕੇ ਜਾਣਦੀ ਸੀ। ਮੈਂ ਮੁਹੱਲੇ ਦੇ ਲੋਕਾਂ ਤੇ ਹੀ ਭਰੋਸਾ ਕਰਦੀ ਹਾਂ। ਮੈਂ ਕਦੀ ਬਾਹਰਲੇ ਲੋਕਾਂ ਤੇ ਨਿਰਭਰ ਨਹੀਂ ਕਰਦੀ। ਉਹ ਬੜਾ ਚੰਗਾ ਮੁੰਡਾ ਏ ਤੇ ਮੇਰੀ ਇਕ ਸਹੇਲੀ ਦਾ ਭਤੀਜਾ ਏ। ਜਦੋਂ ਕਦੀ ਤੰਗੀ ਹੋਏ ਤਾਂ ਉਹ ਸਾਡੀ ਮੱਦਦ ਕਰਦਾ ਏ ਅਤੇ ਕਈ ਵਾਰੀ ਚੰਗੇ ਗਾਹਕ ਵੀ ਲੈ ਆਉਂਦਾ ਏ। ਪਰ ਉਹ ਸਾਡੇ ਤੇ ਅਹਿਸਾਨ ਨਹੀਂ ਕਰਦਾ। ਜੇ ਉਹ ਕੋਈ ਚੰਗਾ ਗਾਹਕ ਲਿਆਉਂਦਾ ਏ ਤਾਂ ਉਸ ਨੂੰ ਵੀ ਉਸਦਾ ਹਿੱਸਾ ਮਿਲਦਾ ਏ। ਜਦੋਂ ਲੋਕ ਖੁਦ ਹੀ ਸਾਡੀਆਂ ਪੌੜੀਆਂ ਚੜ੍ਹ ਆਉਂਦੇ ਨੇ ਤਾਂ ਸਾਨੂੰ ਕਿਸੇ ਨੂੰ ਕੁਛ ਨਹੀਂ ਦੇਣਾ ਪੈਂਦਾ। ਅਸੀਂ ਉਨ੍ਹਾਂ ਨੂੰ ਭੇਜਣ ਲਈ ਖੁਦਾ ਦਾ ਸ਼ੁਕਰ ਕਰਦੇ ਹਾਂ ਤੇ ਮੈਂ ਕਦੀ ਨਾਂਹ ਨਹੀਂ ਕਰਦੀ। ਦੂਜੇ ਪਾਨ ਵੱਲ ਇਸ਼ਾਰਾ ਕਰਦੇ ਹੋਏ ਉਹ ਬੋਲੀ, 'ਇਹ ਮਿੱਠਾ ਪਾਨ ਏ ਜੋ ਖਾਸ ਕਰਕੇ ਤੇਰੇ ਵਰਗੀਆਂ ਆਧੁਨਿਕ ਕੁੜੀਆਂ ਲਈ ਹੁੰਦਾ ਏ। ਹੁਣ ਤੂੰ ਜਵਾਬ ਨਹੀਂ ਦੇ ਸਕਦੀ।' ਮੈਂ ਪਾਨ ਉਹਦੇ ਹੱਥੋਂ ਫੜਿਆ ਤੇ ਮੂੰਹ ਵਿਚ ਪਾ ਲਿਆ। ਉਹਨੇ ਇਕ ਉਗਾਲਦਾਨ ਕਮਰੇ ਦੇ ਖੂੰਜੇ ਵਿਚੋਂ ਚੁੱਕ ਕੇ ਉਸ ਵਿੱਚ ਥੁੱਕਿਆ। ਉਹ ਅਪਣੇ ਤਕੀਏ ਕੋਲ ਹੋਈ ਅਤੇ ਅਰਾਮ ਨਾਲ ਬੈਠ ਗਈ।

'ਬਹੁਤੇ ਮੁੰਡੇ ਇੱਥੋਂ ਦੌੜ ਜਾਂਦੇ ਨੇ। ਇਹ ਬੜੀ ਮਾੜੀ ਗੱਲ ਏ। ਜਿਹੜੇ ਕੁਝ ਰਹਿ ਜਾਂਦੇ ਨੇ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਨੇ ਆਪਣਾ ਕਰਨਾ ਕੀ ਏ। ਕਈ ਦੱਲੇ ਬਣ ਜਾਂਦੇ ਨੇ ਜਾਂ ਆਪਣਾ ਕੋਈ ਕਾਰੋਬਾਰ ਕਰ ਲੈਂਦੇ ਨੇ ਜਿਵੇਂ ਵੀਡੀਉ ਸ਼ਾਪ। ਅਸੀਂ ਅਪਣੀ ਬਿਰਾਦਰੀ ਦੇ ਬੰਦਿਆਂ ਨੂੰ ਬਹੁਤਾ ਸੰਗੀਤਕਾਰਾਂ ਨਾਲ ਮਿਲਣ-ਜੁਲਣ ਨਹੀਂ ਦਿੰਦੇ। ਮੈਂ ਸ਼ਿਕਾਇਤ ਨਹੀਂ ਕਰਦੀ : ਸੰਗੀਤਕਾਰਾਂ ਨੇ ਵੀ ਆਪਣੀ ਰੋਜ਼ੀ ਕਮਾਉਣੀ ਹੁੰਦੀ ਏ। ਮੈਂ ਉਨ੍ਹਾਂ ਨਾਲ ਬੜੀ ਸਾਫ ਹਾਂ ਇਸ ਲਈ ਮੈਨੂੰ ਕਦੀ ਕੋਈ ਸਮੱਸਿਆ ਨਹੀਂ ਹੋਈ। ਮੇਰੀਆਂ ਕੁੜੀਆਂ ਉਨ੍ਹਾਂ ਦੇ ਵੇਰਾਇਟੀ ਸ਼ੋਆਂ ਵਿੱਚ ਘੱਟ ਹੀ ਜਾਂਦੀਆਂ ਨੇ। ਸੰਗੀਤਕਾਰ ਮੈਨੂੰ ਨਾਲ ਲੈ ਜਾਣਾ ਪਸੰਦ ਨਹੀਂ ਕਰਦੇ, ਪਰ ਜਦੋਂ ਇਹ ਪੇਸ਼ਕਾਰੀ ਸਾਡੀ ਕਿਸਮ ਦੀ ਹੋਵੇ, ਸਹੀ ਢੰਗ ਨਾਲ ਮੁਜਰਾ, ਤਾਂ ਅਸੀਂ ਦੋ ਜਾਂ ਤਿੰਨ ਜਣੀਆਂ ਜਾਂਦੀਆਂ ਹਾਂ।

'ਉਹ ਕੌਣ-ਕੌਣ?' ਮੈਂ ਪੁੱਛਿਆ।

'ਕਈ ਵਾਰੀ ਮੈਂ ਆਪਣੇ ਨਾਲ ਆਪਣੀ ਸਹੇਲੀ ਨੂੰ ਲੈ ਲੈਂਦੀ ਹਾਂ। ਇਹ ਠੀਕ ਰਹਿੰਦਾ ਏ ਕਿ ਪ੍ਰਬੰਧਕ ਇਕ ਤੋਂ ਵੱਧ ਹੋਵੇ ਤਾਂਕਿ ਗਾਹਕ ਤੁਹਾਡੇ ਨਾਲ ਠੱਗੀ ਨਾ ਮਾਰ ਸਕਣ। ਮੈਂ

ਆਪਣੇ ਆਦਮੀ ਨੂੰ ਵੀ ਨਾਲ ਲੈ ਜਾਂਦੀ ਹੁੰਦੀ ਹਾਂ। ਇਸ ਕੰਮ ਲਈ ਉਹ ਚੰਗਾ ਏ। ਉਹ ਛੇ ਫੁੱਟ ਕੱਦ ਦਾ ਚੰਗਾ ਹੱਟਾ-ਕੱਟਾ ਏ। ਲੋਕ ਉਸ ਤੋਂ ਡਰ ਜਾਂਦੇ ਨੇ। 'ਉਹ ਹੱਸੀ।

ਮੈਂ ਸੋਚਿਆ ਮੈਂ ਉਹਨੂੰ ਲੈਲਾ ਦੇ ਟੱਬਰ ਬਾਰੇ ਪੁੱਛਾਂ। 'ਲੈਲਾ ਦੀ ਮਾਂ ਉਹਦੇ ਲਈ ਕੋਈ ਚੰਗੀ ਪੇਸ਼ਕਸ਼ ਲੱਭ ਰਹੀ ਏ ਅਤੇ ਇਵੇਂ ਹੀ ਪਮੀ ਦਾ ਟੱਬਰ ਵੀ। ਉਨ੍ਹਾਂ ਨੂੰ ਇਸ ਵਿਚ ਦਿੱਕਤ ਕਿਉਂ ਆ ਰਹੀ ਏ। ਕੀ ਉਹ ਕੁਝ ਦੱਲਿਆਂ ਨੂੰ ਕਹਿਕੇ ਚੰਗੇ ਗਾਹਕ ਨਹੀਂ ਲੱਭ ਸਕਦੇ?'

'ਕੀ ਪਤਾ ਏ। ਮੈਂ ਲੈਲਾ ਦੇ ਟੱਬਰ ਬਾਰੇ ਬਹੁਤਾ ਨਹੀਂ ਜਾਣਦੀ, ਮਾਂ ਅਤੇ ਪੁੱਤਰ ਦੋਵੇਂ ਹੀ ਬੜੀ ਜਿਆਦਾ ਕੋਸ਼ਸ਼ ਕਰੇ ਰਹੇ ਨੇ। ਕੁੜੀ ਤਾਂ ਵਿਆਹ ਹੋਣ ਤੋਂ ਪਹਿਲਾਂ ਹੀ ਬੁੱਢੀ ਹੋ ਜਾਵੇਗੀ, ਪਰ ਮੈਂ ਇਹ ਕਹਿਣ ਵਾਲੀ ਕੌਣ ਹੁੰਦੀ ਹਾਂ। ਜਿੱਥੋਂ ਤਕ ਪਮੀ ਦਾ ਸਬੰਧ ਏ, ਉਹ ਦਾ ਟੱਬਰ ਸਾਡੀ ਬਿਰਾਦਰੀ ਵਿਚੋਂ ਨਹੀਂ ਏ, ਉਹ ਨੀਵੀਂ ਜਾਤ ਦੇ ਨੇ। ਨੀਵੀਂ ਜਾਤ ਦੇ ਲੋਕਾਂ ਨੇ ਕੋਈ ਮਿਆਰ ਤਾਂ ਨਿਭਾਉਣੇ ਨਹੀਂ ਹੁੰਦੇ। ਜੇ ਉਹ ਚਾਹੇ ਤਾਂ ਆਪਣੀ ਕੁੜੀ ਨੂੰ ਗਲੀ ਵਿਚ ਬਿਠਾ ਸਕਦੀ ਏ। ਪਰ ਸਾਡੀ ਬਿਰਾਦਰੀ ਵਿਚੋਂ ਕੋਈ ਇਸ ਤਰ੍ਹਾਂ ਦੀ ਗੱਲ ਕਦੀ ਸੋਚ ਵੀ ਨਹੀਂ ਸਕਦਾ। ਸਾਡੀਆਂ ਆਪਣੀਆਂ ਰਵਾਇਤਾਂ ਨੇ, ਸਾਨੂੰ ਮੂੰਹ ਦਿਖਾਉਣ ਲਈ ਬਿਰਾਦਰੀ ਏ ਇਸ ਲਈ ਸਾਨੂੰ ਆਪਣੀਆਂ ਹਰਕਤਾਂ ਦਾ ਧਿਆਨ ਰੱਖਣਾ ਪੈਂਦਾ ਏ। ਜਿਹੜੇ ਲੋਕ ਇਸ ਧੰਦੇ ਵਿਚ ਤਾਜੇ ਹੀ ਪਏ ਨੇ ਉਨ੍ਹਾਂ ਨੂੰ ਇਸ ਧੰਦੇ ਦੀਆਂ ਰਵਾਇਤਾਂ ਦੀ ਕੀ ਪਤਾ ਏ।'

ਉਹਦੇ ਨਾਲ ਗੱਲ ਕਰਦੇ ਹੋਏ ਮੇਰਾ ਦਿਮਾਗ ਮੁੜ ਸ਼ਾਹਿਦ ਵਲ ਜਾਂਦਾ ਰਿਹਾ। ਮੈਂ ਉਹਦੇ ਬਚਪਨ ਬਾਰੇ ਸੋਚ ਰਹੀ ਸੀ। ਇਸ ਘਰ ਵਿਚ ਉਸ ਦਾ ਕੀ ਰੁਤਬਾ ਹੋਏਗਾ? ਉਹ ਇਨ੍ਹਾਂ ਲੰਬੇ ਸਰਕਾਰੀ ਟੂਰਾਂ ਤੇ ਕਿੱਥੇ ਜਾਂਦਾ ਹੋਵੇਗਾ? ਕੀ ਉਹ ਵਾਕਈ ਨੌਕਰੀ ਕਰਦਾ ਵੀ ਏ ਕਿ ਨਹੀਂ? ਮੈਨੂੰ ਮਾਂ ਅਤੇ ਪੁੱਤ ਬਾਰੇ ਉਸ ਦੀ ਟਿੱਪਣੀ ਨੇ ਇਹ ਸੋਚਣ ਲਾ ਦਿੱਤਾ ਸੀ ਕਿ ਉਹ ਵੀ ਇਸੇ ਧੰਦੇ ਵਿਚ ਸ਼ਾਮਲ ਏ ਕਿਸੇ ਇਕ ਜਾਂ ਦੂਜੇ ਢੰਗ ਨਾਲ। ਨਹੀਂ ਤਾਂ ਲੈਲਾ ਨੇ ਉਹਦੀਆਂ ਗੱਲਾਂ ਤੋਂ ਐਨੀ ਪ੍ਰਭਾਵਤ ਨਹੀਂ ਹੋਣਾ ਸੀ। ਜਦੋਂ ਉਹ ਉਸਦੇ ਗੁੱਸੇ ਦੀ ਗੱਲ ਕਰਦੀ ਏ ਤਾਂ ਉਹ ਬਾਪ ਅਤੇ ਦਾਦੀ ਦੋਹਾਂ ਦੀ ਇਕੱਠੀ ਗੱਲ ਕਰਦੀ ਏ। ਉਹ ਮੁੱਖ ਪ੍ਰਬੰਧਕ ਲੱਗਦਾ ਏ।

ਮੈਂ ਆਪਣੀ ਮੀਜ਼ਬਾਨ ਨੂੰ ਅਲਵਿਦਾ ਆਖੀ ਅਤੇ ਵਾਅਦਾ ਕੀਤਾ ਕਿ ਉਸਦੇ ਪਤੀ ਨੂੰ ਮਿਲਣ ਜਰੂਰ ਆਵਾਂਗੀ। ਮੈਂ ਸਿੱਧੀ ਲੈਲਾ ਦੇ ਘਰ ਪਹੁੰਚੀ। ਸ਼ਾਹਿਦ ਅਤੇ ਕੈਸਰਾ ਵੀ ਬੈਠਕ ਵਿਚ ਹੀ ਸਨ। ਉਨ੍ਹਾਂ ਮੈਨੂੰ ਜੀ ਆਇਆਂ ਕਿਹਾ ਅਤੇ ਮੈਂ ਸ਼ਾਹਿਦ ਤੋਂ ਅਗਲੇ ਪਾਸੇ ਸੋਫੇ ਤੇ ਬੈਠ ਗਈ। 'ਮੈਨੂੰ ਪਤਾ ਲੱਗਾ ਏ ਕਿ ਤੂੰ ਲੋਕ ਵਿਰਸਾ ਨਾਲ ਕੰਮ ਕਰਦੀ ਏ', ਉਹਨੇ ਕਿਹਾ ਅਤੇ ਪੁੱਛਿਆ ਕਿ ਮੇਰੇ ਕੋਲ ਉਸਦਾ ਕਾਰਡ ਹੈ। ਮੈਂ ਇਕ ਵਿਜ਼ਿਟਿੰਗ ਕਾਰਡ ਕੱਢਿਆ ਅਤੇ ਉਹਨੂੰ ਫੜਾ ਦਿੱਤਾ। ਉਹਨੇ ਇਹ ਵੇਖਿਆ ਤੇ ਬੋਲਿਆ, ਆਮ ਤੌਰ ਤੇ ਸੰਸਥਾਵਾਂ ਆਪਣੇ ਮੁਲਾਜ਼ਮਾਂ ਨੂੰ ਇਕ ਖ਼ਾਸ ਕਿਸਮ ਦਾ ਸਨਾਖਤੀ ਪੱਤਰ ਜਾਰੀ ਕਰਦੀਆਂ ਹੁੰਦੀਆਂ ਨੇ।' ਮੈਂ ਉਸਦੀ ਮੈਨੂੰ ਚੈੱਕ ਕਰਨ ਦੀ ਕੋਸ਼ਿਸ਼ ਦੀ ਫੌਰੀ ਪ੍ਰਤਿਕਿਰਿਆ ਨਹੀਂ ਹੋਣ ਦਿੱਤੀ ਅਤੇ ਸ਼ਾਂਤ ਬੈਠੀ ਰਹੀ, ਅਪਣਾ ਲੋਕ ਵਿਰਸਾ ਦਾ ਸ਼ਨਾਖਤੀ ਪੱਤਰ ਅਪਣੇ ਪਰਸ ਵਿਚੋਂ ਕੱਢਿਆ ਅਤੇ ਉਹਦੇ ਸਾਮ੍ਹਣੇ ਰੱਖ ਦਿੱਤਾ। ਉਹਨੇ ਇਹ ਚੁੱਕਿਆ ਅਤੇ ਸਭ ਕੁਝ ਬੜੇ ਧਿਆਨ ਨਾਲ ਪੜ੍ਹਿਆ ਅਤੇ ਮੈਨੂੰ ਵਾਪਸ ਕਰ ਦਿੱਤਾ। ਫੇਰ ਉਹ ਮੈਨੂੰ ਸਵਾਲ ਕਰਨ ਲੱਗਾ ਕਿ ਮੈਂ ਲੋਕ ਵਿਰਸਾ ਵਿਚ ਕਦੋਂ ਲੱਗੀ ਹਾਂ ਮੇਰੇ ਪਿਤਾ ਕੀ ਕਰਦੇ ਨੇ, ਮੈਂ ਇਸਲਾਮਾਬਾਦ ਵਿਚ ਕਿੱਥੇ ਰਹਿੰਦੀ ਹਾਂ ਆਦਿ। ਮੈਂ ਅਜੇ ਵੀ ਧੀਰਜ

ਨਹੀਂ ਗੁਆਇਆ, ਅਤੇ ਦੇਖ ਰਹੀ ਸਾਂ ਕਿ ਉਸ ਦੇ ਨਾਲ ਹੀ ਬੈਠੀ ਕੈਸਰਾ ਉਹ ਸਭ ਕੁਝ ਬੜੇ ਧਿਆਨ ਨਾਲ ਸੁਣ ਰਹੀ ਸੀ, ਜਿਵੇਂ ਕਿ ਉਹ ਉਸ ਹਰ ਚੀਜ਼ ਦੀ ਤਸਦੀਕ ਕਰ ਰਿਹਾ ਹੋਵੇ ਜੋ ਉਨ੍ਹਾਂ ਨੇ ਮੇਰੇ ਬਾਰੇ ਇਸ ਨੂੰ ਦੱਸੀ ਸੀ ਅਤੇ ਅਤੇ ਮੈਂ ਕੋਈ ਟੈਸਟ ਪਾਸ ਕਰਨਾ ਹੋਵੇ।

ਜਦੋਂ ਉਹਦੀ ਤਸੱਲੀ ਹੋ ਗਈ ਤਾਂ ਮੈਂ ਉਹਨੂੰ ਸਵਾਲ ਪੁੱਛਣ ਲੱਗੀ। ਮੈਂ ਉਹਦਾ ਕਾਰਡ ਮੰਗਿਆ, ਉਹਨੇ ਵਿਜ਼ਿਟਿੰਗ ਕਾਰਡ ਦੇ ਦਿੱਤਾ ਜੋ ਉਸ ਦੇ ਅਹੁਦੇ ਦਾ ਨਾਂ ਨਹੀਂ ਦੱਸਦਾ ਸੀ। ਜਦੋਂ ਮੈਂ ਉਸ ਤੋਂ ਉਸਦੇ ਖਾਸ ਕੰਮ ਦਾ ਨਾਂ ਪੁੱਛਿਆ ਤਾਂ ਉਹਨੇ ਕਿਹਾ ਕਿ ਉਹ ਮਾਰਕੀਟਿੰਗ ਵਿਚ ਸੀ। ਮੇਰੇ ਬਾਰੇ ਪੂਰਾ ਜਾਣਨ ਤੋਂ ਬਾਦ ਉਹ ਆਰਾਮ ਨਾਲ ਬਹਿ ਗਿਆ ਸੀ ਤੇ ਬੜਾ ਦੋਸਤਾਨਾ ਹੋ ਗਿਆ ਸੀ।

ਉਹ ਨੇ ਕਿਹਾ, 'ਲੈਲਾ ਨੇ ਮੈਨੂੰ ਦੱਸਿਆ ਏ ਕਿ ਤੈਨੂੰ ਚਾਹ ਪਸੰਦ ਨਹੀਂ।

ਪਰ ਮੈਂ ਇਹ ਯਕੀਨੀ ਬਣਾਉਣਾ ਚਾਹੁੰਦੀ ਸੀ ਕਿ ਮੈਂ ਉਹ ਨੂੰ ਬਹੁਤਾ ਦੋਸਤਾਨਾ ਵਾਲਾ ਸੰਕੇਤ ਬਿਲਕੁਲ ਨਾ ਦੇਵਾਂ ਇਸ ਲਈ ਮੈਂ ਗੰਭੀਰ ਚਿਹਰੇ ਨਾਲ ਹੀ ਜਵਾਬ ਦਿੱਤਾ, 'ਹਾਂ, ਉਹ ਠੀਕ ਕਹਿੰਦੀ ਏ।'

ਮੈਂ ਕੈਸਰਾ ਨੂੰ ਲੈਲਾ ਬਾਰੇ ਪੁੱਛਿਆ, ਉਹਨੇ ਫੌਰਨ ਜਵਾਬ ਦਿੱਤਾ 'ਝਪਕੀ ਲੈ ਰਹੀ ਏ'।

ਸ਼ਾਹਿਦ ਨੇ ਆਪਣੀ ਕੁਰਸੀ ਤੇ ਪਾਸਾ ਲਿਆ ਤੇ ਮੇਰੇ ਨੇੜੇ ਹੁੰਦਾ ਹੋਇਆ ਬੋਲਿਆ, 'ਉਹ ਸਾਰੇ ਤੇਰੇ ਬਾਰੇ ਵੱਡੀਆਂ ਵੱਡੀਆਂ ਗੱਲਾਂ ਕਰਦੇ ਨੇ ਤੇਰਾ ਭਰੋਸਾ ਕਰਦੇ ਨੇ। ਮੇਰੇ ਕੋਲ ਤੇਰੇ ਲਈ ਇਕ ਪੇਸ਼ਕਸ਼ ਏ।'

'ਹਾਂ ਮੈਂ ਸੁਣ ਰਹੀ ਹਾਂ', ਮੈਂ ਜਵਾਬ ਦਿੱਤਾ। ਮੈਂ ਸੋਚਿਆ ਕਿ ਕੁਝ ਨਾ ਕੁਝ ਬਾਹਰ ਨਿਕਲੇਗਾ ਅਤੇ ਹੋ ਸਕਦਾ ਏ ਕਿ ਉਹ ਇਹ ਕਦੇ ਕਿ ਮੈਂ ਅਗੋਂ ਤੋਂ ਕਦੀ ਲੈਲਾ ਨੂੰ ਨਾ ਮਿਲਾਂ ਜਾਂ ਫੇਰ ਉਨ੍ਹਾਂ ਦੇ ਘਰ ਨਾ ਆਵਾਂ ਜਾਂ ਜੋ ਕੁਝ ਮੈਂ ਉਨ੍ਹਾਂ ਦੇ ਪਰਿਵਾਰ ਤੋਂ ਪਤਾ ਕੀਤਾ ਏ ਉਸ ਨੂੰ ਕਿਤੇ ਵੀ ਨਾ ਵਰਤਾਂ ਆਪਣੀ ਖੋਜ ਦੇ ਕੰਮ ਵਿਚ। ਪਰ ਇਹ ਸਿਰਫ ਮੇਰੇ ਆਪਣੇ ਖ਼ਦਸ਼ੇ ਸਨ। ਜੋ ਕੁਝ ਅੱਗੇ ਆਇਆ ਮੈਂ ਉਸ ਬਾਰੇ ਬਿਲਕੁਲ ਵੀ ਤਿਆਰ ਨਹੀਂ ਸੀ।

'ਮੈਂ ਬੜਾ ਘੁੰਮਦਾ ਫਿਰਦਾ ਹਾਂ ਅਤੇ ਦੁਨੀਆਂ ਦੀ ਹਕੀਕਤ ਨੂੰ ਜਾਣਦਾ ਹਾਂ', 'ਉਹਨੇ ਕਿਹਾ, 'ਮੈਨੂੰ ਇਹ ਵੀ ਪਤਾ ਏ ਜੋ ਸਾਡੇ ਕਾਰੋਬਾਰੀ ਗਾਹਕਾਂ ਦੀਆਂ ਅਕਸਰ ਮੰਗਾਂ ਹੁੰਦੀਆਂ ਨੇ। ਮੇਰਾ ਸਾਰਾ ਦਿਨ ਹੀ ਉਨ੍ਹਾਂ ਨਾਲ ਵਾਹ ਪੈਂਦਾ ਏ। ਸਾਡੀਆਂ ਕੁੜੀਆਂ ਉਹ ਮੰਗਾਂ ਪੂਰੀਆਂ ਨਹੀਂ ਕਰ ਸਕਦੀਆਂ। ਧੰਦੇ ਵਿਚ ਸਾਨੂੰ ਪੜ੍ਹੀਆਂ ਹੋਈਆਂ ਕੁੜੀਆਂ ਦੀ ਲੋੜ ਏ। ਉੱਚ ਪੱਧਰ ਦੇ ਲੋਕ ਪੜ੍ਹੀ-ਲਿਖੀ, ਲਿੱਪੀ-ਪੋਚੀ ਔਰਤ ਚਾਹੁੰਦੇ ਨੇ, ਜਿਹੜੀ ਕਿ ਅਸੀਂ ਉਨ੍ਹਾਂ ਨੂੰ ਮੁਹੱਈਆ ਨਹੀਂ ਕਰ ਸਕਦੇ। ਮੈਂ ਸੋਚ ਰਿਹਾ ਸੀ ਸ਼ਾਇਦ ਤੂੰ ਇਸ ਵਿਚ ਸਾਡੀ ਕੁਝ ਮਦਦ ਕਰ ਸਕੇਂਗੀ।'

ਮੇਰੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ ਅਤੇ ਉਹ ਬੋਲਦਾ ਰਿਹਾ, 'ਤੇਰਾ ਦੋਸਤਾਂ ਦਾ ਜਾਲ ਬੜਾ ਵੱਡਾ ਏ। ਤੂੰ ਬਹੁਤ ਸਾਰੀਆਂ ਕੁੜੀਆਂ ਨੂੰ ਜਾਣਦੀ ਏਂ ਜਿਹੜੀਆਂ ਅੰਗ੍ਰੇਜ਼ੀ ਵਿਚ ਪੂਰੀਆਂ ਰਵਾਂ ਨੇ ਅਤੇ ਸੱਚ ਮੰਨੀ ਅੰਗ੍ਰੇਜ਼ੀ ਬੋਲਣ ਵਾਲੀ ਕੁੜੀ ਦੀ ਮੰਗ ਸਭ ਤੋਂ ਵੱਧ ਏ। ਇਹ ਵੱਖਰੀ ਹੀ ਕਿਸਮ ਦੇ ਲੋਕ ਹੁੰਦੇ ਹਨ-ਸਿਆਸਤਦਾਨ, ਵਪਾਰੀ ਆਦਿ। ਇਕ ਵੱਖਰੀ ਹੀ ਜਮਾਤ ਦੇ ਅਤੇ ਮੋਟਾ ਪੈਸਾ।'

ਮੈਂ ਲੈਲਾ ਦੀ ਦਾਦੀ ਵੱਲ ਝਾਕੀ।

ਉਹ ਨਿੰਮੋਝੂਣੀ ਜਿਹੀ ਲੱਗਦੀ ਸੀ। ਮੇਰੀ ਝਾਕਣੀ ਦੇਖ ਕੇ ਉਹ ਤੁਰਤ ਗੱਲਬਾਤ ਵਿਚ ਕੁੱਦ ਪਈ, 'ਅਸੀਂ ਤੈਨੂੰ ਇਹ ਸਭ ਕੁਝ ਆਪ ਕਰਨ ਲਈ ਨਹੀਂ ਕਹਿੰਦੇ, ਪਰ ਹੋ ਸਕਦਾ ਏ ਤੇਰੀ ਕੋਈ ਕਜ਼ਨ, ਸਹੇਲੀ, ਜਾਂ ਕੋਈ ਹੋਰ ਜਾਣੂ...ਬਸ ਸਿਰਫ ਜੁਜ਼ ਵਕਤੀ...।

ਮੈਂ ਲੰਬਾ ਸਾਹ ਲਿਆ ਅਤੇ ਖੁਦ ਨੂੰ ਸ਼ਾਂਤ ਕੀਤਾ। 'ਮੈਂ ਇੱਥੇ ਖੋਜ ਅਧਿਐਨ ਕਰਨ ਲਈ ਆਉਂਦੀ ਹਾਂ,' ਮੈਂ ਉਨ੍ਹਾਂ ਨੂੰ ਦੱਸਿਆ। 'ਮੈਂ ਇਸ ਤਰ੍ਹਾਂ ਦੇ ਕਿਸੇ ਸੌਦੇ ਵਿਚ ਦਿਲਚਸਪੀ ਨਹੀਂ ਰੱਖਦੀ। ਮਾਫ ਕਰੋ ਮੇਰੇ ਪਾਸੋਂ ਇਹ ਆਸ ਨਾ ਰੱਖੋ।'

ਸ਼ਾਹਿਦ ਨੇ ਸੁਣਿਆਂ ਅਤੇ ਆਪਣੀ ਕੁਰਸੀ ਵਿਚ ਪਿੱਛੇ ਨੂੰ ਸਿਰਕ ਗਿਆ ਅਤੇ ਆਪਣੀ ਮਾਂ ਵਲ ਦੇਖਣ ਲੱਗਾ ਜਿਵੇਂ ਕਿ ਉਹ ਦੇਖ ਕੇ ਵਾਕਈ ਬੜਾ ਹੈਰਾਨ ਹੋਵੇ ਕਿ ਮੈਂ ਉਸਦੀ ਪੇਸ਼ਕਸ਼ ਦੁਰਕਾਰ ਦਿੱਤੀ ਏ। ਲੱਗਦਾ ਸੀ ਉਨ੍ਹਾਂ ਨੇ ਇਸ ਬਾਰੇ ਪੂਰੀ ਤਰ੍ਹਾਂ ਵਿਚਾਰ ਕੀਤਾ ਸੀ ਅਤੇ ਆਸ ਕਰਦੇ ਸੀ ਕਿ ਮੈਂ ਮੰਨ ਜਾਵਾਂਗੀ। ਮੈਂ ਸੋਚਦੀ ਹਾਂ ਕਿ ਕਿਉਂਕਿ ਉਨ੍ਹਾਂ ਦਾ ਧੰਦਾ ਮਾੜਾ ਚਲ ਰਿਹਾ ਸੀ ਇਸ ਲਈ ਉਹ ਸਮਝ ਹੀ ਨਹੀਂ ਸਕੇ ਸਨ ਕਿ ਕੋਈ ਇਸ ਤਰ੍ਹਾਂ ਦੀ ਚੰਗੀ ਪੇਸ਼ਕਸ਼ ਨੂੰ ਕਿਉਂ ਠੁਕਰਾਏਗਾ। ਆਖਰ ਸ਼ਾਹਿਦ ਨੇ ਜਵਾਬ ਦਿੱਤਾ, 'ਤੇਰੇ ਕੋਲ ਇਸ ਬਾਰੇ ਸੋਚਣ ਲਈ ਖੁਲ੍ਹਾ ਸਮਾਂ ਏ ਅਤੇ ਕੀ ਪਤਾ ਤੈਨੂੰ ਕੋਈ ਅਜਿਹੀ ਸਹੇਲੀ ਮਿਲ ਜਾਵੇ ਜਿਸ ਨੂੰ ਵਾਧੂ ਪੈਸਿਆਂ ਦੀ ਲੋੜ ਹੋਏ। ਆਪਾਂ ਇਹ ਗੱਲ ਐਥੇ ਹੀ ਛੱਡ ਦਿੰਦੇ ਹਾਂ।'

# ਲੈਲਾ ਦੀ ਸਕੀ ਮਾਂ

ਸਾਰੀ ਕਹਾਣੀ ਜੋੜਨ ਲਈ ਮੈਨੂੰ ਲੈਲਾ ਦੀ ਸਕੀ ਮਾਂ ਦੇ ਦੁਆਲੇ ਘੁੰਮਦਿਆਂ ਪੂਰਾ ਇਕ ਹਫਤਾ ਹੋ ਗਿਆ ਸੀ। ਇਹ ਕਰਨ ਲਈ ਮੈਨੂੰ ਟੱਬਰ ਦੇ ਨਿੱਜੀ ਖੇਤਰ ਵਿਚ ਦਾਖਲ ਹੋਣਾ ਪਿਆ ਸੀ ਇਕ ਅਜਿਹੀ ਥਾਂ ਜਿਸ ਦੇ ਅੰਦਰ ਬਾਹਰੀ ਲੋਕਾਂ ਦੇ ਜਾਣ ਦੀ ਪੂਰੀ ਮਨਾਹੀ ਸੀ। ਮੈਨੂੰ ਉੱਥੇ ਇਸ ਲਈ ਜਾਣਾ ਪਿਆ ਕਿਉਂਕਿ ਉਹਦੀ ਮਾਂ ਉੱਥੋਂ ਕਦੀ ਬਾਹਰ ਹੀ ਨਹੀਂ ਆਉਂਦੀ ਸੀ ਅਤੇ ਉਸ ਘਰ ਵਿਚ ਹੁਣ ਮੇਰੀ ਹਾਜ਼ਰੀ ਵੀ ਪ੍ਰਵਾਨ ਹੀ ਹੋਣ ਲੱਗ ਪਈ ਸੀ।

ਟੱਬਰ ਦੇ ਵਿਅਕਤੀਗਤ ਜੀਵਨ ਨੂੰ ਧੰਦੇ ਦੇ ਕਮਰੇ ਨਾਲੋਂ ਵੱਖਰਾ ਕਰਨ ਲਈ ਮੁਸ਼ਕਦਾਰ ਹਨੇਰਾ ਅਤੇ ਉਜਾੜ ਜਿਹੇ ਘਰ ਦੇ ਉਸ ਹਿੱਸੇ ਦੇ ਬਾਹਰ ਘਸੀ ਜਿਹੀ ਚਾਦਰ ਟੰਗੀ ਹੋਈ ਸੀ। ਇਸ ਚਾਦਰ ਦੇ ਸਿੱਧਾ ਪਿੱਛੇ ਇਕ ਤੰਗ ਜਿਹਾ ਕਮਰਾ ਸੀ ਜਿਸਦਾ ਬੂਹਾ ਇਕ ਲੰਬੀ ਬਾਲਕੋਨੀ ਵਿਚ ਖੁਲ੍ਹਦਾ ਸੀ। ਇਕ ਕੰਧ ਦੇ ਨਾਲ ਇਕ ਬੈੱਡ ਰੱਖਿਆ ਹੋਇਆ ਸੀ ਅਤੇ ਦੂਜੀ ਦੇ ਨਾਲ ਇਕ ਮੰਜੀ। ਕੰਧਾਂ ਫਿਲਮ ਐਕਟਰੈੱਸਾਂ, ਪੁਰਾਣੇ ਕਲੰਡਰਾਂ ਅਤੇ ਕੁਝ ਫੋਟੋਆਂ ਨਾਲ ਭਰੀਆਂ ਹੋਈਆਂ ਸਨ। ਇਕ ਕੋਨੇ ਵਿਚ ਟੈਲੀਵੀਜ਼ਨ ਅਤੇ ਵੀਡੀਉ ਪਏ ਸਨ। ਬਾਲਕੋਨੀ ਵਿਚ, ਜੋ ਇਮਾਰਤ ਦੇ ਅੰਦਰਲੇ ਵਿਹੜੇ ਵਿਚ ਖੁਲ੍ਹਦੀ ਸੀ, ਥੋੜ੍ਹੀ ਤਾਜੀ ਹਵਾ ਲਈ ਜਾ ਸਕਦੀ ਸੀ ਪਰ ਕਮਰੇ ਦੇ ਅੰਦਰ ਬਹੁਤ ਸਖਤ ਗਰਮੀ ਸੀ।

ਕੈਸਰਾ ਨੇ ਪੰਜ ਮੰਜ਼ਲਾ ਇਮਾਰਤ ਨੂੰ ਕਈ ਹਿੱਸਿਆਂ ਵਿਚ ਵੰਡ ਦਿੱਤਾ ਸੀ ਅਤੇ ਇਹ ਉਸਨੇ ਅੱਡ-ਅੱਡ ਲੋਕਾਂ ਨੂੰ ਕਿਰਾਏ ਤੇ ਦਿੱਤੇ ਹੋਏ ਸਨ ਅਤੇ ਪਹਿਲੀ ਮੰਜ਼ਲ ਦਾ ਅੱਧਾ ਹਿੱਸਾ ਆਪਣੇ ਕੋਲ ਰੱਖਿਆ ਹੋਇਆ ਸੀ ਜਿਸ ਵਿਚ ਉਸ ਦਾ ਆਪਣਾ ਟੱਬਰ ਰਹਿੰਦਾ ਸੀ। ਇਸ ਵਿਚ ਇਕ ਵੱਡਾ ਧੰਦੇ ਦਾ ਕਮਰਾ ਸੀ ਜਿਸ ਨੂੰ ਪੌੜੀਆਂ ਗਲੀ ਵਿਚੋਂ ਸਿੱਧੀਆਂ ਚੜ੍ਹਦੀਆਂ ਸਨ ਅਤੇ ਰਹਿਣ ਲਈ ਤਿੰਨ ਕਮਰੇ ਅਤੇ ਨਾਲ ਰਸੋਈ ਸੀ।

ਲੈਲਾ ਦੀ ਮਾਂ ਜਮੀਲਾ ਦੇ ਰਹਿਣ ਵਾਲੀ ਥਾਂ ਰਸੋਈ ਹੀ ਸੀ। ਇਕ ਵਾਰੀ ਮੈਨੂੰ ਮੌਕਾ ਮਿਲ ਗਿਆ, ਉਹਨੇ ਵੀ ਅਰਾਮ ਨਾਲ ਬੂਹਾ ਖੋਲ੍ਹ ਦਿੱਤਾ। ਮੈਨੂੰ ਇਹਦੀ ਬਿਲਕੁਲ ਆਸ ਨਹੀਂ ਸੀ ਕਿਉਂਕਿ ਉਹ ਬੜੀ ਗੁੱਪ-ਚੁੱਪ ਰਹਿਣ ਵਾਲੀ ਔਰਤ ਸੀ। ਜਦੋਂ ਮੈਂ ਉਹਦੇ ਨਾਲ ਗੱਲਾਂ ਕਰਨ ਲੱਗੀ ਤਾਂ ਉਹ ਨੇ ਸ਼ਾਂਤੀ ਨਾਲ ਜਿਹਾ, 'ਤੂੰ ਹਰੇਕ ਦੇ ਜੀਵਨ ਦੀ ਕਹਾਣੀ ਸੁਣਦੀ ਏਂ ਅਤੇ ਦੇਖਦੀ ਏਂ ਕਿ ਉਹ ਕੀ ਮਹਿਸੂਸ ਕਰਦੇ ਨੇ ਤੇ ਕੀ ਕਰਦੇ ਨੇ। ਮੈਂ ਵੀ ਉਨ੍ਹਾਂ ਅਪਣੇ ਦੁੱਖਾਂ ਦੀ ਗੱਲ ਕਰਨੀ ਏਂ ਜੋ ਮੈਂ ਅਪਣੇ ਅੰਦਰ ਐਨੇ ਡੂੰਘੇ ਦਫਨਾ ਦਿੱਤੇ ਨੇ ਜਿੱਥੇ ਕਈ ਵਾਰੀ ਮੈਂ ਖੁਦ ਉਨ੍ਹਾਂ ਨੂੰ ਭੁੱਲ ਜਾਂਦੀ ਹਾਂ।'

ਜੋ ਕਹਾਣੀ ਤਿਆਰ ਹੋਈ ਉਸ ਅਨੁਸਾਰ, ਜਮੀਲਾ ਲਾਹੌਰ ਦੇ ਨੇੜੇ ਦੇ ਕਿਸੇ ਨਿੱਕੇ ਜਿਹੇ ਪਿੰਡ ਦੀ ਸੀ। ਉਹ ਮਜਦੂਰੀ ਕਰਨ ਵਾਲੀ ਇਕ ਜਾਤ ਦੇ ਪਰਿਵਾਰ ਵਿਚੋਂ ਸੀ। ਉਸ ਦਾ ਬਾਪ ਮਰ ਗਿਆ ਸੀ ਅਤੇ ਉਹਦੀ ਮਾਂ ਦੇ ਸਿਰ ਚੋਖਾ ਕਰਜ਼ਾ ਛੱਡ ਗਿਆ ਸੀ। ਇਨ੍ਹਾਂ ਮੁਸ਼ਕਲ

ਹਾਲਾਤ ਵਿਚ ਵਿਆਹ ਦੀ ਉਮਰ ਦੀ ਧੀ ਵੀ ਉਸਨੂੰ ਬੋਝ ਲੱਗਣ ਲੱਗ ਪਈ ਸੀ ਕਿਉਂਕਿ ਧੀਆਂ ਨੂੰ ਇਕ ਆਰਥਕ ਜ਼ਿੰਮੇਵਾਰੀ ਸਮਝਿਆ ਜਾਂਦਾ ਏ ਜਿਨ੍ਹਾਂ ਨੂੰ ਜਿੰਨੀ ਛੇਤੀ ਹੋ ਸਕੇ ਨਿਬਟਾ ਦਿੱਤਾ ਜਾਵੇ ਉਂਨਾਂ ਹੀ ਬੇਹਤਰ ਸਮਝਿਆ ਜਾਂਦਾ ਏ।

ਅਜਿਹੇ ਨਾਜ਼ੁਕ ਸਮੇਂ ਸ਼ਮਸਾ ਜਮੀਲਾ ਦੀ ਮਾਂ ਨੂੰ ਮਿਲੀ ਕਿਉਂਕਿ ਉਸ ਨੂੰ ਇਲਾਕੇ ਵਿਚੋਂ ਹੀ ਉਸ ਦੀ ਹਾਲਤ ਬਾਰੇ ਸੂਹ ਮਿਲ ਗਈ ਸੀ। ਉਹ ਆਪਣੇ ਮੁੰਡੇ ਵੱਲੋਂ ਪੇਸ਼ਕਸ਼ ਲੈ ਕੇ ਜਮੀਲਾ ਦੀ ਮਾਂ ਨੂੰ ਮਿਲੀ ਸੀ। ਕੁੜੀ ਦਾ ਡੋਲਾ ਚੁਕਵਾਉਣਾ ਦੂਜੀ ਵੱਡੀ ਸਮੱਸਿਆ ਏ ਕਿਉਂਕਿ ਸਹੁਰੇ ਘਰ ਤੋਰਨ ਵੇਲੇ ਡੋਲੇ ਦੇ ਨਾਲ ਕੁਝ ਦਾਜ-ਵਰੀ ਵੀ ਚਾਹੀਦੀ ਹੁੰਦੀ ਏ। ਪਰ ਇਸ ਮਾਮਲੇ ਵਿਚ ਸ਼ਮਸਾ ਨੇ ਸਪਸ਼ਟ ਕਹਿ ਦਿੱਤਾ ਕਿ ਉਸ ਨੂੰ ਦਾਜ ਦੀ ਉੱਕਾ ਲੋੜ ਨਹੀਂ ਏ ਅਤੇ ਉਸ ਨੂੰ ਤੇ ਸਗੋਂ ਕੁੜੀ ਦੇ ਮੋਏ ਬਾਪ ਨਾਲ ਹਮਦਰਦੀ ਏ। ਹੋਰ ਜਮੀਲਾ ਦੀ ਮਾਂ ਨੂੰ ਕੀ ਚਾਹੀਦਾ ਸੀ। ਉਸਨੇ ਖੁਦ ਨੂੰ ਅਤੇ ਆਪਣੀ ਧੀ ਨੂੰ ਖੁਸ਼ਕਿਸ਼ਮਤ ਸਮਝਿਆ ਕਿ ਉਨ੍ਹਾਂ ਨੂੰ ਸ਼ਹਿਰ ਤੋਂ ਇਸ ਤਰ੍ਹਾਂ ਦਾ ਰਿਸ਼ਤਾ ਆ ਗਿਆ ਏ ਜਿੱਥੇ ਦਾਜ ਵੀ ਨਹੀਂ ਦੇਣਾ ਪਿਆ। ਹੋਰ ਪਿੰਡ ਵਾਲਿਆਂ ਨੇ ਵੀ ਉਸ ਨੂੰ ਵਧਾਈਆਂ ਦਿੱਤੀਆਂ ਕਿ ਜਮੀਲਾ ਦੀ ਕਿਸਮਤ ਪਲਟ ਗਈ ਏ। ਸ਼ਮਸਾ ਦੇ ਪਰਿਵਾਰਕ ਪਿਛੋਕੜ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਉਹ ਆਪਣੇ ਜਸ਼ਨ ਵਿਚ ਰੁੱਝੇ ਖੁਦਾ ਦਾ ਸ਼ੁਕਰ ਮਨਾਉਂਦੇ ਰਹੇ ਅਤੇ ਇਸ ਗੱਲੋਂ ਉੱਕਾ ਅਨਜਾਣ ਸਨ ਕਿ ਆਖਰ ਜਮੀਲਾ ਦਾ ਹਸ਼ਰ ਕੀ ਹੋਏਗਾ। ਵਿਆਹ ਹੋ ਗਿਆ ਅਤੇ ਸ਼ਮਸਾ ਜਮੀਲਾ ਨੂੰ ਲੈ ਕੇ ਸ਼ਹਿਰ ਵੱਲ ਤੁਰ ਪਈ।

ਉਸ ਵੇਲੇ ਜਮੀਲਾ ਸਿਰਫ ਪੰਦਰਾਂ ਸਾਲ ਦੀ ਸੀ ਅਤੇ ਕਦੇ ਵੀ ਪਿੰਡੋਂ ਬਾਹਰ ਨਹੀਂ ਗਈ ਸੀ। ਕਈ ਦਿਨ ਲੰਘ ਗਏ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਉਹ ਕਿੱਥੇ ਏ। ਉਸ ਤੋਂ ਬਾਦ ਜਮੀਲਾ ਨੂੰ ਕਦੀ ਮਾਂ ਕੋਲ ਨਹੀਂ ਜਾਣ ਦਿੱਤਾ ਗਿਆ। ਪਰ ਕੁਝ ਮਹੀਨੇ ਬਾਦ ਉਸ ਦੀ ਮਾਂ ਜਰੂਰ ਉਸ ਨੂੰ ਮਿਲਣ ਆ ਗਈ ਤਾਂ ਕਿ ਰਾਜ਼ੀ ਖੁਸ਼ੀ ਦਾ ਪਤਾ ਕਰ ਸਕੇ। ਉਸ ਨੂੰ ਜਮੀਲਾ ਵਲੋਂ ਕੋਈ ਖਬਰਸਾਰ ਨਹੀਂ ਮਿਲੀ ਸੀ ਅਤੇ ਉਸ ਵੇਲੇ ਤਾਂ ਉਸਨੂੰ ਯਕੀਨ ਹੀ ਨਾ ਹੋਇਆ ਜਦੋਂ ਉਹਨੂੰ ਪੱਤਾ ਲੱਗਾ ਕਿ ਜਮੀਲਾ ਨੂੰ ਉਹਨੇ ਰੰਡੀਆਂ ਦੇ ਘਰ ਵਿਆਹ ਦਿੱਤਾ ਏ। ਉਹ ਖੁਦ ਉਸ ਵੇਲੇ ਮੁਸ਼ਕਲ ਨਾਲ ਜਿੰਦਾ ਸੀ ਇਸ ਲਈ ਬੇਚਾਰਗੀ ਵਿਚ ਕੁਝ ਨਾ ਕਰ ਸਕੀ। ਉਹ ਬੜੀ ਰੋਈ-ਕੂਕੀ ਅਤੇ ਆਪਣੀ ਅਤੇ ਧੀ ਦੀ ਮਾੜੀ ਕਿਸਮਤ ਨੂੰ ਕੋਸਦੀ ਰਹੀ ਅਤੇ ਮੁੜ ਕੇ ਨਾ ਆਉਣ ਲਈ ਚਲੀ ਗਈ। ਜਮੀਲਾ ਨੂੰ ਵੀ ਉਸ ਤੋਂ ਬਹੁਤੀ ਆਸ ਨਹੀਂ ਸੀ ਪਰ ਉਹਦੇ ਜਾਣ ਨਾਲ ਉਸ ਦੀ ਆਸ ਦਾ ਇੱਕੋ ਇਕ ਦੀਵਾ ਵੀ ਬੁਝ ਗਿਆ। ਆਪਣੇ ਦੁੱਖਾਂ ਦੇ ਨਾਲ ਨਾਲ ਉਹ ਖੁਦ ਨੂੰ ਇਸ ਗੱਲ ਦਾ ਵੀ ਦੋਸ਼ੀ ਸਮਝਦੀ ਸੀ ਕਿ ਉਹਦੇ ਕਾਰਨ ਹੀ ਉਹਦੀ ਮਾਂ ਨੂੰ ਜੀਵਨ ਭਰ ਲਈ ਰੋਗ ਲੱਗ ਗਿਆ ਏ।

ਜਮੀਲਾ ਦੀਆਂ ਦੋ ਸੱਸਾਂ ਸਨ, ਦੋਵੇਂ ਭੈਣਾਂ ਜੋ ਰਲ ਕੇ ਧੰਦਾ ਚਲਾਉਂਦੀਆਂ ਸਨ, ਵੱਡੀ ਭੈਣ ਸ਼ਮਸਾ, ਜਿਸਨੇ ਸ਼ਾਹਿਦ ਨੂੰ ਗੋਦ ਲਿਆ ਸੀ, ਉਸ ਦੀ ਅਸਲ ਸੱਸ ਸੀ, ਪਰ ਛੋਟੀ ਭੈਣ ਕੈਸਰਾ ਵੀ ਉਸੇ ਵਾਂਗ ਹੀ ਵਿਹਾਰ ਕਰਦੀ ਸੀ। ਜਮੀਲਾ ਨੂੰ ਇਹ ਉਲਝਾ ਦਿੰਦਾ ਸੀ।

ਸ਼ਮਸਾ ਨੇ ਉਹਨੂੰ ਕਿਹਾ ਸੀ ਕਿ ਉਹ ਹਮੇਸ਼ਾ ਪਰਦੇ ਵਿਚ ਰਹੇਗੀ ਅਤੇ ਉਸ ਨੂੰ ਕਦੀ ਧੰਦੇ ਵਿਚ ਨਹੀਂ ਧੱਕਿਆ ਜਾਵੇਗਾ। ਉਸ ਨੇ ਦੱਸਿਆ ਸੀ ਕਿ ਇਕ ਨੂੰਹ ਦੇ ਤੌਰ ਤੇ ਉਹ ਪਰਿਵਾਰ ਦੀ ਇੱਜ਼ਤ ਏ ਅਤੇ ਉਸ ਦਾ ਕੰਮ ਸਿਰਫ ਘਰ ਦਾ ਧਿਆਨ ਰੱਖਣਾ ਅਤੇ ਬੱਚੇ ਜੰਮਣਾ ਹੀ ਏ।

ਉਸ ਦਾ ਪਤੀ ਉਸ ਵੇਲੇ ਕਰੀਬ ਅਠਾਰਾਂ ਸਾਲ ਦਾ ਸੀ ਇਸ ਲਈ ਉਸ ਵਾਸਤੇ ਬਹੁਤ ਕੁਝ ਨਹੀਂ ਕਰ ਸਕਦਾ ਸੀ। ਅਸਲ ਵਿਚ ਉਹਦਾ ਪਤੀ ਨਹੀਂ ਬਲਕਿ ਉਹਦੀਆਂ ਸੱਸਾਂ ਹੀ ਉਹਨੂੰ ਲੈ ਕੇ ਆਈਆਂ ਸਨ। ਉਹ ਸਾਰਾ ਦਿਨ ਉਨ੍ਹਾਂ ਦੇ ਹੁਕਮ ਮੰਨਦੀ ਰਹਿੰਦੀ ਅਤੇ ਪਤੀ ਉਹਨੂੰ ਸਿਰਫ ਰਾਤ ਨੂੰ ਹੀ ਦਿਸਦਾ। ਉਹਨੂੰ ਕਿਹਾ ਗਿਆ ਸੀ ਕਿ ਜਦੋਂ ਤੱਕ ਬੁਲਾਇਆ ਨਹੀਂ ਜਾਂਦਾ ਉਹ ਬੈਠਕ ਵਿਚ ਨਹੀਂ ਆਏਗੀ।

ਉਹ ਦੀ ਇਕ ਨਣਦ ਵੀ ਸੀ, ਕਿਰਨ ਸ਼ਾਹਿਦ ਦੀ ਸਕੀ ਭੈਣ, ਉਹ ਵੀ ਗੋਦ ਲਈ ਹੋਈ ਸੀ। ਜਮੀਲਾ ਨੂੰ ਕਦੀ ਵੀ ਆਪਣੇ ਪਤੀ ਦੇ ਸਕੇ ਮਾਂ-ਬਾਪ ਦਾ ਪਤਾ ਨਹੀਂ ਲੱਗਾ। ਉਸ ਦੀਆਂ ਸੱਸਾਂ ਉਸ ਪ੍ਰਤਿ ਬੜੀਆਂ ਬੇਰਹਿਮ ਸਨ। ਉਹ ਸਮਝਦੀ ਸੀ ਉਹ ਸ਼ਾਇਦ ਇਸ ਲਈ ਸੀ ਕਿ ਜੇ ਉਹ ਜਿੰਦਾ ਰਹਿਣਾ ਚਾਹੁੰਦੀ ਏ ਤਾਂ ਉਸ ਨੂੰ ਆਗਿਆਕਾਰੀ ਰਹਿਣਾ ਪਏਗਾ। ਸੰਕੇਤ ਬੜਾ ਸਾਦਾ ਅਤੇ ਸਪਸ਼ਟ ਸੀ ਅਤੇ ਉਹਦੀ ਉਮਰ ਵੀ ਅਜੇ ਕੱਚੀ ਹੀ ਸੀ ਇਸ ਲਈ ਉਹ ਕਰੀਬ ਹਰੇਕ ਗੱਲ ਦਾ ਜਵਾਬ ਦੇਣਾ ਹੀ ਭੁੱਲ ਗਈ। ਉਹ ਘਰ ਵਿਚ ਦਿਖਦੀ ਜ਼ਰੂਰ ਰਹਿੰਦੀ ਸੀ ਪਰ ਬੋਲਦੀ ਨਹੀਂ ਦਿਖਦੀ ਸੀ। ਦੋਵੇਂ ਬੁੱਢੀਆਂ ਮਹਾਰਾਣੀਆਂ ਵਾਂਗ ਰਹਿੰਦੀਆਂ ਸਨ ਅਤੇ ਘਰ ਵਿਚ ਉਸ ਦਾ ਪਤੀ ਸ਼ਾਹਿਦ ਉਨ੍ਹਾਂ ਦੇ ਨੌਕਰਾਂ ਵਾਂਗ।

ਟੱਬਰ ਨੇ ਪਹਿਲੀ ਕੁੜੀ ਦਾ ਜਨਮ ਬੜੇ ਧੂਮ-ਧੜਾਕੇ ਨਾਲ ਮਨਾਇਆ, ਦੀਵੇ ਜਗਾ ਕੇ ਰੋਸ਼ਨੀ ਕੀਤੀ ਗਈ ਅਤੇ ਰਿਸ਼ਤੇਦਾਰਾ ਨੂੰ ਮਠਿਆਈ ਵੰਡੀ ਗਈ। ਰਾਤ ਨੂੰ ਨਾਚ-ਗਾਣੇ ਦਾ ਪ੍ਰਬੰਧ ਕੀਤਾ ਗਿਆ ਜੋ ਸਾਰੀ ਰਾਤ ਚੱਲਿਆ। ਭੈਣਾਂ ਨੇ ਕੁੜੀ ਪ੍ਰਵਾਨ ਕਰ ਲਈ ਸੀ ਅਤੇ ਉਹਦਾ ਜਨਮ ਇਸ ਤਰ੍ਹਾਂ ਮਨਾਇਆ ਜਿਵੇਂ ਉਹ ਉਨ੍ਹਾਂ ਦੀ ਧੀ ਹੋਵੇ, ਅਤੇ ਜਮੀਲਾ ਦਰ ਕਿਨਾਰ ਕਰ ਦਿੱਤੀ ਗਈ। ਉਹ ਨਾ ਸਿਰਫ ਜਸ਼ਨਾਂ ਤੋਂ ਹੀ ਪਾਸੇ ਸੀ ਬਲਕਿ ਉਸ ਨੂੰ ਇਹ ਵੀ ਹੁਕਮ ਸੀ ਕਿ ਉਹ ਖਾਣਾ ਤਿਆਰ ਕਰੇ ਅਤੇ ਜੂਠੇ ਭਾਂਡੇ ਮਾਂਜੇ, ਹਾਲਾਂਕਿ ਉਹ ਹੁਣੇ ਬੱਚਾ ਜੰਮਕੇ ਹਟੀ ਸੀ।

ਸਾਲ ਕੁ ਬਾਦ ਦੋਵੇਂ ਭੈਣਾਂ ਵਿਚ ਵਿਗੜ ਗਈ ਅਤੇ ਸ਼ਮਸਾ ਨੇ ਵਿਦੇਸ਼ ਜਾਣ ਦਾ ਮਨ ਬਣਾ ਲਿਆ। ਜੋ ਕਹਾਣੀਆਂ ਮੈਂ ਸੁਣੀਆਂ ਨੇ ਉਨ੍ਹਾਂ ਵਿਚੋਂ ਸਭ ਤੋਂ ਠੀਕ ਮੈਨੂੰ ਇਹ ਲੱਗੀ ਏ ਕਿ ਉਹਨੂੰ ਕਿਸੇ ਗਾਹਕ ਨਾਲ ਇਸ਼ਕ ਹੋ ਗਿਆ ਸੀ ਤੇ ਉਹ ਉਹਦੇ ਪਿੱਛੇ ਲੰਦਨ ਜਾ ਪਹੁੰਚੀ ਸੀ।

ਉਹਨਾਂ ਦੇ ਬਾਪ ਨੇ ਇਹ ਜਾਇਦਾਦ, ਇਹ ਵੱਡੀ ਸਾਰੀ ਇਮਾਰਤ, ਦੋਹਾਂ ਭੈਣਾਂ ਨੂੰ ਦਿੱਤੀ ਸੀ। ਲੰਦਨ ਜਾਣ ਵੇਲੇ ਸ਼ਮਸਾ ਨੇ ਇਸ ਦੇ ਵਿਚਕਾਰ ਕੰਧ ਕਰਵਾ ਕੇ ਇਸ ਨੂੰ ਦੋ ਹਿੱਸਿਆ ਵਿਚ ਵੰਡ ਲਿਆ ਸੀ। ਕਿਉਂਕਿ ਦੋਵੇਂ ਬੱਚੇ ਸ਼ਾਹਿਦ ਅਤੇ ਕਿਰਨ ਉਹਦੇ ਸਨ ਇਸ ਲਈ ਉਹ ਉਨ੍ਹਾਂ ਨੂੰ ਵੀ ਨਾਲ ਹੀ ਲੈ ਗਈ। ਸਿਰਫ ਇਹੀ ਨਹੀਂ ਉਹਨੇ ਪੋਤੀ ਨੂੰ ਵੀ ਨਾਲ ਲੈ ਜਾਣ ਦਾ ਫੈਸਲਾ ਕਰ ਲਿਆ ਸੀ। ਉਹ ਐਨੀ ਵੱਡੀ ਜਾਇਦਾਦ ਨੂੰ ਇੱਥੇ ਛੱਡਣ ਲਈ ਬਿਲਕੁਲ ਤਿਆਰ ਨਹੀਂ ਸੀ। ਜਮੀਲਾ ਕਿਤੇ ਵੀ ਨਹੀਂ ਆਉਂਦੀ ਸੀ ਇਸ ਲਈ ਇੱਥੇ ਹੀ ਛੱਡ ਦਿੱਤੀ ਗਈ।

ਕੈਸਰਾ ਬੇਗਮ ਬਰਬਾਦ ਹੋ ਗਈ ਸੀ, ਕਿਉਂਕਿ ਉਸ ਵਾਸਤੇ ਧੰਦਾ ਕਰਨ ਲਈ ਹੁਣ ਕੋਈ ਵੀ ਨਹੀ ਰਿਹਾ ਸੀ। ਉਹ ਹੁਣ ਬੱਸ ਨਾਇਕਾ ਦਾ ਕੰਮ ਕਾਰ ਕਰਨ ਜੋਗੀ ਹੀ ਰਹਿ ਗਈ ਸੀ। ਉਹ ਇਹ ਕੰਮ ਵੀ ਕੁਝ ਚਿਰ ਹੀ ਕਰ ਸਕਦੀ ਸੀ ਕਿਉਂਕਿ ਉਹ ਖੁਦ ਬੁੱਢੀ ਹੋ ਚੱਲੀ ਸੀ। ਉਹਨੇ ਸ਼ਾਹਿਦ ਨੂੰ ਇਹ ਮਨਾ ਲਿਆ ਸੀ ਕਿ ਉਹ ਆਉਂਦਾ-ਜਾਂਦਾ ਰਿਹਾ ਕਰੇ। ਅਤੇ ਕੁਦਰਤੀ ਦੇਣ ਸੀ ਕਿ ਜਮੀਲਾ ਉਹਦੇ ਜਾਣ ਤੋਂ ਪਹਿਲਾਂ ਹੀ ਫੇਰ ਗਰਭਵਤੀ ਹੋ ਗਈ। ਕੈਸਰਾ ਨੇ ਬੜੇ

ਧੀਰਜ ਨਾਲ ਨੌਂ ਮਹੀਨੇ ਇੰਤਜਾਰ ਕੀਤਾ ਅਤੇ ਜਮੀਲਾ ਨੇ ਇਕ ਹੋਰ ਕੁੜੀ ਜੰਮੀ। ਕੈਸਰਾ ਬਾਗੋ-ਬਾਗ ਹੋ ਗਈ। ਇਸ ਵਾਰੀ ਸੋਨੇ ਦਾ ਅੰਡਾ ਉਹਦਾ ਸੀ। ਉਹਨੇ ਕੁੜੀ ਦਾ ਨਾਂ ਲੈਲਾ ਰੱਖਿਆ। ਕਿਰਨ ਦੇ ਜਾਣ ਦਾ ਨੁਕਸਾਨ ਝੱਲਣ ਕਰਕੇ, ਸ਼ਾਹਿਦ ਦੀ ਪਹਿਲੀ ਕੁੜੀ, ਹੁਣ ਉਹਨੂੰ ਫੇਰ ਆਸ ਬੰਨ੍ਹੀ ਸੀ। ਕੇਸਰਾ ਨੇ ਕਿਹਾ ਕਿ ਉਹ ਲੈਲਾ ਨੂੰ ਅਪਣੀ ਕੁੜੀ ਵਾਂਗ ਪਾਲੇਗੀ। ਭਵਿੱਖ ਕੁਝ ਕੁ ਸੁਰੱਖਿਅਤ ਹੋ ਗਿਆ ਸੀ। ਕੁੜੀਆਂ ਪੈਦਾ ਹੋਣ ਤੋਂ ਬਿਨਾਂ, ਰੰਡੀਆਂ ਦਾ ਬੁਢੇਪਾ ਬੜੇ ਸੰਕਟ ਵਾਲਾ ਹੋ ਜਾਂਦਾ ਸੀ ਅਤੇ ਬੁਢਾਪਾ ਕਈ ਵਾਰੀ ਉਨ੍ਹਾਂ ਨੂੰ ਸੜਕਾਂ ਤੇ ਬਿਤਾਉਣਾ ਪੈਂਦਾ ਸੀ। ਉਹਦਾ ਭਵਿੱਖ ਤਾਂ ਹੀ ਸੁਰੱਖਿਅਤ ਹੁੰਦਾ ਜੇ ਉਹ ਵਿਆਹ ਕਰਵਾ ਲੈਂਦੀ ਜਾਂ ਧੰਦੇ ਨੂੰ ਚਲਾਉਣ ਲਈ ਉਸ ਕੋਲ ਕੋਈ ਹੁੰਦਾ।

ਜਮੀਲਾ ਫੇਰ ਬੱਚੇ ਤੋਂ ਬਿਨ੍ਹਾਂ ਹੀ ਰਹਿ ਗਈ। ਉਹ ਆਪਣੀ ਵੱਡੀ ਕੁੜੀ ਨੂੰ ਪਹਿਲਾਂ ਹੀ ਖੋ ਚੁੱਕੀ ਸੀ ਅਤੇ ਲੰਦਨ ਜਾਣ ਤੋਂ ਮਗਰੋਂ ਉਹ ਉਸ ਨੂੰ ਫੇਰ ਕਦੀ ਨਾ ਦੇਖ ਸਕੀ। ਉਹ ਹੁਣ ਲੈਲਾ ਦਾ ਧਿਆਨ ਤਾਂ ਰੱਖ ਸਕੇਗੀ ਪਰ ਉਸ ਨੂੰ ਕਦੀ ਅਪਣਾ ਰਿਸ਼ਤਾ ਨਹੀਂ ਦੱਸ ਸਕੇਗੀ। ਉਹ ਆਪਣੀ ਕੁੜੀ ਲਈ ਕੋਈ ਫੈਸਲਾ ਕਰਨ ਦੀ ਹੱਕਦਾਰ ਨਹੀਂ ਹੋਵੇਗੀ ਅਤੇ ਲੈਲਾ ਦੀ ਆਇਆ ਵਾਂਗ ਹੀ ਰਹੇਗੀ। ਸ਼ਾਹਿਦ ਲੰਦਨ ਤੋਂ ਆਉਂਦਾ ਅਤੇ ਹਰ ਸਾਲ ਆਪਣੀ ਪਤਨੀ ਨੂੰ ਗਰਭਵਤੀ ਕਰ ਜਾਂਦਾ। ਸਾਇਦ ਜਿੰਮੇਵਾਰੀ ਜਮੀਲਾ ਅਤੇ ਉਸਦੇ ਬੱਚਿਆਂ ਦੀ ਕੈਸਰਾ ਉੱਤੇ ਸੀ ਇਸ ਲਈ ਇਹ ਸਪਸ਼ਟ ਸੀ ਕਿ ਜਮੀਲਾ ਦੇ ਬੱਚਿਆਂ ਤੇ ਅਧਿਕਾਰ ਵੀ ਉਸੇ ਦਾ ਸੀ। ਜਮੀਲਾ ਤਾਂ ਸਿਰਫ ਇਕ ਸਾਂਚਾ ਸੀ; ਬੱਚੇ ਜੰਮਣ ਵਾਲੀ ਮਸ਼ੀਨ। ਬੱਚੇ ਕੈਸਰਾ ਦੇ ਹੀ ਸਨ।

ਸ਼ੁਰੂ ਵਿਚ ਤਾਂ ਸ਼ਾਹਿਦ ਕੋਲ ਲੰਦਨ ਜਾ ਸਕਣ ਦਾ ਹੀ ਪ੍ਰਵਾਸੀ ਰੁਤਬਾ ਸੀ। ਬਾਦ ਵਿਚ ਜਦੋਂ ਉਹਨੇ ਕੇਸ ਦਰਜ ਕੀਤਾ ਤਾਂ ਇਸ ਦਾ ਫੈਸਲਾ ਹੋਣ ਨੂੰ ਲੰਬਾ ਸਮਾਂ ਲੱਗਾ। ਇਸ ਅਮਲ ਨੂੰ ਤੇਜ਼ ਕਰਨ ਲਈ ਉਹਨੇ ਇਕ ਬਰਤਾਨਵੀ ਔਰਤ ਨਾਲ ਵਿਆਹ ਕਰ ਲਿਆ। ਬਰਤਾਨਵੀ ਸਰਕਾਰ ਨੇ ਉਸਦੇ ਝੂਠ-ਮੂਠ ਦੇ ਵਿਆਹ ਦੀ ਥਾਹ ਪਾ ਲਈ ਅਤੇ ਉਸ ਦਾ ਕੇਸ ਖਾਰਜ ਕਰ ਦਿੱਤਾ। ਉਹਨੂੰ ਪਾਕਿਸਤਾਨ ਵਾਪਸ ਭੇਜ ਦਿੱਤਾ ਗਿਆ।

ਉਹਦੇ ਆਉਣ ਤੇ ਕੈਸਰਾ ਬਹੁਤ ਖੁਸ਼ ਹੋਈ ਕਿਉਂਕਿ ਉਸ ਨੂੰ ਧੰਦਾ ਚਲਾਉਣ ਲਈ ਮਦਦ ਦੀ ਲੋੜ ਸੀ। ਲੈਲਾ ਨੂੰ ਅਜੇ ਸਿਖਲਾਈ ਦਿੱਤੀ ਜਾ ਰਹੀ ਸੀ, ਇਸ ਲਈ ਕੈਸਰਾ ਨੇ ਆਪਣਾ ਕੋਠਾ ਕਾਇਮ ਰੱਖਿਆ ਅਤੇ ਆਪਣੀ ਥਾਂ ਹੋਰ ਕੁੜੀਆਂ ਨੂੰ ਮੁਜਰੇ ਲਈ ਵਰਤਣ ਦਿੰਦੀ ਰਹੀ। ਲੰਦਨ ਵਿਚ ਦੱਲੇ ਦੇ ਤੌਰ ਤੇ ਸ਼ਾਹਿਦ ਨੂੰ ਕਾਫੀ ਤਜ਼ਰਬਾ ਹੋ ਚੁੱਕਾ ਸੀ ਅਤੇ ਉਹ ਸੋਚਦਾ ਸੀ ਕਿ ਉਸ ਦਾ ਵਿਦੇਸ਼ੀ ਤਜ਼ਰਬਾ ਐਨਾ ਵਧੀਆ ਕੰਮ ਆ ਸਕਦਾ ਏ ਕਿ ਉਹ ਐਥੋਂ ਦੇ ਦੱਲਿਆਂ ਨੂੰ ਪਿੱਛੇ ਛੱਡ ਜਾਏਗਾ। ਕੈਸਰਾ ਵੀ ਖੁਸ਼ ਸੀ ਕਿਉਂਕਿ ਉਸ ਨੂੰ ਉਸ ਦੀ ਬੱਚੇ ਜੰਮਣ ਵਾਲੀ ਤਾਕਤ ਦੀ ਲੋੜ ਸੀ। ਟੱਬਰ ਦਾ ਭਵਿੱਖ ਸੁਰੱਖਿਅਤ ਰੱਖਣ ਲਈ ਉਹ ਜਮੀਲਾ ਅਤੇ ਉਸਤੋਂ ਹੋਰ ਬੱਚੇ ਚਾਹੁੰਦੀ ਸੀ। ਬਦਕਿਸਮਤੀ ਨਾਲ ਜਮੀਲਾ ਲਈ ਸ਼ਾਹਿਦ ਇਕ ਵਹਿਸ਼ੀ ਪਤੀ ਸੀ ਅਤੇ ਜ਼ਿੰਮੇਵਾਰ ਪਿਤਾ ਬਿਲਕੁਲ ਨਹੀਂ। ਜਮੀਲਾ ਨੇ ਅੱਠ ਬੱਚੇ ਜੰਮੇ ਜਿਨ੍ਹਾਂ ਵਿਚੋਂ ਛੇ ਬਚੇ ਰਹੇ; ਚਾਰ ਕੁੜੀਆਂ ਤੇ ਦੋ ਮੁੰਡੇ। ਬੌਬੀ ਅਤੇ ਲੈਲਾ ਨੂੰ ਆਪਣੀ ਸਕੀ ਮਾਂ ਦਾ ਨਹੀਂ ਪਤਾ ਸੀ ਪਰ ਜਮੀਲਾ ਨੇ ਆਪਣੇ ਦੂਜੇ ਬੱਚਿਆਂ ਨੂੰ ਦੱਸ ਦਿੱਤਾ ਸੀ ਕਿ ਉਹ ਉਨ੍ਹਾਂ ਦੀ ਮਾਂ ਸੀ ਪਰ ਉਨ੍ਹਾਂ ਤੇ ਹੱਕ ਕੈਸਰਾ ਦਾ ਹੀ ਸੀ।

ਲੈਲਾ ਨੂੰ ਸਕੂਲ ਭੇਜਿਆ ਗਿਆ ਅਤੇ ਦੋ ਸਾਲ ਵਾਸਤੇ ਕਾਲਜ ਵੀ। ਇਹ ਬਿਲਕੁਲ ਹੀ ਗੈਰ ਰਵਾਇਤੀ ਸੀ ਕਿਉਂਕਿ ਰੰਡੀਆਂ ਦੀ ਕੁੜੀ ਦੀਆਂ ਵਿੱਦਿਆ ਪੰਜਵੀਂ ਤੱਕ ਜਾਂ ਵੱਧੋ ਵੱਧ ਅੱਠਵੀਂ ਤੱਕ ਦੀ ਹੀ ਹੁੰਦੀ ਏ। ਸੋਚਿਆ ਇਹ ਜਾਂਦਾ ਏ ਕਿ ਜੇ ਕੁੜੀ ਬਹੁਤੀ ਪੜ੍ਹ ਗਈ ਤਾਂ ਉਸ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣ ਤੋਂ ਵੱਧ ਜਾਗਰੂਕਤਾ ਹੋ ਜਾਏਗੀ। ਕੈਸਰਾ ਅਤੇ ਸ਼ਾਹਿਦ ਨੇ ਇਹ ਸੋਚ ਕੇ ਇਹ ਫੈਸਲਾ ਕੀਤਾ ਸੀ ਕਿ ਸਮਾਂ ਬਦਲ ਚੁੱਕਾ ਏ ਅਤੇ ਇਸ ਮੁਕਾਬਲੇ ਦੀ ਮੰਡੀ ਵਿਚ ਟਿਕੀ ਰਹਿਣ ਲਈ ਉਸ ਨੂੰ ਕੁਝ ਵੱਧ ਪੜ੍ਹ ਲੈਣਾ ਚਾਹੀਦਾ ਏ।

ਕਾਲਜ ਦੇ ਦੋ ਸਾਲਾਂ ਬਾਦ ਲੈਲਾ ਨੂੰ ਦੱਸਿਆ ਗਿਆ ਕਿ ਉਸ ਨੇ ਆਪਣਾ ਪੇਸ਼ਾ ਸ਼ੁਰੂ ਕਰਨਾ ਏਂ। ਪਹਿਲਾ ਤਾਂ ਉਸ ਨੇ ਬੜਾ ਗੰਭੀਰ ਵਿਰੋਧ ਕੀਤਾ। ਭਾਵੇਂ ਇਹ ਵਿੱਦਿਆ ਦਾ ਸਿੱਟਾ ਸੀ ਜਿਸਨੇ ਉਸਨੂੰ ਮੁਖਧਾਰਾ ਦੀ ਨੈਤਿਕਤਾ ਰਾਹੀਂ ਵਧੇਰੇ ਜਾਗਰੂਕ ਕਰ ਦਿੱਤਾ ਸੀ ਜਾਂ ਇਹ ਅੱਲ੍ਹੜਪੁਣੇ ਦਾ ਵਿਦਰੋਹ ਸੀ  ਇਸ ਬਾਰੇ ਨਹੀਂ ਪਤਾ। ਭਾਵੇਂ ਕੁਝ ਵੀ ਹੋਵੇ ਪਰ ਉਸ ਦੇ ਪ੍ਰਬੰਧਕਾਂ ਨੇ ਉਸ ਨੂੰ ਦਬਾ ਹੀ ਲਿਆ। ਇਹ ਅਜਿਹੇ ਸਮੇਂ ਹੋਇਆ ਸੀ ਜਦੋਂ ਸ਼ਮਸਾ ਵੀ ਲੰਦਨ ਤੋਂ ਵਾਪਸ ਆਈ ਹੋਈ ਸੀ। ਉਹਨੇ ਲੈਲਾ ਅਤੇ ਕੈਸਰਾ ਵਿਚਕਾਰ ਚੱਲਦੀ ਰੱਸਾਕਸ਼ੀ ਦੇਖੀ ਅਤੇ ਇਹ ਦੇਖ ਕੇ ਬੜੀ ਪ੍ਰੇਸ਼ਾਨ ਹੋਈ ਕਿ ਉਸ ਦੀ ਭੈਣ ਕਿੰਨੀ ਕਮਜ਼ੋਰ ਹੋ ਚੁੱਕੀ ਏ ਕਿ ਇਕ ਕੁੜੀ ਤੇ ਕਾਬੂ ਨਹੀਂ ਪਾ ਸਕਦੀ। ਉਹ ਬਿਰਾਦਰੀ ਨੂੰ ਦਿਖਾਉਣਾ ਚਾਹੁੰਦੀ ਸੀ ਕਿ ਉਹ ਧੰਦੇ ਨੂੰ ਕਿੰਨੀ ਮੁਹਾਰਤ ਨਾਲ  ਚਲਾ ਸਕਦੀ ਏ। ਉਹਨੇ ਆਰਜ਼ੀ ਤੌਰ ਤੇ ਪ੍ਰਬੰਧ ਸੰਭਾਲ ਲਿਆ ਅਤੇ ਕਿਹਾ ਕਿ ਉਹ ਲੈਲਾ ਦੇ ਵਿਰੋਧੀ ਵਤੀਰੇ ਨੂੰ ਕਾਬੂ ਕਰੇਗੀ।

ਪਹਿਲਾਂ ਉਹਨੇ ਲੈਲਾ ਦੇ ਵਿਚਾਰਾਂ ਨੂੰ ਖਰਾਬ ਕਰਨ ਲਈ ਜਮੀਲਾ ਨੂੰ ਝਾੜ ਪਾਈ। ਜਮੀਲਾ ਨੇ ਕਸਮ ਖਾਧੀ ਕਿ ਉਹ ਲੈਲਾ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਿਨਾਂ ਉਸ ਨਾਲ ਇਕ ਸ਼ਬਦ ਵੀ ਨਹੀਂ ਬੋਲਦੀ। ਸ਼ਮਸਾ ਨੇ ਗੁੱਸੇ ਵਿਚ ਆਕੇ ਜਮੀਲਾ ਨੂੰ ਸਾਰੇ ਬੱਚਿਆਂ ਸਣੇ, ਸਮੇਤ ਲੈਲਾ ਦੇ, ਘਰੋਂ ਕੱਢ ਦਿੱਤਾ ਅਤੇ ਜਮੀਲਾ ਦੀ ਮਾਂ ਕੋਲ ਭੇਜ ਦਿੱਤਾ।

ਲੈਲਾ ਲਈ ਕਾਬੂ ਕਰਨ ਵਾਸਤੇ ਇਹ ਸੰਕਟ ਬਹੁਤ ਵੱਡਾ ਸੀ ਜਿਸਨੇ ਉਹਦੇ ਅੰਦਰ ਕੁਝ ਤੋੜ-ਫੋੜ ਦਿੱਤਾ। ਉਦੋਂ ਹੀ ਉਸਨੂੰ ਪਤਾ ਲੱਗਾ ਕਿ ਉਹਦੀ ਮਾਂ ਕੌਣ ਏਂ। ਉਹਨੂੰ ਨਹੀਂ ਸੀ ਪਤਾ ਕਿ ਉਹ ਕੀ ਮਹਿਸੂਸ ਕਰ ਰਹੀ ਏ। ਇਹ ਇੰਝ ਸੀ ਜਿਵੇਂ ਉਸਨੇ ਖੁਦ ਆਪਣੀ ਮਾਂ ਨੂੰ ਧੋਖਾ ਦਿੱਤਾ ਹੋਵੇ। ਉਹਨੂੰ ਜਮੀਲਾ ਤੇ ਵੀ ਆਪਣੇ ਜਿੰਨਾ ਹੀ ਅਫਸੋਸ ਹੋਇਆ ਕਿਉਂਕਿ ਹਰ ਕੋਈ ਉਸ ਨਾਲ ਨੌਕਰ ਵਾਂਗ ਵਰਤਾਉ ਕਰਦਾ ਸੀ। ਕਾਫੀ ਵਿਗੜੀ ਹੋਣ ਕਰਕੇ ਉਹ ਵੀ ਕਈ ਵਾਰੀ ਉਸ ਨਾਲ ਬੜੇ ਅੱਖੜ ਢੰਗ ਨਾਲ ਬੋਲਦੀ ਸੀ। ਜਿਹੜੇ ਉਹਨੂੰ ਲੱਗਦੇ ਸਨ ਕਿ ਉਹਨੂੰ ਪਿਆਰ ਕਰਦੇ ਸਨ ਅਤੇ ਖਿਆਲ ਰੱਖਦੇ ਸਨ ਉਨ੍ਹਾਂ ਦਾ ਜਾਲਮ ਵਤੀਰਾ ਦੇਖ ਕੇ ਉਹ ਆਪਣੀ ਮਾਂ ਦੇ ਕਾਫੀ ਨਜ਼ਦੀਕ ਆ ਗਈ ਸੀ।

ਜਦੋਂ ਉਹ ਆਪਣੀ ਨਾਨੀ ਦੇ ਘਰ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਉਸ ਦਾ ਕੋਈ ਘਰ ਹੀ ਨਹੀਂ ਸੀ ਬਲਕਿ ਕਿਸੇ ਹੋਰ ਟੱਬਰ ਨਾਲ ਰਹਿ ਰਹੀ ਸੀ। ਉਹ ਉਨ੍ਹਾਂ ਦੀ ਨੌਕਰਾਣੀ ਦੇ ਤੌਰ ਤੇ ਕੰਮ ਕਰਦੀ ਸੀ ਅਤੇ ਉਸਦੇ ਸੌਣ ਲਈ ਵਰਾਂਡੇ ਦਾ ਇਕ ਕੋਨਾ ਹੀ ਸੀ। ਜਿੰਦਾ ਰਹਿਣ ਲਈ ਉਸ ਕੋਲ ਕੋਈ ਪੈਸਾ ਨਹੀਂ ਸੀ ਇਸ ਲਈ ਉਹ ਉਨ੍ਹਾਂ ਨੂੰ ਨਹੀਂ ਰੱਖ ਸਕਦੀ ਸੀ। ਜਿਸ ਟੱਬਰ ਵਾਸਤੇ ਉਹ ਕੰਮ ਕਰਦੀ ਸੀ ਉਹ ਉਸਨੂੰ ਰੋਟੀ ਦੇ ਦਿੰਦਾ ਸੀ। ਇਸ ਤੋਂ ਬਿਨਾਂ ਵੀ ਰਵਾਇਤੀ

ਸੰਦਰਭ ਵਿਚ ਕੁੜੀ ਅਤੇ ਉਸਦੇ ਬੱਚਿਆਂ ਨੂੰ ਅਪਣੇ ਕੋਲ ਰੱਖਣਾ ਇਕ ਸਮੱਸਿਆ ਨਹੀਂ ਬਲਕਿ ਇਸ ਨਾਲ ਨੱਕ ਵੀ ਨਹੀਂ ਰਹਿੰਦਾ। ਦੱਖਣੀ ਏਸ਼ੀਆਈ ਸਹੁਰੇ ਅਪਣੀਆਂ ਮੰਗਾਂ ਮਨਵਾਉਣ ਲਈ ਨੂੰਹ ਤੇ ਇਸੇ ਤਰ੍ਹਾਂ ਹੀ ਦਬਾਉ ਬਣਾਉਂਦੇ ਨੇ। ਇਥੇ ਸ਼ਾਹਿਦ ਦੀ ਕੋਈ ਵੀ ਭੂਮਿਕਾ ਨਹੀਂ ਸੀ ਕਿਉਂਕਿ ਉਸ ਦੀ ਅਪਣੇ ਪਰਿਵਾਰ ਵਿਚ ਹੀ ਕੋਈ ਅਹਿਮ ਥਾਂ ਨਹੀਂ ਸੀ। ਉਹ ਤਾਂ ਸਿਰਫ ਇਕ ਕਾਰਕ ਸੀ ਜਿਸ ਨੂੰ ਬੱਚੇ ਜੰਮਣ ਲਈ ਵਰਤਿਆ ਜਾਂਦਾ ਸੀ।

ਲੈਲਾ, ਜਮੀਲਾ ਤੇ ਹੋਰ ਬੱਚਿਆਂ ਨੇ ਪਿੰਡ ਵਿਚ ਇਕ ਰਾਤ ਕੱਟੀ ਅਪਣੇ ਕਿਸੇ ਦੂਰ ਦੇ ਰਿਸ਼ਤੇਦਾਰਾਂ ਕੋਲ ਅਤੇ ਅਗਲੇ ਦਿਨ ਮੁੜ ਆਏ। ਜਮੀਲਾ ਨੇ ਲੈਲਾ ਨੂੰ ਦੱਸ ਦਿੱਤਾ ਕਿ ਹੁਕਮ ਮੰਨਣ ਤੋਂ ਬਿਨ੍ਹਾਂ ਉਨ੍ਹਾਂ ਲਈ ਹੋਰ ਕੋਈ ਚਾਰਾ ਨਹੀਂ ਹੈ। ਲੈਲਾ ਨੂੰ ਪੱਕਾ ਨਹੀਂ ਸੀ ਕਿ ਉਸ ਦੇ ਰੰਡੀ ਬਣਨ ਦੇ ਵਿਚਾਰ ਬਾਰੇ ਉਸ ਨੂੰ ਕੋਈ ਚਿੰਤਾ ਹੈ ਜਾਂ ਨਹੀਂ ਜਾਂ ਕਿ ਉਹ ਸਿਰਫ ਉਸ ਦੀ ਦਾਦੀ ਅਤੇ ਪਿਉ ਦੇ ਕਾਬੂ ਬਾਰੇ ਹੀ ਕਹਿ ਰਹੀ ਸੀ। ਉਸ ਨੇ ਸੋਚਿਆ ਕਿ ਇਹੀ ਗੱਲ ਹੈ ਜਿਸ ਤੋਂ ਉਹ ਪ੍ਰੇਸ਼ਾਨ ਹੈ। ਪਰ ਦੇਹ ਵਪਾਰ ਵੀ ਇਕ ਮੁੱਦਾ ਸੀ। ਉਸਨੂੰ ਰੰਡੀਆਂ ਨੂੰ ਨਕਾਰਨ ਵਾਲੇ ਸਮਾਜ ਦੇ ਵਤੀਰੇ ਤੋਂ ਚਿੜ੍ਹ ਸੀ ਅਤੇ ਡਰਦੀ ਸੀ ਕਿ ਉਸ ਨੂੰ ਹਰ ਵੇਲੇ ਅਪਣੇ ਪਿਛੋਕੜ ਨੂੰ ਛੁਪਾਉਂਦੇ ਫਿਰਦੇ ਰਹਿਣਾ ਪਏਗਾ। ਉਹ ਕਦੇ ਵੀ ਕਾਲਜ ਵਿਚ ਜਾਂ ਆਪਣੀਆਂ ਸਹੇਲੀਆਂ ਨੂੰ ਨਹੀਂ ਦੱਸ ਸਕੀ ਸੀ ਕਿ ਉਹ ਕਿੱਥੇ ਰਹਿੰਦੀ ਏ ਜਾਂ ਉਸ ਦਾ ਪਰਿਵਾਰ ਕੀ ਕਰਦਾ ਏ।

ਟੱਬਰ ਪਰਤ ਆਇਆ। ਸ਼ਮਸਾ ਬੜੀ ਹੰਕਾਰੀ ਫਿਰਦੀ ਸੀ ਅਤੇ ਧੰਦਾ ਫੇਰ ਸ਼ੁਰੂ ਹੋ ਗਿਆ। ਉਹਨੇ ਕੈਸਰਾ ਨੂੰ ਦੱਸਿਆ ਕਿ ਪ੍ਰਬੰਧ ਕਰਨਾ ਇਕ ਕਲਾ ਹੈ ਅਤੇ ਉਸਨੂੰ ਵੀ ਇਹ ਸਿੱਖਣੀ ਚਾਹੀਦੀ ਹੈ। ਉਹਨੇ ਕਿਹਾ ਸੀ, 'ਰੋਜ਼ੀ ਲਈ ਤੁਹਾਨੂੰ ਕੰਮ ਕਰਨਾ ਪੈਂਦਾ ਹੈ। ਤੂੰ ਸਿਰਫ ਵਿਹਲੇ ਬਹਿ ਕੇ ਪੈਸੇ ਕਮਾਉਣ ਦੀ ਆਸ ਨਹੀਂ ਰੱਖ ਸਕਦੀ। ਸਖਤ ਮੇਹਨਤ ਨਾਲ ਪੈਸਾ ਆਉਂਦਾ ਏ। ਫੇਰ ਕਿਉਂ ਨਾ ਹਲਾਲ ਦੀ ਰੋਜੀ ਕਮਾਈ ਜਾਵੇ।'

ਸ਼ਮਸਾ ਲੰਦਨ ਮੁੜ ਗਈ। ਲੈਲਾ ਆਪਣੇ ਉਤਾਰ-ਚੜਾਉ ਵਿਚੋਂ ਲੰਘਦੀ ਰਹੀ। ਉਹ ਅਪਣੀ ਮਾਂ ਨਾਲ ਹੋਰ ਵਧੇਰੇ ਜੁੜ ਗਈ। ਉਹਦਾ ਆਪਣਾ ਵਿਹਾਰ ਵੀ ਜਮੀਲਾ ਪ੍ਰਤਿ ਬਦਲ ਗਿਆ ਅਤੇ ਉਸ ਦਾ ਪ੍ਰਭਾਵ ਛੋਟੇ ਬੱਚਿਆਂ ਤੇ ਪਿਆ ਜਿਹੜੇ ਆਪਣੀ ਮਾਂ ਨੂੰ ਨੌਕਰਾਣੀ ਵਾਂਗ ਸਮਝਦੇ ਸਨ, ਅਤੇ ਉਹ ਵੀ ਉਸਦੀ ਇੱਜਤ ਕਰਨ ਲੱਗ ਪਏ।

ਜਮੀਲਾ ਅਪਣੇ ਭਵਿੱਖ ਬਾਰੇ ਬਹੁਤਾ ਨਹੀਂ ਸੋਚ ਦੀ ਸੀ। ਉਸ ਦੀ ਜ਼ਿੰਦਗੀ ਤਾਂ ਇਕ ਗੁੰਝਲਦਾਰ ਢੰਗ ਨਾਲ ਇਸ ਪਰਿਵਾਰ ਨਾਲ ਜੁੜੀ ਹੋਈ ਸੀ। ਉਨ੍ਹਾਂ ਤੋਂ ਬਿਨਾਂ ਜਿੰਦਾ ਰਹਿਣ ਦਾ ਉਸ ਕੋਲ ਹੋਰ ਕੋਈ ਰਾਹ ਨਹੀਂ ਸੀ, ਅਤੇ ਹੋਰ ਕੋਈ ਤਰਜੀਹ ਵੀ ਨਹੀਂ ਸੀ ਅਤੇ ਉਨ੍ਹਾਂ ਨੂੰ ਛੱਡਣ ਬਾਰੇ ਉਹਨੇ ਕਦੇ ਸੋਚਿਆ ਵੀ ਨਹੀਂ ਸੀ। ਕਈ ਵਾਰੀ ਉਹ ਹੈਰਾਨ ਹੁੰਦੀ ਕਿ ਰੱਬ ਨੇ ਉਹਦਾ ਨਸੀਬ ਇਸ ਤਰ੍ਹਾਂ ਦਾ ਕਿਉਂ ਲਿਖ ਦਿੱਤਾ ਏ। ਉਹ ਨੇ ਜਾਣ ਬੁੱਝ ਕੇ ਕਦੀ ਕਿਸੇ ਨੂੰ ਠੇਸ ਨਹੀਂ ਪੁਚਾਈ ਅਤੇ ਹਮੇਸ਼ਾ ਦੂਜਿਆਂ ਦੀ ਸੇਵਾ ਹੀ ਕੀਤੀ, ਪਰ ਜੋ ਕੁਝ ਉਹ ਨੂੰ ਆਉਂਦਾ ਸੀ ਉਹ ਸੀ ਇਸ ਟੱਬਰ ਲਈ ਪਕਾਉਣਾ, ਸੰਭਰਨਾ ਅਤੇ ਕੱਪੜੇ ਧੋਣਾ ਅਤੇ ਨਾਲ ਹੀ ਗਾਲਾਂ ਖਾਂਦੇ ਰਹਿਣਾ ਤੇ ਜਲੀਲ ਹੁੰਦੇ ਰਹਿਣਾ। ਉਹਦਾ ਸਾਰਾ ਸੰਸਾਰ ਇਹ ਅੰਦਰਲੇ ਤਿੰਨ ਕਮਰੇ ਹੀ ਸੀ। ਇਹੀ ਉਹਦਾ ਜੀਵਨ ਸੀ ਅਤੇ ਉਹ ਸਮਝਦੀ ਸੀ ਕਿ ਉਸ ਦੇ ਜੀਵਨ ਦੇ ਅੰਤ ਤੱਕ ਇਹੀ ਸਦਾ ਉਸ ਦੀ ਸੀਮਾ ਦਾ ਦਾਇਰਾ ਰਹਿਣਗੇ।

# ਬੰਦਿਆਂ ਬਾਰੇ ਕੁਝ ਹੋਰ

ਸ਼ਾਹਿਦ ਕੈਸਰਾ ਲਈ ਇਕ ਸਲਾਹਕਾਰ ਵਾਂਗ ਸੀ, ਪਰ ਸਾਰੇ ਕਾਸੇ ਦੀ ਮੁਖੀ ਕੈਸਰਾ ਹੀ ਸੀ। ਜਦੋਂ ਉਸ ਨੇ ਮੈਨੂੰ ਜੁਜ਼-ਵਕਤੀ ਧੰਦੇ ਵਿਚ ਪੈਣ ਲਈ ਮੈਨੂੰ ਅੰਗ੍ਰੇਜ਼ੀ ਬੋਲਣ ਵਾਲੀਆਂ ਕੁੜੀਆਂ ਲੱਭਣ ਲਈ ਕਿਹਾ ਸੀ ਤਾਂ ਉਸ ਤੋਂ ਫੌਰਨ ਬਾਦ ਸ਼ਾਹਿਦ ਮੁੜ ਉੱਥੇ ਨਹੀਂ ਦਿਸਿਆ। ਜਦੋਂ ਮੈਂ ਉਸ ਬਾਰੇ ਪੁੱਛਿਆ ਤਾਂ ਕੋਈ ਵੀ ਮੈਨੂੰ ਸਹੀ ਜਵਾਬ ਨਹੀਂ ਦੇ ਸਕਿਆ ਕਿ ਉਹ ਕਿੱਥੇ ਏ। ਪਰ ਕੈਸਰਾ ਦਾ ਮੋਹ ਮੇਰੇ ਲਈ ਅਚਾਨਕ ਹੀ ਵਧ ਗਿਆ ਸੀ। ਮੈਂ ਨਹੀਂ ਜਾਣਦੀ ਸੀ ਕਿ ਇਹ ਗੁਨਾਹ ਜਾਂ ਜਿਲਤ ਕਾਰਨ ਸੀ ਜਾਂ ਕਿ ਉਹ ਸਮਝਦੀ ਸੀ ਕਿ ਮੇਰੇ ਨਾਲ ਉਸ ਦੇ ਸੰਪਰਕ ਕਿਸੇ ਨਾ ਕਿਸੇ ਦਿਨ ਉਸ ਦੇ ਫਾਇਦੇ ਵਿਚ ਰਹਿਣਗੇ ਅਤੇ ਮੈਂ ਉਸ ਦੇ ਧੰਦੇ ਨੂੰ ਚਮਕਾਉਣ ਵਿਚ ਮੱਦਦ ਕਰ੍ਹਾਂਗੀ।

ਉਸ ਤੋਂ ਬਾਦ ਮੈਂ ਉਸ ਮੁਹੱਲੇ ਦੇ ਬੰਦਿਆਂ ਦੀ ਜਾਂਚ ਵਧੇਰੇ ਧਿਆਨ ਨਾਲ ਕਰਨ ਲੱਗ ਪਈ। ਉਹ ਹਮੇਸ਼ਾ ਹੀ ਦੂਜੇ ਦਰਜੇ ਨੇ ਨਾਗਰਿਕ ਲੱਗਦੇ ਹਨ। ਖਾਸ ਕਰਕੇ ਕੰਜਰ ਟੱਬਰਾਂ ਵਿਚ। ਜਿੱਥੋਂ ਤੱਕ ਬਾਜ਼ਾਰ ਦੇ ਕਾਰੋਬਾਰ ਅਤੇ ਰਵਾਇਤੀ ਢਾਂਚੇ ਦਾ ਸਵਾਲ ਸੀ ਰਾਜ ਕੰਜਰ ਔਰਤਾਂ ਦਾ ਹੀ ਚਲਦਾ ਸੀ। ਐਪਰ, ਜਦੋਂ ਮੈਂ ਹੋਰ ਨੇੜਿਉਂ ਦੇਖਿਆ ਤਾਂ ਇਹ ਸਾਮ੍ਹਣੇ ਆਇਆ ਕਿ ਜੋ ਸਿਆਸੀ ਚਿਹਰੇ ਇਹ ਨਿਯੰਤ੍ਰਣ ਹਥਿਆਉਣ ਵਿਚ ਰੁੱਝੇ ਹੋਏ ਨੇ ਉਹ ਸਾਰੇ ਬੰਦੇ ਹੀ ਨੇ। ਸਥਾਨਕ ਜਾਂ ਪ੍ਰਾਂਤਕ ਸਿਆਸਤ ਵਿਚ ਕੰਜਰ ਪਰਿਵਾਰਾਂ ਦੀ ਕੋਈ ਵੀ ਔਰਤ ਸ਼ਾਮਲ ਨਹੀਂ ਸੀ। ਇਸ ਇਲਾਕੇ ਨਾਲ ਸਬੰਧਤ ਮੁੱਦਿਆਂ ਬਾਰੇ ਹਰੇਕ ਬਾਹਰਲਾ ਮੰਚ ਕੁਝ ਕੁ ਬੰਦਿਆਂ ਨੇ ਹੀ ਕਬਜ਼ੇ ਵਿਚ ਕੀਤਾ ਹੋਇਆ ਸੀ, ਜਿਵੇਂ ਮੂਧਾ ਕੰਜਰ, ਜੋ ਕਿ ਰਵਾਇਤੀ ਤੌਰ ਤੇ ਦੂਜੇ ਦਰਜੇ ਦੇ ਮਨੁੱਖਾਂ ਦੇ ਤੌਰ ਤੇ ਖੁਦ ਨੂੰ ਪਾਲਣ ਦੇ ਖਿਲਾਫ ਖੜ੍ਹੇ ਸਨ ਅਤੇ ਬਾਹਰੀ ਸੰਸਾਰ ਦੀ ਸੱਤਾ ਦੀਆਂ ਖੇਡਾਂ ਬਾਰੇ ਸਿੱਖ ਗਏ ਸਨ।

ਮਿਰਾਸੀ ਸਮੂਹ ਵਿਚ ਆਮ ਕਰਕੇ ਬੰਦੇ ਹੀ ਸਨ ਜਿਨ੍ਹਾਂ ਵਿਚੋਂ ਕੁਝ ਇਸ ਇਲਾਕੇ ਵਿਚ ਹੀ ਅਪਣੇ ਟੱਬਰਾਂ ਨਾਲ ਰਹਿੰਦੇ ਸਨ। ਹਾਲਾਂਕਿ ਅਪਣੀ ਜਾਤ ਦੀਆਂ ਔਰਤਾਂ ਨਾਲੋਂ ਉਨ੍ਹਾਂ ਦਾ ਰੁਤਬਾ ਉਤਾਂਹ ਸੀ ਪਰ ਉਹ ਸਮਾਜਕ ਤੌਰ ਤੇ ਕੰਜਰ ਬੰਦਿਆਂ ਨਾਲੋਂ ਨੀਵੇਂ ਮੰਨੇ ਜਾਂਦੇ ਸਨ। ਇਹ ਸਮਾਜਕ ਵਿਰੋਧ ਖੁਦ ਇਸ ਮੁਹੱਲੇ ਵਿਚ ਹੀ ਸਪਸ਼ਟ ਸੀ। ਬਾਹਰੀ ਸੰਸਾਰ ਨਾਲ ਵਾਹ ਰੱਖਣਾ ਮਿਰਾਸੀ ਲੋਕ ਬਹੁਤਾ ਸਿੱਖ ਚੁੱਕੇ ਸਨ ਅਤੇ ਨਵੇਂ ਉੱਠ ਰਹੇ ਵੈਰਾਇਟੀ ਸ਼ੋਆਂ ਦੇ ਕਾਰੋਬਾਰ ਤੇ ਕਾਬੂ ਰੱਖਣ ਦੀ ਆਪਣੀ ਯੋਗਤਾ ਵਧੇਰੇ ਦਰਸਾਅ ਰਹੇ ਸਨ।

ਇਕ ਦਿਨ ਕੈਸਰਾ ਖਾਸ ਹੀ ਖੁਸ਼ ਰੌਅ ਵਿਚ ਸੀ। ਪਿਛਲੀ ਰਾਤ ਇਕ ਪਾਰਟੀ ਵਿਚ ਲੈਲਾ ਨੇ ਚੰਗਾ ਹੀ ਕੰਮ ਦਿਖਾਇਆ ਸੀ। ਜਦ ਮੈਂ ਪਹੁੰਚੀ ਉਹ ਮੁਸਕਰਾ ਰਹੀ ਸੀ। ਉਸਨੇ ਮੈਨੂੰ ਦੋ ਵਾਰੀ ਘੁੱਟ ਕੇ ਜੱਫੀ ਪਾਈ ਅਤੇ ਕਈ ਵਾਰੀ ਮੈਨੂੰ ਪੁੱਛਿਆ ਕਿ ਮੈਂ ਖਾ ਲਵਾਂ ਜਾਂ ਕੁਝ ਪੀ ਲਵਾਂ। ਛੋਟੀਆਂ ਮੋਟੀਆਂ ਗੱਲਾਂ ਤੋਂ ਬਾਦ ਮੈਂ ਉਨ੍ਹਾਂ ਦੇ ਧੰਦੇ ਵਿਚ ਬਦਲੀ ਹੋਈ ਚੌਧਰ ਬਾਰੇ

ਗੱਲਬਾਤ ਸ਼ੁਰੂ ਕਰ ਦਿੱਤੀ। ਮੈਂ ਉਹਨੂੰ ਵੈਰਾਇਟੀ ਸ਼ੋਆਂ ਬਾਰੇ ਪੁੱਛਿਆ।

'ਇਹ ਇਕ ਨਵੀਂ ਚੀਜ਼ ਏ', ਉਹਨੇ ਦੱਸਿਆ, 'ਸਾਨੂੰ ਮੁਜਰੇ ਲਈ ਖਾਸ ਸੱਦਾ ਆਉਂਦਾ ਹੁੰਦਾ ਸੀ ਅਤੇ ਸਾਰੀਆਂ ਰਵਾਇਤਾਂ ਇਸ ਦੇ ਨਾਲ ਹੁੰਦੀਆਂ ਸਨ। ਪਰ ਹੁਣ ਤਾਂ ਲੋਕ ਬੜੇ ਹੀ ਸਸਤੇ ਹੋ ਗਏ ਨੇ।' ਮੈਂ ਉਹਨੂੰ ਪੁੱਛਿਆ ਕਿ ਉਹ ਦੱਸੇ ਕਿ ਪਹਿਲਾਂ ਕਿਵੇਂ ਹੁੰਦਾ ਸੀ।

ਉਹ ਕੰਧ ਉੱਤੇ ਲੱਗੀਆਂ ਕਾਲੀਆਂ-ਸਫੇਦ ਤਸਵੀਰਾਂ ਵੱਲ ਘੂਰਦੀ ਰਹੀ ਅਤੇ ਮੁਸਕਰਾ ਕੇ ਬੋਲੀ, 'ਕੋਈ ਪਾਰਟੀ ਸਾਡੇ ਮਾਪਿਆਂ ਕੋਲ ਆਉਂਦੀ, ਜਾਂ ਜੋ ਵੀ ਨਾਇਕਾ ਹੁੰਦੀ ਅਤੇ ਕਿਸੇ ਖਾਸ ਮੌਕੇ ਤੇ ਮੁਜਰੇ ਦਾ ਪ੍ਰਬੰਧ ਕਰਨ ਲਈ ਬੇਨਤੀ ਕਰਦੀ, ਜਿਵੇਂ ਕੋਈ ਵਿਆਹ, ਫੇਰ ਨਾਇਕਾ ਸੌਦਾ ਤੋੜਦੀ। ਇਹ ਸੌਦਾ ਵੀ ਬੜੀ ਨਰਮੀ ਨਾਲ ਕੀਤਾ ਜਾਂਦਾ। ਮੈਨੇਜਰ ਆਪਣੀਆਂ ਸ਼ਰਤਾਂ ਤੇ ਅੜੇ ਰਹਿੰਦੇ ਪਰ ਇਹ ਬੜੇ ਆਦਰਯੋਗ ਢੰਗ ਨਾਲ ਮੁਕਾਇਆ ਜਾਂਦਾ ਸੀ ਨਾ ਕਿ ਇਸ ਤਰ੍ਹਾਂ ਦੇ ਧੰਦੇ ਵਾਂਗ ਜਿਵੇਂ ਹੁਣ ਦੇ ਵਿਗੜੇ ਹੋਏ ਸਿਖਾਂਦਰੂ ਕਰਦੇ ਨੇ।'

'ਤੂੰ ਮਿਰਾਸੀਆਂ ਜਾਂ ਦੱਲਿਆਂ ਦੀ ਗੱਲ ਕਰ ਰਹੀ ਏਂ?' ਮੈਂ ਪੁੱਛਿਆ।

'ਹੁਣ ਇਹ ਮਰਾਸੀ,ਹੀ 'ਵੈਰਾਇਟੀ ਸ਼ੋਆਂ' ਨੂੰ ਕਰਵਾਉਣ ਦੇ ਏਜੰਟ ਬਣੇ ਹੋਏ ਨੇ। ਉਹ ਸਾਨੂੰ ਕਹਿੰਦੇ ਨੇ ਅਸੀਂ ਕਦੇ ਦੇ ਸਕਦੇ ਹਾਂ, ਇਹ ਮੰਨ ਲਉ ਨਹੀਂ ਨਾ ਸਹੀ। ਉਹ ਕਹਿੰਦੇ ਨੇ, ''ਸਾਡੇ ਕੋਲ ਹੋਰ ਵੀ ਬਹੁਤ ਸਾਰੀਆਂ ਕੁੜੀਆਂ ਨੇ ਜਿਹੜੀਆਂ ਮੌਕਾ ਦੇਣ ਲਈ ਮਿੰਨਤਾਂ ਕਰ ਰਹੀਆਂ ਨੇ।'' ਫੇਰ ਉਹ ਇਕ ਪੇਸ਼ਕਸ਼ ਕਰਨਗੇ ਜਿਵੇਂ ਸਾਡੇ ਪੁਰਖਿਆਂ ਤੇ ਅਹਿਸਾਨ ਕਰ ਰਹੇ ਹੋਣ।' ਉਹਨੇ ਉਨ੍ਹਾਂ ਦੀ ਨਕਲ ਲਾਹ ਕੇ ਕਿਹਾ, 'ਥੋਡਾ ਕੀ ਖਿਆਲ ਏ, ਕੀ ਕਹਿੰਦੇ ਹੋ ਫੇਰ?'' ਇਹ ਹਰਾਮਜਾਦੇ ਸਾਡੇ ਟੁੱਕੜਾਂ ਤੇ ਪਲਦੇ ਰਹੇ ਨੇ, ਇਹ ਕੁੱਤੇ ਨੇ ਜਿਹੜੇ ਸਾਡੇ ਬੂਹਿਆਂ ਤੇ ਬਹਿ ਕੇ ਖਾਂਦੇ ਰਹੇ ਨੇ ਅਤੇ ਅੱਜ ਉਹ ਸਾਡੀਆਂ ਕੁੜੀਆਂ ਨੂੰ ਭਾੜੇ ਤੇ ਕਰਦੇ ਨੇ ਜਿਵੇਂ ਕਿ ਅਸੀਂ ਮੰਗਤੇ ਹੋਈਏ।' ਉਹ ਨੇ ਫੇਰ ਮਰਦਾਵੀਂ ਅਵਾਜ਼ ਵਿਚ ਉਨ੍ਹਾਂ ਦੀ ਸਾਂਗ ਲਾਈ, ''ਕੀ ਕਹਿੰਦੇ ਉ! ਸਾਡੇ ਕੋਲ ਕਈ ਕੁੜੀਆਂ ਨੇ ਜੋ ਇਹ ਕਰਨ ਲਈ ਤਿਆਰ ਨੇ। ਦੱਸੋ ਨਾ ਫੇਰ''

...ਹਰਾਮਜਾਦੇ!'

ਮੈਂ ਸਮਝ ਰਹੀ ਸੀ ਕਿ ਉਹ ਉਨ੍ਹਾਂ ਤੋਂ ਬਹੁਤ ਔਖੀ ਏ। ਅਤੇ ਇਸ ਗੱਲੋਂ ਨਾਰਾਜ਼ ਵੀ ਏ ਕਿ ਧੰਦੇ ਤੋਂ ਕੰਜਰਾਂ ਦਾ ਕਾਬੂ ਖਤਮ ਹੁੰਦਾ ਜਾ ਰਿਹਾ ਏ।

'ਤੈਨੂੰ ਪਤਾ ਏ ਇਸ ਪੱਤੋਕੀ ਦੇ ਪ੍ਰੋਗਰਾਮ ਦਾ ਲੈਲਾ ਦੇ ਉਸਤਾਦ ਨੇ ਕੀ ਦਿੱਤਾ ਏ?' ਉਹ ਨੇ ਪੁੱਛਿਆ। 'ਉਹਨੇ ਉਸਨੂੰ ਦੋ ਹਜ਼ਾਰ ਰੁਪਏ ਦਿੱਤੇ ਨੇ, ਬੱਸ। ਇਹ ਹਰਾਮਜਾਦੇ ਸੌਦਾ ਤਾਂ ਕਰਦੇ ਹੀ ਨਹੀਂ। ਇਸੇ ਗੱਲ ਕਰਕੇ ਮੈਂ ਔਖੀ ਹਾਂ। ਸਾਨੂੰ ਮੰਨਣਾ ਪੈਂਦਾ ਏ ਜੋ ਉਹ ਕੰਹਿਦੇ ਨੇ।

ਉਹਨੇ ਬਾਰ-ਬਾਰ ਆਪਣੀ ਛਾਤੀ ਤੇ ਹੱਥ ਮਾਰਿਆ ਅਤੇ ਮਾਣ ਨਾਲ ਸਿਰ ਉੱਚਾ ਚੁੱਕ ਕੇ ਬੋਲੀ, 'ਅਸੀਂ ਖਾਨਦਾਨੀ ਕੰਜਰ ਹਾਂ, ਖਾਨਦਾਨੀ, ਉਹ ਨਹੀਂ ਜਿਹੜੇ ਪੈਸੇ ਖਾਤਰ ਧੰਦੇ ਵਿਚ ਪਏ ਨੇ। ਸਾਡੇ ਇਹ ਕੰਮ ਪੀੜ੍ਹੀਆਂ ਤੋਂ ਹੋ ਰਿਹਾ ਏ ਅਤੇ ਅਸੀਂ ਰਵਾਇਤਾਂ ਵੀ ਪਾਲੀਆਂ ਨੇ।'

ਉਹਦੇ ਮਾਣ ਨੂੰ ਮਾਨਤਾ ਦਿੰਦੇ ਹੋਏ ਮੈਂ ਨਰਮੀ ਨਾਲ ਪੁੱਛਿਆ, 'ਜਦ ਪਹਿਲਾਂ ਕੋਈ ਮੁਜਰਾ ਕੀਤਾ ਜਾਂਦਾ ਸੀ ਤਾਂ ਇਸ ਦਾ ਸੌਦਾ ਕਿਵੇਂ ਕੀਤਾ ਜਾਂਦਾ ਸੀ?',

'ਆਪਸ ਵਿੱਚ ਗੱਲ ਹੁੰਦੀ ਸੀ। ਕੋਈ ਦੱਲਾ ਜਾਂ ਪ੍ਰਬੰਧਕ ਪਾਰਟੀ ਨਾਲ ਗੱਲ ਕਰਨ ਲਈ ਕਿਸੇ ਦੀ ਜ਼ਿੰਮੇਵਾਰੀ ਲਾਉਂਦਾ ਸੀ। ਇਸ ਨਾਲ ਕਿਸੇ ਵੀ ਪੇਸ਼ਕਸ਼ ਲਈ ਸਿੱਧੀ ਨਾਂਹ ਕਰਨ ਦੀ

ਖੁਆਰੀ ਤੋਂ ਬਚਿਆ ਜਾ ਸਕਦਾ ਸੀ। ਮਿਸਾਲ ਦੇ ਤੌਰ ਤੇ ਜਿਵੇਂ ਜੇ ਕਿਸੇ ਮੁਜਰੇ ਦੀ ਪੇਸ਼ਕਸ਼ ਮੇਰੀਆਂ ਕੁੜੀਆਂ ਲਈ ਮੈਨੂੰ ਭੇਜੀ ਜਾਂਦੀ ਹੈ ਤਾਂ ਮੇਰੀ ਭੈਣ ਅਗਾਂਹ ਹੋਕੇ ਉਨ੍ਹਾਂ ਨਾਲ ਗੱਲ ਕਰੇਗੀ ਅਤੇ ਕਹੇਗੀ, ''ਮੈਂ ਜ਼ਰਾ ਅਪਣੀ ਭੈਣ ਨੂੰ ਪੁੱਛ ਲਵਾਂ, ਜਦੋਂ ਸਾਨੂੰ ਲਾਹੌਰ ਤੋਂ ਬਹੁਤੀ ਦੂਰ ਜਾਣਾ ਪਵੇ ਤਾਂ ਅਸੀਂ ਮੁਜਰਾ ਕਰਨ ਨੂੰ ਨਹੀਂ ਮੰਨਦੀਆਂ।'' ਫੇਰ ਉਹ ਮੇਰੇ ਕੋਲ ਆਵੇਗੀ ਤੇ ਗੱਲ ਕਹੇਗੀ। ਉਹ ਨਜ਼ਰਾਨਾ ਤੈਅ ਕਰਨ ਦੀ ਅਹਿਮ ਭੂਮਿਕਾ ਵੀ ਨਿਭਾਏਗੀ। ਪਾਰਟੀ ਦੀ ਪੇਸ਼ਕਸ਼ ਨੂੰ ਵਧਾਉਣ ਵਾਸਤੇ ਉਹ ਕਰੇਗੀ'' ਮੇਰੀ ਭੈਣ ਨਹੀਂ ਮੰਨਦੀ ਪਰ ਜੇ ਤੁਸੀਂ ਐਨੇ ਪੈਸੇ ਦੇਣ ਲਈ ਤਿਆਰ ਹੋਵੇ ਤਾਂ ਹੋ ਸਕਦਾ ਏ ਮੈਂ ਤੁਹਾਡੇ ਸੱਦੇ ਲਈ ਉਸਨੂੰ ਮਨਾਂ ਲਵਾਂ।''

ਉਹੀ ਇਕ ਹੁੰਦੀ ਏ ਜਿਹੜੀ ਸਾਡੀਆਂ ਕੁੜੀਆਂ ਦੇ ਮੁਜਰਿਆਂ ਦੀਆਂ ਕਹਾਣੀਆਂ ਉਨ੍ਹਾਂ ਨੂੰ ਦੱਸਦੀ ਏ ਕਿ ਕਿਵੇਂ ਉਹ ਫਲਾਣੇ ਵੱਡੇ ਨਵਾਬ ਦੇ ਘਰ ਮੁਜਰਾ ਕਰਨ ਗਈਆਂ ਸਨ ਤੇ ਉਹ ਕਿੰਨੀਆਂ ਮਸ਼ਹੂਰ ਨੇ ਅਤੇ ਕਿਵੇਂ ਦਾ ਗਾਉਂਦੀਆਂ ਨੇ'', ਸਮਝ ਗਈ ਨਾਂ, ਉਹ ਪਾਰਟੀ ਦੇ ਸਾਮ੍ਹਣੇ ਵਧਾਅ-ਚੜ੍ਹਾਅ ਕੇ ਉਨ੍ਹਾਂ ਨੂੰ ਪੇਸ਼ ਕਰੇਗੀ। ਇਸ ਤਰ੍ਹਾਂ ਇਕ ਤਰ੍ਹਾਂ ਨਾਲ ਉਹ ਉਨ੍ਹਾਂ ਦੇ ਵੱਲ ਦੀ ਹੋ ਕੇ ਉਨ੍ਹਾਂ ਦੀ ਮਦਦ ਕਰੇਗੀ ਅਤੇ ਇਹ ਦਿਖਾਏਗੀ ਕਿ ਉਸਨੇ ਉਨ੍ਹਾਂ ਲਈ ਬਹੁਤ ਵਧੀਆ ਕੰਮ ਕਰਕੇ ਸੌਦਾ ਉਨ੍ਹਾਂ ਦੇ ਹੱਕ ਵਿਚ ਤੋੜਿਆ ਏ ਪਰ ਦਰਅਸਲ ਉਹ ਕਰਦੀ ਸਾਡੇ ਹੱਕ ਦੀ ਸੀ। ਇਸ ਤਰ੍ਹਾਂ ਸੌਦੇਬਾਜ਼ੀ ਨਰਮ ਰਹਿ ਕੇ ਚੰਗੇ ਤਰੀਕੇ ਨਾਲ ਹੋ ਜਾਂਦੀ ਸੀ ਅਤੇ ਕਿਸੇ ਨੂੰ ਵੀ ਤਲਖੀ ਨਾ ਹੁੰਦੀ। ਹੁਣ ਇਨ੍ਹਾਂ ਬੰਦਿਆਂ ਨੂੰ ਪਤਾ ਹੀ ਨਹੀਂ ਕਿ ਸੌਦਾ ਕਿਵੇਂ ਕੀਤਾ ਜਾਂਦਾ ਏ। ਉਹ ਤਾਂ ਸਿਰਫ਼ ਸਾਜ ਹੀ ਵਜਾ ਸਕਦੇ ਨੇ ਤੇ ਬੱਸ। ਉਹ ਸੌਦਾ ਵੀ ਇਸ ਤਰ੍ਹਾਂ ਮੁਕਾਉਂਦੇ ਨੇ ਜਿਵੇਂ ਦੂਜੇ ਬੰਦੇ ਦੇ ਸਿਰ ਤੇ ਹਥੌੜਾ ਮਾਰ ਰਹੇ ਹੋਣ।'

ਮੈਂ ਹੱਸਣੋ ਨਾ ਰਹਿ ਸਕੀ। ਮੈਂ ਉਸਨੂੰ ਕਦੀ ਵੀ ਐਨੀ ਗੰਭੀਰ ਹੋ ਕੇ ਮੈਨੂੰ ਕੁਝ ਦੱਸਦੀ ਨਹੀਂ ਦੇਖਿਆ ਸੀ ਅਤੇ ਉਹ ਹੱਥ ਵੀ ਹਿਲਾ ਰਹੀ ਸੀ ਤੇ ਸਾਂਗ ਵੀ ਲਾਹ ਰਹੀ ਸੀ।

ਉਹ ਨੇ ਕਹਿਣਾ ਜਾਰੀ ਰੱਖਿਆ, 'ਮੈਂ ਐਨਾ ਖੁਲ ਕੇ ਅਪਣੇ ਧੰਦੇ ਬਾਰੇ ਕਦੀ ਕਿਸੇ ਨੂੰ ਨਹੀਂ ਦੱਸਿਆ। ਅਸੀਂ ਅਪਣੇ ਧੰਦੇ ਦੇ ਭੇਤ ਕਦੀ ਕਿਸੇ ਨੂੰ ਨਹੀਂ ਦੱਸਦੇ।'

'ਮੈਂ ਸਮਝਦੀ ਹਾਂ' ਮੈਂ ਮੁਸਕਰਾ ਕੇ ਕਿਹਾ ਤੇ ਪੁੱਛਿਆ, 'ਕੀ ਬੰਦੇ ਵੀ ਇਸ ਵਿਚ ਵਿਚੋਲੇ ਦੇ ਤੌਰ ਤੇ ਸ਼ਾਮਲ ਹੁੰਦੇ ਨੇ?'

'ਬਿਲਕੁਲ, ਪ੍ਰਬੰਧਕਾਂ ਵੱਲੋਂ ਕੋਈ ਵੀ ਹੋ ਸਕਦਾ ਏ। ਜੇ ਕਦੀ ਕੋਈ ਪਾਰਟੀ ਕਿਸੇ ਸੰਪਰਕ ਸੂਤਰ ਰਾਹੀਂ ਆਈ ਹੋਵੇ, ਬੰਦਾ ਜਾਂ ਔਰ੍ਤ, ਤਾਂ ਉਹ ਬੰਦਾ ਵਿਚਾਲੇ ਪੈ ਜਾਂਦਾ ਏ ਅਤੇ ਆਪਣੀ ਫੀਸ ਲੈ ਲੈਂਦਾ ਏ।'

ਮੈਂ ਪੁੱਛਿਆ, 'ਪਰ ਹੁਣ ਇਹ ਪੇਸ਼ਕਸ਼ਾਂ ਸੰਗੀਤਕਾਰਾਂ ਨੂੰ ਕਿਉਂ ਹੋਣ ਲੱਗ ਪਈਆਂ ਨੇ?'

'ਹੁਣ ਲੋਕ ਆਮ ਮੁਜਰਾ ਤਾਂ ਕਰਾਉਂਦੇ ਹੀ ਨਹੀਂ।' ਉਹਨੇ ਜਵਾਬ ਦਿੱਤਾ, 'ਉਹ ਤਾਂ ਵੈਰਾਇਟੀ ਸ਼ੋਅ ਚਾਹੁੰਦੇ ਨੇ, ਜਿਵੇਂ ਉਹ ਟੈਲੀਵੀਜ਼ਨ ਤੇ ਦੇਖਦੇ ਨੇ। ਉਨ੍ਹਾਂ ਨੂੰ ਸੰਗੀਤ, ਕਾਮੇਡੀ ਅਤੇ ਨਾਚ ਅਤੇ ਨਾਲ ਹੀ ਇਕ ਸਟੇਜ ਸ਼ੋਅ ਚਾਹੀਦਾ ਏ ਅੱਜ ਕਲ। ਮੁਜਰੇ ਦਾ ਆਨੰਦ ਲੁੱਟਣ ਦੇ ਦਿਨ ਤਾਂ ਹੁਣ ਲੱਦ ਹੀ ਗਏ ਨੇ। ਨੱਚਣ ਲਈ ਤੁਹਾਨੂੰ ਇਕ ਖਾਸ ਮਾਹੌਲ ਚਾਹੀਦਾ ਹੁੰਦਾ ਏ ਅਤੇ ਤੁਸੀਂ ਇਹ ਪੈਦਾ ਕਰਦੇ ਹੋ, ਇਕ ਤੋਂ ਬਾਦ ਇਕ ਗਾਣਾ ਸੁਣਾ ਕੇ। ਤੁਸੀਂ ਆਪਣੇ ਸਰੋਤਿਆਂ ਨਾਲ ਸੰਪਰਕ ਸਾਧਦੇ ਹੋ। ਤੁਸੀਂ ਉਨ੍ਹਾਂ ਨੂੰ ਉਭਾਰਦੇ ਹੋ ਤੇ ਫੇਰ ਹੇਠਾਂ ਲੈ ਆਉਂਦੇ ਹੋ।

ਮੁਜਰਾ ਇਕ ਗੁੰਝਲਦਾਰ ਚੀਜ਼ ਏ। ਇਕ ਤਿੰਨ ਮਿੰਟਾਂ ਦੇ ਨਾਚ ਵਿਚ ਅਸੀਂ ਗਾਹਕ ਤੋਂ ਹੋਰ ਕੀ ਭਾਲ ਸਕਦੇ ਹਾਂ? ਪਹਿਲਾਂ ਅਸੀਂ ਠੀਕ ਮਾਹੌਲ ਪੈਦਾ ਕਰਦੀਆਂ ਸੀ ਤਾਂ ਕਿ ਸਰੋਤੇ ਘੰਟਿਆਂ ਬੱਧੀ ਸੁੰਦਰ ਨਾਚੀਆਂ ਦੇ ਸੰਗ ਸੰਗੀਤ ਅਤੇ ਨਾਚ ਦਾ ਲੁਤਫ ਉਠਾ ਸਕ । ਮੁਜਰੇ ਦੀਆਂ ਆਪਣੀਆਂ ਲੋੜਾਂ ਹਨ, ਜਦੋਂ ਨੂੰ ਇਹ ਖਤਮ ਹੁੰਦਾ ਸੀ ਨਾਚੀਆ ਨੇ ਕਈਆਂ ਦੇ ਦਿਲ ਝਰੀਟ ਦਿੱਤੇ ਹੁੰਦੇ ਸੀ। ਹੁਣ ਇਸ ਤਰ੍ਹਾਂ ਦੇ ਤੇਜ਼-ਤਰਾਰ ਸ਼ੋਆਂ ਵਿਚ ਇਹ ਕਿਵੇਂ ਸੰਭਵ ਏ ਜਿੱਥੇ ਹਰੇਕ ਕਲਾਕਾਰ ਦੂਜੇ ਨਾਲੋਂ ਵਧ ਕੇ ਕੁਝ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਏ? ਇਹ ਤਾਂ ਸਭ ਕੁਝ ਹੀ ਨਿਰੀ ਬਕਵਾਸ ਏ।'

'ਫੇਰ ਦੱਲੇ ਕਿੱਥੇ ਫਿੱਟ ਹੁੰਦੇ ਨੇ?' ਮੈਂ ਮਾਸੂਮੀਅਤ ਨਾਲ ਪੁੱਛਿਆ।

ਉਹ ਮੇਰੇ ਸਵਾਲ ਨੂੰ ਸੁਣ ਕੇ ਹੈਰਾਨ ਹੋਈ ਅਤੇ ਪੁੱਛਿਆ, 'ਮੈਂ ਤੇਰਾ ਮਤਲਬ ਨਹੀਂ ਸਮਝੀ।'

'ਮੇਰਾ ਮਤਲਬ ਸੀ ਉਨ੍ਹਾਂ ਨੂੰ ਨਹੀਂ ਮੁਜਰਿਆਂ ਜਾਂ ਵੈਰਾਇਟੀ ਸ਼ੋ ਆਂ ਦੇ ਸੱਦੇ ਮਿਲਦੇ। ਉਹ ਕੌਣ ਹਨ ਤੇ ਕੀ ਕਰਦੇ ਹਨ?'

'ਇਹ ਕਹਾਣੀ ਹੋਰ ਏ, ਬੇਟੀ, ਪਰ ਸੰਗੀਤਕਾਰਾਂ ਦੀ ਬੁਰਾਈ ਕਰਦੀ ਹੋਈ ਮੈਂ ਤੈਨੂੰ ਇਕ ਗੱਲ ਇਹ ਵੀ ਦੱਸ ਦਿਆਂ ਕਿ ਉਹ ਹੈ ਬੜੇ ਚੁਸਤ ਨੇ। ਉਹ ਗਾਹਕਾਂ ਨਾਲ ਆਪਣੇ ਹੀ ਸੰਪਰਕ ਬਣਾ ਲੈਂਦੇ ਨੇ ਜਿਹੜੇ ਮਨੋਰੰਜਨ ਦੇ ਇਸ ਕਾਰੋਬਾਰ ਵਿਚ ਉਨ੍ਹਾਂ ਦੀ ਮਦਦ ਕਰ ਸਕਦੇ ਨੇ। ਇਸ ਤਰ੍ਹਾਂ ਉਨ੍ਹਾਂ ਦਾ ਕਾਬੂ ਵਧਦਾ ਜਾਂਦਾ ਏ। ਉਹ ਇਹ ਸੌਦੇ ਲੈ ਕੇ ਸਾਡੇ ਕੋਲ ਆਉਂਦੇ ਨੇ ਪਰ ਆਪਣਾ ਵੱਡਾ ਸੌਦਾ ਗਾਹਕ ਨਾਲ ਹੀ ਕਰ ਚੁੱਕੇ ਹੁੰਦੇ ਨੇ। ਇਸ ਲਈ ਉਹੀ ਹਨ ਜਿਹੜੇ ਅਸਲੀ ਪੈਸਾ ਬਣਾਉਂਦੇ ਨੇ। ਅਸੀਂ ਤਾਂ ਸਿਰਫ ਮਜਦੂਰਾਂ ਵਾਂਗ ਹੁੰਦੇ ਹਾਂ ਜਿਨ੍ਹਾਂ ਨੂੰ ਉਹ ਮਜਦੂਰੀ ਤੇ ਕਰਦੇ ਹਨ ਅਤੇ ਜੋ ਤੈਅ ਹੁੰਦਾ ਏ ਦੇ ਦਿੰਦੇ ਹਨ।'

'ਜੇ ਉਹ ਤੁਹਾਡਾ ਕਾਬੂ ਹੀ ਖੋਹ ਕੇ ਲੈ ਜਾ ਰਹੇ ਨੇ ਫੇਰ ਤੁਸੀਂ ਇਹ ਪੇਸ਼ਕਸਾਂ ਮੰਨਦੇ ਕਿਉਂ ਹੋ?'

'ਇਹ ਧੰਦਾ ਹੁਣ ਐਨਾ ਮਾੜਾ ਚੱਲ ਰਿਹਾ ਏ ਕਿ ਅਸੀਂ ਜੀਣ ਲਈ ਸੰਘਰਸ਼ ਕਰ ਰਹੀਆਂ ਹਾਂ। ਅਸੀਂ ਉਨ੍ਹਾਂ ਦੀ ਪੇਸ਼ਕਸ਼ ਇਸ ਲਈ ਮੰਨ ਲੈਂਦੀਆਂ ਹਾਂ ਕਿ ਹੋ ਸਕਦਾ ਏ ਕਿ ਦਰਸ਼ਕਾਂ ਵਿਚੋਂ ਸਾਨੂੰ ਵੀ ਕੋਈ ਆਪਣਾ ਹੀ ਗਾਹਕ ਲੱਭ ਪਏ। ਸਾਡੇ ਕੋਲ ਹੋਰ ਕੋਈ ਚਾਰਾ ਹੀ ਨਹੀਂ ਏ।'

'ਉਹ ਠੀਕ ਵੀ ਨੇ! ਜੇ ਮੈਂ ਉਨ੍ਹਾਂ ਦੀ ਪੇਸ਼ਕਸ਼ ਰੱਦ ਕਰ ਦਿੰਦੀ ਹਾਂ ਤਾਂ ਹੋਰ ਕੋਈ ਇਹ ਖੋਹ ਲਵੇਗਾ। ਇਹ ਸੰਗੀਤਕਾਰ ਹੀ ਸਾਨੂੰ ਨਿਘਾਰ ਰਹੇ ਨੇ। ਉਨ੍ਹਾਂ ਨੂੰ ਪਤਾ ਏ ਕਿ ਸਾਡਾ ਮਾੜਾ ਸਮਾਂ ਏ ਅਤੇ ਜੇ ਉਹ ਚੁਸਤ ਰਹੇ ਤਾਂ ਉਹ ਇਸ ਧੰਦੇ ਵਿਚ ਛਾਏ ਰਹਿਣਗੇ।'

'ਪਰ ਇਹ ਤਾਂ ਮੈਨੂੰ ਯਕੀਨ ਏ ਕਿ ਮੁਜਰੇ ਦਾ ਧੰਦਾ ਅਜੇ ਜਾਰੀ ਏ। ਜਾਂ ਕਿ ਇਹ ਸਾਰਾ ਹੀ ਵੈਰਾਇਟੀ ਸ਼ੋਆਂ ਵਿਚ ਜਾ ਰਲਿਆ ਏ?'

'ਨਾ, ਨਾ! ਸਾਨੂੰ ਅਜੇ ਵੀ ਮੁਜਰੇ ਲਈ ਸੱਦੇ ਆਉਂਦੇ ਨੇ ਪਰ ਸਾਡਾ ਬਹੁਤਾ ਕੰਮ ਖਾਸ ਗਾਹਕਾਂ ਤੋਂ ਹੋਰ ਸੇਵਾਵਾਂ ਲਈ ਸੱਦੇ ਪ੍ਰਾਪਤ ਕਰਨ ਦੁਆਲੇ ਹੀ ਘੁੰਮਦਾ ਏ· ਖਾਸ ਕਰਕੇ ਕਾਰੋਬਾਰੀ ਖੇਤਰ ਵਿਚੋਂ। ਜਿਹੜੇ ਗਾਹਕ ਬਚੇ ਰਹਿ ਗਏ ਨੇ ਉਨ੍ਹਾਂ ਲਈ ਅਸੀਂ ਵੱਧੋ ਵੱਧ ਸਭ

ਕੁਝ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਚੰਗੇ ਗਾਹਕ ਤਾਂ ਉਹ ਕੁੜੀਆਂ ਹੀ ਲੈ ਗਈਆਂ ਨੇ ਜਿਹੜੀਆਂ ਗੁਲਬਰਗ ਦੇ ਇਲਾਕੇ ਵਿਚ ਜਾ ਬੈਠੀਆਂ ਨੇ।'

'ਕੀ ਤੁਸੀ ਇਸ ਧੰਦੇ ਲਈ ਦੱਲੇ ਜਾਂ ਅਜੰਟ ਵਰਤਦੇ ਹੋ?' ਮੈਂ ਪੁੱਛਿਆ, ਅਤੇ ਵੇਖਣ ਲੱਗੀ ਕਿ ਕੀ ਉਹ ਇਹ ਗੱਲ ਮੈਨੂੰ ਇਮਾਨਦਾਰੀ ਨਾਲ ਦੱਸਦੀ ਹੈ ਜਾਂ ਨਹੀਂ।

ਕੁਰਸੀ ਤੋਂ ਉੱਠ ਕੇ ਉਹ ਮੂੰਹ ਮੋੜਦੀ ਹੋਈ ਬੋਲੀ, 'ਨਹੀਂ'! ਮੈਨੂੰ ਖ਼ੁਦਾ ਤੇ ਭਰੋਸਾ ਏ। ਮੈਨੂੰ ਉਹੀ ਮਿਲਦਾ ਏ ਜੋ 'ਇਹ' ਦਿੰਦਾ ਏ। ਇਸੇ ਕਰਕੇ ਤਾਂ ਮੈਂ ਇੱਥੋਂ ਉੱਠ ਕੇ ਕਿਤੇ ਨਹੀਂ ਗਈ ਮੇਰੇ ਕੋਲ ਉਹ ਜਾਇਦਾਦ ਏ। ਮੈਂ ਜਾਂਦੀ ਵੀ ਕਿੱਥੇ? ਮੈਂ ਇਹ ਥਾਂ ਕਿਵੇਂ ਛੱਡ ਦਿੰਦੀ? ਜਿਵੇਂ ਹਾਲਾਤ ਚੱਲ ਰਹੇ ਨੇ ਜੇ ਮੈਂ ਇਹਨੂੰ ਕਿਰਾਏ ਤੇ ਦੇ ਕੇ ਕਿਤੇ ਹੋਰ ਵੀ ਜਾ ਬਹਿੰਦੀ ਤਾਂ ਇਹ ਕਿਸੇ ਨੇ ਦੱਬ ਲੈਣੀ ਸੀ। ਤੈਨੂੰ ਨਹੀਂ ਪਤਾ ਅੱਜਕਲ ਲੋਕ ਕਿਸ ਤਰ੍ਹਾਂ ਦੇ ਹੋ ਗਏ ਨੇ। ਇਮਾਨਦਾਰੀ ਤਾਂ ਕਿਤੇ ਰਹੀ ਹੀ ਨਹੀਂ। ਮੈਂ ਕਿਤੇ ਵੀ ਨਹੀਂ ਜਾ ਸਕਦੀ। ਮੈਂ ਆਪਣੇ ਪਰਿਵਾਰ ਨੂੰ ਜਿੰਦਾ ਰੱਖਣ ਲਈ ਰੋਜ਼ੀ ਰੋਟੀ ਭੇਜਣ ਵਾਸਤੇ ਖ਼ੁਦਾ ਤੇ ਹੀ ਭਰੋਸਾ ਰੱਖਦੀ ਹਾਂ।'

ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਉੱਠ ਕਿਉਂ ਰਹੀ ਏ। ਲੱਗਦਾ ਸੀ ਕਿ ਉਹ ਇਸ ਧੰਦੇ ਵਿਚ ਦੱਲਿਆਂ ਦੇ ਰੋਲ ਬਾਰੇ ਕੋਈ ਗੱਲ ਨਹੀਂ ਕਰਨੀ ਚਾਹੁੰਦੀ ਸੀ। ਉਹ ਘਰ ਦੇ ਅੰਦਰ ਚਲੀ ਗਈ ਅਤੇ ਕੁਝ ਮਿੰਟਾਂ ਬਾਦ ਹੀ ਕੁਝ ਤਸਵੀਰਾਂ ਹੱਥ ਵਿਚ ਫੜੀਂ ਮੁੜ ਆਈ। ਉਹਨੇ ਇਹ ਮੇਰੇ ਸਾਮ੍ਹਣੇ ਰੱਖ ਦਿੱਤੀਆਂ। ਇਹ ਉਹਦੀ ਭੈਣ ਤੇ ਉਹਦੀਆਂ ਕਾਲੀਆਂ-ਸਫੇਦ ਤਸਵੀਰਾਂ ਸਨ। ਉਹ ਫੇਰ ਆਪਣੀ ਕੁਰਸੀ ਤੇ ਬੈਠ ਗਈ।

ਉਹ ਕਹਿਣ ਲੱਗੀ, 'ਇਨ੍ਹਾਂ ਨੂੰ ਵੇਖ ਜ਼ਰਾ, ਅਸੀਂ ਕਿਸ ਤਰ੍ਹਾਂ ਦੀਆਂ ਸਲੀਕੇ ਵਾਲੀਆਂ ਹੁੰਦੀਆਂ ਸੀ। ਸਾਨੂੰ ਅਪਣੇ ਧੰਦੇ ਦਾ ਪਤਾ ਸੀ ਅਤੇ ਇਸ ਨੂੰ ਕਰਨ ਦਾ ਸਹੀ ਢੰਗ ਵੀ। ਇਹ ਗੰਦ ਤਾਂ ਹੁਣ ਮੈਥੋਂ ਬਰਦਾਸ਼ਤ ਹੀ ਨਹੀਂ ਹੁੰਦਾ। ਉਨ੍ਹਾਂ ਕੁੜੀਆਂ ਵੱਲ ਜਰਾ ਦੇਖ ਜਿਹੜੀਆਂ ਫਿਲਮਾਂ ਵਿਚ ਪਹੁੰਚ ਗਈਆਂ ਨੇ। ਉਹ ਮੁਹੱਲੇ ਦੀਆਂ ਸਭ ਬੇਹਤਰੀਨ ਹੋਣੀਆਂ ਚਾਹੀਦੀਆਂ ਸਨ। ਪਰ ਇਹ ਨਿਰੀਆਂ ਗੰਦਗੀ ਹਨ।'

ਉਹਨੇ ਆਪਣੇ ਕੰਨਾਂ ਨੂੰ ਹੱਥ ਲਾਇਆ ਤੇ ਬੋਲੀ, 'ਮੈਂ ਕਦੀ ਸੋਚਿਆ ਵੀ ਨਹੀਂ ਸੀ ਕਿ ਜਿੰਦਾ ਰਹਿਣ ਲਈ ਸਾਨੂੰ ਇਨ੍ਹਾਂ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਏਗਾ। ਫਿਲਮਾਂ ਵਿਚ ਹਿੱਸਾ ਲੈਣ ਲਈ ਜੋ ਕੁਝ ਇਨ੍ਹਾਂ ਕੁੜੀਆਂ ਨੂੰ ਨਿਰਦੇਸ਼ਕਾਂ ਤੇ ਨਿਰਮਾਤਾਵਾਂ ਨਾਲ ਕਰਨਾ ਪੈਂਦਾ ਏ ਉਹ ਤਾਂ ਬੜਾ ਹੀ ਔਖਾ ਏ। ਪਰ ਜੇ ਤੁਸੀਂ ਨਹੀਂ ਕਰਦੀਆਂ ਤਾਂ ਫੇਰ ਹੋ ਸਕਦਾ ਏ ਕਿ ਤੁਹਾਨੂੰ ਮੌਤ ਦੇ ਮੂੰਹ ਵਿਚ ਹੀ ਪੈਣਾ ਪਏ।'

'ਤੂੰ ਵੀ ਚਾਹੁੰਦੀ ਏਂ ਕਿ ਲੈਲਾ ਫਿਲਮਾਂ ਵਿਚ ਜਾਵੇ?'

'ਮੈਂ ਤਾਂ ਬੱਸ ਇਕ ਚੰਗਾ ਜੀਵਨ ਚਾਹੁੰਦੀ ਹਾਂ, ਇਸੇ ਘਰ ਵਿਚ ਬੈਠ ਕੇ, ਬੱਸ!'

ਇਹ ਦੇਖ ਕੇ ਕਿ ਉਹ ਦੱਲਿਆਂ ਬਾਰੇ ਜਾਣਕਾਰੀ ਦੇਣ ਲਈ ਅਗਾਂਹ ਨਹੀਂ ਵਧ ਰਹੀ, ਮੈਂ ਫੇਰ ਉਹਨੂੰ ਪੁੱਛਿਆ, 'ਚੰਗੇ ਗਾਹਕ ਲੱਭਣ ਲਈ ਹੋਰ ਲੋਕ ਦੱਲਿਆਂ ਨਾਲ ਕਿਵੇਂ ਸੰਪਰਕ ਕਰਦੇ ਨੇ?'

ਉਹਨੇ ਜਵਾਬ ਦਿੱਤਾ, 'ਮੈਂ ਕਦੇ ਘਰੋਂ ਬਾਹਰ ਨਹੀਂ ਜਾਂਦੀ। ਮੈਂ ਨਹੀਂ ਜਾਣਦੀ ਹੋਰ ਲੋਕ ਕੀ ਕਰਦੇ ਨੇ। ਮੇਰੀ ਪਰਵਰਿਸ਼ ਇਸ ਤਰ੍ਹਾਂ ਦੀ ਨਹੀਂ ਹੋਈ। ਮੈਨੂੰ ਤਾਂ ਇਹੀ ਸਿਖਾਇਆ

ਗਿਆ ਏ ਕਿ ਮੈਂ ਅਪਣਾ ਪੂਰਾ ਧਿਆਨ ਆਪਣੇ ਟੱਬਰ ਤੇ ਰੱਖਾਂ ਅਤੇ ਐਧਰ-ਉੱਧਰ ਲੋਕਾਂ ਕੋਲ ਨਾ ਫਿਰਦੀ ਰਹਾਂ। ਮੈਨੂੰ ਦੱਸ ਜ਼ਰਾ, ਤੈਨੂੰ ਐਥੇ ਆਉਂਦੀ ਨੂੰ ਹੁਣ ਕਈ ਮਹੀਨੇ ਹੋ ਚੱਲੇ ਨੇ। ਤੂੰ ਮੈਨੂੰ ਕਦੇ ਘਰੋਂ ਬਾਹਰ ਜਾਂਦੀ ਨੂੰ ਦੇਖਿਆ ਏ? ਤੂੰ ਮੈਨੂੰ ਕਦੇ ਕਿਸੇ ਹੋਰ ਕੋਲ ਬੈਠੀ ਦੇਖਿਆ ਏ? ਬੇਟਾ! ਮੈਂ ਕਦੀ ਬਾਹਰ ਨਹੀਂ ਜਾਂਦੀ, ਇਸ ਕਰਕੇ ਮੈਂ ਨਹੀਂ ਜਾਣਦੀ ਕਿ ਹੋਰ ਲੋਕਾਂ ਦੇ ਕੀ ਧੰਦੇ ਨੇ।'

ਮੈਂ ਉਹਨੂੰ ਸ਼ਾਹਿਦ ਦੀ ਭੂਮਿਕਾ ਬਾਰੇ ਪੁੱਛਣਾ ਚਾਹੁੰਦੀ ਸੀ ਪਰ ਮੈਂ ਸੋਚਿਆ ਕਿ ਇਸ ਦਿਨ ਬੱਸ ਐਨਾ ਹੀ ਕਾਫੀ ਏ। ਮੈਂ ਨਹੀਂ ਚਾਹੁੰਦੀ ਸੀ ਕਿ ਉਹ ਆਪਣਾ ਮੂੰਹ ਹੀ ਬੰਦ ਕਰ ਲਵੇ। ਮੈਂ ਦੇਖ ਲਿਆ ਸੀ ਕਿ ਉਹ ਇਸ ਬਾਰੇ ਗੱਲ ਕਰਨ ਨੂੰ ਵੀ ਤਿਆਰ ਨਹੀਂ ਸੀ ਕਿ ਉਹ ਆਪਣਾ ਧੰਦਾ ਕਿਵੇਂ ਵਧਾਉਂਦੀ ਏ। ਇਹ ਗੱਲ ਉਹ ਠੀਕ ਕਹਿੰਦੀ ਸੀ ਕਿ ਉਹ ਇਹ ਇਲਾਕਾ ਛੱਡ ਕੇ ਨਹੀਂ ਜਾਣਾ ਚਾਹੁੰਦੀ ਅਤੇ ਇਹ ਵੀ ਉਨ੍ਹਾਂ ਵਿਚੋਂ ਇਕ ਏ ਜਿਨ੍ਹਾਂ ਨੇ ਇੱਥੇ ਰਹਿਣ ਹੀ ਪਸੰਦ ਕੀਤਾ। ਉਹਦੇ ਵਰਗੇ ਹੀ ਹੋਰ ਬਹੁਤ ਸਾਰੇ ਪਰਿਵਾਰਾਂ ਨੇ ਇਹ ਆਸ ਕਰਨੀ ਹੀ ਛੱਡ ਦਿੱਤੀ ਏ ਕਿ ਇਸ ਮੁਹੱਲੇ ਦੀ ਹਾਲਤ ਵਿਚ ਕੋਈ ਸੁਧਾਰ ਹੋਏਗਾ। ਉਹ ਪੁਲਿਸ ਦੀ ਪ੍ਰੇਸ਼ਾਨੀ ਤੋਂ ਥੱਕ ਗਈਆਂ ਸਨ ਅਤੇ ਗੁਲਬਰਗ ਚਲੀਆਂ ਗਈਆਂ ਸਨ ਜੋ ਕਿ ਲਾਹੌਰ ਦਾ ਇਕ ਧਨੀ ਰਿਹਾਇਸ਼ੀ ਅਤੇ ਵਪਾਰਕ ਇਲਾਕਾ ਏ। ਸਾਲਾਂ ਤੋਂ ਪਰਿਵਾਰ ਉੱਥੇ ਕਈ ਕਾਰਨਾਂ ਕਰਕੇ ਜਾਂਦੇ ਰਹੇ ਹਨ।

ਆਮ ਤੌਰ ਤੇ ਜਿਸ ਟੱਬਰ ਨੂੰ ਫਿਲਮਾਂ ਵਿਚ ਕੰਮ ਕਰਨ ਦਾ ਮੌਕਾ ਮਿਲ ਜਾਂਦਾ ਏ ਤਾਂ ਉਹ ਆਪਣਾ ਮੁਹੱਲੇ ਨਾਲੋਂ ਪ੍ਰਤੱਖ ਸਬੰਧ ਤੋੜਨ ਦੀ ਸੋਚਦਾ ਏ। ਉਹ ਨਵੇਂ ਫਿਲਮੀ ਸਿਤਾਰੇ ਨੂੰ ਸਮਾਜ ਦੀ ਮੁੱਖਧਾਰਾ ਦੀ ਪੈਦਾਇਸ਼ ਦਰਸਾਉਣ ਦੀ ਕੋਸ਼ਿਸ਼ ਕਰਦੇ ਨੇ। ਉਨ੍ਹਾਂ ਤੇ ਇਹ ਦਬਾਉ ਨਹੀਂ ਹੁੰਦਾ ਕਿ ਉਹ ਆਪਣੇ ਸਾਥੀਆਂ ਜਾਂ ਫਿਲਮ ਜਗਤ ਦੇ ਲੋਕਾਂ ਕੋਲ ਇਹ ਪਖੰਡ ਰਚਾਉਣ, ਬਲਕਿ ਇਹ ਕੁਝ ਸਿਰਫ ਪ੍ਰਸ਼ੰਸਕਾਂ ਅਤੇ ਆਮ ਲੋਕਾਂ ਲਈ ਕਰਨਾ ਪੈਂਦਾ ਏ। ਕੁਝ ਇਸ ਕਰਕੇ ਚਲੇ ਚਾਂਦੇ ਨੇ ਕਿ ਉਹ ਸੰਗੀਤ ਅਤੇ ਨਾਚ ਦੀ ਆੜ ਵਿਚ ਰੰਡੀ ਦੇ ਧੰਦੇ ਨੂੰ ਰਵਾਇਤੀ ਤੌਰ ਤੇ ਚਲਾਉਣ ਵਿਚ ਮੁਸ਼ਕਿਲ ਮਹਿਸੂਸ ਕਰਦੇ ਨੇ ਅਤੇ ਕਾਲ-ਗਰਲ ਦੇ ਗਲ-ਕੱਟ ਧੰਦੇ ਨੂੰ ਚੁਣ ਲੈਂਦੇ ਨੇ। ਮੈਂ ਕੁਝ ਅਜਿਹੇ ਪਰਿਵਾਰਾਂ ਦੀ ਸੂਹ ਲਾ ਰਹੀ ਸੀ ਜੋ ਸ਼ਾਹੀ ਮੁਹਲੇ ਤੋਂ ਉੱਠ ਕੇ ਗੁਲਬਰਗ ਚਲੇ ਗਏ ਸਨ। ਕੈਸਰਾ ਦੇ ਧੰਦੇ ਨਾਲੋਂ ਉਨ੍ਹਾਂ ਦਾ ਦੱਲਿਆਂ ਅਤੇ ਅਜੰਟਾਂ ਦਾ ਜਾਲ ਵਧੇਰੇ ਸਫਲ ਢੰਗ ਨਾਲ ਫੈਲਿਆ ਹੋਇਆ ਸੀ। ਉੱਥੇ ਦੱਲੇ ਦੇ ਰੋਲ ਦੀ ਵੱਧ ਅਹਿਮੀਅਤ ਸੀ ਕਿਉਂਕਿ ਔਰਤਾਂ ਲਈ ਇਹ ਬਹੁਤ ਮੁਸ਼ਕਿਲ ਹੁੰਦਾ ਸੀ, ਕੁੜੀਆਂ ਲਈ ਜਾਂ ਪ੍ਰਬੰਧਕਾਂ ਲਈ, ਕਿ ਉਹ ਖੁਲ੍ਹ ਕੇ ਸੌਦੇਬਾਜ਼ੀ ਕਰਦੀਆਂ ਫਿਰਨ।

ਗੁਲਬਰਗ ਦੇ ਇਨ੍ਹਾਂ ਪਰਿਵਾਰਾਂ ਵਿਚ ਦੱਲਿਆਂ ਨੇ ਪੂਰੇ ਧੰਦੇ ਦੀ ਵਾਗਡੋਰ ਅਪਣੇ ਹੱਥ ਸਾਂਭੀ ਹੋਈ ਸੀ। ਵਧੇਰੇ ਪੜ੍ਹੀਆਂ ਲਿਖੀਆਂ ਕਾਲ-ਗਰਲ ਦੱਲਿਆਂ ਨਾਲ ਮਜਬੂਤ ਸਾਂਝ ਬਣਾਕੇ ਰੱਖਦੀਆਂ ਹਨ। ਐਪਰ ਜੋ ਉਨ੍ਹਾਂ ਤੇ ਹੀ ਨਿਰਭਰ ਹੋ ਜਾਂਦੀਆਂ ਹਨ ਉਹ ਉਨ੍ਹਾਂ ਦੀ ਦਿਆ ਤੇ ਹੀ ਰਹਿ ਜਾਂਦੀਆ ਨੇ। ਨਾਇਕਾ ਅਤੇ ਦੱਲੇ ਵਿਚਲਾ ਸ਼ਕਤੀ ਦਾ ਸੰਤੁਲਨ ਹੀ ਪੁਆੜੇ ਦੀ ਜੜ ਏ ਜਿਹੜਾ ਕਿ ਅਕਸਰ ਬਦਲਦਾ ਰਹਿੰਦਾ ਏ। ਹਾਲਾਂਕਿ ਇਹ ਇਕ ਅਹਿਮ ਸ਼ਕਤੀ ਸੰਘਰਸ਼ ਦਾ ਰੂਪ ਧਾਰਨ ਕਰ ਚੁੱਕਾ ਏ ਪਰ ਉੱਤੋਂ ਅਜੇ ਇਹ ਚੰਗੀ ਭਾਈਵਾਲੀ ਦਾ ਹੀ ਝਉਲਾ ਪਾਉਂਦਾ ਏ। ਕਈ ਮਾਮਲਿਆਂ ਵਿਚ ਇਹ ਦੋਹਾਂ ਭਾਈਵਾਲਾਂ ਦੀਆਂ ਸ਼ਖਸੀਅਤਾਂ ਤੇ ਹੀ ਨਿਰਭਰ ਕਰਦਾ ਏ।

ਦੱਲੇ ਨਿਰੰਤਰ ਆਧਾਰ ਤੇ ਇਕ ਜਾਂ ਵਧੇਰੇ ਪਰਿਵਾਰਾਂ ਨੂੰ ਗਾਹਕ ਸਪਲਾਈ ਕਰਦੇ ਹਨ।

ਉਨ੍ਹਾਂ ਦਾ ਰਾਬਤਾ ਗੁਲਬਰਗ ਦੇ ਕੰਜਰ ਟੱਬਰਾਂ ਨਾਲ ਬਿਲਕੁਲ ਘਰ ਦੇ ਬੰਦਿਆਂ ਵਰਗਾ ਹੁੰਦਾ ਏ, ਪਰ ਇਕ ਅਜਿਹੇ ਬੰਦੇ ਵਰਗਾ ਜਿਸ ਦੀ ਨੀਅਤ ਤੇ ਪੂਰਾ ਭਰੋਸਾ ਨਹੀਂ ਕੀਤਾ ਜਾਂਦਾ। ਲਾਹੌਰ ਸ਼ਹਿਰ ਦੇ ਬਾਕੀ ਹਿੱਸਿਆਂ ਵਿਚ ਸਥਾਪਤ ਕੀਤੇ ਜਾ ਰਹੇ ਰੰਡੀ ਖਾਨਿਆਂ ਵਿਚ, ਜਿਨ੍ਹਾਂ ਦਾ ਸ਼ਾਹੀ ਮੁਹੱਲੇ ਦੇ ਘਰਾਂ ਜਾਂ ਇਸ ਦੀਆਂ ਰਵਾਇਤਾਂ ਨਾਲ ਕੋਈ ਲੈਣਾ ਦੇਣਾ ਨਹੀਂ, ਇਹ ਗਿਣਤੀ-ਮਿਣਤੀ ਬਿਲਕੁਲ ਵਖਰੀ ਤਰ੍ਹਾਂ ਦੀ ਏ। ਉੱਥੇ ਦੱਲੇ ਹੀ ਪ੍ਰਬੰਧਕ ਬਣਕੇ ਬੈਠੇ ਹਨ।

ਇਨ੍ਹਾਂ ਕਾਲ-ਗਰਲਾਂ ਦੇ ਗਾਹਕ ਜੀਵਨ ਦੇ ਹਰੇਕ ਪੱਧਰ ਦੇ ਬੰਦੇ ਹਨ, ਸਿਆਸਤਦਾਨ ਤੋਂ ਲੈਕੇ ਦੁਕਾਨਦਾਰ ਤੱਕ। ਕਈ ਵਾਰੀ ਉਹ ਉਪਨਗਰਾਂ ਵਿਚ ਜਾਣੀਆਂ ਪਛਾਣੀਆਂ ਥਾਵਾਂ ਤੇ ਵੀ ਚਲੇ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ ਕੋਈ ਦਲਾਲ ਮਿਲ ਜਾਂਦਾ ਏ ਜਾਂ ਉਹ ਕਿਸੇ ਅਜਿਹੀ ਔਰਤ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਦੇ ਨੇ ਜੋ ਗਲੀ ਵਿਚ ਇਸੇ ਕੰਮ ਲਈ ਖੜੀ ਲੱਗਦੀ ਹੋਵੇ। ਕੁਝ ਬਸ ਸਟਾਪਾਂ ਅਤੇ ਬਾਜ਼ਾਰਾਂ ਵਿਚ ਉਨ੍ਹਾਂ ਥਾਵਾਂ ਬਾਰੇ ਮਸ਼ਹੂਰ ਨੇ ਜਿੱਥੇ ਗਸ਼ਤੀਆਂ ਅਪਣੇ ਗਾਹਕਾਂ ਦੀ ਇੰਤਜਾਰ ਕਰਦੀਆਂ ਨੇ, ਪਰ ਇਹ ਪੱਛਮੀ ਦੇਸ਼ਾਂ ਵਾਂਗ ਖੁਲ੍ਹ ਕੇ ਨਹੀਂ ਹੁੰਦਾ।

ਮੁਹੱਲੇ ਵਿਚ ਮਰਦ ਗਾਹਕ ਅਕਸਰ ਸਮੂਹਾਂ ਵਿਚ ਆਉਂਦੇ ਨੇ। ਜੇ ਕੋਈ ਗਾਹਕ ਕਿਸੇ ਔਰਤ ਨਾਲ ਸੌਦਾ ਤੈਅ ਕਰ ਲੈਂਦਾ ਏ ਤਾਂ ਉਹ ਉਸਨੂੰ ਦੱਸ ਦਿੰਦਾ ਏ ਕਿ ਬਾਦ ਵਿਚ ਇਨੇ ਵਜੇ ਆਏਗਾ। ਐਪਰ, ਇਕ ਵੱਖਰਾ ਕਮਰਾ ਹਰ ਵੇਲੇ ਹੀ ਉਪਲਬਧ ਹੁੰਦਾ ਏ ਜੇ ਉਹ ਬੰਦਾ ਆਪਣੇ ਦੋਸਤਾਂ ਨਾਲੋਂ ਘੜੀ ਦੀ ਘੜੀ ਅੱਡ ਹੋਣਾ ਚਾਹੇ। ਮਰਦ ਆਪਣੇ ਨਾਲ ਕਦੀ ਔਰਤਾਂ ਨੂੰ ਲੈ ਕੇ ਨਹੀਂ ਆਉਂਦੇ ਜੇ ਉਹ ਮੁਹੱਲੇ ਵਿਚ ਸਿਰਫ ਸੰਗੀਤ ਸੁਣਨ ਲਈ ਵੀ ਆਏ ਹੋਣ। ਇਹ ਪੂਰੀ ਤਰ੍ਹਾਂ ਮਰਦਾਂ ਲਈ ਹੀ ਏ, ਜੇ ਕੋਈ ਔਰਤ ਨਾਲ ਆ ਵੀ ਜਾਵੇ ਤਾਂ ਉਹ ਵਿਦੇਸ਼ੀ ਸੈਲਾਨੀ ਹੀ ਹੁੰਦੀ ਏ ਜੋ ਆਪਣੇ ਦੋਸਤਾਂ ਸੰਗ ਉਹ ਇਲਾਕਾ ਵੇਖਣ ਦੀ ਖਾਹਸ਼ਮੰਦ ਹੁੰਦੀ ਏ ਜਾਂ ਕੋਈ ਪਾਗਲ ਹੁੰਦੀ ਏ ਜੋ ਇੱਥੇ ਖੋਜ ਅਧਿਐਨ ਕਰਨ ਆ ਜਾਵੇ। ਕੈਸਰਾ ਠੀਕ ਹੀ ਕਹਿੰਦੀ ਸੀ ਕਿ ਗਾਹਕ ਮੁਹੱਲੇ ਵਿਚ ਖੁਦ ਹੀ ਚੱਲ ਕੇ ਚੱਕਲਿਆਂ ਤੇ ਆ ਜਾਂਦੇ ਨੇ ਪਰ ਬਾਦ ਵਿਚ ਮੈਨੂੰ ਪਤਾ ਲੱਗਾ ਕਿ ਬਹੁਤੇ ਉਨ੍ਹਾਂ ਦਲਾਲਾਂ ਤੇ ਨਿਰਭਰ ਕਰਦੇ ਨੇ ਜੋ ਗਲੀਆਂ ਵਿਚ ਘੁੰਮਦੇ ਫਿਰ ਰਹੇ ਹੁੰਦੇ ਨੇ। ਭੀੜ ਵਾਲੀਆਂ ਆਮ ਥਾਵਾਂ ਤੇ ਦੱਲੇ ਤੁਰੇ ਫਿਰਦੇ ਰਹਿੰਦੇ ਨੇ ਅਤੇ ਸੰਭਾਵੀ ਗਾਹਕਾਂ ਨੂੰ ਪੁੱਛਦੇ ਰਹਿੰਦੇ ਨੇ, ਗੁੱਝੀ ਭਾਸ਼ਾ ਵਿਚ, ਕਿ ਉਨ੍ਹਾ ਦੇ ਕਾਸੇ ਦੀ ਲੋੜ ਏ।

ਕੈਸਰਾ ਨੇ ਆਪਣੇ ਨੌਕਰ ਭੁੱਬਾ ਨੂੰ ਪਾਨਦਾਨ ਲਿਆਉਣ ਲਈ ਕਿਹਾ। ਭੂੱਬਾ ਦੀ ਚਾਲ ਵਿਚ ਇਕ ਖਾਸ ਤਰ੍ਹਾਂ ਦਾ ਵਲ ਸੀ ਜਿਵੇਂ ਕਿ ਉਹ ਇਕ ਪਾਸੇ ਨੂੰ ਝੁਕਿਆ ਹੋਇਆ ਇੱਧਰ ਤੋਂ ਉੱਧਰ ਜਾ ਰਿਹਾ ਹੋਵੇ। ਉਹਦਾ ਸਿਰ ਅੱਗੇ ਝੁਕਿਆ ਰਹਿੰਦਾ ਅਤੇ ਹਾਥੀ ਦੇ ਸਿਰ ਵਾਂਗੂ ਝੂਲਦਾ ਰਹਿੰਦਾ। ਉਹਨੇ ਆਪਣੇ ਲਈ ਪਾਨ ਬਣਾਇਆ ਤੇ ਇਕ ਮੈਨੂੰ ਪੇਸ਼ ਕੀਤਾ। ਮੈਂ ਭੁੱਬਾ ਬਾਰੇ ਪੁੱਛਿਆ, 'ਇਹ ਕੌਣ ਏ ਤੇ ਇਹ ਇਸ ਤਰ੍ਹਾਂ ਦਾ ਕਿਉਂ ਏ?'

'ਇਸਤਰ੍ਹਾਂ ਦਾ ਮਤਲਬ?' ਉਹਨੇ ਆਪਣਾ ਸਿਰ ਚੁੱਕਿਆ ਤੇ ਮੇਰੇ ਵੱਲ ਦੇਖਿਆ।

'ਤੈਨੂੰ ਪਤਾ ਈ ਏ ਇਹ ਨਾਰਮਲ ਤੇ ਲੱਗਦਾ ਨਹੀਂ', ਮੈਂ ਆਪਣਾ ਸਿਰ ਦਰਵਾਜ਼ੇ ਵੱਲ ਨੂੰ ਘੁਮਾਉਂਦੇ ਹੋਏ ਕਿਹਾ, ਇਹ ਦੇਖਣ ਲਈ ਕਿ ਉਹ ਕਮਰੇ ਵਿਚੋਂ ਕਲਾ ਤੇ ਗਿਆ ਏ।

'ਇਹ ਇਕ ਦੂਰ ਦਾ ਰਿਸ਼ਤੇਦਾਰ ਏ। ਇਹਦੇ ਉੱਤੇ ਪ੍ਰੇਤ ਦਾ ਸਾਇਆ ਏ। ਉਹ ਬਚਪਨ ਤੋਂ ਹੀ ਇਸ ਤਰ੍ਹਾਂ ਦਾ ਏ। ਛੋਟੇ ਨਿਆਣੇ ਵੀ ਉਹਨੂੰ ਕੁੱਟ ਲੈਂਦੇ ਨੇ ਪਰ ਉਹ ਕੁਝ ਨਹੀਂ

ਬੋਲਦਾ ਬੱਸ ਹੱਸ ਪੈਂਦਾ ਏ। ਇਹ ਝੱਲਾ ਏ। ਇਹ ਇਕ ਕੰਜਰੀ ਦਾ ਪੁੱਤ ਏ ਜੋ ਮੇਰੀ ਮਾਂ ਦੀ ਦੂਰ ਦੀ ਰਿਸ਼ਤੇਦਾਰ ਸੀ। ਇਹਦੀ ਮਾਂ ਨੇ ਮਿਰਾਸੀ ਨਾਲ ਵਿਆਹ ਕਰਵਾ ਲਿਆ ਸੀ। ਤੈਨੂੰ ਪਤਾ ਏ ਇਹ ਕਿੰਨੀ ਬੇਸ਼ਰਮੀ ਵਾਲੀ ਗੱਲ ਏ। ਇਹ ਦੇ ਨਾਲ ਪਰਿਵਾਰ ਦਾ ਨਾਂ ਹੀ ਖਤਮ ਹੋ ਜਾਂਦਾ ਏ, ਇਹ ਉਹਨੂੰ ਮਿੱਟੀ ਵਿਚ ਮਿਲਾ ਛੱਡਦਾ ਏ। ਉਹਦੇ ਪਰਿਵਾਰ ਦੇ ਵੱਡੀ ਸੱਟ ਵੱਜੀ ਅਤੇ ਉਹ ਉਹਦੇ ਨਾਲ ਬੜਾ ਨਾਰਾਜ਼ ਹੋਏ। ਉਨ੍ਹਾਂ ਨੇ ਉਸ ਨੂੰ ਇਸ ਸਥਿਤੀ ਵਿਚੋਂ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਆਖਰ ਉਹਨੂੰ ਜਬਰਦਸਤੀ ਚੁੱਕ ਲਿਆਏ ਪਰ ਉਦੋਂ ਨੂੰ ਉਹਦੇ ਬੱਚਾ ਹੋਣ ਵਾਲਾ ਸੀ ਅਤੇ ਇਹੀ ਉਹ ਮਿਰਾਸੀ ਬੱਚਾ ਏ। ਭੁੱਬਾ ਤਾਂ ਜੰਮ ਪਿਆ ਪਰ ਉਹਦੀ ਮਾਂ ਨਾ ਬਚ ਸਕੀ। ਖੁਦਾ ਜਾਣੇ ਕਿ ਉਹ ਆਪ ਮਰ ਗਈ ਜਾਂ ਟੱਬਰ ਨੇ ਉਸ ਤੋਂ ਖਹਿੜਾ ਛੁਡਾ ਲਿਆ। ਉਨ੍ਹਾਂ ਕੁਝ ਸਾਲ ਇਹਨੂੰ ਪਾਲਿਆ ਪਰ ਇਹ ਉਨ੍ਹਾਂ ਵਾਸਤੇ ਕਿਸੇ ਕੰਮ ਦਾ ਨਹੀਂ ਸੀ ਕਿਉਂਕਿ ਇਹ ਉਨ੍ਹਾਂ ਨੂੰ ਉਹਦੀ ਮਾਂ ਦੇ ਸਬੰਧਾਂ ਦੀ ਬੇਸ਼ਰਮੀ ਯਾਦ ਕਰਵਾਉਂਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਉਹਦੇ ਕੁਕਰਮ ਦਾ ਫਲ ਏ ਜਿਸ ਕਰਕੇ ਮੁੰਡਾ ਅਜਿਹਾ ਹੋਇਆ ਏ। ਮੇਰਾ ਬਾਪ ਚੰਗੇ ਦਿਲ ਦਾ ਸੀ। ਇਕ ਵਾਰੀ ਉਹ ਉੱਥੇ ਗਿਆ ਅਤੇ ਭੁੱਬਾ ਨੂੰ ਸਾਡੇ ਨਾਲ ਰਹਿਣ ਲਈ ਲੈ ਆਇਆ। ਉਸ ਵੇਲੇ ਇਹ ਚਾਰ ਸਾਲ ਦਾ ਸੀ। ਮੇਰੀ ਮਾਂ ਬੜੀ ਖਫ਼ਾ ਸੀ ਕਿਉਂਕਿ ਉਹ ਨਹੀਂ ਚਾਹੁੰਦੀ ਸੀ ਕਿ ਖਾਣ ਵਾਲੇ ਮੂੰਹ ਵਧਦੇ ਜਾਣ ਪਰ ਮੇਰੇ ਬਾਪ ਨੇ ਕਿਹਾ ਕਿ ਭੁੱਬਾ ਉਹਦੀਆਂ ਕੁੜੀਆਂ ਦੀ ਸੇਵਾ ਕਰੇਗਾ। ਮੇਰਾ ਬਾਪ ਸਾਨੂੰ ਬਹੁਤ ਲਾਡ ਕਰਦਾ ਸੀ ਅਤੇ ਭੁੱਬਾ ਉਦੋਂ ਤੋਂ ਹੀ ਸਾਡੇ ਲਈ ਕੰਮ ਕਰ ਰਿਹਾ ਏ। ਇਹਦੇ ਦਿਮਾਗ ਬਿਲਕੁਲ ਹੀ ਨਹੀਂ ਏ ਪਰ ਘਰ ਦਾ ਕੰਮ ਕਰਨਾ ਜਾਣਦਾ ਏ। ਉਹ ਸਾਰੇ ਸੁਨੇਹੇ ਦੇ ਸਕਦਾ ਏ, ਜਮੀਲਾ ਦੀ ਮਦਦ ਕਰਨ ਲਈ ਸਬਜੀ ਕੱਟ ਸਕਦਾ ਏ ਅਤੇ ਬਾਜ਼ਾਰ ਜਾ ਸਕਦਾ ਏ। ਇਹ ਸਭ ਉਹ ਇਸ ਲਈ ਜਾਣਦਾ ਏ ਕਿ ਚਾਰ ਸਾਲ ਦੀ ਉਮਰ ਤੋਂ ਹੀ ਉਹ ਇਹ ਸਭ ਕੁਝ ਕਰ ਰਿਹਾ ਏ।'

ਇਸ ਤਰ੍ਹਾਂ ਇਸ ਇਲਾਕੇ ਵਿਚ ਮਰਦਾਂ ਦਾ ਇਹ ਇਕ ਹੋਰ ਰੋਲ ਸੀ। ਇਸ ਬਿਰਾਦਰੀ ਵਿਚ ਭੁੱਬਾ ਵਰਗੇ ਬਹੁਤ ਹਨ। ਕੁਝ ਉਸੇ ਵਾਂਗ ਆਪਣੀ ਜ਼ਿੱਲਤ ਨੂੰ ਸਮਝਣ ਦੀ ਅਕਲ ਹੀ ਨਹੀਂ ਰੱਖਦੇ। ਅਤੇ ਕੁਝ ਇਸ ਤਰ੍ਹਾਂ ਦੇ ਸਨ ਜਦੋਂ ਕਿ ਉਹ ਅਪਣੇ ਆਪ ਜੀਣ ਜੋਗੇ ਹੋਏ ਤਾਂ ਛੱਡ ਕੇ ਚਲੇ ਗਏ।

# ਕੋਠਾ ਅਤੇ ਕੋਠੀਖਾਨੇ

ਮੁਹੱਲੇ ਵਿਚਲੀਆਂ ਤਬਦੀਲੀਆਂ ਬਾਰੇ ਹੋਰ ਅੰਕੜੇ ਪ੍ਰਾਪਤ ਕਰਨ ਲਈ ਮੈਂ ਆਪਣੇ ਖੋਜ ਅਧਿਐਨ ਵਿਚ ਮਹਿਮੂਦ ਕੰਜਰ ਨਾਲ ਇਹ ਯੋਜਨਾ ਬਣਾਈ ਕਿ ਉਸ ਨਾਲ ਕੁਝ ਕੋਠਿਆਂ ਵਿਚ ਘੁੰਮਿਆਂ ਜਾਵੇ। ਉਹ ਮੰਨ ਗਿਆ ਅਤੇ ਉਸ ਨੇ ਕਿਹਾ ਕਿ ਉਨ੍ਹਾਂ ਦੇ ਨਾਲ ਉਸਦਾ ਇਕ ਹੋਰ ਦੋਸਤ ਵੀ ਚੱਲੇਗਾ। ਉਹ ਦਾ ਦੋਸਤ ਵੀ ਇੱਕ ਦੱਲਾ ਹੀ ਸੀ। ਜਦੋਂ ਅਸੀਂ ਉਸ ਦੇ ਘਰ ਤੋਂ ਇਕ ਕੋਠੇ ਵੱਲ ਤੁਰੇ, ਜਿੱਥੇ ਅਸੀਂ ਜਾਣਾ ਸੀ, ਤਾਂ ਦੋਵੇਂ ਬੰਦੇ ਚੰਗਾ ਮਾਵਾ ਲੱਗੇ ਚਿੱਟੇ ਸ਼ਲਵਾਰ ਕਮੀਜ ਵਿਚ ਛਾਤੀਆਂ ਕੱਢ ਕੇ ਅਤੇ ਹੱਥ ਪਿੱਛੇ ਜੋੜ ਦੇ ਚੱਲ ਰਹੇ ਸਨ। ਉਨ੍ਹਾਂ ਦੀ ਚਾਲ ਵਿਚ ਮੜਕ ਸੀ ਜਿਸ ਤੋਂ ਸ਼ਾਨ ਦੀ ਭਾਵਨਾ ਝਲਕ ਰਹੀ ਸੀ ਜਿਵੇਂ ਕਿ ਉਹ ਆਪਣੀ ਭੋਇੰ ਵਿਚ ਨਿਗਰਾਨੀ ਕਰਦੇ ਫਿਰ ਰਹੇ ਹੋਣ। ਆਪਣੇ ਨਾਲ ਇਨ੍ਹਾਂ ਦੋ ਛੇ ਫੁਟੇ ਬੰਦਿਆਂ ਨੂੰ ਤੁਰਦੇ ਦੇਖਕੇ ਮੈਂ ਜ਼ਰਾ ਦਬ ਜਿਹੀ ਗਈ। ਮੈਂ ਵੀ ਆਪਣੀ ਪਿੱਠ ਅਕੜਾਈ ਤਾਂ ਕਿ ਮੇਰਾ ਪੰਜ ਫੁਟਾ ਕੱਦ ਵੀ ਇੰਚ ਕੁ ਹੋਰ ਵੱਧ ਜਾਵੇ।

ਮਹਿਮੂਦ ਨੇ ਮੈਨੂੰ ਦੱਸਿਆ ਕਿ ਸਾਡਾ ਦੋਸਤ ਸਾਨੂੰ ਮੇਨ ਬਾਜ਼ਾਰ ਦੇ ਇਕ ਹੇਠਾਂ ਦੇ ਹੀ ਕੋਠੇ ਤੇ ਲੈ ਕੇ ਜਾਏਗਾ ਜਿੱਥੇ ਕੁਝ ਨੌਜਵਾਨ ਨਾਚੀਆਂ ਹਨ। ਕੁਝ ਚੌੜੀਆਂ ਪੌੜੀਆਂ ਚੜ੍ਹ ਕੇ ਚੌਂਤਰਾ ਆ ਗਿਆ ਜਿਸ ਦੇ ਅੱਗੇ ਦੋ ਵੱਡੇ ਬੂਹੇ ਸਨ ਕਰੀਬ ਪੰਜ ਫੁੱਟ ਚੌੜੇ। ਜਿਉਂ ਹੀ ਅਸੀਂ ਬੂਹੇ ਤੋਂ ਅੰਦਰ ਵੜਨ ਲੱਗੇ ਇਕ ਮੁੰਡੇ ਨੇ ਸਾਡਾ ਰਾਹ ਲੋਕ ਲਿਆ। ਉਹਦੇ ਹੱਥ ਵਿਚ ਇਕ ਛਟੀ ਉੱਤੇ ਬੜੇ ਸੁੰਦਰ ਫੁੱਲਾਂ ਦੀਆਂ ਮਾਲਾਂ ਲਟਕ ਰਹੀਆਂ ਸਨ ਅਤੇ ਉਹਨੇ ਮਹਿਮੂਦ ਦਾ ਕੁਰਤਾ ਛੂਹ ਕੇ ਕਿਹਾ, 'ਅੱਜ ਮੇਰੇ ਕਰਕੇ ਇਹ ਖਰੀਦ ਲਉਗੇ?' ਮਹਿਮੂਦ ਮੁਸਕਰਾਇਆ, 'ਇਨ੍ਹਾਂ ਨੂੰ ਅੰਦਰ ਭੇਜ ਦੇ, 'ਅਤੇ ਅੱਗੇ ਲੰਘ ਗਿਆ ਅਤੇ ਉਸਦਾ ਦੋਸਤ ਤੇ ਮੈਂ ਪਿੱਛੇ ਪਿੱਛੇ। ਮੈਂ ਇਕ ਬਾਰਾਂ ਕੁ ਸਾਲ ਦਾ ਮੁੰਡਾ ਬੈਠਾ ਦੇਖਿਆ ਜੋ ਪੌੜੀਆਂ ਦੇ ਨੇੜੇ ਸ਼ੀਸ਼ੇ ਦੇ ਡੱਬੇ ਵਿਚ ਰੁਪਏ-ਰੁਪਏ ਦੇ ਨੋਟ ਰੱਖੀਂ ਬੈਠਾ ਸੀ ਜੋ ਗਾਹਕਾਂ ਦੇ ਵੱਡੇ ਨੋਟਾਂ ਨੂੰ ਤੁੜਵਾਉਣ ਲਈ ਰੱਖੇ ਗਏ ਸਨ ਤਾਂਕਿ ਨਾਚੀਆਂ ਨੂੰ ਹੋਰ ਨਚਾਉਣ ਲਈ ਵਕਫ਼ਾ ਇਨ੍ਹਾਂ ਦੀ ਮਦਦ ਨਾਲ ਕੁਝ ਹੋਰ ਵਧਾਇਆ ਜਾ ਸਕੇ। ਜੇ ਵੱਡੇ ਨੋਟ ਹੀ ਸੁੱਟ ਦਿਉ ਤਾਂ ਮਜ਼ਾ ਜਾਂਦਾ ਰਹਿੰਦਾ ਏ। ਨਾਚੀਆਂ ਲਾਡ ਨਾਲ ਗਾਹਕਾਂ ਤੋਂ ਪੈਸੇ ਇਕੱਠੇ ਕਰਦੀਆਂ ਹੋਈਆਂ ਅਨੰਦ ਵੀ ਲੈਂਦੀਆਂ ਰਹਿੰਦੀਆਂ ਨੇ ਤਾਂ ਕਿ ਹੋਰ ਪੈਸੇ ਆਉਂਦੇ ਰਹਿਣ ਤੇ ਮੁਜਰਾ ਵੀ ਚੱਲਦਾ ਰਹਿੰਦਾ ਏ। ਇਸ ਤਰ੍ਹਾਂ ਉਹ ਪੈਸੇ ਖਿੱਚਣ ਵਿਚ ਆਪਣੀ ਕੁਸ਼ਲਤਾ ਅਤੇ ਕਲਾ ਦਾ ਮੁਜਾਹਰਾ ਵੀ ਕਰਦੀਆਂ ਰਹਿੰਦੀਆਂ ਨੇ ਤੇ ਮੋਹਕ ਇਸ਼ਾਰੇ ਵੀ ਕਰਦੀਆਂ ਰਹਿੰਦੀਆਂ ਨੇ।

ਇਕ ਤੀਜੇ ਬੰਦੇ ਨੇ ਸਾਨੂੰ ਜੀ ਆਇਆ ਕਿਹਾ। ਉਸਦੀਆਂ ਕੁੰਡੀਆਂ ਵੱਡੀਆਂ ਮੁੱਛਾਂ ਸਨ ਪਰ ਮੇਰੇ ਸਾਥੀਆਂ ਜਿੰਨੀਆਂ ਵੱਡੀਆਂ ਨਹੀਂ। ਉਹਨੇ ਸਾਨੂੰ ਇਕ ਸੋਫੇ ਤੇ ਬਿਠਾਇਆ। ਕਮਰੇ ਵਿਚ ਗਲੀਚਾ ਵਿਛਿਆ ਹੋਇਆ ਸੀ ਜਿਸ ਤੇ ਚਿੱਟੀਆਂ ਚਾਦਰਾਂ ਵਿਛਾਈਆਂ ਹੋਈਆਂ ਹਨ। ਉਸ ਸਾਥੋਂ ਖਿਮਾਂ ਮੰਗਦੇ ਹੋਏ ਕਿਹਾ ਕਿ ਉਹ ਸਾਡੇ ਲਈ ਗਾਇਕਾ ਨੂੰ ਲੈ ਕੇ ਆਉਂਦਾ ਏ। ਉਸ

ਤੋਂ ਕੁਝ ਮਿੰਟ ਮਗਰੋਂ ਇਕ ਅੱਠ ਕੁ ਸਾਲ ਦਾ ਮੁੰਡਾ ਸਾਡੇ ਪੀਣ ਲਈ ਠੰਢਾ ਲੈ ਕੇ ਆਇਆ ਜੋ ਹੇਠੋਂ ਦੁਕਾਨਦਾਰ ਨੇ ਭੇਜਿਆ ਸੀ। ਮੈਂ ਫੁੱਲਾਂ ਵਾਲੇ ਮੁੰਡੇ ਨੂੰ ਦਰਵਾਜੇ ਵਿਚੋਂ ਝਾਕਦੇ ਹੋਏ ਦੇਖਿਆ। ਉਹ ਸ਼ਾਹਿਦ ਇਹ ਸੋਚ ਰਿਹਾ ਸੀ ਕਿ ਉਹ ਅੰਦਰ ਜਾਵੇ ਕਿ ਨਾਂ। ਮਹਿਮੂਦ ਨੇ ਮੈਨੂੰ ਉਹਲੇ ਵੱਲ ਦੇਖਦੇ ਹੋਏ ਦੇਖਿਆ ਅਤੇ ਇਕ ਮੁਸਕਰਾਹਟ ਨਾਲ ਉਹਨੇ ਮੁੰਡੇ ਨੂੰ ਅੰਦਰ ਸੱਦ ਲਿਆ ਅਤੇ ਉਸ ਤੋਂ ਦਸ ਹਾਰ ਖਰੀਦ ਲਏ। ਉਹਨੇ ਦੋ ਮੈਨੂੰ ਫੜਾ ਦਿੱਤੇ ਅਤੇ ਬਾਕੀ ਆਪਣੀ ਕਲਾਈ ਤੇ ਹੀ ਰੱਖ ਰੱਖੇ। ਮੁੰਡਾ ਆਪਣੇ ਪੈਸੇ ਲੈ ਕੇ ਖੁਸ਼ ਹੋ ਗਿਆ ਸੀ ਤੇ ਉਹਨੇ ਮੁਸਕਰਾ ਕੇ ਮੇਰੇ ਵੱਲ ਦੇਖਿਆ। ਫੇਰ ਉਹ ਇਕ ਖੂੰਜੇ ਵਿਚ ਜਾ ਬੈਠਾ ਤੇ ਮੁਜ਼ਰਾ ਸ਼ੁਰੂ ਹੋਣ ਦਾ ਇੰਤਜਾਰ ਕਰਨ ਲੱਗਾ।

ਅੰਦਰ ਗਿਆ ਬੰਦਾ ਇਕ ਸਾਫ ਰੰਗ ਦੀ ਕੁੜੀ ਨੂੰ ਲੈ ਕੇ ਮੁੜਿਆ ਜੋ ਤੇਰਾਂ ਸਾਲ ਤੋਂ ਵੱਧ ਦੀ ਨਹੀਂ ਸੀ। ਉਹਨੇ ਖਾਸਾ ਸਾਰਾ ਮੇਕ ਅੱਪ ਕੀਤਾ ਹੋਇਆ ਸੀ ਤੇ ਇਕ ਸਕੂਲੀ ਕੁੜੀ ਵਰਗੀ ਲੱਗਦੀ ਸੀ ਜੋ ਵੱਡੇ ਹੋਣ ਦਾ ਝਾਉਣਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਉਸ ਦੇ ਚਿਹਰੇ ਤੇ ਵੱਡੀਆਂ ਵੱਡੀਆਂ ਅੱਖਾਂ ਨੇ ਉਸ ਦੀ ਮਾਸੂਮਤਾ ਵਿਚ ਹੋਰ ਵਾਧਾ ਕਰ ਦਿੱਤਾ ਸੀ। ਉਹਦੇ ਹਲਕੀ ਗੁਲਾਬੀ ਸ਼ਲਵਾਰ ਕਮੀਜ਼ ਪਾਈ ਹੋਈ ਸੀ ਅਤੇ ਦੁਪੱਟਾ ਮੋਢਿਆਂ ਤੇ ਖਿਲਰਿਆ ਹੋਇਆ ਸੀ। ਉਹ ਆਈ ਤੇ ਚਿੱਟੀ ਚਾਂਦਨੀ ਤੇ ਫਰਸ਼ ਤੇ ਬਹਿ ਗਈ। ਉਸ ਦੇ ਪਿੱਛੇ ਹੀ ਤਿੰਨ ਸਾਜ਼ਿੰਦੇ ਹਾਰਮੋਨੀਅਤਮ, ਤਬਲਾ ਅਤੇ ਨਾਲ ਲੈ ਕੇ ਆ ਬੈਠੇ। ਕੁੜੀ ਨੇ ਸਾਡਾ ਸਵਾਗਤ ਕੀਤਾ ਪਰ ਕਿਸੇ ਨਾਲ ਵੀ ਅੱਖ ਨਾ ਮਿਲਾਈ। ਮੈਨੂੰ ਇਹ ਸਾਫ ਪਤਾ ਲੱਗਾ ਰਿਹਾ ਸੀ ਕਿ ਉਹ ਇਸ ਇਲਾਕੇ ਵਿਚ ਨਹੀਂ ਪਲੀ ਸੀ ਅਤੇ ਇੱਥੋਂ ਦੇ ਤੌਰ-ਤਰੀਕਿਆਂ ਵਿਚ ਨਹੀਂ ਢਲੀ ਸੀ। ਮੈਂ ਦੇਖਿਆ ਕਿ ਉਹਦੇ ਸਵਾਗਤ ਕਰਨ ਵੇਲੇ ਉਹਦੀ ਆਵਾਜ਼ ਕਿਤੇ ਗੁਆਚਦੀ ਜਾ ਰਹੀ ਸੀ ਅਤੇ ਮੈਂ ਇੰਤਜਾਰ ਕਰ ਰਹੀ ਸੀ ਕਿ ਉਹ ਮੇਰੇ ਵੱਲ ਦੇਖੇ ਤਾਂ ਕਿ ਮੈ ਮੁਸਕਰਾ ਕੇ ਉਸ ਦੀ ਪ੍ਰੇਸ਼ਾਨੀ ਨੂੰ ਦੂਰ ਕਰ ਸਕਾਂ।

ਜਦੋਂ ਉਸ ਬੰਦੇ ਨੇ ਉਸਨੂੰ ਗਾਣਾ ਸ਼ੁਰੂ ਕਰਨ ਲਈ ਕਿਹਾ ਤਾਂ ਉਹਨੇ ਜਕਦੀ ਜਿਹੀ ਨੇ ਉਹਨੂੰ ਪੁੱਛਿਆ ਕਿ ਉਹ ਕੀ ਸੁਣਨਾ ਪਸੰਦ ਕਰੇਗਾ। ਅਪਣੇ ਚਿਹਰੇ ਤੇ ਘੂਰੀ ਜਿਹੀ ਲੈ ਕੇ ਉਹ ਉੱਚੀ ਬੋਲਿਆ, 'ਇਹ ਮੈਥੋਂ ਕਿਉਂ ਪੁੱਛਦੀ ਏਂ? ਆਪਣੇ ਮਹਿਮਾਨਾਂ ਤੋਂ ਪੁੱਛ'

ਉਹਨੇ ਅਪਣਾ ਮੂੰਹ ਸਾਡੇ ਵੱਲ ਘੁੰਮਾਇਆ ਅਤੇ ਉਸਨੇ ਉਹ ਸਵਾਲ ਉਸੇ ਤਰਜ਼ ਵਿਚ ਸਾਨੂੰ ਕੀਤਾ ਪਰ ਕਿਸੇ ਨਾਲ ਅੱਖ ਨਹੀਂ ਮਿਲਾਈ। ਮਹਿਮੁਦ ਨੇ ਜਵਾਬ ਦਿੱਤਾ, 'ਗਜ਼ਲ, ਕੋਈ ਵਧੀਆ ਗਜ਼ਲ।' ਉਹ ਉਸ ਬੰਦੇ ਵੱਲ ਦੇਖ ਕੇ ਬੋਲਿਆ, 'ਇਹ ਸਾਡੀ ਮਹਿਮਾਨ ਇਸਲਾਮਾਬਾਦ ਤੋਂ ਆਈ ਹੈ। ਇਹਨੂੰ ਸੰਗੀਤ ਦਾ ਬੜਾ ਸ਼ੌਕ ਏ।' ਉਹ ਬੰਦਾ ਹੱਸ ਪਿਆ।

ਕੁੜੀ ਨੇ ਬਿਨਾਂ ਉੱਪਰ ਦੇਖੇ ਗਾਉਣਾ ਸ਼ੁਰੂ ਕਰ ਦਿੱਤਾ। ਉਹ ਦੇ ਹੱਥ ਕੰਬ ਰਹੇ ਸਨ, ਕਦੇ-ਕਦੇ ਉਹ ਪਲਾਸਟਿਕ ਦੀ ਮੁਸਕਾਨ ਅਪਣੇ ਚਿਹਰੇ ਤੇ ਚਿਪਕਾ ਲੈਂਦੀ ਜਿਵੇ ਉਹ ਆਪਣਾ ਡਰ ਚਿਹਰੇ ਤੇ ਨਾ ਝਲਕਾਉਣਾ ਚਾਹੁੰਦੀ ਹੋਵੇ। ਮਹਿਮੂਦ ਨੇ ਕੁਝ ਨੋਟ ਉਸ ਉੱਤੇ ਸੁੱਟੇ। ਮੇਰੇ ਵਿਚ ਹੌਂਸਲਾ ਨਹੀਂ ਸੀ ਕਿ ਮੈਂ ਉਹਦੇ ਸਾਮ੍ਹਣੇ ਪੈਸੇ ਸੁੱਟਦੀ। ਜਦੋਂ ਉਹਨੇ ਗਾਣਾ ਮੁਕਾਇਆ ਮੈਂ ਉੱਠੀ ਅਤੇ ਉਹਦੇ ਨੇੜੇ ਜਾਕੇ ਬੈਠ ਗਈ। ਉਹ ਮੇਰੇ ਵੱਲ ਉਤਸੁਕਤਾ ਨਾਲ ਵੇਖਣ ਲੱਗੀ। ਸ਼ਾਇਦ ਉਹਨੂੰ ਆਦਤ ਸੀ ਕਿ ਬੰਦੇ ਉਹਦੇ ਗੀਤ ਸੁਣਨ ਲਈ ਉਸ ਉੱਤੇ ਡੁੱਲ੍ਹਦੇ ਫਿਰਦੇ ਸਨ

ਅਤੇ ਮੈਂ ਹੀ ਪਹਿਲੀ ਔਰਤ ਸਾਂ ਜੋ ਉਹਦਾ ਗੀਤ ਸੁਣਨ ਆਈ ਸਾਂ। ਮੈਂ ਪਿਆਰ ਨਾਲ ਉਹਨੂੰ, ਬੋਲੀ, ਬਹੁਤ ਸੋਹਣਾ ਗਾਉਂਦੀ ਏਂ ਤੂੰ।

ਉਹਨੇ ਐਨੀ ਹਲਕੀ ਆਵਾਜ਼ ਵਿਚ ਮੇਰਾ ਧੰਨਵਾਦ ਕੀਤਾ ਜਿਸਨੂੰ ਮੈਂ ਸੁਣ ਹੀ ਨਾ ਸਕੀ।

'ਕੀ ਤੂੰ ਕਾਫੀ ਅਭਿਆਸ ਕਰਦੀ ਏਂ?' ਮੈਂ ਪੁੱਛਿਆ।

ਉਹਨੇ ਅਪਣਾ ਸਿਰ ਹਿਲਾਕੇ ਨਾਂਹ ਕੀਤੀ ਪਰ ਉਹ ਬੰਦਾ ਬੋਲਿਆ, 'ਬਿਲਕੁਲ। ਇਹ ਕਾਫੀ ਅਭਿਆਸ ਕਰਦੀ ਏ। ਮੈਂ ਹਰ ਰੋਜ ਇਸ ਤੋਂ ਪੱਕਾ ਅਭਿਆਸ ਕਰਵਾਉਂਦਾ ਹਾਂ। ਮੇਹਨਤ ਹੀ ਕਲਾਕਾਰ ਨੂੰ ਬੇਹਤਰ ਬਣਾਉਂਦੀ ਏ। ਅਸੀਂ ਇਹਦੇ ਲਈ ਇਕ ਉਸਤਾਦ ਰੱਖਿਆ ਹੋਇਆ ਏ ਅਤੇ ਮੈਂ ਇਸ ਦਾ ਅਭਿਆਸ ਲਗਾਤਾਰ ਕਰਵਾਉਂਦਾ ਹਾਂ।'

ਮੈਂ ਦੇਖਿਆ ਕਿ ਉਹ ਮੇਰੇ ਨਾਲ ਚਿੜ੍ਹਿਆ ਜਿਹਾ ਸੀ ਕਿਉਂਕਿ ਮੈਂ ਕੁੜੀ ਨਾਲ ਗੱਲਾਂ ਕਰ ਰਹੀ ਸਾਂ। ਮੈਂ ਪੁੱਛਿਆ ਕਿ ਕੀ ਮੈਂ ਕਿਸੇ ਹੋਰ ਵੇਲੇ ਉਸ ਨਾਲ ਗੱਲ ਕਰ ਸਕਦੀ ਹਾਂ ਤੇ ਉਹਨੇ ਪੁੱਛਣ ਲਈ ਤੁਰਤ ਮਹਿਮੂਦ ਵੱਲ ਮੂੰਹ ਘੁਮਾ ਲਿਆ। ਮਹਿਮੂਦ ਸਪਾਟ ਚਿਹਰੇ ਨਾਲ ਬੈਠਾ ਰਿਹਾ ਅਤੇ ਇਸ ਦਾ ਫੈਸਲਾ ਉਸ ਉੱਤੇ ਹੀ ਛੱਡ ਦਿੱਤਾ। ਫੇਰ ਉਹੀ ਬੰਦਾ ਬੋਲਿਆ, 'ਇਹ ਦੇਰ ਨਾਲ ਉੱਠਦੀ ਏ ਅਤੇ ਬਹੁਤ ਸਾਰਾ ਸਮਾਂ ਅਭਿਆਸ ਵਿਚ ਗੁਜ਼ਾਰਦੀ ਏ। ਇਹਦੇ ਕੋਲ ਮੁਸ਼ਕਿਲ ਨਾਲ ਹੀ ਸਮਾਂ ਬਚਦਾ ਏ 'ਪਰ ਤੂੰ ਕੋਸ਼ਿਸ਼ ਕਰ ਸਕਦੀ ਏਂ ਜੇ ਕਦੇ ਇੱਧਰ ਆਉਣ ਦਾ ਸਮਾਂ ਮਿਲਿਆ ਤਾਂ।' ਉਹਦਾ ਜਵਾਬ ਬੜਾ ਸਾਫ ਸੀ ਕਿ ਉਹ ਮੇਰਾ ਉਸ ਨਾਲ ਗੱਲ ਕਰਨਾ ਠੀਕ ਨਹੀਂ ਸਮਝਦਾ ਸੀ। ਕੁੜੀ ਮੂੰਹ ਹੇਠਾਂ ਕਰਕੇ ਬੈਠੀ ਰਹੀ। ਮਹਿਮੂਦ ਨੇ ਮੈਨੂੰ ਪੁੱਛਿਆ ਕਿ ਮੈਂ ਕੁਝ ਹੋਰ ਵੀ ਸੁਣਨਾ ਚਾਹੁੰਦੀ ਹਾਂ। ਮੈਂ ਜਵਾਬ ਦਿੱਤਾ, 'ਨਹੀਂ, ਬਸ ਆਉ ਚੱਲੀਏ।'

ਮੈਂ ਪੁਰਾਣੀਆਂ ਨਾਇਕਾਵਾਂ ਤੋਂ ਕੋਠੀਖਾਨਿਆਂ ਦਾ ਜਿਕਰ ਸੁਣਦੀ ਰਹਿੰਦੀ ਸਾਂ ਜਿਹੜੀਆਂ ਇਸ ਗੱਲ ਤੇ ਖਫਾ ਸਨ ਕਿ ਦੱਲਿਆਂ ਨੇ ਮੁਹੱਲੇ ਦੇ ਬਾਹਰੋਂ ਰੰਡੀਆਂ ਇਕੱਠੀਆਂ ਕਰਕੇ ਆਪਣੇ ਧੰਦੇ ਚਲਾਏ ਹੋਏ ਨੇ। ਸ਼ਾਹੀ ਮੁਹੱਲੇ ਦੇ ਰਵਾਇਤੀ ਢਾਂਚੇ ਵਿਚ ਰੰਡੀਬਾਜ਼ੀ ਦਾ ਧੰਦਾ ਪੁਰਾਣੀਆਂ ਰਵਾਇਤਾਂ ਅਨੁਸਾਰ ਕਿਸੇ ਬੁੱਢੀ ਔਰਤ ਵਲੋਂ ਚਲਾਇਆ ਜਾਂਦਾ ਸੀ ਜਿਸ ਨੂੰ ਨਾਇਕਾ ਕਹਿੰਦੇ ਸਨ, ਜੋ ਪਰਿਵਾਰ ਦੇ ਨੇੜੇ ਹੁੰਦੀ ਸੀ। ਜਿੱਥੇ ਕਿਧਰੇ ਕੁੜੀਆਂ ਗੋਦ ਵੀ ਲਈਆਂ ਗਈਆਂ ਸਨ ਤਾਂ ਉਨ੍ਹਾਂ ਨੂੰ ਵੀ ਪਰਿਵਾਰਕ ਮਾਹੌਲ ਵਿਚ ਹੀ ਪਾਲਿਆ ਜਾਂਦਾ ਸੀ, ਬੁਨਿਆਦੀ ਸਿੱਖਿਆ ਦਿੱਤੀ ਜਾਂਦੀ ਸੀ ਅਤੇ ਗਾਉਣ ਅਤੇ ਨੱਚਣ ਦੀ ਕਲਾ ਸਿਖਾਈ ਜਾਂਦੀ ਸੀ ਅਤੇ ਉਹ ਰੰਡੀਬਾਜ਼ੀ ਦਾ ਧੰਦਾ ਬਚਪਨ ਤੋਂ ਹੀ ਦੇਖਦੀਆਂ ਸਨ।

ਔਰਤਾਂ ਰਾਹੀਂ ਚਲਾਏ ਜਾਂਦੇ ਰਵਾਇਤੀ ਕੋਠਿਆਂ ਦੇ ਉਲਟ ਜਿਨ੍ਹਾਂ ਥਾਵਾਂ ਤੇ ਮੈਂ ਮਹਿਮੂਦ ਨਾਲ ਗਈ ਉੱਥੇ ਦੱਲਿਆਂ ਨੇ ਵੱਖਰੀ ਕਿਸਮ ਦਾ ਧੰਦਾ ਸ਼ੁਰੂ ਕੀਤਾ ਹੋਇਆ ਸੀ। ਉਹ ਕਈ ਥਾਵਾਂ ਤੋਂ ਕੁੜੀਆਂ ਲੈ ਆਉਂਦੇ ਸਨ ਅਤੇ ਖੁਦ ਕੋਠਾ ਚਲਾਉਂਦੇ ਸਨ ਅਤੇ ਉਨ੍ਹਾਂ ਦਾ ਕੁੜੀਆਂ ਨਾਲ ਕੋਈ ਪਰਿਵਾਰਕ ਸਬੰਧ ਨਹੀਂ ਹੁੰਦਾ ਸੀ। ਇਹ ਕੁੜੀਆਂ ਆਮ ਤੌਰ ਤੇ ਉਨ੍ਹਾਂ ਦੇ ਪ੍ਰਬੰਧਕਾਂ ਨੇ ਜਨਮ ਤੋਂ ਨਹੀਂ ਪਾਲੀਆਂ ਹੁੰਦੀਆਂ ਸਨ ਬਲਕਿ ਇਸ ਧੰਦੇ ਵਿਚ ਉਨ੍ਹਾਂ ਦੀ ਕਿਸ਼ੋਰ ਅਵਸਥਾ ਵਿਚ ਲਿਆਈਆਂ ਜਾਂਦੀਆਂ ਸਨ ਜਦੋਂ ਉਹ ਫੌਰੀ ਤੌਰ ਤੇ ਕੰਮ ਸ਼ੁਰੂ ਕਰ ਸਕਦੀਆਂ ਹੋਣ। ਰੰਡੀਬਾਜ਼ੀ ਦੇ ਰਵਾਇਤੀ ਸੰਸਾਰ ਵਿਚਲੇ ਲੋਕ, ਖਾਸ ਕਰਕੇ ਪੁਰਾਣੇ ਲੋਕ, ਇਨ੍ਹਾਂ ਨਵੀਂ ਕਿਸਮ ਦੇ ਕੋਠਿਆਂ ਨੂੰ ਕੋਠੀ ਖਾਨੇ ਸੱਦਦੇ ਹਨ। ਕਈ ਵਾਰੀ ਕੋਈ ਦੱਲਾ ਅਪਣੇ ਨਾਲ ਕੋਈ

ਵੱਡੀ ਔਰਤ ਰੱਖ ਲੈਂਦਾ ਏ ਤਾਂਕਿ ਇਹ ਉਸੇ ਤਰ੍ਹਾਂ ਦਾ ਰਵਾਇਤੀ ਕੋਠਾ ਜਾਪੇ। ਐਪਰ, ਇਸ ਔਰਤ ਕੋਲ ਕੋਈ ਬਹੁਤੀ ਚੌਧਰ ਨਹੀਂ ਹੁੰਦੀ ਅਤੇ ਉਸ ਨੂੰ ਦੱਲੇ ਵੱਲੋਂ ਨਿਰਧਾਰਤ ਦਰਾ ਤੇ ਕਮਾਈ ਵਿਚੋਂ ਉਸ ਦਾ ਹਿੱਸਾ ਮਿਲ ਜਾਂਦਾ ਸੀ।

ਜਿਨ੍ਹਾਂ ਨੇ ਰਵਾਇਤੀ ਦਸਤੂਰ ਕਾਇਮ ਰੱਖੇ ਹੋਏ ਨੇ ਉਹ ਇਸ ਤਰ੍ਹਾਂ ਦੇ ਧੰਦੇ ਨੂੰ ਨਫਰਤ ਕਰਦੇ ਨੇ। ਉਨ੍ਹਾਂ ਦਾ ਕਹਿਣਾ ਏ ਕਿ ਇਹ ਰੰਡੀਬਾਜ਼ੀ ਦਾ ਮੁਹੱਲੇ ਦੇ ਬਾਹਰ ਦਾ ਰੁਝਾਨ ਏ, ਜਿੱਥੇ ਦੇ ਸੰਗੀਤ ਅਤੇ ਨਾਚ ਦਾ ਇਸ ਤਰ੍ਹਾਂ ਦੇ ਧੰਦੇ ਨਾਲ ਕੋਈ ਸਰੋਕਾਰ ਨਹੀਂ ਏ ਅਤੇ ਇਸ ਦਾ ਮਕਸਦ ਸਿਰਫ ਕਾਮ ਸੰਤੁਸ਼ਟੀ ਹੀ ਹੁੰਦਾ ਏ। ਉਹ ਦਾਅਵਾ ਕਰਦੇ ਨੇ ਕਿ ਮੁਹੱਲੇ ਵਿਚ ਹਰ ਤਰ੍ਹਾਂ ਦਾ ਮਨੋਰੰਜਨ ਕੀਤਾ ਜਾਂਦਾ ਏ। ਸ਼ਾਇਦ ਸਰਕਾਰ ਜਾਣ ਬੁੱਝ ਕੇ ਹੀ ਕੋਠੀਖਾਨਿਆਂ ਵਾਲਾ ਰੁਝਾਨ ਪੈਦਾ ਕਰਨਾ ਚਾਹੁੰਦੀ ਏ ਅਤੇ ਰਵਾਇਤੀ ਕੋਠਿਆਂ ਨੂੰ ਦਬਾਉਣਾ ਚਾਹੁੰਦੀ ਏ। ਰਵਾਇਤੀ ਪ੍ਰਬੰਧਕਾਂ ਦਾ ਦਾਅਵਾ ਇਹ ਵੇ ਕਿ ਰਵਾਇਤੀ ਧੰਦੇ ਵਿਚ ਨਿਘਾਰ ਆਇਆ ਏ ਅਤੇ ਦੱਲੇ, ਖਾਸ ਕਰਕੇ ਵਹਿਸ਼ੀ ਲੋਕ, ਜਿਨ੍ਹਾਂ ਨੂੰ ਇਸ ਧੰਦੇ ਦਾ ਕੋਈ ਸਤਿਕਾਰ ਨਹੀਂ, ਖੁਸ਼ਹਾਲ ਹੋਏ ਹਨ। ਉਹ ਬਿਨ੍ਹਾਂ ਕਿਸੇ ਬਹੁਤੇ ਖਰਚੇ ਦੇ ਚੰਗਾ ਪੈਸਾ ਕਮਾਉਂਦੇ ਨੇ ਅਤੇ ਖੁਦ ਉਨ੍ਹਾਂ ਔਰਤਾਂ ਦੀ ਕੋਈ ਕਦਰ ਨਹੀਂ ਕਰਦੇ। ਉਹ ਕੁੜੀ ਨੂੰ ਵੱਧੋ-ਵੱਧ ਨਿਚੋੜ ਲੈਂਦੇ ਨੇ ਅਤੇ ਉਹਦੇ ਭਵਿੱਖ ਦਾ ਬਿਲਕੁਲ ਫਿਕਰ ਨਹੀਂ ਕਰਦੇ। ਜੋ ਉਨ੍ਹਾਂ ਨੂੰ ਮਿਲ ਸਕਦਾ ਏ ਲੈ ਲੈਂਦੇ ਨੇ ਤੇ ਜਿਸ ਤੋਂ ਨਹੀਂ ਮਿਲਦਾ ਉਸ ਨੂੰ ਧੱਕਾ ਦੇ ਦਿੰਦੇ ਨੇ। ਇਹ ਸਿਸਟਮ ਮੌਕੇ ਤੇ ਲਾਭ ਕਮਾਉਣ ਦੀ ਨੀਅਤ ਨਾਲ ਬਣਾਇਆ ਗਿਆ ਏ ਤਾਂ ਕਿ ਦੱਲੇ ਸ਼ਾਨ ਨਾਲ ਜਿੰਦਗੀ ਜੀਅ ਸਕਣ ਭਾਵੇਂ ਉਨ੍ਹਾਂ ਦਾ ਪਤਾ ਲੱਗਣ ਤੇ ਪੁਲਿਸ ਉਨ੍ਹਾਂ ਦੇ ਧੰਦੇ ਵਾਲੀ ਥਾਂ ਨੂੰ ਜੰਦਰਾ ਹੀ ਮਾਰ ਦਏ। ਉਨ੍ਹਾਂ ਨੇ ਸਿਰਫ ਹੋਰ ਨਵੀਆਂ ਕੁੜੀਆਂ ਹੀ ਇੱਕਠੀਆਂ ਕਰਨੀਆਂ ਹੁੰਦੀਆਂ ਨੇ ਅਤੇ ਨਵੀਂ ਥਾਂ ਤੇ ਜਾਕੇ ਹੀ ਸੂਰੁ ਕਰ ਦੇਣਾ ਹੁੰਦਾ ਏ।

ਇਸ ਦੇ ਉਲਟ ਰਵਾਇਤੀ ਸਿਸਟਮ ਦੇ ਪ੍ਰਬੰਧਕਾਂ ਦਾ ਦਾਅਵਾ ਏ ਕਿ ਉਹ ਆਪਣੀਆਂ ਔਰਤਾਂ ਦਾ ਵੱਧੋ-ਵੱਧ ਧਿਆਨ ਰੱਖਦੇ ਨੇ ਜਿੰਨਾ ਰੱਖਿਆ ਜਾ ਸਕਦਾ ਏ। ਐਥੋਂ ਤੱਕ ਕਿ ਜਦੋਂ ਕਿਸ਼ੋਰ ਅਵਸਥਾ ਵਿਚ ਨਵੀਂਆਂ ਕੁੜੀਆਂ ਤੋਂ ਵੀ ਇਹ ਧੰਦਾ ਸ਼ੁਰੂ ਕਰਵਾਇਆ ਜਾਂਦਾ ਏ ਤਾਂ ਇਸ ਨੂੰ ਹੀ ਉਨ੍ਹਾਂ ਦੀ ਭਵਿੱਖੀ ਸਿਖਲਾਈ ਦੇ ਹਿੱਸੇ ਵਜੋਂ ਦੇਖਿਆ ਜਾਂਦਾ ਏ। ਕਿਉਂਕਿ ਇਕ ਨਾਚੀ ਅਤੇ ਰੰਡੀ ਦੇ ਤੌਰ ਤੇ ਵੀ ਕੁੜੀ ਦਾ ਕਿੱਤਾ ਆਖਰ ਖਤਮ ਹੋ ਜਾਂਦਾ ਏ ਤਾਂ ਇਹ ਸਿਸਟਮ ਉਹਨੂੰ ਇਕ ਪ੍ਰਬੰਧਕ ਦੇ ਤੌਰ ਤੇ ਸਿਖਲਾਈ ਦਿੰਦਾ ਏ ਅਤੇ ਉਨ੍ਹਾਂ ਨੂੰ ਸਾਰੀਆਂ ਕੁਸ਼ਲਤਾਵਾਂ, ਸੰਪਰਕ ਅਤੇ ਮਨੁੱਖੀ ਸਾਧਨ ਮੁਹੱਈਆ ਕਰਵਾਉਂਦਾ ਏ ਜਿਸ ਦੀ ਉਸ ਨੂੰ ਬਾਕੀ ਉਮਰ ਆਪਣੇ ਅਤੇ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਲੋੜ ਪੈਂਦੀ ਰਹਿ ਸਕਦੀ ਏ। ਇਹ ਇਕ ਤਰ੍ਹਾਂ ਨਾਲ ਸਮਾਜਕ ਸੁਰੱਖਿਆ ਪ੍ਰਬੰਧ ਵਾਂਗ ਏ। ਉਨ੍ਹਾਂ ਦਾ ਦਾਅਵਾ ਏ ਕਿ ਉਹ ਕਿਸੇ ਕੁੜੀ ਤੇ ਕਿਸੇ ਖਾਸ ਗਾਹਕ ਨੂੰ ਕਦੀ ਨਹੀਂ ਥੋਪਦੇ।

ਜਿਹੜੇ ਰਵਾਇਤੀ ਸਿਸਟਮ ਨੂੰ ਕਾਇਮ ਰੱਖਣਾ ਚਾਹੁੰਦੇ ਨੇ ਉਨ੍ਹਾਂ ਦਾ ਦਾਅਵਾ ਏ ਕਿ ਉਹ ਹਰੇਕ ਕੁੜੀ ਨੂੰ ਹੀ ਰੰਡੀਬਾਜੀ ਦੇ ਧੰਦੇ ਵਿਚ ਨਹੀਂ ਪਾ ਦਿੰਦੇ। ਇਕੋ ਘਰ ਵਿਚ ਹੀ, ਕੁਝ ਕੁੜੀਆਂ ਇਸ ਧੰਦੇ ਵਿਚ ਨਹੀਂ ਪੈਂਦੀਆਂ ਅਤੇ ਕੁਝ ਦੂਜੀਆਂ ਵਿਆਹ ਦਿੱਤੀਆਂ ਜਾਂਦੀਆਂ ਹਨ। ਕੁਝ ਘਰਾਂ ਵਿਚ ਹੀ ਰਹਿ ਜਾਂਦੀਆਂ ਨੇ ਅਤੇ ਸਿਰਫ ਬੱਚੇ ਪਾਲਦੀਆਂ ਨੇ। ਇਸ ਤਰ੍ਹਾਂ ਉੱਥੇ

ਬਜ਼ੁਰਗ ਲੋਕ ਅਤੇ ਪੋਤੇ-ਪੜਪੋਤੇ ਤੱਕ ਹੁੰਦੇ ਹਨ। ਇਕ ਕੁੜੀ ਸਾਰੇ ਰਿਸ਼ਤਿਆਂ ਦਾ ਆਨੰਦ ਲੈਂਦੀ ਏ ਅਤੇ ਪਰਿਵਾਰਕ ਸਬੰਧਾਂ ਨੂੰ ਮਾਣਦੀ ਏ। ਇਸ ਦੇ ਨਾਲ ਹੀ ਵੱਡੇ ਪਰਿਵਾਰ ਅਤੇ ਬਿਰਾਦਰੀ ਦੇ ਮੈਂਬਰ ਵੀ ਉੱਥੇ ਹੁੰਦੇ ਹਨ ਜੋ ਰਵਾਇਤੀ ਮਿਆਰਾਂ ਨੂੰ ਕਾਇਮ ਰੱਖਣ ਵਿਚ ਮਦਦ ਕਰਦੇ ਹਨ।

ਇਕ ਦਿਨ ਰਵਾਇਤੀ ਸਿਸਟਮ ਬਾਰੇ ਕੈਸਰਾ ਨਾਲ ਗੱਲ ਕਰਦੇ ਹੋਏ ਮੈਂ ਉਹਨੂੰ ਉਨ੍ਹਾਂ ਸਮੱਸਿਆਵਾਂ ਬਾਰੇ ਪੁੱਛਿਆ ਜੋ ਨੌਜਵਾਨ ਰੰਡੀਆ ਨੂੰ ਉਨ੍ਹਾਂ ਦੀਆਂ ਮਾਵਾਂ ਅਤੇ ਪ੍ਰਬੰਧਕਾਂ ਨਾਲ ਨੇ। ਮੈਂ ਉਹਨੂੰ ਦੱਸਿਆ ਕਿ ਮੈਂ ਜਿਨ੍ਹਾਂ ਨੌਜਵਾਨ ਰੰਡੀਆਂ ਨੂੰ ਇੱਥੇ ਮਿਲੀ ਹਾਂ ਉਹ ਸਾਰੀਆਂ ਹੀ ਖੁਸ਼ ਨਹੀਂ ਹਨ। ਕੁਝ ਫਸਾ ਕੇ ਲਿਆਂਦੀਆਂ ਗਈਆਂ ਸਨ ਤੇ ਕੁਝ ਤੋਂ ਜਬਰਦਸਤੀ ਧੰਦਾ ਕਰਵਾਇਆ ਜਾ ਰਿਹਾ ਸੀ। ਮੈਂ ਚਾਹੁੰਦੀ ਸੀ ਕਿ ਉਹ ਰਵਾਇਤੀ ਸਿਸਟਮ ਦੀਆਂ ਖਾਮੀਆਂ ਬਾਰੇ ਕੁਝ ਦੱਸੇ। ਉਸਨੇ ਜਵਾਬ ਦਿੱਤਾ, 'ਪਹਿਲਾਂ ਤੂੰ ਅਪਣੇ ਪਰਿਵਾਰਕ ਪ੍ਰਬੰਧ ਦੇ ਬਚਾਉ ਵਿਚ ਹੀ ਕੁਝ ਕਿਉਂ ਨਹੀਂ ਕਹਿੰਦੀ? ਕੀ ਮੈਂ ਤੈਨੂੰ ਦੱਸਾਂ ਕਿ ਤੁਹਾਡੀਆਂ ਔਰਤਾਂ ਦੀ ਕਿੰਨੀ ਖੁਆਰੀ ਹੁੰਦੀ ਏ ਤੇ ਉਨ੍ਹਾਂ ਨੂੰ ਕਿਵੇਂ ਬੁਰੀ ਤਰ੍ਹਾਂ ਵਰਤਿਆ ਜਾਂਦਾ ਏ? ਕੀ ਇਹ ਤੈਨੂੰ ਮੈਂ ਦੱਸਾ ਕਿ ਕੁੜੀ ਕਿਵੇਂ ਗਲ ਘੁੱਟਿਆ ਹੋਇਆ ਮਹਿਸੂਸ ਕਰਦੀ ਏ ਜਦੋਂ ਉਹਦੇ ਮਾਪੇ ਇਹ ਕਹਿ ਦਿੰਦੇ ਨੇ ਕਿ ਜਿਸ ਬੰਦੇ ਨੂੰ ਉਹ ਪਸੰਦ ਕਰਦੀ ਏ ਉਸ ਦਾ ਵਿਆਹ ਉੱਥੇ ਨਹੀਂ ਕੀਤਾ ਜਾ ਸਕਦਾ? ਕੀ ਮੈਂ ਇਹ ਬੁਰਾਈ ਵੀ ਤੈਨੂੰ ਦੱਸਾਂ ਜੋ ਉਨ੍ਹਾਂ ਘਰਾਂ ਵਿਚ ਵਾਪਰਦੀ ਏ ਜਿੱਥੇ ਲੰਮੀਆਂ ਲੰਮੀਆਂ ਦਾੜ੍ਹੀਆਂ ਵਾਲੇ ਬਾਪ ਆਪਣੀਆਂ ਧੀਆਂ ਨਾਲ ਹੀ ਬਲਾਤਕਾਰ ਕਰਦੇ ਹਨ। ਤੂੰ ਕੀ ਸਮਝਦੀ ਏਂ ਕਿ ਮੈਂ ਨਹੀਂ ਜਾਣਦੀ ਕਿ ਜਿਸਮਾਨੀ ਭੁੱਖ ਨੇ ਤੇਰੇ ਸਮਾਜ ਨੂੰ ਕਿਵੇਂ ਗ੍ਰੱਸਿਆ ਹੋਇਆ ਏ। ਇਹ ਕੁੜੀਆਂ ਦੇ ਭੱਜਣ, ਤਲਾਕਾਂ ਅਤੇ ਖੁਦਕੁਸ਼ੀਆਂ ਦੀਆਂ ਕਹਾਣੀਆਂ ਹੋਰ ਕੀ ਦੱਸਦੀਆਂ ਨੇ ਜੇ ਇਹ ਪਰਿਵਾਰ ਵਿਚਲੀਆਂ ਲੜਾਈਆਂ ਅਤੇ ਤਣਾਉਆਂ ਨੂੰ ਬਿਆਨ ਨਹੀਂ ਕਰਦੀਆਂ? ਕੀ ਮੈਂ ਤੈਨੂੰ ਇਹ ਕਹਾਂ ਕਿ ਤੁਹਾਡਾ ਪਰਿਵਾਰਕ ਸਿਸਟਮ ਇਸ ਲਈ ਖਤਮ ਕਰ ਦੇਣਾ ਚਾਹੀਦਾ ਏ ਕਿਉਂਕਿ ਇਹ ਠੀਕ ਤਰ੍ਹਾਂ ਕੰਮ ਨਹੀਂ ਕਰ ਰਿਹਾ।' ਉਹ ਥੋੜੀ ਦੇਰ ਰੁਕੀ ਤੇ ਫੇਰ ਬੋਲੀ,

'ਸਾਰੇ ਹੀ ਸਿਸਟਮਾਂ ਦੀਆਂ ਆਪਣੀਆਂ ਸਮੱਸਿਆਵਾਂ ਹੁੰਦੀਆਂ ਨੇ ਕਿਉਂਕਿ ਇਨ੍ਹਾਂ ਵਿਚ ਬਹੁਤ ਸਾਰੇ ਲੋਕ ਸ਼ਾਮਲ ਹੁੰਦੇ ਨੇ। ਮਾਪੇ ਸੋਚਦੇ ਨੇ ਕਿ ਉਹ ਜੋ ਕਰ ਰਹੇ ਨੇ ਬੱਚਿਆਂ ਦੀ ਭਲਾਈ ਲਈ ਕਰ ਰਹੇ ਨੇ, ਜਦਕਿ ਬੱਚੇ ਇਸ ਨੂੰ ਉਨ੍ਹਾਂ ਨੂੰ ਕਾਬੂ ਕਰਨ ਲਈ ਦਬਾਉਣ ਵਜੋਂ ਦੇਖਦੇ ਨੇ।'

'ਇਸ ਬਾਰੇ ਮੈਂ ਤੇਰੇ ਨਾਲ ਬਹਿਸ ਵਿਚ ਨਹੀਂ ਪੈ ਸਕਦੀ, 'ਮੈਂ ਮੰਨ ਗਈ, ਕਿਉਂਕਿ ਮੈਂ ਸਹਿਮਤ ਹਾਂ ਕਿ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਪਰਿਵਾਰਾਂ ਰਾਹੀਂ ਸਾਡੇ ਸਮਾਜਕ ਨਿਯੰਤ੍ਰਣ ਵਿਚ ਹਨ। ਐਪਰ, ਹਰ ਕੋਈ ਸਿਸਟਮ ਦੀ ਬੇਹਤਰੀ ਲਈ ਕੰਮ ਕਰਦਾ ਏ, ਬੁਰਾਈ ਅਤੇ ਤ੍ਰਿਸ਼ਨਾ ਦੇ ਖਿਲਾਫ ਲੜਦਾ ਏ, ਮਾਪਿਆਂ ਅਤੇ ਬੱਚਿਆਂ ਵਿਚਕਾਰ ਸੰਚਾਰ ਨੂੰ ਵਧਾਉਂਦਾ ਏ ਅਤੇ ਕਾਰੋ ਕਾਰੀ ਵਰਗੀਆਂ ਬੁਰੀਆਂ ਰਵਾਇਤਾਂ ਨੂੰ ਖਤਮ ਕਰਨ ਲਈ ਹੰਭਲਾ ਮਾਰਦਾ ਏ(ਆਬਰੂ ਦੇ ਨੁਕਤੇ ਤੇ ਔਰਤਾਂ ਦੇ ਕਤਲ)।

ਉਹਨੇ ਜਵਾਬ ਦਿੱਤਾ, 'ਫੇਰ ਅਸੀਂ ਵੀ ਤਾਂ ਇਸ ਸਿਸਟਮ ਦੀ ਬੇਹਤਰੀ ਲਈ ਕੰਮ ਕਰ ਸਕਦੇ ਹਾ। ਇਸ ਨੂੰ ਖਤਮ ਕਿਉਂ ਕਰੀਏ? ਕਿਵੇ ਦੱਲਾਬਾਜੀ ਵੱਲ ਤੁਰ ਪਈਏ ਤੇ ਪੂਰੀ ਤਰ੍ਹਾਂ ਪੈਸਾਮੁਖੀ ਹੋ ਜਾਈਏ ਅਤੇ ਨਾ ਕੋਈ ਪਰਿਵਾਰਕ ਰਿਸ਼ਤਾ ਰੱਖੀਏ ਤੇ ਨਾ ਹੀ ਰਵਾਇਤਾਂ ਦਾ

ਆਦਰ ਕਰੀਏ? ਸਾਡੇ ਸਿਸਟਮ ਵਿਚਲਾ ਨਿਯੰਤ੍ਰਣ ਔਰਤਾਂ ਕੋਲ ਏ। ਹੁਣ ਸਰਕਾਰ ਸਾਨੂੰ ਪ੍ਰੇਸ਼ਾਨ ਕਰਨ ਲੱਗ ਪਈ ਏ ਅਤੇ ਕੋਸ਼ਿਸ਼ ਕਰ ਰਹੀ ਏ ਕਿ ਸਾਨੂੰ ਥੱਲੇ ਲਾਕੇ ਦੱਲਿਆਂ ਦੇ ਹੱਥ ਪੱਕੇ ਕੀਤੇ ਜਾਣ। ਕੀ ਤੂੰ ਸਮਝਦੀ ਏਂ ਕਿ ਜਦੋਂ ਰੰਡੀ ਦਾ ਧੰਦਾ ਨਹੀਂ ਰਹਿੰਦਾ ਤਾਂ ਉਹ ਉਸ ਕੁੜੀ ਦੀ ਪ੍ਰਵਾਹ ਕਰਨਗੇ?

'ਇਹ ਕਿਉਂ ਹੈ? ਕੀ ਤੂੰ ਇਹ ਮੈਨੂੰ ਹੋਰ ਸ਼ਪਸ਼ਟ ਕਰੇਂਗੀ? ਇਹ ਰੰਡੀਖਾਨਿਆਂ ਵੱਲ ਰੁਝਾਨ ਕਿਉ ਹੈ?, ਮੈਂ ਪੁੱਛਿਆ।

ਉਹਨੇ ਜਵਾਬ ਦਿੱਤਾ, 'ਅਸੀਂ ਕੰਜਰ ਲੋਕ ਇਕ ਬਿਰਾਦਰੀ ਦੇ ਤੌਰ ਤੇ ਕੰਮ ਕਰਦੇ ਹਾਂ, ਅਤੇ ਸਾਰੇ ਇਕ ਦੂਜੇ ਤੇ ਨਿਰਭਰ ਹਾਂ, ਪਰ ਜਿਵੇਂ ਸਾਨੂੰ ਧੱਕ ਕੇ ਮੁਹੱਲੇ ਤੋਂ ਬਾਹਰ ਕੱਢ ਕੇ ਸਾਰੇ ਸ਼ਹਿਰ ਵਿਚ ਫੈਲਾਇਆ ਜਾ ਰਿਹਾ ਏ ਫੇਰ ਅਸੀਂ ਆਪਸ ਵਿਚ ਇਸੇ ਤਰ੍ਹਾਂ ਦੇ ਇਮਦਾਦੀ ਤਾਨੇ -ਬਾਨੇ ਨਾਲ ਕੰਮ ਨਹੀਂ ਕਰ ਸਕਾਂਗੀਆਂ। ਦੱਲੇ ਭਾਰੂ ਹੋ ਜਾਣਗੇ ਕਿਉਂਕਿ ਉਨ੍ਹਾਂ ਦਾ ਧੰਦਾ ਮੁਹੱਲੇ ਤੋਂ ਬਾਹਰ ਫੈਲਿਆ ਹੋਇਆ ਏ। ਜਦੋਂ ਅਸੀਂ ਇੱਥੋਂ ਬਾਹਰ ਜਾਵਾਂਗੀਆਂ ਤਾਂ ਸਾਨੂੰ ਗੀਤ ਅਤੇ ਸੰਗੀਤ ਛੱਡ ਦੇਣਾ ਪਏਗਾ। ਧੰਦਾ ਛੁਪ ਕੇ ਚੱਲੇਗਾ ਤੇ ਸਾਰਾ ਧਿਆਨ ਸਿਰਫ ਸੈਕਸ ਤੇ ਹੀ ਕੇਂਦਰਤ ਹੋ ਜਾਏਗਾ। ਫੇਰ ਸੰਗੀਤ ਤੋਂ ਬਿਨਾਂ ਅਸੀਂ ਗਾਹਕਾਂ ਨੂੰ ਕਿਵੇਂ ਭਰਮਾਵਾਂਗੇ, ਸਿਰਫ ਦੱਲਿਆਂ ਰਾਹੀਂ ਹੀ ਨਾ। ਤੂੰ ਸੜਕਾਂ ਅਤੇ ਬਾਜ਼ਾਰਾਂ ਦੀਆਂ ਕੁੜੀਆਂ ਦੀਆਂ ਗੱਲਾਂ ਤੇ ਸੁਣਦੀ ਹੀ ਏਂ ਨਾ। ਇਹ ਸਮਾਜ ਦਾ ਕਿਨਾਂ ਘਟੀਆ ਬਦਲਵਾਂ ਪ੍ਰਬੰਧ ਏ ਕਿ ਅਸੀਂ ਉਹ ਚੰਗੀ ਤਰਜੀਹ ਛੱਡ ਦੇਈਏ ਜਿੱਥੇ ਕਿ ਅਸੀਂ ਉਹੀ ਹਾਂ ਜੋ ਅਸੀਂ ਹਾਂ? ਸੁਣ ਫੌਜ਼ੀਆ, ਜਦੋਂ ਇਹ ਧੰਦਾ ਸਿਰਫ ਸਾਡੇ ਕੰਜਰਾਂ ਤੱਕ ਹੀ ਮਹਿਦੂਦ ਸੀ ਤਾਂ ਇਹ ਸਿਰਫ ਸਾਡੀ ਬਿਰਾਦਰੀ ਤੱਕ ਹੀ ਸੀ। ਹੁਣ ਹਰ ਦੱਲਾ ਇਸ ਵਿਚ ਆ ਵੜਿਆ ਏ ਅਤੇ ਸਾਡੇ ਨਾਲੋਂ ਸੌ ਗੁਣਾ ਵੱਧ ਪੈਸੇ ਬਣਾ ਰਿਹਾ ਏ ਜੋ ਅਸੀਂ ਕੰਜਰ ਕਮਾਉਂਦੇ ਸੀ।'

'ਕੀ ਤੂੰ ਸੋਚਦੀ ਏਂ ਕਿ ਤੂੰ ਵੀ ਕਦੇ ਇਸ ਮੁਹੱਲੇ ਨੂੰ ਛੱਡ ਜਾਏਂਗੀ?', ਮੈਂ ਪੁੱਛਿਆ।

'ਮੈਂ ਚਾਹੁੰਦੀ ਹਾਂ ਕਿ ਮੈਂ ਇਹ ਦਿਨ ਦੇਖਣ ਤੋਂ ਪਹਿਲਾਂ ਮਰ ਹੀ ਜਾਵਾਂ। ਸਿਰਫ ਇਸ ਲਈ ਨਹੀਂ ਕਿ ਮੈਨੂੰ ਆਪਣੀ ਜਾਇਦਾਦ ਦਾ ਫਿਕਰ ਏ। ਸਾਨੂੰ ਅਪਣਾ ਸਾਰਾ ਦਰਸ਼ਨ ਹੀ ਬਦਲਨਾ ਪਏਗਾ, ਕੰਮ ਕਰਨ ਦਾ ਆਪਣਾ ਸਾਰਾ ਹੀ ਢੰਗ। ਨਹੀਂ, ਮੈਂ ਭਾਵੇਂ ਭੁੱਖੀ ਮਰ ਜਾਵਾਂ ਪਰ ਮੈਂ ਇਹ ਮੁਹੱਲਾ ਨਹੀਂ ਛੱਡਾਂਗੀ, ਇਹ ਪਹਿਰੇ ਯਾਜ਼ੀਦ ਕਿੰਨੇ ਜੁਲਮ ਕਰਨ।'

ਰੰਡੀਖਾਨਿਆਂ ਦਾ ਵਰਤਾਰਾ ਜੰਗਲ ਦੀ ਅੱਗ ਵਾਂਗ ਫੈਲ ਰਿਹਾ ਏ। ਜਿਹੜੇ ਦੱਲੇ ਕਦੀ ਕੋਠਿਆਂ ਦੇ ਪ੍ਰਬੰਧਕਾਂ ਨਾਲ ਕੰਮ ਕਰਦੇ ਸਨ ਉਹ ਅਪਣੇ ਧੰਦੇ ਸ਼ੁਰੂ ਕਰਨ ਲਈ ਉਤਸਕ ਸਨ ਹਨ ਨਾ ਕਿ ਰਵਾਇਤੀ ਕੋਠਿਆਂ ਦੇ ਪੁਰਾਣੇ ਗੁੰਝਲਦਾਰ ਤੌਰ-ਤਰੀਕਿਆ ਵਿਚ ਕੰਮ ਕਰਨ ਲਈ। ਉਨ੍ਹਾਂ ਦਾ ਧਿਆਨ ਸਿਰਫ ਦੋ ਪਹਿਲੂਆਂ ਤੇ ਵੇ, ਕੁੜੀਆਂ ਭਰਤੀ ਕਰਨਾ ਅਤੇ ਗਾਹਕ ਲੱਭਣਾ। ਦੋਹਾਂ ਲਈ ਹੀ ਲੰਮੇ ਚੌੜੇ ਜਾਲ ਦੀ ਲੋੜ ਏ।

ਇਹ ਕੁੜੀਆਂ ਇਸ ਧੰਦੇ ਵਿਚ ਕਿਵੇਂ ਆ ਜਾਂਦੀਆ ਨੇ ਇਹ ਬਹੁਤਾ ਸਾਫ ਨਹੀਂ। ਉਨ੍ਹਾਂ ਬਾਰੇ ਕੁਝ ਕਹਾਣੀਆਂ ਵਿਚ ਰੰਡੀਬਾਜ਼ੀ ਦੇ ਧੰਦੇ ਨਾਲ ਜੁੜੀ ਮਿੱਥ ਦੀ ਗੂੰਜ ਹੀ ਸੁਣਾਈ ਦਿੰਦੀ ਏ। ਦੱਲੇ ਜਾਂ ਉਨ੍ਹਾਂ ਦੇ ਏਜੰਟ ਘਰੋਂ ਭੱਜੀਆਂ ਕੁੜੀਆਂ ਦੀ ਭਾਲ ਵਿਚ ਰਹਿੰਦੇ ਨੇ। ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕੁੜੀ ਦੀ ਤੱਕਣੀ ਦੀ ਪਛਾਣ ਹੁੰਦੀ ਏ ਅਤੇ ਅਕਸਰ ਹੀ ਉਹ ਉਨ੍ਹਾਂ ਨੂੰ ਆਪਣੇ

ਰੰਡੀਖਾਨੇ ਵਿਚ ਲਿਆਉਣ ਵਿਚ ਕਾਮਯਾਬ ਹੋ ਜਾਂਦੇ ਨੇ। ਰਿਕਸ਼ਿਆਂ ਵਾਲੇ, ਜਿਨ੍ਹਾਂ ਨੂੰ ਦੱਲਿਆਂ ਤੋਂ ਪੈਸੇ ਮਿਲਦੇ ਨੇ, ਸਵਾਰ ਹੋਈਆਂ ਨੌਜਵਾਨ ਕੁੜੀਆਂ ਨੂੰ ਜਬਰਦਸਤੀ ਰੰਡੀਖਾਨਿਆਂ ਵਿਚ ਪੁਚਾ ਦਿੰਦੇ ਨੇ। ਕਈ ਵਾਰੀ ਬੰਦੇ ਪੇਂਡੂ ਕੁੜੀਆਂ ਨਾਲ ਵਿਆਹ ਕਰਵਾ ਲੈਂਦੇ ਨੇ ਅਤੇ ਲੈ ਜਾ ਕੇ ਉਨ੍ਹਾਂ ਨੂੰ ਦੱਲਿਆਂ ਨੂੰ ਵੇਚ ਦਿੰਦੇ ਨੇ। ਇਹ ਕਹਾਣੀਆਂ ਆਮ ਤੌਰ ਤੇ ਸਾਡੀਆਂ ਫਿਲਮਾਂ ਵਿਚ ਦਰਸਾਈਆਂ ਜਾਂਦੀਆਂ ਨੇ। ਭਾਵੇਂ ਇਹ ਬਿਲਕੁਲ ਉਸੇ ਤਰ੍ਹਾਂ ਕੋਠੀਖਾਨਿਆਂ ਵਿਚ ਭਰਤੀ ਕੀਤੀਆਂ ਜਾਣ ਵਾਲੀਆਂ ਕੁੜੀਆ ਨਾਲ ਮਿਲਦੀਆਂ ਨੇ ਪਰ ਇਹ ਉਸ ਅਮਲ ਦੀ ਝਲਕ ਨਹੀਂ ਹੁੰਦੀਆਂ ਜਿਸ ਅਨੁਸਾਰ ਰਵਾਇਤੀ ਤੌਰ ਤੇ ਸ਼ਾਹੀ ਮੁਹੱਲੇ ਦੇ ਕੋਠੇ ਕਾਇਮ ਰੱਖੇ ਜਾਂਦੇ ਨੇ।

ਰੰਡੀਖਾਨਿਆਂ ਤੇ ਅਧਾਰਤ ਰੰਡੀਬਾਜੀ ਦੇ ਧੰਦੇ ਵਿਚ ਕੁੜੀਆਂ ਦੀ ਭਰਤੀ ਲਈ ਚਾਰ ਬੁਨਿਆਦੀ ਢੰਗ ਸਾਮ੍ਹਣੇ ਆਉਂਦੇ ਨੇ। ਇਕ ਆਮ ਢੰਗ ਤਾਂ ਇਹ ਵੇ ਕਿ ਅਫਗਾਨਿਸਤਾਨ ਦੇ ਨਾਲ ਲਗਦੇ ਕਬਾਇਲੀ ਖੇਤਰ ਅਤੇ ਸਵਾਤ ਵਿਚ ਵਿਆਹ ਕਰਵਾ ਲਿਆ ਜਾਵੇ। ਨਾਰਥ ਵੈਸਟ ਫਰੰਟੀਅਰ ਪ੍ਰੋਵਿਨਸ ਦਾ ਇਹ ਇਲਾਕਾ ਅਜੇ ਵੀ ਬਹੂ ਧਨ ਦੀ ਰਵਾਇਤ ਪਾਲਦਾ ਏ। ਲੋਕ ਇਸ ਨੂੰ ਆਮ ਤੌਰ ਤੇ ਬਹੂ ਦੀ ਕੀਮਤ ਸੱਦਦੇ ਨੇ ਪਰ ਇਹ ਸ਼ਬਦ ਸਿਸਟਮ ਦੀ ਗਲਤ ਬਿਆਨੀ ਨੇ। ਲੋਕ ਸਮਝਦੇ ਨੇ ਕਿ ਫਰੰਟੀਅਰ ਪ੍ਰੋਵਿਨਸ ਦੇ ਕਬਾਇਲੀ ਲੋਕ ਧੀਆਂ ਨੂੰ ਵੇਚਦੇ ਨੇ ਪਰ ਇਹ ਹਕੀਕਤ ਨਹੀਂ। ਦਰਅਸਲ ਰਵਾਇਤ ਤਾਂ ਬਹੂ ਧਨ ਦੀ ਏ। ਪਤੀ ਵਿਆਹ ਦਾ ਸਾਰਾ ਖਰਚਾ ਝੱਲਦਾ ਏ, ਠੀਕ ਠੀਕ ਜਿਹਾ, ਅਤੇ ਪਰਿਵਾਰ ਦੇ ਇਕ ਜੀਅ ਦਾ ਘਾਟਾ ਪੂਰਾ ਕਰਨ ਲਈ ਪਰਿਵਾਰ ਨੂੰ ਕੁਝ ਦਿੰਦਾ ਏ। ਬਾਦ ਵਿਚ, ਵਿਆਹ ਤੋਂ ਬਾਦ, ਉਹ ਔਰਤ ਦੀਆਂ ਮਾਇਕ ਲੋੜਾਂ ਲਈ ਜ਼ਿੰਮੇਵਾਰ ਹੋ ਜਾਂਦਾ ਏ। ਇਸ ਰਵਾਇਤ ਦੀਆਂ ਜੜਾਂ ਮੱਧ ਪੂਰਵ ਵਿਚ ਹਨ। ਫਰੰਟੀਅਰ ਅਤੇ ਬਲੋਚਿਸਤਾਨ ਨਾਲ ਲੱਗਦੇ ਪਾਕਿਸਤਾਨ ਦੇ ਪੱਛਮੀ ਹਿੱਸਿਆਂ ਦੇ ਕਬਾਇਲੀ ਸੱਭਿਆਚਾਰ ਵਿਚ ਮੱਧ ਪੂਰਵੀ ਦਸਤੂਰ ਪ੍ਰਚਲਤ ਨੇ। ਪੰਜਾਬ ਅਤੇ ਸਿੰਧ ਵਿਚ, ਜੋ ਸੱਭਿਆਚਾਰਕ ਤੌਰ ਤੇ ਦੱਖਣੀ ਏਸ਼ੀਆਈ ਸਭਿਆਚਾਰਾਂ ਦੇ ਵਧੇਰੇ ਨੇੜੇ ਵੇ ਦਹੇਜ ਦੀ ਪ੍ਰਥਾ ਹੋਂਦ ਵਿਚ ਏ। ਇਹ ਰਵਾਇਤ ਕੁੜੀ ਨੂੰ ਵਿਆਹੁਣ ਲਈ ਹੋਣ ਵਾਲੇ ਬਹੁਤੇ ਖਰਚੇ ਦਾ ਭਾਰ ਔਰਤ ਦੇ ਟੱਬਰ ਤੇ ਪਾਉਂਦੀ ਏ। ਔਰਤ ਦਾ ਟੱਬਰ ਨਾ ਸਿਰਫ ਕੁੜੀ ਦੇ ਵਿਆਹ ਦਾ ਬਹੁਤਾ ਭਾਰ ਹੀ ਝੱਲਦਾ ਏ ਬਲਕਿ ਉਸ ਨੂੰ ਦਹੇਜ ਵੀ ਦੇਣਾ ਪੈਂਦਾ ਏ ਜਿਸ ਵਿਚ ਘਰ ਦਾ ਸਾਰਾ ਸਮਾਨ, ਲਾੜੇ ਅਤੇ ਲਾੜੀ ਲਈ ਕੱਪੜੇ, ਲਾੜੀ ਅਤੇ ਸਹੁਰਿਆਂ ਲਈ ਗਹਿਣੇ ਅਤੇ ਕਈ ਵਾਰੀ ਤਾਂ ਲਾੜੇ ਦਾ ਕਾਰੋਬਾਰ ਸ਼ੁਰੂ ਕਰਵਾਉਣ ਲਈ ਨਕਦੀ ਵੀ ਦੇਣੀ ਪੈਂਦੀ ਏ।

ਦੇਸ਼ ਵਿਚ ਪੰਜਾਬੀ ਸੱਭਿਆਚਾਰ ਦੇ ਭਾਰੂ ਦੇਣ ਕਰਕੇ, ਜਿਸ ਉੱਤੇ ਬਟਵਾਰੇ ਵੇਲੇ ਭਾਰਤ ਤੋਂ ਪਾਕਿਸਤਾਨ ਆਉਣ ਵਾਲੇ ਵਧੇਰੇ ਪੜ੍ਹੇ-ਲਿਖੇ ਉਰਦੂ ਭਾਸ਼ੀਆਂ ਦਾ ਹੋਰ ਅਸਰ ਪਿਆ ਏ, ਇਸ ਤਰ੍ਹਾਂ ਦਾ ਪ੍ਰਭਾਵ ਪੈਦਾ ਹੋ ਗਿਆ ਏ ਕਿ ਵਧੇਰੇ ਸੱਭਿਆ ਲੋਕਾਂ ਦਾ ਹੀ ਇਹ ਦਸਤੂਰ ਏ ਕਿ ਆਪਣੀਆਂ ਧੀਆਂ ਦੇ ਨਾਲ ਉਹ ਦਹੇਜ਼ ਵੀ ਦੇਣ। ਬਹੂ ਧਨ ਵਾਲੇ ਦਸਤੂਰ ਨੂੰ ਹੁਣ ਬਹੁਤ ਪ੍ਰਾਚੀਨ ਸਮਝਿਆ ਜਾਂਦਾ ਏ। ਫਰੰਟੀਅਰ ਪ੍ਰੋਵਿਨਸ ਦੇ ਪੜ੍ਹੇ-ਲਿਖੇ ਪਰਿਵਾਰ ਵੀ ਹੁਣ ਖਾਸ ਹੋਰ ਤੇ ਕਹਿੰਦੇ ਹਨ ਕਿ ਉਹ ਆਪਣੀਆਂ ਧੀਆਂ ਬਦਲੇ ਪੈਸੇ ਕਬੂਲ ਨਹੀਂ ਕਰਦੇ, ਉਹ ਸਗੋਂ ਉਨ੍ਹਾਂ ਨੂੰ ਦਹੇਜ਼ ਦਿੰਦੇ ਨੇ। ਇਸ ਵਿਚ ਉਨ੍ਹਾਂ ਦੀ ਆਪਣੀਆਂ ਰਵਾਇਤਾਂ ਨੂੰ ਜਾਰੀ ਰੱਖਣ ਵਿਚ ਆਪਣੀ ਜਿੱਲਤ ਹੀ ਵਿਖਾਈ ਦਿੰਦੀ ਏ ਕਿਉਂਕਿ ਇਸ ਗੱਲ ਨੂੰ ਹਮੇਸ਼ਾ ਗਲਤ ਸਮਝਿਆ

ਜਾਂਦਾ ਰਿਹਾ ਏ। ਇਸ ਤਰ੍ਹਾਂ ਉਹ ਸਗੋਂ ਦਹੇਜ਼ ਦੀ ਹੋਰ ਵੀ ਮਾੜੀ ਪ੍ਰਥਾ ਤੇ ਚੱਲ ਪਏ ਨੇ ਤਾਂਕਿ ਇਕ ਤਰ੍ਹਾਂ ਦੇ ਸਮਾਜਕ ਤੌਰ ਤੇ ਪ੍ਰਵਾਨਤ ਰੁਝਾਨ ਤੇ ਚੱਲਿਆ ਜਾ ਸਕੇ।

ਪੰਜਾਬ ਦੇ ਬੰਦੇ ਸਮਝਦੇ ਹਨ ਕਿ ਬਹੂ ਧਨ ਚੀਜ ਵੇਚਣ ਦੇ ਸਮਾਨ ਹੈ। ਉਹ ਸਵਾਤ ਵਰਗੇ ਇਲਾਕੇ ਵਿਚ ਜਾਂਦੇ ਨੇ ਅਤੇ ਇਸ ਤਰ੍ਹਾਂ ਪਖੰਡ ਕਰਦੇ ਨੇ ਕਿ ਉਹ ਪਤਨੀ ਲੱਭਣ ਤੁਰੇ ਨੇ। ਉਹ ਗਰੀਬ ਟੱਬਰਾਂ ਨੂੰ ਫਸਾ ਲੈਂਦੇ ਨੇ ਲਾੜੀ ਦੀ ਕੀਮਤ ਦਿੰਦੇ ਨੇ ਅਤੇ ਪਸ਼ਤੋ ਜਾਂ ਕੋਹਿਸਤਾਨੀ ਬੋਲਣ ਵਾਲੀ ਔਰਤ ਨੂੰ ਸ਼ਹਿਰ ਵਿਚ ਲੈ ਆਉਂਦੇ ਨੇ, ਅਤੇ ਉਨ੍ਹਾਂ ਦੇ ਮਾਪੇ ਇਹ ਸੋਚ ਕੇ ਖੁਸ਼ ਹੁੰਦੇ ਰਹਿੰਦੇ ਨੇ ਕਿ ਉਨ੍ਹਾਂ ਦੀ ਧੀ ਸ਼ਹਿਰ ਵਿਚ ਰਹੇਗੀ ਜਿਥੇ ਸਹੂਲਤਾਂ ਵੱਧ ਨੇ ਤੇ ਗੁਰਬਤ ਘੱਟ ਏ। ਫੇਰ ਇਹ ਔਰਤਾਂ ਰੰਡੀਖਾਨਿਆਂ ਨੂੰ ਵੇਚ ਦਿੱਤੀਆਂ ਜਾਂਦੀਆਂ ਨੇ ਜਾਂ ਉਨ੍ਹਾਂ ਦੇ ਹੀ ਪਤੀ ਉਨ੍ਹਾਂ ਨੂੰ ਆਪਣੇ ਕਾਰੋਬਾਰ ਵਿਚ ਲਾ ਲੈਂਦੇ ਨੇ। ਇਨ੍ਹਾਂ ਦੁਰਾਡੇ ਪਿੰਡਾਂ ਦੀਆਂ ਇਹ ਔਰਤਾਂ ਸ਼ਹਿਰ ਵਿਚ ਆਪਣੀ ਸੇਧ ਗਵਾ ਬਹਿੰਦੀਆਂ ਨੇ ਅਤੇ ਚੁੱਪਚਾਪ ਲਾਚਾਰ ਹੋ ਜਾਂਦੀਆਂ ਨੇ ਅਤੇ ਉਨ੍ਹਾਂ ਨੂੰ ਅਕਸਰ ਉਰਦੂ ਜਾਂ ਪੰਜਾਬੀ ਬੋਲਣੀ ਵੀ ਨਹੀਂ ਆਉਂਦੀ।

ਇਸੇ ਤਰ੍ਹਾਂ ਦੀ ਕਾਰਵਾਈ ਦੀਆਂ ਰਿਪੋਟਾਂ ਪੇਂਡੂ ਸਿੰਧ ਅਤੇ ਪੇਂਡੂ ਪੰਜਾਬ ਤੋਂ ਵੀ ਆਉਂਦੀਆਂ ਨੇ। ਉੱਥੇ ਭਾਵੇਂ ਬਹੂ ਧਨ ਦਾ ਸੰਕਲਪ ਮੌਜੂਦ ਨਹੀਂ ਏ ਪਰ ਵਿਆਹ ਦਾ ਡਰਾਮਾ ਤਾਂ ਫੇਰ ਵੀ ਪ੍ਰਭਾਵਕ ਹੋ ਸਕਦਾ ਏ। ਸਵਾਤ ਵਿੱਚ ਦੱਲਿਆਂ ਦੇ ਇਹ ਬਹੁਤ ਰਾਸ ਆਉਂਦਾ ਏ ਕਿਉਂਕਿ ਉਸ ਦਸਤੂਰ ਵਿਚ ਇਕ ਵਾਰੀ ਜਦੋਂ ਕੁੜੀ ਵਿਆਹ ਦਿੱਤੀ ਜਾਂਦੀ ਏ ਤਾਂ ਮਾਪੇ ਉਸ ਨਾਲ ਸੰਪਰਕ ਰੱਖਣ ਦੀ ਬਹੁਤੀ ਚਾਹਨਾ ਨਹੀਂ ਰੱਖਦੇ। ਇਸ ਤਰ੍ਹਾਂ ਧੰਦੇ ਵਿਚ ਲਾਈਆਂ ਔਰਤਾਂ ਨੂੰ ਗੁਪਤ ਥਾਵਾਂ ਤੇ ਰੱਖਿਆ ਜਾਂਦਾ ਏ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲੋਂ ਉਨ੍ਹਾਂ ਦੇ ਸਬੰਧ ਪੂਰੀ ਤਰ੍ਹਾਂ ਖਤਮ ਕਰ ਦਿੱਤੇ ਜਾਂਦੇ ਨੇ।

ਰੰਡੀਖਾਨਿਆਂ ਲਈ ਔਰਤਾਂ ਜੁਟਾਉਣ ਦਾ ਦੂਜਾ ਢੰਗ ਭਰਤੀ ਏਜੰਟਾਂ ਰਾਹੀਂ ਹੁੰਦਾ ਏ। ਇਹ, ਬਹੁਤੇ ਮਰਦ ਲੋਕ, ਏਜੰਟ ਕੁੜੀਆਂ ਦੇ ਹੋਸਟਲਾਂ, ਅਣਵਿਆਹੀਆਂ ਕੰਮਕਾਜੀ ਔਰਤਾਂ ਲਈ ਸਰਕਾਰੀ ਰਿਹਾਇਸ਼ਗਾਹਾਂ ਅਤੇ ਕਈ ਵਾਰੀ ਕੋਈ ਨਿਰਾਸਰਾ ਔਰਤ, ਨਿੱਕੇ-ਮੋਟੇ ਕਸਬਿਆਂ ਤੇ ਜਿੱਥੇ ਉਹ ਨੌਜਵਾਨ ਕੁੜੀਆਂ ਲੱਭ ਸਕਦੇ ਨੇ ਜਿਹੜੀਆਂ ਭੱਜਣ ਲਈ ਤਿਆਰ ਹੋ ਜਾਣ, ਜਾਂ ਸਕੂਲਾਂ ਦੁਆਲੇ ਨਿਗਾਹ ਰੱਖਦੇ ਨੇ। ਉਹ ਇਨ੍ਹਾਂ ਥਾਵਾਂ ਦੁਆਲੇ ਚਕਰਾਉਂਦੇ ਫਿਰਦੇ ਨੇ ਅਤੇ ਔਰਤਾਂ ਨਾਲ ਸਿੱਧਾ ਜਾਂ ਟੇਢਾ ਸੰਪਰਕ ਕਰਨ ਦੇ ਜੁਗਾੜ ਵਿਚ ਰਹਿੰਦੇ ਨੇ, ਅਤੇ ਜਾਂ ਉਸ ਸੰਸਥਾ ਦੇ ਪ੍ਰਬੰਧਕਾਂ ਰਾਹੀਂ ਸੰਪਰਕ ਸਾਧਦੇ ਨੇ। ਕਈ ਵਾਰੀ ਦੱਲਿਆਂ ਦਾ ਉਸ ਗਾਹਕ ਜਾਂ ਗਾਹਕਾਂ ਦੇ ਉਸ ਸਮੂਹ ਨਾਲ ਸਿੱਧਾ ਸੰਪਰਕ ਹੁੰਦਾ ਏ ਜਿਨ੍ਹਾਂ ਲਈ ਔਰਤਾਂ ਦੀ ਭਰਤੀ ਕੀਤੀ ਜਾਂਦੀ ਏ। ਸਿਆਸੀ ਗਾਹਕਾਂ ਦੀ ਸੇਵਾ ਕਈ ਵਾਰੀ ਇਸੇ ਢੰਗ ਨਾਲ ਕੀਤੀ ਜਾਂਦੀ ਏ ਜਿੱਥੇ ਦੱਲਿਆਂ ਦਾ ਜ਼ੋਖ਼ਮ ਖੁਦ ਗਾਹਕ ਨਾਲ ਹੀ ਵੰਡ ਹੋ ਜਾਂਦਾ ਏ ਅਤੇ ਪੁਲਿਸ ਨੂੰ ਰਿਸ਼ਵਤ ਦੇਣ ਜਾਂ ਹੋਰ ਕਿਸੇ ਦਾ ਮੂੰਹ ਬੰਦ ਕਰਨ ਦੀ ਸਾਰੀ ਜ਼ਿੰਮੇਵਾਰੀ ਉਸੇ ਤੇ ਨਹੀਂ ਹੁੰਦੀ। ਇਸ ਮਾਮਲੇ ਵਿਚ ਦੱਲਾ ਲਗਾਤਾਰ ਵੀ ਸ਼ੈਲਟਰ ਦੀਆਂ ਔਰਤਾਂ ਮੁਹੱਈਆ ਕਰਦਾ ਰਹਿ ਸਕਦਾ ਏ ਜਦੋਂ ਕਿ ਸੱਤਾ ਤੇ ਕਾਬਜ਼ ਸਿਆਸਤਦਾਨ ਉਸ ਨੂੰ ਸਰਕਾਰ ਤੋਂ ਪੂਰੀ ਸੁਰੱਖਿਆ ਮੁਹੱਈਆ ਕਰਦਾ ਏ। ਇਹ ਢੰਗ ਕਿਸੇ ਵੀ ਅੱਤ ਤੱਕ ਜਾ ਸਕਦਾ ਏ ਜਿੱਥੇ ਕੋਈ ਤਕੜਾ ਸਿਆਸਤਦਾਨ ਕਿਸੇ ਏਅਰ ਹੋਸਟੈੱਸ ਜਾਂ ਕਾਲਜ ਦੀ ਕੁੜੀ ਵੱਲ ਉਂਗਲ ਕਰਕੇ ਆਪਣੇ ਦੱਲੇ ਨੂੰ ਕਹਿ ਸਕਦਾ ਏ ਕਿ ਉਸ ਨੂੰ ਲਿਆ। ਅਜਿਹੇ

ਮਾਮਲਿਆਂ ਵਿੱਚ ਦੱਲਾ ਸਰਕਾਰੀ ਮਸ਼ੀਨਰੀ ਦੀ ਸਿੱਧੀ ਸਹਾਇਤਾ ਵਰਤਦਾ ਏ। ਇਹ ਸਿਸਟਮ 1970 ਵਿਆਂ ਵਿਚ ਬੜਾ ਚੜ੍ਹਾਈ ਤੇ ਸੀ ਅਤੇ ਬਾਦ ਵਿਚ ਉਨ੍ਹਾਂ ਦੇ ਕੁਝ ਖਾਸ ਸਿਆਸਤਦਾਨਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਕਾਰਨ ਫੇਰ ਸਾਮ੍ਹਣੇ ਆਇਆ ਜੋ ਆਪਣੀ ਹਰੇਕ ਇੱਛਾ ਦੀ ਪੂਰਤੀ ਲਈ ਸਰਕਾਰੀ ਮਸ਼ੀਨਰੀ ਵਰਤਣ ਦੇ ਆਦੀ ਸਨ।

ਇਨ੍ਹਾਂ ਦੀ ਭਰਤੀ ਦਾ ਤੀਜਾ ਢੰਗ, ਇਕ ਪੁਰਾਣੀ ਰਣਨੀਤੀ ਏ ਜੋ ਕਿ ਪਹਿਲੀਆਂ ਕਈ ਕਿਤਾਬਾਂ ਵਿਚ ਦੱਸੀ ਜਾ ਚੁੱਕੀ ਏ, ਕਿਸੇ ਔਰਤ ਨਾਲ ਦੋਸਤੀ ਗੰਢ ਲੈਣ ਦੀ। ਕੋਈ ਏਜੰਟ ਕਿਸੇ ਔਰਤ ਨੂੰ ਫਸਾਉਂਦਾ ਏ ਅਤੇ ਹੌਲੀ-ਹੌਲੀ ਉਸਨੂੰ ਅਪਣੇ ਪਰਿਵਾਰ ਤੋਂ ਵਿਦਰੋਹ ਕਰਨ ਲਈ ਤਿਆਰ ਕਰ ਲੈਂਦਾ ਏ। ਇਸ ਨਾਲ ਇਹ ਯਕੀਨੀ ਹੋ ਜਾਂਦਾ ਏ ਕਿ ਪਰਿਵਾਰ ਨਾਲ ਅਪਣੇ ਸਬੰਧ ਉਹ ਖੁਦ ਹੀ ਕੱਟ ਲੈਂਦੀ ਏ ਅਤੇ ਜੇ ਉਹ ਫਸ ਵੀ ਜਾਂਦਾ ਏ ਤਾਂ ਉਸ ਵਾਸਤੇ ਸੌਦਾ ਰਹਿੰਦਾ ਏ। ਉਹਨੂੰ ਆਪਣੇ ਪਿਆਰ ਜਾਲ ਵਿਚ ਫਸਾਕੇ ਜਾਂ ਉਸ ਨਾਲ ਹਮਬਿਸਤਰ ਹੋਕੇ ਉਹ ਉਸ ਨੂੰ ਨੰਗਾ ਕਰ ਲੈਂਦਾ ਏ। ਸਾਡਾ ਸਮਾਜ ਔਰਤ ਦੇ ਕੁਆਰੇਪਣ ਨੂੰ ਬੜੀ ਉੱਚੀ ਅਹਿਮੀਅਤ ਦਿੰਦਾ ਏ ਅਤੇ ਜਦੋਂ ਇਕ ਵਾਰੀ ਔਰਤ ਦਾ ਕੁਆਰਾਪਣ ਭੰਗ ਹੋ ਜਾਂਦਾ ਏ ਕਿਸੇ ਵਿਆਹ ਤੋਂ ਪਹਿਲਾਂ ਦੇ ਸਬੰਧ ਕਾਰਨ ਤਾਂ ਉਸ ਨੂੰ ਲੱਗਦਾ ਏ ਕਿ ਉਸ ਨੂੰ ਹੁਣ ਉਸੇ ਬੰਦੇ ਦੇ ਮਗਰ ਹੀ ਪਿਆ ਰਹਿਣਾ ਚਾਹੀਦਾ ਏ ਕਿਉਂਕਿ ਉਸ ਦੇ ਮੁੜਨ ਲਈ ਹੋਰ ਕੋਈ ਥਾਂ ਹੀ ਨਹੀਂ ਰਹਿੰਦੀ। ਇਹ ਖਾਸ ਤੌਰ ਤੇ ਕੱਟੜ ਪਿਛੋਕੜਾਂ ਵਾਲੀਆਂ ਔਰਤਾਂ ਲਈ ਸੱਚ ਏ। ਏਜੰਟ ਅਜਿਹੇ ਗੁਨਾਹ ਨਾਲ ਖੁਲ੍ਹ ਕੇ ਖੇਡਦੇ ਨੇ ਅਤੇ ਉਸ ਨੂੰ ਭਜਾ ਕੇ ਲੈ ਜਾਂਦੇ ਨੇ। ਇਕ ਵਾਰੀ ਉਨ੍ਹਾਂ ਦੇ ਕਾਬੂ ਆ ਜਾਣ ਤੋਂ ਬਾਦ ਅਤੇ ਧੰਦੇ ਵਿਚ ਪੈ ਜਾਣ ਤੋਂ ਬਾਦ, ਉਹ ਮਨੋਵਿਗਿਆਨਕ ਰੂਪ ਵਿਚ ਹੀ ਉਸ ਨਾਲ ਜੁੜ ਕੇ ਰਹਿ ਜਾਂਦੀ ਏ। ਉਹ ਦਾ ਵਿਸ਼ਵਾਸ ਬਣ ਜਾਂਦਾ ਏ ਕਿ ਜੋ ਕੁਝ ਉਹ ਪਹਿਲਾਂ ਕਰ ਚੁੱਕੀ ਏ ਉਸ ਨਾਲ ਉਹ ਆਪਣਾ ਮੂੰਹ ਕਦੀ ਵੀ ਆਪਣੇ ਪਰਿਵਾਰ ਨੂੰ ਦਿਖਾਉਣ ਜੋਗੀ ਨਹੀਂ ਅਤੇ ਉਹ ਆਪਣੀ ਹੋਣੀ ਨੂੰ ਕਬੂਲ ਕਰ ਲੈਂਦੀ ਏ। ਇਹ ਏਜੰਟ ਔਰਤਾਂ ਨੂੰ ਆਪਣੇ ਕਾਬੂ ਵਿਚ ਰੱਖਣ ਲਈ ਨਸ਼ੇ ਦੀਆਂ ਆਦੀ ਵੀ ਬਣਾ ਦਿੰਦੇ ਨੇ।

ਇਸ ਭਰਤੀ ਦਾ ਇਕ ਹੋਰ ਦਾਰੋਮਦਾਰ ਕੁਦਰਤੀ ਤਬਾਹੀਆਂ ਤੇ ਹੈ। ਰੰਡੀ ਬਜ਼ਾਰ ਦੇ ਏਜੰਟ ਕਿਸੇ ਵੀ ਕੁਦਰਤੀ ਜਾਂ ਮਾਨਵ ਰਚਿਤ ਆਫਤ ਵੇਲੇ ਨੇੜੇ ਹੀ ਫਿਰਦੇ ਰਹਿੰਦੇ ਨੇ ਜਿੱਥੇ ਵੀ ਨਿਯੰਤ੍ਰਣ ਦੀ ਘਾਟ ਹੁੰਦੀ ਹੈ। ਮੇਰੇ ਖੋਜ ਅਧਿਐਨ ਦੇ ਸ਼ੁਰੂ ਵਿਚ ਇਕ ਘਟਨਾ ਉਜਰੀ ਕੈਂਪ ਵਿਚ ਵਾਪਰੀ ਸੀ ਜੋ ਇਕ ਫੌਜੀ ਚੌਂਕੀ ਏ ਜਿੱਥੇ ਅਸਲਾ ਡਿਪੋ ਵਿਚ ਅਚਾਨਕ ਅੱਗ ਲੱਗ ਗਈ ਸੀ। ਹਜ਼ਾਰਾਂ ਹੀ ਤੋਪ ਦੇ ਗੋਲਿਆਂ ਨੂੰ ਅੱਗ ਲੱਗ ਗਈ ਸੀ ਅਤੇ ਇਹ ਅਸਮਾਨ ਵਿਚ ਫਟਣ ਲੱਗ ਪਏ ਸਨ ਅਤੇ ਇਸਲਾਮਾਬਾਦ ਅਤੇ ਰਾਵਲਪਿੰਡੀ ਦੇ ਕਈ ਇਲਾਕੇ ਤਬਾਹ ਹੋ ਗਏ ਸਨ। ਉਸ ਵੇਲੇ ਮੈਂ ਲੋਕ ਵਿਰਸਾ ਦੇ ਦਫਤਰ ਵਿਚ ਸੀ। ਅਸੀਂ ਸੋਚਿਆ ਕਿ ਲੜਾਈ ਛਿੜ ਗਈ ਏ, ਸਾਡੇ ਆਲੇ-ਦੁਆਲੇ ਗੋਲੇ ਇਕ ਘੰਟੇ ਤੱਕ ਡਿਗਦੇ ਰਹੇ ਸਨ। ਦੋਹਾਂ ਸ਼ਹਿਰਾਂ ਲਈ ਇਹ ਬੜੇ ਹੀ ਸੰਕਟ ਦੀ ਘੜੀ ਸੀ। ਮਾਪੇ ਛੇਤੀ ਹੀ ਘਰੋਂ ਅਤੇ ਦਫਤਰੋਂ ਨਿੱਕਲ ਗਏ ਤਾਂ ਕਿ ਉਹ ਆਪਣੇ ਬੱਚਿਆਂ ਨੂੰ ਸਕੂਲਾਂ ਤੋਂ ਲਿਆ ਸਕਣ। ਆਮ ਤੌਰ ਤੇ ਸਕੂਲਾਂ ਦੇ ਗੇਟ ਬੰਦ ਹੁੰਦੇ ਨੇ ਅਤੇ ਵਿਦਿਆਰਥੀ, ਖਾਸ ਕਰਕੇ ਕੁੜੀਆਂ ਸਿਰਫ ਆਪਣੇ ਮਾਪਿਆਂ ਨਾਲ ਹੀ ਜਾ ਸਕਦੀਆਂ ਨੇ ਜੋ ਉਨ੍ਹਾਂ ਨੂੰ ਲੈਣ ਆ ਗਏ ਹੋਣ। ਇਸ ਘਟਨਾ ਵੇਲੇ ਸਕੂਲ ਦੇ ਗਾਰਡ ਵੀ ਘਬਰਾ ਗਏ ਅਤੇ

ਕਈਆਂ ਨੇ ਤਾਂ ਗੇਟ ਹੀ ਖੋਲ੍ਹ ਦਿੱਤੇ। ਕਾਲਜ ਵਿਚ ਦਹਿਸ਼ਤ ਨਾਲ ਭੀੜ-ਭੱੜਕਾ ਹੋ ਗਿਆ। ਨੌਜਵਾਨ ਵਿਦਿਆਰਥੀ ਸੜਕਾਂ ਤੋਂ ਦੌੜ ਪਏ। ਕੁੜੀਆਂ ਨੂੰ ਜਿਹੜੀ ਵੀ ਕਾਰ ਮਿਲ ਗਈ ਉਸੇ ਨੂੰ ਰੋਕਿਆ ਤੇ ਬੈਠ ਗਈਆਂ ਅਤੇ ਡਰਾਈਵਰ ਨੂੰ ਕਿਹਾ ਕਿ ਘਰ ਪੁਚਾ ਦੇਵੇ। ਅਜਿਹੇ ਏਜੰਟਾਂ ਲਈ ਅਜਿਹਾ ਮੌਕਾ ਖੁਦਾ ਦੀ ਨੇਮਤ ਹੁੰਦਾ ਏ। ਇਸ ਘਟਨਾਂ ਤੋਂ ਬਾਦ ਦੱਸਿਆ ਗਿਆ ਕਿ ਦੋਹਾਂ ਸ਼ਹਿਰਾਂ ਦੀ ਕਈ ਕੁੜੀਆਂ ਗਾਇਬ ਸਨ।

ਇਸੇ ਤਰ੍ਹਾਂ ਦੀਆਂ ਰਿਪੋਟਾਂ ਕਰਾਚੀ ਦੀਆਂ ਵੱਡੀਆਂ ਹਿੰਸਕ ਵਾਰਦਾਤਾਂ ਤੋਂ ਬਾਦ ਮਿਲੀਆਂ। ਮੁਜ਼ਾਹਰਾ ਕਰ ਰਹੇ ਲੋਕਾਂ ਨੂੰ ਖਿੰਡਾਉਣ ਲਈ ਪੁਲਿਸ ਅਕਸਰ ਹੀ ਅੱਥਰੂ ਗੈਸ ਵਰਤ ਲੈਂਦੀ ਏ ਅਤੇ ਮੁਜ਼ਾਹਰਾ ਕਰਨ ਵਾਲੇ ਖੌਫ਼ ਵਿਚ ਭੱਜ ਲੈਂਦੇ ਨੇ। ਇਸ ਤਰ੍ਹਾਂ ਦਾ ਮੌਕਾ ਵੀ ਇਨ੍ਹਾਂ ਏਜੰਟਾਂ ਲਈ ਚੰਗਾ ਹੁੰਦਾ ਏ ਜਦੋਂ ਉਹ ਦਹਿਸ਼ਤਜ਼ਦਾ ਕੁੜੀਆਂ ਨੂੰ ਸਹਾਇਤਾ ਦੀ ਪੇਸ਼ਕਸ਼ ਕਰ ਦਿੰਦੇ ਨੇ। ਮੈਂ ਇਕ ਕੁੜੀ ਨੂੰ ਮਿਲੀ ਜਿਸ ਨਾਲ ਮੈਡੀਕਲ ਐਮਰਜੈਂਸੀ ਵੈਨ ਵਿਚ ਹੀ ਬਲਾਤਕਾਰ ਕਰ ਲਿਆ ਗਿਆ ਸੀ ਅਤੇ ਸੜਕਾਂ ਦੇ ਰੌਲੇ ਰੱਪੇ ਵਿਚ ਕਿਸੇ ਨੇ ਉਹ ਦੀਆਂ ਚੀਕਾਂ ਵੀ ਨਹੀਂ ਸੁਣੀਆਂ ਸਨ। ਆਵਾਜਾਈ ਸਾਧਨਾਂ ਦੇ ਹਾਦਸੇ, ਖਾਸ ਕਰਕੇ ਬੱਸਾਂ ਅਤੇ ਰੇਲਾਂ ਦੇ, ਵੀ ਇਹੋ ਜਿਹੇ ਮੌਕੇ ਬਣਾ ਦਿੰਦੇ ਨੇ। ਜਦੋਂ ਔਰਤ ਬੇਸਹਾਰਾ ਹੋਵੇ ਉਦੋਂ ਉਸ ਨਾਲ ਬੜਾ ਸੌਖਾ ਹੀ ਧੱਕਾ ਕੀਤਾ ਜਾਂ ਚਾਲ ਖੇਡੀ ਜਾਂ ਸਕਦੀ ਏ।

ਇਸੇ ਸਮੇਂ ਦੌਰਾਨ ਵੱਡੇ ਦੱਲਿਆਂ ਦਾ ਇਕ ਜਾਲ ਤਿਆਰ ਹੋ ਚੁੱਕਾ ਸੀ। ਉਨ੍ਹਾਂ ਨੂੰ ਔਰਤਾਂ ਨਾਲ ਦੋਸਤੀ ਕਰਨ ਲਈ ਬਾਹਰ ਜਾਣ ਦੀ ਲੋੜ ਨਹੀਂ ਬਲਕਿ ਉਨ੍ਹਾਂ ਦਾ ਧਿਆਨ ਹੋਰ ਵੱਡੇ ਧੰਦੇ ਤੇ ਹੁੰਦਾ ਏ। ਆਪਣੇ ਵਪਾਰ ਵਿਚ ਵੱਡੀ ਚੀਜ਼ ਹੋਣ ਕਰਕੇ ਇਹ ਦੱਲੇ ਆਪਣੀਆਂ ਸੈਕਸ ਵਰਕਰਜ਼ ਨੂੰ ਛੋਟੇ ਗੁਟਾਂ ਵਿਚ ਸਾਰੇ ਦੇਸ਼ ਵਿਚ ਹੀ ਘੁਮਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਦੇ ਸਿਸਟਮ ਨਾਲ ਰੰਡੀਖਾਨਿਆਂ ਨੂੰ ਸੁਰੱਖਿਆ ਮਿਲਦੀ ਏ। ਆਪਣੇ ਵਰਕਰਾਂ ਦਾ ਸ਼ਹਿਰ, ਥਾਂ ਬਾਰ-ਬਾਰ ਬਦਲਦੇ ਰਹਿਣ ਕਰਕੇ ਇਹ ਪੱਕਾ ਹੋ ਜਾਂਦਾ ਏ ਕਿ ਔਰਤਾਂ ਆਪਣੇ ਮਾਪਿਆਂ ਤੋਂ ਜਾਂ ਕਿਸੇ ਹੋਰ ਤੋਂ ਮਦਦ ਨਾ ਲੈ ਸਕਣ, ਭਾਵੇਂ ਅਪਣੇ ਗਾਹਕਾਂ ਦੇ ਰਾਹੀਂ ਜਾਂ ਕਿਸੇ ਹੋਰ ਢੰਗ ਨਾਲ ਉਹ ਇਹ ਵੀ ਯਕੀਨੀ ਬਣਾਉਂਦੇ ਨੇ ਕਿ ਔਰਤਾਂ ਸਦਾ ਹਰ ਪੱਖੋਂ ਅਸੁਰੱਖਿਅਤ ਰਹਿਣ ਕਿਉਂਕਿ ਉਹ ਹਰ ਵੇਲੇ ਨਵੀਆਂ ਥਾਵਾਂ ਤੇ ਨਵੇਂ ਲੋਕਾਂ ਦੇ ਵਾਹ ਵਿਚ ਆਉਂਦੀਆਂ ਨੇ। ਇਸ ਦੇ ਨਾਲ ਹੀ ਰੰਡੀਖਾਨੇ ਅਪਣੇ ਗਾਹਕਾਂ ਨੂੰ ਨਵੀਂ ਨਵੀਂ ਤਰ੍ਹਾਂ ਦੇ ਜਿਸਮ ਵੀ ਮੁਹੱਈਆ ਕਰ ਸਕਦੇ ਹਨ। ਸੈਕਸ ਵਰਕਰਾਂ ਦਾ ਇਹ ਚੱਕਰ ਬੜੇ ਉੱਚੇ ਢੰਗ ਨਾਲ ਜਥੇਬੰਦ ਏ ਅਤੇ ਸਾਥੀਆਂ ਵਿਚਕਾਰ ਤਬਾਦਲੇ ਦਾ ਨਿਯਮਿਤ ਪ੍ਰਬੰਧ ਏ।

ਮੈਂ ਦੇਖਿਆ ਏ ਕਿ ਇਹ ਘੱਟ ਉਜਰਤ ਵਾਲੇ ਦੱਲੇ, ਬਹੁਤਾ ਕਰਕੇ ਆਦਮੀ, ਬਸ ਸਟੇਸ਼ਨਾਂ, ਰੇਲ ਸਟੇਸ਼ਨਾਂ ਅਤੇ ਹੋਰ ਵੱਡੇ ਬਾਜ਼ਾਰਾਂ ਵਿਚ ਸਿਰਫ ਨਵੇਂ ਗਾਹਕਾਂ ਦੀ ਭਰਤੀ ਲਈ ਹੀ ਖੜ੍ਹੇ ਹੁੰਦੇ ਹਨ। ਉਹ ਨਜ਼ਰ ਨਾਲ ਬੰਦੇ ਨੂੰ ਹਾੜਦੇ ਹਨ ਅਤੇ ਅੰਦਾਜ਼ਾ ਲਾਉਂਦੇ ਹਨ ਕਿ ਕਿਹੜਾ ਮੰਨ ਸਕਦਾ ਏ ਅਤੇ ਫੇਰ ਸਰਸਰੀ ਜਿਹੇ ਪੁੱਛਣਗੇ ਹੋਰ ਕੁਝ ਚਾਹੀਦਾ ਏ? ਇਸ ਢੰਗ ਨਾਲ ਗਾਹਕ ਲੱਭਣਾ ਨੀਵੇਂ ਪੱਧਰ ਦੇ ਰੰਡੀਖਾਨਿਆਂ ਦਾ ਵਧੇਰੇ ਆਮ ਢੰਗ ਏ। ਹੋਰ ਤਰੀਕਾ ਇਹ ਵੇ ਕਿ ਕਿਸੇ ਥਾਂ ਰੰਡੀਖਾਨਾ ਸਥਾਪਤ ਕਰ ਲਿਆ ਜਾਵੇ ਅਤੇ ਸਬੰਧਤ ਦਾਇਰੇ ਵਿਚ ਇਸ ਬਾਰੇ ਜਾਣਕਾਰੀ ਛੱਡ ਦਿੱਤੀ ਜਾਵੇ। ਗਾਹਕ ਆਪਣੇ ਆਪ ਆਉਣ ਲੱਗਦੇ ਹਨ, ਪਰ ਫੇਰ

ਦੱਲਿਆਂ ਨੂੰ ਉਨ੍ਹਾਂ ਗਾਹਕਾਂ ਨੂੰ ਫਸਾਕੇ ਰੱਖਣ ਲਈ ਕੁਝ ਕਰਨਾ ਪੈਂਦਾ ਏ ਤਾਂ ਕਿ ਉਹ ਬਾਰ-ਬਾਰ ਉੱਥੇ ਹੀ ਆਉਣ। ਮਿਸਾਲ ਵਜੋਂ ਇਸਲਾਮਾਬਾਦ ਦੇ ਬਾਜ਼ਾਰ ਵਿਚ ਕਰਾਚੀ ਕੰਪਨੀ ਦੇ ਨਾਂ ਤੋਂ ਜਾਣੇ ਜਾਂਦੇ ਰੰਡੀਖਾਨੇ ਬਾਰੇ ਸੁਣਕੇ ਸੈਕਸ ਦੀ ਭਾਲ ਵਿਚ ਫਿਰਦਾ ਗਾਹਕ ਉੱਥੇ ਜਾ ਸਕਦਾ ਏ ਅਤੇ ਦੱਲਾ ਉਹਨੂੰ ਪਛਾਣ ਦੇ ਉਸ ਰੰਡੀਖਾਨੇ ਦੇ ਰਾਹ ਪਾ ਦਿੰਦਾ ਏ।

ਵਧੇਰੇ ਸਥਾਪਤ ਰੰਡੀਖਾਨਿਆਂ ਵਿਚ ਜੋ ਔਰਤਾਂ ਉਪਲਬਧ ਹੁੰਦੀਆਂ ਨੇ ਉਨ੍ਹਾਂ ਦੀਆਂ ਤਸਵੀਰਾਂ ਦੀ ਐਲਬਮ ਹੁੰਦੀ ਏ। ਮਿਸਾਲ ਵਜੋਂ ਇਕ ਦੱਲਾ ਚਾਟ ਵੇਚਦਾ ਏ ਲਾਇਬਰੇਰੀ ਮਾਰਕਿਟ ਲਾਹੌਰ ਵਿਚ। ਲੰਮੇਂ ਸਮੇਂ ਤੋਂ ਉਹਨੇ ਰੰਡੀਆਂ ਦੀਆਂ ਤਸਵੀਰਾਂ ਅਪਣੇ ਕੋਲ ਰੱਖੀਆਂ ਹੋਈਆਂ ਨੇ ਅਤੇ ਗਾਹਕਾਂ ਵੱਲੋਂ ਦੱਸੀਆਂ ਗਸ਼ਤੀਆਂ ਉਨ੍ਹਾਂ ਨੂੰ ਸਪਲਾਈ ਕਰਦਾ ਏ। ਮਸ਼ਹੂਰ ਬਜ਼ਾਰਾਂ ਵਿਚ ਅਜਿਹੀਆਂ ਕਈ ਥਾਵਾਂ ਨੇ ਜਿਨ੍ਹਾਂ ਲਈ ਛੋਟੇ ਰੁਤਬੇ ਦੇ ਪੁਲਿਸ ਅਫਸਰਾਂ ਨਾਲ ਤਿਕੜਮ  ਲੜਾਉਣੀ ਬਹੁਤ ਹੀ ਜਰੂਰੀ ਏ। ਧੰਦੇ ਦੇ ਆਕਾਰ ਦੇ ਮੁਤਾਬਕ ਹੀ ਭਿੰਨ ਪੁਲਿਸ ਅਫਸਰਾਂ ਨਾਲ ਭਿੰਨ ਕਿਸਮ ਦੀ ਰਿਸ਼ਵਤ ਦੇ ਰੇਟ ਤੈਅ ਹੋ ਜਾਂਦੇ ਨੇ। ਬਹੁਤੇ ਜਥੇਬੰਦ ਦੱਲੇ, ਖਾਸ ਕਰਕੇ ਉਹ ਜਿਹੜੇ ਉਨ੍ਹਾਂ ਸਿਆਸਤਦਾਨਾਂ ਨਾਲ ਜੁੜੇ ਹੁੰਦੇ ਨੇ ਜਾਂ ਜਿਹੜੇ ਅਪਣਾ ਖੁਦ ਦਾ ਸਿਆਸੀ ਕੈਰੀਅਰ ਹੋਰ ਮਜਬੂਤ ਕਰਨਾ ਚਾਹੁੰਦੇ ਹੋਣ, ਉਹ ਥੋੜੇ ਹੋਰ ਮਹਿੰਗੇ ਨੇ ਤੇ ਉਨ੍ਹਾਂ ਦਾ ਰਾਬਤਾ ਪੁਲਿਸ ਦੇ ਉਤਲੇ ਪੱਧਰ ਤੱਕ ਏ।

ਸੜਕਾਂ ਤੇ ਖੁਦ ਨੂੰ ਸਿੱਧਾ ਵੇਚਦੀਆਂ ਔਰਤਾਂ  ਵੀ ਵਧੇਰੇ ਆਮ ਹੋ ਚੱਲੀਆਂ ਨੇ। ਭਾਵੇਂ ਲੱਗਦਾ ਏ ਕਿ ਉਹ ਇਕੱਲੀਆਂ ਹੀ ਕੰਮ ਕਰਦੀਆਂ ਨੇ ਪਰ ਉਹ ਵੀ ਇਕ ਗੁੰਝਲਦਾਰ ਜਥੇਬੰਦ ਢਾਂਚੇ ਦਾ ਇਕ ਹਿੱਸਾ ਹੀ ਹੁੰਦੀਆਂ ਹਨ। ਉਹ ਸਿਰਫ ਹਾਥੀ ਦੀ ਪੂੰਛ ਦਾ ਵਾਲ ਹੀ ਹੁੰਦੀਆਂ ਨੇ ਪਰ ਕਿਉਂਕਿ ਆਮ ਲੋਕਾਂ ਨੂੰ ਉਹੀ ਦਿਸਦੀਆਂ ਨੇ ਇਸ ਲਈ ਦੋਸ਼ ਵੀ ਇਨ੍ਹਾਂ ਔਰਤਾਂ ਤੇ ਮੜ੍ਹਿਆ ਜਾਂਦਾ ਏ ਕਿ ਇਹੀ ਹਨ ਜੋ ਸ਼ਹਿਰ ਦੇ ਸੋਹਣੇ ਇਲਾਕੇ ਵਿਚ ਧੰਦਾ ਫੈਲਾਉਂਦੀਆਂ ਹਨ ਜਦੋਂ ਕਿ ਜਿਹੜੇ ਬੰਦੇ ਇਸ ਜਾਲ ਨੂੰ ਜਥੇਬੰਦ ਕਰਦੇ ਨੇ ਉਹ ਪਿੱਛੇ ਛੁਪੇ ਰਹਿੰਦੇ ਨੇ।

ਇਨ੍ਹਾਂ ਦੱਲਿਆਂ ਅਤੇ ਗਸ਼ਤੀਆਂ ਦੇ ਤਾਣੇ-ਬਾਣੇ ਬਾਰੇ ਜਾਣਕਾਰੀ ਇਕ ਚੰਗੀ ਤਰ੍ਹਾਂ ਲੁਕਾ ਕੇ ਰੱਖਿਆ ਜਾਣ ਵਾਲਾ ਗੁੱਝਾ ਭੇਤ ਏ। ਇਸ ਪੱਖ ਤੇ ਮੈਂ ਬਹੁਤੇ ਵਿਸਥਾਰ ਵਿਚ ਕੰਮ ਨਹੀਂ ਕਰ ਸਕੀ। ਮੇਰੀ ਰੁਚੀ ਤਾਂ ਬੱਸ ਇਹੀ ਸੀ ਕਿ ਐਨਾ ਕੁ ਪਤਾ ਲੱਗ ਸਕੇ ਤਾਂ ਜੋ ਮੈਂ ਇਸ ਦੀ ਤੁਲਨਾ ਰਵਾਇਤੀ ਸਿਸਟਮ ਨਾਲ ਕਰ ਸਕਾਂ ਅਤੇ ਤਬਦੀਲੀ ਦੇ ਉਸ ਅਮਲ ਨੂੰ ਸਮਝ ਸਕਾਂ ਜੋ ਸ਼ਾਹੀ ਮੁਹੱਲੇ ਦੇ ਕੁਝ ਚੰਗੇ ਸਥਾਪਤ ਘਰਾਣੇ ਗੁਲਬਰਗ ਅਤੇ ਇਸ ਵਰਗੇ ਹੀ ਹੋਰ ਇਲਾਕਿਆਂ ਜਿਵੇਂ ਟਾਊਨ ਸ਼ਿਪ ਅਤੇ ਗਰੀਨ ਟਾਉਨ ਵੱਲ ਜਾਣ ਲਈ ਅਖਤਿਆਰ ਕਰ ਰਹੇ ਨੇ।

ਜੋ ਸਪਸ਼ਟ ਹੋਇਆ ਉਹ ਇਹ ਸੀ ਕਿ ਸ਼ਾਹੀ ਮੁਹੱਲੇ ਦੇ ਰਵਾਇਤੀ ਕੋਠਿਆਂ ਵਿਚ ਵੀ ਨਾਇਕਾਵਾਂ ਹੁਣ ਦੱਲਿਆਂ ਤੇ ਨਿਰਭਰ ਹੋ ਕੇ ਰਹਿ ਗਈਆਂ ਨੇ ਕਿ ਉਹ ਉਨ੍ਹਾਂ ਨੂੰ ਜ਼ਿੰਦਾ ਰਹਿਣ ਲਈ ਲੋੜੀਂਦੇ ਗਾਹਕ ਮੁਹੱਈਆ ਕਰਵਾਏ। ਰਵਾਇਤੀ ਢਾਂਚੇ ਦੀ ਸੱਤਾ ਦਾ ਧੁਰਾ ਤੇਜੀ ਨਾਲ ਬਦਲ ਰਿਹਾ ਏ। ਅਪਣੇ ਆਪ ਤੋਂ ਮੁਹੱਲੇ ਵਿਚ ਆਉਣ ਵਾਲੇ ਗਾਹਕਾਂ ਦੀ ਗਿਣਤੀ ਘਟ ਗਈ ਏ ਇਸ ਲਈ ਨਾਇਕਾ ਦੀ ਅਪਣੇ ਲਈ ਗਾਹਕ ਭਾਲਣ ਵਾਸਤੇ ਦੱਲੇ ਦੀ ਲੋੜ ਬਹੁਤ ਵਧ ਗਈ ਏ। ਜਿਵੇਂ ਨਿਵਾਸੀਆਂ ਅਤੇ ਗਾਹਕਾਂ ਦੀ ਪ੍ਰੇਸ਼ਾਨੀ ਪੁਲਿਸ ਵੱਲੋਂ ਵਧਦੀ ਜਾਂਦੀ ਏ, ਉਵੇਂ-ਉਵੇਂ ਦੱਲੇ ਸਗੋਂ ਹੋਰ ਭਾਰੂ ਹੁੰਦੇ ਜਾ ਰਹੇ ਨੇ ਅਤੇ ਕੋਠਿਆਂ ਦੀ ਥਾਂ ਰੰਡੀਖਾਨਿਆਂ ਦਾ ਰੁਝਾਨ

ਬੇਰੋਕ ਵਧਦਾ ਜਾ ਰਿਹਾ ਏ। ਇਹ ਰੰਡੀਖਾਨੀ ਕਿਸੇ ਨਾਲ ਬੱਤੀ ਖੇਤਰ ਵਿਚ ਇਕ ਥਾਂ ਹੀ ਰਹਿਣ ਦੀ ਬਜਾਏ ਸਾਰੇ ਸ਼ਹਿਰ ਵਿਚ ਹੀ ਖਿੱਲਰ ਰਹੇ ਹਨ। ਇਸ ਤਰ੍ਹਾਂ ਅੱਜ ਸਰਕਾਰ ਦੀਆਂ ਕਰੜੀਆਂ ਨੀਤੀਆਂ ਰੰਡੀਬਾਜੀ ਦੇ ਰੂਪ ਨੂੰ ਹੀ ਬਦਲ ਰਹੀਆਂ ਹਨ ਪਰ ਉਨ੍ਹਾਂ ਕੋਲ ਇਸ ਨੂੰ ਖਤਮ ਕਰਨ ਦੀ ਯੋਗਤਾ ਨਹੀਂ ਏ।

*ਟਿੱਪਣੀਆਂ*

***ਭਾਈ ਸ਼ਰੀਫ, ਇਕ ਛੋਟਾ ਵਪਾਰੀ***

*ਮੈਂ ਇਕ ਬੰਦੇ ਨੂੰ ਮਿਲੀ ਜੋ ਮੱਧਵਰਗੀ ਜਮਾਤ ਦੇ 'ਚੰਗੇ ਨਾਗਰਿਕਾਂ' ਦੀ ਪ੍ਰਤਿਨਿਧਤਾ ਕਰਦਾ ਸੀ। ਉਸ ਕੁਝ ਧਾਰਮਕ ਕਿਸਮ ਦਾ ਸੀ ਪਰ ਨਾਲ ਹੀ ਵਿਹਾਰੀ ਵੀ ਸੀ: ਸਿਆਸੀ ਤੰਤਰ ਅਤੇ ਇਸ ਦੇ ਉਲਝਾਉਆਂ ਬਾਰੇ ਬਹੁਤਾ ਚਿੰਤਤ ਨਹੀਂ ਸੀ ਬਲਕਿ ਉਸ ਦਾ ਸਰੋਕਾਰ ਸੀ ਕਿ 'ਜ਼ਿੰਦਗੀ ਦਾ ਕਾਰੋਬਾਰ ਚੱਲਦਾ ਰਹੇ।' ਉਹਦਾ ਵਿਚਲੇ ਦਰਜੇ ਦਾ ਕਾਰੋਬਾਰ ਸੀ ਅਤੇ ਉਹ ਆਪਣੇ ਗਵਾਂਢ ਦੀ ਮਸੀਤ ਵਿਚ ਮੱਥਾ ਟੇਕਣ ਜਾਂਦਾ ਸੀ। ਤਿੰਨ ਕੁੜੀਆਂ ਦਾ ਅੱਬਾ ਸੀ ਤੇ ਉਨਾਂ ਨੂੰ ਸਿੱਖਿਅਤ ਕਰਨ ਵਿਚ ਭਰੋਸਾ ਰੱਖਦਾ ਸੀ ਪਰ ਉਹ ਨਹੀਂ ਚਾਹੁੰਦਾ ਸੀ ਕਿ ਇਸ ਤੋਂ ਬਿਨਾਂ ਹੋਰ ਕਿਸੇ ਕਾਰਨ ਤੋਂ ਉਹ ਘਰੋਂ ਬਾਹਰ ਜਾਣ। ਉਹ ਸਮਝਦਾ ਏ ਕਿ ਸਮਾਜ ਬੜਾ ਜਾਲਿਮ ਏ ਅਤੇ ਪਰਿਵਾਰ ਦੀ ਇਜ਼ਤ ਰੱਖਣੀ ਕੁੜੀਆਂ ਦੇ ਹੀ ਹੱਥ ਵਿਚ ਏ। ਉਹਨੇ ਮੈਨੂੰ ਇਸ ਬਾਰੇ ਇੰਝ ਦੱਸਿਆ। 'ਤੈਨੂੰ ਪਤਾ ਏ ਕਿ ਸਾਡੇ ਗਵਾਂਢ ਦੇ ਨੌਜਵਾਨ ਮੁੰਡਿਆਂ ਨੂੰ ਵੀ ਅੱਜ ਕਲ ਕਰਨ ਲਈ ਕੁਝ ਨਹੀਂ ਏ। ਉਹ ਗਲੀਆਂ ਵਿਚ ਖੜੇ ਭੌਂਕਦੇ ਰਹਿੰਦੇ ਨੇ। ਅਜਿਹੇ ਹਾਲਾਤ ਵਿਚ ਮੈਂ ਆਪਣੀਆਂ ਕੁੜੀਆਂ ਦੀ ਹੀ ਜ਼ਿੰਮੇਵਾਰੀ ਲਾਉਂਦਾ ਹਾਂ ਕਿ ਇਨ੍ਹਾਂ ਹਰਾਮਦਿਆਂ ਤੋਂ ਕਿਵੇਂ ਬਚਣਾ ਏ।*

*ਮੈਂ ਉਹਨੂੰ ਪੁੱਛਿਆ ਕਿ ਰੰਡੀਗਿਰੀ ਬਾਰੇ ਉਹ ਦੀ ਸੋਚਦਾ ਏ। ਬਹੁਤਿਆਂ ਨਾਲੋਂ ਵੱਧ ਸਹਿਣਸ਼ੀਲ ਹੁੰਦਿਆਂ ਉਹਨੇ ਜਵਾਬ ਦਿੱਤਾ, 'ਹਰ ਬੰਦੇ ਦੇ ਅੰਦਰ ਕੁਝ ਚੰਗਿਆਈ ਹੁੰਦੀ ਏ। ਦੱਲੇ ਅਤੇ ਸਮਾਜ ਦੇ ਹਰ ਗੰਦੇ ਧੰਦਿਆਂ ਵਿਚ ਲੱਗੇ ਲੋਕ ਹੀ ਨੇ ਜੋ ਆਪਣੇ ਹਿਤਾਂ ਲਈ ਔਰਤਾਂ ਨੂੰ ਜਿਸਮਫਰੋਸ਼ੀ ਲਈ ਮਨਾ ਲੈਂਦੇ ਨੇ। ਉਸਦਾ ਖਿਆਲ ਸੀ ਕਿ ਇਸ ਸਮੱਸਿਆ ਦਾ ਹਲ ਤਾਂ ਹੀ ਨਿੱਕਲ ਸਕਦਾ ਏ ਜੇਕਰ ਮੁੱਖਧਾਰਾ ਦੇ ਲੋਕ ਜਿਸਮਫਰੋਸ਼ੀ ਵਿਚ ਰੁੱਝੀਆ ਔਰਤਾਂ ਨਾਲ ਨਿਕਾਹ ਕਰ ਸਕਣ। ਮੈਂ ਉਹਨੂੰ ਪੁੱਛਿਆ ਕਿ ਕੀ ਔਰਤਾਂ ਇਸ ਵਾਸਤੇ ਤਿਆਰ ਹੋ ਜਾਣਗੀਆਂ। ਇਜ਼ਤ ਦੀ ਜ਼ਿੰਦਗੀ ਜੀਣ ਲਈ ਔਰਤ ਕੋਲ ਸਿਰਫ ਇਹੀ ਰਾਹ ਵੇ। ਕੋਈ ਸਤਿਕਾਰ ਯੋਗ ਪਰਿਵਾਰ ਅਜਿਹੀ ਔਰਤ ਨਾਲ ਨਿਕਾਹ ਕਰਾਵੇ ਅਤੇ ਉਸ ਦੇ ਸਾਰੇ ਗੁਨਾਹਾਂ ਨੂੰ ਬਖਸ਼ਵਾ ਲਵੇ ਅਤੇ ਉਸ ਤੋਂ ਇਜ਼ਤ ਦੀ ਜ਼ਿੰਦਗੀ ਜੀਣ ਦਾ ਵਾਅਦਾ ਲੈ ਲਵੇ। ਖਿਮਾ ਦੇ ਬੂਹੇ ਸਭ ਲਈ ਸਦਾ ਖੁਲੇ ਨੇ। ਉਹਨੇ ਸਪਸ਼ਟ ਕੀਤਾ। ਇਥੇ ਗੁਰਬਤ ਏ, ਅਗਵਾ ਨੇ, ਜੋੜ-ਤੋੜ ਨੇ। ਮੈਨੂੰ ਯਕੀਨ ਏ ਕਿ ਜੇ ਇਸ ਤਰ੍ਹਾਂ ਦੀ ਸਲਾਹ ਦਿੱਤੀ ਜਾਵੇ ਤਾਂ ਹਰੇਕ ਰੰਡੀ ਨਿਕਾਹ ਨੂੰ ਤਰਜੀਹ ਦਏਗੀ। ਅਸਲ ਸਮੱਸਿਆ ਤਾਂ ਇਹ ਵੇ ਕਿ ਕੋਈ ਉਸ ਨਾਲ ਨਿਕਾਹ ਹੀ ਕਰਵਾਉਣਾ ਹੀ ਨਹੀਂ ਚਾਹੁੰਦਾ।'*

*'ਤੇਰਾ ਮਤਲਬ ਇਹ ਵੇ ਕਿ ਜੇ ਰੰਡੀਆਂ ਹੀ ਨਹੀਂ ਹੋਣਗੀਆਂ ਤਾ ਰੰਡੀਗਿਰੀ ਖਤਮ ਹੋ ਜਵੇਗੀ?' ਮੈਂ ਪੁੱਛਿਆ।*

'ਬਿਲਕੁਲ! ਜੇ ਸੈਤਾਨ ਹੀ ਨਹੀਂ ਹੋਵੇਗਾ ਤਾਂ ਪਾਪ ਵੀ ਨਹੀਂ ਹੋਵੇਗਾ। ਤੈਨੂੰ ਸ਼ਾਇਦ ਨਹੀਂ ਪਤਾ ਇਹ ਔਰਤਾਂ ਗਾਹਕਾਂ ਨੂੰ ਕੀਲ ਲੈਂਦੀਆਂ ਨੇ। ਮੈਂ ਸੁਣਿਆਂ ਏ ਕਿ ਉਹ ਬਾਲਕੋਨੀਆਂ ਵਿਚ ਖੜ੍ਹੀਆਂ ਬੰਦਿਆਂ ਤੇ ਮੰਤਰ ਫੂਕ ਦਿੰਦੀਆਂ ਨੇ ਕਿ ਉਹ ਉਨ੍ਹਾਂ ਦੀਆਂ ਪੌੜੀਆਂ ਚੜ੍ਹ ਆਉਣ।'

'ਸੱਚੀਮੁੱਚੀ?' ਮੈਂ ਕਿਹਾ। 'ਫੇਰ ਤਾਂ ਸਾਇਦ ਉਨ੍ਹਾਂ ਤੋਂ ਰੁਕ ਹੀ ਨਹੀਂ ਹੁੰਦਾ ਹੋਣਾ!'

'ਖੁਦ ਬਚਾਏ, ਇਨਾਂ ਤੀਵੀਆਂ ਨੂੰ ਉਨ੍ਹਾਂ ਦੇ ਦੱਲਿਆ ਨੇ ਸਾਰੀ ਸਿਖਲਾਈ ਦਿੱਤੀ ਹੁੰਦੀ ਏ। ਮੈਂ ਨਹੀਂ ਸਮਝਦਾ ਕਿ ਸਾਨੂੰ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਏ। ਸਾਨੂੰ ਇਸ ਸਮੱਸਿਆ ਨਾਲ ਪਿਆਰ ਅਤੇ ਲਾਡ ਨਾਲ ਸਿੱਝਣਾ ਚਾਹੀਦਾ ਏ। ਸਾਨੂੰ ਉਨ੍ਹਾਂ ਨੂੰ ਮਨਾਉਣਾ ਚਾਹੀਦਾ ਏ ਕਿ ਉਹ ਮਰਦਾਂ ਨੂੰ ਖੁਲਾ ਲੁਭਾਉਣਾ ਅਤੇ ਕੀਲਣਾ ਬੰਦ ਕਰਨ।'

ਇਸ ਮੌਕੇ ਤੇ, ਉਹਦਾ ਅੱਬਾ, ਜੋ ਕੋਲ ਹੀ ਮੰਜੀ ਤੇ ਪਿਆ ਸਾਡੀ ਗੱਲਬਾਤ ਸੁਣ ਰਿਹਾ ਸੀ, ਛਾਲ ਮਾਰ ਕੇ ਉਠਿਆ ਅਤੇ ਬੜੇ ਜੋਸ਼-ਖਰੋਸ਼ ਨਾਲ ਸਾਡੀ ਗੱਲਬਾਤ ਵਿਚ ਸ਼ਾਮਲ ਹੋ ਗਿਆ। ਪਹਿਲਾਂ ਉਹ ਅਰਬੀ ਵਿਚ ਬੋਲਿਆ ਅਤੇ ਫੇਰ ਅੱਗੇ ਕਹਿਣ ਲੱਗਾ, 'ਰੰਡੀਗਿਰੀ ਵਿਚ ਵਾਧਾ ਸਾਡੇ ਸਮਾਜ ਦੇ ਮਾੜੇ ਕਰਮਾਂ ਵੱਲ ਸੰਕੇਤ ਕਰਦਾ ਏ। ਜਦੋਂ ਕਿਸੇ ਮੁਲਕ ਦੇ ਆਗੂ ਭ੍ਰਿਸ਼ਟ ਅਤੇ ਬੇਈਮਾਨ ਹੋ ਜਾਂਦੇ ਨੇ, ਤਾਂ ਖੁਦਾ ਸਾਡੇ ਅਟੱਲ ਨਿਘਾਰ ਦੇ ਚਿੰਨ ਸਾਡੇ ਸਾਹਮਣੇ ਪੇਸ਼ ਕਰ ਦਿੰਦਾ ਏ।'

ਉਹ ਦੇ ਜੋਸ਼ ਦੀ ਤਰੰਗ ਤੇ ਪੂਰੀ ਤਰਾਂ ਹੈਰਾਨ ਹੁੰਦਿਆਂ, ਮੈਂ ਪੁੱਛਿਆ, 'ਤੂੰ ਕੀ ਸੋਚਦਾ ਏ ਕਿ ਇਨ੍ਹਾਂ ਰੰਡੀਆਂ ਕੋਲ ਕੌਣ ਜਾਂਦਾ ਏ?'

'ਉਹ ਲੋਕ ਜਿਹੜੇ ਦਿਖਾਵਾ ਤਾਂ ਮੁਸਲਮਾਨ ਹੋਣ ਦਾ ਕਰਦੇ ਨੇ ਪਰ ਦਿਲੋਂ ਕਾਫ਼ਰ ਹੁੰਦੇ ਨੇ,' ਉਹਨੇ ਖੁਲ ਕੇ ਕਿਹਾ।

# ਲੈਲਾ ਦਾ ਵਿਆਹ

ਲੈਲਾ ਦੇ ਪਛੜਕੇ ਵਿਆਹ ਬਾਰੇ ਮਜ਼ਾਕਾਂ ਤੋਂ ਪੂਰਾ ਪਰਿਵਾਰ ਦੁਖੀ ਸੀ। ਉਨ੍ਹਾਂ ਨੂੰ ਲੈਲਾ ਲਈ ਕੋਈ ਅਜਿਹਾ ਗਾਹਕ ਨਹੀਂ ਮਿਲ ਰਿਹਾ ਸੀ ਜੋ ਉਨ੍ਹਾਂ ਦੇ ਸੋਚੇ ਰੁਤਬੇ ਦਾ ਹੋਵੇ ਅਤੇ ਲੈਲਾ ਸਾਜ਼ਿੰਦਿਆਂ ਦੀਆਂ ਇਨ੍ਹਾਂ ਬੋਲੀਆਂ ਤੋਂ ਤੰਗ ਸੀ ਕਿ ਉਹ ਵੱਡੀ ਹੁੰਦੀ ਜਾ ਰਹੀ ਏ। ਉਹਦੇ ਟੱਬਰ ਨੇ ਉਹਦੇ ਉੱਤੇ ਦਬਾਉ ਵਧਾਇਆ ਕਿ ਉਹ ਵਜ਼ਨ ਘਟਾਏ ਅਤੇ ਗੀਤ ਅਤੇ ਨਾਚ ਦਾ ਅਭਿਆਸ ਉਹ ਹੋਰ ਬਹੁਤੀ ਦੇਰ ਕਰਿਆ ਕਰੇ।

ਸਾਲ ਕੁ ਦੀ ਖੋਜ ਮਗਰੋਂ ਉਸ ਦੇ ਪ੍ਰਬੰਧਕਾਂ, ਕੈਸਰਾ ਅਤੇ ਸ਼ਾਹਿਦ, ਨੇ ਇਕ ਗਾਹਕ ਬਾਰੇ ਫੈਸਲਾ ਕਰ ਲਿਆ ਜੋ ਕਿ ਲੰਬੇ ਸਮੇਂ ਦਾ ਰਿਸ਼ਤਾ ਜੋੜਨ ਦਾ ਖਹਿਸ਼ਮੰਦ ਸੀ। ਸੌਦਾ ਕਾਫੀ ਦੇਰ ਪਹਿਲਾਂ ਹੋ ਚੁੱਕਾ ਸੀ ਪਰ ਗਾਹਕ ਉੱਨੇ ਪੈਸੇ ਨਹੀਂ ਦੇ ਰਿਹਾ ਸੀ ਜਿੰਨੇ ਦੀਆਂ ਉਹ ਫੜਾਂ ਮਾਰ ਰਿਹਾ ਸੀ ਇਸ ਲਈ ਟੱਬਰ ਨੇ ਇਸ ਮੌਕੇ ਦਾ ਜਸ਼ਨ ਨਹੀਂ ਮਨਾਇਆ ਸੀ ਅਤੇ ਸਾਰਾ ਕੁਝ ਸਾਦਾ ਜਿਹਾ ਹੀ ਰੱਖਿਆ ਸੀ। ਲੈਲਾ ਹੁਣ ਆਪਣੀ ਭੂਮਿਕਾ ਪ੍ਰਤਿ ਬੜੀ ਆਰਾਮਦੇਹ ਸੀ ਤੇ ਇਸ ਪ੍ਰਬੰਧ ਤੇ ਖੁਸ਼ ਸੀ। ਬਰਾਦਰੀ ਦੇ ਦੂਜੇ ਲੋਕਾਂ ਅਤੇ ਉਸਦੇ ਉਸਤਾਦਾਂ ਕੋਲ ਨਾਈ ਦੇ ਹੱਥ ਮਠਿਆਈ ਭੇਜ ਕੇ ਇਸ ਦੀ ਮੁਨਾਦੀ ਕਰਵਾਈ ਗਈ।

ਨਾਈ ਨੇ ਇਕ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਏ। ਉਹ ਜਸ਼ਨ ਮੌਕੇ ਖਾਣਾ ਵੀ ਬਣਾਉਂਦਾ ਏ, ਇਕੱਠ ਦੇ ਖਾਣ-ਪੀਣ ਦਾ ਧਿਆਨ ਰੱਖਦਾ ਏ, ਜਿਵੇਂ ਵਿਆਹ ਜਾਂ ਕੁੜੀ ਦੇ ਜਨਮ ਆਦਿ ਦੀ ਖੁਸ਼ੀ ਦੀਆਂ ਪਾਰਟੀਆਂ ਆਦਿ। ਉਸਨੂੰ ਬਿਰਾਦਰੀ ਦੇ ਸਾਰੇ ਮੈਂਬਰਾਂ ਦੀ ਆਪਸੀ ਰਿਸ਼ਤੇਦਾਰੀ ਦਾ ਵੀ ਪਤਾ ਹੁੰਦਾ ਏ ਅਤੇ ਸੁਨੇਹੇ ਲੈ ਕੇ ਜਾਂਦਾ ਏ। ਨਸਲ ਦੇ ਤੌਰ ਤੇ ਇਹ ਮਿਰਾਸੀ ਹੁੰਦਾ ਏ। ਪੁਰਾਣੇ ਦਸਤੂਰ ਅਨੁਸਾਰ ਉਸ ਨੂੰ ਸੌਂਪਿਆ ਅਪਣਾ ਰੋਲ ਨਿਭਾਉਂਦੇ ਹੋਏ ਉਸ ਨੂੰ ਪਰਿਵਾਰ ਦੇ ਰੁਤਬੇ ਮੁਤਾਬਕ ਸੇਵਾ ਦੇ ਬਦਲੇ ਚੀਜਾਂ ਅਤੇ ਪੈਸਾ ਮਿਲਦਾ ਏ। ਇਹ ਰਵਾਇਤ ਸ਼ਿਰਫ ਸ਼ਾਹੀ ਮੁਹੱਲੇ ਦੀ ਹੀ ਨਹੀਂ ਏ ਬਲਕਿ ਸਮੁੱਚੇ ਪੰਜਾਬੀ ਸੱਭਿਆਚਾਰ ਦਾ ਦਸੂਤੂਰ ਏ।

ਕੈਸਰਾ ਅਤੇ ਸ਼ਾਹਿਦ ਨੂੰ ਲੈਲਾ ਦੀ ਨੱਥ ਦੀ ਘੱਟ ਕੀਮਤ ਹੀ ਮੰਨਣੀ ਪਈ ਕਿਉਂਕਿ ਗਾਹਕ ਦੀਰਘ ਕਾਲੀ ਸਬੰਧਾਂ ਵਜੋਂ ਹਰ ਮਹੀਨੇ ਖਰਚਾ ਦੇਣ ਲਈ ਸਹਿਮਤ ਸੀ। ਇਸ ਢਾਂਚੇ ਵਿਚ ਕੁਝ ਅਜੀਬ ਹੀ ਸੀ। ਮੈਨੂੰ ਪਤਾ ਸੀ ਕਿ ਅਜਿਹੇ ਸੌਦਿਆਂ ਵਿਚ ਗਾਹਕ ਨੂੰ ਕਿਸੇ ਤਰਾਂ ਕੁੜਿੱਕੀ ਵਿਚ ਹੀ ਫਸਾਇਆ ਜਾਂਦਾ ਸੀ ਅਤੇ ਇਹ ਸੌਦੇ ਜਿਵੇਂ ਦਿਸਦੇ ਸਨ ਉਸ ਤਰ੍ਹਾਂ ਦੇ ਨਹੀਂ ਸਨ ਹੁੰਦੇ। ਲੈਲਾ ਦੇ ਪਤੀ ਨਾਲ ਮੇਰੀ ਪਹਿਲੀ ਮਿਲਣੀ ਕਸੂਤੀ ਜਿਹੀ ਹੀ ਸੀ। ਮੈਂ ਉਹਦੇ ਘਰ ਗਈ ਤੇ ਉਹਨੂੰ ਮੈਨੂੰ ਮੋਹ ਅਤੇ ਸਤਿਕਾਰ ਨਾਲ ਜੀ ਆਇਆਂ ਕਿਹਾ। ਉਹ ਮੈਨੂੰ ਬੈਠਕ ਵਿਚ ਛੱਡ ਕੇ ਉਹਨੇ ਬੁਲਾਉਣ ਚਲੀ ਗਈ। ਉਹ ਦਸ ਕੁ ਮਿੰਟਾਂ ਬਾਦ ਵਾਪਸ ਹੋਈ ਤੇ ਬੋਲੀ ਕਿ ਉਹ ਐਨਾ ਸ਼ਰਮਾਕਲ ਹੈ ਕਿ ਬਾਹਰ ਈ ਨਹੀਂ ਆ ਰਿਹਾ। ਉਹਨੇ ਫੈਸਲਾ ਕੀਤਾ ਕਿ ਅਸੀਂ ਦੋਵੇਂ

ਅੰਦਰ ਹੀ ਚੱਲੀਏ ਤੇ ਉਸਨੂੰ ਬੈੱਡਰੂਮ ਵਿਚ ਹੀ ਮਿਲ ਲਈਏ।

ਅਸੀਂ ਪਰਦੇ ਵਿਚੋਂ ਲੰਘਕੇ ਘਰ ਦੇ ਨਿੱਜੀ ਹਿੱਸੇ ਵਿਚ ਚਲੇ ਗਏ। ਉਹ ਪਤਲੇ ਜਿਹੇ ਤੰਗ ਕਮਰੇ ਵਿਚ ਇਕ ਚਾਰਪਾਈ ਤੇ ਪਿਆ ਸੀ। ਉਹਨੇ ਅਪਣੇ ਆਪ ਨੂੰ ਪੂਰਾ ਕੰਬਲ ਨਾਲ ਢਕਿਆ ਹੋਇਆ ਸੀ। ਲੈਲਾ ਨੇ ਕਈ ਵਾਰੀ ਉਹਦੇ ਪਿੱਠ ਤੇ ਹੁੱਝਾਂ ਮਾਰੀਆਂ ਤੇ ਮੇਰੇ ਬਾਰੇ ਦੱਸਿਆ ਕਿ ਮੈਂ ਆ ਗਈ ਹਾਂ ਅਤੇ ਉੱਠ ਕੇ ਘੱਟੋ-ਘੱਟ ਹੈਲੋ ਤਾਂ ਕਰ ਲਵੇ। ਕਈ ਧੱਫੇ ਖਾ ਕੇ ਉਹਨੇ ਆਪਣਾ ਮੂੰਹ ਕੰਬਲ ਦੇ ਵਿਚੋਂ ਕੱਢਿਆ ਅਤੇ ਬਿਨ੍ਹਾਂ ਮੇਰੀਆਂ ਅੱਖਾਂ ਵਿਚ ਝਾਕੇ ਸਲਾਮ ਬੋਲਿਆ ਅਤੇ ਉਠ ਕੇ ਕਮਰੇ ਤੋਂ ਬਾਹਰ ਬਾਲਕੋਨੀ ਵੱਲ ਦੌੜ ਗਿਆ। ਮੇਰਾ ਮੂੰਹ ਉੱਤਰ ਗਿਆ। ਮੈਨੂੰ ਉਸ ਦੇ ਇਸ ਅਜੀਬ ਵਿਹਾਰ ਤੇ ਸੱਟ ਵੱਜੀ ਸੀ ਅਤੇ ਮੈਂ ਉਸ ਬੰਦੇ ਨੂੰ ਦੇਖ ਕੇ ਹੈਰਾਨੀ ਨਾਲ ਭਰ ਗਈ ਸਾਂ।

ਉਹ ਨੌਜਵਾਨ ਕੋਈ ਚਾਰ ਫੁਟ ਦਸ ਇੰਚ ਦਾ ਸੀ ਅਤੇ ਉੱਨੀ ਵੀਹ ਸਾਲ ਤੋਂ ਵੱਧ ਦਾ ਨਹੀਂ ਲੱਗਦਾ ਸੀ। ਉਸ ਦਾ ਵਤੀਰਾ ਇਕ ਬੱਚੇ ਵਰਗਾ ਹੀ ਸੀ। ਉਹ ਬਹੁਤ ਹੀ ਸ਼ਰਮਾਕਲ ਸੀ। ਉਹਦੇ ਨੈਣ-ਨਕਸ਼ ਤਿੱਖੇ ਸਨ, ਛੋਟਾ ਜਿਹਾ ਮੂੰਹ ਸੀ ਅਤੇ ਮੁੱਛਾਂ ਦੀ ਕਾਲਖ ਸੀ। ਉੱਥੇ ਖੜ੍ਹੀਆਂ ਲੈਲਾ ਤੇ ਉਹਦੀ ਮਾਂ, ਬੜਾ ਹੱਸੀਆਂ। ਬੈਠਕ ਵਿਚ ਵਾਪਸ ਆਉਂਦੇ ਹੋਏ ਮੈਂ ਲੈਲਾ ਨੂੰ ਉਹਦੇ ਬਾਰੇ ਤੇ ਉਹਦੇ ਨਾਲ ਸਬੰਧਾਂ ਬਾਰੇ ਪੁੱਛਦੀ ਰਹੀ ਪਰ ਮੈਨੂੰ ਸਾਫ ਜਵਾਬ ਨਾ ਮਿਲਿਆ। ਉਹ ਨੇ ਦੱਸਿਆ ਕਿ ਉਹ ਇਨ੍ਹਾਂ ਨਾਲ ਹੀ ਰਹੇਗਾ। ਮੈਨੂੰ ਪਤਾ ਸੀ ਕਿ ਇਸ ਉਮਰ ਦਾ ਮੁੰਡਾ ਅਜਿਹੇ ਫੈਸਲੇ ਕਰਨ ਲਈ ਮਾਇਕ ਤੌਰ ਤੇ ਸੁਤੰਤਰ ਨਹੀਂ ਹੋ ਸਕਦਾ ਸੀ। ਜਾਂ ਤਾਂ ਉਹ ਘਰੋਂ ਭੱਜਿਆ ਹੋਇਆ ਸੀ ਤੇ ਜਾਂ ਉਸ ਦੇ ਮਾਪੇ ਕਿਤੇ ਦੂਰ ਰਹਿੰਦੇ ਸਨ।

ਮੈਨੂੰ ਪਤਾ ਲੱਗਾ ਕਿ ਲੈਲਾ ਦੇ ਆਦਮੀ ਦਾ ਨਾਂ ਸਲੀਮ ਸੀ ਤੇ ਉਹ ਇਕ ਸੁਨਿਆਰੇ ਦਾ ਮੁੰਡਾ ਸੀ ਜਿਸ ਦੀ ਦੁਕਾਨ ਸੂਆ ਬਾਜ਼ਾਰ ਵਿਚ ਸੀ ਜੋ ਲਾਹੌਰ ਦਾ ਮੇਨ ਸਰਾਫਾ ਬਾਜ਼ਾਰ ਹੈ। ਉਹ ਉੱਥੇ ਕੰਮ ਕਰਦਾ ਸੀ ਪਰ ਉਹਦੇ ਨਾਂ ਕੁਝ ਨਹੀਂ ਸੀ। ਉਸਦਾ ਟੱਬਰ ਕਿਸੇ ਹੋਰ ਸ਼ਹਿਰ ਵਿਚ ਰਹਿੰਦਾ ਸੀ ਜਿੱਥੇ ਉਸਦੇ ਬਾਪ ਦੀ ਸੁਨਿਆਰੇ ਦੀ ਹੋਰ ਵੀ ਵੱਡੀ ਦੁਕਾਨ ਸੀ। ਇਕ ਨੌਕਰ ਲਾਹੌਰ ਵਾਲੀ ਦੁਕਾਨ ਚਲਾਉਂਦਾ ਸੀ ਅਤੇ ਦੁਕਾਨ ਦਾ ਕੰਮ ਧੰਦਾ ਦੇਖਣ ਲਈ ਸਲੀਮ ਨੂੰ ਲਾਹੌਰ ਭੇਜ ਦਿੱਤਾ ਗਿਆ ਸੀ। ਦੁਕਾਨ ਦੀ ਆਮਦਨ ਉਸ ਕੋਲ ਹੁੰਦੀ ਸੀ ਅਤੇ ਉਹਦੇ ਪਰਿਵਾਰ ਨੂੰ ਉਹ ਦੀਆਂ ਗਤੀਵਿਧੀਆਂ ਬਾਰੇ ਕੁਝ ਪਤਾ ਨਹੀਂ ਸੀ।

ਇਕ ਰਾਤ ਨੂੰ ਸੈਕਸ ਦਾ ਸਵਾਦ ਲੈਣ ਲਈ ਉਹ ਅਪਣੇ ਕੁਝ ਦੋਸਤਾਂ ਨਾਲ ਬਾਜ਼ਾਰ ਵਿਚ ਆਇਆ ਸੀ ਅਤੇ ਉਸ ਨਾਲ ਇਹ ਸੌਦਾ ਕਰ ਲਿਆ ਗਿਆ ਸੀ। ਕਈ ਲੋਕਾਂ ਨੇ ਉਹਦੇ ਨਾਲ ਗੱਲਬਾਤ ਕੀਤੀ ਤੇ ਉਹਨੂੰ ਇਹ ਗੱਲ ਮਨਾ ਲਈ ਕਿ ਇਕੋ ਵਾਰੀ ਪੈਸਾ ਦੇਣ ਨਾਲੋਂ ਇਹ ਠੀਕ ਰਹੇਗਾ ਕਿ ਉਹ ਦੀਰਘਕਾਲੀ ਰਿਸ਼ਤਾ ਕਾਇਮ ਕਰ ਲਵੇ। ਸ਼ਾਹਿਦ ਦੇ ਰੱਖੇ ਹੋਏ ਛੋਟੇ ਏਜੰਟ ਕਿਸੇ ਗਾਹਕ ਨਾਲ ਸੌਦਾ ਤੈਅ ਕਰਨ ਤੋਂ ਪਹਿਲਾਂ ਉਹਨੂੰ ਦੇਖ ਪਰਖ ਕੇ ਉਸ ਉੱਤੇ ਵਰਤੇ ਜਾਣ ਵਾਲੇ ਦਾਅ ਦਾ ਫੈਸਲਾ ਕਰਦੇ ਸਨ। ਕਈ ਸਲੀਮ ਵਰਗੇ ਤਾਂ ਉਨ੍ਹਾਂ ਵਾਸਤੇ ਸੌਖਾ ਸ਼ਿਕਾਰ ਹੀ ਹੁੰਦੇ। ਉਹਦੇ ਕੋਲ ਤਾਂ ਐਨਾ ਭਰੋਸਾ ਹੀ ਨਹੀਂ ਸੀ ਕਿ ਉਹ ਅਪਣਾ ਫੈਸਲਾ ਖੁਦ ਕਰ ਸਕਦਾ ਅਤੇ 'ਇੱਜਤ' ਵਾਲੀ ਦਲੀਲ ਸਭ ਤੋਂ ਤਕੜੀ ਹੁੰਦੀ ਏ। ਦੱਲਾ ਇਹ ਦਲੀਲ ਦਿੰਦਾ ਕਿ ਜੇ ਬੰਦਾ ਮਹੀਨੇ ਵਾਰ ਖਰਚਾ ਦੇਣ ਨੂੰ ਤਿਆਰ ਹੋ ਜਾਂਦਾ ਏ ਤਾਂ ਇਹ ਬਿਲਕੁਲ ਪੱਕਾ ਹੋ ਜਾਂਦਾ ਏ

ਕਿ ਉਸ ਔਰਤ ਨਾਲ ਹੋਰ ਕੋਈ ਨਹੀਂ ਸੌਂ ਸਕਦਾ ਜਿਸ ਨੂੰ ਉਹ ਪਿਆਰ ਕਰਦਾ ਏ। ਕੱਚੇ ਗਾਹਕਾਂ ਤੇ ਇਹ ਵਧੀਆਂ ਚੱਲ ਜਾਂਦੀ ਏ ਜਾਂ ਉਨ੍ਹਾਂ ਤੇ ਜਿਨ੍ਹਾਂ ਵਿਚ ਹੈਂਕੜ ਹੁੰਦੀ ਏ। ਸਲੀਮ ਨੂੰ ਯਕੀਨ ਸੀ ਕਿ ਲੈਲਾ ਕੁਆਰੀ ਸੀ। ਉਹ ਉਸਦਾ ਪਹਿਲਾ ਗਾਹਕ ਹੋਣਾ ਸੀ ਅਤੇ ਜਦੋਂ ਤੱਕ ਉਹਨੇ ਆਪਣੇ ਹਿੱਸੇ ਦਾ ਸੌਦਾ ਪੂਰਾ ਕਰਦੇ ਰਹਿਣਾ ਸੀ ਤਾਂ ਲੈਲਾ ਨੇ ਪੂਰੀ ਤਰ੍ਹਾਂ ਉਹਦੀ ਹੀ ਰਹਿਣਾ ਸੀ। ਸੌਦਾ ਹੋਇਆ ਸੀ ਕਿ ਪੇਸ਼ਗੀ ਰਕਮ ਵੀਹ ਹਜ਼ਾਰ ਦਿੱਤੀ ਜਾਵੇਗੀ ਅਤੇ ਅੱਗੋਂ ਦਸ ਹਜ਼ਾਰ ਰੁਪਏ ਮਹੀਨਾ। ਰਕਮ ਐਨੀ ਥੋੜ੍ਹੀ ਸੀ ਕਿ ਬਿਰਾਦਰੀ ਵਿਚ ਦੱਸੀ ਵੀ ਨਹੀਂ ਜਾ ਸਕਦੀ ਸੀ ਇਸ ਲਈ ਪਰਿਵਾਰ ਨੇ ਇਹਦੇ ਬਾਰੇ ਕਿਸੇ ਨਾਲ ਗੱਲ ਹੀ ਨਾ ਕੀਤੀ।

ਕੈਸਰਾ ਨੇ ਲੈਲਾ ਨੂੰ ਕਿਹਾ ਕਿ ਫੌਰਨ ਹੀ ਗਰਭਵਤੀ ਹੋ ਜਾਹ ਕਿਉਂਕਿ ਜੋ ਉਸ ਉੱਤੇ ਪੂਰੀ ਮਾਲਕੀ ਚਾਹੁੰਦਾ ਏ ਉਸ ਗਾਹਕ ਨੂੰ ਬੰਨ੍ਹ ਕੇ ਰੱਖਣ ਦਾ ਇਹੀ ਵਧੀਆ ਢੰਗ ਏ। ਨਾਲੇ ਜੇ ਉਹਨੇ ਹੋਰ ਕਿਸੇ ਗਾਹਕ ਕੋਲ ਜਾਣਾ ਹੀ ਨਹੀਂ ਸੀ ਤਾਂ ਫੇਰ ਇਹ ਸਮਾਂ ਬੱਚਾ ਜੰਮਣ ਲਈ ਹੀ ਵਰਤਣਾ ਚਾਹੀਦਾ ਸੀ ਅਤੇ ਬੱਚਾ ਜੰਮਣ ਦਾ ਸਾਰਾ ਖਰਚਾ ਤਾਂ ਉਸਦੇ ਆਦਮੀ ਨੇ ਹੀ ਕਰਨਾ ਸੀ। ਅਤੇ ਆਖਰ ਮਹੀਨੇਵਾਰ ਖਰਚਾ ਵਧਾਉਣ ਲਈ ਬੱਚਾ ਹੀ ਇਕ ਵਧੀਆ ਬਹਾਨਾ ਬਣ ਜਾਂਦਾ ਏ।

ਜਿਸ ਢੰਗ ਨਾਲ ਸਲੀਮ ਉਨ੍ਹਾਂ ਦੇ ਘਰ ਫਿਰ ਰਿਹਾ ਸੀ ਉਹ ਬੜਾ ਹੀ ਅਜੀਬ ਸੀ ਜਿਸਤੋਂ ਮੈਨੂੰ ਇਕ ਬਾਂਦਰ ਯਾਦ ਆ ਗਿਆ ਜਿਸ ਨੂੰ ਨਵੀਂ ਖੋਹ ਮਿਲ ਗਈ ਸੀ। ਉਹ ਆਉਂਦਾ ਅਤੇ ਸਿੱਧਾ ਘਰ ਦੇ ਅੰਦਰਲੇ ਹਿੱਸੇ ਵਿਚ ਚਲਿਆ ਜਾਂਦਾ। ਕਿਸੇ ਨਾਲ ਗੱਲ ਕੀਤੇ ਬਿਨਾਂ ਉਹ ਯਾ ਤਾਂ ਅਪਣੀ ਚਾਰਪਾਈ ਤੇ ਪਿਆ ਰਹਿੰਦਾ ਤੇ ਜਾਂ ਸਿੱਧਾ ਰਸੋਈ ਵਿਚ ਜਾ ਵੜਦਾ।

ਮੈਂ ਉਹਨੂੰ ਹਮੇਸ਼ਾ ਹੀ ਘਰ ਦੀ ਇਕ ਯਾ ਦੂਜੀ ਗੁੱਠੇ ਲੱਗਾ ਹੀ ਦੇਖਿਆ ਏ ਜਿਵੇਂ ਘਰ ਵਿਚ ਪਿਆ ਕਬਾੜ ਕਿਤੇ ਨਾ ਕਿਤੇ ਪਿਆ ਹੁੰਦਾ ਹੈ। ਮੇਰੀ ਉਹਦੇ ਨਾਲ ਕਦੀ ਗੱਲ ਨਾ ਹੋ ਸਕੀ, ਉਹ ਗੱਲ ਕਰਨ ਜੋਗਾ ਹੀ ਨਹੀਂ ਸੀ। ਲੈਲਾ ਹਮੇਸ਼ਾ ਉਸਨੂੰ ਚਿੜ੍ਹਾਉਂਦੀ ਰਹਿੰਦੀ ਤੇ ਉਹ ਸ਼ਰਮਾਉਂਦਾ ਰਹਿੰਦਾ। ਸਲੀਮ ਆਪਣਾ ਦਿਨ ਅਤੇ ਰਾਤ ਦਾ ਬਹੁਤਾ ਸਮਾਂ ਇੱਥੇ ਹੀ ਬਿਤਾਉਂਦਾ। ਇਕ ਵਾਰੀ ਉਦੋਂ ਹੀ ਉਹ ਲੈਲਾ ਨਾਲ ਨਹੀਂ ਸੀ ਜਦੋਂ ਉਹ ਆਪਣੇ ਪਰਿਵਾਰ ਨੂੰ ਮਿਲਣ ਲਾਹੌਰ ਤੋਂ ਬਾਹਰ ਗਿਆ ਹੋਇਆ ਸੀ ਅਤੇ ਕਰੀਬ ਇਕ ਮਹੀਨਾ ਲਾ ਕੇ ਆਇਆ ਸੀ। ਘਰ ਵਿਚ ਉਹਦਾ ਰੁਤਬਾ ਭੁੱਬਾ ਨਾਲੋਂ ਥੋੜ੍ਹਾ ਉੱਪਰ ਸੀ। ਉਹ ਘਰ ਦੇ ਛੋਟੇ ਮੋਟੇ ਕੰਮ ਕਰਦਾ ਜਾਂ ਬੈਠਾ ਟੀ. ਵੀ. ਤੇ ਭਾਰਤੀ ਫਿਲਮਾਂ ਦੇਖਦਾ ਰਹਿੰਦਾ।

ਸਾਜ਼ਿੰਦਿਆਂ ਨੂੰ ਗੱਪਾਂ ਅਤੇ ਮਜ਼ਾਕ ਲਈ ਨਵਾਂ ਮੁੱਦਾ ਮਿਲ ਗਿਆ ਸੀ। ਕਈ ਲੋਕ ਤਾ ਚੰਗਾ ਵੱਡਾ ਮੁਰਗਾ ਫਸਾਉਂਦੇ ਨੇ ਪਰ ਲੈਲਾ ਦੇ ਟੱਬਰ ਨੇ ਤਾਂ ਸਿਰਫ ਚੂਚਾ ਹੀ ਫਸਾਇਆ ਏ' ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ। ਲੈਲਾ ਦੇ ਸਾਜ਼ਿੰਦਿਆਂ ਦੀ ਕੁੰਡਲੀ ਵਿਚ ਉਸਦਾ ਨਾਂ ਚਿੜਾ ਪੈ ਗਿਆ ਸੀ। ਲੈਲਾ ਸਮਝਦੀ ਸੀ ਕਿ ਲੋਕ ਉਸ ਤੋਂ ਖਾਰ ਖਾਂਦੇ ਨੇ। ਸਾਜ਼ਿੰਦਿਆਂ ਨੇ ਮੈਨੂੰ ਦੱਸਿਆ ਕਿ ਪੂਰੀ ਮਾਲਕੀ ਦਾ ਡਰਾਮਾ ਤਾਂ ਉਸ ਤੋਂ ਹੋਰ ਵੱਧ ਪੈਸੇ ਖਿੱਚਣ ਲਈ ਸੀ, ਅਤੇ ਉਹ ਤਾਂ ਆਪਣਾ ਕੰਮ ਕਰ ਹੀ ਰਹੀ ਸੀ। ਜੇ ਕਿਤੇ ਉਹਨੂੰ ਇਸ ਦਾ ਪਤਾ ਲੱਗ ਵੀ ਗਿਆ ਤਾਂ ਉਹ ਦੇ ਪ੍ਰਬੰਧਕ ਇਸ ਸੌਦੇ ਨੂੰ ਕਾਇਮ ਰੱਖਣ ਲਈ ਹੋਰ ਪੈਸੇ ਮੰਗਣ ਲੱਗ ਪੈਣਗੇ।

ਲੈਲਾ ਨੇ ਮੈਨੂੰ ਕਿਹਾ ਕਿ ਉਹ ਆਪਣੇ ਪਤੀ ਨਾਲ ਮੇਰੇ ਕੋਲ ਇਸਲਾਮਾਬਾਦ ਆਉਣਾ ਚਾਹੁੰਦੀ ਏ। ਮੈਨੂੰ ਨਹੀਂ ਸੀ ਪਤਾ ਕਿ ਮੇਰੀ ਮਾਂ ਕੀ ਸੋਚੇਗੀ ਇਸ ਲਈ ਮੈਂ ਕੋਈ ਸਿੱਧਾ ਜਵਾਬ ਨਾ ਦਿੱਤਾ। ਜਦੋਂ ਮੈਂ ਵਾਪਸ ਇਸਲਾਮਾਬਾਦ ਗਈ ਤਾਂ ਮੈਂ ਲੈਲਾ ਦੀ ਸਾਡੇ ਘਰ ਆਉਣ ਦੀ ਖਾਹਿਸ਼ ਬਾਰੇ ਮਾਂ ਨਾਲ ਗੱਲ ਕੀਤੀ, ਮੇਰੀ ਮਾਂ ਨੇ ਜਵਾਬ ਦਿੱਤਾ ਕਿ ਇਨ੍ਹਾਂ ਛੇਕੇ ਹੋਏ ਵਿਸ਼ਿਆ ਬਾਰੇ ਮੇਰੇ ਖੋਜ ਅਧਿਐਨ ਤੇ ਉਸ ਨੂੰ ਕੋਈ ਇਤਰਾਜ਼ ਨਹੀਂ ਏ ਅਤੇ ਉਹ ਹਮੇਸ਼ਾ ਮੇਰੀ ਮਦਦ ਵੀ ਕਰਦੀ ਰਹੇਗੀ ਪਰ ਉਹ ਨਹੀਂ ਚਾਹੁੰਦੀ ਸੀ ਕਿ ਮੈਂ ਉਨ੍ਹਾਂ ਲੋਕਾਂ ਨੂੰ ਆਪਣੇ ਘਰ ਵੀ ਲਿਆਉਣ ਲੱਗ ਪਵਾਂ। ਉਹਨੇ ਕਿਹਾ ਕਿ ਚੰਗਾ ਏ ਜੇ ਮੈਂ ਅਪਣੇ ਸਾਰੇ ਪਰਿਵਾਰ ਨੂੰ ਇਸ ਵਿਚ ਨਾ ਘੜੀਸਾਂ। ਮੈਂ ਦਲੀਲ ਦਿੱਤੀ ਕਿ ਮੈ ਇਸ ਖੋਜ ਅਧਿਐਨ ਨੂੰ ਇਨ੍ਹਾਂ ਲੋਕਾਂ ਦੇ ਖਿਲਾਫ ਕੀਤੇ ਜਾਂਦੇ ਪੱਖਪਾਤ ਨੂੰ ਖਤਮ ਕਰਨ ਲਈ ਵਰਤਣਾ ਚਾਹੁੰਦੀ ਹਾਂ। ਮਾਂ ਨੇ ਵੀ ਦਲੀਲ ਦਿਤੀ ਕਿ ਉਹ ਪਹਿਲਾਂ ਹੀ ਮੇਰਾ ਪੂਰਾ ਸਾਥ ਦੇ ਕੇ ਅਤੇ ਮੇਰੇ ਬਹੁਤਾ ਸਮਾਂ ਉੱਥੇ ਬਿਤਾਉਣ, ਖਾਸ ਕਰਕੇ ਹਫਤੇ ਦੇ ਆਖਰੀ ਦਿਨ ਉਤੇ, ਕੋਈ ਇਤਰਾਜ਼ ਨਾ ਕਰਕੇ ਅਪਣਾ ਹਿੱਸਾ ਪਾ ਹੀ ਰਹੀ ਏ। ਇਸ ਤਰ੍ਹਾਂ ਇਸ ਬਾਰੇ ਗੱਲਬਾਤ ਠੱਪ ਹੋ ਗਈ।

ਲਾਹੌਰ ਦੇ ਕਈ ਗੇੜਿਆਂ ਤੋਂ ਬਾਦ ਮੈਨੂੰ ਕਿਸੇ ਹੋਰ ਕੰਮ ਵਾਸਤੇ ਮਰਦਾਨ ਜਾਣਾ ਪਿਆ। ਜਦੋਂ ਮੈਂ ਗਈ ਹੋਈ ਸੀ ਤਾਂ ਮੇਰੀ ਮਾਂ ਨੇ ਮੈਨੂੰ ਟੈਲੀਫੋਨ ਕਰ ਕੇ ਦੱਸਿਆ ਕਿ ਮੇਰੀ ਸਹੇਲੀ ਲੈਲਾ ਤੇ ਉਹਦਾ ਪਤੀ ਸਾਡੇ ਇਸਲਾਮਾਬਾਦ ਵਾਲੇ ਘਰ ਆਏ ਹੋਏ ਹਨ। ਮੈਂ ਬੜੀ ਹੈਰਾਨ ਸੀ ਕਿਉਂਕਿ ਲੈਲਾ ਨੇ ਮੈਨੂੰ ਇਸ ਯੋਜਨਾ ਬਾਰੇ ਬਿਲਕੁਲ ਨਹੀਂ ਦੱਸਿਆ ਸੀ, ਦੋ ਜਦੋਂ ਮੈਂ ਪਿਛਲੇ ਹਫਤੇ ਉਸ ਨੂੰ ਮਿਲੀ ਸੀ। ਉਨ੍ਹਾਂ ਦੇ ਬਿਨਾਂ ਦੱਸੇ ਆਉਣ ਬਾਰੇ ਮੈਂ ਮਾਂ ਤੋਂ ਖਿਮਾ ਮੰਗੀ ਅਤੇ ਉਹਨੇ ਮੈਨੂੰ ਭਰੋਸਾ ਦਿਵਾਇਆ ਕਿ ਉਹ ਇਨ੍ਹਾਂ ਦਾ ਖਿਆਲ ਰੱਖੇਗੀ। ਉਹਦੋ ਦਿਨ ਰੁਕੇ ਅਤੇ ਜਦੋਂ ਨੂੰ ਮੈਂ ਵਾਪਸ ਪੁੱਜੀ ਤਾਂ ਉਹ ਮਰੀ ਜਾ ਚੁੱਕੇ ਸਨ। ਮੇਰੀ ਮਾਂ ਜਰਾ ਕੁ ਹਿੱਲੀ ਹੋਈ ਸੀ ਕਿ ਲੈਲਾ ਦੀਆਂ ਮੰਗਾਂ ਨੇ ਤਾਂ ਨੱਕ ਵਿਚ ਦਮ ਕਰੀ ਰੱਖਿਆ। ਉਹ ਹਰ ਵੇਲੇ ਕਾਰ ਅਤੇ ਡਰਾਈਵਰ ਮੰਗੀ ਜਾਂਦੀ। ਕਦੀ ਉਹਨੇ ਖਾਣ ਲਈ ਬਾਹਰ ਜਾਣਾ ਹੁੰਦਾ। ਕਦੇ ਉਹ ਮੇਰੇ ਕੱਪੜੇ ਮੰਗਦੀ ਆਦਿ। ਮੈਂ ਹੱਸ ਪਈ ਕਿਉਂਕਿ ਮੈਂ ਜਾਣਦੀ ਸੀ ਕਿ ਅਸਲ ਵਿਚ ਕੀ ਵਾਪਰਿਆ ਏ। ਮੈਂ ਦੱਸਿਆ ਕਿ ਲੈਲਾ ਨੂੰ ਬਚਪਨ ਤੋਂ ਹੀ ਇਹ ਸਿਖਲਾਈ ਮਿਲੀ ਹੋਈ ਏ ਕਿ ਲੋਕਾਂ ਤੋਂ ਚੀਜਾਂ ਕਿਵੇਂ ਖੋਹਣੀਆਂ ਨੇ ਅਤੇ ਉਹ ਇਹੀ ਕੁਝ ਅਚੇਤਨ ਰੂਪ ਵਿਚ ਕਰਦੀ ਰਹੀ ਏ। ਮੇਰੀ ਮਾਂ ਨੇ ਮੈਨੂੰ ਦੱਸਿਆ ਕਿ ਉਸਦੇ ਪੂਰੇ ਰੋਕਣ ਦੇ ਬਾਵਜੂਦ ਵੀ ਲੈਲਾ ਮੇਰੇ ਦੋ ਨਵੇਂ ਸਲਵਾਰ ਕਮੀਜ ਅਤੇ ਮੇਰੇ ਭਰਾ ਦਾ ਸਫਰੀ ਬੈਗ ਲੈ ਹੀ ਗਈ।

ਲੈਲਾ ਤੇ ਸਲੀਮ ਨੇ ਮਰੀ ਵਿਚ ਦੋ ਹੀ ਦਿਨ ਬਿਤਾਏ ਅਤੇ ਸਲੀਮ ਕੋਲ ਬੱਸ ਐਨੇ ਹੀ ਪੈਸੇ ਸਨ ਜੋ ਮੁੱਕ ਗਏ। ਲੈਲਾ ਨੇ ਇਹ ਮੌਕਾ ਨਹੀਂ ਖੁੰਝਣ ਦਿੱਤਾ ਸੀ ਅਤੇ ਜੋ ਵੀ ਉਹਨੇ ਦੇਖਿਆ ਖਰੀਦ ਲਿਆ। ਦਸਤੂਰ ਦੇ ਮੁਤਾਬਕ ਸੌਗਾਤਾਂ ਅਤੇ ਛੁੱਟੀਆਂ ਦਾ ਖਰਚਾ ਮਹੀਨਾਵਾਰ ਖਰਚੇ ਤੋਂ ਅੱਡ ਹੁੰਦਾ ਏ। ਇਹ ਤਾਂ ਬੋਨਸ ਵਾਂਗ ਹੁੰਦਾ ਏ ਤਾਂ ਹੀ ਲੈਲਾ ਨੇ ਇਸ ਲੁੱਟ ਦਾ ਪੂਰਾ ਮਜਾ ਲਿਆ। ਉਹ ਠੀਕ ਜਿਹੇ ਹੋਟਲ ਵਿਚ ਰੁਕੇ ਸੀ, ਲੈਲਾ ਇਸ ਬਾਰੇ ਖੁਸ਼ ਨਹੀਂ ਸੀ ਅਤੇ ਹਰ ਵੇਲੇ ਇਸ ਬਾਰੇ ਕੁੜ੍ਹਦੀ ਰਹੀ ਸੀ।

ਉਹ ਦੋ ਵੱਡੇ ਸੂਟਕੇਸ ਲੈ ਕੇ ਲਾਹੌਰ ਮੁੜੇ ਜੋ ਲੈਲਾ ਦੀਆਂ ਚੀਜ਼ਾਂ ਅਤੇ ਟੱਬਰ ਦੀਆਂ

ਸੋਗਾਤਾਂ ਨਾਲ ਭਰੇ ਹੋਏ ਸੀ। ਟੱਬਰ ਨੇ ਉਸ ਦਾ ਦਿਆਲਤਾ ਵਾਸਤੇ ਧੰਨਵਾਦ ਕੀਤਾ, ਹਾਲਾਂਕਿ ਟੱਬਰ ਨੂੰ ਪਤਾ ਸੀ ਕਿ ਉਸ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਜਦੋਂ ਮੈਂ ਬਾਦ ਵਿਚ ਉਹਨੂੰ ਲਾਹੌਰ ਵਿਚ ਮਿਲੀ ਤਾਂ ਲੈਲਾ ਨੇ ਮੈਨੂੰ ਆਪਣੇ ਇਸਲਾਮਾਬਾਦ ਦੇ ਸਫਰ ਬਾਰੇ ਪੂਰੀ ਕਹਾਣੀ ਦੱਸੀ। ਉਹਨੇ ਦੱਸਿਆ ਕਿ ਮੇਰਾ ਪਰਿਵਾਰ ਉਸਨੂੰ ਵਾਕਈ ਪਸੰਦ ਆਇਆ ਖਾਸ ਕਰਕੇ ਮੇਰੀ ਮਾਂ ਅਤੇ ਉਹ ਫੇਰ ਛੇਤੀ ਹੀ ਇਸਲਾਮਾਬਾਦ ਜਾਣ ਦੀ ਸੋਚ ਰਹੀ ਏ। ਮੈਂ ਉਹਨੂੰ ਕਿਹਾ ਕਿ ਜਾਣ ਤੋਂ ਪਹਿਲਾਂ ਮੈਨੂੰ ਜਰੂਰ ਦੱਸ ਦੇਵੇ ਤਾਂ ਕਿ ਮੈਂ ਆਪਣੇ ਪਰਿਵਾਰ ਨੂੰ ਇਸ ਬਾਰੇ ਤਿਆਰ ਕਰ ਲਵਾਂ।

ਫੜ੍ਹਾਂ ਮਾਰਨ ਲਈ ਉਸਨੂੰ ਇਸਲਮਾਬਾਦ ਅਤੇ ਮੇਰਾ ਘਰ ਦੋ ਹੋਰ ਮੁੱਦੇ ਮਿਲ ਗਏ। ਆਪਣੇ ਦੋਸਤਾਂ ਅਤੇ ਗਾਹਕਾਂ ਨੂੰ ਉਸ ਨੇ ਮੇਰੇ ਘਰ ਦੀਆਂ ਚੀਜ਼ਾਂ ਦੀ ਪੂਰੀ ਫਹਿਰਿਸ਼ਤ ਕਈ-ਕਈ ਵਾਰੀ ਸੁਣਾਈ। ਇਕ ਡੀਪ ਫਰੀਜ਼ਰ, ਦੋ ਫਰਿੱਜ, ਤਿੰਨ ਟੈਲੀਵੀਜ਼ਨ ਅਤੇ ਇਕ ਕੰਪਿਊਟਰ ਫਹਿਰਿਸ਼ਤ ਵਿਚ ਸੁਭ ਤੋਂ ਉੱਪਰ ਸਨ। ਉਹ ਇਸ ਸਭ ਕਾਸੇ ਤੋਂ ਪ੍ਰਭਾਵਤ ਸੀ ਅਤੇ ਇਨ੍ਹਾਂ ਚੀਜ਼ਾਂ ਕਾਰਨ ਮੇਰੇ ਤੇ ਬੜਾ ਮਾਣ ਕਰਦੀ ਸੀ।

ਸ਼ਾਮਾਂ ਨੂੰ ਲੈਲਾ ਮੁਜਰਾ ਕਰਦੀ ਰਹੀ। ਉਹਦੇ ਪਤੀ ਨੂੰ ਐਨਾ ਹੀ ਦੱਸਿਆ ਗਿਆ ਸੀ ਸ਼ਾਮ ਵਾਲਾ ਧੰਦਾ ਤਾਂ ਜਾਰੀ ਹੀ ਰਹੇਗਾ ਤਾਂ ਜੋ ਉਹ ਆਪਣੇ ਟੱਬਰ ਦੀ ਇਮਦਾਦ ਕਰ ਸਕੇ।

# ਨਰਗਿਸ ਨਾ ਵਿਆਹ ਕਰਵਾਕੇ ਚੰਗੀ ਰਹੀ

ਮੈਂ ਲੈਲਾ ਨਾਲ ਲਗਾਤਾਰ ਸੰਪਰਕ ਰੱਖਿਆ ਪਰ ਹੋਰ ਰੰਡੀਆਂ ਨਾਲ ਵੀ ਸਮਾਂ ਬਿਤਾਉਂਦੀ ਰਹੀ। ਮੈਂ ਵੱਧ ਤੋਂ ਵੱਧ ਨੂੰ ਮਿਲ ਕੇ ਇਹ ਜਾਣਨਾ ਚਾਹੁੰਦੀ ਸੀ ਕਿ ਉਨ੍ਹਾਂ ਦੇ ਸੁਪਨੇ ਖਾਹਸ਼ਾਂ, ਅਨੰਦ ਅਤੇ ਦਿਲ ਤੋੜਵੀਆਂ ਗੱਲਾ ਕੀ-ਕੀ ਸਨ। ਮੈਂ ਉਨ੍ਹਾਂ ਦੀਆਂ ਮਾਇਕ ਸਮੱਸਿਆਵਾਂ ਅਤੇ ਸਿਹਤ ਦੇ ਮਸਲਿਆਂ ਬਾਰੇ ਜਾਣਨਾ ਚਾਹੁੰਦੀ ਸੀ। ਸਭ ਤੋਂ ਵੱਧ ਮੈਂ ਇਹ ਚਾਹੁੰਦੀ ਸੀ ਕਿ ਮੈਂ ਉਨ੍ਹਾਂ ਨਾਲ ਇਕ ਔਰਤ ਦੇ ਤੌਰ ਤੇ ਜੁੜਾਂ ਤੇ ਉਨ੍ਹਾਂ ਦੇ ਜੀਵਨ ਬਾਰੇ ਸਮਝਾਂ ਤਾਂ ਕਿ ਇਸੇ ਅਸਲ ਵਿਚ ਮੈਂ ਆਪਣੇ ਅਤੇ ਆਪਣੇ ਵਰਗੀਆਂ ਹੋਰਨਾਂ ਦੇ ਜੀਵਨ ਬਾਰੇ ਵੀ ਸਮਝ ਸਕਾਂ।

ਸ਼ਾਹੀ ਮੁਹੱਲੇ ਵਿਚ ਜਨਮੀ ਨਰਗਿਸ ਮਨੋਰੰਜਨ ਦੀ ਕਲਾ ਸਿੱਖਦੀ ਵੱਡੀ ਹੋਈ। ਉਹਦੀ ਵੱਡੀ ਭੈਣ ਤੇ ਮਾਂ ਉਸ ਦੀ ਮੁਢਲੀਆਂ ਉਸਤਾਦ ਸਨ। ਉਹ ਗਾਉਣਾ ਅਤੇ ਨੱਚਣਾ ਦੋਵੇਂ ਹੀ ਛੋਟੀ ਉਮਰ ਵਿਚ ਹੀ ਸਿੱਖ ਗਈ ਸੀ। ਉਨ੍ਹਾਂ ਦਾ ਪਰਿਵਾਰ ਕੋਈ ਖੁਸ਼ਹਾਲ ਰੰਡੀਆਂ ਦਾ ਟੱਬਰ ਨਹੀਂ ਸੀ ਅਤੇ ਉਨ੍ਹਾਂ ਨੂੰ ਜ਼ਿੰਦਾ ਰਹਿਣ ਲਈ ਸਭ ਕੁਝ ਕਰਨਾ ਪੈਂਦਾ ਸੀ। ਇਕ ਬੱਚੇ ਦੇ ਤੌਰ ਤੇ ਉਹ ਥਿਏਟਰ ਸ਼ੋਆਂ ਵਿੱਚ ਕੰਮ ਕਰਨ ਲੱਗੀ ਅਤੇ ਉਹਦਾ ਮੁੱਖ ਕੰਮ ਵੱਖਰੇ ਸੀਨਾ ਦੇ ਵਿਚਕਾਰ ਨੱਚਣ ਦਾ ਹੁੰਦਾ ਜਾਂ ਜਦੋਂ ਅਜੇ ਪ੍ਰੋਗਰਾਮ ਸ਼ੁਰੂ ਹੋਣਾ ਹੁੰਦਾ। ਉਹ ਬਾਰਾਂ ਸਾਲ ਦੀ ਉਮਰ ਤੋਂ ਹੀ ਇਹ ਕਰਦੀ ਆ ਰਹੀ ਸੀ। ਜੋ ਵੀ ਪਾਰਟੀ ਕਹਿੰਦੀ ਉਹਨੂੰ ਉਸੇ ਨਾਲ ਹੀ ਤੌਰ ਦਿੱਤਾ ਜਾਂਦਾ ਅਤੇ ਜੋ ਵੀ ਕੋਈ ਦਿੰਦਾ ਉਹਦੀ ਮਾਂ ਲੈ ਲੈਂਦੀ। ਕੁਝ ਵੀ ਕਮਾਉਣ ਦੇ ਮਾਮਲੇ ਵਿਚ ਕੋਈ ਵੀ ਮੌਕਾ ਮਿਲਣ ਤੇ ਉਹ ਨਾਂਹ ਕਹਿਣ ਜੋਗੇ ਨਹੀਂ ਸੀ। ਨਾਚੀ ਦੇ ਤੌਰ ਤੇ ਉਸ ਨੇ ਰਵਾਇਤੀ ਮੰਚ, ਮੈਜਿਕ ਸ਼ੋਆਂ, ਵੇਰਾਇਟੀ ਸ਼ੌਆਂ ਅਤੇ ਮੌਤ ਦਾ ਕੂਆਂ ਸਮੇਤ ਹਰ ਤਰ੍ਹਾਂ ਦੇ ਮਨੋਰੰਜਨ ਸ਼ੋਆਂ ਵਿਚ ਕੰਮ ਕੀਤਾ। ਉਹ ਲੱਕੀ ਇਰਾਨੀ ਸਰਕਸ, ਜੁਬਲੀ ਸਰਕਸ ਅਤੇ ਹੋਰ ਕਈ ਮਨੋਰੰਜਨ ਕਰਨ ਵਾਲੀਆਂ ਟੋਲੀਆਂ ਨਾਲ ਕੰਮ ਕਰਦੀ ਰਹੀ ਜੋ ਨੇੜੇ ਤੇੜੇ ਦੇ ਮੇਲਿਆਂ ਤੇ ਜਾਂਦੀਆਂ। ਨਰਗਿਸ ਦੁਪਹਿਰ ਤੋਂ ਲੈ ਕੇ ਦੇਰ ਰਾਤ ਤਕ ਕੰਮ ਕਰਦੀ ਰਹਿੰਦੀ। ਇਹ ਸ਼ੋਅ ਰਾਤ ਨੂੰ ਦੋ, ਤਿੰਨ ਤੇ ਕਈ ਵਾਰੀ ਚਾਰ ਵਜੇ ਤਕ ਵੀ ਚਲਦੇ ਸਨ।

ਨਰਗਿਸ ਨੇ ਮੈਨੂੰ ਦੱਸਿਆ, 'ਮੈਂ ਪੰਦਰਾਂ ਸਾਲ ਦੀ ਸੀ ਜਦੋਂ ਮੇਰਾ ਵਿਆਹ ਹੋ ਗਿਆ ਸੀ। ਮੇਰੇ ਮਾਪਿਆਂ ਨੇ ਤਿੰਨ ਹਜ਼ਾਰ ਰੁਪਏ ਮੇਰੀ ਨੱਥ ਉਤਰਵਾਈ ਦੇ ਮੰਨ ਲਏ ਸੀ ਜੋ ਸਿਆਲਕੋਟ ਦੇ ਇਕ ਬੰਦੇ ਦੀ ਪੇਸ਼ਕਸ਼ ਸੀ। ਉਸ ਵੇਲੇ ਇਹ ਇਕ ਵੱਡੀ ਰਕਮ ਸੀ। ਇਹ ਉਹ ਸਮਾਂ ਸੀ ਜਦੋਂ ਦੋ ਲੱਖ ਰੁਪਏ ਮਕਾਨ ਬਣਾਉਣ ਲਈ ਕਾਫੀ ਸਨ। ਉਸ ਤੋਂ ਬਾਦ ਮੈਂ ਲਗਾਤਾਰ ਗਾਹਕਾਂ ਨਾਲ ਧੰਦਾ ਕਰਨ ਲੱਗੀ। ਅਸੀਂ ਮੇਲੇ ਵਿਚ ਲੋਕਾਂ ਨੂੰ ਅਪਣਾ ਪਤਾ ਦੇ ਦਿੰਦੀਆਂ ਅਤੇ ਉਹ ਸਾਡੇ ਘਰ ਆ ਜਾਂਦੇ।' ਉਹ ਹੱਸ ਕੇ ਬੋਲੀ, 'ਮੈਂ ਨੱਚਣ ਦੇ ਨਾਲ-ਨਾਲ ਗਾਹਕਾਂ ਨਾਲ ਗੱਲ ਕਰਨੀ ਵੀ ਪਸੰਦ ਕਰਦੀ ਸੀ। ਜੋ ਸੌਦਾ ਮੇਰੀ ਮਾਂ ਨੂੰ ਮੰਜ਼ੂਰ ਹੁੰਦਾ ਤੇ ਉਹ ਠੀਕ-ਠੀਕ ਪੈਸੇ ਦੇ

ਦਿੰਦਾ ਤਾਂ ਮੈਂ ਉਹਦੇ ਨਾਲ ਚਲੀ ਜਾਂਦੀ।'

'ਹੁਣ ਮੈਂ ਆਪਣੀ ਮਾਂ ਨਾਲ ਰਹਿੰਦੀ ਹਾਂ। ਸਾਡੇ ਕੋਲ ਚਾਰ ਕਮਰੇ ਹਨ; ਦੋ ਰਹਿਣ ਲਈ ਤੇ ਦੋ ਆਫਿਸ ਦੇ। ਸਾਡੀ ਬਿਰਾਦਰੀ ਦੀਆਂ ਕੁੜੀਆਂ ਹੁਣ ਐਨੀਆਂ ਵਿਗੜ ਗਈਆਂ ਹਨ ਕਿ ਉਹ ਦੋ ਦਿਨ ਕੰਮ ਕਰਦੀਆਂ ਨੇ ਤੇ ਚਾਰ ਦਿਨ ਛੁੱਟੀ ਮਾਰਦੀਆਂ ਨੇ। ਇਹ ਪਹਿਲਾਂ ਇਸ ਤਰ੍ਹਾਂ ਨਹੀਂ ਸੀ। ਹਰ ਕੋਈ ਸਖਤ ਮਿਹਨਤ ਕਰਦਾ ਸੀ। ਮੇਰੇ ਲਈ ਜ਼ਿੰਦਗੀ ਅਜੇ ਵੀ ਔਖੀ ਏ। ਮੈਂ ਰੱਜ ਕੇ ਕੰਮ ਕਰਦੀ ਹਾਂ ਪਰ ਫੇਰ ਵੀ ਰੋਟੀ ਨਹੀਂ ਜੁੜਦੀ। ਜ਼ਰਾ ਸੋਚ ਤਾਂ ਸਹੀ ਅਸੀਂ 4000 ਤਾਂ ਕਿਰਾਇਆ ਦਿੰਨੇ ਹਾਂ ਅਤੇ 3000 ਬਿਜਲੀ ਦੇ ਬਿਲ ਦਾ। ਐਨੀਆਂ ਵਧਦੀਆਂ ਕੀਮਤਾਂ ਵਿਚ ਐਨਾ ਹੀ ਬੜਾ ਹੈ ਕਿ ਅਸੀਂ ਆਪਣੇ ਬੱਚੇ ਤਾਂ ਪਾਲ ਰਹੀਆਂ ਹਾਂ। ਮੇਰੇ ਚਾਰ ਭਰਾ ਹਨ। ਦੋ ਮਸ਼ਹੂਰ ਨਾਚੀਆਂ ਸਲਮਾ ਤੇ ਸਿਤਾਰਾ ਨਾਲ ਉਨ੍ਹਾ ਦੇ ਦਲਾਲਾਂ ਵਜੋਂ ਕੰਮ ਕਰਦੇ ਨੇ ਤੇ ਬਾਕੀ ਦੋ ਅਵਾਰਾ ਫਿਰਦੇ ਰਹਿੰਦੇ ਨੇ ਜੋ ਕਿ ਕੰਜਰ ਮੁੰਡਿਆਂ ਦਾ ਕੰਮ ਹੁੰਦਾ ਏ। ਮੈਂ ਆਪਣੇ ਬੱਚਿਆਂ ਨਾਲ ਉਪਰ ਕਹਿੰਦੀ ਹਾਂ ਅਤੇ ਮੇਰੀ ਮਾਂ ਮੇਰੀ ਭੈਣ ਨਾਲ ਹੇਠਾਂ ਰਹਿੰਦੀ ਏ।'

'ਖੁਦਾ ਦੀ ਮਿਹਰ ਨਾਲ ਮੇਰਾ ਕੰਮ ਐਨਾ ਕੁ ਹੈ ਕਿ ਮੈਂ ਤੇ ਮੇਰੇ ਬੱਚੇ ਜਿੰਦਾ ਰਹਿ ਸਕੀਏ। ਕਈ ਵਾਰੀ ਮੈਨੂੰ ਬੜੇ ਡੰਗਰ ਗਾਹਕ ਮਿਲ ਜਾਂਦੇ ਨੇ ਜਿਹੜੇ ਪੀਕੇ ਟੱਲੀ ਹੋ ਜਾਂਦੇ ਨੇ ਤੇ ਬੜਾ ਰੌਲਾ ਪਾਉਂਦੇ ਨੇ। ਉਹ ਮੈਨੂੰ ਫੜ ਕੇ ਘੜੀਸਣ ਲੱਗ ਪੈਂਦੇ ਨੇ। ਮੈਨੂੰ ਉਨ੍ਹਾਂ ਨੂੰ ਕਾਬੂ ਰੱਖਣ ਲਈ ਬੜੀ ਸਖਤੀ ਕਰਨੀ ਪੈਂਦੀ ਏ। ਮੈਂ ਕਹਿੰਦੀ ਹਾਂ, 'ਮੈਂ ਤੈਨੂੰ ਵਿਆਹੀ ਹੋਈ ਨਹੀਂ ਕਿ ਤੂੰ ਜਿਵੇਂ ਚਾਹੇਂ ਮੈਨੂੰ ਧੱਕੇ ਮਾਰੀ ਜਾਵੇਂ। ਸੁਣ ਲੈ ਜਰਾ ਮੈਂ ਨਹੀਂ ਇਹ ਕੁਝ ਬਰਦਾਸ਼ਤ ਕਰਨ ਲੱਗੀ। ਮੈਂ ਆਪਣੇ ਘਰ ਵਿਚ ਬੈਠੀ ਹਾਂ। ਉਹੀ ਮੇਰੀਆਂ ਸੇਵਾਵਾਂ ਲੈਣ ਆਉਂਦੇ ਨੇ। ਕਈ ਵਾਰੀ ਤਾਂ ਮੈਨੂੰ ਲਕੀਰ ਹੀ ਖਿੱਚਣੀ ਪੈ ਜਾਂਦੀ ਏ। ਜਦੋਂ ਕਦੀ ਉਹ ਹਿੰਸਕ ਹੋ ਜਾਂਦੇ ਨੇ ਤਾਂ ਮੈਂ ਗਾਉਣਾ ਛੱਡ ਦਿੰਦੀ ਹਾਂ ਤੇ ਉਨ੍ਹਾਂ ਨੂੰ ਬਾਹਰ ਨਿੱਕਲ ਜਾਣ ਲਈ ਕਹਿੰਦੀ ਹਾਂ। ਸਾਡੇ ਮੁਹੱਲੇ ਵਿਚ ਮੇਰੀਆਂ ਸਾਥਣਾਂ ਕਾਮ ਸੇਵਾਵਾਂ ਲਈ 5000 ਰੁਪਏ ਤੱਕ ਮੰਗਦੀਆਂ ਹਨ। ਗਾਉਣ ਲਈ ਘੱਟੋ ਘੱਟ ਆਸ 300 ਤੋਂ 500 ਰੁਪਏ ਰੱਖੀ ਜਾਂਦੀ ਏ। ਪਰ ਕੋਠਿਆਂ ਵਿਚ 1000 ਤੋਂ 3000 ਤਕ ਕਿਤੇ ਵੀ ਮਿਲ ਜਾਂਦਾ ਏ। ਮੈਂ 500 ਤੋਂ 1000 ਤੋਂ ਘੱਟ ਨਹੀਂ ਲੈਂਦੀ। ਜੇ ਕੋਈ ਗਾਹਕ ਘੱਟ ਦਿੰਦਾ ਏ ਤਾਂ ਮੈਂ ਉਸ ਨੂੰ ਟਿੱਬੀ ਗਲੀ ਜਾਣ ਲਈ ਕਹਿ ਦਿੰਦੀ ਹਾਂ। ਉੱਥੇ ਦੀਆਂ ਗਰੀਬ ਔਰਤਾਂ ਗਾਹਕ ਤੋਂ 100-200 ਰੁਪਏ ਵੀ ਲੈ ਲੈਂਦੀਆਂ ਨੇ।'

'ਮੈਂ ਆਪਣੀ ਸਫਾਈ ਦਾ ਬੜਾ ਧਿਆਨ ਰੱਖਦੀ ਹਾਂ। ਮੈਂ ਬੀਮਾਰ ਨਹੀਂ ਹੋਣਾ ਚਾਹੁੰਦੀ। ਅਸੀਂ ਤਾਂ ਬੰਦੇ ਨਾਲ ਪੈਣ ਤੋਂ ਪਹਿਲਾਂ ਆਪਣੇ ਹੱਥ ਅਤੇ ਹੋਰ ਸਭ ਕੁਝ ਧੋ ਲੈਂਦੀਆਂ ਹਾਂ। ਪਰ ਜਿਹੜੀਆਂ ਔਰਤਾ ਦਿਨ ਵਿਚ ਕਈ ਬੈਠਾਂਦੀਆਂ ਨੇ ਜਿਵੇਂ ਟਿੱਬੀ ਵਾਲੀਆਂ ਉਹ ਧਿਆਨ ਨਹੀਂ ਕਰਦੀਆਂ। ਉਹ ਬੜੀਆਂ ਗੰਦੀਆਂ ਨੇ ਤੇ ਉਹ ਕਪੜਾ ਵੀ ਨਹੀਂ ਵਰਤਦੀਆਂ। ਉਹ ਤਾਂ ਬੱਸ ਬੰਦੇ ਤੋਂ ਮਗਰੋਂ ਬੰਦਾ ਚਾੜ੍ਹੀ ਜਾਂਦੀਆਂ ਨੇ। ਇਸੇ ਕਰਕੇ ਤਾ ਉਨ੍ਹਾਂ ਨੂੰ ਐਨੀਆਂ ਬੀਮਾਰੀਆਂ ਨੇ।'

'ਕਿਸ ਤਰ੍ਹਾਂ ਦੀਆਂ ਬੀਮਾਰੀਆਂ?', ਮੈਂ ਪੁੱਛਿਆ।

'ਛੂਤ ਦੀਆਂ, ਰਸਾਉ ਦੀਆਂ ਪਰ ਉਹ ਆਪਣੇ ਗਾਹਕਾਂ ਨੂੰ ਨਹੀਂ ਦੱਸਦੀਆਂ, ਕਈ

ਵਾਰੀ ਉਹ ਦਾਈ ਦੀ ਮਦਦ ਲੈਂਦੀਆਂ ਨੇ, ਜੇ ਉਨ੍ਹਾਂ ਨੂੰ ਕੋਈ ਗੰਭੀਰ ਸਮੱਸਿਆ ਹੋਵੇ।', ਉਹਨੇ ਜਵਾਬ ਦਿੱਤਾ।

'ਤੂੰ ਏਡਜ਼ ਨਾਂ ਦੀ ਕਿਸੇ ਬੀਮਾਰੀ ਤੋਂ ਜਾਣੂ ਏਂ?', ਮੈਂ ਪੁੱਛਿਆ।

'ਨਹੀਂ, ਹੋਰ ਵੀ ਬਹੁਤ ਕਿਸਮ ਦੀਆਂ ਬੀਮਾਰੀਆਂ ਨੇ। ਮੈਂ ਤਾਂ ਇਹੀ ਮੰਨਦੀ ਹਾਂ ਕਿ ਖੁਦ ਨੂੰ ਸਾਫ ਰੱਖੋ।'

ਮੈਂ ਉਹਨੂੰ ਏਡਜ਼ ਬਾਰੇ ਦੱਸਣ ਲਈ ਕਾਫੀ ਸਮਾਂ ਲਾਇਆ ਅਤੇ ਦੱਸਿਆ ਕਿ ਉਸ ਵਰਗੀਆਂ ਔਰਤਾਂ ਨੂੰ ਇਹ ਬੀਮਾਰੀ ਕਿਵੇਂ ਚਿੰਮੜ ਸਕਦੀ ਏ। ਜਦੋਂ ਮੈਂ ਉਹਨੂੰ ਨਿਰੋਧ ਬਾਰੇ ਕਿਹਾ ਤਾਂ ਉਹ ਹੱਸ ਪਈ ਤੇ ਬੋਲੀ, 'ਕਿਉਂ ਉਨ੍ਹਾਂ ਦੀ ਮਰਦਾਨਗੀ ਨੂੰ ਹੱਥ ਪਾਉਣ ਲੱਗੇ ਹੋ?' ਉਹਨੂੰ ਪਤਾ ਸੀ ਕਿ ਬੰਦੇ ਇਹ ਪਸੰਦ ਨਹੀਂ ਕਰਨਗੇ। ਉਹਦੇ ਗਾਹਕਾਂ ਲਈ ਨਿਰੋਧ ਦੀ ਵਰਤੋਂ ਉਨ੍ਹਾਂ ਦੀ ਮਰਦਾਨਗੀ ਤੇ ਵੱਡੀ ਸੱਟ ਹੋਵੇਗੀ।

'ਕੁਝ ਆਪਣੇ ਬੱਚਿਆਂ ਦੀ ਵੀ ਸੁਣਾ, ਮੈਂ ਕਿਹਾ' ਬੱਚਿਆਂ ਬਾਰੇ ਮੇਰੀਆਂ ਸਹੇਲੀਆਂ ਦੀਆਂ ਦੋ ਰਾਵਾਂ ਹਨ। ਕਈ ਤਾਂ ਪਹਿਲਾਂ ਕੁਝ ਚੰਗਾ ਪੈਸਾ ਬਣਾ ਲੈਣਾ ਚਾਹੁੰਦੀਆਂ ਨੇ। ਉਨ੍ਹਾਂ ਨੂੰ ਘਰ ਚਾਹੀਦਾ ਏ, ਜ਼ੇਵਰ ਚਾਹੀਦੇ ਨੇ ਅਤੇ ਬੱਚੇ ਜੰਮਣ ਦੀ ਵਿਹਲ ਕੱਢਣ' ਤਕ ਕੁਝ ਪੈਸਾ ਜੁੜਿਆ ਵੀ ਹੋਣਾ ਚਾਹੀਦਾ ਏ। ਦੂਜੀਆਂ ਕੁਝ ਪਹਿਲਾਂ ਬੱਚੇ ਚਾਹੁੰਦੀਆਂ ਨੇ ਤੇ ਖੁਦਾ ਤੇ ਭਰੋਸਾ ਕਰਦੀਆਂ ਨੇ ਕਿ ਧੰਦੇ ਲਈ ਤਾਂ ਉਨ੍ਹਾਂ ਵਾਸਤੇ ਬਥੇਰੀ ਉਮਰ ਪਈ ਏ ਇਸ ਲਈ ਇਹ ਚੀਜ਼ਾਂ ਤਾਂ ਫੇਰ ਵੀ ਮਿਲ ਜਾਣੀਆਂ ਨੇ। ਮੈਂ ਦੂਜੀ ਕਿਸਮ ਵਿਚੋਂ ਹਾਂ। ਮੇਰੇ ਨਿਆਣੇ ਬਹੁਤ ਪਹਿਲਾਂ ਹੋ ਗਏ ਸੀ। ਮੇਰਾ ਪਹਿਲਾ ਨਿਆਣਾ ਸੋਲਾਂ ਸਾਲ ਦੀ ਉਮਰ ਵਿਚ ਹੋ ਗਿਆ ਸੀ, ਇਹ ਕੁੜੀ ਸੀ ਜਿਹੜੀ ਬਚ ਨਾ ਸਕੀ। ਤੇ ਨਾ ਹੀ ਮੇਰਾ ਪਹਿਲਾ ਮੁੰਡਾ ਬਚਿਆ। ਮੇਰਾ ਤੀਜਾ ਬੱਚਾ, ਮੁੰਡਾ ਬਚ ਗਿਆ ਸੀ ਪਰ ਮੈਂ ਬੜੀ ਉਦਾਸ ਸੀ ਕਿਉਂਕਿ ਮੈਂ ਕੁੜੀ ਦੀ ਆਸ ਰੱਖੀ ਸੀ, ਮੈਂ ਹੋਰ ਬੱਚੇ ਦੀ ਆਸ ਕਰਦੀ ਰਹੀ ਅਤੇ ਆਖਰ ਕਾਮਯਾਬ ਰਹੀ। ਮੈਨੂੰ ਖੁਸ਼ੀ ਏ ਕਿ ਮੇਰੇ ਵੀ ਕੁੜੀ ਏ ਤੇ ਹੁਣ ਚਾਰ ਸਾਲ ਦੀ ਏ।

'ਮੈਂ ਕਦੀ ਗਰਭ ਰੋਕੂ ਚੀਜ਼ਾਂ ਨਹੀਂ ਵਰਤੀਆਂ। ਬੱਚੇ ਹੋਣਾ ਤਾਂ ਖੁਦਾ ਦੀ ਦਾਤ ਏ ਇਸ ਵਿਚ ਬੰਦੇ ਨੂੰ ਦਖਲ ਨਹੀਂ ਦੇਣਾ ਚਾਹੀਦਾ। ਮੇਰੀਆਂ ਸਾਥਣਾਂ ਅਕਸਰ ਹੀ ਗਰਭਪਾਤ ਕਰਵਾ ਦਿੰਦੀਆਂ ਨੇ। ਪਰ ਮੈਨੂੰ ਜਦੋਂ ਗਰਭਵਤੀ ਹੋਣ ਵਿਚ ਕੁਝ ਸਮੱਸਿਆਵਾਂ ਆਈਆਂ ਸਨ ਤਾਂ ਵੀ ਮੈਂ ਉਨਾ ਬਾਰੇ ਚਿੰਤਤ ਨਹੀਂ ਸੀ। ਜੇ ਨਿਆਣੇ ਪਾਲਣ ਵਿਚ ਔਖਿਆਈ ਹੋ ਰਹੀ ਹੋਵੇ ਤਾਂ ਵੀ ਔਰਤਾਂ ਗਰਭਪਾਤ ਕਰਵਾ ਲੈਂਦੀਆਂ ਨੇ। ਤੂੰ ਰਾਜੋ ਨੂੰ ਜਾਣਦੀ ਏ? ਉਹ ਬੜੀ ਭਲੀ ਔਰਤ ਏ। ਉਹਨੇ ਪੰਜ ਵਾਰੀ ਗਰਭਪਾਤ ਕਰਵਾਇਆ ਏ ਤੇ ਮੈਂ ਉਸ ਨੂੰ ਕਿਹਾ ਕਿ ਤੂੰ ਪਾਗਲ ਹੋ ਗਈ ਏਂ, ਜੇ ਤੂੰ ਇਸੇ ਤਰ੍ਹਾਂ ਕਰਦੀ ਰਹੀ ਤਾਂ ਫੇਰ ਤੂੰ ਗੱਭਣ ਵੀ ਨਹੀਂ ਹੋਣਾ ਜਦ ਤੈਨੂੰ ਬੱਚੇ ਦੀ ਲੋੜ ਹੋਵੇਗੀ।'

'ਉਹ ਗਰਭਪਾਤ ਕਿੱਥੋਂ ਕਰਵਾ ਲੈਂਦੀ ਏ?' ਮੈਂ ਪੁੱਛਿਆ।

'ਲੋਕਾਂ ਨੂੰ ਤਾਂ ਦਾਈ ਤੋਂ ਕਰਵਾਉਣ ਦੀ ਆਦਤ ਪਈ ਹੋਈ ਏ ਪਰ ਹੁਣ ਤੀਵੀਆਂ

ਹਸਪਤਾਲ ਜਾਣ ਲੱਗ ਪਈਆਂ ਨੇ। ਡਾਕਟਰਨੀਆਂ ਇਸ ਨੂੰ ਛੁਪ ਕੇ ਕਰਦੀਆਂ ਨੇ। ਇਸ ਵਿਚ 200 ਤੋਂ 3000 ਰੁਪਏ ਤੱਕ ਲੱਗ ਜਾਂਦੇ ਨੇ', ਉਹਨੇ ਜਵਾਬ ਦਿੱਤਾ।

'ਕੀ ਅਜਿਹੇ ਬੰਦੇ ਦੀ ਛਾਂਟ ਤੁਸੀਂ ਖ਼ੁਦ ਕਰਦੀਆਂ ਹੋ ਜਿਸ ਤੋਂ ਤੁਸੀਂ ਗੱਭਣ ਹੋਣਾ ਚਾਹੁੰਦੀਆਂ ਹੁੰਦੀਆਂ ਹੋ?', ਮੈਂ ਉਹਨੂੰ ਪੁੱਛਿਆ।

ਉਹਨੇ ਜਵਾਬ ਦਿੱਤਾ, 'ਮੈਂ ਅਜਿਹੇ ਕਿਸੇ ਵਿਅਕਤੀ ਦਾ ਬੱਚਾ ਪੈਦਾ ਕਰਨਾ ਪਸੰਦ ਕਰਾਂਗੀ ਜੋ ਮੇਰੇ ਵਿਚ ਦਿਲਚਸਪੀ ਲੈਂਦਾ ਹੋਵੇ ਅਤੇ ਕੋਈ ਅਜਿਹਾ ਸਰਸਰੀ ਗਾਹਕ ਨਾ ਹੋਵੇ ਜੋ ਇਕ ਦੋ ਵਾਰੀ ਹੀ ਮੇਰੇ ਕੋਲ ਆਇਆ ਹੋਵੇ। ਮੈਂ ਉਸ ਵਿਅਕਤੀ ਨਾਲ ਚੰਗੇ ਸਬੰਧ ਚਾਹਾਂਗੀ ਜਿਸ ਤੋਂ ਮੈਂ ਗਰਭਵਤੀ ਹੋਵਾਂ। ਅਸੀਂ ਬੇਵਕੂਫ ਨਹੀਂ ਬਣ ਸਕਦੀਆਂ। ਕਈ ਲੋਕ ਤਾਂ ਪਿੱਛੇ ਹਟ ਜਾਂਦੇ ਨੇ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਏ ਕਿ ਇਹ ਉਨ੍ਹਾਂ ਦਾ ਬੱਚਾ ਏ। ਉਹ ਅਜਿਹੇ ਵਿਚਾਰ ਦਾ ਸਾਹਮਣਾ ਹੀ ਨਹੀਂ ਕਰ ਪਾਉਂਦੇ ਕਿ ਉਨ੍ਹਾਂ ਦੇ ਬੱਚੇ ਦਾ ਭਵਿੱਖ ਇਸ ਮੁਹੱਲੇ ਦਾ ਹੋਏਗਾ। ਜੇ ਬੰਦਾ ਪਿੱਛੇ ਹਟ ਜਾਂਦਾ ਏ ਤਾਂ ਫੇਰ ਸਾਨੂੰ ਅਪਣਾ ਇਲਾਜ ਦਾ ਖਰਚਾ ਪੱਲਿਉਂ ਕਰਨਾ ਪੈਂਦਾ ਏ, ਉਸ ਵਿਚੋਂ ਜੋ ਕੁਝ ਅਸੀਂ ਬਚਾਇਆ ਹੁੰਦਾ ਏ। ਸਾਡੀ ਤਰਜੀਹ ਬੰਦਾ ਹੁੰਦਾ ਏ-ਜਿਸਦਾ ਇਹ ਬੱਚਾ ਏ-ਕਿ ਉਹੀ ਖਰਚਾ ਬਰਦਾਸ਼ਤ ਕਰੇ, ਪਰ ਜੇ ਉਹ ਖਰਚਾ ਨਹੀਂ ਵੀ ਕਰਦਾ ਤਾਂ ਵੀ ਅਸੀਂ ਪੂਰੀ ਤਰ੍ਹਾਂ ਘਾਟੇ ਵਿਚ ਨਹੀਂ ਹੁੰਦੀਆਂ। ਅਸੀਂ ਇਲਾਜ ਦਾ ਖਰਚਾ ਕਰ ਲੈਂਦੀਆਂ ਹਾਂ ਤੇ ਬੱਚਾ ਸਾਨੂੰ ਮਿਲ ਜਾਂਦਾ ਏ। ਅਸੀਂ ਆਪਣੇ ਬੱਚੇ ਖੁਦ ਪਾਲਦੀਆਂ ਹਾਂ। ਕੁੜੀਆਂ ਹੋਣ ਤੇ ਅਸੀਂ ਬਹੁਤਾ ਖੁਸ਼ ਹੁੰਦੀਆਂ ਹਾਂ ਕਿਉਂਕਿ ਉਹ ਟੱਬਰ ਦੀ ਰਵਾਇਤ ਨੂੰ ਅੱਗੇ ਤੋਰਦੀਆਂ ਹਨ।

'ਕੀ ਤੂੰ ਕਦੀ ਕਿਸੇ ਗਾਹਕ ਨਾਲ ਭਾਵਨਾਤਮਕ ਤੌਰ ਤੇ ਵੀ ਜੁੜੀ ਏਂ?', ਮੈਂ ਪੁੱਛਿਆ।

'ਗਾਹਕ ਨੂੰ ਪਸੰਦ ਕਰਨਾ ਕਦੀ ਵੀ ਕੋਈ ਮੁੱਦਾ ਨਹੀਂ ਹੁੰਦਾ। ਅਸੀਂ ਤਾਂ ਜੋ ਪੈਸਾ ਬਣਦਾ ਏ ਉਸ ਵਿਚ ਦਿਲਚਸਪੀ ਰੱਖਦੀਆਂ ਹਾਂ। ਸਾਡੇ ਬੱਚੇ ਹਨ ਅਤੇ ਪਰਿਵਾਰ ਹਨ ਇਸ ਲਈ ਅਸੀਂ ਇਨ੍ਹਾਂ ਝੰਜਟਾਂ ਵਿਚ ਨਹੀਂ ਪੈਂਦੀਆਂ।'

ਉਹ ਗੱਲ ਕਰਦੀ ਕੁਝ ਦੇਰ ਰੁਕੀ ਤੇ ਫੇਰ ਹੱਸ ਪਈ, 'ਮੈਂ ਜਦ ਧੰਦਾ ਸ਼ੁਰੂ ਕੀਤਾ ਮੈਂ ਬਾਰਾਂ ਸਾਲ ਦੀ ਸੀ। ਹੁਣ ਮੈਂ ਛੱਬੀ ਸਾਲ ਦੀ ਹਾਂ। ਮੇਰੀ ਮਾਂ ਨੇ ਕਦੀ ਵੀ ਮੈਨੂੰ ਕੁਝ ਕਰਨ ਲਈ ਜਾਂ ਰੋਕਣ ਲਈ ਜ਼ੋਰ ਨਹੀਂ ਦਿੱਤਾ। ਮੇਰੀ ਭੈਣ ਤੇ ਮੇਰੀ ਮਾਂ ਉਦੋਂ ਹੀ ਮੈਨੂੰ ਟੋਕਦੀਆਂ ਹਨ ਜਦੋਂ ਮੈਂ ਕਿਸੇ ਇਕ ਗਾਹਕ ਵਿਚ ਹੀ ਬਹੁਤਾ ਉਲਝੀ ਹੋਈ ਲਗਦੀ ਹਾਂ। ਉਦੋਂ ਹੀ ਉਨ੍ਹਾਂ ਨੂੰ ਮੇਰੇ ਬਾਰੇ ਫਿਕਰ ਹੁੰਦੀ ਏ।', ਉਸਨੇ ਜਵਾਬ ਦਿੱਤਾ।

ਉਹ ਹੱਸ ਪਈ ਜਿਵੇਂ ਕਿ ਉਨ੍ਹਾਂ ਨੂੰ ਅਪਣਾ ਫਿਕਰ ਕਰਦੇ ਦੇਖ ਕੇ ਉਹਨੂੰ ਅਨੰਦ ਆਇਆ ਹੋਵੇ। ਉਹ ਅੱਗੇ ਬੋਲੀ, 'ਉਹ ਕਹਿਣਗੀਆਂ, ਜੇ ਮੂੰਹ ਕਾਲਾ ਹੀ ਕਰਵਾਉਣਾ ਏ ਤਾਂ ਬੰਦਾ ਤੇ ਕੋਈ ਖਰਚਾ ਚੁੱਕਣ ਵਾਲਾ ਹੋਵੇ। ਜਿਹਨੂੰ ਬਿਠਾਇਆ ਏ ਉਹ ਤੇ ਤੇਰੇ ਬੱਚਿਆਂ ਨੂੰ ਰੋਟੀ ਵੀ ਨਹੀਂ ਖੁਆ ਸਕਦਾ। ਜੇ ਇਸ ਕੰਮ ਵਿਚ ਪਈ ਏਂ ਤਾਂ ਆਪਣਾ ਕੁਝ ਬਣਾ। ਮੈਂ ਉਹਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਮੈਂ ਵੀ ਸੋਚਦੀ ਹਾਂ ਕਿ ਤਰਜੀਹ ਤਾਂ ਇਕ ਮਕਾਨ ਦਾ ਹੋਣਾ,

ਕੁਝ ਬੱਚਤ ਅਤੇ ਮਾਇਕ ਸੁਰੱਖਿਆ ਦੀ ਹੀ ਏ। ਫੇਰ ਤੁਸੀਂ ਜਿਸ ਨਾਲ ਚਾਹੋ ਵਿਆਹ ਕਰਵਾ ਸਕਦੀਆਂ ਹੋ ਪਰ ਜਦੋਂ ਤੁਹਾਡਾ ਭਵਿੱਖ ਸੁਰੱਖਿਅਤ ਹੋ ਜਾਵੇ। ਸਾਡਾ ਜੀਵਨ ਇਕ ਵਿਆਹੀ ਔਰਤ ਵਾਂਗ ਅਸੁਰੱਖਿਅਤ ਨਹੀਂ ਚਾਹੀਦਾ ਜਿੱਥੇ ਉਹ ਦਸ-ਵੀਹ ਸਾਲ ਬਾਦ ਵੀ ਲੱਤ ਮਾਰ ਕੇ ਘਰੋਂ ਕੱਢ ਦਿੱਤੀ ਜਾਂਦੀ ਏ।

ਮੈਂ ਮੁਸਕਰਾਈ ਅਤੇ ਮੈਨੂੰ ਉਹ ਟਿੱਪਣੀਆ ਯਾਦ ਆ ਗਈਆਂ ਜੋ ਸ਼ਾਦੀ ਸ਼ੁਦਾ ਔਰਤਾਂ ਰੰਡੀਆਂ ਨੂੰ ਨਿੰਦਣ ਵੇਲੇ ਕਰਦੀਆਂ ਨੇ ਅਤੇ ਇਹ ਸੁਣ ਕੇ ਬੜਾ ਅਨੰਦ ਆਇਆ ਕਿ ਨਰਗਿਸ ਦੀ ਸੋਚ ਸ਼ਾਦੀ ਸ਼ੁਦਾ ਔਰਤਾਂ ਬਾਰੇ ਕੀ ਸੀ। ਮੈਂ ਪੁੱਛਿਆ ਕਿ ਉਹਨੇ ਵੀ ਕਦੀ ਸ਼ਾਦੀ ਕਰਨ ਦੀ ਇੱਛਾ ਪਾਲੀ ਸੀ।

ਉਹਨੇ ਦੋਵੇਂ ਹੱਥ ਅਪਣੇ ਕੰਨਾਂ ਨੂੰ ਲਾਏ ਅਤੇ ਜੀਭ ਇੰਝ ਬਾਹਰ ਕੱਢੀ ਜਿਵੇਂ ਕਹਿ ਰਹੀ ਹੋਵੇ। 'ਅੱਲਾ ਨਾ ਕਰੇ। ਨਿਕਾਹ ਕਰਵਾਉਣ ਦਾ ਆਖਰ ਫਾਇਦਾ ਹੀ ਕੀ ਏ। ਖਸਮ ਮਾਰਦਾ-ਕੁੱਟਦਾ ਏ ਤੇ ਤੰਗ ਕਰਦਾ ਏ। ਕੀ ਫਾਇਦਾ ਏ? ਮੇਰੀਆਂ ਦੋ ਸਹੇਲੀਆਂ ਵਿਆਹੀਆਂ ਗਈਆਂ ਸਨ। ਉਹ ਸਖਤ ਮੇਹਨਤ ਕਰਦੀਆਂ ਨੇ, ਘਰ ਦਾ ਸਾਰਾ ਕੰਮ ਕਰਦੀਆਂ ਨੇ ਤੇ ਫੇਰ ਉਨ੍ਹਾਂ ਨੂੰ ਖਸਮਾਂ ਦੀਆਂ ਗਾਲਾਂ ਵੀ ਖਾਣੀਆਂ ਪੈਂਦੀਆਂ ਨੇ। ਉਨ੍ਹਾਂ ਦੇ ਸਹੁਰੇ ਉਨ੍ਹਾਂ ਨਾਲ ਗੰਦ ਵਾਂਗੂ ਵਿਹਾਰ ਕਰਦੇ ਨੇ। ਆਖਰ ਉਨ੍ਹਾਂ ਨੇ ਵੀ ਆਪਣੀਆਂ ਕੁੜੀਆਂ ਖੋਹੀਆਂ ਤੇ ਉਨ੍ਹਾਂ ਨੂੰ ਵਾਪਸ ਮੁਹੱਲੇ ਵਿਚ ਭੇਜ ਦਿੱਤਾ, ਇਹ ਕਹਿਕੇ ਕੇ ਕਿ ਉਹ ਕੰਜਰ ਹਨ ਅਤੇ ਉਹ ਕੰਜਰਾਂ ਨਾਲ ਹੀ ਰਹਿਣ ਦੇ ਕਾਬਲ ਹਨ। ਇਸ ਤਰ੍ਹਾਂ ਦੇ ਦੁੱਖ ਸਹੇੜਨ ਦਾ ਕੀ ਫਾਇਦਾ ਏ ਆਖਰ? ਮੈਂ ਇਸ ਤਰ੍ਹਾਂ ਦੇ ਘੜਮੱਸ ਵਿਚ ਕਦੀ ਨਹੀਂ ਪੈ ਸਕਦੀ। ਮੈਂ ਸਖਤ ਮੇਹਨਤ ਕਰਦੀ ਹਾਂ ਅਤੇ ਇਮਾਨਦਾਰੀ ਨਾਲ ਆਪਣੇ ਬੱਚਿਆਂ ਲਈ ਖੁਦ ਰੋਟੀ ਕਮਾਉਣਾ ਚਾਹੁੰਦੀ ਹਾਂ।'

ਆਪਣੀ ਕੋਸ਼ਿਸ਼ ਦੇ ਬਾਵਜੂਦ ਵੀ ਨਰਗਿਸ ਨਾਂ ਤਾਂ ਮਕਾਨ ਬਣਾ ਸਕੀ ਅਤੇ ਨਾਂ ਹੀ ਬਹੁਤੀ ਬੱਚਤ ਕਰ ਸਕੀ। ਉਸਦੀ ਆਮਦਨ ਨਾਲ ਉਹਦਾ ਅਤੇ ਬੱਚਿਆਂ ਦਾ ਗੁਜ਼ਾਰਾ ਮਸਾਂ ਹੀ ਚੱਲਦਾ ਸੀ। 'ਬੱਚਿਆਂ ਦੀ ਮੇਰੀ ਇਛਾ ਸੀ', ਉਹਨੇ ਕਿਹਾ, 'ਬਹੁਤੀ ਸ਼ੁਰੱਖਿਆ ਨਾ ਹੋਣ ਦੀ ਮੈਨੂੰ ਚਿੰਤਾ ਨਹੀਂ। ਮੈਂ ਅਜੇ ਵੀ ਸਮਝਦੀ ਹਾਂ ਕਿ ਮੇਰੀ ਜ਼ਿੰਦਗੀ ਉਨ੍ਹਾਂ ਸ਼ਾਦੀਸ਼ੁਦਾ ਔਰਤਾਂ ਨਾਲੋਂ ਚੰਗੀ ਏ ਜੋ ਗੁਲਾਮ ਹਨ ਅਤੇ ਆਪਣੇ ਬੱਚਿਆਂ ਲਈ ਖੁਦ ਰੋਟੀ ਤੱਕ ਵੀ ਨਹੀਂ ਜੁਟਾ ਸਕਦੀਆਂ। ਅਜਿਹੇ ਮਾੜੇ ਸਮਿਆਂ ਵਿਚ ਮੇਰੇ ਲਈ ਤਾਂ ਸਖਤ ਮੇਹਨਤ ਕਰਕੇ ਆਪਣੇ ਬੱਚਿਆਂ ਲਈ ਰੋਟੀ ਜੁਟਾ ਲੈਣਾ ਹੀ ਕਾਫੀ ਏ। ਉੱਤੋਂ ਹਕੂਮਤ ਨੂੰ ਵੀ ਸ਼ਰਮ ਨਹੀਂ ਆਂਦੀ, ਹਰ ਚੀਜ਼ ਦੇ ਰੇਟ ਵਧਾਈ ਜਾਂਦੀ ਏ। ਸਾਡੇ ਵਰਗਾ ਗਰੀਬ ਕਿਸ ਤਰ੍ਹਾਂ ਬੱਚੇ ਪਾਲੇ?'

## ਟਿੱਪਣੀਆਂ

### ਪਾਕੀਜ਼ਾ ਬੇਗਮ, ਇਕ ਘਰੇਲੂ ਔਰਤ

ਇਕ ਘਰੇਲੂ ਔਰਤ ਨੇ, ਜੋ ਇਸ ਮੁੱਦੇ ਬਾਰੇ ਖੁਲ ਕੇ ਬੋਲਦੀ ਸੀ, ਮੈਨੂੰ ਦੱਸਿਆ, 'ਪਹਿਲਾਂ ਜੋ ਕੁਝ ਵੀ ਮੈਂ ਰੰਡੀਗਿਰੀ ਬਾਰੇ ਜਾਣਦੀ ਸੀ ਉਹ ਫਿਲਮਾ ਤੋਂ ਹੀ ਸੀ। ਮੈਂ ਸੋਚਦੀ ਸੀ ਕਿ ਔਰਤ ਇਸ ਤੋਂ ਮਾੜਾ ਕੁਝ ਹੋਰ ਨਹੀਂ ਕਰ ਸਕਦੀ ਸੀ। ਪਰ ਫਿਲਮਾਂ ਵਿਚ ਕਈ ਵਾਰੀ ਉਸਨੂੰ ਇਕ ਸ਼ਿਕਾਰ ਦੇ ਤੌਰ ਤੇ ਦਿਖਾਇਆ ਜਾਂਦਾ ਸੀ। ਉਹ ਨਾਇਕ ਨਾਲ ਪਿਆਰ ਕਰ ਬੈਠਦੀ ਅਤੇ ਬਾਦ ਵਿਚ ਉਸ ਵਾਸਤੇ ਮਰ ਜਾਂਦੀ.........ਇਸ ਤਰਾਂ ਦੀ ਬਕਬਾਸ! ਪਰ ਹੁਣ ਮੈਨੂੰ ਕੁਝ ਵਧੇਰੇ ਪਤਾ ਏ। ਸਾਡੇ ਗਵਾਂਢ ਵਿਚ ਇਕ ਤੀਵੀਂ ਇਥੇ ਹੀ ਵਹਾਦਤ ਕਲੋਨੀ ਵਿਚ ਉਸ ਇਲਾਕੇ ਵਿਚੋਂ ਆਈ ਏ। ਉਹਦੇ ਗਾਹਕ ਨੇ ਉਹਦੇ ਨਾਲ ਨਿਕਾਹ ਕਰ ਲਿਆ। ਹੁਣ ਉਹਦੇ ਤਿੰਨ ਜਵਾਕ ਨੇ। ਵੱਡਾ ਬਾਰਾਂ ਸਾਲ ਦਾ ਏ। ਉਹ ਦੋ ਸਾਲ ਪਹਿਲਾਂ ਇੱਥੇ ਆਏ ਨੇ। ਮੈਂ ਉਹਦੇ ਘਰ ਬਿਲਕੁਲ ਨਹੀਂ ਜਾਂਦੀ। ਕਲੋਨੀ ਦੀਆਂ ਹੋਰ ਤੀਵੀਆਂ ਜਗਿਆਸਾ ਕਰਕੇ ਉੱਥੇ ਚਲੀਆਂ ਜਾਂਦੀਆ ਨੇ ਅਤੇ ਜਦੋਂ ਉਹ ਦੋ ਸਾਲ ਅਤੇ ਜਦੋਂ ਉਹ ਮੁੜ ਕੇ ਆਉਂਦੀਆ ਨੇ ਤਾਂ ਚੁਗਲੀਆਂ ਕਰਦੀਆਂ ਨੇ। ਉਹ ਜਿਸ ਹਾਵ-ਭਾਵ ਨਾਲ ਮਟਕਦੀ ਏ, ਜਿਵੇਂ ਗੱਲਾਂ ਕਰਦੀ ਏ, ਉਹ ਸਭ ਕੁਝ ਧਿਆਨ ਨਾਲ ਦੇਖਦੀਆਂ ਨੇ ਤੇ ਫੇਰ ਉਸ ਦਾ ਮਜਾਕ ਉਡਾਉਂਦੀਆਂ ਨੇ।

'ਕੀ ਉਹ ਤੁਹਾਡੇ ਸਾਰਿਆਂ ਨਾਲੋਂ ਵੱਖਰੇ ਢੰਗ ਨਾਲ ਬੋਲਦੀ ਏ?' ਮੈਂ ਪੁੱਛਿਆ।

'ਦਰਅਸਲ, ਮੇਰਾ ਖਿਆਲ ਨਹੀਂ ਕਿ ਉਹ ਇੰਝ ਕਰਦੀ ਏ। ਉਹ ਸਾਡੇ ਵਾਂਗ ਹੀ ਪੰਜਾਬੀ ਏ ਪਰ ਇਹ ਤੀਵੀਆਂ ਆਨੰਦ ਲੈਣ ਲਈ ਨਿੱਕੀਆਂ-ਮੋਟੀਆਂ ਨਘੋਚਾਂ ਕੱਢ ਹੀ ਲੈਂਦੀਆਂ ਨੇ। ਮੈਂ ਤਾਂ ਸੋਚਦੀ ਹਾਂ ਕਿ ਅਜਿਹੀ ਔਰਤ ਦਾ ਤਾਂ ਹੁੱਕਾ-ਪਾਣੀ ਹੀ ਛੇਕ ਦੇਣ ਚਾਹੀਦਾ ਏ। ਮੈਂ ਤਾਂ ਸਗੋਂ ਪਾਕ ਦਿਨਾਂ ਵਿਚ ਕੂੰਡੇ ਲਈ ਵੀ ਉਸ ਦੇ ਘਰ ਨਹੀਂ ਜਾਂਦੀ। ਮੈਂ ਉਹਦੇ ਘਰ ਦਾ ਕੁਝ ਖਾਣਾ ਹੀ ਨਹੀਂ ਚਾਹੁੰਦੀ।

'ਤੂੰ ਕੀ ਸੋਚਦੀ ਏਂ ਕਿ ਉਹਨੇ ਕੋਠਾ ਛੱਡਕੇ ਨਿਕਾਹ ਕਿਉਂ ਕਰਵਾ ਲਿਆ?' ਮੈਂ ਪੁੱਛਿਆ।

ਉਹ ਬੋਲੀ, ' ਹੋ ਸਕਦਾ ਏ ਕਿ ਉਹ ਇਸ ਨਾਲ ਫਸ ਗਈ ਹੋਵੇ।'

'ਫੇਰ ਤੂੰ ਇਹ ਦੇ ਬਾਰੇ ਕੀ ਸੋਚਦੀ ਏ ਕਿ ਉਹ ਐਨੀ ਦੇਰ ਤੋਂ ਉਹਦੇ ਕੋਲ ਕਿਉਂ ਟਿਕੀ ਹੋਈ ਏ? ਮੈਂ ਪੁੱਛਿਆ।

'ਹੋ ਸਕਦਾ ਏ ਜਵਾਕਾਂ ਕਰਕੇ, ਪਰ ਮੈਨੂੰ ਇਹ ਦੱਸਣ ਦੀ ਕੋਸ਼ਿਸ਼ ਨਾ ਕਰ ਕਿ ਉਹ ਕੋਈ ਚੰਗੀ ਤੀਵੀ ਏ। ਮੈਂ ਸੁਣਿਆ ਏ ਕਿ ਉਹ ਕਦੀ-ਕਦਾਈਂ ਆਪਣੇ ਘਰ ਦਿਆਂ ਕੋਲ ਵੀ ਫੇਰਾ ਮਾਰ ਆਉਂਦੀ ਏ, ਉਸੇ ਮੁਹੱਲੇ ਵਿਚ ਅਤੇ ਆਪਣੀਆਂ ਭਾਣਜੀਆਂ ਦਾ ਮੁਜਰਾ ਦੇਖਦੀ ਰਹਿੰਦੀ ਏ। ਉਹ ਉਸ ਨੂੰ ਉੱਥੇ ਦੀ ਪ੍ਰਬੰਧਕ ਦੇ ਤੌਰ ਤੇ ਕੁਝ ਪੈਸੇ ਵੀ ਦੇ ਦਿੰਦੇ ਨੇ।

'ਤਾਂ ਫੇਰ ਉਹ ਅਜੇ ਵੀ ਉੱਥੇ ਕੰਮ ਕਰਦੀ ਏ!'

'ਮੇਰਾ ਖਿਆਲ ਤਾਂ ਨਹੀਂ। ਉਹ ਖਾਸੀ ਉਮਰ ਦੀ ਏ ਤੇ ਉਹਦਾ ਜਿਸਮ ਵੀ ਅਜਿਹਾ ਨਹੀਂ ਕਿ ਕਿਸੇ ਨੂੰ ਉਸ ਵਿਚ ਕੋਈ ਦਿਲਚਸਪੀ ਹੋਵੇ।' ਉਹ ਹੱਸ ਪਈ ਅਤੇ ਆਪਣਾ ਮੂੰਹ ਦੁਪੱਟੇ ਵਿਚ ਲੁਕੋ ਲਿਆ ਇਸ ਤੇ ਸ਼ਰਮ ਕਰਕੇ ਕਿ ਉਹ ਕੀ ਆਖ ਗਈ ਸੀ। 'ਪਰ ਉਹ ਜਾਂਦੀ ਜ਼ਰੂਰ ਏ ਕਦੇ ਕਦੇ। ਹੋਰ ਤੀਵੀਆਂ ਨੇ ਮੈਨੂੰ ਦੱਸਿਆ ਏ ਕਿ ਉਹ ਸਿਰਫ ਕੁਝ ਦੇਰ ਆਪਣੀ ਭੈਣ ਕੋਲ ਬਹਿੰਦੀ ਏ ਅਤੇ ਸ਼ਾਮ ਦੀ ਕਮਾਈ ਵਿਚੋਂ ਕੁਝ ਪੈਸੇ ਲੈ ਆਉਂਦੀ ਏ। ਖੁਦਾ ਜਾਣੇ ਉਹ ਕੀ ਕਰਦੀ ਏ, ਪਰ ਮੈਂ

ਆਪਣਾ ਧਰਮ ਨਹੀਂ ਖਰਾਬ ਕਰਨਾ ਚਾਹੁੰਦੀ ਇਸ ਲਈ ਮੈ ਅਜਿਹੀ ਭੈੜੀ ਤੀਵੀਂ ਤੋਂ ਦੂਰ ਹੀ ਰਹਿੰਦੀ ਹਾਂ।'

ਬਾਦ ਵਿਚ ਮੈਂ ਉਸ ਤੀਵੀ ਨੂੰ ਵੀ ਮਿਲੀ ਜਿਸ ਨੇ ਆਪਣੇ ਗਾਹਕ ਨਾਲ ਨਿਕਾਹ ਕਰਵਾਉਣ ਲਈ ਮੁਹੱਲਾ ਛੱਡ ਦਿੱਤਾ ਸੀ ਅਤੇ ਉਸ ਦੇ ਘਰ ਵੀ ਜਾਂਦੀ ਰਹੀ। ਉਹਨੇ ਦੱਸਿਆ ਕਿ ਸ਼ੁਰੂ ਵਿਚ ਤਾਂ ਉਹ ਨੂੰ ਬਹੁਤ ਸਮਸਿਆਵਾਂ ਭੁਗਤਣੀਆਂ ਪਈਆਂ ਸਨ। ਉਹਨੇ ਆਪਣਾ ਪਿਛੋਕੜ ਛੁਪਾਉਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਜਦੋ ਵੀ ਨੇੜੇ ਰਹਿਣ ਵਾਲੇ ਉਹ ਨੂੰ ਬਾਹਰ ਦੇਖਦੇ ਤਾਂ ਮਜ਼ਾਕ ਉਡਾਉਣ ਲੱਗ ਪੈਂਦੇ। ਉਹ ਨੇ ਦੱਸਿਆ ਕਿ ਉਸ ਉਮਰ ਵਿਚ ਉਹਦੇ ਵਿਚ ਸਵੈ-ਭਰੋਸੇ ਦੀ ਕਮੀ ਸੀ ਇਸ ਲਈ ਜਦੋਂ ਕੋਈ ਗਵਾਂਢੀ ਉਸ ਦੇ ਪਿਛੋਕੜ ਬਾਰੇ ਕੁਰੇਦਦਾ ਤਾਂ ਉਹ ਨੂੰ ਬੜਾ ਭੱਦਾ ਲਗਦਾ ਤੇ ਉਹ ਰੋਣ ਲੱਗ ਪੈਂਦੀ ਸੀ। ਪਰ ਹੁਣ ਗੱਲ ਹੋਰ ਸੀ। ਉਹਨੇ ਕਿਹਾ, ''ਮੈਂ ਹੁਣ ਕਿਸੇ ਦੀ ਕੋਈ ਪ੍ਰਵਾਹ ਨਹੀਂ ਕਰਦੀ। ਮੈਂ ਆਪਣੇ ਘਰੇ ਖੁਸ਼ ਹਾਂ ਅਤੇ ਮੈਂ ਸਮਝ ਗਈ ਹਾਂ ਕਿ ਜੇ ਮੈਂ ਕੋਈ ਪ੍ਰਵਾਹ ਨਾ ਕਰਾਂ ਤਾਂ ਹੋਰ ਵੀ ਉਸ ਗੱਲ ਦੇ ਪਿੱਛੇ ਪੈਣੋਂ ਹਟ ਜਾਂਦੇ ਨੇ। ਜਿਹੜੀਆਂ ਨਹੀਂ ਚਾਹੁੰਦੀਆਂ ਉਹ ਪੈਣ ਢੱਠੇ ਖੂਹ ਵਿਚ। ਮੈਂ ਬਾਜ਼ਾਰ ਛੱਡ ਕੇ ਉਨ੍ਹਾਂ ਦੇ ਸਮਾਜ ਵਿਚ ਰਲਣ ਆਈ ਹਾਂ।' ਜੇ ਉਨ੍ਹਾਂ ਕਹਿਣਾ ਹੀ ਏ ਤਾਂ ਉਨਾਂ ਕੁੜੀਆਂ ਨੂੰ ਕਹਿਣ ਜਿਹੜੀਆਂ ਉਨਾਂ ਦੇ ਘਰੀ ਜੰਮ ਕੇ ਸੜਕਾਂ ਤੇ ਖੇਹ ਖਾਂਦੀਆਂ ਫਿਰਦੀਆਂ ਨੇ, ਵਾਧੂ ਪੈਸੇ ਕਮਾਉਣ ਲਈ ਅਲਾਮਾ ਇਕਬਾਲ ਟਾਊਨ ਅਤੇ ਗ੍ਰੀਨ ਟਾਊਨ ਵਿਚ ਇਹੀ ਧੰਦਾ ਲੁਕ-ਛਿਪ ਕੇ ਕਰਦੀਆਂ ਫਿਰਦੀਆਂ ਨੇ।'

ਪਹਿਲਾਂ ਤਾਂ ਉਹਨੇ ਮੁਹੱਲੇ ਵਿਚਲੇ ਆਪਣੇ ਰਿਸ਼ਤੇਦਾਰਾਂ ਨਾਲ ਸਾਰੀ ਸਾਕ-ਸਕੀਰੀ ਤੋੜ ਲਈ ਸੀ। ਪਰ ਜਦੋਂ ਉਸ ਵਿਚ ਸਵੈ-ਭਰੋਸਾ ਵਧਿਆਂ ਤਾਂ ਉਹ ਕਦੀ-ਕਦਾਈ ਆਪਣੇ ਪਰਿਵਾਰ ਕੋਲ ਜਾਣ ਲੱਗ ਪਈ। ਕੁਝ ਲੋਕ ਇਸ ਦਾ ਮਤਲਬ ਇਹ ਕੱਢਦੇ ਨੇ ਕਿ ਉਹ ਮੁੜ ਧੰਦੇ ਵਿਚ ਪੈਣਾ ਚਾਹੁੰਦੀ ਏ।

# ਬਿੱਖਰੇ ਸੁਪਨੇ

ਸ਼ਾਲੋ ਕਰੀਬ ਉੱਨੀ ਸਾਲ ਦੀ ਏ ਅਤੇ ਉਹ ਚੌਦਾ ਸਾਲ ਦੀ ਉਮਰ ਤੋਂ ਇਸ ਧੰਦੇ ਵਿਚ ਏ ਜਦੋਂ ਉਸਨੂੰ ਪਹਿਲਾ ਗਾਹਕ ਮਿਲਿਆ ਸੀ। ਉਹਦੀਆਂ ਦੋ ਵੱਡੀਆਂ ਭੈਣਾ ਨੇ ਇਸ ਲਈ ਉਹ ਇਸ ਧੰਦੇ ਤੋਂ ਚੰਗੀ ਤਰ੍ਹਾਂ ਵਾਕਫ ਏ। ਬੱਚੇ ਦੇ ਤੌਰ ਤੇ ਉਹ ਆਪਣੀ ਵੱਡੀ ਭੈਣ ਦੇ ਨਾਲ ਲੱਗੀ ਰਹਿੰਦੀ ਸੀ ਅਤੇ ਦੇਖਦੀ ਰਹਿੰਦੀ ਸੀ ਕਿ ਉਹ ਕਿਸ ਤਰ੍ਹਾਂ, ਗਾਹਕਾਂ ਤੋਂ ਪੈਸੇ ਕਢਵਾਉਂਦੀ ਏ। ਸ਼ਾਲੋ ਨੂੰ ਆਪਣੀਆਂ ਦੋਹਾਂ ਭੈਣਾਂ ਤੇ ਬੜਾ ਮਾਣ ਏ, ਖਾਸ ਕਰਕੇ ਵੱਡੀ ਤੇ, ਜੋ ਕਿ ਉਸ ਦਾ ਆਦਰਸ਼ ਏ। ਉਹ ਦਾ ਟੱਬਰ ਸ਼ਾਲੋ ਨੂੰ ਖ਼ੂਬਸੂਰਤ ਨਹੀਂ ਗਿਣਦਾ, ਉਹਦੇ ਨੈਣ-ਨਕਸ਼ ਤਿੱਖੇ ਨੇ ਪਰ ਰੰਗ ਦੀ ਕਾਲੀ ਏ। ਸੁੰਦਰਤਾ ਦਾ ਮਿਆਰ ਗੋਰੇ ਰੰਗ ਨੂੰ ਸਮਝਿਆ ਜਾਂਦਾ ਏ। ਪਰ ਮੈਨੂੰ ਸ਼ਾਲੋ ਚੰਗੀ ਲੱਗੀ ਉਸ ਦੀਆਂ ਅੱਖਾਂ ਵਿਚ ਬੁੱਧੀਮਾਨੀ ਦੀ ਚਮਕ ਸੀ। ਮੁਟਿਆਰ ਹੁੰਦੀ ਨੇ ਉਹਨੇ ਖ਼ੁਦ ਨੂੰ ਸਿਖਾਇਆ ਸੀ ਕਿ ਭਾਵੇਂ ਉਹ ਕਾਲੀ ਏ ਪਰ ਉਹ ਆਪਣੇ ਧੰਦੇ ਨੂੰ ਖ਼ੂਬ ਚਮਕਾਏਗੀ। ਉਹ ਸਮਝਦੀ ਸੀ ਕਿ ਸਖ਼ਤ ਮੇਹਨਤ ਕਰਕੇ ਉਹ ਮੁਹੱਲੇ ਦੀਆਂ ਆਪਣੀਆਂ ਸਾਥਣਾਂ ਨੂੰ ਵਿਖਾ ਦੇਵੇਗੀ ਕਿ ਸਿਰਫ ਸ਼ਕਲ ਚੰਗੀ ਹੋਣਾ ਹੀ ਸਭ ਕੁਝ ਨਹੀਂ। ਉਹਨੇ ਸੰਗੀਤ ਦਾ ਸਬਕ ਬੜੀ ਮੇਹਨਤ ਨਾਲ ਸਿੱਖਿਆ ਅਤੇ ਆਪਣੀਆਂ ਸਾਥਣਾਂ ਵਿਚੋਂ ਕੁਝ ਵਿਚੋਂ ਸੀ ਜੋ ਆਪਣੇ ਉਸਤਾਦ ਦਾ ਪੂਰਾ ਆਦਰ ਕਰਦੀਆਂ ਸਨ ਅਤੇ ਗਾਉਣ ਦਾ ਲਗਾਤਾਰ ਅਭਿਆਸ ਕਰਦੀਆਂ ਸਨ।

ਮੁਹੱਲੇ ਦੀ ਹਰੇਕ ਨਾਚੀ ਵਾਂਗ ਸ਼ਾਲੋ ਵੀ ਫਿਲਮਾਂ ਦੀ ਵੱਡੀ ਸਟਾਰ ਬਣਨਾ ਚਾਹੁੰਦੀ ਸੀ। ਉਹਦੀ ਵੱਡੀ ਭੈਣ ਨੂੰ ਫਿਲਮਾਂ ਵਿਚ ਕੁਝ ਕੰਮ ਮਿਲਿਆ ਸੀ ਪਰ ਬਹੁਤਾ ਚੰਗਾ ਨਹੀਂ। ਉਹਦਾ ਟੱਬਰ ਸ਼ਾਹਨੂਰ ਸਟੂਡਿਉ ਵਿਚ ਕਿਸੇ ਨੂੰ ਜਾਣਦਾ ਸੀ ਜਿਸਨੇ ਨਾਚ ਦੇ ਸੀਨਾਂ ਲਈ ਉਹ ਦੀ ਭੈਣ ਨੂੰ ਭਾੜੇ ਤੇ ਲਿਆ ਸੀ ਜਿੱਥੇ ਹੀਰੋਇਨ ਨਾਲ ਨਾਚ ਕਰਨ ਲਈ ਕਾਫੀ ਸਾਰੀਆਂ ਕੁੜੀਆਂ ਦੀ ਲੋੜੀ ਸੀ। ਸ਼ਾਲੋ ਨੇ ਆਪਣੀ ਭੈਣ ਦੀਆਂ ਸਾਰੀਆਂ ਫਿਲਮਾਂ ਦੇਖੀਆਂ। ਉਹਦੀ ਇਕ ਦੂਰ ਦੀ ਭੈਣ ਵੀ ਸੀ ਜੋ ਫਿਲਮਾਂ ਵਿਚ ਥੋੜਾ ਵੱਧ ਕਾਮਯਾਬ ਸੀ। ਉਹਦਾ ਨਾਂ ਤਾਂ ਬਹੁਤਾ ਨਹੀਂ ਸੀ ਪਰ ਉਹਨੇ ਇਕੱਲੀ ਨੇ ਕੁਝ ਨਾਚ ਕੀਤੇ ਸਨ, ਫਿਲਮਾਂ ਵਿਚ ਇਸ ਤਰ੍ਹਾਂ ਦੇ ਖੱਪੇ ਪੂਰੇ ਕਰਨ ਲਈ ਜਿਵੇਂ ਕਿ ਹੀਰੋ ਅਪਣਾ ਟੁੱਟਿਆ ਦਿਲ ਲੈ ਕੇ ਕਿਸੇ ਨਾਈਟ ਕਲੱਬ ਵਿਚ ਜਾਂਦਾ ਏ ਤੇ ਨਾਚ ਦੇਖਦਾ ਏ। ਸ਼ਾਲੋ ਨੇ ਉਹ ਦੀਆਂ ਵੀ ਸਾਰੀਆਂ ਫਿਲਮਾਂ ਦੇਖੀਆਂ ਸਨ। ਕਈ ਵਾਰੀ ਉਹ ਆਪਣੀ ਭੈਣ ਨਾਲ ਸਟੂਡੀਉ ਵੀ ਚਲੀ ਜਾਂਦੀ ਸੀ। ਪਰ ਉਸ ਨੂੰ ਇਹ ਪਸੰਦ ਨਹੀਂ ਆਉਂਦਾ ਸੀ ਕਿ ਡਾਂਸ ਡਾਇਰੈਕਟਰ ਅਤੇ ਫਿਲਮ ਦਾ ਡਾਇਰੈਕਟਰ ਜਿਵੇਂ ਉਸ ਦੀ ਭੈਣ ਅਤੇ ਹੋਰ ਔਰਤਾਂ ਨਾਲ ਵਿਹਾਰ ਕਰਦੇ ਸਨ। ਉਹਨੇ ਗੁੱਸੇ ਨਾਲ ਸੋਚਿਆ ਸੀ ਕਿ ਜਦੋਂ ਉਹ ਵੱਡੀ ਸਟਾਰ ਬਣ ਜਾਏਗੀ ਤਾਂ ਉਹ ਉਨ੍ਹਾਂ ਨੂੰ ਸਬਕ ਸਿਖਾਏਗੀ ਕਿ ਕਲਾਕਾਰ ਦੀ ਇੱਜਤ ਕਿਵੇਂ ਕਰਨੀ ਬਣਦੀ ਏ। ਉਹਨੂੰ ਪਤਾ ਸੀ ਕਿ ਸਖ਼ਤ ਮੇਹਨਤ ਦੇ ਨਾਲ-ਨਾਲ ਫਿਲਮਾਂ ਵਿਚ ਕੰਮ ਮਿਲਣ ਲਈ ਕਿਸਮਤ ਵੀ ਚੰਗੀ ਹੋਣੀ ਚਾਹੀਦੀ ਏ। ਇਹ ਐਕਟਰੈੱਸਾਂ ਵੀ ਇਸੇ ਵਰਗੀਆਂ ਹੀ ਸਨ, ਉਹ

ਮਹਿਸੂਸ ਕਰਦੀ ਸੀ। ਭਾਵੇਂ ਉਹ ਉੰਨੀ ਖੂਬਸੂਰਤ ਨਹੀਂ ਸੀ ਪਰ ਉਹ ਸਮਝਦੀ ਸੀ ਕਿ ਉਹ ਵੀ ਚੰਗੀ ਲੱਗੀ ਸਕਦੀ ਏ।

ਦਸ ਸਾਲ ਦੀ ਉਮਰ ਤੱਕ ਉਹ ਭੈਣ ਵਾਲਾ ਮੇਕਅੱਪ ਅਪਣੇ ਕਰਨ ਵਿਚ ਘੱਟਿਆਂ ਬੱਧੀ ਲੱਗੀ ਰਹਿੰਦੀ ਅਤੇ ਆਪਣੀ ਝਲਕ ਸ਼ੀਸ਼ੇ ਵਿਚ ਦੇਖਦੀ ਰਹਿੰਦੀ। ਉਹਦੀ ਮਾਂ ਨੂੰ ਉਹਦਾ ਮੇਕਅੱਪ ਕਰਨਾ ਪਸੰਦ ਨਹੀਂ ਸੀ ਪਰ ਉਹਦੀ ਵੱਡੀ ਭੈਣ ਉਹਨੂੰ ਹੱਲਾਸ਼ੇਰੀ ਦਿੰਦੀ ਰਹਿੰਦੀ। ਉਹ ਕਈ ਵਾਰੀ ਆਪਣੀ ਭੈਣ ਦੇ ਗਾਹਕਾਂ ਨੂੰ ਮਨਾਂ ਲੈਂਦੀ ਕਿ ਉਹ ਉਸ ਲਈ ਵੀ ਸੌਗਾਤ ਖਰੀਦ ਕੇ ਦੇਣ। ਉਹਦੀ ਵੱਡੀ ਭੈਣ ਸਮਝਦੀ ਸੀ ਕਿ ਸ਼ਾਲੋ ਦੀ ਇਹ ਅਦਾ ਕਾਫੀ ਚੰਗੀ ਸੀ ਖਾਸ ਕਰਕੇ ਇਕ ਬੱਚਾ ਹੁੰਦੇ ਹੋਏ। ਬਸੰਤ ਨੂੰ ਉਹ ਬੜੇ ਚਮਕਦਾਰ ਲੀੜੇ ਪਾਉਂਦੀ, ਖਾਸਾ ਮੇਕਅੱਪ ਕਰਦੀ ਅਤੇ ਆਪਣੀਆਂ ਸਹੇਲੀਆਂ ਨਾਲ ਮੁਹੱਲੇ ਵਿਚ ਘੁੰਮਦੀ। ਅਜਿਹੇ ਤਿਉਹਾਰਾਂ ਸਮੇਂ ਉਹ ਦੀ ਮਾਂ ਉਹਨੂੰ ਮੇਕ ਅੱਪ ਕਰਨ ਤੋਂ ਨਹੀਂ ਰੋਕਦੀ ਸੀ। ਸ਼ਾਲੋ ਬਸੰਤ ਵੇਲੇ ਐਕਟਰੈੱਸਾਂ ਨੂੰ ਮੁਹੱਲੇ ਵਿਚ ਅਪਣੇ ਘਰ ਆਉਂਦੇ ਦੇਖਦੀ। ਇਸ ਮੌਕੇ ਤੇ ਸਮਾਂ ਲੰਘਾਉਣ ਲਈ ਉਹ ਐਕਟਰੈੱਸਾਂ ਨੂੰ ਦੇਖਣਾ ਬੜਾ ਪਸੰਦ ਕਰਦੀ ਸੀ। ਉਹ ਵੀ ਉਨ੍ਹਾਂ ਵਰਗੀ ਸਟਾਰ ਬਣਨ ਦਾ ਸੁਪਨਾ ਸੰਜੋਂਦੀ ਸੀ।

ਜਦੋਂ ਉਹਨੂੰ ਅਪਣਾ ਪਹਿਲਾ ਗਾਹਕ ਮਿਲਿਆ, ਉਹ ਬੜੀ ਖੁਸ਼ ਸੀ ਕਿਉਂਕਿ ਕਾਲੇ ਰੰਗ ਦੇ ਬਾਵਜੂਦ ਉਹਨੂੰ ਨੱਥ ਦੀ ਕੀਮਤ ਚੰਗੀ ਮਿਲੀ ਸੀ। ਉਹਦੀ ਸਹੇਲੀਆਂ ਉਸ ਤੋਂ ਸੜਦੀਆਂ ਸਨ ਕਿਉਂਕਿ ਉਹ ਸਮਝਦੀਆਂ ਸੀ ਇਸ ਵਿਚ ਬਹੁਤਾ ਹੱਥ ਉਹਦੀ ਕਿਸਮਤ ਅਤੇ ਮਾਂ ਦੀ ਸਖਤ ਮੇਹਨਤ ਦਾ ਏ। ਸ਼ਾਲੋ ਜਾਣਦੀ ਸੀ ਕਿ ਇਹ ਉਹਦੀ ਆਪਣੀ ਸਖਤ ਮੇਹਨਤ ਏ ਜੋ ਰੰਗ ਲਿਆਈ ਏ। ਉਹਨੇ ਆਪਣਾ ਇਹ ਗਾਹਕ ਇਕ ਇਕੱਠ ਵਿਚ ਲੁਭਾਇਆ ਸੀ ਜਿੱਥੇ ਤਿੰਨੇ ਹੀ ਭੈਣਾਂ ਮੁਜਰਾ ਕਰਨ ਗਈਆਂ ਸਨ। ਇਸ ਗਾਹਕ ਤੋਂ ਮਗਰੋਂ, ਜਿਸ ਨੇ ਇਕ ਰਾਤ ਲਈ ਹੀ ਪੈਸੇ ਖਰਚੇ ਸਨ ਅਤੇ ਲੰਬਾਂ ਸੌਦਾ ਨਹੀਂ ਕੀਤਾ ਸੀ, ਸ਼ਾਲੋ ਖੁਲ੍ਹ ਕੇ ਧੰਦਾ ਕਰਨ ਲੱਗ ਪਈ ਸੀ। ਲੋਕ ਸਮਝਦੇ ਸਨ ਕਿ ਸ਼ਾਲੋ ਦੇ ਟੱਬਰ ਦੇ ਫਿਲਮ ਸਟੂਡਿਉਜ਼ ਵਿਚ ਚੰਗੇ ਸੰਪਰਕ ਨੇ, ਪਰ ਸ਼ਾਲੋ ਨੂੰ ਪਤਾ ਸੀ ਕਿ ਇਹ ਗੱਲ ਦਰੁਸਤ ਨਹੀਂ। ਇਹ ਸੰਪਰਕ ਕੋਈ ਐਨੇ ਵਧੀਆਂ ਨਹੀਂ ਕਹਾਉਂਦੇ ਜਦੋਂ ਤੁਹਾਨੂੰ ਕਿਸੇ ਸਮੂਹ ਨਾਚ ਵਿਚ ਦਸ ਸਕਿੰਟ ਦਾ ਰੋਲ ਕਰਨ ਲਈ ਸਟੂਡੀਉ ਵਿਚ ਕਈ-ਕਈ ਦਿਨ ਇੰਤਜਾਰ ਕਰਨੀ ਪਏ। ਸ਼ਾਲੋ ਫਿਲਮ ਵਿਚ ਵਧੀਆ ਕੰਮ ਚਾਹੁੰਦੀ ਸੀ ਅਤੇ ਉਸ ਨੂੰ ਭਰੋਸਾ ਸੀ ਕਿ ਉਹ ਆਪਣੀ ਕਲਾ ਚੰਗੀ ਤਰ੍ਹਾਂ ਦਿਖਾ ਸਕੇਗੀ। ਉਹ ਸਖਤ ਮੇਹਨਤ ਦੀ ਇੱਛੁਕ ਵੀ ਸੀ ਅਤੇ ਅਨੁਭਵੀ ਕਲਾਕਾਰਾਂ ਤੋਂ ਸਿੱਖਦੀ ਵੀ ਰਹਿੰਦੀ ਸੀ। ਉਹ ਨਾਚ ਅਤੇ ਗਾਣੇ ਦਾ ਅਪਣਾ ਅਭਿਆਸ ਕਰਦੀ ਰਹੀ। ਸ਼ਾਲੋ ਸਟੂਡੀਉ ਵਿਚ ਕਈ ਵਾਰੀ ਗਈ ਪਰ ਉਸਨੂੰ ਸਿਰਫ ਵਾਅਦੇ ਹੀ ਨਸੀਬ ਹੋਏ। ਉਹ ਨਿੱਕੇ ਮੋਟੇ ਰੋਲ ਲੈ ਸਕਦੀ ਸੀ ਜਿਵੇਂ ਕਿ ਸੌ ਨਾਚੀਆਂ ਦੇ ਸਮੂਹ ਵਿਚ ਇਕ। ਜਿਹੜੇ ਏਜੰਟ ਸ਼ਾਹਨੂਰ ਸਟੂਡੀਉਜ਼ ਵਿਚ ਨੱਚਣ ਅਤੇ ਸਮੂਹ ਗਾਨ ਲਈ ਕੁੜੀਆਂ ਸਪਲਾਈ ਕਰਦੇ ਸਨ ਉਨ੍ਹਾਂ ਵਿਚ ਕਈਆਂ ਦੀ ਲਿਸਟ ਵਿਚ ਉਹਦਾ ਨਾਂ ਸੀ। ਔਰਤਾਂ ਕਈ ਵਾਰੀ ਮੌਕਾ ਹਾਸਲ ਕਰਨ ਲਈ ਏਜੰਟ ਤੇ ਹੀ ਛੱਡ ਦਿੰਦੀਆਂ ਨੇ। ਆਪਣੀਆਂ ਧੀਆਂ ਲਈ ਮੌਕਾ ਹਾਸਲ ਕਰਨ ਲਈ ਮਾਵਾਂ ਵੀ ਮੁਕਾਬਲੇ ਵਿਚ ਭਰਵੇਂ ਤੌਰ ਤੇ ਪੈਂਦੀਆਂ ਨੇ। ਸ਼ਾਲੋ ਦੇਖ ਰਹੀ ਸੀ ਕਿ ਮਾਂ ਦੀਆਂ ਨਜ਼ਰਾਂ ਉਹਦੀਆਂ ਵੱਡੀਆਂ ਭੈਣਾਂ ਤੇ ਨੇ ਅਤੇ ਉਹ ਉਸਦੇ

ਭਵਿੱਖ ਦੀ ਬਹੁਤੀ ਚਿੰਤਾ ਨਹੀਂ ਕਰ ਰਹੀ ਸੀ। ਉਹਦੀ ਮਾਂ ਉਹਦੀਆਂ ਭੈਣਾਂ ਨਾਲ ਹਮੇਸ਼ਾ ਸਟੂਡੀਉਜ਼ ਵਿਚ ਜਾਂਦੀ ਸੀ ਅਤੇ ਹਰ ਵੇਲੇ ਉਨ੍ਹਾਂ ਦੀਆਂ ਤਸਵੀਰਾਂ ਅੱਗੇ ਕਰਦੀ ਰਹਿੰਦੀ ਸੀ। ਅਤੇ ਕਿਸੇ ਨੇ ਸ਼ਾਲੋ ਨੂੰ ਆਪਣੀ ਤਸਵੀਰ ਨਾਲ ਲੈ ਲੈਣ ਲਈ ਕਦੀ ਵੀ ਨਹੀਂ ਆਖਿਆ।

ਕਈ ਵਾਰੀ ਉਹ ਸੋਚਦੀ ਕਿ ਮੂਲ ਰੂਪ ਵਿਚ ਮੁਹੱਲੇ ਦੀ ਹੀ ਇਕ ਕਾਮਯਾਬ ਐਕਟਰੈੱਸ ਕੋਲ, ਜਾ ਕੇ ਕਹੇ, 'ਸੁਣ, ਤੈਨੂੰ ਪਤਾ ਏ ਮੇਰੇ ਨਾਲ ਕੀ ਬੀਤ ਰਹੀ ਏ? ਮੈਂ ਵੀ ਤੇਰੇ ਵਰਗੀ ਹੀ ਹਾਂ, ਉਸ ਥਾਂ ਤੋਂ ਹਾਂ। ਮੈਨੂੰ ਵੀ ਕੰਮ ਚਾਹੀਦਾ ਏ ਅਤੇ ਮੈਂ ਭਰੋਸਾ ਦਿੰਦੀ ਹਾਂ ਕਿ ਮੈਂ ਤੈਨੂੰ ਨਿਰਾਸ਼ ਨਹੀਂ ਕਰਾਂਗੀ। ਇਕ ਵਾਰੀ ਅਜ਼ਮਾ ਕੇ ਤਾਂ ਦੇਖ।' ਪਰ ਉਹ ਇਸ ਤਰ੍ਹਾਂ ਦਾ ਕਦਮ ਨਾ ਚੁੱਕ ਸਕੀ ਕਿਉਂਕਿ ਉਸਦੀ ਪ੍ਰਬੰਧਕ ਹੀ ਇਸ ਤਰ੍ਹਾਂ ਦੇ ਮੌਕਿਆਂ ਲਈ ਲੜਦੀ ਸੀ। ਇਕ ਭਵਿੱਖੀ ਐਕਟਰੈੱਸ ਦੇ ਤੌਰ ਤੇ ਉਸ ਨੂੰ ਖੁਦ ਵਿਚ ਸੁਧਾਰ ਲਿਆਉਂਦੇ ਰਹਿਣਾ ਚਾਹੀਦਾ ਏ ਅਤੇ ਕਿਸੇ ਅਜਿਹੇ ਮਨੇਜਰ ਜਾਂ ਏਜੰਟ ਦੀ ਭਾਲ ਕਰਕੇ ਰਹਿਣਾ ਚਾਹੀਦਾ ਏ ਜੋ ਉਸ ਦੀ ਕਲਾ ਨੂੰ ਫਿਲਮ ਜਗਤ ਵਿਚ ਵੇਚ ਸਕੇ। ਉਹਨੇ ਆਪਣੇ ਗਾਹਕਾਂ ਨੂੰ ਖੁਸ਼ ਕਰਨ ਲਈ ਸੰਗੀਤ ਦਾ ਅਭਿਆਸ ਕਰਨ ਦਾ ਕੰਮ ਜਾਰੀ ਰੱਖਿਆ ਹੋਇਆ ਸੀ। ਉਹ ਹਮੇਸ਼ਾ ਖੁਦ ਨੂੰ ਉਸ ਸਮੇਂ ਲਈ ਤਿਆਰ ਕਰਦੀ ਰਹਿੰਦੀ ਜਦੋਂ ਉਸਦੀ ਪਰਖ ਹੋਣੀ ਸੀ।

ਬਦਕਿਸਮਤੀ ਨਾਲ ਉਹਦੀ ਮਾਂ ਨੇ ਫੈਸਲਾ ਕਰ ਲਿਆ ਕਿ ਤਿੰਨਾਂ ਭੈਣਾਂ ਵਿਚੋਂ ਵੱਡੀਆਂ ਦੋ ਫਿਲਮਾਂ ਵਿਚ ਆਪਣੇ ਕੈਰੀਅਰ ਵਲ ਧਿਆਨ ਦੇਣਗੀਆਂ ਅਤੇ ਸ਼ਾਲੋ ਬੱਚੇ ਪੈਦਾ ਕਰੇਗੀ। ਸ਼ਾਲੋ ਤੋਂ ਵੱਡੀਆਂ ਅਤੇ ਸਾਫ ਰੰਗ ਦੀਆਂ ਦੋਹਾਂ ਭੈਣਾਂ ਨੂੰ ਇਹ ਹੱਕ ਮਿਲ ਗਿਆ ਕਿ ਉਹ ਬੱਚੇ ਪੈਦਾ ਕਰਨ ਵਿਚ ਅਪਣਾ ਵਕਤ ਅਤੇ ਅਪਣੇ ਜਿਸਮ ਬਰਬਾਦ ਨਾ ਕਰਨ। ਇਹ ਕਾਲੇ ਰੰਗ ਦੀ ਸ਼ਾਲੋ ਹੀ ਸੀ ਜਿਸਨੂੰ ਟੱਬਰ ਬੱਚੇ ਜੰਮਣ ਲਈ ਵਿਹਲਾ ਕਰ ਸਕਦਾ ਸੀ, ਨਾ ਸਿਰਫ ਅਪਣੇ ਲਈ ਬਲਕਿ ਆਪਣੀਆਂ ਭੈਣਾਂ ਲਈ ਵੀ। ਜਦੋਂ ਉਹਦੇ ਪਹਿਲਾ ਬੱਚਾ ਹੋਣ ਨੂੰ ਸੀ ਤਾਂ ਉਹਦੀ ਵੱਡੀ ਭੈਣ ਨੇ ਕਿਹਾ ਕਿ ਜੇ ਕੁੜੀ ਹੋਈ ਤਾਂ ਉਹ ਇਹਨੂੰ ਲੈ ਲਵੇਗੀ। ਜਦੋਂ ਮੁੰਡਾ ਜੰਮ ਪਿਆ ਤਾਂ ਇਹ ਮੁੱਦਾ ਫੇਰ ਕਦੀ ਨਾ ਉੱਠਿਆ।

ਸਾਲ ਕੁ ਹੋ ਗਿਆ ਸੀ ਸ਼ਾਲੋ ਨੂੰ ਨਾਚੀ ਅਤੇ ਰੰਡੀ ਦਾ ਧੰਦਾ ਕਰਦਿਆਂ ਜਦੋਂ ਉਹਨੂੰ ਇਕ ਬੜਾ ਹੀ ਖੂਬਸੂਰਤ ਗਾਹਕ ਮਿਲਿਆ ਜਿਸ ਤੋਂ ਉਹਦੀ ਮਾਂ ਚਾਹੁੰਦੀ ਸੀ ਕਿ ਉਹ ਗਰਭਵਤੀ ਹੋ ਜਾਵੇ। ਸ਼ਾਲੋ ਨਹੀਂ ਮੰਨੀ ਪਰ ਉਹ ਜਿੱਤ ਨਾ ਸਕੀ। ਉਹਦੀ ਮਾਂ ਜੋਰ ਪਾਉਂਦੀ ਰਹੀ ਕਿ ਉਹ ਆਪਣੇ ਭਵਿੱਖ ਬਾਰੇ ਸੋਚੇ। ਇਕ ਵਾਰੀ ਜਦੋਂ ਸ਼ਾਲੋ ਬਹੁਤੀ ਹੀ ਗੁੱਸੇ ਵਿਚ ਸੀ ਤੇ ਮਾਂ ਨਾਲ ਅੱਖੜ ਤਰ੍ਹਾਂ ਪੇਸ਼ ਆ ਰਹੀ ਸੀ, ਜੋ ਕਿ ਉਸਦੇ ਵਿਹਾਰ ਦਾ ਅੰਗ ਨਹੀਂ ਸੀ, ਉਹ ਦੀ ਮਾਂ ਚੀਕ ਕੇ ਬੋਲੀ, 'ਜੇ ਤੇਰੀਆਂ ਭੈਣਾਂ ਫਿਲਮਾਂ ਵਿਚ ਕਾਮਯਾਬ ਨਾ ਵੀ ਹੋਈਆਂ ਤਾਂ ਕੋਈ ਨਾ ਕੋਈ ਬੁੱਢਾ ਡਾਇਰੈਕਟਰ ਜਾਂ ਹੋਰ ਬੰਦਾ, ਚੰਗੀ ਜਮੀਨ ਵਾਲਾ, ਉਨ੍ਹਾਂ ਨੂੰ ਆਪਣੀ ਰਖੇਲ ਬਣਾ ਕੇ ਰੱਖ ਲਵੇਗਾ ਪਰ ਤੂੰ ਕੀ ਕਰੇਂਗੀ? ਉਸ ਤੋਂ ਮਗਰੋਂ ਸ਼ਾਲੋ ਨੇ ਬਹਿਸ ਨਹੀਂ ਕੀਤੀ ਬਲਕਿ ਇਹ ਸੋਚਣ ਲੱਗੀ ਕਿ ਭਾਵੇਂ ਉਹਨੂੰ ਖੁਦ ਆਪਣੀਆਂ ਯੋਗਤਾਵਾਂ ਤੇ ਭਾਰੀ ਭਰੋਸਾ ਏ ਪਰ ਉਹ ਦੀ ਮਾਂ ਨੂੰ ਤਾਂ ਉਸ ਤੇ ਬਿਲਕੁਲ ਵੀ ਭਰੋਸਾ ਨਹੀਂ'। ਸ਼ਾਲੋ ਅਸਲ ਵਿਚ ਹੀ ਸੋਚਦੀ ਸੀ ਕਿ ਫਿਲਮਾਂ ਵਿਚ ਕੰਮ ਕਰਕੇ ਉਹ ਆਪਣੇ ਸਾਰੇ ਪਰਿਵਾਰ ਦੀ ਹੀ ਪੱਧਰ ਉਤਾਂਹ ਚੁੱਕ ਦਏਗੀ ਪਰ ਬੱਚੇ ਜੰਮਣ ਦੀ ਜਿੰਮੇਵਾਰੀ ਨਾਲ ਤਾਂ ਇਸ ਪਾਸੇ ਕੋਸ਼ਿਸ਼ ਕਰਨੀ ਵੀ ਔਖੀ ਸੀ।

ਉਹ ਲਾਚਾਰ ਹੋ ਗਈ ਅਤੇ ਉਸਨੂੰ ਸਮਝ ਨਹੀਂ ਆ ਰਹੀ ਸੀ ਕਿ ਆਪਣੇ ਟੁੱਟੇ ਦਿਲ ਦੀ ਦਾਸਤਾਂ ਉਹ ਆਪਣੀ ਮਾਂ ਨੂੰ ਕਿਵੇਂ ਸੁਣਾਏ।

ਸ਼ਾਲੋ ਨੌਂਵੇਂ ਮਹੀਨੇ ਵਿਚ ਸੀ ਅਸੀਂ ਜਦੋਂ ਮਿਲੀਆਂ। ਉਹ ਆਪਣੀ ਹਾਲਤ ਤੇ ਦੁਖੀ ਵੀ ਸੀ ਤੇ ਖੁਸ਼ ਵੀ, ਖੁਸ਼ ਇਸ ਲਈ ਕਿ ਉਸ ਦਾ ਗਰਭ ਤੋਂ ਖਹਿੜਾ ਛੁਟਣ ਵਾਲਾ ਸੀ ਅਤੇ ਫੇਰ ਉਹ ਕੁਝ ਕਰਨ ਲਈ ਆਜ਼ਾਦ ਹੋਵੇਗੀ ਜੋ ਉਹ ਕਰਨਾ ਚਾਹੁੰਦੀ ਸੀ, ਪਰ ਦੁਖੀ ਇਸ ਲਈ ਸੀ ਕਿ ਉਹ ਆਪਣੇ ਜੀਵਨ ਦੇ ਇਸ ਪੜਾਅ ਵਿਚ ਬੱਚਾ ਨਹੀਂ ਚਾਹੁੰਦੀ ਸੀ। ਉਹ ਗੁੱਸੇ ਵਿਚ ਸੀ ਕਿ ਉਹਦੇ ਪਰਿਵਾਰ ਨੇ ਉਹਨੂੰ ਅਪਣੇ ਸੁਪਨੇ ਪੂਰੇ ਕਰਨ ਨਹੀਂ ਦਿੱਤੇ। ਸ਼ਾਲੋ ਚੰਗੀ ਰੰਡੀ ਬਣਨਾ ਚਾਹੁੰਦੀ ਸੀ ਤਾਂ ਕਿ ਚੰਗੇ ਗਾਹਕ ਮਿਲ ਸਕਣ ਅਤੇ ਉਹ ਫੇਰ ਫਿਲਮਾਂ ਵਿਚ ਕਿਸਮਤ ਆਜ਼ਮਾ ਸਕੇ। ਜਦੋਂ ਸ਼ਾਲੋ ਦੇ ਦੂਜਾ ਵੀ ਮੁੰਡਾ ਹੋਇਆ ਤਾਂ ਉਸਦਾ ਸਾਰਾ ਟੱਬਰ ਉਦਾਸ ਸੀ। ਮੈਨੂੰ ਇਹ ਖ਼ਬਰ ਇਸਲਾਮਾਬਾਦ ਵਿਚ ਮਿਲੀ। ਹਾਲਾਂਕਿ ਮੇਰੀ ਯੋਜਨਾ ਅਜੇ ਲਾਹੌਰ ਜਾਣ ਦੀ ਨਹੀਂ ਸੀ, ਮੈ ਉਸ ਨਾਲ ਵਾਅਦਾ ਕੀਤਾ ਕਿ ਅਗਲੀ ਵਾਰੀ ਮੈਂ ਜਦੋਂ ਵੀ ਲਾਹੌਰ ਆਈ ਉਸਨੂੰ ਮਿਲਾਂਗੀ। ਦੂਜਾ ਮੁੰਡਾ ਹੋਣ ਕਰਕੇ ਨਾ ਸਿਰਫ ਉਹਦਾ ਭਵਿੱਖ ਹੀ ਮੱਧਮ ਪੈ ਗਿਆ ਸੀ, ਬਲਕਿ ਇਸ ਨੇ ਸਾਰੇ ਪਰਿਵਾਰ ਦੇ ਭਵਿੱਖ ਨੂੰ ਹੀ ਖਤਰੇ ਵਿਚ ਪਾ ਦਿੱਤਾ ਸੀ। ਉਹਨੇ ਆਪਣੇ ਇਸ ਡਰ ਦਾ ਮੇਰੇ ਨਾਲ ਪਹਿਲਾਂ ਵੀ ਜ਼ਿਕਰ ਛੇੜਿਆ ਸੀ ਅਤੇ ਉਹ ਉਨ੍ਹਾਂ ਦੀ ਪ੍ਰਤਿਕਿਰਆ ਤੋਂ ਡਰ ਰਹੀ ਸੀ। ਉਹ ਜਾਣਦੀ ਸੀ ਕਿ ਜੇ ਉਹ ਨੇ ਦੂਜਾ ਵੀ ਮੁੰਡਾ ਹੀ ਜੰਮ ਦਿੱਤਾ ਤਾਂ ਉਹਦੀ ਮਾਂ ਬਹੁਤਾ ਚੰਗਾ ਨਹੀਂ ਸਮਝੇਗੀ ਕਿਉਂਕਿ ਉਹ ਕੁੜੀ ਹੋਣ ਦੀਆਂ ਮੰਨਤਾਂ ਮੰਨਣ ਲਈ ਕਈ ਵਾਰੀ ਨੇੜੇ ਦੀਆਂ ਸਮਾਧਾਂ ਤੇ ਜਾ ਚੁੱਕੀ ਸੀ।

ਔਰਤਾਂ ਲਈ, ਇਸ ਤਰ੍ਹਾਂ ਦੀਆਂ ਮੰਨਤਾਂ ਮੰਨਣ ਵਾਸਤੇ ਮਸਹੂਰ ਸੂਫੀਆਂ ਜਾਂ ਪਾਵਨ ਪੁਰਖਾਂ ਦੀਆਂ ਸਮਾਧਾਂ ਹੀ ਹੁੰਦੀਆਂ ਨੇ, ਜਿਨ੍ਹਾਂ ਨੂੰ ਖੁਦਾ ਦੇ ਨੇੜੇ ਸਮਝਿਆ ਜਾਂਦਾ ਏ, ਅਤੇ ਇਹ ਬੜਾ ਆਮ ਏ। ਲੋਕ ਚੜ੍ਹਾਵਾ ਚੜ੍ਹਾਉਂਦੇ ਨੇ, ਪ੍ਰਾਥਨਾ ਕਰਦੇ ਨੇ ਅਤੇ ਸੁੱਖਣਾ ਸੁੱਖਦੇ ਨੇ ਕਿ ਉਨ੍ਹਾਂ ਦਾ ਜੇ ਕੰਮ ਬਣ ਜਾਵੇ ਤਾਂ ਉਹ ਇਹ ਚੀਜ਼ ਚੜ੍ਹਾਉਣਗੇ। ਸਾਲਾਨਾ ਤਿਉਹਾਰਾਂ ਵੇਲੇ ਔਰਤਾਂ ਭਾਰੀ ਗਿਣਤੀ ਵਿੱਚ ਇਨ੍ਹਾਂ ਸਮਾਧਾਂ ਤੇ ਜਾਂਦੀਆਂ ਹਨ ਜਦੋਂ ਦੇਸ਼ ਦੇ ਹਜ਼ਾਰਾਂ ਲੋਕ ਇੱਥੇ ਜਮ੍ਹਾਂ ਹੁੰਦੇ ਨੇ। ਸਮਾਧਾਂ ਦੀਆਂ ਇਹ ਰਹੁ-ਰੀਤਾਂ ਉਸ ਧਾਰਮਕ ਅਤੇ ਸੱਭਿਆਚਾਰਕ ਮਿਸ਼ਰਣ ਨੂੰ ਦਰਸਾਉਂਦੀਆਂ ਨੇ ਜੋ ਸਦੀਆਂ ਤੋਂ ਉਪਮਹਾਦੀਪ ਵਿਚ ਚਲਦਾ ਆ ਰਿਹਾ ਏ। ਇਨ੍ਹਾਂ ਪ੍ਰਾਚੀਨ ਲੋਕ ਅਤੇ ਧਾਰਮਕ ਰੀਤਾਂ ਨੂੰ ਇਸਲਾਮ ਦੇ ਸਾਰੇ ਹੀ ਮਤ ਨਹੀਂ ਮੰਨਦੇ। ਇਨ੍ਹਾਂ ਰੀਤਾਂ ਨੂੰ ਅਨਪੜ੍ਹਤਾ ਅਤੇ ਹਿੰਦੂਵਾਦ ਦਾ ਪ੍ਰਭਾਵ ਮੰਨਿਆਂ ਜਾਂਦਾ ਏ। ਕਈ ਤਾਂ ਚਾਹੁੰਦੇ ਨੇ ਕਿ ਇਹ ਬੇਕਾਰ ਦਾ ਵਿਦੇਸ਼ੀ ਪ੍ਰਭਾਵ ਖਤਮ ਕੀਤਾ ਜਾਣਾ ਚਾਹੀਦਾ ਏ ਕਿਉਂਕਿ ਇਹ ਸਾਫ ਤੌਰ ਤੇ ਇਸਲਾਮ ਵਿਰੋਧੀ ਏ। ਮੁਹੱਲੇ ਵਿਚ ਨਾਚੀਆਂ ਦੀ ਬਿਰਾਦਰੀ ਆਮ ਤੌਰ ਤੇ ਸ਼ੀਆ ਹਨ ਅਤੇ ਉਹ ਇਨ੍ਹਾਂ ਸਮਾਧਾਂ ਤੇ ਮੰਨਤਾਂ ਮੰਨਣ ਆਮ ਜਾਂਦੇ ਹਨ।

ਸ਼ਾਲੋ ਲਾਹੌਰ ਦੇ ਸੰਤ ਦਾਤਾ ਸਾਹਿਬ ਦੀ ਦਰਗਾਹ ਤੇ ਧੀ ਦੀ ਸੁੱਖਣਾ ਸੁੱਖਣ ਲਈ ਗਈ ਸੀ। ਉਹ ਨੇ ਵੀਰਵਾਰ ਸ਼ਾਮ ਨੂੰ ਦੀਵਾ ਜਗਾਇਆ ਸੀ ਅਤੇ ਸੁਖਣਾ ਸੁੱਖੀ ਸੀ ਕਿ ਜੇ ਦਾਤਾ ਸਾਹਿਬ ਨੇ ਉਹਨੂੰ ਕੁੜੀ ਦਿੱਤੀ ਤਾਂ ਉਹ ਸਮਾਧ ਤੇ ਸਵਾ ਗਿਆਰਾਂ ਰੁਪਏ ਚੜ੍ਹਾਏਗੀ ਅਤੇ ਨਾਲ ਹੀ ਇਕ ਚਾਦਰ ਵੀ। ਪਰ ਉਹਦਾ ਕੁਝ ਨਾ ਬਣਿਆ।

ਮੈਂ ਅਜੇ ਇਸਲਾਮਬਾਦ ਤੋਂ ਨਹੀਂ ਤੁਰ ਸਕਦੀ ਸੀ। ਮੁੰਡਾਂ ਤਿੰਨ ਹਫਤਿਆਂ ਦਾ ਹੋ ਚੁੱਕਾ ਸੀ ਅਤੇ ਮੈਂ ਉਹਦੇ ਲਈ ਕੁਝ ਰੰਗਬਿਰੰਗੇ ਕੱਪੜੇ ਖਰੀਦੇ। ਜਦ ਮੈਂ ਉਹਦੇ ਘਰ ਪੁੱਜੀ ਤਾਂ ਮੈਨੂੰ ਦੱਸਿਆ ਗਿਆ ਕਿ ਸ਼ਾਲੋ ਡਾਕਟਰ ਦੇ ਗਈ ਹੈ ਕਿਉਂਕਿ ਉਹ ਦਾ ਵੱਡਾ ਮੁੰਡਾ ਰਾਜ਼ੀ ਨਹੀਂ ਸੀ। ਮੇਰੇ ਯਾਦ ਆਇਆ ਕਿ ਉਹਨੇ ਦੱਸਿਆ ਸੀ ਕਿ ਮੁੰਡੇ ਨੂੰ ਕੁਝ ਅਣਗੌਲਿਆ ਕੀਤਾ ਜਾਂਦਾ ਏ ਅਤੇ ਜਦੋਂ ਉਹ ਬੀਮਾਰ ਹੋਇਆ ਸੀ ਤਾਂ ਡਾਕਟਰ ਕੋਲ ਲੈ ਜਾਣ ਲਈ ਉਹਨੂੰ ਬੜਾ ਰੌਲਾ ਪਾਉਣਾ ਪਿਆ ਸੀ। ਮੈਂ ਨਵਜੰਮੇ ਬਾਰੇ ਪੁੱਛਿਆ ਅਤੇ ਇਹ ਸੁਣ ਕੇ ਮੈਨੂੰ ਸੱਟ ਵੱਜੀ ਕਿ ਉਹ ਇਕ ਹਫਤਾ ਪਹਿਲਾਂ ਮਰ ਚੁੱਕਾ ਸੀ। ਉਸਦੇ ਮਰਨ ਤੇ ਪਰਿਵਾਰ ਦੇ ਜੀਅ ਬਿਲਕੁਲ ਉਦਾਸ ਨਹੀਂ ਸਨ।

ਮੈਂ ਸ਼ਾਲੋ ਦਾ ਇੰਤਜਾਰ ਕਰਨ ਦਾ ਫੈਸਲਾ ਕੀਤਾ ਅਤੇ ਉਹਦੀ ਮਾਂ ਨਾਲ ਗੱਲਾਂ ਕਰਦੀ ਰਹੀ। ਮਰੇ ਬੱਚੇ ਬਾਰੇ ਉਹਨੇ ਬਹੁਤੀ ਗੱਲ ਨਾ ਕੀਤੀ ਬਲਕਿ ਇਹ ਹੀ ਕਿਹਾ, 'ਮੈਂ ਚਾਹੁੰਦੀ ਹਾਂ ਕਿ ਉਹ ਫੇਰ ਛੇਤੀ ਗਰਭਵਤੀ ਹੋ ਜਾਵੇ ਤਾਂ ਕਿ ਅਗਲਾ ਬੱਚਾ ਇਸ ਬੱਚੇ ਦੇ ਤੁਰ ਜਾਣ ਦੇ ਜ਼ਖ਼ਮਾਂ ਤੇ ਮਲ੍ਹਮ ਲਾ ਸਕੇ।'

'ਫੇਰ ਕੀ ਹੋਊ ਜੇ ਅਗਲਾ ਬੱਚਾ ਵੀ ਮੁੰਡਾ ਹੋਇਆ?' ਮੈਂ ਪੁਛਿਆ।

ਉਹਨੇ ਜਵਾਬ ਦਿੱਤਾ, 'ਅੱਲ ਨਾ ਕਰੇ। ਇਹ ਕੁੜੀ ਹੀ ਹੋਣੀ ਚਾਹੀਦੀ ਏ। ਖੁਦਾ ਸਾਡੇ ਤੇ ਐਨਾ ਕਹਿਰ ਨਹੀਂ ਕਰ ਸਕਦਾ।'

ਜਦੋਂ ਸ਼ਾਲੋ ਵਾਪਸ ਆਈ ਤਾਂ ਉਹ ਰੋ ਕੇ ਦੱਸਣ ਲੱਗੀ ਕਿ ਉਹ ਦੇ ਨਵਜੰਮੇ ਨੂੰ ਨਮੂਨੀਆ ਹੋ ਗਿਆ ਸੀ। ਉਹ ਇਕੱਲੀ ਹੀ ਉਹਦਾ ਇਲਾਜ ਕਰਵਾਉਂਦੀ ਰਹੀ ਪਰ ਇਕ ਹਫਤੇ ਤਕ ਠੀਕ ਰਹਿਣ ਤੇ ਉਹ ਮੁੜ ਬੀਮਾਰ ਹੋ ਗਿਆ। ਉਹਨੇ ਮੈਨੂੰ ਦੱਸਿਆ ਕਿ ਉਹ ਦਰਅਸਲ ਬੀਮਾਰੀ ਨਾਲ ਨਹੀਂ ਮਰਿਆ ਬਲਕਿ ਇਸ ਲਈ ਮਰਿਆ ਏ ਕਿ ਟੱਬਰ ਨੇ ਉਸਦੀ ਸੰਭਾਲ ਨਹੀਂ ਕੀਤੀ। ਕੋਈ ਵੀ ਨਹੀਂ ਚਾਹੁੰਦਾ ਸੀ ਕਿ ਉਹ ਜਿਉਂਦਾ ਰਹੇ। ਉਹਦੀਆਂ ਅੱਖਾਂ ਵਿਚ ਦੇਖਦਿਆਂ ਮੈਂ ਮਹਿਸੂਸ ਕੀਤਾ ਕਿ ਸ਼ਾਲੋ ਦੀ ਸੰਘਰਸ਼ ਕਰਨ ਅਤੇ ਖੁਦ ਵਿਚ ਭਰੋਸਾ ਕਰਨ ਦੀ ਜੋਤ ਮੱਧਮ ਪੈ ਰਹੀ ਸੀ। ਉਹ ਜੀਵਨ ਦੇ ਬੋਝ ਥੱਲੇ ਦਬੀ ਦਿਸਦੀ ਸੀ।

ਆਪਣੇ ਪੁੱਤਰ ਦੇ ਮਰਨ ਦੇ ਦੋ ਮਹੀਨੇ ਬਾਦ ਹੀ ਇਕ ਚੰਗੇ ਜਿਹੇ ਗਾਹਕ ਤੋਂ ਗਰਭਵਤੀ ਹੋਣ ਲਈ ਦਬਾਉ ਹੇਠ ਸ਼ਾਲੋ ਗਰਭ ਦੌਰਾਨ ਹਮੇਸ਼ਾ ਬੀਮਾਰ ਹੀ ਰਹੀ। ਉਹਨੇ ਮੇਰੇ ਨਾਲ ਜਾਂ ਅਪਣੀਆਂ ਕੁਝ ਸਹੇਲੀਆਂ ਨਾਲ ਗੱਲ ਕਰਨੀ ਵੀ ਛੱਡ ਦਿੱਤੀ। ਉਹਦੀਆਂ ਅੱਖਾਂ ਹੇਠਾਂ ਛਾਹੀਆਂ ਪੈ ਗਈਆਂ। ਖੁਸ਼ਬਾਸ਼ ਕੁੜੀ ਬਿਲਕੁਲ ਹੀ ਟੀ.ਬੀ. ਦੀ ਮਰੀਜ ਲੱਗਣ ਲੱਗ ਪਈ। ਮੈਂ ਉਹ ਨੂੰ ਇਕ ਵਾਰੀ ਗਲੀ ਵਿਚ ਹੀ ਮਿਲ ਪਈ ਤਾਂ ਉਸ ਦੱਸਿਆ ਕਿ ਉਹ ਨੇ ਹੁਣ ਕਿਸੇ ਵੀ ਚੀਜ਼ ਦੇ ਸੁਪਨੇ ਲੈਣੇ ਬੰਦ ਕਰ ਦਿੱਤੇ ਨੇ। ਪਰ ਉਹਦੀਆਂ ਅੱਖਾਂ ਕੁਝ ਹੋਰ ਕਹਿ ਰਹੀਆਂ ਸਨ। ਕੀ ਉਹਨੇ ਵਾਕਈ ਸੁਪਨੇ ਲੈਣੇ ਛੱਡ ਦਿੱਤੇ ਸਨ? ਉਹ ਅਪਣੇ ਹਾਲਾਤ ਦਾ ਮੁਕਾਬਲਾ ਨਹੀਂ ਸੀ ਕਰ ਸਕੀ। ਉਹ ਇਕ ਮਰੀਜ ਵਾਂਗ ਸੀ ਜੋ ਹੌਲੀ-ਹੌਲੀ ਮਰ ਰਿਹਾ ਹੋਵੇ।

ਤੀਜੇ ਪੁੱਤਰ ਦੇ ਜਨਮ ਤੋਂ ਬਾਦ ਮੈਂ ਸੁਣਿਆਂ ਕਿ ਉਹਨੇ ਖੁਦਕੁਸ਼ੀ ਕਰ ਲਈ ਏ ਪਰ ਮੈਨੂੰ ਉਸ ਬਾਰੇ ਇਸ ਤੋਂ ਵੱਧ ਜਾਣਕਾਰੀ ਹਾਸਲ ਨਾ ਕਰਨ ਦਿੱਤੀ ਗਈ। ਉਹਦੇ ਟੱਬਰ ਨੇ ਮੈਨੂੰ ਮਿਲਣ ਤੋਂ ਵੀ ਨਾਂਹ ਕਰ ਦਿੱਤੀ। ਕਿਸੇ ਨੇ ਵੀ ਉਸ ਬਾਰੇ ਕੋਈ ਗੱਲ ਨਾ ਕੀਤੀ। ਜੀਵਨ ਉਵੇਂ ਹੀ ਚੱਲਦਾ ਰਿਹਾ ਜਿਵੇਂ ਕੁਝ ਵੀ ਨਾ ਹੋਇਆ ਹੋਵੇ। ਉਹਦੀ ਮੌਤ ਸੋਚਣ ਦਾ ਕੋਈ ਵਿਸ਼ਾ ਹੀ ਨਹੀਂ ਸੀ।

# ਮੁਹੱਲੇ ਵਿਚ ਆਉਣ-ਜਾਣ

ਮੈਂ ਮੁਹੱਲੇ ਦੇ ਜੀਵਨ ਵਿਚ ਹੋਰ ਡੂੰਘਾ ਉਤਰਦੀ ਗਈ। ਲੈਲਾ, ਚੰਦਾ, ਸ਼ਾਲੋ, ਨਰਗਿਸ ਅਤੇ ਹੋਰ ਬਹੁਤ ਸਾਰੀਆਂ ਜਿੰਦਗੀਆਂ ਮੈਨੂੰ ਮੁਹੱਲੇ ਅਤੇ ਮੁੱਖਧਾਰਾ ਸਮਾਜ ਦੀਆਂ ਕਦਰਾਂ-ਕੀਮਤਾਂ ਬਾਰੇ ਸੋਚਣ ਵਿਚ ਮਦਦ ਕਰ ਰਹੀਆਂ ਸਨ। ਮੇਰੇ ਸੰਪਰਕ ਸੂਤਰ ਵਧਦੇ ਜਾ ਰਹੇ ਸਨ ਅਤੇ ਮੇਰਾ ਕੰਮ ਸਹਿਜ ਰੂਪ ਵਿਚ ਚੱਲ ਰਿਹਾ ਸੀ। ਕਈ ਮਹੀਨੇ ਤਕ ਬਿਰਾਦਰੀ ਨਾਲ ਲਗਾਤਾਰ ਸੰਪਰਕ ਰੱਖਣ ਕਰਕੇ ਮੈਂ ਲੋਕਾਂ ਨਾਲ ਅੰਤਰਕਿਰਿਆ ਕਰਨ ਦੇ ਡੂੰਘੇਰੇ ਪੱਧਰ ਤੱਕ ਪੁੱਜ ਗਈ ਸੀ ਭਾਵੇਂ ਕਿ ਮੈਂ ਉਨ੍ਹਾਂ ਨੂੰ ਹੁਣ ਹਫਤੇ ਦੇ ਅਖੀਰ ਵਿਚ ਮਿਲਦੀ ਸਾਂ। ਹਰ ਹਫਤੇ ਦੇ ਅਖੀਰ ਵਿਚ ਮੈਂ ਦੋ ਦਿਨਾਂ ਲਈ ਇਸਲਾਮਾਬਾਦ ਤੋਂ ਲਾਹੌਰ ਆਉਂਦੀ। ਅਤੇ ਕਈ ਵਾਰੀ ਮੈਂ ਕੁਝ ਦਿਨਾਂ ਦੀ ਛੁੱਟੀ ਲੈ ਕੇ ਹੋਰ ਰੁਕ ਜਾਂਦੀ। ਮੇਰੇ ਬਿਰਾਦਰੀ ਦੇ ਹਰ ਵਰਗ ਨਾਲ ਸਬੰਧ ਚੰਗੇ ਹੋ ਗਏ ਸੀ ਅਤੇ ਮੈਨੂੰ ਕਿਸੇ ਹੱਦ ਤਕ ਪ੍ਰਵਾਨ ਕੀਤਾ ਜਾਂਦਾ ਸੀ। ਸਿਰਫ ਪੁਲਿਸ ਹੀ ਮੁਹੱਲੇ ਵਿਚ ਮੇਰੀ ਮੌਜੂਦਗੀ ਨੂੰ ਬਰਦਾਸ਼ਤ ਨਹੀਂ ਕਰ ਰਹੀ ਸੀ।

ਨਾਚੀਆਂ ਅਤੇ ਸਾਜ਼ਿੰਦਿਆਂ ਨਾਲ ਮੇਰੇ ਸੰਪਰਕ ਮਜ਼ਬੂਤ ਹੁੰਦੇ ਜਾ ਰਹੇ ਸਨ। ਉਹ ਆਪਣੇ ਜੀਵਨ ਦੀਆਂ ਅੰਦਰੂਨੀ ਗੱਲਾਂ ਵੀ ਸਹਿਜੇ ਹੀ ਮੇਰੇ ਨਾਲ ਸਾਂਝੀਆਂ ਕਰ ਲੈਂਦੇ ਸਨ ਅਤੇ ਮੈਂ ਦਿਨ ਦੇ ਕਈ ਘੰਟੇ ਉਨ੍ਹਾਂ ਨਾਲ ਬਿਤਾਉਂਦੀ। ਹਾਲਾਂਕਿ ਮੈਂ ਅੱਧੇ ਘੰਟੇ ਦੀ ਦੂਰੀ ਤੇ ਰਹਿੰਦੀ ਸੀ ਪਰ ਮੈਂ ਇਹ ਮਹਿਸੂਸ ਕੀਤਾ ਕਿ ਨਿਵਾਸੀਆਂ ਦੇ ਭਿੰਨ ਵਰਗਾਂ ਵਿਚਕਾਰ ਸਪਸ਼ਟ ਨਾਤੇ ਦੇਖਣ ਲਈ ਮੈਂ ਇਸ ਇਲਾਕੇ ਵਿਚ ਚੌਵੀ ਘੰਟੇ ਦਾ ਹੀ ਰੁਟੀਨ ਬਣਾ ਲਵਾਂ। ਮੇਰੀ ਸਿਖਲਾਈ ਇਸ ਕਦਮ ਨੂੰ ਪੂਰੀ ਤਰ੍ਹਾਂ ਸਹੀ ਦੱਸਦੀ ਸੀ। ਮੈਂ ਸੋਚਿਆ ਕਿ ਉੱਥੇ ਫਿਰਨ ਨਾਲ ਮੈਨੂੰ ਹੋਰ ਡੂੰਘੇਰੀ ਜਾਣਕਾਰੀ ਮਿਲੇਗੀ। ਇਸ ਪਾਸੇ ਚੱਲਣ ਲਈ ਉਹ ਲੋਕ ਮੈਨੂੰ ਠੀਕ-ਠਾਕ ਮਹਿਸੂਸ ਹੋ ਰਹੇ ਸਨ।

ਮੈਂ ਇਸ ਖੋਜ ਅਧਿਐਨ ਨੂੰ ਜਾਰੀ ਰੱਖਣ ਲਈ ਉੱਥੇ ਕਿਰਾਏ ਤੇ ਘਰ ਲੱਭਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦਾ ਕਿ ਜਿੱਥੇ ਮੈਂ ਬਿਲਕੁਲ ਸੁਰੱਖਿਅਤ ਰਹਿ ਸਕਾਂ। ਮੈਂ ਕਿਸੇ ਕੇਂਦਰੀ ਥਾਂ ਦੀ ਭਾਲ ਵਿਚ ਸਾਂ ਜਿੱਥੇ ਮੈਂ ਨਿਵਾਸੀਆਂ ਦੇ ਦੈਨਿਕ ਜੀਵਨ ਨੂੰ ਨੇੜਿਉਂ ਦੇਖ ਸਕਾਂ। ਕੈਸਰਾ ਦੀ ਇਮਾਰਤ ਵਿਚ ਹੇਠਲੀ ਮੰਜ਼ਿਲ ਤੇ ਕੁਝ ਹਿੱਸਾ ਖਾਲੀ ਜਿਸ ਵਿਚ ਦੋ ਕਮਰੇ ਸਨ ਅਤੇ ਉਸ ਮੰਜ਼ਿਲ ਦੇ ਸਾਰੇ ਨਿਵਾਸੀਆਂ ਲਈ ਇਕ ਸਾਂਝਾ ਟਾਇਲਟ ਸੀ। ਤਿੰਨ ਹੋਰ ਟੱਬਰ ਉੱਥੇ ਰਹਿੰਦੇ ਸਨ। ਦੋ ਟੱਬਰ ਰੰਡੀਆਂ ਦੇ ਅਤੇ ਇਕ ਸਾਜ਼ਿੰਦਿਆਂ ਦਾ। ਸਾਜ਼ਿੰਦੇ ਆਮ ਤੌਰ ਤੇ ਜਨਤਕ ਹਮਾਮ ਵਰਤਦੇ ਸਨ ਪਰ ਪਰਿਵਾਰ ਦੀਆਂ ਔਰਤਾਂ ਉਹੀ ਟਾਇਲਟ ਵਰਤਦੀਆਂ ਸਨ।

ਕੈਸਰਾ ਅਤੇ ਲੈਲਾ ਅਪਣੇ ਟੱਬਰਾਂ ਨਾਲ ਪਹਿਲੀ ਮੰਜ਼ਲ ਦੇ ਅਗਲੇ ਹਿੱਸੇ ਵਿਚ ਰਹਿੰਦੀਆਂ ਸਨ ਅਤੇ ਰੰਡੀਆਂ ਦੇ ਇਕ ਟੱਬਰ ਨੇ ਉਸ ਦਾ ਪਿਛਲਾ ਹਿੱਸਾ ਕਿਰਾਏ ਤੇ ਲਿਆ ਹੋਇਆ ਸੀ। ਅਗਲੀ ਮੰਜ਼ਿਲ ਤੇ ਤਿੰਨ ਹੋਰ ਟੱਬਰ ਸਨ। ਇਕ ਟੱਬਰ ਮਰ-ਮੁੱਕ ਚੁੱਕੇ ਲੋਕ ਮੰਚ ਦੇ ਰਵਾਇਤੀ ਪੇਸ਼ਕਾਰਾਂ ਦਾ ਅਤੇ ਦੋ ਟੱਬਰ ਦੁਕਾਨਦਾਰਾਂ ਦੇ। ਉਸਦੇ ਉਤਲੀ ਮੰਜ਼ਲ ਤੇ ਸਿਰਫ ਇਕ ਕਮਰਾ

ਸੀ ਤੇ ਖੁਲ੍ਹੀ ਛੱਤ ਸੀ ਜੋ ਮਾਲਕ ਸਮਾਨ ਰੱਖਣ ਲਈ ਵਰਤਦੇ ਸਨ। ਸਾਰੇ ਨਿਆਣੇ ਉਸ ਖੁਲ੍ਹੇ ਥਾਂ ਨੂੰ ਖੇਡਣ ਲਈ ਵਰਤਦੇ ਸਨ। ਇਮਾਰਤ ਦੇ ਕਿਸ਼ੋਰ ਬੱਚੇ ਉੱਥੇ ਪਤੰਗਾਂ ਉਡਾਉਂਦੇ ਰਹਿੰਦੇ ਜਦੋਂ ਕਿ ਇਮਾਰਤ ਦੇ ਰਹਿਣ ਵਾਲੇ ਬਾਕੀ ਅਪਣੇ ਧੋਤੇ ਹੋਏ ਕੱਪੜੇ ਉੱਥੇ ਸੁੱਕਣੇ ਪਾਉਂਦੇ। ਇਸ ਇਮਾਰਤ ਦੇ ਵਿਚਕਾਰ ਖੁਲ੍ਹਾ ਵਿਹੜਾ ਸੀ। ਇਹ ਸਾਰੇ ਟੱਬਰਾਂ ਲਈ ਸਾਰੇ ਹੀ ਕੰਮ ਕਰਨ ਲਈ ਵਰਤਿਆ ਜਾਂਦਾ ਸੀ ਜੋ ਕਿ ਉੱਤੇ ਦੀ ਛੱਤ ਨੂੰ ਨਹੀਂ ਵਰਤ ਸਕਦੇ ਸਨ।

ਖਾਲੀ ਥਾਂ ਵੇਖਣ ਗਈ ਮੈਂ ਅਪਣੀ ਨਾਲ ਦੀ ਗਵਾਂਢਣ ਨੂੰ ਮਿਲੀ। ਹਾਲਾਂਕਿ ਮੈਂ ਹੇਠਲੀ ਤੇ ਪਹਿਲੀ ਮੰਜ਼ਲ ਦੇ ਬਹੁਤੇ ਰਹਿਣ ਵਾਲਿਆਂ ਨੂੰ ਜਾਣਦੀ ਸੀ ਪਰ ਖਾਲੀ ਥਾਂ ਦੇ ਨੇੜੇ ਰਹਿਣ ਵਾਲੇ ਟੱਬਰ ਨੂੰ ਮੈਂ ਬਹੁਤੀ ਚੰਗੀ ਤਰ੍ਹਾਂ ਨਹੀਂ ਜਾਣਦੀ ਸੀ। ਪੈਂਤੀ ਕੁ ਸਾਲਾਂ ਦੀ ਉਹ ਔਰਤ ਮੈਨੂੰ ਮਿਲ ਕੇ ਖੁਸ਼ ਹੋਈ। ਉਹਨੇ ਮੈਨੂੰ ਅਕਸਰ ਉੱਥੇ ਦੇਖਿਆ ਸੀ ਪਰ ਮੇਰੇ ਕੰਮ ਬਾਰੇ ਬਹੁਤਾ ਨਹੀਂ ਜਾਣਦੀ ਸੀ। ਸਾਫ ਲੱਗਦਾ ਸੀ ਕਿ ਉਹ ਕਿਸੇ ਨਾ ਕਿਸੇ ਨਸ਼ੇ ਦੇ ਅਸਰ ਥੱਲੇ ਰਹਿੰਦੀ ਸੀ ਅਤੇ ਤਲਖ ਹਕੀਕਤਾਂ ਦੇ ਸੰਸਾਰ ਦਾ ਸਾਮ੍ਹਣਾ ਕਦੀ ਹੀ ਕਰਦੀ ਸੀ। ਉਹਨੇ ਲੜਖੜ੍ਹਾਉਂਦੀ ਅਵਾਜ਼ ਵਿਚ ਮੈਨੂੰ ਮੇਰਾ ਨਾਂ ਪੁੱਛਿਆ, 'ਤੂੰ ਇੱਥੇ ਰਹੇਂਗੀ ਜਾਂ ਇੱਥੋਂ ਧੰਦਾ ਚਲਾਇਆ ਕਰੇਂਗੀ?'

ਮੈਂ ਛੇਤੀ ਨਾਲ ਜਵਾਬ ਦਿੱਤਾ, 'ਦੋਵੇਂ',

ਉਹਨੇ ਪੁੱਛਿਆ ਮੇਰਾ ਟੱਬਰ ਕਿੱਥੇ ਰਹਿੰਦਾ ਏ ਅਤੇ ਜਦ ਮੈਂ ਕਿਹਾ ਇਸਲਾਮਾਬਾਦ ਤਾਂ ਉਹ ਬੋਲੀ, 'ਤੇਰਾ ਮਤਲਬ ਏ ਰਾਵਲਪਿੰਡੀ, ਹੈ ਕਿ ਨਹੀਂ? ਮੇਰੀ ਇਕ ਦੂਰ ਦੀ ਭੈਣ ਕਾਸੀ ਗਲੀ (ਰਾਵਲਪਿੰਡੀ ਦਾ ਲਾਲ ਬੱਤੀ ਖੇਤਰ) ਵਿਚ ਰਹਿੰਦੀ ਏ, ਪਰ ਉੱਥੇ ਹੁਣ ਧੰਦੇ ਦਾ ਹਾਲ ਮਾੜਾ ਹੀ ਏ। ਸਾਡਾ ਧੰਦਾ ਖ਼ਰਾਬ ਕਰਨ ਵਾਲੇ ਇਨ੍ਹਾਂ ਪੁਲਸੀਆਂ ਨੂੰ ਖੁਦਾ ਦੀ ਮਾਰ ਪਏ। ਉਹ ਪਹਿਲਾਂ ਉੱਥੇ ਚੰਗਾ ਕਮਾ ਲੈਂਦੀ ਸੀ ਅਤੇ ਉਹਦੇ ਚੰਗੇ ਦਿਨਾਂ ਵਿਚ ਮੈਂ ਵੀ ਉੱਥੇ ਗਈ ਸੀ।'

ਮੈਂ ਸੋਚਿਆ ਉਹ ਮੈਨੂੰ ਦੀ ਧੰਦੇ ਦੀ ਸਾਥਣ ਹੀ ਸਮਝ ਰਹੀ ਏ ਅਤੇ ਮੈਂ ਵੀ ਸੋਚਿਆ ਹਾਲ ਦੀ ਘੜੀ ਮੈਂ ਆਪਣੇ ਅਸਲੀ ਕੰਮ ਬਾਰੇ ਨਾ ਹੀ ਦੱਸਾਂ। ਗੱਅਬਾਤ ਬੜੀ ਸਵਾਦ ਸੀ।

ਉਹ ਅੱਗੇ ਗੱਲਾਂ ਕਰਦੀ ਰਹੀ, 'ਤੂੰ ਵੀ ਮੇਰੇ ਵਾਂਗ ਹੀ ਲਾਹੌਰ ਆ ਗਈ ਏਂ। ਮੇਰਾ ਟੱਬਰ ਵੀ ਰਾਵਲਪਿੰਡੀ ਵਿਚ ਸੀ ਪਰ ਮੈਂ ਲਾਹੌਰ ਵਿਚ ਅਪਣਾ ਕੰਮ ਜਮਾਉਣਾ ਚਾਹੁੰਦੀ ਸੀ। ਪਰ ਮੇਰੀ ਇਹ ਬਦਕਿਸਮਤੀ ਸੀ ਕਿ ਮੈਨੂੰ ਇਕ ਜੂੰ ਚੰਮੜੀ ਹੋਈ ਸੀ। ਮੈਨੂੰ ਆਸ ਹੈ ਤੇਰੇ ਨਾਲ ਇਸ ਤਰ੍ਹਾਂ ਦੀ ਜੂੰ ਨਹੀਂ ਹੋਣੀ ਜੋ ਤੇਰਾ ਸਾਰਾ ਹੀ ਖ਼ੂਨ ਪੀ ਜਾਵੇ।'

'ਮੈਂ ਤੇਰਾ ਮਤਲਬ ਨਹੀਂ ਸਮਝੀ।', ਮੈਂ ਕਿਹਾ।

'ਦੱਲਾ', ਉਹ ਚੀਕ ਕੇ ਬੋਲੀ ਪਰ ਫੇਰ ਉਹਦੀ ਅਵਾਜ਼ ਢੈਲੀ ਪੈ ਗਈ ਉਹਦੀ ਨਿਗਾਹ ਮੇਰੇ ਤੋਂ ਉੱਖੜ ਗਈ ਅਤੇ ਇਸ ਤਰ੍ਹਾਂ ਹੋ ਗਈ ਜਿਵੇਂ ਮੈਨੂੰ ਦੇਖਿਆ ਹੀ ਨਾ ਹੋਵੇ।

ਮੈਂ ਇੱਧਰ-ਉੱਧਰ ਦੇਖਦੀ ਰਹੀ। ਮੈਂ ਇਕ ਹੋਰ ਪਰਿਵਾਰ ਨੂੰ ਮਿਲੀ ਤੇ ਦੇਖਿਆ ਕਿ ਬਹੁਤਾ ਵਿਹੜਾ ਉਨ੍ਹਾਂ ਨੇ ਹੀ ਸਾਂਭਿਆ ਹੋਇਆ ਸੀ। ਮੇਰਾ ਫਿਕਰ ਤਾਂ ਸਾਂਝੇ ਟਾਇਲਟ ਤਕ ਹੀ ਸੀ ਪਰ ਮੈਂ ਜਾਣਦੀ ਸੀ ਕਿ ਇਹਦੇ ਨਾਲ ਮੈਂ ਨਜਿੱਠ ਲਵਾਂਗੀ ਕਿਉਂਕਿ ਮੈਂ ਪਿੰਡਾਂ ਵਿਚ ਰਹਿਣ ਹਿਲੀ ਹੋਈ ਸੀ ਜਿੱਥੇ ਇਹ ਸਹੂਲਤਾਂ ਹੁੰਦੀਆਂ ਹੀ ਨਹੀਂ। ਇਹ ਤਾਂ ਫੇਰ ਵੀ ਸ਼ਹਿਰ ਸੀ।

ਮੈਂ ਹੋਰ ਥਾਵਾਂ ਵੀ ਦੇਖੀਆਂ। ਮੁਹੱਲੇ ਦੀ ਪਿਛਲੀ ਗਲੀ ਵਿਚ ਇਕ ਕਮਰੇ ਦੇ ਨਾਲ ਜੁੜਿਆ ਛੋਟਾ ਬਾਥ-ਰੂਮ ਵੀ ਸੀ ਜਿਸਦਾ ਦਾਖਲ ਹੋਣ ਵਾਲਾ ਰਾਹ ਵੱਖਰਾ ਹੀ ਸੀ। ਇਹ ਇਕ

ਵੱਡੇ ਜਿਮੀਂਦਾਰ ਦਾ ਮਕਾਨ ਸੀ ਜਿਸ ਦੀਆਂ ਇਸ ਬਾਜ਼ਾਰ ਵਿਚ ਕਈ ਇਮਾਰਤਾਂ ਸਨ। ਚੰਦਾ ਨੇ ਹੀ ਮੈਨੂੰ ਇਹ ਦੱਸਿਆ ਸੀ। ਪਿਛਲੇ ਦੋ ਕੁ ਮਹੀਨਿਆਂ ਤੋਂ ਮੈਂ ਚੰਦਾ ਨਾਲ ਨਜਦੀਕੀ ਰਿਸ਼ਤਾ ਬਣਾ ਲਿਆ ਸੀ। ਉਹ ਕਾਫੀ ਸਮਝਦਾਰ ਕੁੜੀ ਸੀ ਜੋ ਪੂਰੀ ਤਰ੍ਹਾਂ ਅਪਣੇ ਧੰਦੇ ਨੂੰ ਸਮਰਪਤ ਸੀ। ਉਹ ਅਪਣੇ ਪ੍ਰਬੰਧਕਾਂ ਵਲੋਂ ਲਗਾਤਾਰ ਦਬਾਉ ਮਹਿਸੂਸ ਕਰਦੀ ਰਹਿੰਦੀ ਸੀ ਖਾਸ ਕਰਕੇ ਅਪਣੀ ਮਾਂ ਵੱਲੋਂ ਪਰ ਅਪਣਾ ਕੰਮ ਪੂਰੀ ਮੁਸਤੈਦੀ ਨਾਲ ਕਰਦੀ ਸੀ। ਉਹਨੇ ਇਕ ਵਾਰੀ ਮੈਨੂੰ ਦੱਸਿਆ ਕਿ ਉਹ ਸਖਤ ਮੇਹਨਤ ਕਰਕੇ ਅਪਣੇ ਧੰਦੇ ਵਿਚ ਕਾਮਯਾਬ ਹੋਣਾ ਚਾਹੁੰਦੀ ਏ ਤਾਂ ਕਿ ਕਿਸੇ ਦਿਨ ਆਪਣੇ ਪਰਿਵਾਰ ਅਤੇ ਬਿਰਾਦਰੀ ਦੀ ਸਹਿਮਤੀ ਪ੍ਰਾਪਤ ਹੋ ਜਾਵੇ ਉਨ੍ਹਾਂ ਕੁਝ ਹਰਕਤਾਂ ਬਾਰੇ, ਉਨ੍ਹਾਂ ਨੂੰ ਉਹ ਰੀਤ ਤੋਂ ਵੱਖਰਾ ਸਮਝਦੇ ਰਹੇ ਹਨ। ਉਹਨੇ ਮੈਨੂੰ ਇਹ ਨਹੀਂ ਦੱਸਿਆ ਕਿ ਅਸਲ ਵਿਚ ਉਹਦੇ ਮਨ ਵਿਚ ਕੀ ਸੀ ਪਰ ਮੇਰਾ ਆਮ ਪ੍ਰਭਾਵ ਇਹ ਸੀ ਕਿ ਉਹ ਧੰਦੇ ਨੂੰ ਬੜੀ ਗੰਭੀਰਤਾ ਨਾਲ ਲੈਂਦੀ ਏ।

ਚੰਦਾ ਦਾ ਟੱਬਰ ਨੇੜੇ ਦੀ ਵੱਡੀ ਸਾਰੀ ਇਮਾਰਤ ਦੀ ਹੇਠਲੀ ਮੰਜ਼ਲ ਤੇ ਰਹਿੰਦਾ ਸੀ। ਪੱਚੀ-ਛੱਬੀ ਸਾਲ ਦੀ ਉਮਰ ਦੀਆਂ ਉਹਦੀਆ ਦੋ ਭੈਣਾਂ ਅਪਣੇ ਧੰਦੇ ਦੇ ਅਖੀਰਲੇ ਪੜਾਵਾਂ ਤੇ ਸਨ। ਉਹਦੇ ਪਰਿਵਾਰ ਤੋਂ ਬਿਨਾਂ ਕੁਝ ਵਪਾਰੀ ਲੋਕ ਵੀ ਉਤਲੀਆਂ ਦੋਹਾਂ ਮੰਜ਼ਲਾਂ ਤੇ ਰਹਿੰਦੇ ਸਨ। ਦੋ ਟਬਰਾਂ ਦੀਆਂ ਛੋਟੀਆਂ-ਛੋਟੀਆਂ ਦੁਕਾਨਾਂ ਸਨ ਜੋ ਵੀਡੀਉ ਕਿਰਾਏ ਤੇ ਦਿੰਦੇ ਸਨ ਤੇ ਕੈਸਟਾਂ ਵੇਚਦੇ ਸਨ ਅਤੇ ਦੋ ਦੀਆਂ ਸ਼ੇਖੂਪੁਰੀਆਂ ਬਾਜ਼ਾਰ ਵਿਚ ਜੁੱਤਿਆਂ ਦੀਆਂ ਦੁਕਾਨਾਂ ਸਨ। ਮੈਨੂੰ ਕਮਰਾ ਦਿਖਾਉਣ ਤੋਂ ਬਾਦ ਚੰਦਾ ਨੇ ਕਿਹਾ, 'ਤੈਨੂੰ ਖਾਣ ਦੀ ਚਿੰਤਾ ਕਰਨ ਦੀ ਲੋੜ ਨਹੀਂ। ਤੂੰ ਸਾਡੇ ਨਾਲ ਹੀ ਖਾ ਸਕਦੀ ਏਂ।'

ਮੈਂ ਉਹਦਾ ਸ਼ੁਕਰੀਆ ਕੀਤਾ ਪਰ ਬੋਲੀ, 'ਮੈਨੂੰ ਪਤਾ ਏ ਕਿ ਨਾਲ ਦੇ ਬਾਜ਼ਾਰ ਵਿਚੋਂ ਖਾਣਾ ਸੌਖਾ ਹੀ ਮਿਲ ਜਾਂਦਾ ਏ। ਇੱਥੋਂ ਦੇ ਬਹੁਤੇ ਲੋਕ ਖਾਣਾ ਘਰ ਤਾਂ ਪਕਾਉਂਦੇ ਹੀ ਨਹੀਂ, ਠੀਕ ਏ ਨਾ?'

'ਅਸੀਂ ਪਕਾਉਂਦੇ ਹਾਂ', ਉਹਨੇ ਦੱਸਿਆ, 'ਸਿਰਫ ਨਾਸ਼ਤਾ ਨਹੀਂ ਬਣਾਉਂਦੇ ਬਸ। ਪਰ ਇਸ ਤੋਂ ਬਿਨਾਂ ਅਸੀਂ ਅਪਣਾ ਖਾਣਾ ਆਪ ਪਕਾਉਂਦੇ ਹਾਂ। ਸਾਡੀ ਵਧੀਆ ਰਸੋਈ ਏ।' ਮੇਰਾ ਹੱਥ ਫੜ ਕੇ ਉਹ ਕਹਿਣ ਲੱਗੀ, 'ਆ ਹੁਣ ਸਾਡੇ ਘਰ ਚੱਲ।' ਅਸੀਂ ਪਿਛਲੇ ਦਰਵਾਜ਼ੇ ਵਿਚ ਅੰਦਰ ਵੜੀਆਂ ਜਿਹੜਾ ਵਿਹੜੇ ਵਿਚ ਨਿਕਲਦਾ ਸੀ। ਅੰਦਰ ਜਾਂਦੇ ਹੋਏ ਉਹਨੇ ਮੈਨੂੰ ਪੁੱਛਿਆ 'ਮੈਂ ਕਿੰਨਾ ਕਿਰਾਇਆ ਦੇ ਸਕਦੀ ਹਾਂ।'

'ਕਿਉਂ, ਇਹ ਘਟ-ਵਧ ਵੀ ਜਾਇਗਾ?', ਮੈਂ ਪੁੱਛਿਆ। ਉਹਨੇ ਅੱਖ ਮਾਰੀ ਤੇ ਬੋਲੀ, 'ਸਾਡੇ ਮਾਲਕ ਮਕਾਨ ਨਾਲ ਚੰਗੇ ਸਬੰਧ ਨੇ। ਅਸੀਂ ਪਹਿਲਾਂ ਕਿਤੇ ਹੋਰ ਰਹਿੰਦੇ ਸੀ ਪਰ ਉਹ ਬੜਾ ਦਿਆਲੂ ਸੀ ਅਤੇ ਸਾਨੂੰ ਉਹ ਠੀਕ-ਠੀਕ ਕਿਰਾਏ ਉੱਤੇ ਹੀ ਅਪਣੀ ਇਮਾਰਤ ਵਿਚ ਲੈ ਆਇਆ। ਉਹ ਅਪਣੇ ਕੁਝ ਕਾਰੋਬਾਰੀ ਅਤੇ ਸਿਆਸੀ ਦੋਸਤਾਂ ਨੂੰ ਇੱਥੇ ਭੇਜਦਾ ਰਹਿੰਦਾ ਏ ਤੇ ਅਸੀਂ ਉਨ੍ਹਾ ਦੀ ਸੇਵਾ ਕਰ ਦਿੰਦੇ ਹਾਂ। ਸਮਝ ਗਈ ਨਾਂ ਮੇਰਾ ਮਤਲਬ? ਇਹ ਇੰਤਜਾਮ ਸਾਡੇ ਦੋਹਾਂ ਲਈ ਹੀ ਸੂਤ ਬਹਿੰਦਾ ਏ।' ਅਸੀਂ ਇਕ ਸੌੜੇ ਲੰਬੇ ਜਿਹੇ ਕਮਰੇ ਵਿਚ ਦਾਖਲ ਹੋਈਆਂ 'ਤੇ ਉਹਨੇ ਮੈਨੂੰ ਹੈਦਰੀ ਸਟਰੀਟ ਮੂਹਰਲਾ ਅੰਦਰ ਆਉਣ ਦਾ ਰਾਹ ਦਿਖਾਇਆ ਜਿੱਥੇ ਇਕ ਵੱਡਾ ਗੇਟ ਵਰਗਾ ਦਰਵਾਜਾ ਇਕ ਬੈਠਕ ਨੂੰ ਖੁਲ੍ਹਦਾ ਸੀ। ਇਕ ਕੋਠੇ ਵਾਂਗ ਸੰਵਾਰੇ ਹੋਏ ਇਸ ਕਮਰੇ

ਵਿਚ ਇਕ ਸੋਫਾ ਸੈਟ ਪਿਆ ਸੀ ਅਤੇ ਭੁੰਜੇ ਬਹਿਣ ਲਈ ਤਕੀਏ ਸਨ। ਇਸ ਤੋਂ ਅੱਗੇ ਇਕ ਛੋਟਾ ਦਰਵਾਜਾ ਇਕ ਹੋਰ ਅੰਦਰ ਆਉਣ ਦਾ ਰਾਹ ਸੀ ਜੋ ਮੇਨ ਸਟਰੀਟ ਵਿਚੋਂ ਸੀ ਤੇ ਤੰਗ ਕਮਰੇ ਦੇ ਲਾਂਘੇ ਵਿਚ ਖੁਲ੍ਹਦਾ ਸੀ। ਟੱਬਰ ਸਾਰਾ ਦਿਨ ਇਸੇ ਨੂੰ ਹੀ ਵਰਤਦਾ ਸੀ। ਸਿਰਫ ਗਾਹਕ ਹੀ ਸ਼ਾਮ ਨੂੰ ਵੱਡੇ ਦਰਵਾਜੇ ਨੂੰ ਵਰਤਦੇ ਸੀ।

ਇਸ ਤੰਗ ਜਿਹੇ ਕਮਰੇ ਵਿਚ ਦੋ ਚਾਰਪਾਈਆਂ ਸਨ ਅਤੇ ਕਈ ਸੂਟਕੇਸ ਇਕ-ਦੂਜੇ ਉੱਤੇ ਚਿਣੇ ਪਏ ਸਨ। ਫਿਲਮੀ ਹੀਰੋਇਨਾਂ ਦੀਆਂ ਰੰਗੀਨ ਤਸਵੀਰਾਂ ਦੇ ਪੋਸਟਰ ਕੰਧਾਂ ਤੇ ਚਿਪਕੇ ਹੋਏ ਸਨ। ਅਸੀਂ ਜਦ ਮੁੜ ਵਿਹੜੇ ਵਿਚ ਆਈਆਂ ਤਾਂ ਮੈਂ ਤਿੰਨ ਕਮਰਿਆਂ ਅਤੇ ਇਕ ਰਸੋਈ ਦਾ ਬੂਹਾ ਦੇਖਿਆ। ਚੰਦਾ ਨੇ ਮੈਨੂੰ ਦੱਸਿਆ ਕਿ ਦੋ ਕਮਰੇ ਤਿਨੋਂ ਭੈਣਾ ਲਈ ਸਨ। ਇਕ ਭੈਣ ਉਨਾ ਨਾਲ ਹੀ ਕਮਰੇ ਵਿਚ ਰਹਿੰਦੀ ਏ ਅਤੇ ਦੂਜੀ ਅਪਣੇ ਦੋ ਬੱਚਿਆਂ ਨਾਲ ਦੂਜੇ ਕਮਰੇ ਵਿਚ। ਉਨ੍ਹਾਂ ਦੀ ਮਾਂ ਤੰਗ ਕਮਰੇ ਵਿਚ ਸੌਂਦੀ ਏ। ਚੰਦਾ ਮੈਨੂੰ ਅਪਣੇ ਬੈੱਡ-ਰੂਮ ਵਿਚ ਲੈ ਗਈ, ਅਤੇ ਮੇਰੇ ਅਪਣੇ ਘਰ ਵਿੱਚ ਆਉਣ ਕਰਕੇ ਬੜੀ ਉੱਤੇਜਿਤ ਸੀ। ਉਸ ਦੇ ਕਮਰੇ ਵਿਚ ਵੱਡਾ ਡਬਲ ਬੈੱਡ ਸੀ ਜਿਸਦੇ ਪਿਛਲੇ ਪਾਸੇ ਨੱਕਾਸ਼ੀਦਾਰ ਵੱਡੀ ਢੋਅ ਸੀ ਅਤੇ ਇਕ ਵੱਡਾ ਸਾਰਾ ਡਰੇਸਿੰਗ ਟੇਬਲ ਸੀ ਜੋ ਵਿਦੇਸ਼ੀ ਮੇਅਕੱਪ ਦੇ ਸਮਾਨ ਅਤੇ ਸੈਂਟ ਦੀਆਂ ਸ਼ੀਸ਼ੀਆਂ ਨਾਲ ਭਰਿਆ ਪਿਆ ਸੀ। ਸਾਰੇ ਹੀ ਮਸ਼ਹੂਰ ਮਾਰ ਕੇ ਵਾਲੇ ਨਾਂ ਵੇਖਕੇ ਮੈਂ ਬੋਲੀ, 'ਕਮਾਲ ਦਾ ਸਮਾਨ ਏ! ਤੂੰ ਅਪਣੀ ਸਾਰੀ ਕਮਾਈ ਮੇਕਅੱਪ ਤੇ ਲਾ ਦਿੰਦੀ ਏਂ,'

ਉਹਨੇ ਸਿਰ ਨੂੰ ਝਟਕਾ ਦਿੱਤਾ ਤੇ ਹੱਸੀ, 'ਇਕ ਰੁਪਿਆ ਵੀ ਨਹੀਂ। ਇਹ ਚੀਜ਼ਾਂ ਮੇਰੇ ਲਈ ਮੇਰੇ ਗਾਹਕ ਲਿਆਉਂਦੇ ਨੇ। ਮੈਂ ਤਾਂ ਇਹ ਵੀ ਪੱਕਾ ਕਰਦੀ ਹਾਂ ਕਿ ਮੈਨੂੰ ਕੱਪੜਿਆਂ ਤੇ ਵੀ ਪੈਸਾ ਨਾ ਖਰਚਣਾ ਪਵੇ। ਮੇਰੀਆਂ ਭੈਣਾਂ ਅਪਣੇ ਕੱਪੜੇ ਆਪ ਖਰੀਦਦੀਆਂ ਨੇ ਪਰ ਮੈਂ ਨਹੀਂ। ਜੇ ਮੈਨੂੰ ਵੀ ਚੀਜ਼ਾਂ ਅਪਣੇ ਲਈ ਆਪ ਖਰੀਦਣੀਆਂ ਪੈਣ ਫੇਰ ਮੈਂ ਸਵਾਹ ਦੀ ਰੰਡੀ ਹਾਂ। ਫੇਰ ਤਾਂ ਮੈਂ ਫਲ ਹੀ ਵੇਚਣ ਲੱਗ ਜਾਂਦੀ। ਤੂੰ ਹੁਸ਼ਿਆਰ ਏਂ ਤੂੰ ਸਮਝ ਹੀ ਗਈ ਹੋਣੀ ਏਂ ਕਿ ਮੇਰਾ ਕੀ ਮਤਲਬ ਏ।'

'ਹਾਂ, ਮੈਂ ਸਮਝ ਰਹੀ ਹਾਂ।' ਮੈਂ ਸਿਰ ਹਿਲਾਇਆ।

'ਮੇਰੇ ਗਾਹਕ ਅਫਸਰਸ਼ਾਹ ਹੁੰਦੇ ਨੇ, ਸੌਗਾਤਾਂ ਦੇਣ ਵਿਚ ਚੰਗੇ। ਉਹ ਬਹੁਤੇ ਖੁਲ੍ਹਦੇ ਨਹੀਂ ਤੇ ਬਹੁਤੀ ਨਕਦੀ ਮੈਨੂੰ ਨਹੀਂ ਦਿੰਦੇ। ਪਰ ਉਹ ਸੈਂਟ ਆਦਿ ਬਾਰੇ ਮੇਰੀਆਂ ਫਰਮਾਇਸ਼ਾਂ ਜਰੂਰ ਪੂਰੀਆਂ ਕਰਦੇ ਨੇ ਅਤੇ ਤੈਨੂੰ ਪਤਾ ਹੀ ਏ ਉਨ੍ਹਾਂ ਦੀ ਪਸੰਦ ਵਧੀਆ ਹੁੰਦੀ ਏ। ਕਾਰੋਬਾਰੀ ਸੰਸਾਰ ਦੇ ਮੇਰੇ ਗਾਹਕਾਂ ਦੀ ਤਾਂ ਚੰਗੀਆਂ ਚੀਜ਼ਾਂ ਲਈ ਕੋਈ ਪਸੰਦ ਉੱਕਾ ਹੀ ਨਹੀਂ ਹੁੰਦੀ।'

'ਕਾਰੋਬਾਰੀ ਸੰਸਾਰ ਮਤਲਬ' ?, ਮੈਂ ਪੁੱਛਿਆ।

'ਕਾਰੋਬਾਰੀ ਲੋਕ ਤੈਨੂੰ ਪਤਾ ਏ। ਉਨ੍ਹਾਂ ਕੋਲ ਪੈਸਾ ਤਾਂ ਬਹੁਤ ਹੁੰਦਾ ਏ ਦੇਣ ਨੂੰ ਮੈਂ ਉਨ੍ਹਾਂ ਤੋਂ ਸੌਗਾਤ ਖਰੀਦਣ ਦੀ ਆਪਣੀ ਫਰਮਾਇਸ਼ ਪੂਰੀ ਨਹੀਂ ਕਰਵਾ ਸਕਦੀ। ਅੰਗ੍ਰੇਜ਼ੀ ਬੋਲਣ ਵਾਲੇ ਉੱਚੇ ਦਰਜੇ ਦੇ ਸਰਕਾਰੀ ਅਫਸਰ ਲੋਕ ਤਾਂ ਸਗੋਂ ਵਿਦੇਸ਼ਾਂ ਤੋਂ ਵੀ ਮੇਰੇ ਲਈ ਸੌਗਾਤਾਂ ਲੈ ਕੇ ਆਉਂਦੇ ਨੇ। ਉਹ ਸਰਕਾਰੀ ਦੌਰੇ ਤੇ ਜਾਂਦੇ ਨੇ ਇਸ ਲਈ ਮੇਰੇ ਵਾਸਤੇ ਸਮਾਨ ਵੀ ਵਧੀਆ ਲਿਆਉਂਦੇ ਨੇ।'

'ਤੂੰ ਅਪਣੀ ਸਹੇਲੀ ਨੂੰ ਚਾਹ ਨਹੀਂ ਪਿਲਾ ਰਹੀ? ਇੱਥੇ ਹੀ ਖੜੀ ਬੱਸ ਗੱਲਾਂ ਹੀ ਕਰਦੀ

ਰਹੇਂਗੀ? ਤੂੰ ਬੈਠ ਕਿਉਂ ਨਹੀਂ ਜਾਂਦੀ?', ਚੰਦਾ ਦੀ ਮਾਂ ਦੀ ਭਾਰੀ ਜਿਹੀ ਅਵਾਜ਼ ਪਿੱਛੋਂ ਸੁਣਾਈ ਦਿੱਤੀ। ਉਹ ਭਾਰੀ ਜਿਹੀ ਗੋਰੇ ਰੰਗ ਦੀ ਔਰਤ ਸੀ। ਮੈਂ ਉਹਨੂੰ ਸਲਾਮ ਕੀਤੀ ਅਤੇ ਮੈਂ ਅਤੇ ਚੰਦੀ ਤੇ ਮੈਂ ਬੈਠ ਗਈਆਂ ਉਹ ਬੈੱਡ ਉੱਤੇ ਤੇ ਮੈਂ ਨੇੜੇ ਪਈ ਕੁਰਸੀ ਉੱਤੇ। ਮੇਰੇ ਵਲ ਨਜ਼ਰ ਭਰ ਕੇ ਦੇਖਣ ਤੋਂ ਬਾਦ ਉਹ ਦੀ ਮਾ ਕਮਰੇ ਵਿਚੋਂ ਚਲੀ ਗਈ। ਚੰਦਾ ਨੇ ਕਹਿਣਾ ਜਾਰੀ ਰੱਖਿਆ, 'ਤੈਨੂੰ ਪਤਾ ਏ ਮੈਨੂੰ ਪ੍ਰਾਈਵੇਟ ਮੁਜਰੇ ਵਿਚ ਬੜਾ ਅਨੰਦ ਆਉਂਦਾ ਏ। ਮੈਨੂੰ ਵੱਖੋ-ਵੱਖਰੀ ਤਰ੍ਹਾਂ ਦੇ ਲੋਕਾਂ ਨੂੰ ਮਿਲਣਾ ਬੜਾ ਪਸੰਦ ਏ।'

'ਤੈਨੂੰ ਕਿਸ ਤਰ੍ਹਾਂ ਦੇ ਗਾਹਕ ਸਭ ਤੋਂ ਵੱਧ ਪਸੰਦ ਨੇ?', ਮੈਂ ਪੁੱਛਿਆ।

'ਜਦੋਂ ਕਦੀ ਵੀ ਸੁਨਿਆਰੇ ਮੈਨੂੰ ਬੁਲਾਉਂਦੇ ਨੇ ਤਾਂ ਮੈਨੂੰ ਬਹੁਤ ਵਧੀਆ ਲੱਗਦਾ ਏ। ਅਸੀਂ ਉਨ੍ਹਾਂ ਨੂੰ ਅਪਣੀ ਭਾਸ਼ਾ ਵਿਚ ਕੰਜੂਸ ਮੱਖੀ ਚੂਸ ਕਹਿੰਦੇ ਹਾਂ ਪਰ ਮੇਰਾ ਵਿਸ਼ਵਾਸ ਕਰੀਂ ਉਹ ਸਾਡੇ ਕੰਜਰੀਆਂ ਤੇ ਬੜੇ ਮੇਹਰਬਾਨ ਹੁੰਦੇ ਨੇ। ਉਹ ਅਪਣਾ ਦਿਲ ਹੀ ਸਾਡੇ ਤੇ ਵਾਰ ਦਿੰਦੇ ਨੇ ਤੇ ਜੇ ਤੂੰ ਕਿਤੇ ਉਨ੍ਹਾਂ ਨੂੰ ਅਪਣੇ ਦੋਸਤ ਨਾਲ ਮੁਕਾਬਲੇ ਵਿਚ ਦੇਖੇਂ, ਤਾਂ ਨਸ਼ਾ ਹੀ ਆ ਜਾਂਦਾ ਏ। ਸਾਡੇ ਉੱਤੇ ਵੇਲ ਵਾਰਦਿਆਂ ਉਨ੍ਹਾਂ ਦੇ ਮੁਕਾਬਲੇ ਬਾਰੇ ਮੈਂ ਤੈਨੂੰ ਬਿਆਨ ਹੀ ਨਹੀਂ ਕਰ ਸਕਦੀ। ਮੈਨੂੰ ਉਦੋਂ ਬਹੁਤਾ ਚੰਗਾ ਤਾਂ ਨਹੀਂ ਲੱਗਦਾ ਜਦ ਉਹ ਪੰਜ ਤੇ ਦਸ ਦੇ ਨੋਟ ਵਾਰਦੇ ਨੇ। ਵੇਲ ਦੀ ਰਕਮ ਨੂੰ ਹੋਰ ਵਧਾਉਣਾ ਤਾਂ ਸੌਖਾ ਨਹੀਂ ਏ। ਮੈਂ ਸਮਝਦੀ ਹਾਂ ਕਿ ਜੇ ਸਾਡੇ ਤੇ 100 ਰੁਪਏ ਦੇ ਨੋਟ ਸੁੱਟੇ ਜਾਣ ਜਾਂ ਇਸ ਤੋਂ ਵੀ ਵੱਧ 1000 ਦੇ ਨੋਟ ਹੋਣ। 1000 ਰੁਪਏ ਦੇ ਨੋਟ ਦਾ ਨਸ਼ਾ ਤਾਂ ਜੱਗੋਂ ਬਾਹਰਾ ਹੀ ਏ। ਸੱਚ ਕਹਿੰਦੀ ਹਾਂ ਉਦੋਂ ਅਸੀਂ ਹੋਰ ਹੀ ਰੀਝ ਨਾਲ ਨੱਚਦੀਆਂ ਹਾਂ।'

ਉਹਦੀ ਮਾਂ ਵਾਪਸ ਆ ਗਈ ਤੇ ਬੋਲੀ, 'ਚੰਦਾ ਗੱਲਾਂ ਬੜੀਆਂ ਕਰਦੀ ਏ। ਜੇ ਤੂੰ ਉਹਦੀਆਂ ਗੱਲਾਂ ਸੁਣਦੀ ਰਹੀ ਤਾਂ ਭੁੱਖੀ ਹੀ ਰਹਿ ਜਾਏਂਗੀ।'

'ਕੋਈ ਨਾ ਫਿਕਰ ਨਾ ਕਰੋ', ਮੈਂ ਬੋਲੀ, 'ਮੇਰੀ ਅਜੇ ਕੁਝ ਖਾਣ ਦੀ ਇੱਛਾ ਵੀ ਨਹੀਂ ਤੇ ਇਸ ਤੋਂ ਬਿਨਾਂ ਮੈਨੂੰ ਤੁਹਾਡੀ ਕੁੜੀ ਦੀਆਂ ਗੱਲਾਂ ਵਿਚ ਮਜ਼ਾ ਵੀ ਬਹੁਤ ਆ ਰਿਹਾ ਏ।' ਮੈਂ ਚੰਦਾ ਵਲ ਮੁੜੀ ਤੇ ਉਹ ਨੂੰ ਕਿਹਾ ਕਿ ਉਹ ਅੱਗੇ ਬੋਲੇ।

ਚੰਦਾ ਦੀ ਮਾਂ ਦੇ ਜਾਣ ਤੋਂ ਬਾਦ ਚੰਦਾ ਫੇਰ ਕਹਿਣ ਲੱਗੀ, 'ਮੈਂ ਕਿਸੇ ਇਕ ਗਾਹਕ ਨਾਲ ਜਾਣ ਤੋਂ ਵੱਧ ਕਿਸੇ ਸਮੂਹ ਦੇ ਸਾਮ੍ਹਣੇ ਨੱਚਣਾ ਬਹੁਤਾ ਪਸੰਦ ਕਰਦੀ ਹਾਂ। ਮੈਂ ਮਹਿਸੂਸ ਕਰਦੀ ਹਾਂ ਕਿ ਮੈਂ ਆਪਣੀ ਕਲਾ ਖੁੱਲ੍ਹ ਕੇ ਦਿਖਾ ਸਕਦੀ ਹਾਂ ਤੇ ਲੋਕਾਂ ਨੂੰ ਪਾਗਲ ਕਰ ਦੇਣਾ ਮੈਨੂੰ ਬੜਾ ਪਿਆਰਾ ਲੱਗਦਾ ਏ।'

'ਤੇਰੇ ਮੁਜਰੇ ਤੇ ਹਮੇਸ਼ਾ ਸਾਰੇ ਮਰਦ ਹੀ ਹੁੰਦੇ ਨੇ ?', ਮੈਂ ਪੁੱਛਿਆ।

'ਹਾਂ, ਪਰ ਪਿੱਛੇ ਜਿਹੇ ਮੈਂ ਸੁਣਿਆਂ ਏ ਕਿ ਬਹੁਤੇ ਅਮੀਰ ਲੋਕਾਂ ਦੇ ਮੁਜਰੇ ਤੇ ਰਲਵਾਂ ਜਿਹਾ ਇਕੱਠ ਹੁੰਦਾ ਏ। ਮੈਂ ਇਕ ਮੁਜਰਾ ਇਸ ਤਰ੍ਹਾਂ ਦਾ ਕੀਤਾ ਸੀ ਪਰ ਮੈਨੂੰ ਪਸੰਦ ਨਹੀਂ ਆਇਆ।'

'ਕਿਉਂ ਨਹੀਂ ਆਇਆ?'

'ਉਹ ਸਾਡੇ ਵੱਲ ਚੀਜਾਂ ਵਾਂਗ ਝਾਕਦੇ ਨੇ ਅਤੇ ਸਰੋਤਿਆਂ ਨਾਲ ਤਾਂ ਉੱਕਾ ਕੋਈ ਅੰਤਰਕਿਰਿਆ ਨਹੀਂ ਹੁੰਦੀ। ਲੋਕ ਬਹੁਤਾ ਖੁਲ੍ਹਦੇ ਨਹੀਂ ਤੇ ਮਿਹਰਬਾਨ ਹੋ ਕੇ ਪੈਸੇ ਨਹੀਂ ਸੁੱਟਦੇ। ਔਰਤਾਂ ਤਾਂ ਪੈਸੇ ਲਈ ਮਿਹਰਬਾਨ ਹੁੰਦੀਆਂ ਹੀ ਨਹੀਂ ਕਿਉਂਕਿ ਉਨ੍ਹਾਂ ਦਾ ਅਜਿਹੇ ਇਕੱਠਾ ਲਈ

ਸਵਾਦ ਨਹੀਂ ਅਜੇ ਸ਼ਾਇਦ ਇਸ ਲਈ। ਮੇਰੇ ਵਾਸਤੇ ਤਾਂ ਨਾਚ, ਨਾਚੀ ਅਤੇ ਗਾਹਕ ਵਿਚਕਾਰ ਏ। ਉਸੇ ਨਾਲ ਅੰਤਰਕਿਰਿਆ ਹੁੰਦੀ ਏ ਅਤੇ ਗਾਹਕ ਨਾਚੀ ਦੀ ਹਰ ਅਦਾ ਤੇ ਤਾਲ ਤੇ ਦਾਦ ਦਿੰਦਾ ਏ। ਤੈਨੂੰ ਜਿਵੇਂ ਲੱਗਦਾ ਹੋਵੇ ਸਿਰਫ ਪੈਸਾ ਸੁੱਟਣਾ ਹੀ ਕਾਫੀ ਨਹੀਂ ਹੁੰਦਾ। ਇਹ ਤਾਂ ਖਾਸ ਉਸ ਚੀਜ਼ ਦੀ ਦਾਦ ਹੁੰਦੀ ਏ ਜੋ ਮੈਂ ਕਰ ਰਹੀ ਹੁੰਦੀ ਹਾਂ। ਜੇ ਮੈਂ ਮੁਸਕੁਰਾ ਕੇ ਉਹ ਦੇ ਦਿਲ ਵਿਚ ਉੱਤਰ ਜਾਂਦੀ ਹਾਂ ਜਾਂ ਅੱਖ ਮਾਰ ਦਿੰਦੀ ਹਾਂ ਜਾਂ ਇਸ ਤਰ੍ਹਾਂ ਦਾ ਕੁਝ ਹੋਰ ਕਰਦੀ ਹਾਂ ਤਾਂ ਹੀ ਤਾਂ ਉਹਦਾ ਹੱਥ ਜੇਬ ਵਿਚ ਜਾਂਦਾ ਏ। ਮੇਰੇ ਲਈ ਇਹ ਉਸਦੀ ਦਾਦ ਏ, ਜੇ ਮੈਂ ਅਪਣੇ ਕੰਮ ਵਿਚ ਸਹੀ ਹੋਵਾਂਗੀ ਤਾਂ ਹੀ ਮੈਨੂੰ ਇਹ ਦਾਦ ਮਿਲੇਗੀ।'

'ਲਗਦਾ ਏ ਤੈਨੂੰ ਆਪਣਾ ਕੰਮ ਬੜਾ ਪਸੰਦ ਏ।', ਮੈਂ ਕਿਹਾ।

ਉਹਨੇ ਮੇਰੀ ਟਿੱਪਣੀ ਅਣਡਿੱਠ ਕਰਦੇ ਹੋਏ ਅੱਗੇ ਕਹਿਣਾ ਜਾਰੀ ਰੱਖਿਆ ਅਤੇ ਅਪਣੇ ਬਿਆਨ ਵਿਚ ਪੂਰੀ ਤਰ੍ਹਾਂ ਰੁੱਝੀ ਰਹੀ,' ਕਈ ਵਾਰੀ ਇਹ ਘਰੇਲੂ ਜਿਹੇ ਲੋਕ ਰਲੇ-ਮਿਲੇ ਇਕੱਠ ਲਈ ਮੁਜਰਾ ਕਰਵਾ ਲੈਂਦੇ ਨੇ ਤੇ ਸਾਡੀ ਫੀਸ ਤੈਅ ਕਰ ਲੈਂਦੇ ਨੇ। ਫੇਰ ਉਹ ਸੋਚਦੇ ਨੇ ਕਿ ਹੁਣ ਵੇਲ ਦੇਣ ਦੀ ਕੋਈ ਲੋੜ ਨਹੀਂ। ਉਨ੍ਹਾਂ ਵਿਚੋਂ ਕੁਝ ਸਾਨੂੰ ਥੋੜਾ ਜਿਹਾ ਪੈਸਾ ਵੀ ਸੁੱਟ ਦਿੰਦੇ ਨੇ ਸਵਾਦ ਲੈਣ ਲਈ ਮੇਰਾ ਖਿਆਲ ਏ, ਪਰ ਮੈਨੂੰ ਇਸ ਤੋਂ ਵੱਧ ਅਕਾਊ ਹੋਰ ਕੋਈ ਚੀਜ਼ ਨਹੀਂ ਲੱਗਦੀ। ਸਮਝਣ ਦੀ ਕੋਸ਼ਿਸ਼ ਕਰ ਜ਼ਰਾ। ਜੇ ਮੈਨੂੰ ਕਿਸੇ ਮੁਜ਼ਰੇ ਲਈ ਤੈਅ ਫੀਸ ਤੇ ਕਰ ਲਿਆ ਜਾਵੇ ਤੇ ਵੇਲ ਕੋਈ ਨਾ ਹੋਵੇ ਤਾਂ ਫੇਰ ਮੈਂ ਚੰਗਾ ਨੱਚਾਂ ਜਾਂ ਬੁਰਾ ਨੱਚਾਂ ਫੇਰ ਕੀ ਫਰਕ ਪੈਂਦਾ ਏ? ਵੇਲ ਮੇਰੇ ਲਈ ਨਿਰੰਤਰ ਸੰਦੇਸ਼ ਹੁੰਦਾ ਏ ਮੇਰੇ ਗਾਹਕਾਂ ਵੱਲੋਂ ਕਿ ਉਹ ਮੇਰੇ ਕੰਮ ਦੀ ਦਾਦ ਦੇ ਰਹੇ ਨੇ ਅਤੇ ਮੈਂ ਉਨ੍ਹਾਂ ਸੰਕੇਤਾਂ ਤੇ ਚੱਲਦੀ ਰਹਿੰਦੀ ਹਾਂ। ਜੇ ਮੈਨੂੰ ਪਤਾ ਲੱਗੇ ਕਿ ਮੈਂ ਉਨ੍ਹਾਂ ਦੇ ਦਿਲ ਵਿਚ ਨਹੀਂ ਉਤਰ ਸਕੀ ਹਾਂ ਫੇਰ ਮੈਂ ਕਾਹਦੇ ਲਈ ਹੋਰ ਸੰਦੇਸ਼ੇ ਭੇਜਦੀ ਰਹਾਂਗੀ? ਮੁਰਦਾ ਸਰੋਤਿਆਂ ਲਈ ਕੌਣ ਨੱਚਣਾ ਚਾਹੇਗਾ ਜੋ, ਨਾਚ ਦੇ ਖਤਮ ਹੋਣ ਤੇ ਸਿਰਫ ਤਾੜੀਆਂ ਮਾਰਨ ਜੋਗੇ ਹੀ ਹੋਣ?' ਅਪਣੇ ਪੈਰ ਬੈੱਡ ਤੇ ਕਰਕੇ ਉਸਨੇ ਖੁਦ ਨੂੰ ਹੋਰ ਅਰਾਮਦੇਹ ਬਣਾਇਆ। ਫੇਰ ਉਹ ਉੱਤੇਜਨਾ ਨਾਲ ਅੱਗੇ ਨੂੰ ਹੋਈ ਤੇ ਬੋਲੀ, 'ਮੇਰੇ ਸਭ ਤੋਂ ਵਧੀਆ ਗਾਹਕ ਪ੍ਰਾਈਵੇਟ ਮੁਜਰਿਆਂ ਵਿਚੋਂ ਹੀ ਮਿਲਦੇ ਨੇ। ਇਹੀ ਤਾਂ ਆਪਸੀ ਸੰਚਾਰ ਏ ਜਿਹੜਾ ਜਾਦੂ ਕਰਦਾ ਏ।'

ਚੰਦਾ ਦੀ ਮਾਂ ਸ਼ਿਕੰਜਵੀ ਦਾ ਗਲਾਸ ਲੈ ਕੇ ਅੰਦਰ ਆਈ। ਮੈਨੂੰ ਗਿਲਾਸ ਫੜਾਉਂਦੇ ਹੋਏ ਉਹ ਚੰਦਾ ਵਲ ਇਸ਼ਾਰਾ ਕਰ ਕੇ ਬੋਲੀ, 'ਇਹ ਤੈਨੂੰ ਕੁਝ ਵੀ ਨਹੀਂ ਕਰਨ ਦਏਗੀ। ਇਹ ਬੜੀਆਂ ਲੰਬੀਆਂ ਕਹਾਣੀਆਂ ਛੇੜ ਬਹਿੰਦੀ ਏ। ਮੇਰੀ ਕੁੜੀ ਗੱਲਾਂ ਬਹੁਤ ਮਾਰਦੀ ਏ।'

ਮੈਂ ਸ਼ਿਕੰਜਵੀ ਲਈ ਉਹਦਾ ਸ਼ੁਕਰੀਆ ਕੀਤਾ ਅਤੇ ਬੋਲੀ, 'ਨਾ, ਨਾ, ਫ਼ਿਕਰ ਨਾ ਕਰੋ। ਮੈਨੂੰ ਇਹਦੀਆਂ ਕਹਾਣੀਆਂ ਵਿਚ ਸਵਾਦ ਆਉਂਦਾ ਏ।' ਤੇ ਮੈਂ ਚੰਦਾ ਵੱਲ ਦੇਖਣ ਲੱਗੀ।

'ਤੂੰ ਜਿਹੜਾ ਕਮਰਾ ਦੇਖਿਆ ਏ ਉਹ ਤੈਨੂੰ ਪਸੰਦ ਏ?' ਚੰਦਾ ਦੀ ਮਾਂ ਨੇ ਹੌਲੀ ਜਿਹੀ ਪੁੱਛਿਆ।

'ਹਾਂ ਇਹ ਵੀ ਲਿਆ ਜਾ ਸਕਦਾ ਏ', ਮੈਂ ਕਿਹਾ, 'ਪਰ ਮੈਂ ਅਜੇ ਹੀਰਾ ਮੰਡੀ ਵਿਚ ਵੀ ਦੇਖਾਂਗੀ, ਪਰ ਇਸ ਵੇਲੇ ਤਾਂ ਮੈਂ ਸਿਰਫ ਚੰਦਾ ਨਾਲ ਹੀ ਗੱਲਾਂ ਕਰਨੀਆਂ ਚਾਹੁੰਦੀ ਹਾਂ।' ਉਹ ਮੁਸਕੁਰਾਈ ਅਤੇ ਮੇਰੇ ਵੱਲ ਦੇਖਦੀ ਹੋਈ ਕਮਰੇ ਵਿਚੋਂ ਨਿਕਲ ਗਈ। ਮੈਂ ਸੋਚਿਆ ਕਿ ਸ਼ਾਇਦ ਉਹ ਅਪਣੀ ਕੁੜੀ ਨੂੰ ਮੇਰੇ ਨਾਲ ਬਹੁਤੀਆਂ ਗੱਲਾਂ ਮਾਰਦੀ ਦੇਖ ਕੇ ਕੁਝ ਚਿਤਤ ਜਿਹੀ ਏ। ਮੈਂ

ਚੰਦਾ ਨਾਲ ਪਹਿਲਾ ਹੀ ਬਹੁਤ ਗੱਲਾਂ ਕਰ ਚੁੱਕੀ ਸੀ ਪਰ ਸਿਰਫ ਉਹਦੇ ਘਰ ਤੋਂ ਬਾਹਰ। ਮੈਂ ਪਹਿਲਾਂ ਕਦੀ ਉਹਦੇ ਘਰ ਨਹੀਂ ਆਈ ਸੀ। ਸ਼ਾਇਦ ਉਹਦੀ ਮਾਂ ਨੂੰ ਨਹੀਂ ਸੀ ਪਤਾ ਕਿ ਸਾਡਾ ਸਹੇਲਪੁਣਾ ਕਿੰਨਾਂ ਏ। ਜੋ ਵੀ ਹੋਵੇ ਚੰਦਾ ਐਨੀ ਨਿਆਣੀ ਨਹੀਂ ਸੀ ਕਿ ਉਹਦੀ ਮਾਂ ਨੂੰ ਉਹਦੀ ਰਾਖੀ ਕਰਨੀ ਪੈਂਦੀ। ਅਪਣੀ ਉਮਰ ਦੇ ਪੱਚੀ-ਛੱਬੀਵੇਂ ਵਰ੍ਹੇ ਵਿਚ ਉਹ ਤਾਂ ਪ੍ਰਬੰਧ ਸੰਭਾਲਣ ਦੀ ਤਿਆਰੀ ਵਿਚ ਬੈਠੀ ਸੀ। ਮੇਰੀ ਸੋਚ ਦਰੁਸਤ ਸੀ। ਚੰਦਾ ਦੀ ਮਾਂ ਦੀ ਕੋਸ਼ਿਸ਼ ਉਸ ਨੂੰ ਮੇਰੇ ਕੋਲੋਂ ਪਾਸੇ ਕਰਨ ਦੀ ਸੀ। ਕੁਝ ਮਿੰਟਾ ਬਾਦ ਹੀ ਉਹਨੇ ਚੰਦਾ ਨੂੰ ਬਾਹਰੋਂ ਹਾਕ ਮਾਰ ਕੇ ਬੁਲਾਇਆ ਤੇ ਉਹ ਨੂੰ ਕਿਸੇ ਹੋਰ ਨਾਚੀ ਦੇ ਕੋਲ ਜਾਣ ਲਈ ਕਿਹਾ ਕਿ ਏਥੋਂ ਜਾਕੇ ਉਹ ਫਲਾਣੇ ਕੱਪੜੇ ਚੁੱਕ ਲਿਆਵੇ ਜਿਨ੍ਹਾਂ ਦੀ ਨਕਲ ਉਹਨੇ ਉਹਦੀ ਵੱਡੀ ਭੈਣ ਲਈ ਕਰਨੀ ਸੀ। ਚੰਦਾ ਨੇ ਜਵਾਬ ਦਿੱਤਾ ਕਿ ਕਿਸੇ ਨੌਕਰ ਜਾਂ ਨਿਆਣੇ ਨੂੰ ਭੇਜ ਦੇਵੇ ਪਰ ਉਹਦੀ ਮਾਂ ਜੋਰ ਪਾ ਕੇ ਕਹਿਣ ਲੱਗੀ ਕਿ ਉਹ ਹੀ ਹੁਣੇ ਹੀ ਜਾਵੇ। ਬਾਹਰੋਂ ਬਹਿਸ ਦੀ ਅਵਾਜ਼ ਤੇਜ਼ ਆ ਰਹੀ ਸੀ। ਉਨ੍ਹਾ ਦੋਹਾਂ ਦੀ ਅਵਾਜ਼ ਭਾਰੀ ਸੀ ਜਿਵੇਂ ਕਿ ਇਸ ਧੰਦੇ ਦੀਆਂ ਬਹੁਤੀਆਂ ਔਰਤਾਂ ਦੀ ਹੁੰਦੀ ਏ।

ਚੰਦਾ ਅਪਣੇ ਕਮਰੇ ਵਿਚ ਮੁੜ ਆਈ ਜਿੱਥੇ ਮੈਂ ਇੰਤਜ਼ਾਰ ਕਰ ਰਹੀ ਸੀ। ਉਹਨੇ ਮਾਫੀ ਮੰਗਦੇ ਹੋਏ ਕਿਹਾ, 'ਮੇਰੀ ਮਾਂ ਤੈਨੂੰ ਚੰਗੀ ਤਰ੍ਹਾਂ ਨਹੀਂ ਜਾਣਦੀ ਇਸ ਲਈ ਮੇਰਾ ਖਿਆਲ ਏ ਉਹ ਜ਼ਰਾ ਫਿਕਰਮੰਦ ਏ। ਫੇਰ ਵੀ ਮੈਂ ਐਨੀ ਵੱਡੀ ਤਾਂ ਹਾਂ ਪਰ ਫੇਰ ਵੀ ਉਹ ਪਤਾ ਨਹੀਂ ਇੰਜ ਕਿਵੇਂ ਚਿਤਤ ਹੋਈ ਜਾ ਰਹੀ ਏ। ਮੈਂ ਇਸ ਤੋਂ ਅੱਕ ਜਾਂਦੀ ਹਾਂ। ਇਕ ਵਾਰੀ ਜਦੋਂ ਉਹ ਤੈਨੂੰ ਚੰਗੀ ਤਰ੍ਹਾਂ ਜਾਣ ਜਾਏਗੀ ਫੇਰ ਉਹ ਠੀਕ ਹੋ ਜਾਏਗੀ। ਫੇਰ ਵੀ, ਤੂੰ ਵੀ ਤਾਂ ਇਕ ਔਰਤ ਹੀ ਏਂ', ਤੂੰ ਮੈਨੂੰ ਕੀ ਨੁਕਸਾਨ ਪੁਚਾ ਸਕਦੀ ਏਂ? ਤੈਨੂੰ ਸੋਚ ਲੈਣਾ ਚਾਹੀਦਾ ਹੈ ਕਿ ਜਦੋਂ ਮੈਂ ਕਿਸੇ ਬੰਦੇ ਨੂੰ ਲਗਾਤਾਰ ਮਿਲਦੀ ਹਾਂ ਤਾਂ ਉਹਨੂੰ ਕਿੰਨੀ ਪ੍ਰੇਸ਼ਾਨੀ ਹੁੰਦੀ ਹੋਵੇਗੀ।'

'ਤੇਰਾ ਮਤਲਬ ਏ ਗਾਹਕ ਨੂੰ?'

ਹਾਂ ਵੀ ਅਤੇ ਨਾਂਹ ਵੀ। ਉਹਨੂੰ ਪਸੰਦ ਅਤੇ ਪਿਆਰ ਵਿਚ ਫਰਕ ਦਾ ਹੀ ਨਹੀਂ ਪਤਾ। ਇਨ੍ਹਾਂ ਲਈ ਇਹ ਬੜੀ ਖਤਰਨਾਕ ਚੀਜ਼ ਏ। ਜਦੋਂ ਮੇਰੀ ਮਾਂ ਮੈਨੂੰ ਕਿਸੇ ਨਾਲ ਘੁਲਿਆ-ਮਿਲਿਆ ਦੇਖਦੀ ਏ ਤਾਂ ਮੈਨੂੰ ਘੂਰਨ ਹੀ ਲੱਗ ਪੈਂਦੀ ਏ।'

'ਤੂੰ ਬਹੁਤ ਛੇਤੀ ਘੁਲ-ਮਿਲ ਜਾਂਦੀ ਏ?'

'ਨਹੀਂ! ਮੈਂ ਇਕ ਚੰਗੀ ਰੰਡੀ ਹਾਂ, ਮੈਂ ਦੱਸਾਂਗੀ ਤੈਨੂੰ ਇਹ ਕਿਸੇ ਦਿਨ। ਸਿਰਫ ਇਕ ਗੱਲ ਯਾਦ ਰੱਖੀਂ : ਮੈਂ ਦਿਲ ਫੈਂਕ ਨਹੀਂ, ਮੈਂ ਛੇਤੀ ਪਿਆਰ ਵਿਚ ਵੀ ਨਹੀਂ ਫਸਦੀ, ਪਰ ਤੈਨੂੰ ਪਤਾ ਹੀ ਏ ਆਖਰ ਮੈਂ ਵੀ ਇਨਸਾਨ ਹਾਂ। ਜਦ ਮੈਂ ਗਾਹਕਾਂ ਨਾਲ ਵਾਹ ਰੱਖਦੀ ਹਾਂ ਤਾਂ ਇਹ ਹੋਰ ਗੱਲ ਹੁੰਦੀ ਏ। ਇਹ ਤਾਂ ਇਕ ਤਰ੍ਹਾਂ ਦੀ ਖੇਡ ਹੀ ਹੁੰਦੀ ਏ ਤੇ ਦੋਹਾਂ ਧਿਰਾਂ ਨੂੰ ਹੀ ਇਹ ਪਤਾ ਹੁੰਦਾ ਏ।'

ਮੈਂ ਉੱਠ ਖੜ੍ਹੀ ਹੋਈ ਤੇ ਬੋਲੀ, 'ਚੰਗਾ ਏ ਮੈਂ ਹੁਣ ਚੱਲਾਂ। ਮੈਂ ਨਹੀਂ ਚਾਹੁੰਦੀ ਕਿ ਉਹ ਮੈਨੂੰ ਵੀ ਖਤਰਾ ਮਹਿਸੂਸ ਕਰਨ ਲੱਗ ਪਏ। ਮੈਨੂੰ ਹੋਰ ਸਮਾਂ ਲਾ ਕੇ ਉਹਨੂੰ ਹੋਰ ਸਮਝਣਾ ਚਾਹੀਦਾ ਏ।' ਚੰਦਾ ਵੀ ਮੇਰੇ ਨਾਲ ਉੱਠੀ ਅਤੇ ਕਹਿਣ ਲੱਗੀ, 'ਚਿੰਤਾ ਨਾ ਕਰ। ਮੈਂ ਫੇਰ ਵੀ ਉਹ ਕੱਪੜੇ ਲੈਣ ਨਹੀਂ ਚੱਲੀ। ਮੈਂ ਕੋਈ ਨਿਆਣੀ ਨਹੀਂ ਜੋ ਇੱਧਰ-ਉੱਧਰ ਭੱਜੀ ਫਿਰਾਂ ਅਤੇ ਇਹੋ ਜਿਹੇ ਘਟੀਆ ਕੰਮ ਕਰਦੀ ਫਿਰਾਂ। ਉਹ ਕਿਸੇ ਹੋਰ ਨੂੰ ਭੇਜ ਦਏਗੀ। ਤੂੰ ਹੋਰ ਰੁਕ।'

ਮੈਂ ਕਿਹਾ, 'ਮੈਂ ਉਹ ਦੂਜਾ ਕਮਰਾ ਵੀ ਦੇਖਣਾ ਏਂ। ਮੈਂ ਤੈਨੂੰ ਸ਼ਾਮ ਨੂੰ ਫੇਰ ਬੈਠਕ ਵਿਚ ਹੀ ਮਿਲਾਂਗੀ।' ਉਹ ਮੰਨ ਗਈ,' ਫੌਜੀਆ ਜੇ ਤੂੰ ਬੁਰਾ ਨਾ ਸਮਝੇਂ, ਮੈਂ ਇਹ ਜਾਣਨਾ ਚਾਹਾਂਗੀ ਕਿ ਤੈਨੂੰ ਸਾਡੇ ਮੁਹੱਲੇ ਬਾਰੇ ਕੀ ਪਤਾ ਲੱਗਾ ਏ। ਮੈਨੂੰ ਇਹ ਬੜਾ ਚੰਗਾ ਲੱਗਾ ਕਿ ਕੋਈ ਸਾਡੀ ਜੀਵਨ ਜਾਚ ਬਾਰੇ ਅਧਿਐਨ ਕਰ ਰਿਹਾ ਏ। ਕੀ ਤੂੰ ਮੈਨੂੰ ਆਪਣੀਆਂ ਕੁਝ ਖੋਜਾਂ ਦੱਸੇਂਗੀ... ਤੈਨੂੰ ਪਤਾ ਈ ਏ ਜੋ ਕੁਝ ਤੂੰ ਇਹਨੂੰ ਅਪਣੀ ਖੋਜੀ ਭਾਸ਼ਾ ਵਿਚ ਕਹਿੰਦੀ ਏਂ? ਮੈਂ ਸੋਚਦੀ ਹਾਂ ਇਹ ਬੜਾ ਉੱਤੇਜਕ ਏ ਅਤੇ ਇਸ ਬਾਰੇ ਕਈ ਵਾਰ ਮੈਂ ਖੁਦ ਵੀ ਸੋਚਦੀ ਹਾਂ।'

ਮੈਂ ਮੁਸਕੁਰਾਈ, 'ਮੈਂ ਤੇਰੇ ਨਾਲ ਅੱਜ ਹੀ ਬੈਠਕ ਵਿਚ ਇਸ ਬਾਰੇ ਗੱਲਬਾਤ ਕਰਾਂਗੀ।'

ਮੈਂ ਜਿਉਂ ਹੀ ਦਰਵਾਜੇ ਵੱਲ ਤੁਰੀ ਉਹਨੇ ਮੈਨੂੰ ਹਾਕ ਮਾਰੀ, 'ਅਸੀਂ ਅਜੇ ਅਪਣਾ ਸਾਰਾ ਘਰ ਤਾਂ ਦੇਖਿਆ ਹੀ ਨਹੀਂ। ਸਾਡਾ ਇਕ ਹੋਰ ਕਮਰਾ ਵੀ ਏ।' ਉਹਨੇ ਮੇਰਾ ਹੱਥ ਫੜਿਆ ਅਤੇ ਮੈਨੂੰ ਅਖੀਰਲੇ ਕਮਰੇ ਵਿਚ ਲੈ ਗਈ। ਇਹ ਵਧੀਆ ਸਜਿਆ ਹੋਇਆ ਬੈੱਡ ਰੂਮ ਸੀ ਜਿਸ ਉੱਤੇ ਲਾਲ ਸਾਟਨ ਦਾ ਭਰਵਾਂ ਗਦੇਲਾ ਸੀ ਤੇ ਝਾਲਰਦਾਰ ਸਰ੍ਹਾਣੇ ਸਨ। ਇਕ ਵੱਡੇ ਸਾਰੇ ਸ਼ੀਸ਼ੇ ਵਾਲਾ ਡਰੈਸਿੰਗ ਟੇਬਲ ਵੀ ਪਿਆ ਸੀ। ਉਹਨੇ ਦੱਸਿਆ ਕਿ ਇਹ ਕਮਰਾ ਮਹਿਮਾਨਾਂ ਲਈ ਏ। ਸਾਫ ਸੀ ਕਿ ਇਹ ਕਮਰਾ ਗਾਹਕਾਂ ਲਈ ਸੀ। ਅਸੀਂ ਫੇਰ ਵਿਹੜੇ ਵਿਚ ਆ ਗਈਆਂ। ਉਹ ਅਜੇ ਹੋਰ ਸਮਾਂ ਲਾ ਰਹੀ ਸੀ ਤਾਂ ਕਿ ਊਹਦੀ ਮਾਂ ਇਹ ਨਾਂ ਸਮਝੇ ਕਿ ਉਹ ਮੈਨੂੰ ਭਜਾ ਸਕੀ ਏ। ਚੰਦਾ ਬੱਚੀ ਨਹੀਂ ਸੀ ਅਤੇ ਨਹੀਂ ਚਾਹੁੰਦੀ ਸੀ ਕਿ ਉਸ ਨਾਲ ਇਸ ਤਰ੍ਹਾ ਦਾ ਵਿਹਾਰ ਕੀਤਾ ਜਾਵੇ। ਉਹਨੇ ਅਤੇ ਉਹਦੀ ਮਾਂ ਦੋਹਾਂ ਨੇ ਅਲਵਿਦਾ ਕਹੀ। ਚੰਦਾ ਨੇ ਮੈਨੂੰ ਚੇਤੇ ਕਰਵਾਇਆ ਕਿ ਨਾਲ ਦਾ ਕਮਰਾ ਕਾਫੀ ਸੁਵਿਧਾਜਨਕ ਰਹੇਗਾ ਅਤੇ ਮੈਂ ਇਸ ਬਾਰੇ ਗੰਭੀਰਤਾ ਨਾਲ ਸੋਚਾਂ। ਮੈਂ ਵਾਅਦਾ ਕੀਤਾ ਕਿ ਇੰਝ ਹੀ ਕਰਾਂਗੀ।

ਮੇਰੀ ਅੰਤਮ ਚੋਣ ਹੀਰਾ ਮੰਡੀ ਵਿਚ ਕਮਰੇ ਦੀ ਸੀ, ਜੋ ਮੁਹੱਲੇ ਦੇ ਬਾਜਾਰਾਂ ਵਿਚ ਸਭ ਤੋਂ ਮਸ਼ਹੂਰ ਸੀ। ਇਕ ਸਾਜ਼ਿੰਦੇ ਆਫਤਾਬ ਨੇ ਇਹ ਕਮਰਾ ਵੇਖਣ ਦਾ ਪ੍ਰਬੰਧ ਕੀਤਾ ਸੀ। ਅਸੀਂ ਨੌਗਜਾ ਚੌਂਕ ਵਿਚੋਂ ਦੀ ਲੰਘੇ, ਕਿਲਾ ਰੋਡ ਵੱਲ ਅਤੇ ਫੇਰ ਇਕ ਪਤਲੀ ਜਿਹੀ ਗਲੀ ਵਿਚ ਸੱਜੇ ਪਾਸੇ ਮੁੜ ਗਏ ਜਿਸਦੇ ਦੋਵੇਂ ਪਾਸੇ ਉੱਚੀਆਂ-ਉੱਚੀਆਂ ਇਮਾਰਤਾਂ ਸਨ। ਖੱਬੇ ਪਾਸੇ ਵੱਲ ਨਿੱਕੀਆਂ ਨਿੱਕੀਆਂ ਪੰਜ-ਸੱਤ ਫੁਟੀਆਂ ਬੰਦ ਗਲੀਆਂ ਸਨ ਜੋ ਇਕ ਥਾਂ ਤੇ ਆਕੇ ਖੁਲ੍ਹਦੀਆਂ ਸਨ। ਇਨ੍ਹਾਂ ਗਲੀਆਂ ਵਿਚ ਐਨੀ ਕੁ ਥਾਂ ਸੀ ਕਿ ਮੋਟਰ ਸਾਈਕਲ ਜਾਂ ਸਾਈਕਲ ਹੀ ਲੰਘ ਸਕੇ। ਦੋਵੇਂ ਪਾਸੇ ਦੀਆਂ ਇਮਾਰਤਾਂ ਆਪਸ ਵਿਚ ਜੁੜੀਆਂ ਹੋਈਆਂ ਸਨ ਤੇ ਉਨ੍ਹਾਂ ਵਿਚਕਾਰ ਕੋਈ ਖੁਲੀ ਥਾਂ ਨਹੀਂ ਸੀ ਅਤੇ ਲੱਗਦਾ ਸੀ ਕਿ ਉਹ ਜਿਵੇਂ ਇਕ ਹੀ ਹੋਣ। ਉਹ ਗਲੀ ਦੇ ਵਿਚਕਾਰ ਨੂੰ ਝੁਕੀਆਂ ਹੋਈਆਂ ਲੱਗਦੀਆਂ ਸਨ ਅਤੇ ਇਸ ਤਰ੍ਹਾਂ ਦਾ ਭੁਲੇਖਾ ਪਾਉਂਦੀਆਂ ਸੀ ਕਿ ਇਕ ਦਿਨ ਇਹ ਇਮਾਰਤਾਂ ਉਪਰੋਂ ਵੀ ਆਪਸ ਵਿਚ ਮਿਲ ਜਾਣਗੀਆਂ। ਖੁਲ੍ਹੀਆਂ ਨਾਲੀਆਂ ਗਲੀ ਦੇ ਵਿਚਕਾਰ ਜਾਂ ਕਿਨਾਰਿਆਂ ਉੱਤੇ ਸਨ ਅਤੇ ਬਹੁਤੇ ਦਰਵਾਜ਼ਿਆਂ ਤੇ ਪਰਦੇ ਲਟਕ ਰਹੇ ਸਨ।

ਆਫਤਾਬ ਮੈਨੂੰ ਇਕ ਹੋਰ ਛੋਟੀ ਗਲੀ ਵਿਚ ਲੈ ਗਿਆ ਜਿੱਥੇ ਪੇਸ਼ਾਬ ਦੀ ਹਵਾੜ ਆ ਰਹੀ ਸੀ। ਉਹਨੇ ਇਕ ਦਰਵਾਜ਼ਾ ਖੜਕਾਇਆ ਅਤੇ ਇਕ ਨੌਜਵਾਨ ਪਰਦਾ ਚੁੱਕ ਕੇ ਬਾਹਰ ਆਇਆ। ਆਫਤਾਬ ਨੇ ਸ਼ਾਦੋ ਬਾਈ ਬਾਰੇ ਪੁੱਛਿਆ ਤਾਂ ਉਹਨੂੰ ਦੱਸਿਆ ਗਿਆ ਕਿ ਉਹ ਨਿਆਜ਼ ਲਈ ਦਰਗਾਹ ਗਈ ਹੋਈ ਏ ਅਤੇ ਦੋ ਘੰਟਿਆਂ ਨੂੰ ਮੁੜੇਗੀ। ਆਫਤਾਬ ਨੇ ਪੁੱਛਿਆ ਕਿ

ਇਹ ਨਾਲ ਵਾਲੀ ਦਰਗਾਹ ਹੀ ਏ ਪਰ ਨੌਜਵਾਨ ਨੇ ਕਿਹਾ ਨਹੀਂ। ਉਹ ਦਾਤਾ ਸਾਹਿਬ ਦੀ ਮਜ਼ਾਰ ਤੇ ਚਾਦਰ ਚੜ੍ਹਾਉਣ ਗਈ ਏ ਜਿਹੜੀ ਉਹਨੇ ਸੁੱਖੀ ਹੋਈ ਸੀ। ਅਸੀਂ ਵਾਪਸ ਮੁੜ ਆਏ ਤੇ ਮੈਂ ਆਫਤਾਬ ਨੂੰ ਕਿਹਾ ਕਿ ਇਹ ਕਮਰਾ ਤਾਂ ਉਹ ਰਹਿਣ ਹੀ ਦੇਵੇ ਕਿਉਂਕਿ ਮੈਂ ਉਸ ਇਲਾਕੇ ਦੇ ਲੋਕਾਂ ਨੂੰ ਬਿਲਕੁਲ ਨਹੀਂ ਜਾਣਦੀ ਸੀ। ਮੈਂ ਉਹਨੂੰ ਕਿਹਾ ਪਰ ਮੈਂ ਸ਼ਾਲੋ ਦਾਈ ਨੂੰ ਜ਼ਰੂਰ ਮਿਲਣਾ ਚਾਹਾਂਗੀ ਅਪਣੇ ਖੋਜ ਅਧਿਐਨ ਲਈ।

ਮੁਹੱਲੇ ਵਿਚ ਆਉਣ ਦੇ ਇਸ ਵਧੀਆ ਵਿਚਾਰ ਦਾ ਮੈਨੂੰ ਬੜਾ ਮਾਣ ਹੋ ਰਿਹਾ ਸੀ। ਮੈਂ ਪਹਿਲਾਂ ਹੀ ਅਪਣਾ ਕੱਚਾ ਕੰਮ ਮੁਕਾ ਚੁੱਕੀ ਸਾਂ ਅਤੇ ਕਈ ਕੁਝ ਕਤਾਰ ਬੰਨ੍ਹੀ ਖੜ੍ਹਾ ਸੀ। ਮੈਂ ਅਪਣਾ ਮਨ ਤਕਰੀਬਨ ਬਣਾ ਹੀ ਚੁੱਕੀ ਸਾਂ ਕਿ ਮੈਂ ਕੈਸਟਾ ਵਾਲੀ ਇਮਾਰਤ ਵਿਚ ਹੀ ਚਲੀ ਜਾਵਾਂਗੀ। ਇਹ ਹਰ ਤਰ੍ਹਾਂ ਨਾਲ ਮੇਰੇ ਲਈ ਸੂਤ ਸੀ। ਮੈਂ ਇਹ ਸੋਚ ਕੇ ਇਸਲਾਮਾਬਾਦ ਮੁੜ ਆਈ ਕਿ ਮੈਂ ਬਿਨਾਂ ਤਨਖਾਹ ਛੁੱਟੀ ਲੈ ਲਵਾਂਗੀ ਅਤੇ ਕੁਝ ਚੀਜਾਂ ਵਲ੍ਹੇਟ ਲਿਆਵਾਂਗੀ ਤਾਂ ਕਿ ਮੈਂ ਅਪਣੀ ਖੋਜ ਤੇ ਪੂਰੀ ਤਰ੍ਹਾਂ ਧਿਆਨ ਦੇ ਸਕਾਂ। ਲਾਹੌਰ ਤੋਂ ਵਾਪਸ ਆਉਂਦੇ ਹੀ ਮੈਂ ਉਨ੍ਹਾਂ ਚੀਜਾਂ ਦੀ ਲਿਸਟ ਤਿਆਰ ਕਰਨ ਲੱਗੀ ਸੀ ਜੋ ਮੈਂ ਕਮਰੇ ਵਿਚ ਰੱਖਣ ਲਈ ਇਸਲਾਮਾਬਾਦ ਤੋਂ ਲਿਆਉਣੀਆਂ ਸਨ।

ਜਦੋਂ ਮੇਰੇ ਪਰਿਵਾਰ ਨੇ ਇਹ ਸੁਣਿਆਂ ਤਾਂ ਉਨ੍ਹਾਂ ਨੂੰ ਸਦਮਾ ਜਿਹਾ ਲੱਗਾ। ਮੇਰੀ ਮਾਂ ਨੇ ਕਿਹਾ ਕਿ ਮੈਂ ਬਹੁਤ ਅਗਾਂਹ ਨਿੱਕਲ ਗਈ ਹਾਂ ਅਤੇ ਅਪਣੇ ਕੰਮ ਵਿਚ ਐਨੀ ਉਲਝ ਗਈ ਹਾਂ ਕਿ ਪਾਗਲ ਹੀ ਹੋ ਚੱਲੀ ਹਾਂ। ਮੈਂ ਉਹਦੀ ਪ੍ਰਤਿਕਿਰਿਆ ਨਾ ਸਮਝ ਸਕੀ। ਮੈਨੂੰ ਮੁਹਲੇ ਜਾਂਦਿਆਂ ਕਈ ਮਹੀਨੇ ਹੋ ਗਏ ਸਨ ਅਤੇ ਉਥੋਂ ਦੇ ਲੋਕਾਂ ਤੇ ਮੈਨੂੰ ਪੂਰਾ ਭਰੋਸਾ ਸੀ। ਜੇ ਲਾਹੌਰ ਦੇ ਕਿਸੇ ਹੋਰ ਹਿੱਸੇ ਵਿਚ ਰਹਿਣਾ ਹੁੰਦਾ ਤਾਂ ਹੋਰ ਗੱਲ ਸੀ ਪਰ ਜਿਹੜੀ ਥਾਂ ਹਰ ਪਲ ਜੀਵਨ ਨਾਲ ਧੜਕਦੀ ਏ ਉਹਦਾ ਖੋਜ ਅਧਿਐਨ ਤਾਂ ਰਾਤ ਨੂੰ ਹੀ ਹੋ ਸਕਣਾ ਸੀ। ਲੋਕ ਵਿਰਸਾ ਦੇ ਮੇਰੇ ਸਾਥੀਆਂ ਦੀ ਪ੍ਰਤਿਕਿਰਿਆ ਵੀ ਇਸੇ ਤਰ੍ਹਾਂ ਦੀ ਸੀ। ਅਚਾਨਕ ਮੈਂ ਖੁਦ ਨੂੰ ਹਰੇਕ ਨਾਲ ਬਹਿਸਦੇ ਦੇਖਿਆ। ਮੇਰੇ ਸਾਥੀ ਹੈਰਾਨ ਸਨ ਅਤੇ ਕਹਿ ਰਹੇ ਸਨ ਕਿ ਮੈਂ ਪਾਗਲ ਨਾ ਬਣਾ। ਮੈਂ ਖੁਦ ਨੂੰ ਸਮਝਾਉਂਦੀ ਰਹੀ ਕਿ ਹਰੇਕ ਵਿਚ ਪੱਖਪਾਤ ਝਲਕ ਰਿਹਾ ਏ ਤੇ ਉਨ੍ਹਾਂ ਤੇ ਉਹੀ ਵਿਚਾਰ ਅਤੇ ਵਿਤਕਰੇ ਹਾਵੀ ਨੇ ਜਿਨ੍ਹਾਂ ਨਾਲ ਮੈਂ ਲੜਨਾ ਚਾਹੁੰਦੀ ਹਾਂ। ਉਹ ਸਮਝਦੇ ਸਨ ਕਿ ਜੋ ਵੀ ਮੁਹੱਲੇ ਵਿਚ ਜਾਂਦਾ ਏ ਉਹ ਨੂੰ ਦਬਾਅ ਕੇ ਰੰਡੀਬਾਜੀ ਦੇ ਧੰਦੇ ਵਿਚ ਪਾ ਦਿੱਤਾ ਜਾਵੇਗਾ ਜਾਂ ਕਿ ਉਥੋਂ ਦੇ ਲੋਕ ਮੈਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਾਉਣਗੇ। ਇਹ ਸਭ ਬਕਵਾਸ ਸੀ ਅਤੇ ਮੈਨੂੰ ਭਰੋਸਾ ਸੀ ਕਿ ਮੈਂ ਅਜੇ ਇਨ੍ਹਾਂ ਲੋਕਾਂ ਨੂੰ, ਸਮੇਤ ਅਪਣੀ ਮਾਂ ਦੇ , ਜੇ ਹੋਰ ਸਮਾਂ ਸੋਚਣ ਨੂੰ ਦਿਆਂਗੀ ਤਾਂ ਉਹ ਵੀ ਇਹ ਗੱਲ ਸਮਝ ਜਾਣਗੇ।'

ਕੁਝ ਦਿਨਾਂ ਬਾਦ ਮੈਂ ਅਪਣੇ ਪੁਲਸੀਏ ਦੋਸਤ ਅਮਜ਼ਦ ਸ਼ਾਹ ਨੂੰ ਮਿਲੀ। ਮੈਂ ਉਹਨੂੰ ਅਪਣਾ ਖਿਆਲ ਦੱਸਿਆ ਤਾਂ ਉਹ ਮੇਰੇ ਵੱਲ ਭੈਭੀਤ ਜਿਹੀਆਂ ਨਜ਼ਰਾਂ ਨਾਲ ਦੇਖਣ ਲੱਗਾ ਤੇ ਕਹਿਣ ਲੱਗਾ ਕੇ ਤੂੰ ਜਾਣਦੀ ਏ ਕਿ ਤੂੰ ਕਿੱਡਾ ਖਤਰਾ ਮੁੱਲ ਲੈਣ ਜਾ ਰਹੀ ਏਂ। ਮੈਂ ਉਹਨੂੰ ਦੱਸਿਆ ਕਿ ਮੈਂ ਮੁਹੱਲੇ ਦੇ ਲੋਕਾਂ ਨੂੰ ਜਾਣਦੀ ਹਾਂ ਤੇ ਉਨ੍ਹਾਂ ਨਾਲ ਸੁਰੱਖਿਅਤ ਮਹਿਸੂਸ ਕਰਦੀ ਹਾਂ।

'ਤੈਨੂੰ ਮੇਰੇ ਤੇ ਭਰੋਸਾ ਏ?' ਉਹਨੇ ਕਿਹਾ।

'ਬਿਲਕੁਲ!'

ਉਹ ਨੇ ਪੁੱਛਿਆ ਕਿ ਮੇਰਾ ਪੁਲਿਸ ਨਾਲ ਕਦੀ ਟਾਕਰਾ ਹੋਇਆ ਏ।

ਮੈਂ ਦੱਸਿਆ, 'ਥੋੜ੍ਹਾ ਬਹੁਤ। ਉਹ ਮੇਰੇ ਨਾਲ ਬਹੁਤਾ ਠੀਕ ਨਹੀਂ ਨੇ।'

ਉਹਨੇ ਦ੍ਰਿੜ੍ਹਤਾ ਨਾਲ ਗੱਲ ਸ਼ੁਰੂ ਕੀਤੀ, 'ਮੇਰੀ ਗੱਲ ਸੁਣ ਹੁਣ। ਤੇਰੇ ਟੁਕੜੇ ਕਰਕੇ ਤੈਨੂੰ ਸੀਵਰ ਵਿਚ ਸੁੱਟ ਦਿੱਤਾ ਜਾਵੇਗਾ ਤੇ ਕਿਸੇ ਨੂੰ ਪਤਾ ਵੀ ਨਹੀਂ ਲੱਗੇਗਾ ਕਿ ਤੇਰਾ ਜਿਸਮ ਕਿੱਥੇ ਏ। ਬਹਾਦਰੀ ਤਾਂ ਠੀਕ ਏ ਪਰ ਬੇਵਕੂਫੀ ਨਹੀਂ। ਤੂੰ ਕੀ ਸੋਚਦੀ ਏਂ ਕਿ ਮੁਹੱਲੇ ਦੇ ਤੇਰੇ ਦੋਸਤ ਤੈਨੂੰ ਬਚਾ ਲੈਣਗੇ? ਉਨ੍ਹਾਂ ਨੂੰ ਖੁਦ ਉਸ ਜਥੇਬੰਦ ਅਪਰਾਧ ਦਾ ਨਹੀਂ ਪਤਾ ਜੋ ਉੱਥੇ ਮੰਡਲਾ ਰਿਹਾ ਏ। ਮੁਹੱਲੇ ਦੇ ਬੰਦੇ ਨੂੰ ਜੋ ਖਤਰੇ ਦਰਪੇਸ਼ ਨੇ ਤੈਨੂੰ ਉਸ ਤੋਂ ਭਿੰਨ ਕਿਸਮ ਦੇ ਖਤਰੇ ਨੇ। ਇਸ ਲਈ ਮੈਨੂੰ ਇਹ ਤਾਂ ਨਾ ਦੱਸ ਕਿ ਜਗ੍ਹਾ ਠੀਕ-ਠੀਕ ਏ ਤੇ ਲੋਕ ਵਧੀਆਂ ਨੇ। ਸਿਰਫ ਮੇਰੀ ਗੱਲ ਧਿਆਨ ਨਾਲ ਸੁਣ। ਕਈ ਲੋਕ ਪਸੰਦ ਨਹੀਂ ਕਰ ਰਹੇ ਕਿ ਤੂੰ ਉੱਥੇ ਜਾ ਕੇ ਸਵਾਲ ਪੁੱਛਦੀ ਫਿਰੇਂ। ਉਹ ਇਹਨੂੰ ਜਸੂਸੀ ਸਮਝਦੇ ਨੇ। ਮੇਰੀ ਗੱਲ ਸਮਝ ਰਹੀ ਏਂ?'

'ਇਸ ਵੇਲੇ ਵੀ ਤੂੰ ਉਨ੍ਹਾਂ ਲਈ ਖਤਰਾ ਏ' ਉਹਨੇ ਕਹਿਣਾ ਜਾਰੀ ਰੱਖਿਆ, 'ਉਹ ਨਹੀਂ ਜਾਣਦੇ ਕਿ ਤੂੰ ਕਿਹੜੇ ਵੇਲੇ ਅਜਿਹੀ ਚੀਜ਼ ਤੇ ਜਾ ਉਂਗਲ ਧਰੇਂ ਜਿਹੜੀ ਉਹ ਤੈਨੂੰ ਨਾ ਜਾਣਨ ਦੇਣਾ ਚਾਹੁੰਦੇ ਹੋਣ। ਇਸ ਲਈ ਤੂੰ ਇਕ ਖਤਰਨਾਕ ਸਮੱਸਿਆ ਬਣੀ ਹੋਈ ਏਂ। ਅਜੇ ਤੱਕ ਤੈਨੂੰ ਵਾਧਾ ਰਿਹਾ ਏ ਕਿਉਂਕਿ ਤੂੰ ਉੱਥੇ ਰਹਿੰਦੀ ਨਹੀਂ ਅਤੇ ਉਹ ਨਹੀਂ ਜਾਣਦੇ ਕਿ ਤੇਰੇ ਪਿੱਛੇ ਅਸਲ ਵਿਚ ਕੀ ਤਾਕਤ ਏ। ਇਕ ਵਾਰੀ ਤੂੰ ਉਥੇ ਰਹਿਣ ਲੱਗ ਪਈ ਤਾਂ ਤੇਰੀ ਉਹ ਤਾਕਤ ਮੁੱਕ ਜਾਏਗੀ। ਤੂੰ ਉੱਥੇ ਦੀ ਵਸਨੀਕ ਬਣ ਜਾਏਂਗੀ ਅਤੇ ਖਤਰੇ ਵਿਚ ਘਿਰ ਜਾਏਂਗੀ। ਤੂੰ ਉਨ੍ਹਾਂ ਦੇ ਕਾਬੂ ਹੇਠ ਆ ਜਾਏਂਗੀ। ਤੇਰਾ ਉਹ ਅਸਾਨੀ ਨਾਲ ਜੋ ਚਾਹੁਣ ਕਰ ਸਕਣਗੇ। ਮੇਰਾ ਖਿਆਲ ਏ ਜੇ ਤੂੰ ਇੰਝ ਕਰੇਂਗੀ ਤਾਂ ਬੇਵਕੂਫ ਹੀ ਹੋਏਂਗੀ।'

'ਇਹ 'ਉਹ' ਕੌਣ ਨੇ?' ਮੈਂ ਹੌਲੀ ਜਿਹੀ ਪੁੱਛਿਆ।

'ਇਕ ਤਾਂ ਪੁਲਿਸ ਤੇ ਦੂਜੇ ਜਥੇਬੰਦ ਅਪਰਾਧੀ ਸਰਗਣੇ,

ਅਤੇ ਨਾਲ ਹੀ ਸਾਡੇ ਬਹੁਤ ਸਾਰੇ ਸਥਾਨਕ ਸਿਆਸਤਦਾਨ।'

ਮੈਂ ਡੂੰਘਾ ਸਾਹ ਲਿਆ ਤੇ ਸਹਿਜ ਨਾਲ ਪੁੱਛਿਆ, 'ਤੂੰ ਵਾਕਈ ਸਮਝਦਾ ਏਂ ਕਿ ਇਹ ਗ਼ਲਤ ਸੋਚ ਏ? ਤੈਨੂੰ ਪਤੈ ਮੈਂ ਇਕ ਦੋ ਕਮਰਿਆਂ ਵਾਲਾ ਬੜਾ ਹੀ ਸੁਰੱਖਿਅਤ ਥਾਂ ਚੁਣਿਆਂ ਏ ਅੰਦਰੂਨੀ...'

ਉਹਨੇ ਮੈਨੂੰ ਟੋਕ ਕੇ ਕਿਹਾ, 'ਜੇ ਤੂੰ ਇਹ ਕਰਨਾ ਹੀ ਏ ਤਾਂ ਜੇ ਕਿਧਰੇ ਮੁਸੀਬਤ ਵਿਚ ਪੈ ਗਈ ਤਾਂ ਮੇਰੇ ਕੋਲੋਂ ਕਿਸੇ ਮਦਦ ਦੀ ਝਾਕ ਨਾ ਰੱਖੀਂ।'

ਉਹ ਦੀ ਅਖੀਰਲੀ ਧਮਕੀ ਨੇ ਮੇਰੀਆਂ ਯੋਜਨਾਵਾਂ ਦੇ ਫੂਸ ਉੜਾ ਦਿੱਤੇ। ਮੈਂ ਸੋਚਦੀ ਸੀ ਕਿ ਮੈਂ ਆਪਣੇ ਦੋ ਕਮਰੇ ਠੀਕ ਤਰ੍ਹਾਂ ਸੰਵਾਰਾਂਗੀ ਅਤੇ ਗਵਾਂਢ ਦੇ ਅਪਣੇ ਸਾਜ਼ਿੰਦੇ ਦੋਸਤਾਂ ਨੂੰ ਸੱਦਿਆ ਕਰਾਂਗੀ, ਦੇਰ ਰਾਤ ਤਕ ਬੈਠ ਕੇ ਇਕ ਵਜੇ ਤੋਂ ਬਾਦ ਗਲੀਆਂ ਵਿਚ ਝਾਤੀ ਮਾਰਿਆ ਕਰਾਂਗੀ ਅਤੇ ਦੇਖਿਆ ਕਰਾਂਗੀ ਕਿ ਗਲੀਆਂ ਵਿਚ ਫਿਰਨ ਵਾਲੇ ਕਈ ਪੁਲਿਸ ਤੋਂ ਕਿਵੇਂ ਬਚਦੇ ਨੇ, ਪਰ ਹੁਣ ਮੈਂ ਸਮਝ ਗਈ ਸੀ ਕਿ ਮੈਂ ਇਹ ਕੁਝ ਨਹੀਂ ਕਰ ਸਕਾਂਗੀ।

*ਟਿੱਪਣੀਆਂ*

## *ਇਕ ਮਹਿਲਾ ਐਕਟਿਵਿਸਟ*

*ਸੁਰੱਈਆ, ਸੋਸ਼ਲ ਮੂਵਮੈਂਟ ਦੀ ਇਕ ਐਕਟਿਵਿਸਟ ਅਤੇ ਦੋ ਬੱਚਿਆਂ ਦੀ ਮਾਂ, ਕਈ ਸਾਲਾਂ ਤੋਂ ਔਰਤਾਂ ਦੇ ਹੱਕਾਂ ਲਈ ਬਣੀ ਇਕ ਐਨ ਜੀ ਓ ਵਿਚ ਕੰਮ ਕਰ ਰਹੀ ਏ। ਜਦੋਂ ਮੈਂ ਉਹਦੇ ਨਾਲ ਦੇਹ ਵਪਾਰ ਦੀ ਗੱਲ ਕੀਤੀ ਤਾ ਉਹ ਬੋਲੀ, ਤੈਨੂੰ ਪਤਾ ਏ ਸਾਡਾ ਔਰਤਾ ਬਾਰੇ ਅੰਦੋਲਨ ਅਸਲ ਵਿਚ ਕਦੀ ਵੀ ਰੰਡੀਆਂ ਤੇ ਕੇਂਦਰਤ ਨਹੀਂ ਰਿਹਾ। ਭਾਰਤ ਵਿਚ ਔਰਤ ਸਮੂਹਾਂ ਨੇ ਰੰਡੀਗਿਰੀ ਦੇ ਖਿਲਾਫ ਬੋਲਣ ਵਿਚ ਅਹਿਮ ਭੂਮਿਕਾ ਨਿਭਾਈ ਏ, ਖਾਸ ਤੌਰ ਤੇ ਦੇਵਦਾਸੀਆਂ ਦੀ ਪ੍ਰਣਾਲੀ ਦੇ ਖਿਲਾਫ। ਇੱਥੇ ਸਾਡੇ ਕੋਲ ਕਈ ਹੋਰ ਅੱਗਾਂ ਬੁਝਾਉਣ ਵਾਲੀਆ ਪਈਆ ਨੇ।*

*ਮੈਂ ਬੋਲੀ, 'ਪੱਛਮ ਵਿਚ ਔਰਤ ਅੰਦੋਲਨ ਹੁਣ ਰੰਡੀਆ ਦਾ ਪੱਖ ਪੂਰ ਰਿਹਾ ਏ। ਉਨ੍ਹਾਂ ਨੇ ਨੀਤੀਆਂ ਤੇ ਭਾਰੂ ਹੋਣ ਲਈ ਖੁਦ ਨੂੰ ਦਬਾਉ ਸਮੂਹਾਂ ਵਿਚ ਜਥੇਬੰਦ ਕਰ ਲਿਆ ਏ ਅਤੇ ਸੰਘਰਸ ਕਰ ਰਹੀਆਂ ਨੇ ਕਿ ਉਨ੍ਹਾਂ ਨੂੰ ਵੀ ਹੋਰ ਵਪਾਰਕ ਕਾਮਿਆਂ ਵਾਂਗ ਦੇਖਿਆ ਜਾਏ। ਉਨ੍ਹਾਂ ਦਾ ਦਾਅਵਾ ਏ ਕਿ ਉਹ ਵੀ ਸਮੁੱਚ ਰਾਸਟਰੀ ਪੈਦਾਵਾਰ ਵਿਚ ਹਿੱਸਾ ਪਾਉਂਦੀਆਂ ਨੇ ਅਤੇ ਉਨ੍ਹਾਂ ਨੂੰ ਵਪਾਰਕ ਸੈਕਸ ਵਰਕਰ ਕਹਿ ਕੇ ਸੱਦਿਆ ਜਾਣਾ ਚਾਹੀਦਾ ਏ ਅਤੇ ਉਨ੍ਹਾਂ ਨੂੰ ਵੀ ਕਿਰਤੀਆਂ ਵਾਲੇ ਫਾਇਦੇ ਮਿਲਣੇ ਚਾਹੀਦੇ ਨੇ। ਕੋਯੋਟ (ਕਾਲ ਆਫ ਯੁਅਰ ਫਾਇਰਡ ਉਲਡ ਏਥਿਕਸ) ਇਕ ਅਜਿਹੀ ਹੀ ਸੰਸਥਾ ਏ ਜੋ 1973 ਵਿਚ ਹੋਂਦ ਵਿਚ ਆਈ ਸੀ। ਉਨ੍ਹਾਂ ਦੇ ਹਮਾਇਤੀ ਦਾਇਰੇ ਨੇ, ਅਤੇ ਆਮ ਤੌਰ ਤੇ ਹੋਰ ਔਰਤ ਜਥੇਬੰਦੀਆ ਉਨ੍ਹਾਂ ਨਾਲ ਠੀਕ ਨਿਭਦੀਆਂ ਨੇ, ਪਰ ਕੁਝ ਵਿਸ਼ਲੇਸਣਕਾਰਾਂ ਵਿਚ ਇਸ ਬਾਰੇ ਮਤਭੇਦ ਵੀ ਨੇ ਕਿ ਦੋਹਾਂ ਦੇ ਅੰਤਮ ਟੀਚੇ ਮੇਲ ਨਹੀਂ ਖਾਂਦੇ।'*

*'ਹਾਂ। ਇਹ ਪੁੱਠਾ ਗੇੜ ਏ, ਏ ਕਿ ਨਹੀ?' ਉਹ ਬੋਲੀ 'ਮੈਂ ਤਾਂ ਕਹਾਂਗੀ ਕਿ ਅਸੀਂ ਦੇਹ ਵਪਾਰ ਦੇ ਖਿਲਾਫ ਹਾਂ ਪਰ ਰੰਡੀਆਂ ਦੇ ਨਹੀ। ਅਸੀ ਨਹੀਂ ਚਾਹੁੰਦੇ ਕਿ ਉਹ ਤਕਲੀਫ ਉਠਾਉਣ। ਮੈਂ ਸਰਕਾਰੀ ਕਾਰਵਾਈਆਂ ਨੂੰ ਪੂਰੀ ਤਰਾਂ ਭੰਡਦੀ ਹਾ। ਪੁਲਿਸ ਲਾਲ ਬੱਤੀ ਖੇਤਰਾ ਦੇ ਵਾਸੀਆਂ ਨੂੰ ਤੰਗ ਕਰਦੀ ਰਹਿੰਦੀ ਏ, ਅਤੇ ਆਪਣਾ ਧੰਦਾ ਚਲਾਉਣ ਲਈ ਉਨਾ ਨੂੰ ਪੁਲਿਸ ਨੂੰ ਰਿਸ਼ਵਤ ਦੇਣੀ ਪੈਂਦੀ ਏ।*

*ਮੈਂ ਉਹਨੂੰ ਪੁੱਛਿਆ ਕਿ ਕੀ ਕਦੀ ਉਹ ਸਾਹੀ ਮੁਹੱਲੇ ਜਾਂ ਇਸ ਤਰ੍ਹਾਂ ਦੀ ਕਿਸੇ ਹੋਰ ਥਾਂ ਗਈ ਏ। 'ਨਹੀਂ'... ...ਬਿਲਕੁਲ ਨਹੀ, ਉਹ ਨੇ ਜਵਾਬ ਦਿੱਤਾ। ਮੈਨੂੰ ਤਾਂ ਕਹਿਣਾ ਚਾਹੀਦਾ ਏ ਕਿ ਮੈਂ ਇਸ ਬਾਰੇ ਜੋ ਪੜ੍ਹਿਆ, ਸੁਣਿਆ ਏ ਜਾਂ ਫਿਲਮਾ ਵਿਚ ਦੇਖਿਆ ਏ ਉਸ ਤੋਂ ਵੱਧ ਮੈਨੂੰ ਕੁਝ ਨਹੀ ਪਤਾ। ਮੈਨੂੰ ਪਤਾ ਏ ਕਿ ਫਿਲਮਾਂ ਦੀਆਂ ਕਹਾਣੀਆਂ ਵਿਚ ਕਦੀ ਅਸਲੀਅਤ ਨਹੀ ਹੁੰਦੀ ਇਸ ਲਈ ਇਕ ਔਰਤ ਐਕਟਿਵਿਸਟ ਦੇ ਤੌਰ ਤੇ ਮੈਨੂੰ ਸੈਕਸ ਵਰਕਰਾ ਬਾਰੇ ਹੋਰ ਜਾਣਕਾਰੀ ਹੋਣੀ ਚਾਹੀਦੀ ਏ। ਉਹ ਉਲਝੀ ਜਿਹੀ ਸੀ।*

*'ਤੈਨੂੰ ਪਤਾ ਈ ਏ ਕਿ ਸਾਨੂੰ ਇਸ ਬਾਰੇ ਬਹੁਤਾ ਕੁਝ ਪਤਾ ਨਾ ਹੋਣ ਕਰਕੇ ਸਾਡੀਆ ਭਾਵਨਾਵਾਂ ਇਸ ਬਾਰੇ ਖੜੋਤ ਵਿਚ ਹੀ ਨੇ। 'ਤੂੰ ਕੀ ਸਮਝਦੀ ਏਂ?' ਮੈਂ ਪੁੱਛਿਆ।*

*'ਕੀ ਤੂੰ ਚਾਹੇਂਗੀ ਕਿ ਬਿਨਾਂ ਤੰਗ-ਪ੍ਰੇਸਾਨ ਕਰੇ ਉਨ੍ਹਾਂ ਔਰਤਾ ਨੂੰ ਆਪਣਾ ਧੰਦਾ ਕਰਨ ਦਿੱਤਾ ਜਾਵੇ ਜਾਂ ਕਿ ਤੂੰ ਚਾਹੇਗੀ ਕਿ ਸਰਕਾਰ ਜਿਸਮਫਰੋਸ਼ੀ ਨੂੰ ਬੰਦ ਕਰ ਦੇਵੇ?'*

*ਉਹ ਕੁਝ ਚਿਰ ਸੋਚਦੀ ਰਹੀ ਤੇ ਫੇਰ ਬੋਲੀ, 'ਦੋਹਾਂ ਵਿਚੋਂ ਕੋਈ ਨਹੀਂ! ਮੈਂ ਨਹੀਂ ਸਮਝਦੀ ਕਿ ਸੈਕਸ ਵਰਕਰ ਆਪਣਾ ਧੰਦਾ ਚਲਾਉਂਦੀਆ ਰਹਿਣ ਕਿਉਂਕਿ ਇਸ ਦਾ ਮਤਲਬ ਹੋਏਗਾ ਕਿ ਮੈਂ ਜਿਸਮਫਰੋਸੀ ਨੂੰ ਢਿੱਲ ਦੇ ਰਹੀ ਹਾ ਅਤੇ ਇਹ ਕਹਿ ਰਹੀ ਹਾਂ ਕਿ ਸਗੋਂ ਇਸ ਨੂੰ ਹੱਲਾਸ਼ੇਰੀ ਦਿੱਤੀ*

ਜਾਵੇ। ਮੈਂ ਇਹ ਨਹੀਂ ਕਰ ਸਕਦੀ। ਮੈਂ ਇਹ ਮੰਨ ਹੀ ਨਹੀਂ ਸਕਦੀ ਕਿ ਇਹ ਸਿਰਫ ਇਕ ਹੋਰ ਕਿੱਤਾ ਏ। ਜਿਸਮਫਰੋਸੀ ਔਰਤਾਂ ਦਾ ਸ਼ੋਸ਼ਣ ਏ ਭਾਵੇਂ ਇਹ ਸਿੱਧੇ ਦਬਾਉ ਕਰਕੇ ਹੋਵੇ ਜਾਂ ਸਮਾਜੀਕਰਨ ਕਰਕੇ। ਜਿਵੇਂ ਲੱਚਰ ਸਾਹਿਤ ਕਰਦਾ ਏ। ਤੁਸੀਂ ਦਲੀਲ ਦੇ ਸਕਦੇ ਹੋ ਕਿ ਔਰਤਾਂ ਇਸ ਨੂੰ ਮਰਜੀ ਨਾਲ ਕਰਦੀਆਂ ਨੇ ਅਤੇ ਉਨ੍ਹਾ ਨੂੰ ਚੰਗੇ ਪੈਸੇ ਮਿਲਦੇ ਨੇ, ਪਰ ਸਾਨੂੰ ਇਹ ਸੌੜਾ ਨਜ਼ਰੀਆ ਨਹੀਂ ਅਪਣਾਉਣਾ ਚਾਹੀਦਾ। ਵਿਸਤ੍ਰਿਤ ਤੌਰ ਤੇ ਦੇਖਿਆ ਇਹ ਔਰਤਾ ਦੀ ਦੁਰਵਰਤੋਂ ਏ ਅਤੇ ਇਸ ਸੰਕਲਪ ਨੂੰ ਮੁੜ ਮਜਬੂਤ ਕਰਨਾ ਏ ਕਿ ਔਰਤਾਂ ਸੈਕਸ ਦੀ ਚੀਜ਼ ਨੇ। ਪਰ ਇਸ ਦੇ ਨਾਲ ਹੀ ਜੋ ਸਰਕਾਰ ਕਰ ਰਹੀ ਏ ਪੁਲਿਸ ਰਾਹੀਂ ਉਹ ਵੀ ਗਲਤ ਏ। ਕੋਈ ਨਾ ਕੋਈ ਪੁਨਰ-ਵਸੇਬੇ ਵਰਗੀ ਚੀਜ਼ ਜਾਂ ਪ੍ਰੋਗਰਾਮ ਜਰੂਰ ਹੋਣਾ ਚਾਹੀਦਾ ਏ।'

ਫੇਰ ਉਹਨੇ ਮੈਨੂੰ ਪੁੱਛਿਆ, 'ਤੂੰ ਉਨਾਂ ਤੇ ਖੋਜ ਕਰ ਰਹੀ ਏਂ। ਮੇਰਾ ਖਿਆਲ ਏ ਤੂੰ ਉਨ੍ਹਾਂ ਵਾਸਤੇ ਜਰੂਰ ਕੁਝ ਸਿੱਧਾ ਕਰ ਸਕਦੀ ਏਂ।'

'ਮੈਨੂੰ ਪੱਕਾ ਨਹੀਂ ਪਤਾ ਕਿ ਮੈਂ ਉਨ੍ਹਾਂ ਦਾ ਕੀ ਕਰਨਾ ਚਾਹੁੰਦੀ ਹਾ, 'ਮੈਂ ਝਿਜਕ ਕੇ ਬੋਲੀ। 'ਮੈਂ ਨਹੀਂ ਸੋਚਦੀ ਕਿ ਸਾਨੂੰ ਉਨ੍ਹਾਂ ਨਾਲ ਕੁਝ ਕਰਨ ਦੀ ਲੋੜ ਏ। ਮੈਂ ਸੋਚਦੀ ਹਾਂ ਕਿ ਸਾਨੂੰ ਉਨ੍ਹਾਂ ਨਾਲ ਕੁਝ ਕਰਨ ਦੀ ਲੋੜ ਏ। ਜਿਵੇਂ ਵੀ ਏ ਮੇਰੀ ਸੋਚ ਅਜੇ ਸਪਸ਼ਟ ਨਹੀਂ ਏ ਕਿ ਕੀ ਹੋਣਾ ਚਾਹੀਦਾ ਏ। ਤੇਰਾ ਇਹ ਕਹਿਣਾ ਠੀਕ ਏ ਕਿ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਉਨ੍ਹਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਹੋਣਾ ਚਾਹੀਦਾ ਏ ਅਤੇ ਮੈਂ ਇਸ ਗੱਲ ਦਾ ਪ੍ਰਚਾਰ ਕਰ ਸਕਦੀ ਹਾਂ।

ਉਹ ਦਾ ਸ਼ੌਹਰ, ਆਮਿਰ, ਇਕ ਮਾਨਵ ਅਧਿਕਾਰਾਂ ਬਾਰੇ ਐਕਟਿਵਿਸਟ ਏ, ਵਿਚ ਬੋਲਿਆ। ਲੋਕ ਅਤੇ ਨਾਲ ਹੀ ਸਰਕਾਰ ਵੀ ਇਹ ਸਮਝਦੇ ਨੇ ਕਿ ਮਨੁੱਖੀ ਅਧਿਕਾਰਾਂ ਦੀ ਗੱਲ ਸਿਰਫ 'ਚੰਗੇ' ਲੋਕਾਂ ਲਈ ਹੀ ਏ। ਕੁਰਾਹੇ ਪਏ ਅਤੇ ਭੈੜੇ ਲੋਕਾਂ ਦੇ ਕੋਈ ਹੱਕ ਨਹੀਂ ਹੁੰਦੇ। ਕੈਦੀਆਂ ਦੇ ਕੁਝ ਹੱਕ ਬਹਾਲ ਕਰਾਉਣ ਲਈ ਵੀ ਸਾਨੂੰ ਸਾਲਾਂ ਲੱਗ ਗਏ। ਵਕੀਲਾਂ, ਜੱਜਾਂ, ਜੇਲ ਅਧਿਕਾਰੀਆਂ ਅਤੇ ਹੋਰ ਸਬੰਧਤ ਲੋਕਾਂ ਦੀ ਆਮ ਰਾਏ ਇਹੀ ਸੀ ਕਿ ਕਿਉਂਕਿ ਉਹ ਮੁਜਰਮ ਨੇ ਇਸ ਲਈ ਉਨਾਂ ਦੇ ਕੋਈ ਹੱਕ ਨਹੀਂ। ਕਈ ਜਿੰਮੇਵਾਰ ਲੋਕ ਸਮਝਦੇ ਨੇ ਕਿ ਮੇਰੀ ਸੰਸਥਾ ਕੈਦੀਆਂ ਦੇ ਹੱਕਾਂ ਲਈ ਲੜ ਕੇ ਆਪਣਾ ਸਮਾਂ ਹੀ ਬਰਬਾਦ ਕਰ ਰਹੀ ਏ।

ਇਸ ਵਾਰੀ ਮੇਰੀ ਕਜ਼ਨ ਫੈਜ਼ਾ ਵੀ ਮੇਰੇ ਨਾਲ ਸੀ ਅਤੇ ਉਹ ਖਿਝ ਕੇ ਬੋਲੀ, 'ਅਸੀਂ ਰੰਡੀਆਂ ਨੂੰ ਸਿਰਫ ਉਨ੍ਹਾਂ ਵਰਕਰਾਂ ਵਾਂਗ ਨਹੀਂ ਦੇਖ ਸਕਦੇ ਜੋ ਹੋਰ ਕਿੱਤੇ ਕਰਦੇ ਨੇ। ਇਹ ਮੈਨੂੰ ਬੜਾ ਤੰਗ ਨਜ਼ਰੀਆ ਲੱਗਦਾ ਏ। ਹਾਂ, ਮੈਂ ਸਮਝਦੀ ਹਾਂ ਕਿ ਇਸੇ ਢੰਗ ਨਾਲ ਉਹ ਟੈਕਸ ਵੀ ਦੇ ਸਕਦੀਆਂ ਨੇ ਪਰ ਇੱਥੇ ਹੀ ਬੱਸ ਨਹੀਂ। ਅਸ਼ਲੀਲ ਸਾਹਿਤ ਵਾਂਗ ਇਸ ਦਾ ਮਾੜਾ ਪਾਸਾ ਵੀ ਏ।'

ਮੈਂ ਆਮਿਰ ਨੂੰ ਪੁਛਿਆ ਕਿ ਸੈਕਸ ਵਰਕਰ ਦੇ ਹੱਕਾਂ ਬਾਰੇ ਉਹ ਕੀ ਸੋਚਦਾ ਏ। ਉਹਨੇ ਜਵਾਬ ਦਿੱਤਾ, ਮੈਂ ਇਹ ਨਹੀਂ ਕਹਿੰਦਾ ਕਿ ਉਹਨੂੰ ਇਹ ਧੰਦਾ ਕਰਨ ਦੀ ਖੁਲ੍ਹੀ ਛੂਟ ਹੋਣੀ ਚਾਹੀਦੀ ਏ, ਬਲਕਿ ਇਹ ਇਕ ਅਜਿਹਾ ਮੁੱਦਾ ਏ ਜਿਸ ਬਾਰੇ ਸਮੁੱਚੇ ਸਮਾਜ ਨੇ ਰਲ ਕੇ ਸੋਚਣਾ ਏ। ਮੈਂ ਇਹ ਜ਼ਰੂਰ ਕਹਾਂਗਾ ਕਿ ਜਿਸਮ ਫਰੋਸ਼ ਨੂੰ ਵੀ, ਸਾਡੇ ਸਮਾਜ ਦੀ ਹੋਰ ਕਿਸੇ ਔਰਤ ਵਾਂਗ ਹੀ ਮੁਰਾਤਬੇ ਅਤੇ ਸੁਰੱਖਿਆ ਦਾ ਹੱਕ ਏ। ਕਿਸੇ ਨੂੰ ਕੋਈ ਹੱਕ ਨਹੀਂ ਕਿ ਉਹ ਉਸਨੂੰ ਜ਼ਲੀਲ ਕਰੇ, ਕੁੱਟੇ-ਮਾਰੇ, ਬਲਾਤਕਾਰ ਜਾਂ ਪ੍ਰੇਸ਼ਾਨ ਕਰੇ, ਭਾਵੇਂ ਇਹ ਉਹਦਾ ਦੱਲਾ, ਪ੍ਰਬੰਧਕ, ਉਹਦਾ ਗਾਹਕ ਜਾਂ ਕੋਈ ਪੁਲਿਸ ਅਫਸਰ ਹੀ ਕਿਉਂ ਨਾ ਹੋਵੇ। ਸਰਕਾਰੀ ਨੀਤੀ ਬੜੀ ਰਲਗੱਡ ਏ। ਇਕ ਪਾਸੇ ਤਾਂ ਉਹ ਲੋਕਾਂ ਨੂੰ ਇਹ ਜਤਾਉਣ ਲਈ ਇਨ੍ਹਾਂ ਨੂੰ ਤੰਗ ਕਰਦੇ ਨੇ ਕਿ ਉਹ ਦੇਹ ਵਪਾਰ ਖਤਮ ਕਰਨਾ ਚਾਹੁੰਦੇ ਨੇ ਪਰ ਦੂਜੇ ਬੰਨੇ ਉਹ ਗਾਹਕ ਬਣਕੇ ਇਸ ਧੰਦੇ ਨੂੰ ਖੜ੍ਹਾ ਵੀ ਰਖ ਰਹੇ ਨੇ। ਕੋਈ ਸ਼ਕ ਨਹੀਂ ਕਿ ਇਹ ਧੰਦਾ ਜੰਗਲ ਦੀ ਅੱਗ ਵਾਂਗ ਫੈਲ ਰਿਹਾ ਏ।

# ਮਿੱਟੀ ਖਾਣੀਆਂ

ਮੈਂ ਉਸਤਾਦ ਸਦੀਕ ਦੀ ਬੈਠਕ ਵਿਚ ਬੈਠੀ ਉਹ ਨਵੀਆਂ ਧੁਨਾਂ ਸੁਣ ਰਹੀ ਸੀ ਜੋ ਉਸ ਸੰਗੀਤ ਗਰੁੱਪ ਨੇ ਬਣਾਈਆਂ ਸਨ ਜੋ ਖੁਦ ਨੂੰ 'ਮਾਡਰਨ ਬੈਂਡ' ਕਹਿੰਦਾ ਸੀ। ਉਨ੍ਹਾਂ ਕੋਲ ਗਿਟਾਰ, ਸਿੰਥੇਸਾਈਜ਼ਰ ਅਤੇ ਡਰੱਮ ਸੈੱਟ ਸਨ। ਉਹ ਅਪਣੀਆਂ ਨਵੀਆਂ ਜੁਗਤਾਂ ਤੋਂ ਬੜੇ ਉੱਤੇਜਿਤ ਸਨ, ਖਾਸ ਕਰਕੇ ਡਰੱਮ ਸੈੱਟ ਤੋਂ, ਜੋ ਕਿ ਇਕ ਨਾਟਕੀ ਵਾਧਾ ਸੀ। ਬਹੁਤ ਸਾਰੇ ਨਵੇ ਗਰੁੱਪ ਤਾਲ ਲਈ ਸਿੰਥੇਸਾਈਜ਼ਰ ਵਰਤਦੇ ਨੇ। ਇਨ੍ਹਾਂ ਬੰਦਿਆਂ ਦੀ ਯੋਜਨਾ ਵੱਡੀ ਸੀ ਕਿ ਉਹ ਵਿਆਹਾਂ ਅਤੇ ਹੋਰ ਪਾਰਟੀਆਂ ਤੇ ਪੇਸ਼ਕਾਰੀ ਕਰਿਆ ਕਰਨਗੇ।

ਅਚਾਨਕ ਪੁਰਾਣੀ ਇਮਾਰਤ ਦੇ ਅੰਦਰਲੇ ਵਿਹੜੇ ਵਿਚ ਹਫੜਾ-ਦਫੜੀ ਮੱਚ ਗਈ ਜਿੱਥੇ ਪਮੀ ਦਾ ਟੱਬਰ ਰਹਿੰਦਾ ਸੀ। ਮੈਂ ਸਮਝਿਆ ਕਿ ਕੋਈ ਲੜਾਈ ਹੋ ਗਈ ਏ ਅਤੇ ਔਰਤਾਂ ਨੂੰ ਇਕ ਦੂਜੀ ਤੇ ਚੀਕਦੀਆਂ ਚਿਲਾਉਂਦੀਆਂ ਸੁਣ ਰਹੀ ਸਾਂ। ਹੁਣ ਸੰਗੀਤ ਬਿਲਕੁਲ ਹੀ ਸੁਣਾਈ ਨਹੀਂ ਪੈ ਰਿਹਾ ਸੀ ਅਤੇ ਸਿਰਫ ਗਵਾਂਢੀਆਂ ਦਾ ਸ਼ੋਰ ਹੀ ਹਾਵੀ ਸੀ। ਮੈਂ ਉੱਠ ਕੇ ਬਾਹਰ ਦੇ ਵਿਹੜੇ ਵਿਚ ਚਲੀ ਗਈ। ਵਿਹੜੇ ਵਿਚ ਦਰਜਨ ਕੁ ਬੰਦੇ-ਜਨਾਨੀਆਂ ਦੀ ਭੀੜ ਖੜ੍ਹੀ ਸੀ ਅਤੇ ਹੋਰ ਜਨਾਨੀਆਂ ਤੇ ਬੱਚੇ ਇਸ ਦੇ ਦੁਆਲੇ ਦੀ ਬਾਲਕੋਨੀ ਵਿਚ ਖੜ੍ਹੇ ਸਨ। ਲੜਾਈ ਦੇ ਦੋਵੇਂ ਮੁੱਖ ਖਿਡਾਰੀ ਪਮੀ ਦੀ ਮਾਂ ਤੇ ਇਕ ਹੋਰ ਔਰਤ ਸਨ ਜਿਸ ਨੂੰ ਮੈਂ ਪਛਾਣ ਨਾ ਸਕੀ। ਚਾਲੀ ਕੁ ਸਾਲ ਦੀ ਉਮਰ ਵਿਚ ਉਹ ਕਾਲੇ ਰੰਗ ਦੀ ਸੀ ਤੇ ਉਹਦੇ ਨੈਣ ਨਕਸ਼ ਤਿੱਖੇ ਸਨ ਅਤੇ ਉਹਦੇ ਇਕ ਹੱਥ ਵਿਚ ਸਿਗਰਟ ਸੀ। ਆਲੇ ਦੁਆਲੇ ਖੜ੍ਹਿਆਂ ਵਿਚੋਂ ਮੈਂ ਪਮੀ ਦੀ ਛੋਟੀ ਭੈਣ ਰਜ਼ੀਆ ਨੂੰ ਪਛਾਣਦੀ ਸਾਂ ਜਾਂ ਇਕ ਗਵਾਂਢੀ ਨੂੰ ਜੋ ਉਸੇ ਮੰਜ਼ਲ ਤੇ ਅਗਲੇ ਘਰ ਵਿਚ ਰਹਿੰਦਾ ਸੀ।

ਲੜਾਈ ਤੇਜ਼ ਤੋਂ ਤੇਜ਼ਤਰ ਹੁੰਦੀ ਚਲੀ ਗਈ। ਜਦੋਂ ਤਕ ਕਿ ਮੈਨੂੰ ਸਮਝ ਪੈਂਦੀ ਕਿ ਇਹ ਕੀ ਹੋ ਰਿਹਾ ਏ ਵਿਹੜੇ ਵਿਚ ਭਲਵਾਨ ਵਾਂਗ ਖੜ੍ਹੀ ਪਮੀ ਦੀ ਮਾਂ ਨੇ ਕੋਡੀ ਹੋ ਕੇ ਇਕ ਸਟੂਲ ਚੁੱਕਿਆ ਤੇ ਵਿਰੋਧੀ ਤੇ ਵਗਾਹ ਮਾਰਿਆ ਜੋ ਇਕ ਵੱਡੇ ਡਰੱਮ ਕੋਲ ਖੜ੍ਹੀ ਸੀ। ਇਹ ਉਹਦੇ ਮੋਢੇ ਤੇ ਵੱਜਾ ਅਤੇ ਤਰੱਸ ਨਾਲ ਵੱਜ ਕੇ ਟੁੱਟ ਗਿਆ। ਅਚਾਨਕ ਸ਼ਾਂਤੀ ਹੋ ਗਈ ਤੇ ਮੇਰਾ ਦਿਲ ਇਸ ਵਿਚ ਡੁੱਬ ਚੱਲਿਆ ਅਤੇ ਦਰਸ਼ਕ ਦੇਖ ਰਹੇ ਸੀ ਕਿ ਹੁਣ ਅੱਗੋਂ ਕੀ ਹੋਵੇਗਾ। ਔਰਤ ਚੀਕਣ ਚਿਲਾਉਣ ਲੱਗੀ। ਉਹ ਪਮੀ ਦੀ ਮਾਂ ਨੂੰ ਹੋਰ ਗਾਲ੍ਹਾਂ ਕੱਢਣ ਲੱਗੀ, ਜੋ ਬਿਨਾਂ ਕੋਈ ਦੇਰ ਕੀਤੇ ਜੋ ਉਹਦੇ ਹੱਥ ਵਿਚ ਆਇਆ ਝਾੜੂ, ਥਾਪੀ, ਜੁੱਤੀ ਉਹ ਉਸ ਉੱਤੇ ਸੁੱਟਣ ਲੱਗੀ, ਜੋ ਬਚ ਕੇ ਡਰੱਮ ਪਿੱਛੇ ਲੁਕਣ ਦੀ ਕੋਸ਼ਿਸ਼ ਕਰ ਰਹੀ ਸੀ।

ਲੋਕ ਦੌੜ ਕੇ ਅੱਗੇ ਆਏ ਤੇ ਪਮੀ ਦੀ ਮਾਂ ਦੇ ਹੱਥ ਫੜਨ ਦੀ ਕੋਸ਼ਿਸ਼ ਕਰਨ ਲੱਗੇ। ਉਹ ਧਰਤੀ ਤੇ ਜਮੀ ਖੜ੍ਹੀ ਸੀ ਤੇ ਜਿਹੜਾ ਵੀ ਆਉਂਦਾ ਉਹਨੂੰ ਧੱਕਾ ਮਾਰ ਦਿੰਦੀ। ਰੌਲਾ ਹੋਰ ਵਧ ਗਿਆ ਤੇ ਗਲਾਂ ਦੀ ਤਾਂ ਸਮਝ ਹੀ ਨਹੀਂ ਆ ਰਹੀ ਸੀ। ਹਰੇਕ ਹੀ ਚੀਕ ਰਿਹਾ ਸੀ। ਕੋਈ ਪਮੀ ਦੀ ਮਾਂ ਨੂੰ ਕੋਸ ਰਿਹਾ ਸੀ ਤੇ ਕੋਈ ਉਸ ਔਰਤ ਨੂੰ ਉਥੋਂ ਜਾਣ ਲਈ ਕਹਿ ਰਿਹਾ ਸੀ। ਮੈਂ ਕੰਧ

ਕੋਲ ਖੜ੍ਹੀ ਸੀ ਤੇ ਸਮਝ ਨਹੀਂ ਆ ਰਿਹਾ ਸੀ ਕਿ ਕੀ ਕਰਾਂ। ਮੈਨੂੰ ਸਮਝ ਹੀ ਨਹੀਂ ਆ ਰਿਹਾ ਸੀ ਕਿ ਕੀ ਹੋ ਰਿਹਾ ਏ ਇਸ ਲਈ ਮੈਂ ਦਰਸ਼ਕ ਬਣ ਕੇ ਖੜ੍ਹੀ ਰਹਿਣਾ ਹੀ ਠੀਕ ਸਮਝਿਆ। ਮੈਂ ਪਮੀ ਦੀ ਮਾਂ ਨੂੰ ਗਾਲਾਂ ਕੱਢਦੇ ਸੁਣ ਰਹੀ ਸਾਂ, 'ਮਿੱਟੀ ਖਾਣੀ, ਗਸ਼ਤੀ, ਮੈਂ ਇਹਦੇ ਤੇ ਤਰਸ ਖਾਨੀ ਆਂ, ਇਹ ਮੈਨੂੰ ਚਾਰ ਗਈ ਏ। ਉਹ ਵਾਰ-ਵਾਰ ਇਕ ਗੱਲ ਹੀ ਕਹਿ ਰਹੀ ਸੀ 'ਵੜ ਫੂ... ਵਿਚ'।

ਮੈਂ ਆਸ ਕਰ ਰਹੀ ਸੀ ਕਿ ਦੂਜੀ ਔਰਤ ਨੱਸ ਜਾਵੇਗੀ ਜਾ ਛੁਪ ਜਾਵੇਗੀ ਪਰ ਮੈਨੂੰ ਹੈਰਾਨੀ ਹੋਈ ਜਦੋਂ ਉਹ ਅਚਾਨਕ ਚੀਕ ਕੇ ਪਮੀ ਦੀ ਮਾਂ ਵੱਲ ਨੂੰ ਦੌੜੀ ਅਤੇ ਉਹਨੂੰ ਜਾ ਕੇ ਟੱਕਰ ਮਾਰੀ। ਜਿਵੇਂ ਟੈਂਕ ਦੇ ਗੋਲੀ ਵੱਜੀ ਹੋਵੇ ਉਹ ਉਹਨੂੰ ਇਕ ਇੰਚ ਵੀ ਨਾ ਹਿਲਾ ਸਕੀ, ਪਰ ਉਹਦੇ ਸੱਟ ਜਰੂਰ ਵੱਜੀ। ਉਹਨੇ ਪਮੀ ਦੀ ਮਾਂ ਦੇ ਵਾਲ ਫੜ ਲਏ ਅਤੇ ਮੁੱਕਾ ਮਾਰਿਆ। ਚਾਰ-ਪੰਜ ਜਣਿਆਂ ਨੇ ਉਨ੍ਹਾਂ ਨੂੰ ਘੇਰ ਕੇ ਉਸ ਤੀਵੀਂ ਨੂੰ ਪਿੱਛੇ ਖਿੱਚਿਆ। ਉਹਦੇ ਮੋਢੇ ਤੋਂ ਖੂਨ ਵਗ ਰਿਹਾ ਸੀ। ਇਹ ਟੁੱਟਿਆ ਤਾਂ ਨਹੀਂ ਸੀ ਪਰ ਸੱਟ ਜਰੂਰ ਬਹੁਤੀ ਸੀ। ਆਖਰ ਬੰਦੇ ਦੋਹਾਂ ਭਲਵਾਨਾਂ ਨੂੰ ਅੱਡ ਕਰਨ ਵਿਚ ਕਾਮਯਾਬ ਹੋ ਗਏ। ਦੋਹਾਂ ਨੇ ਕਾਫੀ ਗ੍ਰਮੀ ਕੱਢ ਲਈ ਸੀ। ਕੁਝ ਔਰਤਾਂ ਦੂਜੀ ਤੀਵੀਂ ਨੂੰ ਪਾਸੇ ਲੈ ਗਈਆਂ ਅਤੇ ਮੰਜੀ ਤੇ ਬਿਠਾ ਦਿੱਤਾ। ਕੋਈ ਹੋਰ ਗਿੱਲਾ ਕੱਪੜਾ ਲਿਆਈ ਤੇ ਜਖਮ ਤੇ ਰੱਖ ਦਿੱਤਾ। ਦੂਜੇ ਗਰੁੱਪ ਨੇ ਪਮੀ ਦੀ ਮਾਂ ਨੂੰ ਮੰਜੀ ਤੇ ਲਿਆ ਬਿਠਾਇਆ ਤੇ ਉਹਨੂੰ ਸ਼ਾਂਤ ਹੋਣ ਲਈ ਕਹਿਣ ਲੱਗਾ।

ਦੇਖਣ ਵਾਲੇ ਪੱਚੀ ਕੁ ਬੰਦੇ ਅਤੇ ਦਰਜਨ ਕੁ ਬੱਚੇ ਇਕੱਠੇ ਹੋ ਗਏ ਸਨ। ਹਰੇਕ ਨਵਾਂ ਆਉਣ ਵਾਲਾ ਖੜ੍ਹ ਕੇ ਪੁੱਛਣ ਲੱਗਦਾ ਕਿ ਕੀ ਹੋ ਗਿਆ। ਕੋਈ ਦੋ ਸ਼ਬਦਾਂ ਵਿਚ ਜਵਾਬ ਦਿੰਦਾ ਤੇ ਆਉਣ ਵਾਲਾ ਆਪਣੀ ਟਿੱਪਣੀ ਦੇਣ ਲੱਗ ਪੈਂਦਾ। ਹੁਣ ਤਕ ਮੈਨੂੰ ਪਤਾ ਲੱਗ ਚੁੱਕਾ ਸੀ ਕਿ ਦੂਜੀ ਔਰਤ ਰਾਣੀ ਸੀ, ਜੋ ਗਲੀਆਂ ਦੀ ਰੰਡੀ ਸੀ ਤੇ ਪਮੀ ਦੀ ਮਾਂ ਨਾਲ ਉਹ ਦੀ ਸਮੱਸਿਆ ਸੀ ਕਿ ਉਹ ਉਹਨੂੰ ਕਿਰਾਇਆ ਨਹੀਂ ਦੇ ਸਕੀ ਸੀ। ਮੈਨੂੰ ਯਾਦ ਆ ਗਿਆ ਕਿ ਪੰਮੀ ਦੀ ਮਾਂ ਨੇ ਇਕ ਕਮਰਾ ਗਰੀਬ ਰੰਡੀਆਂ ਲਈ ਵੀ ਰੱਖਿਆ ਹੋਇਆ ਸੀ ਜੋ ਉਹ ਗਾਹਕ ਮਿਲਣ ਤੇ ਉਨ੍ਹਾਂ ਨੂੰ ਕਿਰਾਏ ਤੇ ਦੇ ਦਿੰਦੀ ਸੀ।

ਇਹ ਸ਼ਾਮ ਚਾਰ ਕੁ ਵਜੇ ਦਾ ਵੇਲਾ ਸੀ ਤੇ ਮੈਂ ਉਲਝੀ ਹੋਈ ਸੀ ਕਿਉਂਕਿ ਇਹ ਔਰਤਾਂ ਦਿਨ ਵਿਚ ਤਾਂ ਕੋਈ ਧੰਦਾ ਕਰਦੀਆਂ ਨਹੀਂ। ਮੈਂ ਫਰਨੀਚਰ ਦੇ ਸਮਾਨ ਵਾਂਗ ਜੁੜੀ ਖੜ੍ਹੀ ਸਾਂ ਤੇ ਉਨ੍ਹਾਂ ਵਿਚ ਫਸਣਾ ਨਹੀਂ ਚਾਹੁੰਦੀ ਸਾਂ।

ਪਮੀ ਦੀ ਭੈਣ ਰਜ਼ੀਆ ਇਕ ਪੱਖੀ ਲੈ ਕੇ ਆਈ ਤੇ ਮਾਂ ਨੂੰ ਝੱਲਣ ਲੱਗੀ। ਲੋਕਾਂ ਦੇ ਬੋਲਣ ਤੋਂ ਬਿਨਾਂ ਸਾਰਾ ਮਾਹੌਲ ਸ਼ਾਂਤ ਸੀ। ਇਕ ਸੱਤਰ ਕੁ ਸਾਲ ਦਾ ਬੰਦਾ ਨਿਆਣਿਆਂ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, 'ਇਨ੍ਹਾਂ ਨਿਆਣਿਆਂ ਨੂੰ ਦੇਖੋ ਜੋ ਤੁਹਾਡੇ ਵਲ ਦੇਖ ਰਹੇ ਨੇ। ਥੋਨੂੰ ਸ਼ਰਮ ਨਹੀਂ ਆਉਂਦੀ ਇਹੋ ਜਿਹੀ ਗੰਦੀ ਭਾਸ਼ਾ ਬੋਲਦਿਆਂ। ਜਦ ਉਹ ਜਾਣ ਲਈ ਮੁੜਿਆ ਤਾਂ ਇਕ ਛਿੱਤਰ ਉਡਦਾ ਆਇਆ ਤੇ ਉਹਦੀ ਪਿੱਠ ਵਿਚ ਵੱਜਿਆ। ਉਹ ਚੌਂਕ ਦੇ ਮੁੜਿਆ। ਇਕ ਉੱਚੀ ਅਵਾਜ਼ ਆਈ, 'ਤੂੰ ਕੌਣ ਏਂ ਵਿਚ ਬੋਲਣ ਵਾਲਾ; ਦੱਲਾ ਯਾ ਯਾਰ? ਹਰਾਮਜ਼ਾਦਾ। ਬੁੱਢੇ ਨੇ ਅਪਣੇ ਕੰਨ ਫੜੇ ਤੇ ਦੌੜ ਕੇ ਪੌੜੀਆਂ ਚੜ੍ਹ ਗਿਆ ਤੇ ਬੁੜਬੁੜਾਉਂਦਾ ਰਿਹਾ, 'ਗਸ਼ਤੀਆਂ, ਗਸ਼ਤੀਆਂ, ਗਸ਼ਤੀਆਂ। ਉਹਨੇ ਮੁੜ ਕੇ ਵੀ ਨਾ ਦੇਖਿਆ।

ਹੁਣ ਭਲਵਾਨਾਂ ਨੇ ਸਾਹ ਲੈ ਲਿਆ ਸੀ ਪਮੀ ਦੀ ਮਾਂ ਫੇਰ ਚੀਕਣ ਲੱਗ ਪਈ 'ਇਹ ਮੈਨੂੰ ਝੂਠ ਬੋਲੀ ਏ, ਇਹਨੇ ਮੇਰੇ ਨਾਲ ਠੱਗੀ ਕੀਤੀ ਏ। ਮੈਂ ਇਹਦੇ ਨਾਲ ਪਿਛਲੇ ਕਈ ਸਾਲਾਂ ਤੋਂ ਚੰਗਾ ਕੀਤਾ ਏ।' ਚੀਕਦੀ ਹੋਈ ਰਾਣੀ ਬੋਲੀ, 'ਉਹ ਹਰਾਮਜ਼ਾਦਾ ਤੈਨੂੰ ਝੂਠ ਬੋਲਿਆ ਏ।'

'ਬਕਵਾਸ ਬੰਦ ਕਰ ਤੂੰ ਭੂਤਨੀ ਦੀਏ।' ਪਮੀ ਦੀ ਮਾਂ ਘੁਰਕੀ।

ਲੋਕਾਂ ਨੇ ਰਾਣੀ ਨੂੰ ਕਿਹਾ ਕਿ ਚੁੱਪ ਰਹੇ। ਪਮੀ ਦੀ ਮਾਂ ਅਪਣੇ ਹੱਥਾਂ ਨਾਲ ਵਾਲ ਸੁਲਝਾਉਂਦੇ ਹੋਏ ਸਧਾਰਨ ਅਵਾਜ਼ ਵਿਚ ਬੋਲੀ 'ਲੋਕਾਂ ਨੂੰ ਤਾਂ ਖੁਦਾ ਦਾ ਡਰ ਹੀ ਨਹੀਂ ਰਿਹਾ' ਉਹਨੇ ਰਜ਼ੀਆ ਵੱਲ ਦੇਖਿਆ ਜੋ ਉਸਨੂੰ ਝੱਲ ਰਹੀ ਸੀ। ਉਹਦੇ ਵੱਲ ਅਜੀਬ ਨਜ਼ਰ ਨਾਲ ਦੇਖਦੇ ਹੋਏ ਉਹ ਉਹਨੂੰ ਪਰੇ ਧੱਕਦੀ ਹੋਈ ਬੋਲੀ, 'ਬੰਦ ਕਰ ਇਹਨੂੰ। ਤੂੰ ਮੇਰੇ ਸਿਰ ਤੇ ਕਿਉਂ ਖੜ੍ਹੀ ਏਂ?' ਰਜ਼ੀਆ ਮੰਜੀ ਤੇ ਡਿੱਗ ਪਈ, ਉਹਦੀਆਂ ਅੱਖਾਂ ਵਿਚ ਉਲਝਣ ਸੀ।

ਸ਼ਕੂਰਾ, ਬੈਂਡ ਵਾਲੇ ਸਾਜ਼ਿੰਦਿਆਂ ਦਾ ਸਾਥੀ, ਬੋਲਿਆ, 'ਆਉ ਚੱਲੀਏ ਬਈ। ਤਮਾਸ਼ਾ ਖਤਮ ਹੋ ਗਿਆ। ਇਸ ਤੋਂ ਪਹਿਲਾਂ ਕਿ ਇਹ ਮੱਝ ਹੋਰ ਨਾਲ ਖੜ੍ਹਿਆਂ ਨੂੰ ਮਾਰਨ ਲੱਗ ਪਏ ਸਾਨੂੰ ਨਿੱਕਲ ਜਾਣਾ ਚਾਹੀਦਾ ਏ। ਅਸੀਂ ਛਿੱਦੀ ਹੁੰਦੀ ਭੀੜ ਵਿਚੋਂ ਅਪਣਾ ਰਾਹ ਕੱਢਦੇ ਹੋਏ ਮੁੜ ਬੈਠਕ ਵੱਲ ਤੁਰ ਪਏ। ਉਸਤਾਦ ਉੱਥੇ ਹੀ ਬੈਠਾ ਸੀ। ਉਹਨੇ ਮੁਸਕੁਰਾਉਂਦੇ ਹੋਏ ਕਿਹਾ, 'ਫੇਰ ਤੁਸੀਂ ਮਨੋਰੰਜਨ ਚੈਨਲ ਦਾ ਕੀ ਅਨੰਦ ਲਿਆ?' ਮੈਂ ਇਸ ਹਾਲਤ ਤੇ ਹੱਸ ਵੀ ਨਾ ਸਕੀ ਅਤੇ ਬੋਲੀ, 'ਤੁਸੀਂ ਆਪ ਦੇਖਣ ਲਈ ਬਾਹਰ ਕਿਉਂ ਨਹੀਂ ਨਿਕਲੇ?'

ਉਹ ਹੱਸ ਪਿਆ, 'ਨਹੀਂ। ਮੇਰੇ ਲਈ ਤਾਂ ਅਵਾਜ਼ਾਂ ਹੀ ਕਾਫੀ ਸੀ। ਮੈਂ ਵੀਡੀਉ ਵਿਚ ਦਿਲਚਸਪੀ ਨਹੀਂ ਰੱਖਦਾ ਸੀ। ਮੈਂ ਉਨ੍ਹਾਂ ਦੋਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਅਤੇ ਮੇਰਾ ਵਿਸਵਾਸ਼ ਕਰੋ ਮੈਨੂੰ ਵੀਡੀਉ ਦੀ ਲੋੜ ਹੀ ਨਹੀਂ ਸੀ। ਉਹ ਗੰਭੀਰ ਹੋ ਕੇ ਕਹਿਣ ਲੱਗੀ, 'ਮੈਨੂੰ ਪਤਾ ਸੀ ਇਹ ਹੋਣਾ ਏ। ਮੈਨੂੰ ਪਤਾ ਏ ਕੀ ਹੋਇਆ ਏ। ਪਮੀ ਦੀ ਮਾਂ ਇਸ ਬਾਰੇ ਕਾਫੀ ਦੇਰ ਤੋਂ ਕੁੜ੍ਹ ਰਹੀ ਸੀ। ਮੈਨੂੰ ਪਤਾ ਸੀ ਕਿ ਜਦੋਂ ਵੀ ਉਹਨੂੰ ਰਾਣੀ ਦਿਸੀ ਉਹ ਟੁੱਟ ਕੇ ਪੈ ਜਾਏਗੀ। ਉਹ ਕਦੀ ਕਦੀ ਰਾਣੀ ਨੂੰ ਇਹ ਕਮਰਾ ਕਿਰਾਏ ਤੇ ਦਿੰਦੀ ਏ। ਉਹ ਇਨ੍ਹਾਂ ਗਲੀਆਂ ਦੀਆਂ ਗਸ਼ਤੀਆਂ ਨੂੰ ਕਮਰਾ ਕਿਰਾਏ ਤੇ ਦੇ ਦਿੰਦੀ ਏ ਜਿਨ੍ਹਾਂ ਨੂੰ ਅਸੀਂ ਮਿੱਟੀ ਖਾਣੀਆਂ ਕਹਿੰਦੇ ਹਾਂ। ਉਹ ਰੰਡੀਆਂ ਵਿਚ ਨਿਰਾ ਗੰਦ-ਮੰਦ ਨੇ। ਤੂੰ ਸਮਝ ਰਹੀ ਏਂ ਮੈਂ ਕੀ ਕਹਿ ਰਿਹਾ ਹਾਂ?'

ਉਹ ਅੱਗੇ ਬੋਲਿਆ, 'ਇਨ੍ਹਾਂ ਔਰਤਾਂ ਨੇ ਜੋ ਉਹ ਕਮਾਉਂਦੀਆਂ ਨੇ ਉਸ ਦਾ ਦਸ ਪ੍ਰਤੀਸ਼ਤ ਉਸ ਨੂੰ ਦੇਣਾ ਹੁੰਦਾ ਏ। ਉਹ ਉਨ੍ਹਾਂ ਨੂੰ ਕਿਰਾਏ ਤੇ ਕਮਰਾ ਦਿੰਦੀ ਏ, ਸਮਝ ਲਉ ਅੱਧੇ ਘੰਟੇ ਵਾਸਤੇ।

ਇਕ ਸਾਜਿੰਦਾ ਵਿਚੋਂ ਬੋਲਿਆ, 'ਉਹ ਤਾਂ ਦਸ ਮਿੰਟ ਹੀ ਲਾਉਂਦੇ ਨੇ।'

'ਬਕਵਾਸ ਬੰਦ!', ਉਸਤਾਦ ਨੇ ਉਹਨੂੰ ਕਿਹਾ, ਅਤੇ ਕੋਈ ਹੱਸਿਆ, 'ਟੋਕ ਨਾ ਮੈਨੂੰ। ਇਸ ਤਰ੍ਹਾਂ ਰਾਣੀ ਨੇ ਗਾਹਕ ਤੋਂ ਮਿਲਣ ਵਾਲੇ ਪੈਸਿਆਂ ਦਾ ਦਸ ਪ੍ਰਤਿਸ਼ਤ ਉਸ ਨੂੰ ਦੇਣਾ ਸੀ। ਜੇ ਉਹਦੀ ਕਿਸਮਤ ਠੀਕ ਹੋਈ ਤਾਂ ਉਹਨੂੰ ਇਕ-ਦੋ ਗਾਹਕ ਲੱਭ ਜਾਂਦੇ ਨੇ। ਕਿਸੇ ਦਿਨ ਇਕ ਵੀ ਨਹੀਂ ਮਿਲਦਾ। ਪਿਛਲੀ ਰਾਤ ਉਸ ਨਾਲ ਇਕ ਗਾਹਕ ਸੀ ਜੋ ਉਸ ਨਾਲ ਠੱਗੀ ਮਾਰ ਗਿਆ।'

'ਮੈਂ ਤੇਰੀ ਗੱਲ ਨਹੀਂ ਸਮਝੀ', ਮੈਂ ਕਿਹਾ।

'ਉਹ ਉਸਨੂੰ ਸੌ ਰੁਪਏ ਦੇਣੇ ਮੰਨ ਗਿਆ ਪਰ ਜਾਣ ਲੱਗਾ ਦਸ ਦਾ ਨੋਟ ਫੜਾ ਗਿਆ।

ਜਦ ਉਹਨੇ ਬਹਿਸ ਕੀਤੀ ਤਾਂ ਉਹ ਨੇ ਕਿਹਾ ਕਿ ਜੇ ਹੋਰ ਬੋਲੀ ਤਾਂ ਉਹ ਉਹਨੂੰ ਅੰਦਰ ਕਰਵਾ ਦਏਗਾ। ਪਮੀ ਦੀ ਮਾਂ ਨੂੰ ਇਕ ਰੁਪਿਆ ਮਿਲਿਆ ਜਿਸ ਤੋਂ ਉਹ ਪ੍ਰੇਸ਼ਾਨ ਸੀ। ਅੱਜ ਉਹਨੇ ਇਹੀ ਰੋਣਾ ਕਿਸੇ ਹੋਰ ਕੋਲ ਰੋਇਆ ਤਾਂ ਉਹਨੇ ਦੱਸ ਦਿੱਤਾ ਕਿ ਸੌਦਾ ਤਾਂ ਸੌ ਰੁਪਏ ਦਾ ਹੋਇਆ ਸੀ। ਹੋ ਸਕਦਾ ਏ ਕਿਸੇ ਨੇ ਉਨ੍ਹਾਂ ਨੂੰ ਵਿਹੜੇ ਦੇ ਬਾਹਰੋਂ ਸੌਦਾ ਮੁਕਾਉਂਦੇ ਸੁਣ ਲਿਆ ਹੋਣਾ ਏ। ਪਮੀ ਦੀ ਮਾਂ ਪਿਛਲੇ ਦੋ ਘੰਟੇ ਤੋਂ ਰਾਣੀ ਦੀ ਉਡੀਕ ਕਰ ਰਹੀ ਸੀ ਕਿ ਉਹ ਵਿਹੜੇ ਪੈਰ ਧਰੇ ਤਾਂ ਸਹੀ। ਉਹ! ਬੜੀ ਡਾਢੀ ਏ ਉਹ।'

ਇਕ ਸਾਜ਼ਿੰਦੇ ਨੇ ਅਪਣਾ ਸਿੰਥੇਸਾਈਜ਼ਰ ਆੱਨ ਕਰ ਦਿੱਤਾ। ਉਸਤਾਦ ਉਹਦੇ ਵੱਲ ਝਾਕਿਆ, 'ਨਹੀਂ, ਇਹ ਚੀਜ਼ ਨਹੀਂ', ਉਹ ਬੋਲਿਆ, 'ਉਹਦੇ ਨਾਲ ਸ਼ੁਰੂ ਕਰ ਜੋ ਅਸੀਂ ਅਪਣੀ ਪੇਸ਼ਕਾਰੀ ਵੇਲੇ ਵਰਤਣ ਦੀ ਸਲਾਹ ਬਣਾਈ ਸੀ।' ਉਸਤਾਦ ਦੀ ਇਸ ਟਿੱਪਣੀ ਤੋਂ ਪਤਾ ਲੱਗ ਗਿਆ ਕਿ ਲੜਾਈ ਦੀ ਛੁੱਟੀ ਮੁੱਕ ਗਈ ਸੀ ਅਤੇ ਅਸੀਂ ਮੁੜ ਰਿਹੱਰਸਲ ਦੇ ਸੁਰ ਵਿਚ ਆ ਗਏ ਸਾਂ। ਮੈਂ ਬਹੁਤਾ ਦੇਰ ਨਾ ਬੈਠੀ ਕਿਉਂਕਿ ਮੇਰਾ ਮਨ ਰਾਣੀ ਵਿਚ ਹੀ ਉਲਝਿਆ ਰਿਹਾ। ਇਹ ਸਾਰੀ ਲੜਾਈ ਨੌਂ ਰੁਪਏ ਪਿੱਛੇ ਸੀ। ਮੈਨੂੰ ਪੱਕਾ ਪੱਤਾ ਸੀ ਕਿ ਪਮੀ ਦੀ ਮਾਂ ਨੂੰ ਵੀ ਪਤਾ ਏ ਕਿ ਗਾਹਕ ਰੰਡੀਆਂ ਨਾਲ ਠੱਗੀ ਮਾਰ ਜਾਂਦੇ ਨੇ ਅਤੇ ਮੈਂ ਹੈਰਾਨ ਸੀ ਕਿ ਉਹਨੇ ਰਾਣੀ ਦੀ ਇਹ ਗੱਲ ਕਿਉਂ ਨਾ ਮੰਨੀ।

ਰਾਣੀ ਵਰਗੀਆਂ ਰੰਡੀਆਂ ਬਹੁਤੀਆਂ ਉਸ ਇਲਾਕੇ ਵਿਚ ਰਹਿੰਦੀਆਂ ਨੇ ਜਿਸ ਨੂੰ ਟਿੱਬੀ ਕਿਹਾ ਜਾਂਦਾ ਏ। ਭੀੜੀਆਂ ਗਲੀਆਂ ਅਤੇ ਛੋਟੇ ਹਨੇਰੇ ਕਮਰਿਆਂ ਵਾਲਾ ਟਿੱਬੀ ਇਲਾਕਾ ਹੇਠਲੇ ਦਰਜੇ ਦੀਆਂ ਰੰਡੀਆਂ ਦਾ ਏ ਜਿੱਥੇ ਬੰਦਾ ਦਸ ਰੁਪਏ ਤੋਂ 200 ਰੁਪਏ ਵਿਚਕਾਰ ਕਿਤੇ ਵੀ ਪਾਣੀ ਕੱਢ ਸਕਦਾ ਏ। ਨਾਚ ਜਾਂ ਗਾਣੇ ਦਾ ਕੋਈ ਕੰਮ ਨਹੀਂ ਸੀ ਇਸ ਲਈ ਗਾਹਕ ਸਿੱਧੇ ਸੌਦਾ ਕਰਦੇ ਸਨ। ਇਸ ਇਲਾਕੇ ਦੀ ਮੇਨ ਸਟਰੀਟ ਨੂੰ ਟਿੱਬੀ ਗਲੀ ਕਿਹਾ ਜਾਂਦਾ ਏ।

ਉੱਥੇ ਮੇਰਾ ਪਹਿਲਾ ਗੇੜਾ ਬੜਾ ਅਜੀਬ ਰਿਹਾ। ਗਲੀ ਦੇ ਇਕ ਸਿਰੇ ਤੇ ਖੜ੍ਹੀ ਅੰਦਰ ਦੇਖਦੀ ਮੈਂ ਗਲੀ ਵਿਚ ਮੌਤ ਦੀ ਮਹਿਕ ਮਹਿਸੂਸ ਕਰ ਰਹੀ ਸੀ। ਤਕਰੀਬਨ ਕੋਈ ਵੀ ਨਹੀਂ ਦਿਸ ਰਿਹਾ ਸੀ ਜਿਵੇਂ ਕੋਈ ਵਾ-ਵਰੋਲਾ ਆਇਆ ਹੋਵੇ ਅਤੇ ਸਭ ਕੁਝ ਉਡਾ ਕੇ ਲੈ ਗਿਆ ਹੋਵੇ। ਇਸ ਤਰ੍ਹਾਂ ਨਹੀਂ ਸੀ ਕਿ ਲੋਕ ਉੱਥੇ ਰਹਿੰਦੇ ਨਹੀਂ ਸਨ। ਘਸੇ ਹੋਏ ਕੱਪੜਿਆਂ ਨਾਲ ਦਰਵਾਜ਼ਿਆਂ ਦੇ ਪਰਦੇ ਬਣਾਏ ਹੋਏ ਸਨ ਪਰ ਹਲਚਲ ਕੋਈ ਨਹੀਂ ਸੀ।

ਮੈਂ ਆਪਣੇ ਪਿਛੇ ਇਕ ਪੁਲਿਸ ਅਫਸਰ ਦੀ ਭਾਰੀ ਅਵਾਜ ਸੁਣ ਕੇ ਤ੍ਰਭਕੀ। ਉਹਨੇ ਮੈਨੂੰ ਦੱਸਿਆਂ ਕਿ ਉਨ੍ਹਾਂ ਨੂੰ ਸਖ਼ਤ ਹੁਕਮ ਹਨ ਕਿ ਇਸ ਇਲਾਕੇ ਵਿਚ ਕਿਸੇ ਨੂੰ ਨਾ ਵੜਨ ਦਿੱਤਾ ਜਾਵੇ ਇਸ ਲਈ ਤੂੰ ਨਹੀਂ ਜਾ ਸਕਦੀ। ਮੈਂ ਨਰਮੀ ਨਾਲ ਦਲੀਲ ਦਿੱਤੀ ਕਿ ਮੈਂ ਤਾਂ ਕੋਈ ਗਾਹਕ ਨਹੀਂ ਇਸ ਲਈ ਮੈਨੂੰ ਰੋਕਣ ਦੀ ਕੀ ਤੁਕ ਹੋਈ। ਉਹ ਮੈਨੂੰ ਨਹੀਂ ਜਾਣਦੇ ਸੀ ਇਸ ਲਈ ਮੈਨੂੰ ਲੰਘ ਜਾਣ ਦਿੱਤਾ ਪਰ ਨਾਲ ਹੀ ਸਖਤੀ ਨਾਲ ਤਾੜਨਾ ਵੀ ਕੀਤੀ ਕਿ ਕਿਸੇ ਨਾਲ ਗੱਲ ਵੀ ਨਾ ਕਰਾਂ।

ਇਸ ਲਈ ਮੈਂ ਘਰਾਂ ਉੱਤੇ ਝਾਤੀ ਮਾਰਦੀ ਹੋਈ ਹੌਲੀ-ਹੌਲੀ ਗਲੀ ਵਿਚ ਤੁਰ ਪਈ। ਕਮਰੇ ਛੋਟੇ-ਛੋਟੇ ਸਨ। ਇਕ ਬੂਹੇ 'ਚ ਮੈਂ ਇਕ ਬੁੱਢੀ ਔਰਤ ਦੇਖੀ, ਕਰੀਬ ਅੱਸੀਂ ਸਾਲ ਹੀ ਹੋਈ ਏਂ। ਬੜੀ ਮੋਟੀ ਜਿਹੀ ਉਹ ਪੀਲੀ ਹੋਈ ਪਈ ਸੀ ਤੇ ਉਹਦੇ ਚਿੱਟੇ ਵਾਲ ਜਿਵੇਂ ਮਹੀਨਿਆਂ ਤੋਂ ਧੋਤੇ ਨਾ ਗਏ ਹੋਣ। ਕਮਰਾ ਮੁਸ਼ਕਦਾਰ ਤੇ ਖਾਲੀ ਸੀ ਅਤੇ ਉਹਦੇ ਹੇਠਾਂ ਇਕ ਫਟੇ ਹੋਏ ਕੱਪੜੇ

ਦੀ ਟਾਕੀ ਹੀ ਸੀ। ਕੰਧ ਨਾਲ ਢੋ ਲਾ ਕੇ ਬੈਠੀ ਨੇ ਉਸਨੇ ਲੱਤਾਂ ਪਸਾਰੀਆਂ ਹੋਈਆਂ ਸਨ। ਉਹ ਅਪਣੀਆਂ ਲੱਤਾਂ ਉੱਤੇ ਸਰੀਰ ਨੂੰ ਝੁਕਾਈਂ ਝੂਲ ਰਹੀ ਸੀ ਜਿਵੇਂ ਬੜੀ ਬੀਮਾਰ ਹੋਵੇ।

ਅਯੂਬ ਖਾਨ ਨੇ (1958-68) ਟਿੱਬੀ ਇਲਾਕੇ ਵਿਚ ਅਪਣੇ ਸੁਧਾਰ ਅੰਦੋਲਨ ਵੇਲੇ ਰੰਡੀਬਾਜੀ ਬੰਦ ਕਰ ਦਿੱਤੀ ਸੀ ਅਤੇ ਸ਼ਾਹੀ ਮੁਹੱਲੇ ਦੀਆਂ ਗਤੀਵਿਧੀਆਂ ਤੇ ਵੀ ਸਖਤ ਪਾਬੰਦੀਆਂ ਲਾ ਦਿੱਤੀਆਂ ਸਨ। ਉਸ ਇਲਾਕੇ ਵਿਚੋਂ ਰੰਡੀਆਂ ਨੂੰ ਉਜਾੜ ਦਿੱਤਾ ਗਿਆ ਸੀ ਜਿਸ ਕਰਕੇ ਉਹ ਉਥੋਂ ਚਲੀਆਂ ਗਈਆਂ ਤੇ ਸਾਰੇ ਸ਼ਹਿਰ ਵਿਚ ਫੈਲ ਗਈਆਂ। ਲੋਕਾਂ ਨੇ ਦੁਹਾਈ ਪਾ ਦਿੱਤੀ ਜਿਸ ਕਰਕੇ ਸਰਕਾਰ ਨੂੰ ਅਪਣਾ ਫੈਸਲਾ ਬਦਲਣਾ ਪਿਆ। ਇਸ ਤਰ੍ਹਾਂ ਲਾਲ ਬੱਤੀ ਖੇਤਰ ਦੇ ਲੋਕਾਂ ਨੂੰ ਵਾਪਸ ਆਉਣ ਦੀ ਇਜਾਜ਼ਤ ਮਿਲ ਗਈ। ਸਾਜ਼ਿੰਦਿਆਂ ਅਤੇ ਨਾਚੀਆਂ ਨੂੰ ਕਲਾਕਾਰ ਮੰਨਿਆਂ ਗਿਆ ਅਤੇ ਉਨ੍ਹਾਂ ਨੂੰ ਨਿਸ਼ਚਿਤ ਸਮੇਂ ਦੌਰਾਨ ਹੀ ਪੇਸ਼ਕਾਰੀ ਦੀ ਇਜਾਜਤ ਦਿੱਤੀ ਗਈ। ਟਿੱਬੀ ਗਲੀ ਵਿਚ ਕਿਉਂਕਿ ਇਸ ਤਰ੍ਹਾਂ ਦਾ ਕੋਈ ਕਲਾ ਪ੍ਰਦਰਸ਼ਨ ਨਹੀਂ ਹੁੰਦਾ ਸੀ ਇਸ ਲਈ ਉਸ ਵਿਚ ਰੰਡੀਬਾਜ਼ੀ ਦਾ ਧੰਦਾ ਮੁੜ ਨਾ ਖੁਲ੍ਹ ਸਕਿਆ। ਅਯੂਬ ਖਾਨ ਤੋਂ ਬਾਦ ਹਰੇਕ ਹਕੂਮਤ ਨੇ ਇਹ ਪਾਲਸੀ ਰੱਖੀ ਅਤੇ ਪੁਲਿਸ ਨੇ ਜਨਰਲ ਜ਼ਿਆ ਉਲ ਹੱਕ (1977-88) ਦੀ ਹਕਮੂਤ ਦੌਰਾਨ ਇਸ ਨੂੰ ਸਖਤੀ ਨਾਲ ਲਾਗੂ ਕੀਤਾ।

ਜਿਹੜੀਆਂ ਔਰਤਾਂ ਟਿੱਬੀ ਤੋਂ ਉਜਾੜੀਆਂ ਗਈਆਂ ਸਨ ਉਨ੍ਹਾਂ ਕੋਲ ਸਿਵਾਏ ਇੱਧਰ-ਉੱਧਰ ਦੀਆਂ ਵੱਡੀਆਂ ਇਮਾਰਤਾਂ ਦੇ ਛੋਟੇ-ਛੋਟੇ ਕਮਰਿਆਂ ਵਿਚ ਲੁਕੇ ਰਹਿਣ ਤੋਂ ਜਾਣ ਲਈ ਹੋਰ ਕੋਈ ਥਾਂ ਹੀ ਨਹੀਂ ਸੀ। ਟਿੱਬੀ ਇਲਾਕੇ ਵਿਚ ਰੰਡੀਬਾਜ਼ੀ ਅਜੇ ਵੀ ਹੁੰਦੀ ਏ ਪਰ ਚੋਰੀ-ਚੋਰੀ ਅਤੇ ਛੋਟੇ ਪੈਮਾਨੇ ਤੇ।

ਖੁਦ ਰੰਡੀਆਂ ਵਿਚ ਵੀ ਇਕ ਨਿਵੇਕਲਾ ਸਮਾਜਕ ਪੱਧਰ ਮੌਜੂਦ ਹੁੰਦਾ ਏ। ਬਹੁਤੀਆਂ ਸੋਹਣੀਆਂ ਬਹੁਤੀ ਦੇਰ ਮੁਹੱਲੇ ਵਿਚ ਨਹੀਂ ਟਿਕਦੀਆਂ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਧੰਦੇ ਦੇ ਮੁੱਢਲੇ ਦਿਨਾਂ ਵਿਚ ਪਤਨੀਆਂ ਜਾਂ ਰਖੇਲਾਂ ਦੇ ਤੌਰ ਤੇ ਚੁਣ ਲਿਆ ਜਾਂਦਾ ਏ। ਜੇ ਉਹ ਧੰਦੇ ਵਿਚ ਰਹਿੰਦੀਆਂ ਵੀ ਨੇ ਤਾਂ ਉਹ ਖਾਸ ਕਿਸਮ ਦੇ ਗਾਹਕਾਂ ਨੂੰ ਹੀ ਭੁਗਤਉਂਦੀਆਂ ਨੇ ਜਿਵੇਂ ਅਰਬ ਸ਼ੇਖ ਅਤੇ ਉੱਚ ਪੱਧਰ ਦੇ ਅਫਸਰ, ਅਤੇ ਉਹ ਗੁਲਬਰਗ ਜਾਂ ਹੋਰ ਕਿਸੇ ਖੁਸ਼ਹਾਲ ਇਲਾਕੇ ਵਿਚ ਘਰ ਜਮਾ ਲੈਂਦੀਆਂ ਹਨ। ਉਹ ਅਪਣਾ ਬਹੁਤਾ ਧੰਦਾ ਘਰ ਵਿਚ ਹੀ ਕਰਦੀਆਂ ਨੇ ਪਰ ਕਈ ਵਾਰੀ ਮੁਹੱਲੇ ਵਿਚ ਵੀ ਕੋਠਾ ਕਾਇਮ ਰੱਖਦੀਆਂ ਹਨ। ਉਹ ਨਵੀਆਂ ਨਵੀਆਂ ਕਾਰਾਂ ਵਿਚ ਮੁਹੱਲੇ ਵਿਚ ਰਾਤ ਨੂੰ ਗਿਆਰਾਂ ਕੁ ਵਜੇ ਦੇ ਕਰੀਬ ਆਉਂਦੀਆਂ ਨੇ ਜਿਸ ਵੇਲੇ ਉਨ੍ਹਾਂ ਦਾ ਆਫੀਸ ਖੁਲ੍ਹਦਾ ਏ। ਕੋਠਾ ਉਨ੍ਹਾਂ ਦਾ ਲੋਕ ਸੰਪਰਕ ਦਫਤਰ ਦੇ ਤੌਰ ਤੇ ਵੀ ਕੰਮ ਕਰਦਾ ਏ ਜਿੱਥੇ ਉਹ ਅਪਣੇ ਸੰਪਰਕ ਵਿਸ਼ੇਸ਼ ਤਰ੍ਹਾਂ ਦੇ ਗਾਹਕਾਂ ਨਾਲ ਅਤੇ ਇਸ ਕਾਰੋਬਾਰ ਵਿਚ ਸ਼ਾਮਲ ਹੋਰ ਲੋਕਾਂ ਨਾਲ ਰੱਖਦੀਆਂ ਨੇ।

ਇਸ ਵਰਗ ਨੂੰ ਰੰਡੀਆਂ ਦੀ 'ਏ' ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਏ। ਉਨ੍ਹਾਂ ਨੂੰ ਉੱਚ ਪੱਧਰੀਆਂ ਖੇਡਾਂ ਆਉਂਦੀਆਂ ਹੁੰਦੀਆਂ ਨੇ ਅਤੇ ਉਨ੍ਹਾਂ ਦੇ ਗਾਹਕ ਕੁਝ ਚੁਣਵੇਂ ਧਨੀ ਲੋਕ ਹੁੰਦੇ ਨੇ ਜੋ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰ ਸਕਦੇ ਨੇ। ਕੁਝ ਚੰਗੀਆਂ ਪੜ੍ਹੀਆਂ-ਲਿਖੀਆਂ ਹੁੰਦੀਆਂ ਨੇ ਅਤੇ ਕੁਝ ਹੋਰ ਅਪਣੀ ਸੁੰਦਰਤਾ ਅਤੇ ਧੰਦੇ ਦੀ ਮੁਹਾਰਤ ਕਰਕੇ ਕਾਮਯਾਬ ਹੁੰਦੀਆਂ ਨੇ। ਇਸ ਕਿਸਮ ਦੀਆਂ ਰੰਡੀਆਂ ਵਧੇਰੇ ਸੁਤੰਤਰ ਹੁੰਦੀਆਂ ਨੇ ਤੇ ਆਪਣੀ ਆਮਦਨ ਤੇ ਉਨ੍ਹਾਂ ਦਾ ਹੀ

ਕੰਟਰੋਲ ਹੁੰਦਾ ਏ। ਉਨ੍ਹਾਂ ਦਾ ਹਾਲ ਮੁਹੱਲੇ ਦੀਆਂ ਹੋਰ ਸਾਥਣਾਂ ਵਰਗਾ ਨਹੀਂ ਹੁੰਦਾ। ਜੋ ਫਿਲਮ ਜਗਤ ਵਿਚ ਚਲੀਆਂ ਜਾਂਦੀਆਂ ਨੇ ਉਨ੍ਹਾਂ ਕੋਲ ਧਨ ਅਤੇ ਸ਼ੋਹਰਤ ਦੋਵੇਂ ਹੁੰਦੇ ਨੇ। ਉਹ ਖਾਸ ਕਿਸਮ ਦੇ ਲੋਕਾਂ ਨੂੰ ਹੀ ਕਾਮ ਸੇਵਾ ਪ੍ਰਦਾਨ ਕਰਦੀਆਂ ਨੇ। ਕੁਝ ਬੇਹਤਰ ਸੰਪਰਕ ਰੱਖਣ ਲਈ ਇਸ ਧੰਦੇ ਨੂੰ ਚਲਾਉਂਦੀਆਂ ਰਹਿੰਦੀਆਂ ਨੇ ਤਾਂ ਕਿ ਫਿਲਮਾਂ ਵਿਚ ਵੱਡੇ ਰੋਲ ਮਿਲ ਸਕਣ। ਉਨ੍ਹਾਂ ਦੇ ਮਨੇਜਰ, ਮਾਵਾਂ ਜਾਂ ਮਾਸੀਆਂ ਉਨ੍ਹਾਂ ਨਾਲ ਚਿੰਬੜੇ ਰਹਿੰਦੇ ਨੇ ਤਾਂ ਕਿ ਉਨ੍ਹਾਂ ਦੇ ਕੈਰੀਅਰ ਅਤੇ ਨਿੱਜੀ ਜੀਵਨ ਤੇ ਕਾਬੂ ਰੱਖ ਸਕਣ। ਜੇ ਉਹ ਫਿਲਮਾਂ ਵਿਚ ਕੁਝ ਉਚੇਰੇ ਪੱਧਰ ਤੇ ਸ਼ਾਮਲ ਹੋ ਜਾਂਦੀਆਂ ਨੇ, ਜਿਵੇਂ ਐਕਟਰੈੱਸ ਦੇ ਤੌਰ ਤੇ, ਤਾਂ ਉਹ ਵਿਅਕਤੀਗਤ ਅਤੇ ਸਮਾਜੀ ਤੌਰ ਤੇ ਫੌਰੀ ਵਿਕਾਸ ਕਰ ਜਾਂਦੀਆਂ ਨੇ ਅਤੇ ਮੁਹੱਲੇ ਦੇ ਰੰਗ-ਢੰਗ ਨਾਲੋਂ ਕਿਤੇ ਅਗਾਂਹ ਨਿਕਲ ਜਾਂਦੀਆਂ ਨੇ। ਉਹ ਪਰਿਵਾਰਕ ਧੰਦਾ ਛੱਡ ਦਿੰਦੀਆਂ ਨੇ ਤੇ ਸਮਾਜ ਦੇ ਖੁਸ਼ਹਾਲ ਵਰਗ ਵਿਚ ਸ਼ਾਮਲ ਹੋ ਜਾਂਦੀਆਂ ਨੇ। ਅਪਣੇ ਫਿਲਮ ਸਟਾਰ ਦੇ ਕਿੱਤੇ ਵਿਚ ਕਾਮਯਾਬ ਹੋਣ ਦੇ ਨਾਲ-ਨਾਲ ਉਹ ਕਿਸੇ ਕਾਮਯਾਬ ਡਾਇਰੈਕਟਰ, ਐਕਟਰ ਜਾਂ ਕਿਸੇ ਹੋਰ ਪ੍ਰਭਾਵਕ ਫਿਲਮੀ ਹਸਤੀ ਨਾਲ ਵਿਆਹ ਕਰਵਾਉਣ ਦੀ ਵੀ ਕੋਸ਼ਿਸ਼ ਕਰਦੀਆਂ ਨੇ।

ਕੁਝ ਫਿਲਮਾਂ ਵਿਚ ਕੰਮ ਮਿਲਣ ਤੋਂ ਬਾਦ ਵੀ ਮੁਜਰਾ ਕਰਦੀਆਂ ਰਹਿੰਦੀਆਂ ਨੇ ਕਿਉਂਕਿ ਉਨ੍ਹਾਂ ਦੀ ਮਸ਼ਹੂਰੀ ਕਾਰਨ ਉਨ੍ਹਾਂ ਨੂੰ ਵੱਧ ਫੀਸ ਮਿਲਣ ਲੱਗ ਪੈਂਦੀ ਏ। ਉਨ੍ਹਾਂ ਵਿੱਚ ਕੁਝ ਦਾ ਕਹਿਣਾ ਏ ਕਿ ਉਹ ਮੁਜਰੇ ਤੋਂ ਹੀ ਇਕ ਰਾਤ ਵਿਚ ਐਨਾ ਕਮਾ ਲੈਂਦੀਆਂ ਨੇ ਜਿੰਨਾਂ ਉਨ੍ਹਾਂ ਨੂੰ ਪੂਰੀ ਫਿਲਮ ਵਿਚ ਵੀ ਨਹੀਂ ਮਿਲਦਾ। ਕੁਝ ਇਸ ਤੋਂ ਬਾਦ ਮੁਜਰੇ ਨੂੰ ਜਾਰੀ ਰੱਖਣਾ ਨਾਪਸੰਦ ਕਰਦੀਆਂ ਨੇ ਕਿਉਂਕਿ ਉਹ ਇਸ ਪੱਧਰ ਦੇ ਸਮਾਜਕ ਰੁਤਬੇ ਨੂੰ ਪਾਉਣ ਤੋਂ ਬਾਦ ਇਸ ਨੂੰ ਪੈਸੇ ਨਾਲੋਂ ਵੱਧ ਅਹਿਮੀਅਤ ਦਿੰਦੀਆਂ ਨੇ।

ਦੂਜੀ ਜਾਂ 'ਬੀ' ਸ਼੍ਰੇਣੀ ਵਿਚ ਉਹ ਰੰਡੀਆਂ ਹੁੰਦੀਆਂ ਹਨ ਜੋ ਰਹਿੰਦੀਆਂ ਤਾਂ ਮੁਹੱਲੇ ਵਿਚ ਨੇ ਅਤੇ ਰਵਾਇਤੀ ਕੋਠੇ ਚਲਾਉਂਦੀਆਂ ਨੇ। 'ਬੀ' ਸ਼੍ਰੇਣੀ ਦੀਆਂ ਰੰਡੀਆਂ ਮੁੱਹਲੇ ਦੀ ਮੱਧ ਵਰਗੀ ਜਮਾਤ ਹਨ। ਉਹ ਅਪਣੀਆਂ ਰਵਾਇਤਾਂ ਨਾਲ ਜੁੜੀਆਂ ਰਹਿੰਦੀਆਂ ਨੇ ਅਤੇ ਹਰ ਰਾਤ ਗਿਆਰਾਂ ਤੋਂ ਇਕ ਵਜੇ ਤੱਕ ਮੁਜਰਾ ਕਰਦੀਆਂ ਹਨ। ਮੈਂ ਇਸ ਸ਼੍ਰੇਣੀ ਬਾਰੇ ਬੇਹਤਰ ਜਾਣਦੀ ਹਾਂ। ਉਨ੍ਹਾਂ ਨੇ ਸਾਲਾਂ ਬੱਧੀ ਹਕੂਮਤ ਦੇ ਸੁਧਾਰ ਹੰਭਲਿਆਂ ਨੂੰ ਬਹੁਤ ਝੱਲਿਆ ਏ ਖਾਸ ਤੌਰ ਤੇ ਇਨ੍ਹਾਂ ਨੂੰ ਹੀ ਜ਼ਿਆਦਾ ਕਲੰਕਿਤ ਕੀਤਾ ਗਿਆ ਏ ਕਿਉਂਕਿ ਉਨ੍ਹਾਂ ਦੇ ਦੇਹ ਵਪਾਰ ਦੇ ਸਬੰਧ ਸਪਸ਼ਟ ਅਤੇ ਸਾਮ੍ਹਣਿਉਂ ਨਜ਼ਰ ਆਉਂਦੇ ਹਨ।

ਤਕਰੀਬਨ ਸਾਰੀਆਂ ਰੰਡੀਆਂ ਇੱਥੋਂ ਹੀ ਸ਼ੁਰੂ ਕਰਦੀਆਂ ਹਨ ; ਕੁਝ ਵਧੇਰੇ ਬੇਹਤਰ ਅਤੇ ਉੱਚੇ ਭਵਿੱਖ ਵੱਲ ਤੁਰ ਜਾਂਦੀਆਂ ਹਨ ਅਤੇ ਬਾਕੀ ਇਸ ਦੀ ਆਸ ਵਿਚ ਅਪਣਾ ਜੀਵਨ ਬਿਤਾਉਂਦੀਆਂ ਹਨ। ਇਸ ਨੂੰ ਤਬਦੀਲੀਸ਼ੁਦਾ ਵਰਗ ਕਿਹਾ ਜਾ ਸਕਦਾ ਏ ਉਨ੍ਹਾਂ ਔਰਤਾਂ ਦਾ ਜੋ ਜਾਂ ਤਾਂ 'ਬੀ' ਸ਼੍ਰੇਣੀ ਵਿਚ ਚਲੀਆਂ ਜਾਂਦੀਆਂ ਨੇ ਤੇ ਜਾਂ 'ਸੀ' ਸ਼੍ਰੇਣੀ ਵਿਚ। ਐਪਰ, ਬਹੁਤੀਆਂ ਰੰਡੀਆਂ ਅਪਣਾ ਸਾਰਾ ਜੀਵਨ 'ਬੀ' ਸ਼੍ਰੇਣੀ ਵਿਚ ਹੀ ਕੱਟਦੀਆਂ ਹਨ।

ਤੀਜੀ ਸ਼੍ਰੇਣੀ ਵਿਚ ਉਹ ਔਰਤਾਂ ਹਨ ਜਿਨ੍ਹਾਂ ਨੇ ਸ਼ੁਰੂ ਤਾਂ 'ਬੀ' ਸ਼੍ਰੇਣੀ ਦੀਆਂ ਰੰਡੀਆਂ ਵਾਂਗ ਕੀਤਾ ਸੀ ਪਰ ਮਾਇਕ ਔਕੜਾਂ ਕਰਕੇ 'ਬੀ' ਸ਼੍ਰੇਣੀ ਦਾ ਕੋਠਾ ਕਾਇਮ ਨਹੀਂ ਰੱਖ ਸਕੀਆਂ। ਇਸ ਵਿਚ ਉਹ ਸ਼ਾਮਲ ਹਨ ਜੋ ਅਪਣੇ ਬੁਢੇਪੇ ਦੀ ਸੰਭਾਲ ਲਈ ਨੌਜਵਾਨ ਰੰਡੀਆਂ ਨੂੰ

ਸਿਖਲਾਈ ਦੇ ਕੇ ਅਪਣੇ ਨਾਲ ਨਹੀਂ ਰੱਖ ਸਕੀਆਂ ਜਾਂ ਉਨ੍ਹਾਂ ਦੀ ਇਸ ਮੁਹੱਲੇ ਵਿਚ ਕੋਈ ਜਾਇਦਾਦ ਨਹੀਂ। ਉਹ ਪਿੱਛੇ ਰਹਿ ਗਈਆਂ ਕਿਉਂਕਿ ਉਨ੍ਹਾਂ ਨੂੰ ਧੰਦੇ ਵਿਚ ਅਸਫਲ ਸਮਝਿਆ ਗਿਆ। ਉਨ੍ਹਾਂ ਨੂੰ ਆਰਥਕ ਹਾਲਾਤ ਨੇ ਮਜਬੂਰ ਕਰ ਦਿੱਤਾ ਕਿ ਉਹ ਸੰਗੀਤ, ਨਾਚ ਅਤੇ ਢੁਕਵੇਂ ਲਿਬਾਸ ਅਤੇ ਵਧੀਆਂ ਸਜੀਆਂ ਥਾਵਾਂ ਵਰਗੀਆਂ ਰਵਾਇਤੀ ਸੋਹਜਤਾਵਾਂ ਛੱਡ ਦੇਣ। ਉਹ ਇਕੱਲੀਆਂ ਹੀ ਜੀਵਨ ਭਰ ਰੰਡੀ ਦਾ ਪੇਸ਼ਾ ਕਰਦੀਆਂ ਰਹਿੰਦੀਆ ਹਨ ਜਦੋਂ ਤੱਕ ਕਿ ਉਹ ਮਰ ਨਹੀਂ ਜਾਂਦੀਆਂ।

ਜੋ ਰੰਡੀਆਂ ਟਿੱਬੀ ਗਲੀ ਜਾਂ ਹੋਰ ਹਨੇਰੀਆਂ ਥਾਵਾਂ ਤੇ ਧੰਦਾ ਕਰਦੀਆਂ ਨੇ ਉਹ ਸ਼ਾਮ ਨੂੰ ਅਪਣੇ ਕਮਰੇ ਦੇ ਬਾਹਰ ਖੜ੍ਹ ਜਾਂਦੀਆਂ ਨੇ। ਜੇ ਉਹ ਕੋਈ ਗਾਹਕ ਫਸਾ ਲੈਂਦੀਆਂ ਨੇ ਤਾਂ ਉਹਨੂੰ ਅਪਣੇ ਕਮਰੇ ਵਿਚ ਲੈ ਜਾਂਦੀਆਂ ਨੇ। ਕਮਰੇ ਵਿਚ ਹਲਕਾ ਜਿਹਾ ਚਾਨਣ ਹੁੰਦਾ ਏ ਤਾਂ ਕਿ ਗਾਹਕ ਰੰਡੀ ਦਾ ਮੂੰਹ ਤੇ ਬਦਨ ਸਾਫ ਨਾ ਵੇਖ ਸਕੇ। ਇਨ੍ਹਾਂ ਔਰਤਾਂ ਨੂੰ ਅਪਣੀ ਵਧਦੀ ਉਮਰ ਅਤੇ ਜਾਂਦੀ ਜਵਾਨੀ ਦਾ ਪਤਾ ਹੁੰਦਾ ਏ। ਉਨ੍ਹਾਂ ਦੇ ਝੁਰੜੀਆਂ ਵਾਲੇ ਚਿਹਰਿਆਂ ਤੇ ਭਾਰੀ ਮੇਕਅੱਪ ਕੀਤਾ ਹੁੰਦਾ ਹੈ। ਅਪਣੇ ਬਲਾਉਜ਼ ਵਿਚ ਉਹ ਉੱਨ ਦੇ ਪਿੰਨੇ ਪਾਕੇ ਛਾਤੀਆਂ ਨੂੰ ਭਾਰੀਆਂ ਅਤੇ ਮਜਬੂਤ ਦਿਖਦੀਆਂ ਬਣਾ ਲੈਂਦੀਆਂ ਨੇ। ਉਹ ਉੱਨੇ ਕੁ ਹੀ ਕੱਪੜੇ ਲਾਹੁੰਦੀਆਂ ਨੇ ਜਿਸ ਨਾਲ ਗਾਹਕ ਦੀ ਸੰਤੁਸ਼ਟੀ ਹੋ ਜਾਵੇ, ਅਤੇ ਆਮ ਤੌਰ ਤੇ ਕੁੜਤੀ ਨਹੀਂ ਲਾਹੁੰਦੀਆਂ। ਜੇਕਰ 'ਏ' ਸ਼੍ਰੇਣੀ ਹਾਸਲ ਕਰਨਾ ਸਾਰੀਆਂ ਰੰਡੀਆਂ ਦਾ ਸੁਪਨਾ ਏ ਤਾਂ 'ਸੀ' ਸ਼੍ਰੇਣੀ ਵਿਚ ਡਿੱਗ ਪੈਣ ਦਾ ਡਰ ਉਨ੍ਹਾਂ ਨੂੰ ਸਭ ਤੋਂ ਵੱਧ ਸਤਾਉਂਦਾ ਏ। ਜੋ ਕੋਈ ਵੀ ਇਸ ਧੰਦੇ ਦਾ ਕੁਝ ਨਾ ਕੁਝ ਹੁਨਰ ਜਾਣਦੀ ਏ ਉਹ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੀ ਏ ਕਿ ਅਪਣੀ ਸੀਮਤ ਜਵਾਨੀ ਖਤਮ ਹੋ ਜਾਣ ਤੋਂ ਪਹਿਲਾਂ ਹੀ ਉਹ ਪ੍ਰਬੰਧਕ ਦੇ ਪੱਧਰ ਤੱਕ ਪਹੁੰਚ ਜਾਵੇ।

ਰਾਣੀ ਵੀ ਇਕ ਇਸੇ ਤਰ੍ਹਾਂ ਦੀ ਰੰਡੀ ਸੀ। ਉਹ ਚਾਲੀ ਕੁ ਸਾਲ ਦੀ ਸੀ ਪਰ ਲੱਗਦੀ ਪੰਜਾਹ ਤੋਂ ਵੱਧ ਸੀ ਤੇ ਉਹਦੀਆਂ ਅੱਖਾਂ ਹੇਠ ਛਾਹੀਆਂ ਅਤੇ ਚਮੜੀ ਤੇ ਝੁਰੜੀਆਂ ਪੈ ਚੱਲੀਆਂ ਸਨ ਜਿਵੇਂ ਕਿ ਉਹ ਬੁਰੀ ਤਰ੍ਹਾਂ ਸੜ ਗਈ ਹੋਵੇ। ਪੰਜਾਬ ਦੇ ਇਕ ਪਿੰਡ ਵਿਚ ਜਨਮੀ ਰਾਣੀ ਉਦੋਂ ਚੋਦਾਂ ਸਾਲ ਦੀ ਸੀ ਜਦੋਂ ਉਹਨੂੰ ਕਿਸੇ ਮੁੰਡੇ ਨਾਲ ਪਿਆਰ ਹੋ ਗਿਆ ਜੋ ਕਿਸੇ ਥਿਏਟਰ ਕੰਪਨੀ ਨਾਲ ਪਿੰਡ ਵਿਚ ਆਇਆ ਸੀ। ਉਸ ਵੇਲੇ ਰਫੀਕ ਦੀ ਉਮਰ ਬਾਈ ਕੁ ਸਾਲ ਦੀ ਸੀ। ਉਹ ਦੇ ਕੰਮ ਬਾਰੇ ਸਾਫ ਪਤਾ ਨਹੀਂ ਸੀ ਉਹ ਨਾ ਗਾਉਂਦਾ ਸੀ ਤੇ ਨਾ ਐਕਟਿੰਗ ਕਰਦਾ ਸੀ। ਨਾਂ ਹੀ ਉਹ ਕੋਈ ਕੁਸ਼ਲ ਕਾਮਾ ਸੀ ਤੇ ਨਾ ਹੀ ਮਜਦੂਰ ਬਲਕਿ ਉਹ ਛੋਟੇ-ਮੋਟੇ ਕੰਮ ਕਰਦਾ ਸੀ ਜਿਵੇਂ ਬਾਜ਼ਾਰ ਵਿਚੋਂ ਕੰਮ ਕਰਨ ਵਾਲਿਆਂ ਵਾਸਤੇ ਰੋਟੀ ਆਦਿ ਲੈ ਆਉਣੀ। ਉਸ ਦੀਆਂ ਦੋ ਰਿਸ਼ਤੇਦਾਰ ਕੰਪਨੀ ਵਿਚ ਨਾਚੀ ਦਾ ਕੰਮ ਕਰਦੀਆਂ ਸਨ। ਉਹ ਲਾਹੌਰ ਦੇ ਸ਼ਾਹੀ ਮੁਹੱਲੇ ਵਿਚ ਹੀ ਜੰਮਿਆਂ ਸੀ ਤੇ ਦੇਹ ਵਪਾਰ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ। ਉਹ ਜਾਣਦਾ ਸੀ ਕਿ ਤੀਵੀਂ ਨਾਲ ਰੋਟੀ-ਪਾਣੀ ਦਾ ਜੁਗਾੜ ਚੰਗਾ ਚੱਲ ਜਾਂਦਾ ਏ। ਉਹ ਦੱਲਾ ਬਣਨ ਦੇ ਅਪਣੇ ਸਫਰ ਤੇ ਅੱਗੇ ਵੱਧ ਰਿਹਾ ਸੀ।

ਉਹ ਇਸ ਕੁੜੀ ਨੂੰ ਬਾਜ਼ਾਰ ਵਿਚ ਉਹਦੀਆਂ ਸਹੇਲੀਆਂ ਦੇ ਨਾਲ ਮਿਲਿਆ ਸੀ। ਥਿਏਟਰ ਉਸ ਪਿੰਡ ਵਿਚ ਚਾਰ ਦਿਨ ਲਈ ਹੀ ਠਹਿਰਿਆ ਸੀ। ਉਹਨੂੰ ਉਹਦੇ ਮਾਸੂਮ ਅਤੇ ਅੱਲੜ ਚਿਹਰੇ ਨਾਲ ਇਸ਼ਕ ਹੋ ਗਿਆ ਅਤੇ ਦਲੇਰੀ ਹੋਣ ਕਾਰਨ ਉਹਨੇ ਉਸ ਨਾਲ ਗੱਲ ਕਰਨ

ਦਾ ਮੌਕਾ ਤਾੜ ਲਿਆ। ਰਾਣੀ ਸਮਝਦੀ ਸੀ ਕਿ ਉਹਨੇ ਉਸ ਤੇ ਜਾਦੂ ਕਰ ਦਿੱਤਾ ਸੀ। ਉਹਦੇ ਸੁਪਨਿਆ ਵਿਚ ਉਹ ਇਕ ਹੀਰੋ ਵਾਂਗ ਸੀ, 'ਇਕ ਰੋਮਾਂਟਿਕ ਹੀਰੋ ਜੋ ਉਸ ਦੇ ਸਾਹ ਘੋਟੂ ਪਿੰਡ ਦੀਆਂ ਜੂਹਾਂ ਤੋਂ ਬਾਹਰ ਉਸ ਲਈ ਇਕ ਖੁਸ਼ਹਾਲ ਅਤੇ ਖੇੜੇ ਭਰਪੂਰ ਮਾਹੌਲ ਦਾ ਜਾਮਨ ਸੀ। ਉਹ ਅਕਸਰ ਸ਼ਹਿਰ ਦੇ ਸੁਪਨੇ ਲਿਆ ਕਰਦੀ ਸੀ ਅਤੇ ਦੇਖਣਾ ਚਾਹੁੰਦੀ ਸੀ ਕਿ ਸੰਸਾਰ ਦੇ ਹੋਰ ਹਿੱਸਿਆਂ ਵਿਚ ਦੁਨੀਆਂ ਕਿਵੇਂ ਰਹਿੰਦੀ ਏ।

ਰਫੀਕ ਨੇ ਉਹਨੂੰ ਯਕੀਨ ਦਿਵਾਇਆ ਕਿ ਜਦੋਂ ਕੰਪਨੀ ਉਥੋਂ ਤੁਰੀ ਤਾਂ ਉਹ ਉਹਨੂੰ ਕੱਢ ਕੇ ਲੈ ਜਾਵੇਗਾ। ਸਿੱਟੇ ਬਾਰੇ ਕੁਝ ਨਾ ਸੋਚਦੇ ਹੋਏ ਉਹ ਮੰਨ ਗਈ। ਉਹਨੇ ਉਹਨੂੰ ਅਪਣੇ ਪਰਿਵਾਰ ਦੀਆਂ ਰਵਾਇਤਾਂ ਤੋਂ ਬਾਗ਼ੀ ਕਰ ਲਿਆ ਅਤੇ ਯਕੀਨ ਦੁਆਇਆ ਕਿ ਜੇ ਉਹ ਉਹਦੇ ਨਾਲ ਪਿੰਡ ਛੱਡ ਗਈ ਤਾਂ ਕੋਈ ਵੀ ਉਹਨੂੰ ਬਾਦ ਵਿਚ ਲੱਭ ਨਹੀਂ ਸਕੇਗਾ। ਚਾਰ ਦਿਨ ਬਾਦ ਕੰਪਨੀ ਨੇ ਆਪਣਾ ਤਾਣਾ-ਪੇਟਾ ਲਪੇਟ ਲਿਆ। ਜਿਵੇਂ ਗੱਲ ਹੋਈ ਸੀ ਰਾਣੀ ਤੜਕੇ-ਤੜਕੇ ਉਨ੍ਹਾਂ ਦੇ ਨਾਲ ਤੁਰ ਪਈ ਜਦੋਂ ਅਜੇ ਉਹਦਾ ਪਰਿਵਾਰ ਸੁੱਤਾ ਪਿਆ ਸੀ। ਮੰਚ ਦੇ ਮਾਲਕ ਨੂੰ ਉਸ ਦੇ ਭੱਜ ਕੇ ਨਾਲ ਆਉਣ ਦਾ ਪਤਾ ਅਗਲੇ ਪਿੰਡ ਜਾ ਕੇ ਲੱਗਾ ਅਤੇ ਉਹਨੇ ਰਫੀਕ ਨੂੰ ਹੁਕਮ ਦਿੱਤਾ ਕਿ ਉਹ ਤੁਰਤ ਕਾਰਵਾਂ ਦਾ ਸਾਥ ਛੱਡ ਦੇਵੇ, ਕਿਉਂਕਿ ਉਹਨੂੰ ਪੁਲਸ ਦੇ ਉਲਝੇਵੇਂ ਦਾ ਡਰ ਸੀ। ਉਹਨੂੰ ਪਤਾ ਸੀ ਕਿ ਜਿਉਂ ਹੀ ਰਾਣੀ ਦੇ ਘਰਦਿਆਂ ਨੂੰ ਉਹਦੇ ਭੱਜਣ ਦਾ ਪਤਾ ਲੱਗਾ ਉਹ ਕੰਪਨੀ ਦੇ ਮਗਰ ਦੌੜੇ ਆਉਣਗੇ। ਰਫੀਕ ਤੇ ਰਾਣੀ ਕੰਪਨੀ ਨਾਲੋਂ ਅੱਡ ਹੋ ਗਏ ਤੇ ਸ਼ਹਿਰ ਨੂੰ ਤੁਰ ਪਏ। ਰਾਣੀ ਨੂੰ ਯਾਦ ਏ ਕਿ ਕਿਵੇਂ ਉਹ ਖੱਡਾਂ-ਖਾਲੇ ਅਤੇ ਝਾੜੀਆਂ ਟੱਪਦੇ ਹੋਏ ਝਰੀਟੇ ਜਾ ਰਹੇ ਸਨ ਤੇ ਡਰ ਰਹੇ ਸਨ ਕਿ ਕਿਤੇ ਫੜੇ ਨਾ ਜਾਈਏ। ਉਹਨੂੰ ਇਹ ਵੀ ਯਾਦ ਸੀ ਕਿ ਉਹਨੂੰ ਤੇਜ ਬੁਖਾਰ ਹੋ ਗਿਆ ਸੀ ਤੇ ਉਹ ਖਟਮਲਾਂ ਵਾਲੇ ਬਿਸਤਰੇ ਤੇ ਪਈ ਰਹੀ ਸੀ ਜੋ ਉਸ ਦਾ ਖ਼ੂਨ ਪੀ ਰਹੇ ਸਨ। ਉਸਨੂੰ ਇਹ ਯਾਦ ਨਹੀਂ ਸੀ ਕਿ ਇਹ ਕਿਧਰੇ ਰਾਹ ਦੀ ਗੱਲ ਏ ਜਾਂ ਉਹ ਸ਼ਹਿਰ ਪਹੁੰਚ ਚੁੱਕੇ ਸਨ। ਉਹਦੀਆਂ ਯਾਦਾਂ ਤਾਂ ਹਨ ਪਰ ਉਹਨੂੰ ਇਨ੍ਹਾਂ ਦੀ ਲੜੀ ਯਾਦ ਨਹੀਂ। ਉਹਦੀਆਂ ਯਾਦਾਂ ਇਸ ਤਰ੍ਹਾਂ ਹਨ ਜਿਵੇਂ ਕਿਸੇ ਮਾਲਾ ਦੇ ਟੁੱਟੇ ਮਣਕੇ ਫਰਸ਼ ਤੇ ਖਿੰਡੇ ਪਏ ਹੋਣ। ਉਹ ਅਕਸਰ ਉਹਦੇ ਸੁਪਨਿਆਂ ਵਿਚ ਆਉਂਦੇ।

ਆਖਰ ਉਹ ਸ਼ਹਿਰ ਪਹੁੰਚ ਗਏ, ਪਰ ਲਾਹੌਰ ਨਹੀਂ। ਰਫੀਕ ਨੇ ਕਦੀ ਉਸ ਨਾਲ ਵਿਆਹ ਨਾ ਕੀਤਾ ਬਲਕਿ ਇਕ ਗਾਹਕ ਫਸਾ ਕੇ ਰਾਣੀ ਦਾ ਕੁਆਰਪਣ ਉਸ ਨੂੰ ਵੇਚ ਦਿੱਤਾ। ਕੁਝ ਦੇਰ ਉਹਨੂੰ ਉਹਨੇ ਹੀ ਰੱਖਿਆ ਤੇ ਫੇਰ ਉਹ ਇਕ ਦੱਲੇ ਤੋਂ ਦੂਜੇ ਦੇ ਹੱਥ ਵਿਕਦੀ ਰਹੀ। ਇਸ ਨੁਕਤੇ ਤੇ ਰਾਣੀ ਦੀ ਕਹਾਣੀ ਬੜੀ ਦੁਖਭਰੀ ਤੇ ਉਲਝੀ ਹੋਈ ਸੀ। ਇਕ ਵਾਰੀ ਤਾਂ ਇਕ ਗਾਹਕ ਨਾਲ ਉਸ ਨੇ ਤਕਰੀਬਨ ਵਿਆਹ ਕਰ ਹੀ ਲਿਆ ਸੀ ਅਤੇ ਉਹ ਖੁਸ਼ ਸੀ ਕਿ ਚਲੋ ਟਿਕ ਕੇ ਤਾਂ ਰਹਿ ਸਕੇਗੀ ਪਰ ਉਸੇ ਵੇਲੇ ਪਤਾ ਨਹੀਂ ਕਿੱਧਰੋਂ ਰਫੀਕ ਆ ਟਪਕਿਆ। ਅਜਿਹੇ ਲੋਕਾਂ ਦੀ ਪੈਸੇ ਦੀ ਲੋੜ ਉਨ੍ਹਾਂ ਨੂੰ ਸਭ ਤੋਂ ਸੌਖੇ ਸਰੋਤ ਕੋਲ ਇਸੇ ਤਰ੍ਹਾਂ ਲੈ ਆਉਂਦੀ ਏ। ਰਾਣੀ ਬੜੀ ਤੈਸ਼ ਵਿਚ ਸੀ ਤੇ ਉਹ ਨੂੰ ਕਹਿ ਰਹੀ ਸੀ ਕਿ ਹੁਣ ਉਹਦਾ ਉਸ ਤੇ ਕੋਈ ਹੱਕ ਨਹੀਂ ਰਿਹਾ ਕਿਉਂਕਿ ਉਹ ਉਹਨੂੰ ਪਹਿਲਾਂ ਹੀ ਕਈ ਵਾਰੀ ਵੇਚ ਚੁੱਕਾ ਏ। ਪਰ ਰਫੀਕ ਤਾਂ ਲੋਕਾਂ ਦੀ ਖਰੀਦ-ਵੇਚ ਦੇ ਇਸ ਧੰਦੇ ਵਿਚ ਹੀ ਬੜਾ ਹੋਇਆ ਸੀ ਇਸ ਲਈ ਉਹਨੇ ਕੋਈ ਧਿਆਨ ਨਾ ਦਿੱਤਾ ਅਤੇ ਚਾਰ ਹੋਰ ਸਾਲ ਉਸ ਨੂੰ ਅਪਣੇ ਕੋਲ ਰੱਖਣ ਵਿਚ ਕਾਮਯਾਬ ਰਿਹਾ। ਇਸ ਵੇਲੇ ਤੱਕ ਧੰਦੇ ਦੇ

ਮਿਆਰਾਂ ਅਨੁਸਾਰ ਰਾਣੀ ਵੱਡੀ ਹੋ ਢੁੱਕੀ ਸੀ। ਪਰ ਰਫੀਕ ਉਸ ਦੇ ਜਿਸਮ ਵਿਚੋਂ ਆਖਰੀ ਕਤਰਾ ਵੀ ਨਿਚੋੜ ਲੈਣਾ ਚਾਹੁੰਦਾ ਸੀ।

ਸਾਫ ਸੀ ਕਿ ਉਹ ਧੰਦੇ ਵਿਚ ਬਹੁਤਾ ਮਾਹਿਰ ਨਹੀਂ ਸੀ ਜਾਂ ਕਿ ਉਹ ਇਸ ਹਕੀਕਤ ਨਾਲ ਨਹੀਂ ਜੁੜ ਸਕਿਆ ਸੀ ਕਿ ਉਹ ਦੱਲਾ ਏ। ਉਹ ਦੱਲਾਗਿਰੀ ਨੂੰ ਸਿਰਫ ਜੀਵਨ ਲਈ ਇਕ ਆਰਜੀ ਮੁਕਾਮ ਸਮਝਦਾ ਸੀ। ਜੇ ਉਹ ਬਹੁਤ ਸਥਿਰ ਅਤੇ ਸਿਆਣਾ ਹੁੰਦਾ ਤਾਂ ਉਹ ਅਪਣੇ ਧੰਦੇ ਨੂੰ ਕਾਇਮ ਰੱਖਣ ਦਾ ਗੁਰ ਸਿੱਖ ਜਾਂਦਾ। ਜਦੋਂ ਉਹਨੂੰ ਰਾਣੀ ਤੋਂ ਹੋਰ ਪੈਸਾ ਨਾ ਮਿਲ ਸਕਿਆ ਤਾਂ ਉਹਨੇ ਉਹਨੂੰ ਭੱਟ ਕੇ ਮੁਹੱਲੇ ਵਿਚ ਹੀ ਅਪਣੇ ਤੌਰ ਤੇ ਰਹਿਣ ਲਈ ਛੱਡ ਦਿੱਤਾ। ਉਹਨੂੰ ਵੀ. ਡੀ. ਚਿੰਬੜ ਗਈ ਸੀ ਤੇ ਉਹ ਬੀਮਾਰ ਹੋ ਗਈ ਤੇ ਉਹਨੂੰ ਨਹੀਂ ਪਤਾ ਸੀ ਕਿ ਉਹ ਮਰੇਗੀ ਜਾਂ ਜੀਏਗੀ। ਜਿਸ ਕਮਰੇ ਵਿਚ ਉਹ ਰਹਿੰਦੇ ਸੀ ਉਹਦਾ ਭਾੜਾ ਛੇ ਮਹੀਨੇ ਦਾ ਚੜ੍ਹ ਗਿਆ ਸੀ ਅਤੇ ਜਦੋਂ ਮਾਲਕ ਨੂੰ ਪਤਾ ਲੱਗਾ ਕਿ ਰਫੀਕ ਦੌੜ ਗਿਆ ਏ ਤਾਂ ਉਹ ਭਾੜਾ ਦੇਣ ਲਈ ਰਾਣੀ ਤੇ ਜੋਰ ਪਾਉਣ ਲੱਗਾ।

ਉਸ ਰਾਤ, ਭਾਵੇਂ ਉਹਨੂੰ ਬੁਖਾਰ ਸੀ, ਉਹਨੇ ਅਪਣਾ ਮੂੰਹ ਸਿਰ ਸੰਵਾਰਿਆ ਅਤੇ ਕਾਲਾ ਦੁਪੱਟਾ ਲੈ ਕੇ ਉਸ ਵਿਚ ਅੱਧਾ ਮੂੰਹ ਢਕ ਕੇ ਚਮਕਦਾਰ ਸਲਵਾਰ ਕਮੀਜ਼ ਪਾਕੇ ਚੁਪਚਾਪ ਅਪਣੇ ਕਮਰੇ ਦੇ ਬਾਹਰ ਖੜ੍ਹ ਗਈ। ਉਸ ਨੂੰ ਸਿੱਧਾ ਖੜ੍ਹਾ ਰਹਿਣ ਲਈ ਆਪਣਾ ਪੂਰਾ ਜੋਰ ਲਾਉਣਾ ਪੈ ਰਿਹਾ ਸੀ। ਉਹਨੂੰ ਯਾਦ ਨਹੀਂ ਕਿ ਉਹ ਕਿੰਨੀ ਦੇਰ ਉੱਥੇ ਖੜ੍ਹੀ ਰਹੀ ਜਦੋਂ ਇਕ ਬੰਦਾ ਆਇਆ ਤੇ ਉਹਨੇ ਉਹਦੇ ਨਾਲ ਗੱਲ ਕੀਤੀ। ਉਹਨੂੰ ਕੁਝ ਵੀ ਸਮਝ ਨਹੀਂ ਪਿਆ ਕਿ ਉਹਨੇ ਕੀ ਕਿਹਾ ਸੀ ਪਰ ਉਹਨੇ ਉਹਦੀ ਬਾਂਹ ਫੜੀ ਅਤੇ ਕਮਰੇ ਦੇ ਅੰਦਰ ਖਿੱਚ ਲਿਆ। ਉਹਨੇ ਉਹਨੂੰ ਅਪਣਾ ਦੁਪੱਟਾ ਨਹੀਂ ਲਾਹੁਣ ਦਿੱਤਾ ਬਸ ਉਂਨਾਂ ਕੁ ਹੀ ਕਪੜਾ ਹਟਾਇਆ ਜਿੰਨਾ ਬਹੁਤ ਹੀ ਜਰੂਰੀ ਸੀ। ਉਹ ਕਰੀਬ ਬੇਹੋਸ਼ ਹੀ ਸੀ ਤੇ ਰੇਟ ਬਾਰੇ ਕੋਈ ਵੀ ਗੱਲ ਕਰਨ ਜੋਗੀ ਨਹੀਂ ਸੀ। ਇਸੇ ਦੌਰਾਨ ਹੀ ਉਹ ਬੇਹੋਸ਼ ਹੋ ਗਈ ਅਤੇ ਜਦੋਂ ਉਹ ਉੱਠੀ ਤਾਂ ਉਹਨੇ ਦੇਖਿਆ ਕਿ ਉਹਦੇ ਸਿਰਹਾਣੇ ਹੇਠ ਸੌ ਦਾ ਨੋਟ ਪਿਆ ਸੀ। ਉਹਨੇ ਅਪਣੇ ਕੱਪੜੇ ਬਦਲੇ ਜੋ ਕੁਝ ਨਿੱਕ-ਸੁੱਕ ਉਹਦੇ ਕੋਲ ਸੀ ਉਹਦੀ ਪੋਟਲੀ ਬਣਾਈ ਤੇ ਮਾਲਕ ਮਕਾਨ ਕੋਲ ਜਾਣ ਲਈ ਤੁਰ ਪਈ। ਉਹਨੇ ਸੌ ਦਾ ਨੋਟ ਉਹਨੂੰ ਫੜਾਇਆ ਤੇ ਦੱਸਿਆ ਕਿ ਉਹਦੇ ਕੋਲ ਬੱਸ ਇਹੀ ਏ ਤੇ ਨਾਲ ਹੀ ਦੱਸਿਆ ਕਿ ਉਹ ਕਮਰਾ ਛੱਡ ਕੇ ਜਾ ਰਹੀ ਏ। ਉਹਨੇ ਇਹ ਵੀ ਦੱਸਿਆ ਕਿ ਰਫੀਕ ਉਹਨੂੰ ਛੱਡ ਕੇ ਭੱਜ ਗਿਆ ਏ ਤੇ ਉਹ ਦੇ ਕੋਲ ਜਾਣ ਲਈ ਹੋਰ ਕੋਈ ਥਾਂ ਵੀ ਨਹੀਂ। ਮਾਲਕ ਮਕਾਨ ਨੇ ਕਮਰੇ ਦੀਆਂ ਚਾਬੀਆਂ ਲੈ ਲਈਆਂ ਪਰ ਸੌ ਦਾ ਨੋਟ ਵਾਪਸ ਕਰ ਦਿੱਤਾ ਤੇ ਕਿਹਾ ਕਿ ਤੂੰ ਬਿਮਾਰ ਹੈਂ ਤੇ ਅਪਣਾ ਇਲਾਜ ਕਰਵਾ ਲੈ।

ਰਾਣੀ ਅਪਣੀ ਇਕ ਜਾਣੂ ਔਰਤ ਕੋਲ ਗਈ ਜੋ ਪੰਜਾਹ ਤੋਂ ਉੱਪਰ ਸੀ ਪਰ ਅਜੇ ਵੀ ਰੰਡੀ ਦੇ ਧੰਦੇ ਤੇ ਹੀ ਗੁਜ਼ਾਰਾ ਕਰਦੀ ਸੀ। ਉਹ ਬੜੀ ਗਰੀਬ ਸੀ ਤੇ ਟਿੱਬੀ ਗਲੀ ਨੇੜੇ ਰਹਿੰਦੀ ਸੀ। ਇਹ ਔਰਤ ਗਾਹਕ ਲਈ ਕਦੀ ਗਲੀ ਵਿਚ ਨਹੀਂ ਖੜ੍ਹਦੀ ਸੀ ਬਲਕਿ ਕਮਰੇ ਵਿਚ ਪਰਦੇ ਵਿਚੋਂ ਝਾਕ ਕੇ ਹੀ ਗਾਹਕ ਨਾਲ ਗੱਲ ਕਰਦੀ ਸੀ ਅਤੇ ਖੁਦ ਨੂੰ ਪੂਰੀ ਨਹੀਂ ਦਿਸਣ ਦਿੰਦੀ ਸੀ। ਉਹ ਪਰਦੇ ਦੇ ਪਿੱਛੋਂ ਹੀ ਸੌਦਾ ਕਰਦੀ ਤੇ ਗਾਹਕ ਨੂੰ ਅੰਦਰ ਲੈ ਆਉਂਦੀ ਜਿੱਥੇ ਤੇਲ ਦਾ ਛੋਟਾ ਜਿਹਾ ਦੀਵਾ ਬਲਦਾ ਹੁੰਦਾ, ਅੰਦਰ ਵੜਦੇ ਹੀ ਉਹ ਸਲਵਾਰ ਖੋਲ੍ਹ ਕੇ ਮੰਜੇ ਤੇ ਪੈ ਜਾਂਦੀ। ਉਹ

ਗਾਹਕ ਤੋਂ ਪੰਜ ਰੁਪਏ ਵੀ ਲੈ ਲੈਂਦੀ ਸੀ।

ਰਾਣੀ ਉਹਦੇ ਕੋਲ ਰਹੀ ਤੇ ਰਾਜੀ ਹੋ ਗਈ। ਦਿਨ ਵੇਲੇ ਉਹ ਔਰਤ ਮੁਸ਼ਕਲ ਨਾਲ ਹੀ ਕੁਝ ਬੋਲਦੀ ਅਤੇ ਉਸਨੂੰ ਤੁਰਨ ਵਿਚ ਵੀ ਮੁਸ਼ਕਲ ਹੋ ਰਹੀ ਸੀ। ਉਹ ਅੱਸੀ ਸਾਲ ਦੀ ਬੁੱਢੀ ਲੱਗਦੀ ਸੀ ਅਤੇ ਉਹ ਦਾ ਸਿਰ ਲਗਾਤਾਰ ਹਿੱਲਦਾ ਰਹਿੰਦਾ ਸੀ। ਠੀਕ ਹੋਣ ਤੋਂ ਬਾਦ ਰਾਣੀ ਕਦੀ-ਕਦੀ ਰੋਟੀ ਬਣਾਉਣ ਵਿਚ ਉਹਦੀ ਮਦਦ ਕਰਨ ਲੱਗੀ ਹਾਲਾਂਕਿ ਅਕਸਰ ਉਹ ਖਾਣ ਲਈ ਬਣਿਆਂ-ਬਣਾਇਆ ਹੀ ਲੈ ਆਉਂਦੀਆਂ ਸਨ ਕਿਉਂਕਿ ਰਸੋਈ ਦਾ ਝੰਜਟ ਰੱਖਣਾ ਮਹਿੰਗਾ ਪੈਂਦਾ ਸੀ। ਰਾਣੀ ਨੇ ਫੇਰ ਧੰਦਾ ਸ਼ੁਰੂ ਕਰ ਦਿੱਤਾ। ਇਕ ਦਿਨ ਉਹ ਕੁਝ ਖਾਣ ਨੂੰ ਲੈ ਕੇ ਅਪਣੇ ਘਰ ਮੁੜੀ ਤਾਂ ਉਸ ਦੀ ਸਾਥਣ ਮਰੀ ਪਈ ਸੀ। ਉਹ ਬੈਠੀ ਸਥਿਤੀ ਵਿਚ ਹੀ ਸੀ ਤੇ ਉਹਦਾ ਧੜ ਉਹਦੇ ਗੋਡਿਆਂ ਸਹਾਰੇ ਪਿਆ ਸੀ। ਰਾਣੀ ਡਰ ਕੇ ਉੱਥੋਂ ਨੱਸ ਗਈ ਤੇ ਮੁਲਤਾਨ ਦੀ ਬਸ ਫੜ ਲਈ। ਉਹ ਉੱਥੇ ਕਿਸੇ ਨੂੰ ਵੀ ਨਹੀਂ ਜਾਣਦੀ ਸੀ ਪਰ ਉਹ ਕਮਰੇ ਦੀ ਹਾਲਤ ਦਾ ਸਾਮ੍ਹਣਾ ਨਹੀਂ ਕਰ ਸਕਦੀ ਸੀ। ਉਹਨੂੰ ਨਹੀਂ ਪਤਾ ਕਿ ਉਹ ਦੀ ਸਾਥਣ ਦੀ ਲੋਥ ਉਥੇ ਕਿੰਨੀ ਦੇਰ ਪਈ ਰਹੀ ਅਤੇ ਕਿਸਨੇ ਉਹ ਦਬਾਈ। ਇਹ ਵੀ ਉਸਦੀ ਦਰਦ ਭਰੀ ਅਤੇ ਉੱਖੜੀ ਯਾਦਾਸ਼ਤ ਦਾ ਇਕ ਹਿੱਸਾ ਬਣ ਗਿਆ।

ਮੁਲਤਾਨ ਵਿਚ ਉਹ ਕੁਝ ਮਹੀਨੇ ਰਹੀ ਅਤੇ ਮਹਿਸੂਸ ਕੀਤਾ ਕਿ ਇੱਥੇ ਦਾ ਧੰਦਾ ਤਾਂ ਲਾਹੌਰ ਨਾਲੋਂ ਵੀ ਮਾੜਾ ਏ। ਉਹ ਫੇਰ ਮੁਹੱਲੇ ਵਾਪਸ ਆ ਗਈ ਪਰ ਉਹਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਉਹਦਾ ਬਣੇਗਾ ਕੀ। ਉਹਨੇ ਪਮੀ ਦੀ ਮਾਂ ਨਾਲ ਸੌਦਾ ਕਰ ਲਿਆ ਕਿ ਉਹ ਹਰ ਗਾਹਕ ਦਾ ਦਸ ਪ੍ਰਤਿਸ਼ਤ ਉਸ ਨੂੰ ਦੇਵੇਗੀ ਤੇ ਉਹਦਾ ਕਮਰਾ ਵਰਤੇਗੀ। ਮੁਕਾਬਲਤਨ ਸਾਫ ਕਮਰਾ ਹੋਣ ਕਰਕੇ ਉਹਦੇ ਗਾਹਕ ਵੀ ਵੱਧ ਆਉਣ ਲੱਗ ਪਏ। ਉਹਨੂੰ ਖਾਣੇ ਅਤੇ ਸਿਗਰਟਾਂ ਲਈ ਚੰਗੀ ਆਮਦਨ ਹੋਣ ਲੱਗੀ ਅਤੇ ਉਹਨੇ ਮੈਨੂੰ ਦੱਸਿਆ ਕਿ ਪਮੀ ਦੀ ਮਾਂ ਇਸ ਗਲਤਫਹਿਮੀ ਨੂੰ ਬਹੁਤਾ ਨਹੀਂ ਪਾਲੇਗੀ ਤੇ ਉਹਨੂੰ ਗਾਹਕਾਂ ਲਈ ਉਹ ਕਮਰਾ ਕਿਰਾਏ ਤੇ ਫੇਰ ਮਿਲਦਾ ਰਹੇਗਾ।

# ਪਮੀ ਦੇ ਘਰ ਦਾ ਗੇੜਾ

ਮੈਨੂੰ ਰਾਣੀ ਦੀ ਹਾਲਤ ਦੀ ਚਿੰਤਾ ਸੀ ਅਤੇ ਮੈਂ ਪਮੀ ਦੀ ਮਾਂ ਨਾਲ ਉਹਦੀ ਲੜਾਈ ਤੋਂ ਕੁਝ ਮਹੀਨੇ ਬਾਦ ਪਮੀ ਦੇ ਘਰ ਜਾਣ ਦਾ ਫੈਸਲਾ ਕੀਤਾ। ਉਹਦੀ ਮਾਂ ਬੜੇ ਪਿਆਰ ਨਾਲ ਮੈਨੂੰ ਮਿਲੀ। ਉਹ ਅਪਣੀ ਉਸੇ ਹਾਲਤ ਵਿਚ ਸੀ ਅਪਣੇ ਮੁੱਖ ਕਮਰੇ ਦੇ ਮੂਹਰੇ ਮੰਜੀ ਡਾਹ ਕੇ ਬੈਠੀ ਸੀ। ਉਹਨੂੰ ਵਿਹੜਾ ਖਾਸਾ ਦਿਖਦਾ ਰਹਿੰਦਾ ਸੀ ਅਤੇ ਪਤਾ ਲੱਗਦਾ ਰਹਿੰਦਾ ਸੀ ਕਿ ਹਰੇਕ ਕੀ ਕਰ ਰਿਹਾ ਏ। ਪਮੀ ਤੇ ਉਹਦੀ ਵੱਡੀ ਭੈਣ ਬਾਹਰ ਗਈਆਂ ਹੋਈਆਂ ਸਨ।

'ਮੈਨੂੰ ਪਮੀ ਘਰ ਕਦੀ ਵੀ ਨਹੀਂ ਮਿਲੀ', ਮੈਂ ਕਿਹਾ, 'ਸ਼ਾਇਦ ਮੈਂ ਉਹਨੂੰ ਇਸ ਵਾਰੀ ਵੀ ਨਾ ਮਿਲ ਸਕਾਂ।'

'ਨਹੀਂ, ਉਹ ਛੇਤੀ ਹੀ ਮੁੜ ਆਉਣ ਗੀਆਂ। ਉਹ ਅਪਣੇ ਉਸਤਾਦ ਦੀ ਬੈਠਕ ਤੱਕ ਗਈਆਂ ਨੇ।'

'ਉਹ! ਇਹ ਸਿਖਲਾਈ ਦਾ ਸਮਾਂ ਏ?'

'ਨਹੀਂ, ਸਿਖਲਾਈ ਵਾਸਤੇ ਤਾਂ ਉਹ ਬਾਦ ਵਿਚ ਜਾਣਗੀਆਂ। ਉਹ ਇਸ ਕਰਕੇ ਗਈਆਂ ਨੇ ਕਿ ਉਸਤਾਦ ਉਨ੍ਹਾਂ ਨੂੰ ਸ਼ੋਅ ਤੇ ਸਾਹੀਵਾਲ ਲੈ ਕੇ ਜਾ ਰਿਹਾ ਏ ਅਤੇ ਉਨ੍ਹਾਂ ਨੇ ਕੁਝ ਨਵੇਂ ਗਾਣਿਆਂ ਲਈ ਸਾਜ਼ਿੰਦਿਆਂ ਨਾਲ ਰਿਹਰਸਲ ਕਰਨੀ ਸੀ।'

'ਕੀ ਉਹ ਉਸ ਨਵੇਂ ਬੈਂਡ ਨਾਲ ਜਾਂ ਰਹੀਆਂ ਨੇ ਜੋ ਉਨ੍ਹਾਂ ਦੇ ਉਸਤਾਦ ਨੇ ਹੁਣ ਬਣਾਇਆ ਏ?'

ਉਹਨੇ ਬੇਧਿਆਨੇ ਜਿਹੇ ਜਵਾਬ ਦਿੱਤਾ। 'ਮੈਨੂੰ ਨਹੀਂ ਪਤਾ ਉਹ ਕੀ ਕਰਦੇ ਨੇ। ਉਹ ਸਾਨੂੰ ਪੈਸੇ ਉੰਨੇ ਹੀ ਦੇਣਗੇ। ਨਵਾਂ ਹੋਵੇ ਪੁਰਾਣਾ ਸਾਨੂੰ ਕੀ?'

ਪਮੀ ਅਤੇ ਰਜ਼ੀਆ ਦਾ ਇੰਤਜ਼ਾਰ ਕਰਦੇ ਹੋਏ ਮੈਂ ਸੋਚਿਆ ਕਿ ਮੈਂ ਉਹਦੇ ਨਾਲ ਰਾਣੀ ਬਾਰੇ ਗੱਲ ਕਰਾਂ। ਮੈਂ ਇਹ ਪੁੱਛ ਕੇ ਸ਼ੁਰੂ ਕੀਤਾ ਕਿ ਇਸ ਮੁਹੱਲੇ ਵਿਚ ਗਸ਼ਤੀਆਂ ਵੀ ਹਨ। 'ਹਾਂ' ਉਹਨੇ ਜਵਾਬ ਦਿੱਤਾ, 'ਪਰ ਉਨ੍ਹਾਂ ਨੂੰ ਧੰਦਾ ਕਿਤੇ ਹੋਰ ਕਰਨਾ ਪੈਂਦਾ ਏ। ਇਹ ਇਲਾਕਾ ਉਨ੍ਹਾਂ ਰੰਡੀਆਂ ਵਾਸਤੇ ਏ ਜੋ ਮੁਜਰਾ ਕਰਦੀਆਂ ਨੇ। ਇਨ੍ਹਾਂ ਮਿੱਟੀ ਖਾਣੀਆਂ ਕੋਲ ਕੁਝ ਵੀ ਨਹੀਂ ਇਸ ਲਈ ਪੁਲਿਸ ਵਾਧੂ ਮਗਰ ਲੱਗ ਜਾਂਦੀ ਏ। ਮੈਨੂੰ ਉਨ੍ਹਾਂ ਤੇ ਤਰਸ ਆਉਂਦਾ ਰਹਿੰਦਾ ਸੀ ਪਰ ਹੁਣ ਮੈਨੂੰ ਲੱਗਦਾ ਏ ਕਿ ਉਨ੍ਹਾਂ ਨੇ ਤਾਂ ਸਾਡਾ ਧੰਦਾ ਵੀ ਖਰਾਬ ਕਰ ਦਿੱਤਾ ਏ।'

ਉਹਨੇ ਅਪਣੇ ਸਭ ਤੋਂ ਛੋਟੇ ਪੁੱਤਰ ਨੂੰ ਬੁਲਾਇਆ, ਜੋ ਅਪਣੀ ਸਭ ਤੋਂ ਛੋਟੀ ਭੈਣ ਸੋਨੀ ਨਾਲ ਵਿਹੜੇ ਵਿਚ ਲੁਕਣ-ਮੀਟੀ ਖੇਡ ਰਿਹਾ ਸੀ। ਕੁਰਤਾ ਨਿੱਕਰ ਪਾਈ ਉਹ ਨੰਗੇ ਪੈਰ ਦੌੜਿਆ ਫਿਰ ਰਿਹਾ ਸੀ। ਉਹ ਦੌੜ ਕੇ ਮਾਂ ਕੋਲ ਆਇਆ ਤੇ ਦਰਵਾਜੇ ਪਿੱਛੇ ਲੁਕ ਕੇ ਖੜ੍ਹ ਗਿਆ ਕਿਉਂਕਿ ਉਹ ਮੇਰੇ ਕੋਲ ਆਉਣੋਂ ਸ਼ਰਮਾਉਂਦਾ ਸੀ। 'ਜਾਹ ਇਹ ਪੈਸੇ ਮਾਸੀ ਸ਼ਿਦਾਂ ਨੂੰ ਦਈਂ ਤੇ ਕਹੀਂ...।' ਅਪਣੇ ਦੁਪੱਟੇ ਦੀ ਕੰਨੀ ਵਿਚੋਂ ਪੈਸੇ ਖੋਲ੍ਹਦੇ ਹੋਏ ਉਹਨੇ ਗਿਣੇ ਅਤੇ ਮਹਿਸੂਸ ਕੀਤਾ ਕਿ ਇਹ ਘੱਟ ਹਨ। ਉਹ ਉੱਠੀ ਤੇ ਬੋਲੀ, 'ਉਸ ਗਸ਼ਤੀ ਨੂੰ ਕਹੀਂ ਮੈਂ ਵੇਲੇ ਸਿਰ ਭਾੜਾ ਭੇਜ

ਰਹੀ ਹਾਂ ਇਸ ਲਈ ਬਹੁਤੀ ਕੁੜਕੁੜ ਨਾ ਕਰਿਆ ਕਰੇ।' ਨਿਆਣਾ ਦੰਦੀਆਂ ਕੱਢਣ ਲੱਗਾ ਤੇ ਉਹ ਸੂਟਕੇਸ ਖੋਲ੍ਹ ਕੇ ਉਹਦੇ ਉੱਤੇ ਝੁਕ ਗਈ ਤੇ ਪੈਸੇ ਲੱਭਣ ਲੱਗੀ। ਉਹਨੇ ਪੈਸੇ ਕੱਢੇ ਤੇ ਹੱਥ ਵਿਚ ਫੜ ਲਏ। ਅਚਾਨਕ ਹੋਰ ਕੁਝ ਸੋਚ ਕੇ ਉਹ ਬੋਲੀ, 'ਰੁਕ ਜਾ, ਮੈਂ ਤੇਰੀ ਭੈਣ ਨੂੰ ਭੇਜਦੀ ਹਾਂ।' ਉਹ ਮੇਰੇ ਵੱਲ ਮੁੜੀ ਤੇ ਖਿਮਾਂ ਮੰਗਦੀ ਹੋਈ ਬੋਲੀ, 'ਮੈਂ ਪਹਿਲਾਂ ਜ਼ਰਾ ਇਹ ਨਿਬੇੜ ਲਵਾਂ।'

ਉਹਨੇ ਅਪਣੀ ਹੋਰ ਕੁੜੀ ਨੂੰ ਹਾਕ ਮਾਰੀ ਜੋ ਪਮੀ ਤੋਂ ਛੋਟੀ ਸੀ ਅਤੇ ਧੰਦੇ ਵਿਚ ਪੈ ਚੁੱਕੀ ਸੀ। ਉਹਨੇ ਉਹਨੂੰ ਕਿਹਾ ਕਿ ਆਹ ਪੈਸੇ ਲੈ ਜਾ ਤੇ ਮਕਾਨ ਮਾਲਕਣ ਦੇ ਘਰ ਜਾਹ, ਜਾਕੇ ਪੈਸੇ ਉਹਦੇ ਮੱਥੇ ਮਾਰੀਂ ਤੇ ਕਹੀਂ ਕਿ ਪਮੀ ਦਾ ਟੱਬਰ ਭਾੜਾ ਦਿੰਦਾ ਏ, ਇਸ ਘਰ ਵਿਚ ਮੁਫਤ ਨਹੀਂ ਰਹਿੰਦਾ। ਕੁੜੀ ਮੇਰੇ ਵੱਲ ਝਾਕੀ ਤੇ ਉਹ ਇਹ ਸੁਣ ਕੇ ਛਿੱਥੀ ਜਹੀ ਪੈ ਰਹੀ ਸੀ ਕਿ ਉਹਦੀ ਮਾਂ ਨੇ ਮਕਾਨ ਮਾਲਕਣ ਦੀ ਸ਼ਾਨ ਵਿਚ ਗਾਲ੍ਹਾਂ ਦੀ ਝੜੀ ਲਾਈ ਹੋਈ ਸੀ। ਮੈਂ ਉਹਨੂੰ ਵੇਖ ਕੇ ਮੁਸਕੁਰਾਈ।

ਸੋਨੀ ਦੌੜੀ ਆਈ ਤੇ ਮਾਂ ਨੂੰ ਬੋਲੀ ਕਿ ਕੀ ਉਹ ਵੀ ਚਲੀ ਜਾਵੇ। ਉਹ ਅਪਣੇ ਮੂੰਹ ਦੇ ਮੂਹਰੇ ਹੱਥ ਰੱਖ ਕੇ ਹੱਸੀ ਅਤੇ ਮੋਢੇ ਉਚਕਾਏ। ਉਹਦੀ ਮਾਂ ਨੇ ਗਾਲ੍ਹ ਕੱਢ ਕੇ ਜਵਾਬ ਦਿੱਤਾ ਕਿ ਉਹ ਘਰੇ ਹੀ ਮਰੇ। ਨਿਰਾਸ਼ ਹੋਕੇ ਸੋਨੀ ਦਾ ਮੂੰਹ ਲਮਕ ਗਿਆ ਅਤੇ ਉਹ ਵਿਹੜੇ ਵਿਚ ਮੁੜ ਗਈ ਪਰ ਉਹ ਭਰਾ ਨਾਲ ਖੇਡਣ ਵਿਚ ਨਾ ਲੱਗੀ, ਸੋਨੀ ਦਸ ਕੁ ਸਾਲ ਦੀ ਸੀ, ਉਸਦਾ ਚਿਹਰਾ ਬੜਾ ਮਾਸੂਮ ਤੇ ਹਾਸਾ ਬੜਾ ਮਿੱਠਾ ਸੀ। ਉਹਦੇ ਨੈਣ ਨਕਸ਼ ਤਿੱਖੇ ਤੇ ਰੰਗ ਸਾਫ ਸੀ। ਉਹਦੇ ਵਾਲਾਂ ਦੀ ਭਾਹ ਲਾਲੀ ਤੇ ਸੀ ਜੋ ਉਸ ਨੂੰ ਹੋਰ ਬਹੁਤ ਸੋਹਣਾ ਬਣਾ ਰਹੇ ਸਨ। ਉਹ ਖੁਸ਼ ਰਹਿਣ ਵਾਲਾ ਬੱਚਾ ਸੀ ਪਰ ਮੇਰੀ ਹਾਜਰੀ ਵਿਚ ਮਾਂ ਦਾ ਝਿੜਕਣਾ ਉਹਨੂੰ ਅੱਖਰਿਆ ਸੀ। ਪਮੀ ਦੀ ਮਾਂ ਆਕੇ ਫੇਰ ਮੰਜੀ ਤੇ ਬਹਿ ਗਈ। ਉੱਠ ਕੇ ਸੂਟਕੇਸ ਤੱਕ ਜਾਣ ਅਤੇ ਆਉਣ ਨਾਲ ਹੀ ਉਹ ਥੱਕ ਗਈ ਸੀ। ਉਹ ਡੂੰਘੇ ਸਾਹ ਲੈ ਰਹੀ ਸੀ ਅਤੇ ਸੋਨੀ ਨੂੰ ਚਿਲਾ ਕੇ ਬੋਲੀ ਕਿ ਪਾਣੀ ਦਾ ਗਿਲਾਸ ਲਿਆਵੇ। ਸੋਨੀ ਅਲਮੋਨੀਅਮ ਦਾ ਗਲਾਸ ਲੈ ਕੇ ਟੂਟੀ ਵੱਲ ਭੱਜੀ, ਉਹ ਡਰ ਰਹੀ ਸੀ ਕਿ ਜੇ ਉਹਨੇ ਦੇਰ ਲਾ ਦਿੱਤੀ ਤਾਂ ਫੇਰ ਝਿੜਕਾਂ ਪੈਣਗੀਆਂ। ਉਹ ਪਾਣੀ ਦਾ ਗਿਲਾਸ ਲਿਆਈ ਤੇ ਪਾਣੀ ਪੀਂਦੀ ਮਾਂ ਦੇ ਕੋਲ ਖੜ੍ਹੀ ਰਹੀ। ਸੋਨੀ ਨੇ ਕੁਝ ਦੇਰ ਮੇਰੇ ਤੇ ਨਜ਼ਰ ਮਾਰੀ ਮਿੱਠਾ ਜਿਹਾ ਮੁਸਕੁਰਾਈ ਤੇ ਮੋਢੇ ਉਚਕਾਏ।

ਜਦੋਂ ਪਮੀ ਦੀ ਮਾਂ ਅਰਾਮ ਨਾਲ ਬੈਠ ਗਈ ਤਾਂ ਮੈਂ ਉਹਨੂੰ ਰਾਣੀ ਬਾਰੇ ਪੁੱਛਿਆ। 'ਹੁਣ ਰਾਣੀ ਫੇਰ ਤੇਰਾ ਕਮਰਾ ਵਰਤਦੀ ਏ? ਧੰਦਾ ਤਾਂ ਉਹਦਾ ਕੋਈ ਬਹੁਤਾ ਚੱਲਦਾ ਨਹੀਂ ਲੱਗਦਾ।'

ਇਸ ਗੱਲ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਕੇ ਕਿ ਮੈਂ ਉਹਦੀ ਤੇ ਰਾਣੀ ਦੀ ਲੜਾਈ ਦੇਖੀ ਏ, ਉਹਨੇ ਜਵਾਬ ਦਿੱਤਾ, 'ਹਾਂ ਉਹ ਕਦੇ-ਕਦੇ ਆ ਜਾਂਦੀ ਏ ਤੇ ਮੈਂ ਉਹਨੂੰ ਅਪਣਾ ਕਮਰਾ ਵਰਤਣ ਲਈ ਦੇ ਦਿੰਦੀ ਹਾਂ ਪਰ ਮੈਂ ਸੁਣਿਆਂ ਏ ਉਹਨੂੰ ਬਾਜ਼ਾਰ ਦੇ ਦੂਜੇ ਪਾਸੇ ਕੋਈ ਹੋਰ ਸਸਤਾ ਕਮਰਾ ਮਿਲ ਗਿਆ ਏ। ਮੈਂ ਦਸ ਪ੍ਰਤਿਸ਼ਤ ਲੈਂਦੀ ਹਾਂ। ਤੂੰ ਕੀ ਸਮਝਦੀ ਏਂ ਇਹ ਜ਼ਿਆਦਾ ਏ? ਕੀ ਇਹ ਮਿੱਟੀ ਖਾਣੀਆਂ ਸੋਚਦੀਆਂ ਨੇ ਕਿ ਮੈਨੂੰ ਕੁਝ ਮਿਲੇ ਹੀ ਨਾਂ? ਸਿਰਫ ਕਮਰਾ ਰੱਖਣ ਤੇ ਸਫਾਈ ਕਰਨ ਤੇ ਵੀ ਤਾਂ ਪੈਸੇ ਲੱਗਦੇ ਨੇ। ਜਿਉਂਦਾ ਤਾਂ ਹਰ ਕਿਸੇ ਨੇ ਰਹਿਣਾ ਏ।'

ਮੈਂ ਕਿਹਾ, 'ਜੇ ਉਹ ਆਵੇ ਤਾਂ ਉਹਨੂੰ ਮੇਰੀ ਸਲਾਮ ਕਹੀਂ ਅਤੇ ਦੱਸੀਂ ਕਿ ਮੈਂ ਉਹ ਨੂੰ

ਮਿਲਣ ਆਈ ਸੀ। ਉਹ ਦੇ ਮਿਲਣ ਦਾ ਕੋਈ ਥਹੁ-ਪਤਾ ਤੇ ਹੈ ਨਹੀਂ ਇਸ ਲਈ ਖਾਸੇ ਚਿਰ ਤੋਂ ਮੈਂ ਉਹਨੂੰ ਮਿਲ ਨਹੀਂ ਸਕੀ।'

'ਉਹਦੇ ਪਤੇ ਦੀ ਤੈਨੂੰ ਕੀ ਲੋੜ ਏ? ਉਹ ਹਰ ਰਾਤ ਨੂੰ ਇਨ੍ਹਾਂ ਗਲੀਆਂ ਵਿਚ ਫਿਰਦੀ ਹੁੰਦੀ ਏ, ਪੁਲਿਸ ਤੋਂ ਲੁਕਦੀ ਫਿਰਦੀ।' ਉਹਨੇ ਮੈਥੋਂ ਦੂਜੇ ਪਾਸੇ ਦੇਖਦੇ ਹੋਏ ਜਵਾਬ ਦਿੱਤਾ।

ਕੁਝ ਚਿਰ ਹੋਰ ਗੱਲਾ ਮਾਰਕੇ ਮੈਂ ਵਿਹੜੇ ਵਿਚ ਚਲੀ ਗਈ। ਸੋਨੀ ਅਜੇ ਵੀ ਮੂੰਹ ਫੁਲਾਈ ਅਪਣੀ ਭੈਣ ਦੇ ਕੋਲ ਬੈਠੀ ਸੀ ਜੋ ਰੋਟੀ ਪਕਾ ਰਹੀ ਸੀ। ਮੈਂ ਵਿਹੜੇ ਵਿਚ ਮੰਜੀ ਤੇ ਬਹਿ ਗਈ ਤੇ ਸੋਨੀ ਨੂੰ ਹਾਕ ਮਾਰੀ। 'ਤੇਰਾ ਵੀ ਕੋਈ ਉਸਤਾਦ ਏ ਹੁਣ?' ਮੈਂ ਪੁੱਛਿਆ।

ਉਹ ਨੇ ਜੋਰ ਦੀ ਸਿਰ ਹਿਲਾਇਆ, 'ਹਾਂ', ਬਿਲਕੁਲ ਹੈ। ਮੈਂ ਆਪਣੀਆਂ ਭੈਣਾਂ ਵਾਲੇ ਉਸਤਾਦ ਕੋਲ ਹੀ ਜਾਂਦੀ ਹਾਂ। ਮੈਂ ਉਹਦੀ ਚੰਗੀ ਸ਼ਗਿਰਦ ਹਾਂ। ਮੇਰੀਆਂ ਭੈਣਾਂ ਕਈ ਕਈ ਵਾਰੀ ਸਬਕ ਖੁੰਝਾ ਦਿੰਦੀਆਂ ਨੇ ਪਰ ਮੈਂ ਕਦੇ ਨਹੀਂ ਖੁੰਝਾਉਂਦੀ। ਮੇਰਾ ਉਸਤਾਦ ਮੈਨੂੰ ਦੱਸਦਾ ਹੁੰਦਾ ਏ ਕਿ ਮੈਂ ਚੰਗੀ ਸ਼ਗਿਰਦ ਹਾਂ। ਉਹਨੇ ਛੋਟੇ ਬੱਚੇ ਵਾਂਗ ਆਪਣੇ ਮੋਢੇ ਛੰਡੇ।

ਮੈਂ ਉਹਨੂੰ ਪੁੱਛਿਆ, 'ਤੂੰ ਪਮੀ ਨਾਲ ਜਾਂਦੀ ਹੁੰਦੀ ਏਂ?' ਉਹਨੇ ਜਵਾਬ ਦਿੱਤਾ, 'ਨਹੀਂ', ਛੋਟੇ ਬੱਚਿਆਂ ਦੀ ਜਮਾਤ ਪਹਿਲਾਂ ਹੁੰਦੀ ਏ। ਮੇਰੀ ਜਮਾਤ ਵਿਚ ਅਸੀਂ ਛੇ ਹਾਂ। ਅੱਜ ਸਾਡੀ ਛੁੱਟੀ ਏ। ਉਸਤਾਦ ਨੇ ਅੱਜ ਰਾਤ ਕੋਈ ਸ਼ੋਅ ਕਰਨਾ ਏ ਇਸ ਲਈ ਉਹ ਤਿਆਰੀ ਕਰ ਰਿਹਾ ਏ। ਸਾਡੀ ਕਲ੍ਹ ਦੀ ਵੀ ਛੁੱਟੀ ਏ।'

'ਕਲ੍ਹ ਦੀ ਕਿਉਂ?' ਮੈਂ ਪੁੱਛਿਆ।

ਉਸਨੇ ਅਪਣਾ ਸਿਰ ਪਿੱਛੇ ਸੁੱਟਦਿਆਂ ਹੱਸ ਕੇ ਤਾੜੀ ਮਾਰੀ। ਚੰਚਲ ਮੁਸਕੁਰਾਹਟ ਨਾਲ ਉਹਨੇ ਜਵਾਬ ਦਿੱਤਾ, 'ਜੇਂਦ ਉਹਨੇ ਸ਼ੋਅ ਦੀ ਤਿਆਰੀ ਕਰਨ ਲਈ ਸਾਨੂੰ ਛੁੱਟੀ ਕਰ ਦਿੱਤੀ ਏ ਤਾਂ ਫੇਰ ਜਦ ਉਹ ਸ਼ੋਅ ਕਰ ਰਿਹਾ ਹੋਏਗਾ ਉਦੋਂ ਕਿਵੇਂ ਸਬਕ ਸਿਖਾਏਗਾ, ਜਦ ਕਿ ਉਦੋਂ ਉਹ ਹੋਵੇਗਾ ਵੀ ਦੂਜੇ ਸ਼ਹਿਰ ਵਿਚ?'

ਮੈਂ ਵੀ ਹੱਸ ਪਈ ਅਤੇ ਪੁੱਛਿਆ ਕਿ ਕੀ ਉਹ ਸਕੂਲ ਜਾਂਦੀ ਏ।

'ਮੈਂ ਚੌਥੀ ਜਮਾਤ ਕੀਤੀ ਏ ਤੇ ਮੇਰਾ ਬਾਪ ਕਹਿਣ ਲੱਗਾ ਬੱਸ ਕਾਫੀ ਏ। ਤੂੰ ਮੇਰੇ ਸਕੂਲ ਤੇ ਮੇਰੇ ਮਾਸਟਰਾਂ ਬਾਰੇ ਸੁਣਨਾ ਚਾਹੁੰਦੀ ਏਂ?'

ਇਸ ਤੋਂ ਪਹਿਲਾਂ ਕਿ ਮੈਂ ਜਵਾਬ ਦਿੰਦੀ ਉਹਦੀ ਮਾਂ ਚਿਲਾਈ,

'ਸੋਨੀ, ਤੂੰ ਫੌਜੀਆ ਦੇ ਕੰਨ ਕਿਉਂ ਖਾ ਰਹੀ ਏਂ?'

ਮੈਂ ਫੌਰਨ ਜਵਾਬ ਦਿੱਤਾ, 'ਕੀ ਸੋਨੀ ਨੂੰ ਪਮੀ ਦੇ ਉਸਤਾਦ ਦੀ ਬੈਠਕ ਵਿਚ ਭੇਜ ਕੇ ਪਤਾ ਕਰ ਸਕਦੀ ਏਂ ਕਿ ਪਮੀ ਕਦੋਂ ਮੁੜ ਰਹੀ ਏ? ਠੀਕ ਏ ਨਾ?'

ਉਹ ਮੰਨ ਗਈ ਤੇ ਸੋਨੀ ਟੱਪਣ ਲੱਗੀ। ਉਹਨੇ ਇਕ ਹੱਥ ਨਾਲ ਅਪਣੀ ਸਲਵਾਰ ਠੀਕ ਕੀਤੀ, ਜਿਸ ਵਿਚ ਥੋੜ੍ਹਾ ਸਮਾਂ ਲੱਗਾ, ਅਤੇ ਦੂਜੇ ਹੱਥ ਨਾਲ ਅਪਣੇ ਦੁਪੱਟੇ ਨੂੰ ਗਲ ਦੁਆਲੇ ਵਲ੍ਹੇਟ ਕੇ ਉਹ ਕਾਹਲੀ ਨਾਲ ਦੌੜ ਗਈ।

ਮੈਂ ਪਮੀ ਦੀ ਮਾਂ ਕੋਲ ਆ ਬੈਠੀ। ਉਹ ਹਵਾ ਵਿਚ ਘੂਰ ਰਹੀ ਸੀ। ਮੈਂ ਸੁਣਿਆ ਏ ਤੂੰ ਹੁਣ ਰਜ਼ੀਆ ਦਾ ਨਿਕਾਹ ਕਰਨਾ ਚਾਹੁੰਦੀ ਏਂ?' ਮੈਂ ਪੁੱਛਿਆ।

'ਤੈਨੂੰ ਕਿਸਨੇ ਦੱਸਿਆ?' ਉਹ ਹੈਰਾਨ ਹੋ ਕੇ ਬੋਲੀ।

'ਮੈਂ ਇੱਥੇ ਹੀ ਕਿਤੇ ਸੁਣਿਆਂ ਏ। ਕੀ ਇਹ ਵੀ ਕੋਈ ਛੁਪਾਉਣ ਦੀ ਗੱਲ ਏ?' ਉਹ ਅਰਾਮ ਨਾਲ ਬੋਲੀ, 'ਨਹੀਂ ਛੁਪਾਉਣ ਦੀ ਤਾਂ ਨਹੀਂ। ਉਹਦਾ ਬਾਪ ਇਸ ਕੰਮ ਲਈ ਕੁਝ ਦੇਰ ਤੋਂ ਕੋਸ਼ਿਸ਼ ਕਰ ਰਿਹਾ ਏ। ਪਰ ਜਿਹੜੇ ਕੁਝ ਬੰਦੇ ਉਹ ਲਿਆਇਆ ਏ ਮੈਨੂੰ ਪਸੰਦ ਨਹੀਂ ਆਏ। ਮੈਂ ਅਜਿਹੇ ਲੋਕਾਂ ਨਾਲ ਧੰਦਾ ਨਹੀਂ ਕਰਦੀ ਜੋ ਤਾਜ਼ੇ-ਤਾਜ਼ੇ ਅਮੀਰ ਹੋਏ ਹੋਣ। ਉਨ੍ਹਾਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਮੈਂ ਤਾਂ ਅਜਿਹੀ ਪੇਸ਼ਕਸ਼ ਹੀ ਪ੍ਰਵਾਨ ਕਰਾਂਗੀ ਜਿਹੜੀ ਮੇਰੀ ਤਸੱਲੀ ਦੀ ਹੋਵੇਂ ਫੇਰ ਭਾਵੇਂ ਮੇਰਾ ਪਤੀ ਕੁਝ ਵੀ ਕਹਿੰਦਾ ਰਹੇ।

'ਕੀ ਉਹੀ ਇਨ੍ਹਾਂ, ਕੁੜੀਆਂ ਦਾ ਬਾਪ ਏ?' ਮੈਂ ਪੁੱਛਿਆ।

'ਤੈਨੂੰ ਐਥੇ ਕੰਮ ਕਰਦੀ ਨੂੰ ਖਾਸਾ ਚਿਰ ਹੋ ਗਿਆ ਏ। ਆਪਾਂ ਇਸ ਪਚੜੇ ਵਿਚ ਪੈ ਕੇ ਕੀ ਕਰਨਾ ਏਂ ਕਿ ਕਿਹੜਾ ਕੀਹਦਾ ਬਾਪ ਦੇ ਕਿਉਂ।''

ਮੈਂ ਛਿੱਥੀ ਜਿਹੀ ਪੈ ਗਈ ਤੇ ਅਪਣੀ ਗੱਲ ਤੇ ਪੋਚਾ ਫੇਰਨ ਲਈ ਮੈਂ ਪੁੱਛਿਆ, 'ਮੇਰਾ ਮਤਲਬ ਸੀ ਤੂੰ ਉਹਨੂੰ ਵਿਆਹੀ ਗਈ ਸੀ?'

'ਮੈਂ ਹੁਣ ਉਹਦੇ ਨਾਲ ਗੱਲ ਵੀ ਨਹੀਂ ਕਰਦੀ', ਉਹ ਬੋਲੀ। 'ਉਹ ਆਪਣੀ ਹੀ ਕਿਸਮ ਦਾ ਏ। ਤੂੰ ਸ਼ਾਇਦ ਹੋਰ ਲੋਕਾਂ ਕੋਲੋਂ ਉਸ ਬਾਰੇ ਗੰਦੀਆਂ ਗੱਲਾਂ ਸੁਣੀਆਂ ਹੋਣਗੀਆਂ, ਪਰ ਉਹ ਐਨਾ ਮਾੜਾ ਬੰਦਾ ਨਹੀਂ। ਉਹ ਮੇਰੀ ਦੂਰ ਦੀ ਭੈਣ ਦਾ ਗਾਹਕ ਸੀ ਤੇ ਉਹ ਮੇਰੀਆਂ ਕੁੜੀਆਂ ਦੇ ਧੰਦੇ ਵਿਚ ਮੇਰੀ ਮਦਦ ਕਰਨ ਲੱਗ ਪਿਆ। ਇਹ ਧੰਦਾ ਚਲਾਉਣਾ ਕੋਈ ਸੌਖਾ ਕੰਮ ਤੇ ਨਹੀਂ ਜਦੋਂ ਕਿ ਤੁਹਾਡਾ ਆਪਣਾ ਕੋਠਾ ਵੀ ਨਾ ਹੋਵੇ। ਮੈਂ ਇਹ ਪਿਛਲੇ ਕਮਰੇ ਕਿਰਾਏ ਤੇ ਦੇ ਦਿੰਨੀ ਆਂ ਤੇ ਫੇਰ ਧੰਦੇ ਨੂੰ ਚਲਾਉਣ ਵਾਸਤੇ ਕੋਸ਼ਿਸ਼ ਕਰਦੀ ਹਾਂ। ਜਿਵੇਂ ਵੀ ਏ ਇਹ ਸਮੱਸਿਆ ਤਾਂ ਸਾਡੀ ਏ।'

ਮੈਂ ਉਹਨੂੰ ਬੋਲਦੀ ਨੂੰ ਟੋਕਿਆ ਨਹੀਂ। ਮੈਨੂੰ ਪਤਾ ਸੀ ਉਹ ਅਪਣੇ ਪਤੀ ਬਾਰੇ ਕਿਸੇ ਨਾਲ ਗੱਲ ਨਹੀਂ ਕਰਦੀ। ਲੋਕ ਇਹੀ ਜਾਣਦੇ ਨੇ ਕਿ ਉਹ ਦੱਲਾ ਏ, ਨਸ਼ਈ ਏ ਤੇ ਮਾੜਾ ਆਦਮੀ ਏ। ਮੈਂ ਕਿਸੇ ਅਜਿਹੇ ਨੂੰ ਨਹੀਂ ਮਿਲੀ ਜੋ ਉਹਦਾ ਹਮਦਰਦ ਹੋਵੇ। ਉਹਦੀ ਜਾਣ-ਪਛਾਣ ਦਾ ਘੇਰਾ ਮੁਹੱਲੇ ਤੋਂ ਬਾਹਰ ਲੱਗਦਾ ਸੀ, ਹੋਰ ਦੱਲਿਆਂ ਨਾਲ।

ਉਹ ਬੋਲਦੀ ਰਹੀ, 'ਪਮੀ ਵਾਸਤੇ ਚੰਗੇ ਗਾਹਕ ਲਿਆਉਣਾ ਇਕ ਚੁਣੌਤੀ ਵਾਲਾ ਕੰਮ ਸੀ। ਸਾਰੇ ਦੱਲੇ ਸਿਰਫ ਗਾਹਕ ਲਿਆਉਣੀ ਦੀ ਕਮਿਸ਼ਨ ਲੈਣ ਦੀ ਬਜਾਏ ਹਿੱਸੇਦਾਰ ਹੀ ਬਣ ਬੈਠਦੇ ਨੇ। ਉਹ ਸੰਭਵ ਨਹੀਂ ਹੁੰਦਾ। ਮੈਂ ਠੀਕ ਸਮਝਿਆ ਕਿ ਉਹਨੂੰ ਨਾਲ ਰੱਖ ਲਿਆ ਜਾਵੇ, ਤਾਂ ਕਿ ਮੇਰੀ ਮਦਦ ਕਰਦਾ ਰਹੇ। ਉਹ ਮਾੜਾ ਬੰਦਾ ਨਹੀਂ ਏ।'

ਉਸੇ ਵੇਲੇ ਸੋਨੀ ਅੰਦਰ ਆਈ, ਦੌੜ ਕੇ ਪੂਰੀ ਹਫੀ ਹੋਈ ਸੀ ਪਰ ਖੁਸ਼ ਸੀ ਕਿ ਮੇਰੀ ਕਹੀ ਗੱਲ ਪੂਰੀ ਕਰ ਦਿੱਤੀ ਸੀ। ਉਹਨੇ ਦੱਸਿਆ ਕਿ ਉਹ ਬੈਠਕ ਤੋਂ ਤੁਰ ਪਈਆਂ ਨੇ ਤੇ ਘਰ ਨੂੰ ਆ ਰਹੀਆਂ ਨੇ। ਜਦੋਂ ਪਮੀ ਤੇ ਉਹਦੀ ਭੈਣ ਰਜ਼ੀਆ ਅੰਦਰ ਵੜੀਆ ਮੈਂ ਉਨ੍ਹਾਂ ਨੂੰ ਮਿਲਣ ਵਿਹੜੇ ਵਿਚ ਹੀ ਚਲੀ ਗਈ। ਉਨ੍ਹਾਂ ਦੀ ਮਾਂ ਨੇ ਹੌਲੀ ਜਿਹੀ ਗਾਲ੍ਹ ਕੱਢੀ ਬਿਨਾਂ ਸ਼ਕ ਜਿਸਦਾ ਮਤਲਬ ਸੀ ਕਿ ਉਹ ਬੜੀ ਦੇਰ ਨਾਲ ਆਈਆਂ ਨੇ। ਰਜ਼ੀਆ ਅਤੇ ਪਮੀ ਨਾਲ ਗੱਲਾਂ ਮਾਰਦੇ ਹੋਏ ਮੈਂ ਦੇਖਿਆ ਕਿ ਸੋਨੀ ਕਿੰਨੀ ਉੱਤੇਜਿਤ ਸੀ ਤੇ ਹਰੇਕ ਚੀਜ਼ ਵਿਚ ਸ਼ਾਮਲ ਹੋ ਰਹੀ ਸੀ। ਮੇਰੇ ਵੱਲੋਂ ਕੰਮ ਦੇਣ ਕਰਕੇ ਉਹ ਬੜੀ ਖੁਸ਼ ਸੀ ਕਿ ਉਹ ਸਫਲ ਹੋ ਕੇ ਮੁੜੀ ਏ।

ਮੈਂ ਰਜ਼ੀਆ ਵੱਲ ਝੁਕੀ ਤੇ ਹੌਲੀ ਜਿਹੀ ਪੁੱਛਿਆ, 'ਮੈਂ ਰੂਬਾ ਤੋਂ ਤੇਰੀ ਬੜੀ ਤਾਰੀਫ

ਸੁਣੀ ਏ। ਉਹ ਕਹਿੰਦਾ ਏ ਤੂੰ ਬੜਾ ਦੰਗਾ ਗਾਉਂਨੀ ਏਂ।' ਉਹ ਸ਼ਰਮਾ ਗਈ ਤੇ ਸੋਨੀ ਉੱਚੀ ਸਾਰੀ ਹੱਸ ਪਈ। ਉਹ ਤੁਰਤ ਮੇਰੇ ਵੱਲ ਝੁਕੀ ਤੇ ਫੁਸਫੁਸਾਈ, 'ਬਾਜੀ, ਉਹ ਇਹਨੂੰ ਪਰਚੀਆਂ ਲਿਖ-ਲਿਖ ਭੇਜਦਾ ਹੁੰਦਾ ਏ।'

ਰਜ਼ੀਆ ਨੇ ਸੋਨੀ ਦੇ ਧੱਫਾ ਮਾਰਿਆ ਤੇ ਬੋਲੀ, 'ਬਕਵਾਸ।'

ਸੋਨੀ ਨੇ ਮੋਢੇ ਛੰਡੇ ਤੇ ਦੰਦ ਕੱਢਕੇ ਮੈਨੂੰ ਕਹਿਣ ਲੱਗੀ, 'ਬਾਜੀ, ਕਸਮ ਖਾਨੀ ਆਂ! ਮੈਂ ਹੀ ਤਾਂ ਉਹਨੂੰ ਚਿੱਠੀਆਂ ਲਿਆ ਕੇ ਦਿੱਤੀਆਂ ਨੇ ਤੇ ਹੁਣ ਇਹ ਮੈਨੂੰ ਮਾਰਦੀ ਏ। ਰੂਬਾ ਨੇ ਕਿਹਾ ਸੀ ਮਾਂ ਨੂੰ ਪਤਾ ਨਾ ਲੱਗੇ।'

'ਤਾਂ ਫੇਰ ਰੂਬਾ ਤਰੱਕੀ ਕਰ ਰਿਹਾ ਏ', ਮੈਂ ਬੋਲੀ। ਰਜ਼ੀਆ ਨੇ ਨੀਵੀਂ ਪਾ ਲਈ ਤੇ ਮੁਸਕੁਰਾਈ। ਉਹ ਇਸ ਗੱਲੋਂ ਬੜੀ ਖੁਸ਼ ਸੀ। ਮਾਮਲਾ ਕਿਉਂਕਿ ਬੜਾ ਨਾਜ਼ੁਕ ਸੀ ਇਸ ਲਈ ਮੈਂ ਇਸ ਨੂੰ ਉੱਥੇ ਹੀ ਛੱਡ ਦਿੱਤਾ ਪਰ ਸੋਚਿਆ ਕਿ ਪਮੀ ਨੂੰ ਬਾਦ ਵਿਚ ਪੁੱਛਾਂਗੀ ਕਿ ਇਸਦੇ ਰਜ਼ੀਆ ਲਈ ਕੀ ਸਿੱਟੇ ਹੋਣਗੇ।

ਜਦੋਂ ਮੈਂ ਇਸ ਬਾਰੇ ਉਹਦੇ ਨਾਲ ਗੱਲ ਕੀਤੀ ਤਾਂ ਪਮੀ ਨੇ ਦੱਸਿਆ ਕਿ ਉਸ ਦੇ ਮਾਪਿਆਂ ਨੂੰ ਸ਼ੱਕ ਏ ਕਿ ਰਜ਼ੀਆ ਨੂੰ ਇਸ਼ਕ ਏ। 'ਉਨ੍ਹਾਂ ਨੂੰ ਪੱਕਾ ਤੇ ਨਹੀਂ ਪਤਾ ਪਰ ਮੇਰਾ ਬਾਪ ਰੂਬਾ ਨੂੰ ਇਸ ਇਮਾਰਤ ਵਿਚ ਬਾਰ-ਬਾਰ ਗੇੜੇ ਮਾਰਦਾ ਦੇਖਦਾ ਏ।' ਉਹ ਨੇ ਦੱਸਿਆ ਕਿ ਰਜ਼ੀਆ ਦੀ ਨੱਥ ਬਾਰੇ ਉਹ ਰੋਜ਼ ਘਰ ਵਿਚ ਬਹਿਸਾਂ ਹੁੰਦੀਆਂ ਦੇਖਦੀ ਏ। ਉਹਦਾ ਬਾਪ ਗਾਹਕਾਂ ਦੇ ਸੁਨੇਹੇ ਲੈ ਕੇ ਆਉਂਦਾ ਏ ਪਰ ਉਹ ਪੇਸ਼ਕਸ ਬਹੁਤ ਥੋੜ੍ਹੀ ਕਰਦੇ ਨੇ ਕਿਉਂਕਿ ਉਹ ਸਮਝਦੇ ਨੇ ਕਿ ਉਹਨੂੰ ਨਸ਼ੇ ਖਰੀਦਣ ਲਈ ਪੈਸੇ ਚਾਹੀਦੇ ਨੇ। ਇਕ ਵਾਰੀ ਤਾਂ ਇਕ ਦੱਲਾ ਸੌਦਾ ਕਰਨ ਨੂੰ ਵੀ ਤਿਆਰ ਸੀ ਪਰ ਬਾਦ ਵਿਚ ਉਹਨੇ ਉਸੇ ਗਾਹਕ ਦਾ ਸੌਦਾ ਕਿਸੇ ਹੋਰ ਰੰਡੀ ਨਾਲ ਕਰਵਾ ਦਿੱਤਾ। ਇਹ ਸੌਦਾ ਖਰਾਬ ਕਰਨ ਕਰਕੇ ਮਾਂ ਅਪਣੇ ਪਤੀ ਨਾਲ ਗੁੱਸੇ ਵੇ।

ਪਮੀ ਕਹਿੰਦੀ ਰਹੀ, 'ਮੇਰੀ ਮਾਂ ਉਹਦੇ ਨਾਲ ਇਸੇ ਕਰਕੇ ਗੁੱਸੇ ਵੇ ਪਰ ਉਹਦੇ ਅਪਣੇ ਸੰਪਰਕ ਕੋਈ ਹੈ ਨਹੀਂ। ਪੁਲਿਸ ਦੀ ਪ੍ਰੇਸ਼ਾਨੀ ਨੇ ਉਹਨੂੰ ਘਰ ਵਿਚ ਹੀ ਕੈਦ ਕਰ ਛੱਡਿਆ ਏ। ਉਹਦਾ ਕਹਿਣਾ ਏ ਕਿ ਸਿਰਫ ਉਹੀ ਧੰਦਾ ਫੈਲਰਦਾ ਏ ਜਿਨ੍ਹਾਂ ਦੇ ਸੰਪਰਕ ਮੁਹੱਲੇ ਤੋਂ ਬਾਹਰ ਦੇ ਦੱਲਿਆਂ ਨਾਲ ਹਨ। ਜਦੋਂ ਦਾ ਇਹ ਬੰਦਾ ਸਾਡੇ ਨਾਲ ਆ ਕੇ ਰਹਿਣ ਲੱਗਾ ਏ ਕੁਝ ਸਾਲ ਪਹਿਲਾਂ ਤੋਂ ਉਹ ਸਿੱਧੀ ਦੱਲਿਆਂ ਨਾਲ ਗੱਲ ਕਰਨੋਂ ਹਟ ਗਈ। ਸੌਦੇ ਵਿਚੋਂ ਬਹੁਤਾ ਤਾਂ ਇਹੀ ਰੱਖ ਜਾਂਦਾ ਏ।

ਪਮੀ ਅਪਣੀ ਮਾਂ ਦੇ ਸਾਥੀ ਤੋਂ ਬਹੁਤੀ ਖੁਸ਼ ਨਹੀਂ ਸੀ ਅਤੇ ਹੈਰਾਨ ਸੀ ਕਿ ਮਾਂ ਫੇਰ ਵੀ ਉਹਦੀ ਗੱਲ ਸੁਣਦੀ ਸੀ। ਉਹਦੀ ਮਾਂ ਦਾ ਕਹਿਣਾ ਏ ਕਿ ਇਹ ਕੀਮਤ ਤਾਂ ਉਨ੍ਹਾਂ ਨੂੰ ਚੁਕਾਉਣੀ ਹੀ ਪਏਗੀ ਜੇ ਉਨ੍ਹਾਂ ਨੇ ਇਲਾਕੇ ਵਿਚ ਰਹਿਣਾ ਏਂ। ਪਮੀ ਵੀ ਪ੍ਰਬੰਧਕੀ ਕੰਮਾਂ ਬਾਰੇ ਕੋਈ ਬਹੁਤੀ ਗੱਲ ਨਹੀਂ ਕਰਨੀ ਚਾਹੁੰਦੀ ਸੀ, ਜਿਸ ਨੂੰ ਉਹ ਸਮਝਦੀ ਸੀ ਕਿ ਉਹਦਾ ਕੰਮ ਨਹੀਂ, ਪਰ ਫੇਰ ਵੀ ਉਹਨੇ ਮੈਨੂੰ ਕਾਫੀ ਕੁਝ ਦੱਸ ਦਿੱਤਾ ਸੀ।

# ਜਗਰਾਤਾ

ਸਮਾਂ ਲੰਘਣ ਤੇ ਮੈਂ ਲੈਲਾ ਤੋਂ ਬਿਨਾਂ ਵੀ ਕਈ ਟੱਬਰਾਂ ਦੇ ਕਾਫੀ ਨੇੜੇ ਆ ਗਈ। ਚੰਦਾ ਅਤੇ ਮੈਂ ਮੁਹੱਲੇ ਦੇ ਜੀਵਨ ਬਾਰੇ ਮੇਰੀਆਂ ਖੋਜਾਂ ਬਾਰੇ ਗੱਲਬਾਤ ਕਰਨ ਲੱਗੀਆਂ। ਮੈਂ ਇਨ੍ਹਾਂ ਇੰਟਰਵਿਊਆਂ ਵਿਚ ਕੀ ਪਤਾ ਲਾਇਆ ਏ ਉਹ ਜਾਣਨ ਦੀ ਉਸ ਨੂੰ ਬੜੀ ਜਗਿਆਸਾ ਸੀ। ਉਹ ਖਾਸ ਤੌਰ ਪੁਲਿਸ ਦੀ ਪ੍ਰੇਸ਼ਾਨੀ, ਸਮਾਜ ਦੇ ਸੰਗੀਤ ਅਤੇ ਨਾਚ ਦੇ ਪੱਖ ਬਾਰੇ ਹਕੂਮਤ ਦੀ ਬੰਦ ਸੋਚ ਅਤੇ ਗਾਹਕਾਂ ਦੀ ਗਿਣਤੀ ਅਤੇ ਪੱਧਰ ਵਿਚ ਗਿਰਾਵਟ ਬਾਰੇ ਵਧੇਰੇ ਦਿਲਚਸਪੀ ਰੱਖਦੀ ਸੀ। ਮੈਨੂੰ ਉਸ ਨਾਲ ਗੱਲਾਂ ਕਰਦੇ ਬਾੜਾ ਅਨੰਦ ਆਇਆ। ਉਹ ਸਿਰਫ ਗੱਲਾਂ ਦੱਸਣ ਵਾਲੀ ਹੀ ਨਹੀਂ ਸੀ ਬਲਕਿ ਉਹ ਇਨ੍ਹਾ ਬਾਰੇ ਸੋਚਣ ਵਿਚ ਵੀ ਮਦਦ ਕਰਦੀ ਸੀ।

ਚੰਦਾ ਨੇ ਅਪਣੇ ਭਰਾ ਦੀ ਸਿਹਤ ਠੀਕ ਹੋਣ ਦੀ ਖੁਸ਼ੀ ਵਿਚ ਰਵਾਇਤੀ ਜਗਰਾਤਾ ਕਰਵਾਉਣ ਦਾ ਐਲਾਨ ਕੀਤਾ। ਇਕ ਬੰਦਾ ਜਿਸ ਨੂੰ ਉਹ ਅਪਣਾ ਭਰਾ ਸਮਝਦੀ ਸੀ ਲੰਬੀ ਬੀਮਾਰੀ ਤੋਂ ਬਾਦ ਠੀਕ ਹੋਇਆ ਸੀ। ਇਹ ਇਕ ਵਿਅਕਤੀਗਤ ਇਕੱਠ ਹੋਣਾ ਸੀ ਜੋ ਕਿ ਮੁਹੱਲੇ ਵਿਚ ਬਹੁਤ ਘੱਟ ਹੁੰਦੇ ਨੇ ਤੇ ਮੈਂ ਵੀ ਉਥੇ ਹੋਣਾ ਚਾਹੁੰਦੀ ਸੀ। ਉਸ ਸ਼ਾਮ ਨੂੰ ਮੈਂ ਅੱਠ ਕੁ ਵਜੇ ਉਸਤਾਦ ਗਾਮਾ ਦੀ ਬੈਠਕ ਕੋਲ ਆ ਕੇ ਰੁਕੀ ਅਤੇ ਦੇਖਿਆ ਕਿ ਸਾਰੇ ਹੀ ਬੜੀ ਉੱਤੇਜਨਾ ਵਿਚ ਸਨ। ਚਾਰ ਸਾਜ਼ਿੰਦੇ ਘੁੰਮ ਰਹੇ ਸਨ। ਇੱਧਰ ਤੋਂ ਉੱਧਰ ਅਤੇ ਹਰ ਚੀਜ਼ ਦੀ ਦੇਖਭਾਲ ਕਰ ਰਹੇ ਸਨ। ਕਲਾਕਾਰ ਵੱਡੇ ਇਕੱਠ ਦੀ ਤਿਆਰੀ ਕਰ ਰਹੇ ਸਨ। ਜਗਰਾਤਾ ਸ਼ਬਦ ਰਾਤ ਨੂੰ ਜਾਗਣ ਤੋਂ ਬਣਿਆਂ ਏ। ਇਸ ਦਾ ਮਤਲਬ ਹੁੰਦਾ ਏ ਸਾਰੀ ਰਾਤ ਜਾਗ ਕੇ ਜਸ਼ਨ ਮਨਾਉਣਾ।

ਮੈਂ ਇਹ ਦੇਖਣ ਲਈ ਉਸਤਾਦ ਸਦੀਕ ਦੀ ਬੈਠਕ ਤੇ ਗਈ ਕਿ ਉਹ ਵੀ ਜਾ ਰਿਹਾ ਏ ਕਿ ਨਹੀਂ। ਉਹਨੇ ਕਿਹਾ ਕਿ ਉਹ ਵੀ ਜਾਣ ਦੀ ਸੋਚ ਰਿਹਾ ਏ ਕਿਉਂਕਿ ਇਕ ਉਸਤਾਦ ਦੇ ਤੌਰ ਤੇ ਇਹ ਉਹਦੀ ਜ਼ਿੰਮੇਵਾਰੀ ਵੀ ਏ। ਚੰਦਾ ਨੇ ਇਸ ਪਾਰਟੀ ਲਈ ਪ੍ਰਸ਼ਾਸਨ ਤੋਂ ਖਾਸ ਮੰਜ਼ੂਰੀ ਲਈ ਸੀ ਅਤੇ ਪੁਲਿਸ ਨੂੰ ਵੀ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ। ਮੈਂ ਉਸਤਾਦ ਸਦੀਕ ਦੇ ਨਾਲ ਜਾਣ ਦੀ ਹੀ ਸੋਚੀ।

ਜਦੋਂ ਅਸੀਂ ਗਿਆਰਾਂ ਕੁ ਵਜੇ ਚੰਦਾ ਦੇ ਘਰ ਪਹੁੰਚੇ ਸੰਗੀਤ ਸ਼ੁਰੂ ਸੀ ਅਤੇ ਵੀਹ ਕੁ ਮਹਿਮਾਨ ਪੁੱਜ ਵੀ ਚੁੱਕੇ ਸਨ। ਮੁੱਖ ਬੈਠਕ ਨੂੰ ਪਾਰਟੀ ਕੇ ਕਮਰੇ ਵਿਚ ਤਬਦੀਲ ਕੀਤਾ ਜਾ ਚੁੱਕਾ ਸੀ, ਸਾਰਾ ਫਰਨੀਚਰ ਅਤੇ ਗਲੀਚੇ ਬਾਹਰ ਕੱਢ ਦਿੱਤੇ ਗਏ ਸਨ। ਪੱਪ ਬੈਂਡ ਕਮਰੇ ਦੇ ਇਕ ਪਾਸੇ ਟਿਕਾਇਆ ਹੋਇਆ ਸੀ, ਡਰੱਮ ਲਾਲ ਰੰਗ ਦਾ ਬੜਾ ਖ਼ੂਬਸੂਰਤ ਸੀ ਜੋ ਹਰ ਚੀਜ਼ ਤੇ ਹਾਵੀ ਸੀ। ਪਾਸਿਆਂ ਤੇ ਕੁਝ ਕੁਰਸੀਆਂ ਪਈਆਂ ਸਨ ਪਰ ਬਹੁਤੇ ਲੋਕ ਕਮਰੇ ਵਿਚ ਤੁਰ-ਫਿਰ ਰਹੇ ਸਨ ਜਾਂ ਖੜ੍ਹੇ ਸਨ। ਦੋ ਸਾਜ਼ਿੰਦੇ ਤੇਜ਼ ਸੁਰ ਵਿਚ ਇਲੈੱਕਟਰਿਕ ਗਿਟਾਰ ਵਜਾ ਰਹੇ ਸਨ ਸ਼ਾਇਦ ਇਹ ਦੱਸਣ ਲਈ ਕਿ ਪਾਰਟੀ ਸ਼ੁਰੂ ਹੋ ਚੁੱਕੀ ਸੀ। ਡਰੱਮ ਸੈੱਟ ਅਤੇ ਬੈਂਗੋ ਅਜੇ ਨਹੀਂ ਛੇੜੇ ਗਏ ਸਨ।

ਸਾਰੀਆਂ ਔਰਤਾਂ ਬ੍ਰੋਕੇਡ ਜਾਂ ਸਿਲਕ ਵਿਚ ਸਜੀਆਂ ਹੋਈਆਂ ਸਨ ਅਤੇ ਬੰਦਿਆਂ ਨੇ ਰੇਸ਼ਮੀ ਸਲਵਾਰ ਕਮੀਜ ਪਾਏ ਹੋਏ ਸਨ। ਚਿਲਕਵੇਂ ਰੰਗ ਅਤੇ ਚਮਕ ਦਮਕ ਨਾਲ ਕਮਰਾ ਚਕਾਚੌਂਧਾ ਹੋ ਰਿਹਾ ਸੀ। ਕਮਰੇ ਵਿਚਲਾ ਕੋਈ ਬੰਦਾ ਪੱਛਮੀ ਲਿਬਾਸ ਵਿਚ ਨਹੀਂ ਸੀ ਜੋ ਆਮ ਤੌਰ ਤੇ ਮੁਹੱਲੇ ਅਤੇ ਪੁਰਾਣੇ ਸਹਿਰ ਵਿਚ ਵਰਤੇ ਵੀ ਘੱਟ ਹੀ ਜਾਂਦੇ ਨੇ। ਇਨ੍ਹਾਂ ਨੂੰ ਸਿਰਫ ਫਿਲਮ ਸਟੂਡੀਉਜ਼ ਵਿਚ ਕੰਮ ਕਰਨ ਵਾਲੇ ਨਾਚ ਨਿਰਦੇਸ਼ਕ ਸਹਾਇਕ ਜਾਂ ਸਟੰਟ ਮੈਨ ਹੀ ਇਸ ਲਈ ਪਹਿਨਦੇ ਨੇ ਤਾਂ ਕਿ ਉਹ ਮੁਹੱਲੇ ਦੇ ਦੂਜੇ ਲੋਕਾਂ ਨਾਲੋਂ ਵੱਖਰੇ ਦਿਸ ਸਕਣ। ਛੋਟੀਆਂ ਕੁੜੀਆਂ ਨੇ ਸ਼ੋਖ ਸਲਵਾਰ ਕਮੀਜਾਂ ਪਹਿਨੀਆਂ ਹੋਈਆਂ ਸਨ ਅਤੇ ਪੂਰਾ ਮੇਕਅਪ ਕਰਕੇ ਮੱਥੇ ਦੇ ਐਨ ਵਿਚਕਾਰ ਬਿੰਦੀਆਂ ਲਾਈਆਂ ਹੋਈਆਂ ਸਨ। ਇਹ ਬਿੰਦੀਆਂ ਭਾਰਤੀ ਫਿਲਮਾਂ ਦਾ ਸਿੱਧਾ ਅਸਰ ਏ ਜਿੱਥੇ ਤਕਰੀਬਨ ਸਾਰੀਆਂ ਐਕਟਰੈੱਸਾਂ ਇਹ ਲਾਉਂਦੀਆਂ ਹਨ। ਉਨ੍ਹਾਂ ਦੀਆ ਅੱਖਾਂ ਤੇ ਮੈਂ ਗਹਿਰੇ ਨੀਲੇ ਅਤੇ ਹਰੇ ਆਈ ਸ਼ੈਡੋ ਲੱਗੇ ਦੇਖੇ। ਐਨੀਆਂ ਸਾਰੀਆਂ ਛੋਟੀਆਂ-ਛੋਟੀਆਂ ਕੁੜੀਆਂ ਦੇਖ ਕੇ ਮੈਂ ਸੋਚਣ ਲੱਗੀ ਕਿ ਭਵਿੱਖ ਵਿਚ ਇਹ ਮੁਹੱਲਾ ਪੇਸ਼ਕਾਰਾਂ ਨਾਲ ਮਾਲੋ-ਮਾਲ ਹੀ ਰਹੇਗਾ।

ਚੰਦਾ ਬੜੀ ਖੁਸ਼ ਸੀ ਅਤੇ ਅਪਨੇ ਪਰਿਵਾਰਕ ਦੇ ਦੋਸਤਾਂ ਦੇ ਸਵਾਗਤ ਵਿਚ ਮਸਤ ਸੀ। ਉਸਤਾਦ ਸਦੀਕ ਨੇ ਮੈਨੂੰ ਦੱਸਿਆ ਕਿ ਸਿਰਫ ਉਹ ਗਾਹਕ ਹੀ ਬੁਲਾਏ ਗਏ ਨੇ ਜਿਹੜੇ ਪਰਿਵਾਰ ਦੇ ਨਜ਼ਦੀਕੀ ਬਣ ਚੁੱਕੇ ਨੇ। ਮੈਂ ਇਹ ਪੱਕਾ ਕੀਤਾ ਕਿ ਉਸ ਦੀ ਮਾਂ ਨੂੰ ਜਰੂਰ ਸਲਾਮ ਕਰਾਂ ਜਿਸ ਨਾਲ ਮੈਂ ਹੋਰ ਚੰਗਾ ਰਿਸ਼ਤਾ ਬਣਾਉਣਾ ਚਾਹੁੰਦੀ ਸੀ।

ਧੂਮ-ਧੜਾਕੇ ਨਾਲ ਸੰਗੀਤ ਸ਼ੁਰੂ ਹੋਇਆ ਅਤੇ ਇਕ ਬੜਾ ਬਾਂਕਾ ਜਿਹਾ ਮੁੰਡਾ ਗਾਉਣ ਲੱਗਾ। ਉਹਨੇ ਆਧੁਨਿਕ ਭਾਰਤੀ ਪੰਜਾਬੀ ਗੀਤ ਹੀ ਗਾਏ ਜੋ ਇੰਗਲੈਂਡ ਵਿਚ ਕੰਮ ਕਰਦੇ ਬਹੁਤੇ ਸੰਗੀਤ ਗਰੁੱਪਾਂ ਨੇ ਮਸ਼ਹੂਰ ਕੀਤੇ ਹੋਏ ਸਨ। ਇਹ ਗੀਤ ਪਾਕਿਸਤਾਨ ਵਿਚ ਬੜੇ ਮਸ਼ਹੂਰ ਸਨ। ਉਹ ਦੀ ਅਵਾਜ਼ ਬੜੀ ਅਲੱਗ ਸੀ ਅਤੇ ਕੁਝ ਗੀਤਾਂ ਤੋਂ ਬਾਦ ਨਾਚ ਸ਼ੁਰੂ ਹੋ ਗਿਆ। ਇਕੱਠ ਮਿੰਟ-ਮਿੰਟ ਭਰਦਾ ਜਾ ਰਿਹਾ ਸੀ ਅਤੇ ਹੁਣ ਲੋਕ ਫੈਲ ਕੇ ਵਰਾਂਡੇ ਅਤੇ ਵਿਹੜੇ ਤੱਕ ਪਹੁੰਚ ਗਏ ਸਨ। ਚੰਦਾ ਸਭ ਤੋਂ ਪਹਿਲਾਂ ਛਾਲ ਮਾਰਕੇ ਨੱਚਣ ਲਈ ਇਕੱਠ ਦੇ ਵਿਚਕਾਰ ਪੁੱਜ ਗਈ ਤੇ ਫੇਰ ਹੋਰ ਔਰਤਾਂ ਵੀ ਸ਼ਾਮਲ ਹੋ ਗਈਆਂ। ਉਨ੍ਹਾਂ ਦੇ ਸ਼ਾਮ ਦੇ ਮੁਜਰੇ ਦੇ ਉਲਟ ਇਹ ਬਹੁਤਾ ਕਰਕੇ ਸਾਡੇ ਵਿਆਹਾਂ ਵਰਗਾ ਸੀ ਜਿੱਥੇ ਲੋਕ ਅਪਨੀ ਖੁਸ਼ੀ ਪ੍ਰਗਟਾਉਣ ਲਈ ਨੱਚਦੇ ਨੇ ਨਾ ਕਿ ਦਰਸ਼ਕਾਂ ਲਈ। ਚੰਦਾ ਨੇ ਅਪਣੇ ਭਰਾ ਨੂੰ ਵੀ ਵਿਚਾਲੇ ਖਿੱਚ ਲਿਆ ਅਤੇ ਲੋਕ ਉਸ ਉੱਤੇ ਪੈਸੇ ਸੁੱਟਣ ਲੱਗ ਪਏ ਅਤੇ ਔਰਤਾਂ ਨੱਚਦੀਆਂ ਰਹੀਆਂ। ਚੰਦਾ ਅਤੇ ਉਹਦੀ ਵੱਡੀ ਭੈਣ ਲੋਕਾਂ ਨੂੰ ਖਿੱਚ-ਖਿੱਚ ਕੇ ਅਪਣੇ ਨਾਲ ਨਚਾਉਣ ਲਈ ਕਮਰੇ ਦੇ ਵਿਚਕਾਰ ਲੈ ਜਾਣ ਲੱਗੀਆਂ ਜਿੱਥੇ ਹੁਣ ਕਾਫੀ ਭੀੜ ਹੋ ਚੁੱਕੀ ਸੀ।

ਲੋਕ ਇਕ ਦੂਜੇ ਦੇ ਸਿਰ ਤੇ ਨੋਟ ਰੱਖਣ ਲੱਗੇ ਅਤੇ ਬੈਂਡ ਵਾਲਿਆਂ ਦਾ ਇਕ ਛੋਟਾ ਮੁੰਡਾ ਭੁੰਜੇ ਡਿੱਗੇ ਹੋਏ ਨੋਟ ਇਕੱਠੇ ਕਰਨ ਲੱਗਾ। ਇਸ ਤਰ੍ਹਾਂ ਪੈਸੇ ਦੇਣਾ ਸਨੇਹ ਅਤੇ ਅਪਣੱਤ ਦਿਖਾਉਂਦਾ ਏ ਮੀਜ਼ਬਾਨ ਵੱਲ ਜਾਂ ਉਸ ਵੱਲ ਜਿਸਦੇ ਸਿਰ ਤੇ ਨੋਟ ਰੱਖਿਆ ਜਾ ਰਿਹਾ ਏ। ਕਈ ਦੋਸਤਾਂ ਅਤੇ ਪਰਿਵਾਰ ਦੇ ਜੀਆਂ ਨੇ ਚੰਦਾ ਅਤੇ ਉਸਦੀ ਭੈਣ ਦੇ ਸਿਰਾਂ ਤੋਂ ਨੋਟ ਵਾਰੇ। ਉੱਤੇਜਨਾ ਨੂੰ ਹੋਰ ਵਧਾਉਣ ਲਈ ਕੁਝ ਦੇਰ ਬਾਦ ਲੋਕ ਛੋਟੇ ਨੋਟਾਂ ਦੀ ਦੱਥੀ ਕੱਢਦੇ ਤੇ ਝਟਕੇ ਨਾਲ ਹਵਾ ਵਿਚ ਉਡਾ ਦਿੰਦੇ। ਰੁਪਏ ਦੇ ਨੋਟਾਂ ਦੀ ਸਾਰੇ ਕਮਰੇ ਵਿਚ ਵਰਖਾ ਹੋ ਰਹੀ ਸੀ। ਕਈ ਵਾਰੀ ਲੋਕ

ਨੋਟਾਂ ਦੀ ਦੱਥੀ ਕੱਢਦੇ ਅਤੇ ਕਿਸੇ ਦੇ ਸਿਰ ਉੱਤੇ ਇਕ-ਇਕ ਕਰਕੇ ਸੁੱਟਦੇ। ਜਿਵੇਂ ਕਿ ਦਸਤੂਰ ਏ ਇਹ ਸਾਰਾ ਪੈਸਾ ਪੱਪ ਸੰਗੀਤ ਵਾਲੇ ਨੂੰ ਜਾਣਾ ਸੀ।

ਜਸ਼ਨ ਚੱਲਦਾ ਰਿਹਾ ਤੇ ਰਾਤ ਨੂੰ ਇਕ ਵਜੇ ਦੇ ਕਰੀਬ ਹੋਰ ਮਹਿਮਾਨਾਂ ਦਾ ਹੜ੍ਹ ਆ ਗਿਆ, ਉਨ੍ਹਾਂ ਔਰਤਾਂ ਦਾ ਜੋ ਗਿਆਰਾਂ ਤੋਂ ਇਕ ਵਜੇ ਤਕ ਅਪਣੇ ਆਫੀਸ ਵਿਚ ਸਨ। ਚੰਦਾ ਨੇ ਉਨ੍ਹਾਂ ਨੂੰ ਖੁਸ਼ਾਮਦੀਦ ਕਿਹਾ ਅਤੇ ਸ਼ਿਕਾਇਤ ਕੀਤੀ, 'ਤੁਸੀਂ ਕੰਜੂਸਣੀਉਂ, ਤੁਸੀਂ ਮੇਰੇ ਲਈ ਇਕ ਦਿਨ ਦਾ ਕੰਮ ਵੀ ਨਹੀਂ ਛੱਡ ਸਕੀਆਂ? ਮੇਰੀਆਂ ਅਸਲੀ ਸਹੇਲੀਆਂ ਨੇ ਤਾਂ ਅੱਜ ਅਪਣੇ ਕੋਠੇ ਹੀ ਨਹੀਂ ਖੋਲ੍ਹੇ' ਕਈ ਔਰਤਾਂ ਨੇ ਛਿੱਥੀਆਂ ਪੈ ਕੇ ਮਾਫੀ ਮੰਗੀ, ਜਦਕਿ ਕੁਝ ਉੱਚੀ ਸਾਰੀ ਬੋਲ ਪਈਆਂ,' ਪਰ ਅਸੀਂ ਤੇਰੇ ਜਿੰਨੀਆਂ ਅਮੀਰ ਤਾਂ ਨਹੀਂ ਨਾਂਹ!' ਮੈਂ ਦੋ ਕੁ ਵਜੇ ਤੱਕ ਰੁਕੀ। ਗਾਉਣਾ, ਨੱਚਣਾ ਅਤੇ ਨੋਟਾਂ ਦੀ ਬਰਸਾਤ ਇਕ ਪਲ ਲਈ ਵੀ ਨਹੀਂ ਰੁਕੀ। ਉਸਤਾਦ ਸਦੀਕ ਨੇ ਦੱਸਿਆ ਕਿ ਉਹ ਥੋੜ੍ਹੀ ਦੇਰ ਬਾਦ ਰੋਟੀ ਲਈ ਸਮਾਂ ਕੱਢਣਗੇ ਪਰ ਮੈਂ ਉਹਨੂੰ ਦੱਸਿਆ ਕਿ ਰੋਟੀ ਵਿਚ ਮੇਰੀ ਕੋਈ ਦਿਲਚਸਪੀ ਨਹੀਂ। ਜੋ ਮੈਂ ਦੇਖਣ ਆਈ ਸੀ ਦੇਖ ਲਿਆ।

ਕੁਝ ਦਿਨ ਬਾਦ ਮੈਂ ਚੰਦਾ ਕੋਲ ਉਹ ਦਾ ਸ਼ੁਕਰੀਆ ਕਰਨ ਗਈ ਕਿ ਉਹਨੇ ਮੈਨੂੰ ਪਾਰਟੀ ਤੇ ਸੱਦਿਆ। ਅਸੀਂ ਖਾਸੀ ਦੇਰ ਗੱਲਾਂ ਕਰਦੇ ਰਹੇ। ਉਹ ਦੀ ਮਾਂ ਬਾਹਰ ਗਈ ਹੋਈ ਸੀ ਤੇ ਉਹਦੀ ਭੈਣ ਉਸੇ ਸੰਸਦ ਮੈਂਬਰ ਨਾਲ ਬਾਹਰ ਜਾਣ ਦੀ ਤਿਆਰੀ ਕਰ ਰਹੀ ਸੀ। ਇਕ ਮੌਕੇ ਮੈਂ ਜਗਰਾਤੇ ਦੇ ਗਾਇਕ ਦੀ ਬੜੀ ਸ਼ਲਾਘਾ ਕੀਤੀ ਤੇ ਕਿਹਾ ਕਿ ਉਹ ਬਿਲਕੁਲ ਖਾਮ ਕਿਸਮ ਦਾ ਸੀ। ਮੈਨੂੰ ਸੁਣ ਕੇ ਬੜੀ ਹੈਰਾਨੀ ਹੋਈ ਕਿ ਚੰਦਾ ਰੋਣ ਲੱਗ ਪਈ ਅਤੇ ਮੈਂ ਉਹਨੂੰ ਬਥੇਰਾ ਪਸਮਾਇਆ ਪਰ ਉਹ ਦੱਸਣ ਲਈ ਤਿਆਰ ਹੀ ਨਹੀਂ ਹੋਈ ਨਿਕੀ ਗੱਲ ਹੋ ਗਈ ਏ। ਉਹਦੀ ਭੈਣ ਨੇ ਡਰੈਸਿੰਗ ਟੇਬਲ ਤੋਂ ਮੂੰਹ ਭੰਵਾਇਆ ਅਤੇ ਬੇਧਿਆਨੇ ਜਿਹੇ ਬੋਲੀ, 'ਇਹਨੂੰ ਰੋ ਲੈਣ ਦੇ, ਇਹ ਹੋਰ ਕਰ ਵੀ ਕੀ ਸਕਦੀ ਏ? ਉਸ ਮਿਰਾਸੀ ਨਾਲ ਫਸੀ ਹੋਈ ਏ।'

'ਉਹ ਮਿਰਾਸੀ ਨਹੀਂ ਉਹ ਕੰਜਰ ਏ।' ਚੰਦਾ ਚੀਕੀ।

'ਫੇਰ ਤਾਂ ਹੋਰ ਵੀ ਮਾੜੀ ਗੱਲ ਏ, ਇਹਨੂੰ ਦੇਖ ਲੈ ਜ਼ਰਾ ਮੈਨੂੰ ਦੱਸਦੀ ਨੂੰ ! ਇਹ ਗੂੰਹ ਤੇ ਜਾ ਡਿੱਗੀ ਏ। ਕੁੱਤੇ ਦਾ ਹੋਵੇ ਜਾਂ ਘੋੜੇ ਦਾ ਕੀ ਫਰਕ ਪੈਂਦਾ ਏ? ਗੂੰਹ ਤਾਂ ਗੂੰਹ ਹੀ ਏ। ਇਹਨੂੰ ਦਸ ਕਿ ਹੋਸ਼ ਦੀ ਦਵਾ ਕਰੇ, ਫੌਜ਼ੀਆ। ਇਹ ਸਾਡੇ ਸਾਰਿਆਂ ਦਾ ਮੂੰਹ ਕਾਲਾ ਕਰੇਗੀ।' ਉਸ ਝਟਕੇ ਨਾਲ ਮੂੰਹ ਵਾਪਸ ਭੰਵਾਇਆ ਤੇ ਅਪਣਾ ਮੇਕਅੱਪ ਕਰਨ ਲੱਗੀ।

ਹੁਣ ਚੰਦਾ ਉੱਚੀ-ਉੱਚੀ ਸਿਸਕਣ ਲੱਗੀ। ਮੈਂ ਉਹਨੂੰ ਪਾਣੀ ਦਾ ਗਿਲਾਸ ਦਿੱਤਾ ਤਾਂ ਕਿ ਉਹ ਖੁਦ ਨੂੰ ਕਾਬੂ ਵਿਚ ਕਰੇ। ਉਹਨੇ ਕਿਹਾ, 'ਉਹ ਦੇਖਣ ਨੂੰ ਚੰਗਾ ਨਹੀਂ ਸੀ, ਨਹੀਂ?'

'ਹਾਏ! ਉਹ ਦੀ ਭੈਣ ਨੇ ਚੋਭ ਮਾਰੀ ਤੇ ਖਿਝਾਉਣ ਵਾਲਾ ਹਾਸਾ ਹੱਸੀ।

ਚੰਦਾ ਪੁੱਛਣ ਲੱਗੀ, 'ਫੌਜ਼ੀਆ, ਤੂੰ ਅਪਣੇ ਦਿਲ ਤੇ ਕਿਵੇਂ ਕਾਬੂ ਰੱਖਦੀ ਏਂ? ਜੇ ਤੈਨੂੰ ਇਸ਼ਕ ਹੋ ਜਾਵੇ ਤਾਂ ਬੱਸ ਇਸ਼ਕ ਹੋ ਗਿਆ। ਤੂੰ ਕੁੜਤਾ ਦੇਖਿਆ ਏ ਜਿਹੜਾ ਉਹਨੇ ਪਾਇਆ ਹੋਇਆ ਸੀ? ਇਹ ਉਹਦੇ ਲਈ ਮੈਂ ਬਣਵਾਇਆ ਸੀ। ਇਸ ਵਿਚ ਉਹ ਕਿੰਨਾ ਸੋਹਣਾ ਲੱਗਦਾ ਸੀ।'

'ਚੰਦਾ, ਆਖਰ ਤੂੰ ਕਰ ਕੀ ਰਹੀ ਏਂ?' ਮੈਂ ਉਹਦੇ ਨਾਲ ਹਮਦਰਦੀ ਕੀਤੀ।

'ਮੈਂ ਤਾਂ ਸਾਰੀ ਜਿੰਦਗੀ ਉਹਦੀ ਪੂਜਾ ਕਰਾਂਗੀ। ਉਹ ਤਾਂ ਮੇਰਾ ਦੇਵਤਾ ਏ।' ਉਹਨੇ ਹੌਕਾ ਭਰਿਆ।

'ਬਕਵਾਸ ਨਾ ਕਰ.. ਰਾਸ਼ਤੀ ..ਦੇਵਤਾ...ਮੇਰੀ ਜੁੱਤੀ!' ਉਹਦੀ ਭੈਣ ਗੁੱਸੇ ਵਿਚ ਚੀਕੀ।

ਇਸ਼ਕ ਹੋ ਜਾਣਾ ਮਾੜਾ ਏ ਤੇ ਹਮੇਸ਼ਾ ਨਿੰਦਿਆ ਜਾਂਦਾ ਏ; ਅਪਣੀ ਬਿਰਾਦਰੀ ਵਾਲੇ ਨਾਲ ਹੋਇਆ ਇਸ਼ਕ ਵੀ ਉਨਾ ਹੀ ਮਾੜਾ ਏ ਜਿਨਾਂ ਕਿਸੇ ਮਿਰਾਸੀ ਨਾਲ। ਮੈਨੂੰ ਚੰਦਾ ਤੇ ਤਰਸ ਆਇਆ ਤੇ ਮੈਂ ਪੁੱਛਿਆ, 'ਉਹ ਇਹਦੇ ਬਾਰੇ ਕੀ ਕਹਿੰਦਾ ਏ?'

'ਉਹ ਬੇਚਾਰਾ ਕੀ ਕਹੇ!' ਉਹਨੇ ਫੇਰ ਸਿਸਕੀ ਭਰੀ ਤੇ ਹੰਝੂ ਉਸਦੀਆਂ ਅੱਖਾਂ ਵਿਚ ਵਗ ਤੁਰੇ।

ਉਹਦੀ ਭੈਣ ਉੱਠੀ ਤੇ ਸਾਡੇ ਵੱਲ ਮੁੜੀ, 'ਬੇਚਾਰਾ! ਸਭ ਝੂਠ ਏ। ਉਹਨੂੰ ਤਾਂ ਇਸ ਤੋਂ ਖਹਿੜਾ ਛੁਡਾਉਣਾ ਔਖਾ ਹੋ ਰਿਹਾ ਏ। ਇਹੀ ਏ ਜਿਸ ਦਾ ਅਪਣਾ ਦਿਲ ਕਾਬੂ ਵਿਚ ਨਹੀਂ ਰਹਿੰਦਾ।'

'ਨਾ ਕਹਿ ਇਹ, ਬੜਾ ਦੁੱਖ ਹੁੰਦਾ ਏ, ਪਲੀਜ਼!' ਚੰਦਾ ਰੋਂਦੀ ਹੋਈ ਬੋਲੀ।

'ਸਾਡੀ ਮਾਂ ਨੇ ਤਾਂ ਹੁਣ ਤਕ ਇਸ ਦਾ ਗਲ ਘੁੱਟਿਆ ਹੋਣਾ ਸੀ। ਇਹ ਬਚੀ ਹੋਈ ਇਸੇ ਕਰਕੇ ਵੇ ਕਿਉਂਕਿ ਉਹ ਜਾਣਦੀ ਏ ਪਈ ਇਹ ਉਹਨੂੰ ਕੱਢ ਕੇ ਲਿਜਾਣ ਲਈ ਗੰਭੀਰ ਨਹੀਂ ਏ। ਇਹ ਮੇਰੀ ਨਿੱਕੀ ਭੈਣ ਦੇ ਤੇ ਮੈਂ ਇਹਨੂੰ ਪਿਆਰ ਕਰਦੀ ਹਾਂ ਫੌਜੀਆ, ਪਰ ਇਹ ਸਾਰੇ ਟੱਬਰ ਨੂੰ ਅਪਣਾ ਦੁਸ਼ਮਨ ਬਣਾਈ ਫਿਰਦੀ ਏ ਤੇ ਬਿਰਾਦਰੀ ਦੀ ਨੱਕ ਵਢਾ ਰਹੀ ਏ। ਇਹ ਮੇਰੀ ਮਾਂ ਦਾ ਖੂਨ ਜਲਾ ਰਹੀ ਏ ਤੇ ਮਾਂ ਦਿਲ ਦੀ ਮਰੀਜ ਏ ਤੈਨੂੰ ਪਤਾ ਏ। ਕਾਹਦੇ ਲਈ? ਇਕ ਅਜਿਹੇ ਬੰਦੇ ਲਈ ਜੋ ਇਹਦੇ ਤੇ ਥੁੱਕਦਾ ਵੀ ਨਹੀਂ।'

'ਇਹ ਝੂਠ ਏ। ਉਹ ਮੇਰਾ ਧਿਆਨ ਕਰਦਾ ਏ ਤੇ ਸੱਚੀ ਗੱਲ ਤਾਂ ਇਹ ਵੇ ਕਿ ਮੈਂ ਉਹਨੂੰ ਪਿਆਰ ਕਰਦੀ ਹਾਂ। ਮੈਂ ਪਿਆਰ ਕਰਦੀ ਹਾਂ।' ਉਹ ਜੋਰ ਦੀ ਰੋ ਪਈ ਤੇ ਬੈੱਡ ਤੇ ਲੇਟ ਗਈ। 'ਮੈਨੂੰ ਬੜਾ ਦੁੱਖ ਹੁੰਦਾ ਏ ਜਦੋਂ ਇੰਝ ਕਿਹਾ ਜਾਂਦਾ ਏ ਕਿ ਮੈਂ ਉਹਦੇ ਮਗਰ ਨਾ ਫਿਰਾਂ। ਮੈਂ ਉਹਨੂੰ ਨਹੀਂ ਛੱਡ ਸਕਦੀ। ਮੇਰੀ ਮਾਂ ਜਾਂ ਮੇਰਾ ਟੱਬਰ ਕੁਝ ਵੀ ਕਹਿੰਦਾ ਰਹੇ। ਮੈਨੂੰ ਉਹਦੇ ਨਾਲ ਪਿਆਰ ਏ। ਮੈਂ ਮਰ ਜਾਵਾਂਗੀ।'

'ਉਹਦੇ ਲਈ ਮਰਨ ਦੀ ਤਾਂ ਹੀ ਕੋਈ ਲੋੜ ਏ ਜੋ ਤੈਨੂੰ ਪਿਆਰ ਕਰਦਾ ਹੋਵੇ ਜਾਂ ਘੱਟੋ-ਘੱਟ ਤੇਰੇ ਪਿਆਰ ਨੂੰ ਸਮਝਦਾ ਤਾਂ ਹੋਵੇ' ਉਹਦੀ ਭੈਣ ਚੀਕੀ।

'ਤੂੰ ਉਹਨੂੰ ਕਿੰਨੀ ਦੇਰ ਤੋਂ ਜਾਣਦੀ ਏ?' ਮੈਂ ਚੰਦਾ ਨੂੰ ਪੁੱਛਿਆ।

'ਤਿੰਨ ਸਾਲ। ਉਹ ਸ਼ੁਰੂ ਤੋਂ ਹੀ ਮੈਨੂੰ ਪਿਆਰ ਕਰਦਾ ਏ। ਨੌਜਵਾਨ ਏ।'

ਉਹਦੀ ਭੈਣ ਨੇ ਵਿਚੋਂ ਟੋਕਿਆ, 'ਹਾਂ, ਇਹ ਬਾਈ ਸਾਲ ਦੀ ਸੀ ਤੇ ਉਹ ਸਤਾਰਾਂ ਸਾਲ ਦਾ। ਉਹ ਨੌਜਵਾਨ ਸੀ ਤੇ ਇਹਨੇ ਉਸਨੂੰ ਸੈਕਸ ਤੇ ਲਾ ਲਿਆ। ਇਹਨੂੰ ਉਹਦੀ ਮਾਸੂਮੀਅਤ ਚੰਗੀ ਲੱਗੀ ਤੇ ਉਹਨੂੰ ਇਹਦਾ ਤਜ਼ਰਬਾ। ਹੁਣ ਤਜ਼ਰਬਾ ਉਹਨੂੰ ਵੀ ਹੋ ਗਿਆ ਏ। ਦੇਖਣ-ਪਾਖਣ ਨੂੰ ਵੀ ਉਹ ਚੰਗਾ ਏ। ਤੀਵੀਆਂ ਦਾ ਘਾਟਾ ਏ ਉਹਨੂੰ। ਮੇਰਾ ਖਿਆਲ ਨਹੀਂ ਕਿ ਉਹਨੇ ਚੰਦਾ ਨਾਲ ਰਿਸ਼ਤਾ ਇਹ ਸੋਚ ਕੇ ਜੋੜਿਆ ਸੀ ਕਿ ਇਹ ਜੀਵਨ ਭਰ ਦਾ ਸਾਥ ਹੋਵੇਗਾ। ਇਹੀ ਕਾਰਨ ਏ ਕਿ ਸਾਨੂੰ ਅਪਣੀ ਬਿਰਾਦਰੀ ਜਾਂ ਮਿਰਾਸੀ ਬਿਰਾਦਰੀ ਦੇ ਬੰਦੇ ਨਾਲ ਅਜਿਹਾ ਸਬੰਧ ਰੱਖਣ ਦੀ ਮਨਾਹੀ ਏ। ਮੈਂ ਇਹਨੂੰ ਸ਼ੁਰੂ ਤੋਂ ਹੀ ਕਹਿ ਰਹੀ ਹਾਂ। 'ਪਿਆਰੀ', ਮੈਂ ਕਿਹਾ ਸੀ, 'ਇਸ ਸਬੰਧ 'ਤੇ ਬਹੁਤਾ ਨਾ ਟੱਪ। ਇਸ ਦੀ ਮਨਾਹੀ ਏ ਤੇ ਇਹ ਤੈਨੂੰ ਦੁੱਖ ਹੀ ਦੇਵੇਗਾ। ਉਹ ਦਾ

ਆਪਣਾ ਕੈਰੀਅਰ ਏ। ਉਹ ਵੱਡਾ ਗਾਇਕ ਏ। ਉਹ ਕਾਮਯਾਬੀ ਲਈ ਦੂਰ ਸੰਸਾਰ ਵਿਚ ਨਿਕਲਣਾ ਚਾਹੁੰਦਾ ਏ। ਸਾਨੂੰ ਵੀ ਇਹ ਵੇਖਣਾ ਚਾਹੀਦਾ ਏ। ਕਿੰਨੇ ਕੁ ਕੰਜਰ ਹਨ ਜਿਨ੍ਹਾਂ ਕੋਲ ਇਹ ਹੁਨਰ ਏ? ਉਹਦਾ ਹੱਕ ਬਣਦਾ ਏ ਕਿ ਉਹ ਵੀ ਸੰਸਾਰ ਵਿਚ ਅਪਣੀ ਕਿਸਮਤ ਆਜ਼ਮਾਏ।'

'ਮੈਂ ਉਹਦੀ ਹਰ ਤਰ੍ਹਾਂ ਮੱਦਦ ਕਰਾਂਗੀ', ਚੰਦਾ ਬੋਲੀ।

'ਨਹੀਂ, ਚੰਦਾ, ਤੂੰ ਤਾਂ ਉਹਨੂੰ ਪਿੱਛੇ ਖਿੱਚੇਂਗੀ। ਉਹ ਅਪਣੇ ਗਲ ਵਿਚ ਅਪਣੀ ਹੀ ਬਿਰਾਦਰੀ ਦੀ ਇਕ ਪੱਚੀ ਸਾਲ ਦੀ ਤੀਵੀਂ ਨੂੰ ਲਟਕਾ ਕੇ ਕਿਤੇ ਵੀ ਨਹੀਂ ਜਾ ਸਕੇਗਾ। ਮੈਂ ਤੇਰੀ ਭੈਣ ਹਾਂ ਇਸ ਲਈ ਮੈਂ ਤੈਨੂੰ ਸੱਚੀ ਗੱਲ ਕਹਿੰਦੀ ਹਾਂ। ਜੋ ਕੁਝ ਵੀ ਤੁਹਾਡੇ ਦੋਹਾਂ ਵਿਚਕਾਰ ਸੀ ਉਹ ਖਤਮ ਹੋ ਗਿਆ। ਇਹ ਗੱਲ ਉਹ ਤੈਨੂੰ ਕਲ੍ਹ ਫੇਰ ਦੱਸ ਚੁੱਕਾ ਏ। ਕਿੰਨੀ ਵਾਰੀ ਹੋ ਗਈ ਭਲਾ, ਪੰਜਵੀਂ ਵਾਰੀ? ਉਹ ਜੀਵਨ ਵਿਚ ਅੱਗੇ ਵਧਣਾ ਚਾਹੁੰਦਾ ਏ ਤੇ ਤੂੰ ਉਹਦੇ ਪੈਰਾਂ ਦੀ ਜੰਜੀਰ ਬਣ ਗਈ ਏਂ', ਉਹ ਬੋਲੀ।

ਗੱਲ੍ਹਾਂ ਤੇ ਵਗਦੇ ਹੰਝੂਆਂ ਨਾਲ ਚੰਦਾ ਨੇ ਮੇਰੇ ਵੱਲ ਦੇਖਿਆ 'ਮੇਰਾ ਉਸਤਾਦ ਕਹਿੰਦਾ ਹੁੰਦਾ ਸੀ, ਯਾ ਕਿਸੇ ਨੂੰ ਅਪਣਾ ਕਰ ਲਉ ਜਾਂ ਫੇਰ ਆਪ ਕਿਸੇ ਦੇ ਹੋ ਜਾਉ। ਸੱਚੇ ਪਿਆਰ ਦੇ ਇਹੀ ਤਾਂ ਦੋ ਰਾਹ ਨੇ। ਜੇ ਮੈਂ ਉਹਨੂੰ ਅਪਣਾ ਨਹੀਂ ਬਣਾ ਸਕਦੀ ਤਾਂ ਮੈਂ ਉਹਦੀ ਹੋ ਜਾਂਗੀ।'

ਕੁਝ ਮਹੀਨੇ ਬਾਦ ਮੈਂ ਸੁਣਿਆਂ ਕਿ ਉਹ ਸੋਹਣਾ ਗਾਇਕ ਕਿਸੇ ਬੈਂਡ ਨਾਲ ਕੰਮ ਕਰਨ ਲਈ ਕਰਾਚੀ ਚਲਾ ਗਿਆ। ਚੰਦਾ ਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਤੇ ਬਿਰਾਦਰੀ ਵਿਚ ਤੂਫਾਨ ਆ ਗਿਆ। ਉਹਦੇ ਟੱਬਰ ਨੇ ਉਹਨੂੰ ਬਚਾ ਲਿਆ ਅਤੇ ਉਹਦੇ ਅਪਣੇ ਸ਼ਬਦਾਂ ਵਿਚ, 'ਉਹ ਇਕ ਲਾਸ਼ ਵਾਂਗ ਜਿੰਦਾ ਏ', ਹੋਰ ਸਹੇਲੀਆਂ ਨੇ ਮੈਨੂੰ ਦੱਸਿਆ ਕਿ ਅਪਣੇ ਸਦਮੇ ਦੇ ਦੌਰ ਵਿਚੋਂ ਨਿੱਕਲ ਕੇ ਚੰਦਾ ਕੋਲ ਕੋਈ ਅਜੀਬ ਜਿਹੀ ਤਾਕਤ ਆ ਗਈ ਏ। ਮੈਂ ਵੀ ਇਹੀ ਮਹਿਸੂਸ ਕੀਤਾ। ਉਹਦੀਆਂ ਗੱਲਾਂ ਬਹੁਤ ਘਟ ਗਈਆਂ ਪਰ ਹਾਲਾਤ ਨੂੰ ਉਹ ਵਧੇਰੇ ਸਮਝਣ ਲੱਗੀ। ਮੈਂ ਵੀ ਉਹਨੂੰ ਰਾਜ਼ੀ ਹੋਣ ਦਾ ਮੌਕਾ ਦਿੱਤਾ, ਕਦੇ-ਕਦੇ ਜਾਂਦੀ ਰਹੀ, ਬਹੁਤ ਸਾਰੀਆਂ ਚੀਜਾਂ ਬਾਰੇ ਗੱਲਾਂ ਕਰਦੀ ਰਹੀ ਪਰ ਖਾਸ ਤੌਰ ਤੇ ਅਪਣੀਆਂ ਖੋਜਾਂ ਬਾਰੇ ਨਹੀਂ। ਜਦੋਂ ਤਕ ਮੈਂ ਅਪਣੇ ਇਕੱਠੇ ਕੀਤੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨਾ ਸ਼ੁਰੂ ਨਹੀਂ ਕੀਤਾ ਉਦੋਂ ਤਕ ਮੈਂ ਇਸ ਬਾਰੇ ਉਸ ਨਾਲ ਕੋਈ ਗੱਲ ਨਹੀਂ ਛੇੜੀ।

# ਰਜ਼ੀਆ ਤੇ ਸੋਨੀ

ਉਸਤਾਦ ਗਾਮਾਂ ਨੇ ਕਿਹਾ ਕਿ ਉਹ ਸੰਗੀਤ ਦੇ ਸ਼ਾਗਿਰਦਾਂ ਵਾਸਤੇ ਦੁਪਹਿਰ ਦੀ ਰੋਟੀ ਓਧਰ ਕਰੇਗਾ। ਦੋ ਫਿਲਮੀ ਗੀਤਾਂ ਦੀਆਂ ਧੁਨਾਂ ਬਣਾਉਣ ਲਈ ਸੌਦਾ ਹੋਣ ਤੇ ਉਹ ਬੈਠਕ ਵਿਚ ਹਰੇਕ ਨੂੰ ਦਾਅਵਤ ਦੇਣਾ ਚਾਹੁੰਦਾ ਸੀ ਤੇ ਉਹਨੇ ਮੈਨੂੰ ਵੀ ਬੁਲਾਇਆ। ਅਸੀਂ ਦੁਪਹਿਰੇ ਇਕ ਵਜੇ ਦੇ ਕਰੀਬ ਬੈਠਕ ਵਿਚ ਇਕੱਠੇ ਹੋਏ। ਜਾਜੀ, ਅਮਜਦ ਅਤੇ ਹੋਰ ਚਾਰ ਸ਼ਗਿਰਦ ਪਹਿਲਾਂ ਹੀ ਉੱਥੇ ਸਨ। ਉਨ੍ਹਾਂ ਵਿਚੋਂ ਬਹੁਤੇ ਹਾਂ ਉਸਦੀ ਬੈਠਕ ਵਿਚ ਹੀ ਰਹਿੰਦੇ ਸਨ। ਜਦ ਖਾਣ ਅਤੇ ਰਹਿਣ ਦੀ ਗੱਲ ਹੋਏ ਤਾਂ ਇਹ ਉਸਤਾਦ ਬੜੇ ਖੁਲ੍ਹੇ ਦਿਲ ਦੇ ਹੁੰਦੇ ਨੇ। ਕਲਾਕਾਰ ਦੇ ਤੌਰ ਤੇ ਉਸਤਾਦ ਦੀ ਬੜੀ ਸ਼ੋਹਰਤ ਸੀ ਅਤੇ ਉਹ ਬਣਦੇ ਕਲਾਕਾਰਾਂ ਦੀ ਬੜੀ ਮਦਦ ਕਰਦਾ ਸੀ। ਉਹ ਹਮੇਸ਼ਾ ਕਹਿੰਦਾ ਸੀ, 'ਸਾਡਾ ਕੰਮ ਸਖ਼ਤ ਮੇਹਨਤ ਕਰਨਾ ਏ ਤੇ ਰੋਜੀ 'ਉਹਦੇ' ਹੀ ਹੱਥ ਏ।'

ਗਾਮਾ ਦਾ ਇਕ ਦੋਸਤ ਸੀ ਜਿਹੜਾ ਫਿਲਮੀ ਜਗਤ ਵਿਚ ਕਾਮਯਾਬ ਹੋ ਗਿਆ ਸੀ ਤੇ ਉਹਨੂੰ ਵੀ ਲੈ ਜਾਣਾ ਚਾਹੁੰਦਾ ਸੀ। ਉਹਦਾ ਦੋਸਤ ਤਬਲਾ ਵਜਾਉਂਦਾ ਸੀ ਅਤੇ ਇਕ ਖਾਸ ਧੁਨਕਾਰ ਦੇ ਨਾਲ ਕੰਮ ਕਰਦਾ ਸੀ। ਉਹ ਧੁਨਕਾਰ ਇਕ ਮਸ਼ਹੂਰ ਧੁਨਕਾਰ ਦਾ ਪੁੱਤਰ ਸੀ ਇਸ ਕਰਕੇ ਉਸ ਦੇ ਫਿਲਮੀ ਜਗਤ ਵਿਚ ਚੰਗੇ ਸੰਪਰਕ ਸਨ। ਤਬਲਾ ਵਾਦਕ ਉਹ ਨੂੰ ਕਹਿੰਦਾ ਰਿਹਾ ਸੀ ਕਿ ਉਹ ਗਾਮਾ ਨੂੰ ਵੀ ਮੌਕਾ ਦੇਵੇ। ਤਿੰਨ ਸਾਲ ਬਾਦ ਉਹ ਇਸ ਗੱਲ ਵਿਚ ਕਾਮਯਾਬ ਹੋਇਆ ਕਿ ਅਪਣੇ ਬਾਸ ਨੂੰ ਮੰਨਾ ਸਕੇ ਕਿ ਉਹ ਗਾਮਾਂ ਦਾ ਕੰਮ ਦੇਖ ਲਵੇ। ਉਸ ਕੰਪੋਜ਼ਰ ਕੋਲ ਕਈ ਫਿਲਮਾਂ ਹੱਥ ਵਿਚ ਸਨ ਤੇ ਜਦੋਂ ਨਵਾਂ ਕੋਈ ਕੰਮ ਹੱਥ ਵਿਚ ਆਇਆ ਤਾਂ ਉਸਨੇ ਦੋ ਗਾਣੇ ਗਾਮਾਂ ਨੂੰ ਗਾਉਣ ਲਈ ਦੇ ਦਿੱਤੇ ਤਾਂ ਕਿ ਉਹਦੀ ਵੀ ਪਰਖ਼ ਹੋ ਜਾਵੇ। ਤੇ ਗਾਮਾ ਲਈ ਖੁਦ ਨੂੰ ਸਾਬਤ ਕਰਨ ਦਾ ਇਹ ਚੰਗਾ ਮੌਕ਼ਾ ਸੀ।

ਹਵਾ ਵਿਚ ਖਾਣੇ ਦੀ ਸੁਗੰਧ ਫੈਲੀ ਹੋਈ ਸੀ। ਉਸਤਾਦ ਸਭ ਕੁਝ ਆਪ ਬਣਾ ਰਹੇ ਸਨ ਹਾਲਾਂਕਿ ਪਹਿਲਾਂ ਉਸ ਦਾ ਇਕ ਸ਼ਗਿਰਦ ਬਣਾਇਆ ਕਰਦਾ ਸੀ। ਇਹ ਉਹਦੇ ਮਰਦ ਸ਼ਗਿਰਦ ਹੁੰਦੇ ਸਨ। ਕਿਉਂਕਿ ਉਹਦੇ ਇਸਤਰੀ ਸ਼ਗਿਰਦ ਆਮ ਤੌਰ ਤੇ ਰੰਡੀਆਂ ਦੇ ਟੱਬਰਾਂ ਵਿਚੋਂ ਸਨ ਉਹ ਉਨ੍ਹਾਂ ਦੇ ਬਹੁਤਾਂ ਨੇੜੇ ਨਹੀਂ ਸੀ। ਉਹ ਦਾ ਵਿਸ਼ਵਾਸ ਸੀ ਕਿ ਨਾਚੀਆਂ ਨੇ ਸੰਗੀਤ ਨੂੰ ਛੱਡ ਦਿੱਤਾ ਏ ਇਸ ਲਈ ਉਹਦੀ ਆਸ ਭਵਿੱਖ ਲਈ ਮਿਰਾਸੀ ਪਰਿਵਾਰਾਂ ਦੇ ਨੌਜਵਾਨਾਂ ਤੇ ਸੀ।

ਉਸਤਾਦ ਗਾਮਾ ਅਪਣੀ ਬੈਠਕ ਦੇ ਦਰਵਾਜੇ ਤੇ ਆਇਆ ਜਿੱਥੇ ਮੈਂ ਜਾਜੀ ਤੇ ਅਮਜਦ ਨਾਲ ਗੱਪਾਂ ਮਾਰਨ ਵਿਚ ਲੱਗੀ ਹੋਈ ਸੀ। ਜਾਜੀ ਖਿਝੀ ਵੀ ਜਾ ਰਿਹਾ ਸੀ ਤੇ ਪੁਲਿਸ ਬਾਰੇ ਲਤੀਫੇ ਵੀ ਛੱਡ ਰਿਹਾ ਸੀ। ਉਹ ਮੈਨੂੰ ਪੁਲਿਸ ਦੇ ਤਾਜੇ ਸੌਦਿਆਂ ਬਾਰੇ ਦੱਸ ਰਿਹਾ ਸੀ ਜੋ ਉਸ ਨੇ ਕੁਝ ਪਰਿਵਾਰਾਂ ਨਾਲ ਰਿਸ਼ਵਤ ਦੇ ਇਵਜ਼ ਵਿਚ ਘੱਟ ਪ੍ਰੇਸ਼ਾਨ ਕਰਨ ਦੇ ਕੀਤੇ ਸਨ। ਉਹਦੀਆਂ ਕਹਾਣੀਆਂ ਤੋਂ ਮੈਨੂੰ ਖੋਜ ਲਈ ਕਾਫੀ ਮਸਾਲਾ ਮਿਲ ਜਾਂਦਾ ਏ। ਪਰ ਜਿਵੇਂ ਉਹ ਹਰ ਗੱਲ ਹੀ

ਮਜਾਕ ਵਿਚ ਕਹਿਣ ਦਾ ਆਦੀ ਏ ਉਸ ਤੋਂ ਮੈਨੂੰ ਪਤਾ ਹੀ ਨਹੀਂ ਲੱਗਦਾ ਕਿ ਕਿਸ ਗੱਲ ਨੂੰ ਗੰਭੀਰਤਾ ਨਾਲ ਲਿਆ ਜਾਵੇ। ਮੈਂ ਇਹ ਵੀ ਦੇਖਿਆ ਕਿ ਜਦ ਮੈਂ ਟੂਬਾ ਬਾਰੇ ਪੁੱਛਿਆ ਤਾਂ ਉਹ ਕਾਫੀ ਗੰਭੀਰ ਹੋ ਗਿਆ ਪਰ ਫੇਰ ਤੁਰਤ ਹੀ ਗੱਲ ਬਦਲ ਲਈ। ਬਾਦ ਵਿਚ ਮੈਂ ਉਹਨੂੰ ਸਿੱਧਾ ਪੁੱਛ ਹੀ ਲਿਆ, 'ਟੂਬਾ ਇੱਥੇ ਕਿਉਂ ਨਹੀਂ? ਉਹ ਤਾਂ ਉਸਤਾਦ ਦਾ ਬੜਾ ਪਿਆਰਾ ਸ਼ਾਗਿਰਦ ਸੀ, ਹੈ ਕਿ ਨਹੀਂ?'

ਜਾਜੀ ਨੇ ਕਿਹਾ, 'ਉਹ ਸ਼ਹਿਰੋਂ ਬਾਹਰ ਗਿਆ ਹੋਇਆ ਏ। ਪਰ ਇਹ ਨਾ ਮੈਥੋਂ ਪੁੱਛੀ ਕਿ ਕਿਉਂ। ਉਹ ਮੇਰਾ ਯਾਰ ਏ ਤੇ ਮੈਂ ਉਹਦੀ ਕੋਈ ਗੱਲ ਨਹੀਂ ਦਸ ਸਕਦਾ, ਠੀਕ!'

ਉਹਦਾ ਗਿਆ ਹੋਣਾ ਮੇਰੀ ਸੰਤੁਸ਼ਟੀ ਲਈ ਠੀਕ ਕਾਰਨ ਸੀ। ਮੈਂ ਪੁੱਛਿਆ ਵੀ ਨਾਂ ਕਿ ਕਿਉਂ ਗਿਆ ਏ। ਉਹ ਪੰਜਾਬ ਦੇ ਵੱਖੋ-ਵੱਖਰੇ ਸ਼ਹਿਰਾਂ ਵਿਚ ਅਕਸਰ ਹੀ ਘੁੰਮਦੇ-ਫਿਰਦੇ ਰਹਿੰਦੇ ਨੇ।

ਜਾਜੀ ਨੇ ਮੈਨੂੰ ਪੁੱਛਿਆ ਕਿ ਮੈਂ ਇਕ ਵਾਰੀ ਇਕ ਸਾਜ਼ਿੰਦੇ ਤੋਂ ਹਿਜੜਿਆਂ ਬਾਰੇ ਪੁੱਛਿਆ ਸੀ। ਉਹਨੂੰ ਇਹ ਗੱਲ ਬੜੀ ਹਾਸੋ-ਹੀਣੀ ਲੱਗੀ ਸੀ। 'ਤੇਰੀ ਖੋਜ ਦਾ ਸਬੰਧ ਤਾਂ ਸੰਗੀਤ ਨਾਲ ਏ, ਠੀਕ, ਇਸ ਨਾਲ ਫੇਰ ਹਿਜੜਿਆਂ ਦਾ ਕੀ ਸਾਥ ਹੋਇਆ?'

ਜਿਹੜੇ ਨਾਲ ਬੈਠੇ ਸੀ ਉਹ ਵੀ ਹੱਸ ਪਏ, ਤੇ ਕੋਈ ਚੀਕਿਆ, 'ਕਿਉਂਕਿ ਸਾਡੇ ਵਿਚੋਂ ਕੁਝ ਹਿਜੜਿਆਂ ਵਰਗੇ ਹਨ।' ਕਮਰੇ ਵਿਚ ਉੱਚਾ ਹਾਸਾ ਗੂੰਜ ਗਿਆ।

ਇਸ ਤੋਂ ਪਹਿਲਾਂ ਕਿ ਉਹ ਹਿਜੜਿਆਂ ਬਾਰੇ ਨੰਗੇ-ਚਿੱਟੇ ਲਤੀਫੇ ਸੁਣਾਉਣ ਲੱਗਦੇ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਕਰ ਕੀ ਰਹੀ ਹਾਂ। 'ਮੇਰੀ ਖੋਜ ਇਸ ਇਲਾਕੇ ਬਾਰੇ ਵੇ ਅਤੇ ਉਨ੍ਹਾਂ ਲੋਕਾਂ ਬਾਰੇ ਵੇ ਜੋ ਇਥੇ ਰਹਿੰਦੇ ਨੇ। ਇਨ੍ਹਾਂ ਵਿਚੋਂ ਬਹੁਤੇ ਕੰਜਰ ਜਾਂ ਹੋਰ ਲੋਕ ਜਿਸਮ ਫਰੋਸ਼ੀ ਦੇ ਧੰਦੇ ਵਿਚ ਨੇ। ਇਨ੍ਹਾਂ ਵਿਚ ਮਿਰਾਸੀ ਨੇ, ਤੁਹਾਡੇ ਵਰਗੇ ਸਾਜ਼ਿੰਦੇ ਨੇ ਅਤੇ ਹੋਰ ਕਾਰੋਬਾਰੀ ਲੋਕ ਨੇ ਜਿਨ੍ਹਾਂ ਦੀਆਂ ਬਾਜ਼ਾਰ ਵਿਚ ਦੁਕਾਨਾਂ ਨੇ। ਇਸ ਸਭ ਦੇ ਨਾਲ-ਨਾਲ ਤੁਹਾਡੀ ਬਿਰਾਦਰੀ ਦਾ ਹਿੱਸਾ ਕੁਝ ਵੱਸੋਂ ਹਿਜੜਿਆਂ ਦੀ ਵੀ ਏ। ਤੁਸੀਂ ਇਸ ਨੂੰ ਮੰਨਦੇ ਹੋਵੋ ਭਾਵੇਂ ਨਾ ਪਰ ਉਹ ਹਿੱਸਾ ਤਾਂ ਤੁਹਾਡਾ ਹੀ ਨੇ ਨਾ।'

ਉਸਤਾਦ ਗਾਮਾ ਮੇਰੀ ਗੱਲ ਦੂਜੇ ਕਮਰੇ ਵਿਚ ਬੈਠਾ ਸੁਣ ਰਿਹਾ ਸੀ, ਉਹ ਉੱਥੋਂ ਹੀ ਉੱਚੀ ਸਾਰੀ ਬੋਲਿਆ, 'ਤੂੰ ਗੰਭੀਰਤਾ ਨਾਲ ਕਹਿ ਰਹੀ ਏ, ਤੂੰ ਉਨ੍ਹਾਂ ਦਾ ਖੋਜ ਅਧਿਐਨ ਵੀ ਕਰ ਰਹੀ ਏਂ?' ਮੇਰੇ ਜਵਾਬ ਦੇਣ ਤੋਂ ਪਹਿਲਾਂ ਹੀ ਉਹ ਲੱਕੜ ਦਾ ਚਮਚਾ ਫੜੀ ਬੂਹੇ ਤੇ ਆਇਆ ਤੇ ਹੈਰਾਨੀ ਨਾਲ ਮੇਰੇ ਵੱਲ ਦੇਖਣ ਲੱਗਾ।

'ਹਾਂ, ਕਰਨਾ ਹੀ ਸੀ', ਮੈਂ ਬੋਲੀ, 'ਉਹ ਵੀ ਤਾਂ ਇੱਥੇ ਰਹਿੰਦੇ ਨੇ ਪਰ ਮੈਂ ਇਨ੍ਹਾਂ ਬਾਰੇ ਪੂਰੀ ਖੋਜ ਨਹੀਂ ਸੋਚੀ ਕਿਉਂਕਿ ਇਨ੍ਹਾਂ ਦਾ ਸਿਸਟਮ ਅਤੇ ਸਮਾਜਕ ਦਰਜੇਬੰਦੀ ਬੜੀ ਗੁੰਝਲਦਾਰ ਏ ਜਿਸ ਲਈ ਇਕ ਪੂਰੀ ਵੱਖਰੀ ਖੋਜ ਦੀ ਲੋੜ ਏ। ਬੱਸ ਉਪਰੋਂ-ਉਪਰੋਂ ਦੇਖ ਕੇ ਮਾੜੀ-ਮੋਟੀ ਜਾਣਕਾਰੀ ਹਾਸਲ ਕਰਨੀ ਉਨ੍ਹਾਂ ਨਾਲ ਇਨਸਾਫ ਨਹੀਂ ਕਰੇਗੀ।'

ਗੱਲਬਾਤ ਇੱਥੇ ਹੀ ਮੁੱਕ ਗਈ ਕਿਉਂਕਿ ਦੋ ਸ਼ਾਗਿਰਦ ਮੁੰਡਿਆਂ ਨੇ ਫਰਸ਼ ਤੇ ਨੀਲਾ-ਚਿੱਟਾ ਚਾਰਖਾਨੇ ਦਾ ਪਲਾਸਟਿਕ ਦਾ ਕੱਪੜਾ ਵਿਛਾ ਕੇ ਹਰੇਕ ਦੇ ਸਾਮ੍ਹਣੇ ਪਲਾਸਟਿਕ ਦੀਆਂ ਪਲੇਟਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਸੀ। ਉਹ ਦੋ ਗਿਲਾਸ ਤੇ ਕੁਝ ਅਲਮੋਨੀਅਮ ਦੇ ਕੱਪ ਲਿਆਏ। ਮੈਨੂੰ ਪਤਾ ਸੀ ਗਲਾਸ ਮੇਰੇ ਤੇ ਉਸਤਾਦ ਲਈ ਸਨ ਅਤੇ ਬਾਕੀ ਸਾਰੇ ਅਲਮੋਨੀਅਮ

ਦੇ ਕੱਪ ਲੈਣਗੇ। ਇਕ ਜਣੇ ਨੇ ਟਿਸ਼ੂ ਪੇਪਰ ਵਿਚ ਲਪੇਟੀ ਹੋਈ ਕੋਕ ਦੀ ਬੋਤਲ ਮੇਰੇ ਸਾਮ੍ਹਣੇ ਰੱਖ ਦਿੱਤੀ ਅਤੇ ਦੂਜੇ ਨੇ ਮੇਰੇ ਸਾਮ੍ਹਣੇ ਰੋਟੀਆਂ ਰੱਖ ਦਿੱਤੀਆਂ। ਸਾਰੇ ਬੈਠੇ ਉਸਤਾਦ ਦੀ ਇੰਤਜ਼ਾਰ ਕਰ ਰਹੇ ਸੀ ਤਾਂ ਕਿ ਉਹ ਦੱਸੇ ਕਿ ਉਹਨੇ ਸਬਜ਼ੀ ਬਣਾ ਲਈ ਏ। ਕੁਝ ਦੇਰ ਮਗਰੋਂ ਸ਼ਾਗਿਰਦਾਂ ਨੇ ਮਜਾਕ ਸ਼ੁਰੂ ਕਰ ਦਿੱਤਾ ਕਿ ਉਸਤਾਦ ਦੀ ਮੁਰਗੀ ਤਾਂ ਜਲ ਗਈ ਏ ਤੇ ਉਹ ਦੁਬਾਰਾ ਪਤੀਲਾ ਧਰਦਾ ਪਿਆ ਹੋਣਾ ਏ। ਦੂਜਾ ਕਹਿਣ ਲੱਗਾ ਕਿ ਦਰਅਸਲ ਉਹਨੇ ਕਿਸੇ ਨੂੰ ਫਾਜਾ ਢਾਬੇ ਤੇ ਭੇਜਿਆ ਹੋਇਆ ਹੋਣਾ ਏ ਤਾਂ ਕਿ ਤਰੀ ਅਪਣੇ ਭਾਂਡੇ ਵਿਚ ਪਾ ਕੇ ਲੈ ਆਵੇ। ਉਸੇ ਵੇਲੇ ਉਸਤਾਦ ਇਕ ਵੱਡੇ ਜਿਹੇ ਪਤੀਲੇ ਨੂੰ ਹੱਥ ਵਿਚ ਫੜੀ ਬਾਹਰ ਆਇਆ ਤੇ ਬੋਲਿਆ, ''ਬਕਵਾਸ ਕਰਨ ਤੋਂ ਬਾਜ਼ ਨਾ ਆਉਣਾ।'' ਹਰ ਕੋਈ ਖੁਸ਼ੀ ਨਾਲ ਚੀਕਣ ਲੱਗਾ।

ਉਸਤਾਦ ਨੇ ਤਰੀਦਾਰ ਮੁਰਗੇ ਦਾ ਭਾਂਡਾ ਵਿਚਕਾਰ ਰੱਖਿਆ ਤੇ ਮੈਨੂੰ ਵੀ ਖਾਣਾ ਸ਼ੁਰੂ ਕਰਨ ਲਈ ਕਿਹਾ। ਉਸਤਾਦ ਬੋਲਿਆ, 'ਇਹ ਦੇਸੀ ਮੁਰਗਾ ਏ। ਇਹ ਦਾ ਸਵਾਦ ਉਸ ਨਾਲੋਂ ਵਖਰਾ ਹੁੰਦਾ ਏ ਜੋ ਸਵਾਹ-ਖੇਹ ਸ਼ਹਿਰੀ ਖਾਂਦੇ ਨੇ, ਉਹ ਵਲੈਤੀ ਕੁੱਕੜੀ।' ਮਿਰਾਸੀਆਂ ਦਾ ਸਵਾਦ ਰਵਾਇਤੀ ਭੋਜਨ ਲਈ ਮਸ਼ਹੂਰ ਏ ਤੇ ਉਨ੍ਹਾਂ ਦਾ ਇਹ ਸਵਾਦ ਬੜਾ ਖਾਸ ਹੁੰਦਾ ਏ। ਉਹ ਦੇਸੀ ਆਂਡੇ, ਦੇਸੀ ਮੁਰਗਾ ਤੇ ਦੇਸੀ ਘੀ ਪਸੰਦ ਕਰਦੇ ਨੇ। ਜਦ ਉਹ ਸ਼ਹਿਰ ਤੋਂ ਬਾਹਰ ਜਾਂਦੇ ਨੇ ਤਾਂ ਬਹੁਤ ਸਾਰੇ ਉੱਚ ਪੱਧਰ ਦੇ ਗਾਇਕ ਅਪਣੇ ਮੀਜ਼ਬਾਨਾਂ ਨੂੰ ਅਪਣੀਆਂ ਖਾਸ ਤਰ੍ਹਾਂ ਦੇ ਖਾਣੇ ਦੀਆਂ ਮੰਗਾਂ ਨਾਲ ਤੰਗ ਕਰ ਲੈਂਦੇ ਨੇ। ਅਪਣੇ ਘਰਾਂ ਵਿਚ ਉਹ ਇਹ ਗੱਲ ਪੱਕੀ ਰੱਖਦੇ ਨੇ ਕਿ ਉਨ੍ਹਾਂ ਦੇ ਨੌਕਰ ਆਮ ਮੁਰਗਾ ਜਾਂ ਆਂਡੇ ਨਾ ਖਰੀਦਣ ਜੋ ਮਾਰਕਿਟ ਵਿਚ ਮਿਲਦੇ ਨੇ।

ਸਾਰੇ ਖਾਣ ਲਈ ਟੁੱਟ ਕੇ ਪੈ ਗਏ ਤਾਂ ਮੈਂ ਪੁੱਛਿਆ, 'ਉਸਤਾਦ ਜੀ, ਤੁਸੀਂ ਪਮੀ ਤੇ ਰਜ਼ੀਆ ਨੂੰ ਕਿਉਂ ਨਹੀਂ ਸੱਦਿਆ। ਉਹ ਵੀ ਤਾਂ ਤੁਹਾਡੀਆਂ ਸ਼ਾਗਿਰਦ ਨੇ।' ਮੂੰਹ ਫਾੜ ਕੇ ਹੱਸਦਾ ਹੋਇਆ ਉਸਤਾਦ ਅਚਾਨਕ ਗੰਭੀਰ ਹੋ ਗਿਆ। ਸਾਰੇ ਹੀ ਰੋਟੀ ਖਾਣੀ ਛੱਡ ਕੇ ਮੇਰੇ ਵੱਲ ਤੱਕਣ ਲੱਗੇ। ਮੈਨੂੰ ਲੱਗਾ ਜਿਵੇਂ ਮੈਂ ਕੋਈ ਗਲਤ ਗੱਲ ਕਹਿ ਦਿੱਤੀ ਏ, ਪਰ ਸਮਝ ਨਹੀਂ ਆ ਰਹੀ ਸੀ ਕੀ, ਮੈਂ ਛਿੱਥੀ ਜਿਹੀ ਪੈ ਕੇ ਮੁਸਕੁਰਾਈ ਤੇ ਕਿਹਾ, 'ਜਾਂ ਕਿ ਇਹ ਸਿਰਫ ਤੁਹਾਡੇ ਮਰਦ ਸ਼ਾਗਿਰਦਾਂ ਲਈ ਸੀ।'

ਉਨ੍ਹਾਂ ਨੇ ਇਕ ਦੂਜੇ ਵੱਲ ਦੇਖਿਆ। ਉਸਤਾਦ ਨੇ ਜਾਜੀ ਨਾਲ ਨਿਗਾਹ ਮਿਲਾਈ ਅਤੇ ਫੇਰ ਮੇਰੇ ਵੱਲ ਦੇਖ ਕੇ ਬੋਲਿਆ, 'ਤੈਨੂੰ ਰਜ਼ੀਆ ਬਾਰੇ ਪਤਾ ਨਹੀਂ?'

'ਮੈਂ ਤਾਂ ਸਿੱਧੀ ਇਸਲਾਮਾਬਾਦ ਤੋਂ ਤੇਰੀ ਬੈਠਕ ਤੇ ਹੀ ਆ ਰਹੀ ਹਾਂ', ਮੈਂ ਜਵਾਬ ਦਿੱਤਾ। ਮੈਂ ਹੋਰ ਕਿਸੇ ਨੂੰ ਅਜੇ ਮਿਲੀ ਹੀ ਨਹੀਂ। ਪਰ ਹੋਇਆ ਕੀ?'

ਉਨ੍ਹਾਂ ਦੇ ਚਿਹਰੇ ਦੇ ਪ੍ਰਭਾਵ ਮੈਨੂੰ ਫਿਕਰ ਮੰਦ ਕਰ ਰਹੇ ਸਨ ਪਰ ਮੈਂ ਕਿਸੇ ਵੀ ਮਾੜੀ ਚੀਜ਼ ਬਾਰੇ ਨਹੀਂ ਸੋਚ ਸਕਦੀ ਸੀ ਜੋ ਉਸ ਨਾਲ ਵਾਪਰੀ ਹੋਵੇ। ਮੈਂ ਜ਼ੋਰ ਦੇ ਕੇ ਕਿਹਾ, 'ਕੀ ਤੁਸੀਂ ਮੈਨੂੰ ਦੱਸਣ ਦੀ ਖੇਚਲ ਕਰੋਗੇ ਕਿ ਹੋਇਆ ਕੀ ਏ?'

ਉਸਤਾਦ ਬੋਲਿਆ, 'ਪਮੀ ਦਾ ਬਾਪ ਰਜ਼ੀਆ ਦੇ ਨਿਕਾਹ ਦਾ ਇੰਤਜਾਮ ਕਰ ਰਿਹਾ ਸੀ...'

'ਹਾਂ ਮੈਨੂੰ ਪਤਾ ਏ ਅਤੇ ਇਹ ਵੀ ਕਿ ਉਹਦੀ ਮਾਂ ਉਸ ਸੌਦੇ ਨਾਲ ਖੁਸ਼ ਨਹੀਂ ਸੀ ਜੋ ਉਹ ਕਰਵਾ ਰਿਹਾ ਸੀ, ਪਰ ਫੇਰ ਕੀ ਹੋਇਆ?'

ਉਸਤਾਦ ਨੇ ਅਪਣਾ ਸਿਰ ਨੀਚੇ ਕੀਤਾ ਤੇ ਬੋਲਿਆ, 'ਰਜ਼ੀਆ ਦੋ ਦਿਨ ਪਹਿਲਾਂ ਰੂਬਾ ਨਾਲ ਭੱਜ ਗਈ ਤੇ. . ਤੇ... ਪਿਛਲੀ ਰਾਤ ਪਮੀ ਦੇ ਬਾਪ ਨੇ ਸੋਨੀ ਦਾ ਕੁਆਰਪਣ ਉਸ ਗਾਹਕ ਨੂੰ ਵੇਚ ਦਿੱਤਾ ਜਿਸ ਨੂੰ ਉਹ ਰਜ਼ੀਆ ਲਈ ਤਿਆਰ ਕਰ ਰਿਹਾ ਸੀ।'

'ਕੀ!' ਮੈਂ ਚੀਖੀ', ਪਰ ਸੋਨੀ ਤਾਂ ਸਿਰਫ... ਸਿਰਫ...।'

'ਹਾਂ, ਉਹ ਅਜੇ ਦਸ ਸਾਲ ਦੀ ਸੀ ਤੇ ਮੁਟਿਆਰ ਨਹੀਂ ਹੋਈ ਸੀ ਪਰ ਉਸ ਕੁੱਤੀ ਦੇ ਪੁੱਤ ਨੂੰ ਨਸ਼ੇ ਲਈ ਪੈਸੇ ਚਾਹੀਦੇ ਸੀ। ਉਹਨੇ ਅਪਣੀ ਨਿਆਣੀ ਕੁੜੀ ਦੀ ਪਹਿਲੀ ਰਾਤ ਸਿਰਫ ਦਸ ਹਜਾਰ ਰੁਪਏ ਵਿਚ ਵੇਚ ਦਿੱਤੀ।'

ਸਾਰਿਆਂ ਨੇ ਖਾਣਾ ਛੱਡ ਦਿੱਤਾ, ਉਸਤਾਦ ਸਿਰ ਹੇਠਾਂ ਕਰਕੇ ਬਹਿ ਗਿਆ। ਉਹ ਫੇਰ ਬੋਲਿਆ, 'ਮੈਨੂੰ ਬੜਾ ਅਫਸੋਸ ਹੋਇਆ, ਸੋਨੀ ਵਿਚ ਕਮਾਲ ਦੀ ਕਲਾ ਸੀ। ਜੇ ਉਹ ਹੋਰ ਧੀਰਜ ਰੱਖਦਾ ਤਾਂ ਸੋਨੀ ਨੇ ਉਹਦੇ ਲਈ ਬੜਾ ਕੁਝ ਕਮਾ ਦੇਣਾ ਸੀ। ਫਿਲਮਾਂ ਵਿਚ ਵੀ ਉਹਨੂੰ ਚੰਗਾ ਮੌਕਾ ਮਿਲ ਸਕਦਾ ਸੀ। ਜੇ ਨੱਥ ਲਈ ਹੀ ਉਹ ਚਾਹੁੰਦਾ ਤਾਂ ਇਸ ਤੋਂ ਤਿੰਨ ਗੁਣਾਂ ਮਿਲ ਸਕਦਾ ਸੀ ਪਰ ਉਹ ਨੇ ਫੁੱਲ ਖਿੜਨ ਹੀ ਨਾ ਦਿੱਤਾ।'

'ਉਹਦੀ ਮਾਂ ਨੇ ਇਹ ਕਿਵੇਂ ਹੋਣ ਦੇ ਦਿੱਤਾ', ਮੈਂ ਰੋਣ ਹਾਕੀ ਜਿਹੀ ਨੇ ਕਿਹਾ।

ਉਸਤਾਦ ਬੋਲਿਆ, 'ਉਹ ਦੀ ਤਾਕਤ ਤਾਂ ਗਵਾਂਢੀਆਂ ਵਾਸਤੇ ਹੀ ਏ, ਉਨ੍ਹਾਂ ਨਾਲ ਲੜਦੀ ਰਹਿੰਦੀ ਏ ਜਿਵੇਂ ਪਿੰਜਰੇ ਦਾ ਸ਼ੇਰ। ਉਹਨੇ ਅਪਣੇ ਹੱਥ ਵੱਢ ਕੇ ਤਾਂ ਉਸ ਦੱਲੇ ਨੂੰ ਦੇ ਰੱਖੇ ਨੇ। ਹੁਣ ਕੁੱਤੇ ਦਾ ਮੌਜਾਂ ਕਰਦਾ ਏ। ਇਹ ਹੁੰਦਾ ਏ ਜਦੋਂ ਦੱਲੇ ਪ੍ਰਬੰਧ ਸੰਭਾਲ ਲੈਣ। ਇਹ ਬੁੱਚੜ ਤਾਂ ਸਿਰਫ ਪੈਸਾ ਹੀ ਦੇਖਦੇ ਨੇ। ਉਨ੍ਹਾਂ ਨੂੰ ਦੂਰ ਦੀ ਚੀਜ਼ ਨਹੀਂ ਦਿਸਦੀ। ਉਹਨੇ ਸੋਨੀ ਨਾਲ ਬੜਾ ਮਾੜਾ ਕੀਤਾ, ਪਰਿਵਾਰ ਨਾਲ ਵੀ ਤੇ ਖੁਦ ਅਪਣੇ ਨਾਲ ਵੀ।' 'ਰੂਬਾ ਦਾ ਕੀ ਬਣਿਆ?' ਮੈਂ ਪੁੱਛਿਆ।

'ਰਜ਼ੀਆ ਦੇ ਬਾਪ ਨੇ ਥਾਣੇ ਵਿਚ ਰਪਟ ਕਰ ਦਿੱਤੀ ਏ ਤੇ ਪੁਲਿਸ ਉਹਨੂੰ ਭਾਲ ਰਹੀ ਏ। ਮੈਨੂੰ ਰੂਬਾ ਤੋਂ ਬੜੀ ਸ਼ਰਮਿੰਦਗੀ ਏ। ਉਹਨੂੰ ਇਹ ਨਹੀਂ ਸੀ ਕਰਨਾ ਚਾਹੀਦਾ। ਉਹਨੇ ਖੁਦ ਨੂੰ ਅਤੇ ਰਜ਼ੀਆ ਨੂੰ ਖਤਰੇ ਵਿਚ ਪਾ ਲਿਆ ਏ। ਤੇਰਾ ਕੀ ਖਿਆਲ ਏ ਜੇ ਪੁਲਿਸ ਨੇ ਉਹਨੂੰ ਫੜ ਲਿਆ ਤਾਂ ਇਹ ਭੇੜੀਏ ਉਸ ਕੁੜੀ ਨੂੰ ਛੱਡ ਦੇਣਗੇ? ਬਿਲਕੁਲ ਨਹੀਂ! ਪਹਿਲਾ ਉਹ ਆਪਣਾ ਸਵਾਦ ਲੈਣਗੇ ਤੇ ਫੇਰ ਉਹਨੂੰ ਛੱਡਣ ਲਈ ਰਜ਼ੀਆ ਦੇ ਬਾਪ ਤੋਂ ਰਿਸ਼ਵਤ ਲੈਣਗੇ ਅਤੇ ਰੂਬਾ ਨੂੰ ਇਸ ਘੜਮੱਸ ਵਿਚੋਂ ਕੱਢਣ ਦੇ ਉਹਦੇ ਘਰਦਿਆਂ ਤੋਂ ਪੈਸੇ ਮੰਗਣਗੇ। ਫੇਰ ਕਿਤੇ ਜਾ ਕੇ ਇਹ ਮਾਮਲਾ ਦਬਣ ਦੇਣਗੇ।'

'ਤੇਰਾ ਕੀ ਖਿਆਲ ਏ ਉਹ ਫੜੇ ਜਾਣਗੇ?'

'ਮੇਰਾ ਖਿਆਲ ਤਾਂ ਨਹੀਂ', ਉਸਤਾਦ ਨੇ ਅਪਣਾ ਸਿਰ ਉਤਾਂਹ ਕੀਤਾ ਤੇ ਕਿਹਾ, 'ਉਹਦੇ ਬਾਪ ਨੂੰ ਖੁਦਾ ਦੀ ਮਾਰ! ਉਸ ਦੱਲੇ ਨੇ ਬੜਾ ਮਾੜਾ ਕੀਤਾ। ਸਾਰਾ ਮੁਹੱਲਾ ਉਹਦੇ ਤੇ ਥੂ-ਥੂ ਕਰ ਰਿਹਾ ਏ, ਖਾਸ ਕਰਕੇ ਉਹ ਜਿਹੜੇ ਦਸਤੂਰ ਕਾਰਨ ਇਸ ਧੰਦੇ ਵਿਚ ਨੇ।'

ਮੈਂ ਇਸ ਸਾਰੀ ਸੱਟ ਮਾਰਨ ਵਾਲੀ ਗੱਲ ਬਾਰੇ ਛੇਤੀ ਹੀ ਹੋਰ ਜਾਣ ਗਈ। ਪਮੀ ਦੇ ਬਾਪ ਨੇ ਨਸ਼ਿਆਂ ਵਾਸਤੇ ਕਰਜਾ ਲਿਆ ਹੋਇਆ ਸੀ ਅਤੇ ਉਹ ਰਜ਼ੀਆ ਦੀ ਨੱਥ ਦੇ ਚੰਗੇ ਪੈਸੇ ਕਮਾਉਣਾ ਚਾਹੁੰਦਾ ਸੀ। ਉਸ ਨੇ ਕਰੀਬ-ਕਰੀਬ ਸੌਦਾ ਸਿਰੇ ਵੀ ਚਾੜ੍ਹ ਲਿਆ ਸੀ ਪਰ ਰਜ਼ੀਆ

ਰੰਡੀ ਨਹੀਂ ਬਣਨਾ ਚਾਹੁੰਦਾ ਸੀ। ਉਹ ਰੂਬਾ ਨਾਲ ਭੱਜਣ ਲਈ ਛੇਤੀ ਹੀ ਤਿਆਰ ਹੋ ਗਈ। ਉਹ ਸਵੇਰੇ ਤੜਕੇ ਹੀ ਭੱਜ ਗਏ ਅਤੇ ਲੱਗਦਾ ਸੀ ਕਿਸੇ ਨੂੰ ਨਹੀਂ ਪਤਾ ਕਿ ਉਹ ਕਿੱਥੇ ਗਏ ਨੇ। ਜਦ ਉਹ ਗਏ ਉਦੋਂ ਪਿਊ ਘਰੇ ਨਹੀ ਸੀ ਇਸ ਲਈ ਘਰਦਿਆਂ ਨੂੰ ਰਪਟ ਲਿਖਵਾਉਣ ਵਿਚ ਕੁਝ ਸਮਾਂ ਲੱਗ ਗਿਆ।

ਇਸ ਤਰ੍ਹਾਂ ਦੀ ਘਟਨਾ ਟੱਬਰ ਨੂੰ ਬੁਰੀ ਤਰ੍ਹਾਂ ਬਦਨਾਮ ਕਰ ਦਿੰਦੀ ਏ। ਇਕ ਤਿਆਰ ਹੋ ਰਹੀ ਰੰਡੀ ਵਾਸਤੇ ਤਾਂ ਇਹ ਗੱਲ ਬੁਰੀ ਹੈ ਈ ਪਰ ਉਸ ਤੋਂ ਵੀ ਬੁਰੀ ਇਹ ਵੇ ਪਈ ਉਹ ਮਿਰਾਸੀ ਨਾਲ ਭੱਜ ਗਈ ਏ। ਇਹ ਬਦਨਾਮੀ ਪੀੜ੍ਹੀਆਂ ਤੱਕ ਕਾਇਮ ਰਹੇਗੀ। ਬਾਪ ਪੈਸੇ ਲੈਣ ਲਈ ਇੰਨਾ ਉਤਾਵਲਾ ਸੀ ਕਿ ਉਹਨੇ ਗਾਹਕ ਨੂੰ ਮੰਨਾ ਲਿਆ ਕਿ ਉਹ ਉਹਦੀ ਥਾਂ ਉਹਦੀ ਛੋਟੀ ਕੁੜੀ ਨੂੰ ਲੈ ਲਵੇ। ਇਹ ਐਨੀ ਛੇਤੀ ਵਾਪਰਿਆ ਕਿ ਗਵਾਂਢੀਆਂ ਨੂੰ ਕੁਝ ਕਹਿਣ ਜਾਂ ਮਾਂ ਤੇ ਇਹ ਦਬਾਉ ਪਾਉਣ ਦਾ ਮੌਕਾ ਹੀ ਨਾ ਮਿਲਿਆ ਕਿ ਉਹ ਇੰਝ ਨਾ ਹੋਣ ਦੇਵੇ। ਉਨ੍ਹਾਂ ਨੂੰ ਤਾਂ ਅਗਲੇ ਦਿਨ ਹੀ ਪਤਾ ਲੱਗਾ।

ਇਸ ਸਾਰੇ ਸਮੇਂ ਦੌਰਾਨ ਮੈਂ ਪਰਿਵਾਰ ਨਾਲ ਜੁੜੀ ਰਹੀ ਪਰ ਉਨ੍ਹਾਂ ਨੂੰ ਰੂਬਾ ਜਾਂ ਰਜ਼ੀਆ ਨਾਂ ਲੱਭੇ। ਲੱਗਦਾ ਸੀ ਜਿਵੇਂ ਉਹ ਜਹਾਨ ਵਿਚੋਂ ਹੀ ਗਵਾਚ ਗਏ ਹੋਣ। ਐਪਰ ਸੋਨੀਆਂ ਨੂੰ ਰਜ਼ੀਆ ਵਾਂਗ ਗਵਾਚ ਜਾਣ ਦਾ ਮੌਕਾ ਨਾ ਮਿਲ ਸਕਿਆ ਅਤੇ ਉਹਨੂੰ ਮੁਹੱਲੇ ਦੀ ਹਕੀਕਤ ਹਰ ਦਿਨ ਝੱਲਣੀ ਪਈ। ਇਕ ਹੀ ਰਾਤ ਵਿਚ ਉਹ ਬੱਚੇ ਤੋਂ ਬਾਲਗ ਹੋ ਗਈ ਸੀ। ਉਹਨੂੰ ਸ਼ਾਮ ਨੂੰ ਭੈਣਾਂ ਨਾਲ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ। ਹਾਲਾਂਕਿ ਮੁਹੱਲੇ ਦੀਆਂ ਛੋਟੀਆਂ ਕੁੜੀਆਂ ਨੂੰ ਵੀ ਸੈਕਸ ਬਾਰੇ ਪੂਰਾ ਪਤਾ ਹੁੰਦਾ ਏ ਪਰ ਸੋਨੀ ਇਸ ਤਣਾਉ ਕਾਰਨ ਬੜੀ ਦੁਚਿੱਤੀ ਵਿਚ ਸੀ ਜੋ ਉਹ ਹਰ ਸਮੇਂ ਝੱਲ ਰਹੀ ਸੀ। ਉਹ ਅਪਣੇ ਛੋਟੇ ਭੈਣ-ਭਰਾਵਾਂ ਅਤੇ ਖਿਡੌਣਿਆਂ ਨਾਲ ਖੇਡਣ ਅਤੇ ਬੰਦਿਆਂ ਨਾਲ ਇਕ ਬਾਲਗ ਵਾਂਗ ਵਿਹਾਰ ਕਰਨ ਲਈ ਵਿਚਕਾਰੋਂ ਟੁੱਟੀ ਪਈ ਸੀ। ਇਕ ਗੱਲ ਸਾਫ ਸੀ ਉਹ ਦੀ ਰੂਹ ਮਰ ਚੁੱਕੀ ਸੀ ਤੇ ਉਹ ਚੁੱਪ ਵਿਚ ਗੜੁੰਮ ਹੋ ਗਈ ਸੀ।

# ਯਾਦਾਂ ਦੇ ਝਰੋਖੇ 'ਚੋਂ

ਲੈਲਾ ਦੇ ਪਰਿਵਾਰ ਵਿਚ ਕੁਝ ਅਣਚਾਹਿਆ ਵਾਪਰ ਗਿਆ ਸੀ। ਬੌਬੀ, ਲੈਲਾ ਦੀ ਭੈਣ, ਜਮੀਲਾ ਦੀ ਪਹਿਲੀ ਕੁੜੀ, ਲੰਦਨ ਤੋਂ ਮੁਹੱਲੇ ਵਿਚ ਲੈਲਾ ਦੇ ਟੱਬਰ ਨਾਲ ਰਹਿਣ ਲਈ ਭੇਜ ਦਿੱਤੀ ਗਈ ਸੀ। ਉਹ ਦੋ ਮਹੀਨੇ ਦੀ ਉਮਰ ਤੋਂ ਹੀ ਲੰਦਨ ਵਿਚ ਰਹਿ ਰਹੀ ਸੀ। ਤੇ ਹੁਣ ਅਚਾਨਕ ਹੀ ਉਹ ਲਾਹੌਰ ਵਿਚ ਸੀ। ਬੌਬੀ ਲੈਲਾ ਤੋਂ ਇਕ ਸਾਲ ਛੋਟੀ ਸੀ ਅਤੇ ਉਨ੍ਹਾਂ ਦੀ ਸ਼ਕਲ ਕਾਫੀ ਮਿਲਦੀ ਸੀ ਫਰਕ ਸਿਰਫ ਇਹ ਸੀ ਕਿ ਬੌਬੀ ਥੋੜ੍ਹੀ ਪਤਲੀ ਸੀ। ਉਹ ਦੀ ਅੰਗਰੇਜ਼ੀ ਥੋੜ੍ਹੀ ਟੁੱਟੀ-ਫੁੱਟੀ ਸੀ ਪਰ ਉਚਾਰਨ ਨਿਰੋਲ ਬਰਤਾਨਵੀ ਸੀ। ਉਹਦੇ ਕੱਟੇ ਹੋਏ ਵਾਲ ਤੇ ਤਿੱਖਾ ਨੱਕ ਅਤੇ ਗਹਿਰੀਆਂ ਜਿਹੀਆਂ ਅੱਖਾਂ ਉਸ ਦੇ ਸਭ ਤੋਂ ਮਨਮੋਹਣੇ ਨਕਸ਼ ਸਨ। ਉਹ ਅੰਤਰਮੁਖੀ ਸੀ ਤੇ ਅਪਣੀਆਂ ਖੁਸ਼ੀਆਂ, ਗਮੀਆਂ ਅਤੇ ਅਪਣੇ ਤਜ਼ਰਬੇ ਖੁਦ ਤਕ ਹੀ ਸੀਮਤ ਰੱਖਦੀ ਸੀ। ਉਹ ਚੁੱਪ ਗੜੁੱਪ ਰਹਿੰਦੀ ਅਪਣੀ ਉਸ ਨਿੱਕੀ ਭੈਣ ਦੇ ਮੁਕਾਬਲੇ ਜਿਹੜੀ ਜ਼ੁਕਾਮ ਹੋਣ ਤੇ ਵੀ ਅਪਣੇ ਗਾਹਕ ਨੂੰ ਦੱਸਣ ਲਈ ਟੈਲੀਫੋਨ ਕਰ ਦਿੰਦੀ ਸੀ।

ਬੌਬੀ ਨੂੰ ਹਵਾਈ ਅੱਡੇ ਤੋਂ ਲੈ ਲੈਣ ਵਾਸਤੇ ਟੈਲੀਫੋਨ ਆਉਣ ਤੋਂ ਪਹਿਲਾਂ ਕੈਸਰਾ ਨੂੰ ਉਹਦੇ ਵਾਪਸ ਆਉਣ ਦੀ ਕੋਈ ਖਬਰ ਨਹੀਂ ਸੀ ਤੇ ਕੈਸਰਾ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਹੇ।

ਪਹਿਲੀ ਜੰਮੀ ਕੁੜੀ ਦੀ ਵਾਪਸੀ ਨਾਲ ਤਾਂ ਖੁਸ਼ੀ ਹੀ ਹੋਣੀ ਚਾਹੀਦੀ ਸੀ ਪਰ ਇਸ ਨਾਲ ਸਗੋਂ ਗੁੱਸੇ, ਉਦਾਸੀ ਅਤੇ ਰੋਸੇ ਦਾ ਹੜ੍ਹ ਹੀ ਆ ਗਿਆ ਜੋ ਕੈਸਰਾ ਦੇ ਦਿਲ ਵਿਚ ਸਾਲਾਂ ਤੋਂ ਰੁਕਿਆ ਪਿਆ ਸੀ। ਬੌਬੀ ਦੇ ਆਉਣ ਨਾਲ ਅਪਣੇ ਪਿਉ ਦੀ ਮੌਤ ਤੋਂ ਬਾਦ ਦੇ ਦਿਨਾਂ ਦੀਆਂ ਦੂਜੀਆਂ ਘੜੀਆਂ ਵੀ ਸਾਮ੍ਹਣੇ ਆ ਖਲੋਈਆਂ। ਸ਼ਮਸਾ, ਕੈਸਰਾ ਦੀ ਵੱਡੀ ਭੈਣ, ਦਾ ਅਪਣਾ ਹੀ ਦਿਮਾਗ ਸੀ ਅਤੇ ਹਮੇਸ਼ਾ ਹੀ ਬੜੀ ਅੜੀਅਲ ਸੀ। ਜਦੋਂ ਅਪਣੀ ਭੈਣ ਨਾਲ ਕੋਠਾ ਸਾਂਝਾ ਚਲਾਉਣ ਦਾ ਸਮਾਂ ਆਇਆ ਤਾਂ ਉਹਨੇ ਇਹੀ ਠੀਕ ਸਮਝਿਆ ਕਿ ਅਪਣਾ ਰਾਹ ਫੜਿਆ ਜਾਵੇ। ਕੈਸਰਾ ਨੂੰ ਉਹ ਮਾੜੇ ਦਿਨ ਬੜੀ ਸ਼ਿੱਦਤ ਨਾਲ ਯਾਦ ਸਨ। ਉਹਦੀ ਮਾਂ ਉਹਦੇ ਪਿਊ ਤੋਂ ਪਹਿਲਾਂ ਮਰ ਗਈ ਸੀ ਅਤੇ ਉਹ ਹੀ ਦੋਹਾਂ ਭੈਣਾ ਦੇ ਬਹੁਤ ਨੇੜੇ ਰਿਹਾ ਸੀ। ਉਹਦੀ ਮੌਤ ਤੋਂ ਬਾਦ ਕੈਸਰਾ ਨੂੰ ਅਪਣੀ ਭੈਣ ਦੇ ਸਾਥ ਦੀ ਬੜੀ ਲੋੜ ਸੀ ਤਾਂ ਕਿ ਪਰਿਵਾਰ ਦਾ ਗੁਜ਼ਾਰਾ ਚਲਾਇਆ ਜਾ ਸਕੇ। ਉਹ ਚਾਹੁੰਦੀ ਸੀ ਕਿ ਉਹ ਉਸ ਤੋਂ ਅੱਗੇ ਚੱਲਣ ਜਿੱਥੇ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਛੱਡ ਗਏ ਸਨ ਕਿਉਂਕਿ ਉਹ ਸਮਝਦੀ ਸੀ ਕਿ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਵੀ ਏ ਤੇ ਸਿਖਲਾਈ ਦਾ ਇਕ ਹਿੱਸਾ ਵੀ। ਸ਼ਮਸਾ ਨੇ ਅਪਣੇ ਜੀਵਨ ਦਾ ਰੁਖ ਹੋਰ ਪਾਸੇ ਕਰ ਲਿਆ, ਤੇ ਕੈਸਰਾ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਸ ਨੂੰ ਧੋਖਾ ਦਿੱਤਾ ਗਿਆ ਏ ਤੇ ਅਪਣਾ ਧੰਦਾ ਚਲਾਉਣ ਲਈ ਉਸ ਨੂੰ ਇਕੱਲਾ ਛੱਡ ਦਿੱਤਾ ਗਿਆ ਏ।

ਸ਼ਮਸਾ ਵਿਚ ਹਮੇਸ਼ਾ ਹੀ ਕੈਸਰਾ ਨਾਲੋ ਵੱਧ ਭਰੋਸਾ ਰਿਹਾ ਏ। ਇਹ ਸ਼ਖ਼ਸੀਅਤ ਦਾ

ਫਰਕ ਉਦੋਂ ਹੋਰ ਵਧ ਗਿਆ ਜਦੋਂ ਉਸ ਦੇ ਘਰਦਿਆਂ ਨੇ ਦੋ ਗੋਦ ਲਈਆਂ ਕੁੜੀਆਂ ਵੀ ਸ਼ਮਸਾ ਨੂੰ ਦੇ ਦਿੱਤੇ, ਸ਼ਾਹਿਦ ਅਤੇ ਕਿਰਨ, ਇਕ ਮੁੰਡਾ ਤੇ ਕੁੜੀ। ਉਹ ਕੈਸਰਾ ਨਾਲੋਂ ਅਪਣੇ ਭਵਿੱਖ ਬਾਰੇ ਬਹੁਤੀ ਸੁਰੱਖਿਅਤ ਹੋ ਗਈ ਸੀ। ਕੈਸਰਾ ਨੂੰ ਇਕ ਗਾਹਕ ਨਾਲ ਸ਼ਮਸਾ ਦੀ ਆਸ਼ਕੀ ਦਾ ਕਿੱਸਾ ਵੀ ਯਾਦ ਸੀ। ਉਹ ਉਹਨੂੰ ਛੱਡ ਹੀ ਨਹੀਂ ਰਹੀ ਸੀ। ਸ਼ਮਸਾ ਭਰ ਜਵਾਨ ਸੀ ਤੇ ਸਮਝਦੀ ਸੀ ਕਿ ਉਹ ਨੂੰ ਜੀਵਨ ਦਾ ਲੁਤਫ ਹਾਸਲ ਹੋ ਗਿਆ ਏ। ਕੈਸਰਾ ਨੂੰ ਪਤਾ ਸੀ ਕਿ ਉਹਦੀ ਭੈਣ ਦਾ ਯਾਰ ਉਹਨੂੰ ਝੂਠ ਕਹਿ ਰਿਹਾ ਏ, ਝੂਠੇ ਵਾਦੇ ਕਰ ਰਿਹਾ ਏ ਅਤੇ ਉਹ ਕਲਪਨਾ ਨਾਲ ਖੇਡ ਰਹੀ ਏ। ਚਾਲੀ ਸਾਲ ਦੀ ਉਮਰ ਦੇ ਕਰੀਬ ਉਸ ਬੰਦੇ ਦਾ ਵਿਆਹ ਹੋਇਆ ਹੋਇਆ ਸੀ ਤਿੰਨ ਬੱਚੇ ਸਨ, ਅਤੇ ਟੱਬਰ ਦਾ ਸਾਂਝਾ ਕਾਰੋਬਾਰ ਸੀ। ਉਹ ਇਕ ਰੰਡੀ ਨਾਲ ਵਿਆਹ ਕਰਵਾਉਣ ਦਾ ਖਤਰਾ ਕਦੀ ਮੁੱਲ ਨਹੀਂ ਲੈ ਸਕਦਾ ਸੀ ਪਰ ਸ਼ਮਸਾ ਨੂੰ ਕੌਣ ਸਮਝਾ ਸਕਦਾ ਸੀ। ਉਹਨੇ ਕਿਹਾ ਕਿ ਉਹ ਲੰਦਨ ਜਾ ਰਿਹਾ ਏ ਅਤੇ ਜ਼ਾਹਰਾ ਤੌਰ ਤੇ ਉਹਨੇ ਵਾਦਾ ਵੀ ਕੀਤਾ ਕਿ ਉਹ ਉਹਨੂੰ ਉੱਥੇ ਲੈ ਜਾਕੇ ਨਿਕਾਹ ਕਰਵਾ ਲਵੇਗਾ। ਸ਼ਮਸਾ ਅਪਣੇ ਖਿਆਲੀ ਘੋੜਿਆਂ ਤੇ ਚੜ੍ਹੀ ਖੁਦ ਨੂੰ ਨਵੀਂ ਧਰਤੀ ਤੇ ਮਹਿਸੂਸ ਕਰਦੀ। ਇਸ ਲਈ ਜਦੋਂ ਉਹਨੇ ਜਾਣ ਤੋਂ ਪਹਿਲਾਂ ਉਹਨੂੰ ਸਾਫ-ਸਾਫ ਕਹਿ ਵੀ ਦਿੱਤਾ ਕਿ ਉਹ ਨਾਂ ਤਾਂ ਉਹਨੂੰ ਨਾਲ ਲੈ ਕੇ ਜਾ ਰਿਹਾ ਏ ਅਤੇ ਨਾ ਉਹਦੇ ਨਾਲ ਨਿਕਾਹ ਕਰਵਾ ਰਿਹਾ ਏ ਤਾਂ ਵੀ ਉਹਨੂੰ ਸੱਚ ਦੀ ਸਮਝ ਨਾ ਪਈ। ਉਹਨੇ ਜਾਣ ਕੇ ਬੜੇ ਸੁਪਨੇ ਲਏ ਹੋਏ ਸਨ। ਇਹ ਸੋਚਣ ਦੀ ਬਜਾਏ ਕਿ ਉਹ ਸਿਰਫ ਉਹਦੇ ਨਾਲ ਖੇਡ ਹੀ ਰਿਹਾ ਸੀ, ਉਹਨੇ ਉਹਦੇ ਮਗਰ ਜਾਣ ਦਾ ਫੈਸਲਾ ਕਰ ਲਿਆ, ਇਹ ਸੋਚ ਕੇ ਕਿ ਹੋਰ ਨਹੀਂ ਤਾਂ ਉਹ ਉਹਦੇ ਨੇੜੇ ਤਾਂ ਰਹਿ ਸਕੇਗੀ।

ਉਹਨੇ ਅਪਣੀ ਚਾਲ ਯੋਜਨਾਬੱਧ ਅਤੇ ਭਰੋਸੇ ਭਰੇ ਢੰਗ ਨਾਲ ਚੱਲੀ; ਇਸ ਅਕਲ ਨਾਲ ਕਿ ਉਸਨੂੰ ਅਪਣੇ ਭਵਿੱਖ ਲਈ ਕਿਹੜੇ ਮਾਨਵੀ ਸਰੋਤਾਂ ਦੀ ਲੋੜ ਪਏਗੀ। ਉਹ ਸ਼ਾਹਿਦ, ਕਿਰਨ ਅਤੇ ਸ਼ਾਹਿਦ ਦੀ ਕੁੜੀ ਨੂੰ ਵੀ ਅਪਣੇ ਨਾਲ ਲੈ ਗਈ। ਇਸ ਤਰ੍ਹਾਂ ਇਕ ਨੌਜਵਾਨ ਬੰਦਾ ਉਹਦੀ ਪੰਦਰਾਂ ਸਾਲ ਦੀ ਧੀ ਤੇ ਇਕ ਨਵਜੰਮਿਆਂ ਬੱਚਾ ਉਹਦੇ ਨਾਲ ਸਨ। ਉਹਦੇ ਗਾਹਕ ਨੇ ਕੁਝ ਚਿਰ ਉਹਦੇ ਨਾਲ ਸੰਪਰਕ ਕਾਇਮ ਰੱਖਿਆ, ਅਤੇ ਜਦੋਂ ਅਪਣੇ ਧੰਦੇ ਵਿਚ ਹੀ ਸਥਾਪਤ ਹੋਣ ਤੋਂ ਬਿਨਾਂ ਉਸ ਕੋਲ ਕੋਈ ਚਾਰਾ ਨਾ ਰਿਹਾ ਤਾਂ ਉਹਨੇ ਉਸ ਤੋਂ ਮਦਦ ਮੰਗੀ ਕਿ ਉਹ ਲੰਦਨ ਦੇ ਲਾਲ ਬੱਤੀ ਖੇਤਰ ਵਿਚ ਉਸ ਨੂੰ ਸਥਾਪਤ ਕਰਵਾ ਦੇਵੇ। ਉਹਨੇ ਉਸ ਤੋਂ ਪੂਰੀ ਤਰ੍ਹਾਂ ਖਹਿੜਾ ਛੁਡਾਉਣ ਤੋਂ ਪਹਿਲਾਂ ਉਸ ਦੀ ਕੁਝ ਮਾਇਕ ਮਦਦ ਵੀ ਕਰ ਦਿੱਤੀ। ਨਵੀਂ ਥਾਂ ਤੇ ਧੰਦਾ ਚਲਾਉਣ ਵਿਚ ਉਹ ਖਾਸ ਚੁਸਤ ਸੀ ਅਤੇ ਭਵਿੱਖੀ ਲੋੜਾਂ ਵਾਸਤੇ ਉਸ ਕੋਲ ਕਿਰਨ ਸੀ, ਅਤੇ ਉਹ ਖੁਦ ਨੂੰ ਵੀ ਅਜੇ ਐਨੀ ਕੁ ਜਵਾਨ ਸਮਝਦੀ ਸੀ ਕਿ ਉਹ ਇੰਗਲੈਂਡ ਵਿਚ ਅਪਣਾ ਧੰਦਾ ਤਾਂ ਚਲਾ ਹੀ ਸਕਦੀ ਏ।

ਸ਼ਮਸਾ ਇੰਗਲੈਂਡ ਵਿਚ ਰਹਿਣ ਦਾ ਰੁਤਬਾ ਹਾਸਲ ਕਰਨ ਲਈ ਅਪਣੇ, ਕਿਰਨ ਅਤੇ ਬੱਬੀ ਦੇ ਕਾਗਜ਼ ਪੂਰੇ ਕਰਨ ਵਿਚ ਤਾਂ ਸਫਲ ਰਹੀ ਪਰ ਸ਼ਾਹਿਦ ਦਾ ਇਮੀਗ੍ਰੇਸ਼ਨ ਦਾ ਮਾਮਲਾ ਕਈ ਸਾਲ ਲਟਕਦਾ ਰਿਹਾ। ਕਿਉਂਕਿ ਅਜੇ ਵੀ ਲਾਹੌਰ ਵਿਚ ਉਹਦੀ ਤੀਵੀਂ ਸੀ ਅਤੇ ਲੰਦਨ ਵਿਚ ਉਸ ਦਾ ਇਮੀਗ੍ਰੇਸ਼ਨ ਦਾ ਮਾਮਲਾ ਅਜੇ ਚੱਲ ਰਿਹਾ ਸੀ। ਇਸ ਲਈ ਸਮੇਂ-ਸਮੇਂ ਉਹ ਪਾਕਿਸਤਾਨ ਆਉਂਦਾ ਰਿਹਾ ਅਤੇ ਟੱਬਰ ਵਧਾਉਂਦਾ ਰਿਹਾ। ਉਹਦੀ ਜ਼ਿੰਮੇਵਾਰੀ ਪਰਿਵਾਰ ਲਈ

ਵੱਧ ਤੋਂ ਵੱਧ ਬੱਚੇ ਪੈਦਾ ਕਰਨ ਦੀ ਸੀ ਤਾਂ ਕਿ ਪਰਿਵਾਰ ਦਾ ਭਵਿੱਖ ਸੁਰੱਖਿਅਤ ਰਹੇ, ਅਤੇ ਸਿੱਟੇ ਵਜੋਂ ਜਮੀਲਾ ਹਰ ਸਾਲ ਗਰਭਵਤੀ ਹੁੰਦੀ ਰਹੀ। ਇਨ੍ਹਾਂ ਸਾਲਾਂ ਵਿਚ ਸ਼ਮਸ਼ਾ ਜਮੀਲਾ ਦੇ ਹੋਰ ਦੋ ਬੱਚੇ ਇੰਗਲੈਂਡ ਲੈ ਗਈ ਅਤੇ ਉਨ੍ਹਾਂ ਨੂੰ ਰਸਮੀ ਤੌਰ ਤੇ ਗੋਦ ਲੈ ਲਿਆ।

ਸ਼ਮਸਾ ਨੂੰ ਪਹਿਲਾਂ ਤਾਂ ਕੁਝ ਮੁਸ਼ਕਿਲ ਆਈ ਪਰ ਜਦੋਂ ਇਕ ਵਾਰੀ ਉਹਦਾ ਧੰਦਾ ਚੱਲ ਪਿਆ ਤਾਂ ਉਸ ਕੋਲ ਏਸ਼ਆਈ ਅਤੇ ਬਰਤਾਨਵੀ ਕਈ ਤਰ੍ਹਾਂ ਦੇ ਗਾਹਕ ਆਉਣ ਲੱਗ ਪਏ। ਜਥੇਬੰਦ ਅਪਰਾਧ ਦੀਆਂ ਮੁੱਖ ਸ਼ਖਸੀਅਤਾਂ ਨਾਲ ਉਹਨੇ ਅਪਣੇ ਸਬੰਧ ਚੰਗੇ ਬਣਾ ਲਏ ਤਾਂ ਕਿ ਉਹਦਾ ਧੰਦਾ ਅਰਾਮ ਨਾਲ ਚਲਦਾ ਰਹੇ। ਉਹਦੇ ਕਈ ਗਾਹਕ ਅਪਰਾਧੀ ਸਨ ਅਤੇ ਉਹ ਉਨ੍ਹਾਂ ਦੀ ਸੇਵਾ ਬਦਲੇ ਅਕਸਰ ਪੈਸੇ ਵੀ ਨਾ ਲੈਂਦੀ ਕਿਉਂਕਿ ਉਹ ਇਸ ਨੂੰ ਧੰਦਾ ਦੀ ਸਧਾਰਨ ਕੀਮਤ ਸਮਝਦੀ ਅਤੇ ਸੋਚਦੀ ਕਿ ਇਸ ਨਾਲ ਸਗੋਂ ਉਹ ਹੋਰ ਕਿਸੇ ਪਾਸਿਉਂ ਬਹੁਤਾ ਖੱਟ ਜਾਵੇਗੀ।

ਇਹ ਵਿਚਾਰ ਸ਼ਮਸਾ ਦਾ ਹੀ ਸੀ ਕਿ ਇਮੀਗ੍ਰੇਸ਼ਨ ਦੇ ਅਮਲ ਨੂੰ ਤੇਜ ਕਰਨ ਲਈ ਸ਼ਾਹਿਦ ਕਿਸੇ ਅੰਗ੍ਰੇਜ਼ ਰੰਡੀ ਨਾਲ ਵਿਆਹ ਕਰਵਾ ਲਵੇ। ਪਰ ਇਸ ਕਰਕੇ ਆਖਰ ਨੂੰ ਉਹਦਾ ਕੇਸ ਹੀ ਰੱਦ ਹੋ ਗਿਆ। ਸ਼ਮਸਾ ਇਸਦਾ ਦੋਸ਼ ਵੀ ਸ਼ਾਹਿਦ ਤੇ ਹੀ ਮੜ੍ਹਦੀ ਸੀ ਕਿ ਉਹ ਐਨਾ ਚੁਸਤ ਨਾ ਬਣ ਸਕਿਆ ਕਿ ਅਪਣਾ ਕੇਸ ਠੀਕ ਢੰਗ ਨਾਲ ਸੰਭਾਲ ਸਕਦਾ।

ਕਿਰਨ ਉਸ ਮਾਹੌਲ ਵਿਚ ਬਿਲਕੁਲ ਨਾ ਰਚ ਸਕੀ ਅਤੇ ਉਸ ਨੂੰ ਮੁਹੱਲੇ ਦੇ ਅਪਣੇ ਦੋਸਤ ਅਤੇ ਘਰ ਯਾਦ ਆਉਂਦਾ ਰਹਿੰਦਾ। ਉਹ ਬਾਕੀ ਪਰਿਵਾਰ ਦੇ ਬਹੁਤੀ ਨੇੜੇ ਵੀ ਨਹੀਂ ਸੀ ਬਲਕਿ ਚਾਹੁੰਦੀ ਸੀ ਕਿ ਉਸਦੇ ਦੁਆਲੇ ਚੰਗੇ ਜਾਣੂੰ ਚਿਹਰੇ ਹੀ ਰਹਿਣ। ਉਹ ਲੰਦਨ ਵਿਚ ਅਪਣਾ ਧੰਦਾ ਤਾਂ ਚਲਾਉਂਦੀ ਰਹੀ ਪਰ ਉਸ ਦਾ ਦਿਲ ਇਹਦੇ ਵਿਚ ਨਹੀਂ ਸੀ ਅਤੇ ਸ਼ਮਸਾ ਨੂੰ ਖਤਰਾ ਸੀ ਕਿ ਜਿਹੜੀ ਜੀਵਨ-ਜਾਚ ਉਹ ਨੇ ਕਿਰਨ ਲਈ ਚੁਣੀ ਸੀ ਸ਼ਾਇਦ ਉਹ ਉਸ ਵਿਚ ਰਚ-ਮਿਚ ਨਾ ਸਕੇ। ਉਹਨੇ ਮਨੇਜਰ ਦੇ ਤੌਰ ਤੇ ਅਪਣਾ ਧੰਦਾ ਜਾਰੀ ਰੱਖਣ ਵਿਚ ਅਪਣੇ ਸਾਰੇ ਫਿਕਰਾਂ ਬਾਰੇ ਕਿਰਨ ਨੂੰ ਪੂਰੀ ਤਰ੍ਹਾਂ ਦੱਸਿਆ ਵੀ ਅਤੇ ਇਹ ਵੀ ਕਿਹਾ ਉਹ ਨੂੰ ਸਭ ਤੋਂ ਵੱਧ ਬੁਰਾ ਕਿਰਨ ਦਾ ਡੋਬੇ ਵਾਲਾ ਰੌਂਅ ਲੱਗਦਾ ਏ। ਕਿਰਨ ਦੀ ਆਤਮਾ ਨੂੰ ਹਲੂਣਾ ਦੇਣ ਦੇ ਉਸ ਦੇ ਸਾਰੇ ਕੱਚੇ-ਪੱਕੇ ਯਤਨ ਅਤੇ ਧੰਦੇ ਵਿਚ ਉਸ ਦੀ ਰੁਚੀ ਪੈਦਾ ਕਰਨ ਦੇ ਉਪਰਾਲੇ ਅੰਤ ਵਿਚ ਨਾਕਾਮਯਾਬ ਰਹੇ ਅਤੇ ਕੁਝ ਸਾਲ ਤੱਕ ਲੰਦਨ ਵਿਚ ਕਿਰਨ ਤੋਂ ਧੰਦਾ ਕਰਵਾਉਣ ਮਗਰੋਂ ਆਖਰ ਉਹ ਨੇ ਕਿਰਨ ਨੂੰ ਪਾਕਿਸਤਾਨ ਵਾਪਸ ਭੇਜਣ ਦਾ ਫੈਸਲਾ ਕਰ ਲਿਆ। ਉਹਨੇ ਪਰਿਵਾਰ ਵਿਚ ਸਭ ਨੂੰ ਇਹ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਕਿ ਕਿਰਨ ਅਜੇ ਵੀ ਉਹਦੀ ਕੁੜੀ ਏ ਤੇ ਉਸ ਦੀ ਆਮਦਨ ਤੇ ਸਾਰਾ ਹੱਕ ਸ਼ਮਸਾ ਦਾ ਹੀ ਹੋਵੇਗਾ। ਉਹਨੇ ਇਹ ਵੀ ਕਿਹਾ ਕਿ ਕੈਸਰਾ ਡੇਰੇਦਾਰ ਦੇ ਤੌਰ ਤੇ ਅਪਣਾ ਹਿੱਸਾ ਅਤੇ ਹੱਕ ਹੀ ਵਰਤੇਗੀ। ਜੇ ਲਾਹੌਰ ਵਿਚ ਕੋਠਾ ਚਲਾਉਣ ਵਾਲੀ ਸਿਰਫ ਕੈਸਰਾ ਹੀ ਹੁੰਦੀ ਤਾਂ ਸ਼ਾਇਦ ਉਹ ਕਿਰਨ ਨੂੰ ਵਾਪਸ ਭੇਜਣ ਵਿਚ ਝਿਜਕਦੀ ਵੀ ਪਰ ਸ਼ਮਸਾ ਨੂੰ ਭਰੋਸਾ ਸੀ ਕਿ ਸ਼ਾਹਿਦ ਕਿਰਨ ਦਾ ਕੰਮ ਠੀਕ-ਠਾਕ ਸੰਭਾਲ ਲਵੇਗਾ।

ਕਿਰਨ ਇਸ ਆਸ ਨਾਲ ਵਾਪਸ ਆ ਗਈ ਕਿ ਸ਼ਾਇਦ ਉਹਨੂੰ ਮੁਹੱਲੇ ਵਿਚ ਸ਼ਾਂਤੀ ਮਿਲ ਜਾਵੇਗੀ ਪਰ ਉਹ ਗਲਤ ਸੀ। ਉਹਨੇ ਅਪਣਾ ਬਚਪਨ ਇੱਥੇ ਗੁਜ਼ਾਰਿਆ ਸੀ ਪਰ ਕਿਉਂਕਿ ਹੁਣ ਉਹ ਧੰਦੇ ਵਿਚ ਸੀ ਇਸ ਲਈ ਉਸਨੇ ਦੇਖਿਆ ਕਿ ਰੰਡੀਆਂ ਦੇ ਜੀਵਨ ਦੀ ਹਕੀਕਤ ਤਾਂ ਬਿਲਕੁਲ ਹੋਰ ਏ। ਦੋਸਤਾਂ ਨਾਲ ਖੇਡਣ ਅਤੇ ਮਾਂ ਅਤੇ ਮਾਸੀ ਨੂੰ ਗਾਹਕਾਂ ਸਾਮ੍ਹਣੇ ਨੱਚਦੇ ਵੇਖਣ

ਨਾਲ ਜੁੜੀਆਂ ਉਸ ਦੀਆਂ ਯਾਦਾਂ ਭਾਵੇਂ ਲੁਭਾਵਣੀਆ ਸਨ ਪਰ ਖੁਦ ਗਾਹਕ ਸਾਮ੍ਹਣੇ ਪੇਸ਼ ਹੋਣ ਦੀ ਹਕੀਕਤ ਕੁਝ ਹੋਰ ਹੀ ਸੀ। ਉਹ ਬਰਦਾਸ਼ਤ ਨਹੀਂ ਕਰ ਸਕਦੀ ਸੀ ਜਿਵੇਂ ਉਹ ਉਸ ਉੱਤੇ ਡੁਲ੍ਹਦੇ ਫਿਰਦੇ ਸਨ। ਉਹ ਇਕ ਬੇਚੈਨ ਰੂਹ ਸੀ ਜਿਹੜੀ ਸ਼ਾਤੀ ਦੀ ਭਾਲ ਵਿਚ ਸੀ। ਉਹਨੇ ਕੈਸਰਾ ਅਤੇ ਸ਼ਾਹਿਦ ਨੂੰ ਦੱਸਿਆ ਕਿ ਧੰਦੇ ਵਿਚ ਉਹਦਾ ਮਨ ਨਹੀਂ ਲੱਗਦਾ ਪਰ ਇਹ ਨਾ ਦੱਸ ਸਕੀ ਕਿ ਹੋਰ ਉਹ ਚਾਹੁੰਦੀ ਕੀ ਏ. ਇਸ ਦਾ ਉਹਨੂੰ ਖੁਦ ਵੀ ਪਤਾ ਨਹੀ ਸੀ। ਉਹਨੂੰ ਸਿਰਫ਼ ਇਹ ਪਤਾ ਸੀ ਕਿ ਉਹ ਇਹ ਜੀਵਨ ਬਰਦਾਸ਼ਤ ਨਹੀਂ ਕਰ ਸਕਦੀ।

ਉਹਦੇ ਕਹਿਣ ਦੇ ਬਾਵਜੂਦ ਵੀ ਕੈਸਰਾ ਅਤੇ ਸਾਹਿਦ ਨੇ ਇਕ ਗਾਹਕ ਨਾਲ ਉਹਦਾ 'ਨਿਕਾਹ' ਤੈਅ ਕਰ ਦਿੱਤਾ। ਹਾਲਾਂਕਿ ਉਹ ਲੰਦਨ ਵਿਚ ਧੰਦਾ ਕਰਦੀ ਰਹੀ ਸੀ ਪਰ ਉਹ ਮੁਹੱਲੇ ਵਿਚ ਨਵੀਂ ਸੀ ਇਸ ਲਈ ਸ਼ਾਹਿਦ ਨੇ ਉਸਦਾ ਕੁਆਰਾਪਣ ਇਕ ਵਾਰੀ ਫੇਰ ਵੇਚਣ ਦਾ ਪ੍ਰਬੰਧ ਕਰ ਲਿਆ। ਇਕ ਗਾਹਕ ਨੇ ਉਹਨੂੰ ਮੁਲਾਜ਼ਮਤ ਵਜੋਂ ਖਰੀਦ ਲਿਆ ਤੇ ਉਸ ਨੂੰ ਹਰ ਮਹੀਨੇ ਗੁਜ਼ਾਰਾ ਦੇਣ ਦਾ ਵਾਅਦਾ ਕਰ ਲਿਆ ਅਤੇ ਉਸ ਨੂੰ ਧੰਦੇ ਤੋਂ ਮੁਕਤ ਕਰ ਲਿਆ। ਉਹ ਇਸ ਕੰਮ ਵਿਚ ਵੀ ਖੁਸ਼ ਨਹੀਂ ਸੀ ਅਤੇ ਇਹ ਵੀ ਕੁਝ ਮਹੀਨੇ ਬਾਦ ਮੁੱਕ ਗਿਆ। ਰਿਸ਼ਤਾ ਟੁੱਟਣ ਤੋਂ ਬਾਦ ਉਹਨੇ ਫੇਰ ਧੰਦਾ ਸ਼ੁਰੂ ਕਰ ਦਿੱਤਾ। ਇਹ ਮੁਸ਼ਕਿਲ ਵੀ ਨਹੀਂ ਸੀ ਕਿਉਂਕਿ ਉਹ ਗਾਉਂਦੀ ਸੋਹਣਾ ਸੀ ਅਤੇ ਉਹ ਸੁਬਕ ਜਿਹੇ ਸਰੀਰ ਅਤੇ ਲੰਬੇ ਕਾਲੇ ਵਾਲਾਂ ਨਾਲ ਮੁਹੱਲੇ ਦੀਆਂ ਹੋਰ ਔਰਤ ਨਾਚੀਆਂ ਤੋਂ ਕਿਤੇ ਸੋਹਣੀ ਸੀ।

ਕੈਸਰਾ ਦੇ ਚੇਤੇ ਵੇ ਕਿ ਕਿਵੇਂ ਇਕ ਗਾਹਕ ਨੇ ਕਿਰਨ ਦਾ ਦਿਲ ਹੋਰ ਗਾਹਕਾਂ ਨਾਲੋਂ ਕਿਤੇ ਵੱਧ ਛੂਹ ਲਿਆ ਸੀ ਤੇ ਉਹ ਉਹਦੇ ਤੇ ਮਰ ਹੀ ਬੈਠੀ ਸੀ। ਉਹਦੇ ਦੁਆਲੇ ਦੇ ਲੋਕਾਂ ਨੂੰ ਉਹ ਉਦੋਂ ਹੀ ਖੁਸ਼ ਦਿੱਸੀ ਸੀ। ਬਦਕਿਸਮਤੀ ਹੈ ਕਿ ਕੋਈ ਵੀ ਕੰਜਰ ਰੰਡੀ ਪਿਆਰ ਦੇ ਬਖੇੜੇ ਵਿਚ ਨਹੀਂ ਪੈ ਸਕਦੀ ਤੇ ਬਿਰਾਦਰੀ ਦਾ ਦਸਤੂਰ ਨਹੀਂ ਉਲੰਘ ਸਕਦੀ। ਉਹਦਾ ਇਹ ਕੰਮ ਐਨਾ ਮਾੜਾ ਸੀ ਕਿ ਪਰਿਵਾਰ ਨੂੰ ਬਦਨਾਮ ਹੀ ਕਰ ਗਿਆ ਸੀ। ਕਿਰਨ ਉਸ ਬੰਦੇ ਨਾਲ ਨਿਕਾਹ ਕਰਵਾਉਣਾ ਚਾਹੁੰਦੀ ਸੀ ਜੋ ਕਿਸੇ ਜੌਹਰੀ ਦਾ ਪੁੱਤਰ ਸੀ ਅਤੇ ਐਨਾ ਕੁ ਅਮੀਰ ਸੀ ਕਿ ਉਹਨੂੰ ਦੂਜੀ ਔਰਤ ਦੇ ਤੌਰ ਤੇ ਰੱਖ ਸਕਦਾ ਸੀ। ਕਿਰਨ ਨੇ ਹਿੰਮਤ ਕੀਤੀ ਅਤੇ ਬਿਨਾਂ ਕਿਸੇ ਨੂੰ ਕੁਝ ਦੱਸੇ ਉਸ ਵਾਸਤੇ ਘਰੋਂ ਨਿਕਲ ਗਈ। ਉਹਦੇ ਇਸ ਕੰਮ ਨੇ ਸਾਰੇ ਟੱਬਰ ਨੂੰ ਸਦਮੇ ਅਤੇ ਬਦਨਾਮੀ ਦੀ ਹਾਲਤ ਵਿਚ ਲਿਆ ਸੁੱਟਿਆ। ਕੈਸਰਾ ਉਨ੍ਹਾਂ ਦਿਨਾਂ ਨੂੰ ਬੜੇ ਦੁੱਖ ਨਾਲ ਯਾਦ ਕਰਦੀ ਏ ਅਤੇ ਇਹ ਕੱਟਣੇ ਉਹਨੂੰ ਅਪਣੇ ਪਿਉ ਦੇ ਮਰਨ ਦੇ ਦਿਨਾਂ ਤੋਂ ਵੀ ਬਹੁਤੇ ਔਖੇ ਲੱਗੇ ਸਨ। ਮੌਤ ਤਾਂ ਕੁਦਰਤੀ ਗੱਲ ਸੀ ਜਿਸ ਦਾ ਭਾਣਾ ਮੰਨਣਾ ਹੀ ਪੈਂਦਾ ਏ ਪਰ ਕਿਰਨ ਨੇ ਤਾਂ ਉਨ੍ਹਾਂ ਦਾ ਮੂੰਹ ਹੀ ਕਾਲਾ ਕਰ ਦਿੱਤਾ ਸੀ ਅਤੇ ਉਹ ਬਿਰਾਦਰੀ ਸਾਮ੍ਹਣੇ ਮੂੰਹ ਦਿਖਾਉਣ ਜੋਗੇ ਹੀ ਨਹੀਂ ਛੱਡੇ ਸਨ।

ਕੈਸਰਾ. ਅਪਣੇ ਦਿਲ ਹੀ ਦਿਲ ਵਿਚ ਖੁਸ਼ ਸੀ ਕਿ ਜੋ ਕਿਰਨ ਚਾਹੁੰਦੀ ਸੀ ਉਹਨੂੰ ਮਿਲ ਗਿਆ। ਐਪਰ, ਉਹਦੀ ਉਦਾਸੀ ਇਸ ਕਾਰਨ ਨਹੀਂ ਸੀ ਕਿ ਉਹ ਐਨੇ ਵੱਡੇ ਪਰਿਵਾਰ ਵਿਚ ਮੂੰਹ ਦਿਖਾਉਣ ਜੋਗੀ ਨਹੀਂ ਰਹੀ ਬਲਕਿ ਇਸ ਕਰਕੇ ਵੀ ਸੀ ਕਿ ਉਹ ਬੰਦਾ ਕਿਸੇ ਦਿਨ ਕਿਰਨ ਨਾਲੋਂ ਨਾਤਾ ਤੋੜ ਕੇ ਉਹਨੂੰ ਦੁੱਖ ਪਹੁੰਚਾਏਗਾ। ਉਹਦੇ ਧਿਆਨ ਵਿਚ ਹਮੇਸ਼ਾ ਬੂਹੇ ਵਿਚ ਖੜ੍ਹੀ ਕਿਰਨ ਦਾ ਉਦਾਸ ਚਿਹਰਾ ਦਿਖਾਈ ਦਿੰਦਾ ਰਹਿੰਦਾ ਇਸ ਲਈ ਉਹ ਉਸ ਨਾਲ ਸੰਪਰਕ ਪੂਰੀ ਤਰ੍ਹਾਂ ਤੋੜਨਾ ਵੀ ਨਹੀਂ ਸੀ ਚਾਹੁੰਦੀ। ਜੇ ਕਿਤੇ ਕਿਰਨ ਨੂੰ ਬਾਦ ਵਿਚ ਵੀ ਪਰਿਵਾਰ ਦੀ ਮਦਦ

ਦੀ ਲੋੜ ਪਈ ਤਾਂ ਉਹ ਚਾਹੁੰਦੀ ਸੀ ਕਿ ਉਸ ਕੋਲ ਵਾਪਸ ਆਉਣ ਲਈ ਥਾਂ ਹੋਵੇ। ਪਰ ਸ਼ਮਸਾ ਤਾਂ ਅੱਗ-ਭਬੂਕਾ ਹੋਈ ਫਿਰਦੀ ਸੀ ਅਤੇ ਨਹੀਂ ਚਾਹੁੰਦੀ ਸੀ ਕਿ ਕੋਈ ਵੀ ਕਿਰਨ ਨਾਲ ਸੰਪਰਕ ਰੱਖੇ। ਸ਼ਾਇਦ ਉਹਨੂੰ ਅਪਣਾ ਹੀ ਜੀਵਨ ਫਿਲਮ ਦੇ ਰੂਪ ਵਿਚ ਅਪਣੇ ਸਾਮ੍ਹਣੇ ਚੱਲਦਾ ਨਜ਼ਰ ਆ ਰਿਹਾ ਸੀ। ਕੈਸਰਾ ਨੇ ਦੱਸਿਆ ਕਿ ਜੋ ਕਿਰਨ ਦੀ ਕਿਸਮਤ ਵਿਚ ਲਿਖਿਆ ਸੀ ਹੋ ਗਿਆ ਪਰ ਸ਼ਮਸਾ ਇਸ ਦਾ ਦੋਸ ਅਪਣੀ ਛੋਟੀ ਭੈਣ ਤੇ ਮੜਦੀ ਸੀ ਕਿ ਉਹਨੇ ਪ੍ਰਬੰਧ ਠੀਕ ਨਹੀਂ ਰੱਖਿਆ ਇਸ ਕਰਕੇ ਹੀ ਇਹ ਗੱਲ ਵਾਪਰ ਗਈ ਹੈ। ਕੈਸਰਾ ਸ਼ਮਸਾ ਦੇ ਦੋਸ਼ ਅਤੇ ਦਬਾਉ ਦੇ ਬੋਝ ਦੇ ਬਾਵਜੂਦ ਵੀ ਕਿਰਨ ਨੂੰ ਐਨਾ ਚਾਹੁੰਦੀ ਸੀ ਕਿ ਉਸ ਨਾਲੋਂ ਅਪਣਾ ਨਾਤਾ ਤੋੜ ਨਾ ਸਕੀ। ਉਹ ਚੋਰੀ-ਛੁਪੇ ਉਸ ਕੋਲ ਜਾਂਦੀ ਅਤੇ ਪੁੱਛਦੀ ਕਿ ਉਸ ਨੂੰ ਕਿਸੇ ਹੋਰ ਚੀਜ਼ ਦੀ ਲੋੜ ਤਾਂ ਨਹੀਂ। ਉਹ ਸਿਰਫ ਇਕ ਯਕੀਨ ਚਾਹੁੰਦੀ ਸੀ ਕਿ ਕਿਰਨ ਦਾ ਪਤੀ ਨਾ ਤਾਂ ਉਹਨੂੰ ਗਾਲ੍ਹਾਂ ਕੱਢਦਾ ਹੋਵੇ ਤੇ ਨਾਂ ਹੀ ਕੰਜੂਸ ਹੋਵੇ।

ਜਿਸ ਦੌਰ ਵਿਚ ਕੈਸਰਾ ਉਹਦੇ ਨਾਲ ਸੰਪਰਕ ਵਿਚ ਰਹੀ ਉਸ ਦੌਰਾਨ ਕਿਰਨ ਦੇ ਚਾਰ ਬੱਚੇ ਸਨ। ਉਹ ਲਾਹੌਰ ਵਿਚ ਹੀ ਰਹਿ ਰਹੀ ਸੀ। ਹਾਲਾਂਕਿ ਬੰਦੇ ਦੇ ਪਰਿਵਾਰ ਨੇ ਉਸਨੂੰ ਕਦੀ ਪ੍ਰਵਾਨ ਨਹੀਂ ਕੀਤਾ ਪਰ ਉਸਨੇ ਉਹਦੇ ਲਈ ਵੱਖਰਾ ਘਰ ਲੈ ਦਿੱਤਾ ਅਤੇ ਉਹ ਉਸ ਨੂੰ ਅਪਣੀ ਪਤਨੀ ਦੇ ਤੌਰ ਤੇ ਸੱਚਾ ਪਿਆਰ ਕਰਦਾ ਲੱਗਦਾ ਸੀ। ਕਿਰਨ ਵੀ ਬੜੀ ਸਾਫ ਰਹੀ ਅਤੇ ਉਹ ਕਦੀ ਵੀ ਅਪਣੇ ਪੁਰਾਣੇ ਧੰਦੇ ਜਾਂ ਘਰ ਵਿਚ ਨਹੀਂ ਮੁੜੀ। ਪੰਜ ਕੁ ਸਾਲ ਬਾਦ ਕਿਰਨ ਦੇ ਪਤੀ ਕੈਸਰਾ ਨੂੰ ਮਿਲਣ ਤੋਂ ਵੀ ਮਨ੍ਹਾਂ ਕਰ ਦਿੱਤਾ ਅਤੇ ਕਿਹਾ ਕਿ ਉਹ ਅਤੀਤ ਨਾਲ ਕੋਈ ਵੀ ਰਿਸ਼ਤਾ ਨਾ ਰੱਖੇ। ਸ਼ਾਇਦ ਕੈਸਰਾ ਦੇ ਕਦੇ ਕਦੇ ਆਉਣ ਤੋਂ ਵੀ ਉਹਨੂੰ ਖਤਰਾ ਸੀ ਕਿ ਸ਼ਾਇਦ ਉਹ ਫੇਰ ਕਦੇ ਨਾ ਕਦੇ ਕਿਤੇ ਕਿਰਨ ਨੂੰ ਵਾਪਸ ਧੰਦੇ ਵਿਚ ਨਾ ਲੈ ਜਾਵੇ। ਕਿਰਨ ਨੇ ਕੈਸਰਾ ਨੂੰ ਆਖ ਦਿੱਤਾ ਕਿ ਉਹ ਨਾ ਆਇਆ ਕਰੇ ਕਿਉਂਕਿ ਉਹ ਚਾਹੁੰਦੀ ਏ ਕਿ ਜੋ ਵਾਅਦਾ ਉਸਨੇ ਅਪਣੇ ਪਤੀ ਨਾਲ ਕੀਤਾ ਏ ਉਹ ਉਸ ਤੇ ਭਰੋਸਾ ਕਰਦਾ ਰਹੇ।

ਬਿਰਾਦਰੀ ਵਿਚ ਹੁਣ ਕਿਰਨ ਦੀ ਗੱਲ ਕੋਈ ਨਹੀਂ ਕਰਦਾ। ਉਹਨੇ ਪਰਿਵਾਰ ਦਾ ਮੂੰਹ ਕਾਲਾ ਕਰ ਦਿੱਤਾ ਸੀ। ਕਈ ਵਾਰੀ ਜਦੋਂ ਗੱਲ ਗਾਉਣ ਦੀ ਚੱਲ ਪੈਂਦੀ ਏ ਤਾਂ ਭਾਵੇਂ ਕੋਈ ਉਹਦੀ ਹੋਵੇ। ਆਮ ਤੌਰ ਤੇ ਇਸ ਤੇ ਕੋਈ ਟਿੱਪਣੀ ਨਾ ਹੁੰਦੀ। ਉਹਦਾ ਨਾਂ ਚੁੱਪ ਵਿਚ ਹੀ ਲਿਪਟਿਆ ਰਹਿੰਦਾ। ਨਾ ਹੀ ਕਦੀ ਲੈਲਾ ਦੇ ਟੱਬਰ ਨੇ ਕਿਰਨ ਦਾ ਜ਼ਿਕਰ ਕੀਤਾ। ਮੈਨੂੰ ਉਦੋਂ ਤੱਕ ਉਹਦੀ ਮਿੱਠੀ ਆਵਾਜ਼ ਨੂੰ ਯਾਦ ਕਰਕੇ ਕਿਰਨ ਦਾ ਨਾਂ ਲੈ ਲੈਂਦਾ ਦੇ ਬਾਰੇ ਕੁਝ ਨਹੀਂ ਪਤਾ ਸੀ ਜਦੋਂ ਤਕ ਕਿ ਬੌਬੀ ਦੀ ਵਾਪਸੀ ਨੇ ਆਕੇ ਪੁਰਾਣੀਆਂ ਯਾਦਾਂ ਦਾ ਹੜ੍ਹ ਨਹੀਂ ਖੋਲ੍ਹ ਦਿੱਤਾ। ਆਮ ਤੋਰ ਤੇ ਕੈਸਰਾ ਬੜੀ ਮਜ਼ਬੂਤ ਸੀ ਪਰ ਉਹ ਅਪਣੇ ਦੁੱਖਾਂ ਨੂੰ ਯਾਦ ਕਰਕੇ ਘੰਟਿਆ ਬੱਧੀ ਹਨੇਰੇ ਕਮਰੇ ਦੇ ਕੋਨੇ ਵਿਚ ਬੈਠੀ ਰੋਂਦੀ ਰਹਿੰਦੀ। ਲੈਲਾ ਉਹਨੂੰ ਖਿੱਚ ਕੇ ਬੈਠਕ ਵਿਚ ਲਿਆਉਣ ਦੀ ਕੋਸ਼ਿਸ਼ ਕਰਦੀ ਤਾਂ ਕਿ ਉਹ ਬੱਬੀ ਨਾਲ ਗੱਲ ਕਰੇ ਕਿ ਕੀ ਵਾਪਰ ਗਿਆ ਏ ਪਰ ਕੈਸਰਾ ਇਕੱਲੀ ਹੀ ਰਹਿਣਾ ਚਾਹੁੰਦੀ ਤਾਂ ਕਿ ਉਹ ਆਪਣਾ ਗੁਬਾਰ ਕੱਢ ਸਕੇ ਜੋ ਕਿ ਉਹਨੇ ਸਖਤੀ ਨਾਲ ਅਪਣੇ ਅੰਦਰ ਦਬਾ ਰੱਖਿਆ ਸੀ। ਉਹ ਹਰ ਯਾਦ ਨੂੰ ਇਕ-ਇਕ ਕਰਕੇ ਫੋਲਦੀ ਰਹਿੰਦੀ।

ਕੈਸਰਾ ਅਤੇ ਸ਼ਮਸਾ ਦੇ ਸਬੰਧਾਂ ਵਿਚ ਹਰ ਵੇਲੇ ਤਣਾਉ ਰਹਿੰਦਾ ਸੀ ਅਤੇ ਵਧਣ ਦੇ ਨਾਲ-ਨਾਲ ਉਨ੍ਹਾਂ ਵਿਚ ਇਕ ਤਰ੍ਹਾਂ ਦੀ ਮੁਕਾਬਲੇ ਦੀ ਭਾਵਨਾ ਰਹਿੰਦੀ ਸੀ। ਦੋਵੇਂ ਸੁੰਦਰ ਸਨ

ਪਰ ਸ਼ਮਸਾ ਹਮੇਸ਼ਾ ਹੀ ਵਧੇਰੇ ਧਿਆਨ ਖਿੱਚਦੀ ਸੀ। ਹਾਲਾਂਕਿ ਉਨ੍ਹਾਂ ਵਿਚਕਾਰ ਸਿਰਫ ਇਕ ਸਾਲ ਦਾ ਫਰਕ ਸੀ ਪਰ ਸ਼ਮਸਾ ਨੂੰ ਹਮੇਸ਼ਾ ਵੱਡੀ ਕੁੜੀ ਹੋਣ ਦਾ ਫਾਇਦਾ ਮਿਲਦਾ। ਨੱਥ ਉਤਰਵਾਈ ਦੇ ਮੌਕੇ ਤੇ ਵੀ ਉਹਨੇ ਕੈਸਰਾ ਨੂੰ ਪਛਾੜ ਦਿੱਤਾ ਸੀ ਅਤੇ ਆਪਣਾ ਪਹਿਲਾ ਗਾਹਕ, ਇਕ ਨਵਾਬ ਦਾ ਪੁੱਤਰ, ਮਿਲਣ ਤੇ ਬੜਾ ਮਾਣ ਕਰਦੀ ਹੁੰਦੀ ਸੀ। ਨਵਾਬ ਦਾ ਪਰਿਵਾਰ ਭਾਵੇਂ ਅਪਣੀ ਜਗੀਰਦਾਰੀ ਗੁਆ ਬੈਠਾ ਸੀ ਅਤੇ ਉਨ੍ਹਾਂ ਕੋਲ ਬਹੁਤਾ ਪੈਸਾ ਵੀ ਨਹੀਂ ਸੀ, ਪਰ ਉਨ੍ਹਾਂ ਦਾ ਵਤੀਰਾ ਜੀਵਨ ਪ੍ਰਤਿ ਬਹੁਤਾ ਨਹੀਂ ਬਦਲਿਆ ਸੀ, ਕੈਸਰਾ ਦਾ ਪਹਿਲਾ ਗਾਹਕ ਇਕ ਵਪਾਰੀ ਸੀ ਜਿਸ ਵਿਚ ਕੁਦਰਤੀ ਹੈ, ਨਵਾਬ ਦੇ ਪੁੱਤਰ ਵਾਲੀ ਤੜਕ-ਭੜਕ ਨਹੀਂ ਸੀ।

ਸ਼ਮਸਾ ਵਾਸਤੇ ਦੋ ਬੱਚੇ ਗੋਦ ਲੈਣ ਵੇਲੇ ਉਹਦੇ ਪਰਿਵਾਰ ਨੂੰ ਕੈਸਰਾ ਬਾਰੇ ਵੀ ਸੋਚਣਾ ਚਾਹੀਦਾ ਸੀ। ਸਿਰਫ ਵੱਡੀ ਕੁੜੀ ਕੋਲ ਹੀ ਬੱਚੇ ਨਹੀਂ ਹੋਣੇ ਚਾਹੀਦੇ ਸਨ। ਕੈਸਰਾ ਦਾ ਕੰਮ ਸ਼ਾਹਿਦ ਦੀ ਬੀਵੀ ਅਤੇ ਉਹਦੇ ਬੱਚਿਆਂ ਦੀ ਸੰਭਾਲ ਦਾ ਹੀ ਰਹਿ ਗਿਆ, ਜਿਹੜੇ ਸਾਰੇ ਹੀ ਮੁੰਡੇ ਸਨ। ਭਾਵੇਂ ਲੈਲਾ ਅਤੇ ਯਾਸਮੀਨ ਤੇ ਉਹਦਾ ਹੱਕ ਸੀ ਪਰ ਕੈਸਰਾ ਹਮੇਸ਼ਾ ਸੋਚਦੀ ਕਿ ਉਹਦੀ ਭਵਿੱਖੀ ਸੁਰੱਖਿਆ ਸ਼ਮਸਾ ਤੋਂ ਮੰਗਵੀਂ ਹੀ ਹੈ। ਇਨ੍ਹਾਂ ਕੁੜੀਆਂ ਦੀ ਸਾਲਾਂਬੱਧੀ ਸੰਭਾਲ ਕਰਨ ਤੋਂ ਬਾਦ ਵੀ ਉਹਨੂੰ ਡਰ ਰਹਿੰਦਾ ਸੀ ਕਿ ਸ਼ਮਸਾ ਆਏਗੀ ਅਤੇ ਉਨ੍ਹਾਂ ਤੋਂ ਲਾਹਾ ਖੱਟੇਗੀ ਅਤੇ ਇਹ ਡਰ ਕੋਈ ਐਵੇਂ ਵੀ ਨਹੀਂ ਸੀ ਕਿਉਂਕਿ ਪਹਿਲਾਂ ਵੀ ਸ਼ਮਸਾ ਖੁਦਗਰਜ਼ੀ ਦਿਖਾਉਂਦੇ ਹੋਏ ਕਿਰਨ, ਸ਼ਾਹਿਦ ਅਤੇ ਨਵੀਂ ਜੰਮੀ ਬੱਚੀ ਨੂੰ ਅਪਣੇ ਨਾਲ ਲੈ ਗਈ ਸੀ ਤੇ ਕੈਸਰਾ ਦੇ ਭਵਿੱਖ ਬਾਰੇ ਇਕ ਬਾਰ ਵੀ ਨਹੀਂ ਸੋਚਿਆ ਸੀ। ਕੈਸਰਾ ਨੂੰ ਅਪਣੀ ਪਸੰਦ ਨਾਲੋਂ ਵਧੇਰੇ ਚਿਰ ਤੱਕ ਰੰਡੀ ਦਾ ਪੇਸ਼ਾ ਹੀ ਕਰਨਾ ਪਿਆ ਸੀ ਅਤੇ ਉਹ ਮਾਯੂਸੀ ਨਾਲ ਲੈਲਾ ਦੇ ਵੱਡੇ ਹੋਣ ਦੀ ਉਡੀਕ ਕਰਦੀ ਰਹੀ ਸੀ। ਅਪਣੀ ਜਾਇਦਾਦ ਅਤੇ ਕਿਰਾਏਦਾਰਾਂ ਤੋਂ ਮਿਲਣ ਵਾਲੇ ਮਾਹਵਾਰੀ ਕਿਰਾਏ ਤੋਂ ਬਿਨਾਂ ਤਾਂ ਉਹਨੇ ਗਲੀਆਂ ਵਿਚ ਹੀ ਆ ਜਾਣਾ ਸੀ। ਲੈਲਾ ਦੇ ਧੰਦਾ ਸ਼ੁਰੂ ਕਰਨ ਤੋਂ ਪਹਿਲਾਂ ਉਹਨੂੰ ਅਪਣਾ ਕੋਠਾ ਹੋਰ ਨਾਚੀਆਂ ਦੀ ਮਦਦ ਨਾਲ ਹੀ ਚਲਾਉਣਾ ਪਿਆ ਸੀ। ਉਹ ਕਿਉਂਕਿ ਡੇਰੇਦਾਰ ਦੀ ਹੈਸੀਅਤ ਵਿਚ ਹੀ ਕੰਮ ਕਰਦੀ ਸੀ ਅਪਣੀ ਥਾਂ ਮੁਹੱਈਆ ਕਰਕੇ, ਅਤੇ ਮੁਜਰੇ ਦੀ ਪ੍ਰਬੰਧਕ ਨਹੀਂ ਹੁੰਦੀ ਸੀ ਇਸ ਲਈ ਉਹਨੂੰ ਹਿੱਸਾ ਵੀ ਡੇਰੇਦਾਰ ਦਾ ਹੀ ਮਿਲਦਾ ਸੀ। ਉਹ ਬੜੇ ਮੁਸ਼ਕਿਲ ਦਿਨ ਸਨ ਜਦੋਂ ਬਹੁਤ ਸਾਰਿਆਂ ਨੂੰ ਪਾਲਣਾ ਪੈਂਦਾ ਸੀ ਅਤੇ ਇਸ ਤੋਂ ਵੀ ਵੱਧ ਲੈਲਾ ਦੀ ਜ਼ਿੱਦ ਵੀ ਝੱਲਣੀ ਪੈਂਦੀ ਸੀ। ਬਾਦ ਵਿਚ ਜਦੋਂ ਸ਼ਮਸਾ ਨੂੰ ਕਿਰਨ ਨਾਲ ਮੁਸ਼ਕਿਲਾਂ ਪੈਦਾ ਹੋ ਗਈਆਂ ਤਾਂ ਉਹਨੇ ਕਿਰਨ ਨੂੰ ਵਾਪਸ ਭੇਜ ਦਿੱਤਾ ਕਿਉਂਕਿ ਉਹਨੂੰ ਪਤਾ ਸੀ ਕਿ ਕੈਸਰਾ ਉਹਦਾ ਖਿਆਲ ਰੱਖੇਗੀ। ਬਾਦ ਵਿਚ ਕਿਰਨ ਦੇ ਭੱਜਣ ਅਤੇ ਨਿਕਾਹ ਕਰਵਾਉਣ ਦਾ ਠੂਣਾ ਵੀ ਕੈਸਰਾ ਦੇ ਸਿਰ ਤੇ ਹੀ ਭੱਜਾ।

ਸ਼ਾਹਿਦ ਥੋੜ੍ਹਾ ਬਹੁਤ ਇਮਦਾਦੀ ਸੀ ਪਰ ਉਸ ਤੇ ਪੂਰਾ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ। ਕਈ ਵਾਰੀ ਉਹ ਸ਼ਮਸਾ ਦੇ ਏਜੰਟ ਵਾਂਗ ਵਿਹਾਰ ਕਰਦਾ ਤੇ ਜਦੋਂ ਉਹਦੀ ਸ਼ਮਸਾ ਨਾਲ ਨਾ ਬਣਦੀ ਤੇ ਲੜਾਈ ਹੋ ਜਾਂਦੀ ਤਾਂ ਉਹ ਕੈਸਰਾ ਕੋਲ ਆ ਜਾਂਦਾ। ਉਹ ਕਦੀ ਵੀ ਉਸ ਤੇ ਪੂਰਾ ਇਤਬਾਰ ਨਾ ਕਰ ਸਕੀ। ਕੈਸਰਾ ਹਰ ਵੇਲੇ ਸ਼ਮਸਾ ਦਾ ਹੱਥ ਉੱਤੇ ਸਮਝਦੀ ਕਿਉਂਕਿ ਉਹ ਸ਼ਹਿਦ ਨੂੰ ਜਿਵੇਂ ਚਾਹੇ ਚਲਾ ਸਕਦੀ ਸੀ। ਸ਼ਮਸਾ ਜਦੋਂ ਦੀ ਲੰਦਨ ਤੋਂ ਗੇੜਾ ਮਾਰਨ ਆਉਂਦੀ ਦੋਵੇਂ ਭੈਣਾਂ ਦੀ ਲੜਾਈ ਹੀ ਹੁੰਦੀ ਰਹਿੰਦੀ। ਕੈਸਰਾ ਅਪਣੀ ਭੈਣ ਨਾਲ ਪਿਆਰੇ ਰਿਸ਼ਤੇ ਦੀ

ਤਾਂਘ ਰੱਖਦੀ ਸੀ ਪਰ ਇਹ ਸੁਪਨਾ ਕਦੀ ਵੀ ਸੱਚ ਨਾ ਹੋਇਆ। ਜਦੋਂ ਲੈਲਾ ਨੂੰ ਧੰਦੇ ਵਿਚ ਪਾਇਆ ਜਾ ਰਿਹਾ ਸੀ ਉਸ ਵੇਲੇ ਵੀ ਸ਼ਮਸਾ ਨੇ ਗੇੜਾ ਮਾਰਿਆ ਸੀ ਅਤੇ ਉਸ ਨੇ ਲੈਲਾ ਦੇ ਬਾਗੀ ਵਤੀਰੇ ਨੂੰ ਬੜਾ ਗੰਭੀਰ ਸੰਕਟ ਹੀ ਬਣਾ ਦਿੱਤਾ ਸੀ। ਕੈਸਰਾ ਨੂੰ ਯਾਦ ਸੀ ਕਿਵੇਂ ਚੀਖ-ਚੀਖ ਕੇ ਉਹਨੇ ਜਮੀਲਾ ਨੂੰ ਬੱਚਿਆ ਸਮੇਤ ਉਹਦੀ ਮਾਂ ਦੇ ਘਰ ਭੇਜ ਦਿੱਤਾ ਸੀ। ਜਮੀਲਾ ਇਕ ਆਗਿਆਕਾਰ ਨੂੰਹ ਸੀ ਤੇ ਕੈਸਰਾ ਉਹਨੂੰ ਪਸੰਦ ਕਰਦੀ ਸੀ ਅਤੇ ਸਮਝਦੀ ਸੀ ਕਿ ਉਹ ਅਜਿਹੇ ਵਤੀਰੇ ਦੀ ਹੱਕਦਾਰ ਨਹੀਂ। ਪਰ ਉਹਨੂੰ ਸਾਂਝ ਦਿਖਾਉਣ ਲਈ ਸ਼ਮਸਾ ਨਾਲ ਖੜ੍ਹਨਾ ਪਿਆ ਸੀ। ਉਹਨੂੰ ਸ਼ਮਸਾ ਦਾ ਲੰਦਨ ਤੋਂ ਆਉਣਾ ਪਸੰਦ ਨਹੀਂ ਸੀ ਅਤੇ ਇਸ ਨੂੰ ਉਹ ਬਿਲਕੁਲ ਪਸੰਦ ਨਹੀਂ ਕਰਦੀ ਸੀ ਕਿ ਉਹ ਆ ਕੇ ਕੈਸਰਾ ਤੋਂ ਇਹ ਕਹਿ ਕੇ ਪ੍ਰਬੰਧਕੀ ਖੋਹ ਲਵੇ ਕਿ ਉਹ ਕੈਸਰਾ ਨਾਲੋਂ ਚੰਗੀ ਪ੍ਰਬੰਧਕ ਏ ਅਤੇ ਉਹ ਕੁੜੀਆਂ ਨੂੰ ਠੀਕ ਤਰ੍ਹਾਂ ਕਾਬੂ ਵਿਚ ਨਹੀਂ ਰੱਖ ਸਕਦੀ। ਇਹ ਸਭ ਕੁਝ ਸਿਰਫ ਕੈਸਰਾ ਨੂੰ ਨੀਚਾ ਦਿਖਾਉਣ ਲਈ ਹੁੰਦਾ ਸੀ। ਭਾਵੇਂ ਉਹ ਦਿਲ ਹੀ ਦਿਲ ਵਿਚ ਇਸ ਤੇ ਕੁੜ੍ਹਦੀ ਪਰ ਕੈਸਰਾ ਵਿਚ ਇਹ ਹਿੰਮਤ ਨਾ ਹੁੰਦੀ ਕਿ ਉਹ ਸ਼ਮਸਾ ਨੂੰ ਕਹਿ ਸਕੇ ਕਿ ਉਸ ਤੋਂ ਹੀ ਕੁੜੀਆਂ ਕਾਬੂ ਨਹੀਂ ਹੁੰਦੀਆਂ।

ਹੁਣ ਬੌਬੀ ਆ ਗਈ ਸੀ। ਜਦੋਂ ਅਜੇ ਉਹ ਬੱਚੀ ਸੀ ਸ਼ਮਸਾ ਉਸ ਨੂੰ ਉਦੋਂ ਲੈ ਗਈ ਸੀ। ਜਦ ਉਹ ਵੱਡੀ ਹੋ ਗਈ ਤਾਂ ਸ਼ਮਸਾ ਨੇ ਉਹਨੂੰ ਲੰਦਨ ਵਿਚ ਧੰਦੇ ਵਿਚ ਪਾ ਦਿੱਤਾ; ਤੇ ਹੁਣ ਸਮੱਸਿਆ ਖੜ੍ਹੀ ਹੋਣ ਤੇ ਉਹਨੇ ਉਹਨੂੰ ਵਾਪਸ ਕੈਸਰਾ ਕੋਲ ਭੇਜ ਦਿੱਤਾ। ਡਰ ਦੀ ਮਾਰੀ ਨੇ ਉਹਨੇ ਸੋਚਿਆ ਕਿ ਫੇਰ ਕੀ ਹੋਏਗਾ ਜੇ ਬੌਬੀ ਗਰਭਵਤੀ ਹੋਈ। ਕੀ ਪਤਾ ਉਹ ਲੰਦਨ ਵਿਚ ਕਿਸੇ ਬੰਦੇ ਦੇ ਪਿਅਰ ਵਿਚ ਫਸੀ ਹੋਈ ਹੋਵੇ। ਕੀ ਪਤਾ ਉਹ ਨਸ਼ੇ ਕਰਦੀ ਹੋਵੇ? ਕੈਸਰਾ ਕੋਲ ਦਮ ਨਹੀਂ ਸੀ ਕਿ ਉਹ ਸਮੱਸਿਆ ਵਾਲਾ ਇਕ ਹੋਰ ਮਾਮਲਾ ਸੰਭਾਲ ਸਕੇ। ਬੌਬੀ ਦੇ ਆਉਣ ਤੋਂ ਇਕ ਦਿਨ ਬਾਦ ਹੀ ਸ਼ਮਸਾ ਦਾ ਫ਼ੋਨ ਆਇਆ, ਉਹ ਦੀ ਅਵਾਜ਼ ਵਿਚ ਮਾਫੀ ਜਾਂ ਬੇਨਤੀ ਵਾਲੀ ਕੋਈ ਗੱਲ ਨਹੀਂ ਸੀ ਕਿ ਕੈਸਰਾ ਨੇ ਬੌਬੀ ਨੂੰ ਸੰਭਾਲ ਲਿਆ ਏ। ਉਹਦੀ ਅਵਾਜ਼ ਇਸ ਤਰਜ਼ ਵਿਚ ਸੀ ਜਿਵੇਂ ਮਾਲਕ ਅਪਣੇ ਮਾਤਹਿਤ ਨੂੰ ਆਦੇਸ਼ ਦੇ ਰਿਹਾ ਹੋਵੇ। ਉਹਨੇ ਕੈਸਰਾ ਨੂੰ ਦੱਸਿਆ ਕਿ ਬੌਬੀ ਦੀ ਹਾਲਤ ਅਕਸਰ ਖਰਾਬ ਹੋ ਜਾਂਦੀ ਏ ਕਿਉਂਕਿ ਉਹ ਨੂੰ ਬਹੁਤ ਜ਼ਿਆਦਾ ਪੀਣ ਦੀ ਆਦਤ ਪਈ ਹੋਈ ਏ। ਉਹਨੇ ਕੈਸਰਾ ਨੂੰ ਹੁਕਮ ਦਿੱਤਾ ਕਿ ਉਹ ਬੌਬੀ ਦਾ ਪਾਸਪੋਰਟ ਲੈ ਕੇ ਛੁਪਾ ਦੇਵੇ। ਕੈਸਰਾ ਨੇ ਉਹੀ ਕੀਤਾ ਜੋ ਉਹਦੀ ਭੈਣ ਨੇ ਕਰਨ ਲਈ ਕਿਹਾ ਪਰ ਉਹਨੇ ਮਹਿਸੂਸ ਕੀਤਾ ਕਿ ਉਹ ਉਹਨੂੰ ਵਰਤ ਰਹੀ ਏ।

# ਨਾਇਕਾ ਬਣਨ ਦਾ ਸਫ਼ਰ

ਲੈਲਾ ਨੇ ਇਕ ਮੁੰਡੇ ਨੂੰ ਜਨਮ ਦਿੱਤਾ– ਇਹ ਬੜਾ ਮਾੜਾ ਮੌਕਾ ਸੀ। ਉਹਨੇ ਇਹ ਸੋਚ ਕੇ ਖੁਦ ਨੂੰ ਭੁਲੇਣ ਦਾ ਯਤਨ ਕੀਤਾ ਕਿ ਚਲੋ ਕੋਈ ਨਹੀਂ ਇਹ ਤਾਂ ਅਜੇ ਉਹਦਾ ਪਹਿਲਾ ਬੱਚਾ ਏ ਅਤੇ ਹੁਣ ਉਹ ਮਾਂ ਬਣ ਗਈ ਏ। ਲੈਲਾ ਨੂੰ ਵੀ ਇਹ ਚੰਗਾ ਲੱਗਾ ਸੀ ਤੇ ਉਹ ਵੀ ਸੰਭਾਲ ਲਈ ਇੱਕ ਬੱਚਾ ਹੋਣ ਤੇ ਖੁਸ਼ ਸੀ। ਇਸ ਦੇ ਸਾਰੇ ਔਖੇ ਕੰਮ ਜਮੀਲਾ ਨੇ ਪੂਰੇ ਕੀਤੇ, ਉਹ ਉਹਨੂੰ ਨੁਹਾਉਂਦੀ, ਉਹ ਦਾ ਧਿਆਨ ਰੱਖਦੀ ਪਰ ਲੈਲਾ ਉਹਦੇ ਨਾਲ ਖੇਡਣਾ ਤੇ ਪਿਆਰ ਕਰਨਾ ਪਸੰਦ ਕਰਦੀ। ਕੈਸਰਾ ਦੇ ਲੈਲਾ ਲਈ ਕੋਈ ਪੱਕਾ ਪ੍ਰਬੰਧ ਕਰਨ ਅਤੇ ਉਸ ਨੂੰ ਗਰਭਵਤੀ ਕਰਵਾਉਣ ਦੇ ਉਹਦੇ ਸਾਰੇ ਯਤਨ ਬੇਕਾਰ ਗਏ ਨੇ ਅਤੇ ਉਹ ਇਸ ਕਰਕੇ ਵੀ ਨਿਰਾਸ਼ ਸੀ ਕਿ ਲੈਲਾ ਨੂੰ ਪੂਰੇ ਇਕ ਸਾਲ ਦੀ ਮੇਹਨਤ ਗਵਾਉਣੀ ਪਈ ਏ ਅਤੇ ਬਿਨਾਂ ਕਿਸੇ ਗੱਲੋਂ ਉਹਦਾ ਧੰਦੇ ਦਾ ਵਿਕਾਸ ਵੀ ਰੁਕਿਆ ਏ। ਉਹ ਆਪਣੇ ਫਿਕਰਾਂ ਬਾਰੇ ਚੁੱਪ ਸੀ ਪਰ ਉਹ ਨਾਲ ਹੀ ਗੁਜ਼ਾਰਿਸ਼ ਵੀ ਕਰਦੀ ਜਾ ਰਹੀ ਸੀ ਕਿ ਖ਼ੁਦਾ ਅੱਗੋਂ ਤੂੰ ਲੈਲਾ ਲਈ ਕੁੜੀ ਦੀ ਬਖਸ਼ਿਸ਼ ਕਰ।

ਸਲੀਮ ਤੋਂ ਮੁੰਡਾ ਹੋਣਾ ਪਰਿਵਾਰ ਲਈ ਇਕ ਚੰਗਾ ਬਹਾਨਾ ਸੀ ਕਿ ਸਲੀਮ ਉੱਤੇ ਦਬਾਉ ਪਾਕੇ ਮਾਸਿਕ ਗੁਜ਼ਾਰਾ ਵਧਾਇਆ ਜਾ ਸਕੇ। ਨਰ ਬੱਚੇ ਤੋਂ ਕੈਸਰਾ ਘੱਟੋ-ਘੱਟ ਇਹ ਲਾਹਾ ਤਾਂ ਲੈਣਾ ਹੀ ਚਾਹੁੰਦੀ ਸੀ ਅਤੇ ਇਹ ਸ਼ਿਕਾਇਤ ਉਹਨੇ ਕੀਤੀ ਵੀ ਜੋਰ-ਸ਼ੋਰ ਨਾਲ। ਸਲੀਮ ਜਦ ਵੀ ਉਨ੍ਹਾਂ ਦੇ ਘਰ ਆਉਂਦਾ ਉਹ ਵਧਦੀਆਂ ਕੀਮਤਾਂ ਦੀ ਦੁਹਾਈ ਦਿੰਦੀ ਅਤੇ ਬੱਚੇ ਤੇ ਹੋ ਰਹੇ ਖਰਚੇ ਵਾਸਤੇ ਕੁਰਲਾਉਂਦੀ। ਇਕ ਵਾਰੀ ਜਦੋਂ ਮੈਂ ਉੱਥੇ ਪਹੁੰਚੀ ਅਤੇ ਸਲੀਮ ਬੈਠਕ ਦੇ ਪਿੱਛੇ ਅਪਣੀ ਉਸੇ ਮੰਜੀ ਤੇ ਪਿਆ ਸੀ ਤਾਂ ਕੈਸਰਾ ਨੇ ਮੈਨੂੰ ਉੱਚੀ ਅਵਾਜ਼ ਵਿਚ ਕਿਹਾ ਕਿ ਮੈਨੂੰ ਬੇਬੀ ਫਾਰਮੂਲਾ ਦੀ ਕੀਮਤ ਦਾ ਪਤਾ ਏ।

'ਮੈਨੂੰ ਨਹੀਂ ਪਤਾ,' ਮੈਂ ਜਵਾਬ ਦਿੱਤਾ।

ਉਹਨੇ ਕਿਹਾ, 'ਮੈਂ ਭੁੱਬਾ ਤੋਂ ਪੈਸੇ ਦੇ ਕੇ ਇਕ ਚੀਜ਼ ਮੰਗਾਉਂਦੀ ਹਾਂ ਤੇ ਪਤਾ ਲੱਗਦਾ ਏ ਕਿ ਦੂਜੀ ਖਤਮ ਹੋਈ ਪਈ ਏ। ਨਿਆਣਿਆਂ ਦੇ ਦੁੱਧ, ਕਪੜਿਆਂ ਤੇ ਦਵਾਈਆਂ ਦੇ ਖਰਚੇ ਹੀ ਮਾਣ ਨਹੀਂ। ਮੈਥੋਂ ਇਹ ਸਾਰੇ ਨਹੀਂ ਚੁੱਕ ਹੋ ਰਹੇ। ਇਹ ਖਰਚੇ ਤਾਂ ਬਾਪ ਨੇ ਦੇਣੇ ਹੁੰਦੇ ਨੇ। ਲੈਲਾ ਮੇਰੀ ਧੀ ਸੀ ਤੇ ਉਹਦੇ ਖਰਚੇ ਮੈਂ ਝੱਲੇ ਨੇ। ਹੁਣ ਆਪਣੇ ਮੁੰਡੇ ਦੇ ਖਰਚੇ ਤਾਂ ਉਹਦਾ ਬਾਪ ਝੱਲੇ। ਤੂੰ ਸੁਣ ਰਹੀ ਏਂ ਨਾ, ਫੌਜ਼ੀਆ?'

ਪੂਰੀ ਤਰ੍ਹਾਂ ਇਹ ਸਮਝਦੇ ਹੋਏ ਕਿ ਇਹ ਸਭ ਕੁਝ ਮੇਰੇ ਲਈ ਨਹੀਂ ਏ ਬਲਕਿ ਮੈਨੂੰ ਕਹਿ ਕੇ ਦੂਜੇ ਕਮਰੇ ਵਿਚ ਪਏ ਬੰਦੇ ਨੂੰ ਸੁਣਾਇਆ ਜਾ ਰਿਹਾ ਏ, ਮੈਂ ਜਵਾਬ ਦਿੱਤਾ, 'ਬਿਲਕੁਲ ਸੁਣ ਰਹੀ ਹਾਂ ਮੈਂ।'

'ਲੈਲਾ ਦਾ ਮਾਸਿਕ ਗੁਜ਼ਾਰਾ ਕਿੰਨੀ ਦੇਰ ਪਹਿਲਾਂ ਤੈਅ ਕੀਤਾ ਗਿਆ ਸੀ, 'ਉਹ ਬੋਲਦੀ ਸੀ।' ਤੂੰ ਹੀ ਦੱਸ ਉਸਤੋਂ ਬਾਦ ਕੀਮਤਾਂ ਕਿੰਨੀਆਂ ਚੜ੍ਹ ਗਈਆਂ ਹਨ? ਤੂੰ ਲੈਲਾ ਨੂੰ ਤਾਂ ਜਾਣਦੀ

ਹੀ ਏਂ। ਬੱਚਿਆਂ ਵਾਂਗੂ ਉਹਨੂੰ ਅਪਣੇ ਲਈ ਹਰ ਚੀਜ਼ ਚਾਹੀਦੀ ਏ। ਮੈਨੂੰ ਐਨਾ ਖਰਚਾ ਕਰਨਾ ਪੈ ਰਿਹਾ ਏ! ਅਤੇ ਉਹ ਵਾਧੂ ਪੈਸੇ ਕਮਾਉਣ ਲਈ ਹੋਰ ਕਿਸੇ ਨਾਲ ਧੰਦਾ ਵੀ ਨਹੀਂ ਕਰ ਰਹੀ। ਇਸ ਤਰ੍ਹਾਂ ਕਿਵੇਂ ਜੀਵਾਂਗੇ ਅਸੀਂ? ਤੂੰ ਵੀ ਮੇਰੀ ਧੀ ਵਰਗੀ ਏਂ। ਇਸੇ ਕਰਕੇ ਮੈਂ ਤੈਨੂੰ ਇਹ ਸਭ ਕੁਝ ਦੱਸ ਰਹੀ ਹਾਂ। ਉਹ ਮੇਰੇ ਹੋਰ ਨੇੜੇ ਆ ਗਈ। ਉਹ ਦੀ ਅਵਾਜ਼ ਇਕਦਮ ਹੀ ਧੀਮੀ ਹੋ ਗਈ ਤੇ ਉਹ ਮੇਰੇ ਕੰਨ ਵਿਚ ਫੁਸਫੁਸਾਈ ਤੇ ਅਗਲੇ ਕਮਰੇ ਵੱਲ ਇਸ਼ਾਰਾ ਕਰਕੇ ਬੋਲੀ, 'ਉਹਦੇ ਮਾਪਿਆਂ ਨੂੰ ਪਤਾ ਲੱਗ ਗਿਆ ਏ ਕਿ ਉਹ ਲਾਹੌਰ ਵਿਚ ਕੀ ਗੁਲ ਖਿਲਾਉਂਦਾ ਰਿਹਾ ਏ। ਉਹਦਾ ਬਾਪ ਇੱਥੇ ਵੇ ਤੇ ਉਹਨੇ ਦੁਕਾਨ ਸਾਰੀ ਸਾਂਭ ਲਈ ਏ। ਉਹਨੂੰ ਪਤਾ ਲੱਗ ਗਿਆ ਸੀ ਕਿ ਸਲੀਮ ਦੁਕਾਨ ਤੋਂ ਪੈਸੇ ਲੈਲਾ ਲਈ ਲਿਜਾਂਦਾ ਰਿਹਾ ਏ ਅਤੇ ਉਸਨੇ ਉਹਦਾ ਜੇਬ ਖਰਚਾ ਵੀ ਬੰਦ ਕਰ ਦਿੱਤਾ ਏ। ਹੁਣ ਇਹ ਖਾਲਮ-ਖਾਲੀ ਹੋ ਬੈਠਾ ਏ।'

'ਤੇਰਾ ਕੀ ਖਿਆਲ ਏ ਕਿ ਹੁਣ ਕੀ ਹੋਏਗਾ?' ਮੈਂ ਵੀ ਉਹਨੂੰ ਫੁਸਫੁਸਾ ਕੇ ਪੁੱਛਿਆ।

'ਉਹਨੂੰ ਕਿਤੋਂ ਨਾ ਕਿਤੋਂ ਪੈਸੇ ਲਿਆਉਣੇ ਪੈਣਗੇ। ਰੋਟੀਆਂ ਤੋੜਨ ਸਾਡੇ ਬੂਹੇ ਤੇ ਆ ਜਾਂਦਾ ਏ। ਉਹਨੇ ਪਿਛਲੇ ਦੋ ਮਹੀਨੇ ਦੇ ਪੈਸੇ ਨਹੀਂ ਦਿੱਤੇ।'

ਉਹਨੇ ਫੇਰ ਅਵਾਜ਼ ਉੱਚੀ ਕਰਕੇ ਕਿਹਾ, 'ਦੇਖ ਮੇਰੀ ਬੱਚੀ, ਆਗਿਆਕਾਰ ਪੁੱਤਰ ਨੂੰ ਅਜਿਹੇ ਝਮੇਲੇ ਵਿਚ ਨਹੀਂ ਪੈਣਾ ਚਾਹੀਦਾ। ਇਹ ਤਾਂ ਉਨ੍ਹਾਂ ਲੋਕਾਂ ਦੇ ਕੰਮ ਨੇ ਜਿਹੜੇ ਪੀੜ੍ਹੀਆਂ ਤੋਂ ਅਮੀਰ ਨੇ। ਪਰ ਜੇ ਇਹ ਕਰ ਹੀ ਲਿਆ ਏ ਤਾਂ ਸਾਮ੍ਹਣਾ ਕਰਨਾ ਚਾਹੀਦਾ ਏ। ਆਖਰ ਜੋ ਵੀ ਤੇਰੇ ਮਾਪਿਆਂ ਦਾ ਏ ਉਹ ਤੇਰਾ ਵੀ ਤਾਂ ਹੈ ਵੇ। ਤੇ ਜਦ ਹੁਣ ਤੂੰ ਖੁਦ ਬਾਪ ਬਣ ਗਿਆ ਏਂ ਤਾਂ ਤੇਰੀ ਵੀ ਤਾਂ ਕੋਈ ਜ਼ਿੰਮੇਵਾਰੀ ਏ।'

ਮੈਂ ਸੁਣਿਆਂ ਦੂਜੇ ਕਮਰੇ ਵਿਚੋਂ ਲੈਲਾ ਕੈਸਰਾ ਨੂੰ ਬੁਲਾ ਰਹੀ ਸੀ। ਉਹ ਚਾਹੁੰਦੀ ਸੀ ਕਿ ਕੁਝ ਪੈਸੇ ਦੇ ਕੇ ਕੈਸਰਾ ਭੁੱਬਾ ਤੋਂ ਜਮੀਲਾ ਲਈ ਸਬਜੀਆਂ ਮੰਗਾ ਦੇਵੇ। ਕੈਸਰਾ ਕੁੜ੍ਹ ਰਹੀ ਸੀ। ਜਿਉਂ ਹੀ ਉਹ ਅੰਦਰ ਵੜੀ ਸਲੀਮ ਉੱਠਿਆ ਤੇ ਮੁੱਖ ਦਰਵਾਜ਼ੇ ਵਿਚੋਂ ਬਾਹਰ ਨਿੱਕਲ ਗਿਆ। ਉਹ ਜਰਾ ਰੁਕੀ ਤੇ ਹੈਰਾਨੀ ਨਾਲ ਉਹਦੇ ਵੱਲ ਦੇਖਿਆ ਤੇ ਫੇਰ ਭੈੜਾ ਜਿਹਾ ਮੂੰਹ ਬਣਾ ਲਿਆ। ਸਲੀਮ ਰੁਕਿਆ ਤੇ ਸਹਿਮੀਆਂ ਜਿਹੀਆਂ ਨਜ਼ਰਾਂ ਨਾਲ ਛਿੱਥਾ ਜਿਹਾ ਮੇਰੇ ਵੱਲ ਦੇਖਣ ਲੱਗਾ। ਉਹ ਇਕ ਨਿਆਣਾ ਜਿਹਾ ਲੱਗਦਾ ਸੀ ਜਿਸਨੂੰ ਅਜੇ ਦੁਨੀਆਂਦਾਰੀ ਦੀ ਸਮਝ ਨਾ ਹੋਵੇ ਤੇ ਉਹਨੂੰ ਸਿੱਧਾ ਹੀ ਮਾਂ ਦੀ ਕੁੱਛੜ ਵਿਚੋਂ ਲੈਲਾ ਦੀ ਗੋਦ ਵਿਚ ਆ ਡਿੱਗਾ ਹੋਵੇ। ਉਹ ਖੁਦ ਤੇ ਬਿਲਕੁਲ ਭਰੋਸਾ ਨਹੀਂ ਸੀ ਅਤੇ ਖੁਲ੍ਹੀ ਜਿਹੀ ਸਲਵਾਰ ਕਮੀਜ਼ ਵਿਚ ਉਹਦਾ ਮਰੀਅਲ ਜਿਹਾ ਸਰੀਰ ਫੜ ਫੜਾ ਰਿਹਾ ਸੀ। ਮੈਂ ਹੈਰਾਨ ਸਾਂ ਕਿ ਉਹ ਇਸ ਹਾਲਤ ਵਿਚ ਕਿਵੇਂ ਆ ਫਸਿਆ। ਉਹ ਕੁਝ ਦੇਰ ਖੜ੍ਹਾ ਮੇਰੇ ਵੱਲ ਦੇਖਦਾ ਰਿਹਾ ਜਿਵੇਂ ਸੋਚ ਰਿਹਾ ਹੋਵੇ ਕਿ ਸ਼ਾਇਦ ਮੈਂ ਹੀ ਉਹਨੂੰ ਇਸ ਮੁਸੀਬਤ ਵਿਚੋਂ ਕਢਵਾ ਦਿਆਂ। ਅਚਾਨਕ ਉਹ ਮੁੜਿਆ ਤੇ ਬਾਹਰ ਨੂੰ ਦੌੜ ਗਿਆ।

ਕੁਝ ਦੇਰ ਬਾਦ ਲੈਲਾ ਬੈਠਕ ਵਿਚ ਆਈ ਤੇ ਮੇਰੇ ਕੋਲ ਬਹਿ ਗਈ। ਸਾਰੀ ਸਵੇਰੇ ਮੈਂ ਇਲਾਕੇ ਦੇ ਕਾਰੋਬਾਰੀਆਂ ਦੀ ਇੰਟਰਵਿਊ ਲੈਂਦੀ ਰਹੀ ਸਾਂ ਅਤੇ ਗਲੀਚੇ ਤੇ ਬੈਠੀ ਕੈਸਟਾਂ ਉੱਤੇ ਨਾਂ ਲਿਖ ਰਹੀ ਸਾਂ। ਉਹਨੇ ਅਪਣਾ ਹੱਥ ਮੇਰੇ ਗੋਡੇ ਤੇ ਰੱਖਿਆ ਤੇ ਬੋਲੀ, 'ਦੇਖ ਰਹੀ ਏਂ ਕੀ ਹੋ ਰਿਹਾ ਏ?'

ਮੈਂ ਸਿਰ ਹਿਲਾਇਆ ਤੇ ਉਹ ਅਗਾਂਹ ਬੋਲਦੀ ਗਈ, 'ਜਿਸ ਦਿਨ ਤੋਂ ਮੇਰੇ ਮੁੰਡਾ

ਹੋਇਆ ਏ ਅਮੀ ਉਹਦੇ ਪਿੱਛੇ ਪਈ ਹੋਈ ਏ। ਉਹਨੇ ਹਸਪਤਾਲ ਦੇ ਖਰਚੇ ਲਈ ਉਸ ਤੋਂ ਪੰਦਰਾਂ ਹਜ਼ਾਰ ਰੁਪਏ ਧਰਾ ਲਏ ਤੇ ਅਜੇ ਵੀ ਕੋਸੀ ਜਾ ਰਹੀ ਏ। ਮੈਨੂੰ ਨਹੀਂ ਇਹ ਚੰਗਾ ਲੱਗਦਾ। ਉਹ ਬੇਚਾਰਾ ਕੀ ਕਰੇ? ਉਹਦੇ ਘਰਦਿਆਂ ਨੂੰ ਸਾਡੇ ਬਾਰੇ ਪਤਾ ਚੱਲ ਚੁੱਕਾ ਏ ਤੇ ਉਹ ਇਸਨੂੰ ਪੈਸੇ ਦੇ ਨੇੜੇ ਵੀ ਨਹੀਂ ਜਾਣ ਦਿੰਦੇ। ਇਹ ਦੁਕਾਨ ਤੋਂ ਹੀ ਤਾਂ ਪੈਸੇ ਲਿਆਉਂਦਾ ਸੀ। ਹੁਣ ਉਹ ਕੀ ਕਰੇ? ਉਹਨੇ ਮੈਨੂੰ ਵੀ ਨਹੀਂ ਦੱਸਿਆ ਕਿ ਉਹ 15000 ਰੁਪਏ ਕਿੱਥੋਂ ਲਿਆਇਆ ਏ।' ਉਹ ਰੋਣ ਲੱਗ ਪਈ ਤੇ ਮੈਂ ਉਹਦਾ ਮੋਢਾ ਫੜੀ ਰੱਖਿਆ। 'ਮੈਂ ਉਹਨੂੰ ਪੁੱਛਦੀ ਰਹੀ, ਪਰ ਉਹਨੇ ਨਹੀਂ ਦੱਸਿਆ। ਮੇਰੀ ਮਾਂ ਨੇ ਐਨਾ ਜੋਰ ਪਾਇਆ ਸੀ ਕਿ ਉਹ ਪੈਸੇ ਲੈ ਕੇ ਆਵੇ ਭਾਵੇਂ ਕਿਤੋਂ ਚੋਰੀ ਕਰੇ। ਉਹ ਹਰ ਤਰ੍ਹਾਂ ਉਹਦੀ ਬੇਇੱਜ਼ਤੀ ਕਰਦੀ ਰਹਿੰਦੀ ਏ,' ਉਹ ਸਿਸਕਣ ਲੱਗੀ, 'ਮੈਨੂੰ ਇਹ ਬਿਲਕੁਲ ਚੰਗਾ ਨਹੀਂ ਲੱਗਦਾ।'

ਕੈਸਰਾ ਅੰਦਰ ਆਈ ਤੇ ਲੈਲਾ ਨੂੰ ਮੇਰੇ ਕੋਲ ਬੈਠੀ ਰੋਂਦੀ ਨੂੰ ਦੇਖਣ ਲੱਗੀ। ਉਹ ਵੀ ਬੈਠ ਗਈ। ਉਹਨੇ ਮੇਰੇ ਵੱਲ ਦੇਖਕੇ ਲੈਲਾ ਵੱਲ ਇਸ਼ਾਰਾ ਕਰਦੇ ਹੋਏ ਨਰਮ ਅਵਾਜ਼ ਵਿਚ ਕਿਹਾ, 'ਜਰਾ ਇਹਨੂੰ ਦੇਖ, ਜਿਵੇਂ ਮੈਂ ਸਲੀਮ ਨਾਲ ਇਸ ਤਰ੍ਹਾਂ ਦਾ ਵਿਹਾਰ ਅਪਣੇ ਲਈ ਕਰ ਰਹੀ ਹਾਂ। ਜੇ ਇਹੀ ਕੁਝ ਕਰਨ ਜੋਗੀ ਹੁੰਦੀ ਤਾਂ ਮੈਂ ਕਾਹਨੂੰ ਵਿਚ ਬੋਲਣਾ ਸੀ। ਇਹਨੂੰ ਹੀ ਚਾਹੀਦਾ ਸੀ ਕਿ ਅਪਣਾ ਮਾਸਿਕ ਗੁਜਾਰਾ ਵਧਵਾਉਂਦੀ।'

ਅੱਖਾਂ ਪੂੰਝ ਕੇ ਲੈਲਾ ਨੇ ਉੱਚੀ ਸਾਰੀ ਜਵਾਬ ਦਿੱਤਾ, 'ਮੈਨੂੰ ਇਸ ਝਮੇਲੇ ਵਿਚ ਨਾ ਪਾ। ਤੂੰ ਹੀ ਉਹਦੇ ਨਾਲ ਸੌਦਾ ਕੀਤਾ ਸੀ ਤੇ ਇਹ ਪੰਗਾ ਹੁਣ ਉਹਦੇ ਨਾਲ ਤੂੰ ਹੀ ਨਬੇੜ।

ਕੈਸਰਾ ਬੋਲੀ, 'ਜੇ ਘੋੜਾ ਘਾਹ ਨਾਲ ਯਾਰੀ ਕਰ ਲਵੇ ਤਾਂ ਉਹ ਖਾਊਗਾ ਕੀ? ਉਹਨੂੰ ਸਮਝ ਹੀ ਨਹੀਂ ਪੈਂਦੀ। ਅਸੀਂ ਗਾਹਕਾਂ ਨਾਲ ਬਹੁਤੇ ਚੰਗੇ ਬਣ ਕੇ ਇਹ ਨਹੀਂ ਕਹਿ ਸਕਦੇ, 'ਤੈਨੂੰ ਜੋ ਕੁਝ ਚਾਹੀਦਾ ਏ ਸਾਡੇ ਪਾਸੋਂ ਲੈ ਲੈ ਪਰ ਜੇ ਤੂੰ ਸੌਦੇ ਦਾ ਅਪਣਾ ਹਿੱਸਾ ਨਹੀਂ ਪੁਗਾ ਸਕਦਾ ਤਾਂ ਕੋਈ ਗੱਲ ਨਹੀਂ।' ਲੈਲਾ ਦੇ ਮੋਢਿਆਂ ਤੇ ਅਜੇ ਜ਼ਿੰਮੇਵਾਰੀ ਪਈ ਨਹੀਂ, ਇਸ ਲਈ ਉਹ ਤੇਰੇ ਕੋਲ ਬਹਿ ਕੇ ਰੋ ਸਕਦੀ ਏ। ਇਕੱਲੀ ਮੈਂ ਹੀ ਹਾਂ ਜਿਸਨੂੰ ਇਹ ਸਾਰੀਆਂ ਮੁਸ਼ਕਿਲਾਂ ਨਜਿੱਠਣੀਆਂ ਪੈਂਦੀਆਂ ਨੇ। ਜੋ ਸਬਜੀਆਂ ਅੱਜ ਪੱਕਣੀਆਂ ਨੇ ਉਹਦੇ ਪੈਸੇ ਵੀ ਮੈਂ ਦਿਆਂ। ਘਰ ਵਿਚ ਜਿੰਨੇ ਨਿਆਣੇ ਪਲਦੇ ਨੇ ਉਨ੍ਹਾਂ ਦਾ ਖਰਚਾ ਵੀ ਮੈਂ ਕਰਦੀ ਹਾਂ ਅਤੇ ਜਿਹੜੇ ਵੱਡੇ ਇੱਥੇ ਖਾਂਦੇ ਉਨ੍ਹਾਂ ਦਾ ਖਰਚਾ ਵੀ।'

ਲੈਲਾ ਉੱਠੀ ਤੇ ਚਲੀ ਗਈ। ਕੈਸਰੀ ਮੇਰੇ ਵੱਲ ਮੁੜੀ ਤੇ ਬੋਲੀ, 'ਜੇ ਉਹ ਲੈਲਾ ਨੂੰ ਪੈਸੇ ਨਹੀਂ ਦੇ ਸਕਦਾ ਤਾਂ ਚੰਗਾ ਏ ਉਹ ਸੌਦੇ ਤੋਂ ਮੁੱਕਰ ਜਾਵੇ। ਇਹ ਦਾ ਵਕਤ ਬਰਬਾਦ ਕਰਨ ਦਾ ਤਾਂ ਉਹਨੂੰ ਕੋਈ ਹੱਕ ਨਹੀਂ। ਹੋਰ ਬਥੇਰੇ ਗਾਹਕ ਨੇ। ਜੇ ਉਹਨੂੰ ਅਪਣਾ ਮੁੰਡਾ ਚਾਹੀਦਾ ਏ ਤਾਂ ਲੈ ਜਾਵੇ।'

ਮੈਂ ਹੈਰਾਨ ਹੋਕੇ ਉਹਦੇ ਵੱਲ ਦੇਖਿਆ, 'ਸੱਚੀ-ਮੁੱਚੀ ਜੇ ਉਹ ਛੱਡ ਜਾਂਦਾ ਏ ਤਾਂ ਉਹਨੂੰ ਅਪਣਾ ਮੁੰਡਾ ਵੀ ਨਾਲ ਲਿਜਾਣਾ ਪਏਗਾ?'

ਉਹ ਹੱਸੀ, 'ਇਹ ਅਪਣੇ ਨਿਆਣੇ ਕਦੀ ਨਹੀਂ ਲੈ ਜਾਂਦੇ। ਇਹ ਬੰਦੇ ਐਨੇ ਸਤਿਕਾਰਯੋਗ ਹੋਣ ਦਾ ਪਖੰਡ ਕਰਦੇ ਨੇ ਪਰ ਅਪਣੇ ਨਿਆਣੇ ਇੱਥੇ ਹੀ ਛੱਡ ਜਾਂਦੇ ਨੇ। ਉਨ੍ਹਾਂ ਕੋਲ ਅਪਣੇ ਟੱਬਰਾਂ ਦਾ ਸਾਮ੍ਹਣਾ ਕਰਨ ਦੀ ਹਿੰਮਤ ਨਹੀਂ ਹੁੰਦੀ ਅਤੇ ਇਹ ਬੱਚੇ ਕਦੀ ਵੀ ਪ੍ਰਵਾਨ ਨਹੀਂ ਕੀਤੇ ਜਾਂਦੇ।

ਇਸ ਮੁਹੱਲੇ ਵਿਚ ਸਾਡੇ ਕੋਲ... ਸਾਡੇ ਕੋਲ ਤੂੰ ਮੰਨੇਗੀ ਨਹੀਂ... ਦੇਸ਼ ਦੇ ਵੱਡੇ ਤੋਂ ਵੱਡੇ ਸਿਆਸਤਦਾਨਾਂ ਦੇ ਬੱਚੇ ਨੇ।' ਥੋੜ੍ਹੀ ਦੇਰ ਬਾਦ ਉਹ ਫੇਰ ਹੌਕਾ ਲੈ ਕੇ ਬੋਲੀ, 'ਉਹ ਅਪਣੇ ਨਿਆਣੇ ਵਾਪਸ ਨਹੀਂ ਲਿਜਾਂਦੇ। ਇਹ ਡਰਪੋਕ ਲੋਕ ਨੇ। ਉਹ ਸਵਾਦ ਤਾਂ ਢੇਰ ਸਾਰਾ ਲੈਣਾ ਚਾਹੁੰਦੇ ਨੇ ਪਰ ਜ਼ਿੰਮੇਵਾਰੀ ਕੋਈ ਨਹੀਂ।'

ਮੈਂ ਪੁੱਛਿਆ, 'ਕੀ ਇੱਥੋਂ ਦੇ ਲੋਕ ਉਨ੍ਹਾਂ ਨੂੰ ਅਪਣੇ ਬੱਚੇ ਵਾਪਸ ਲੈ ਜਾਣ ਦੇਣਗੇ? ਮੇਰਾ ਮਤਲਬ ਜੇ ਉਹ ਚਾਹੁਣ।'

ਕੈਸਰਾ ਮੁਸਕੁਰਾਈ ਤੇ ਬੋਲੀ, 'ਇਹ ਬਾਜ਼ਾਰ ਏ। ਇੱਥੇ ਹਰ ਚੀਜ਼ ਵਿਕਦੀ ਏ। ਉਨ੍ਹਾਂ ਨੂੰ ਐਨੀ ਕੁ ਕੀਮਤ ਦੀ ਪੇਸ਼ਕਸ਼ ਕਰਨੀ ਪਏਗੀ ਜੋ ਪ੍ਰਬੰਧਕਾਂ ਨੂੰ ਕਬੂਲ ਹੋਵੇ। ਤੈਨੂੰ ਤਾਂ ਇਸ ਥਾਂ ਦਾ ਅਧਿਐਨ ਕਰਦੀ ਨੂੰ ਹੁਣ ਕਾਫੀ ਸਮਾਂ ਹੋ ਗਿਆ ਏ। ਤੈਨੂੰ ਨਹੀਂ ਪਤਾ ਇੱਥੇ ਹਰ ਚੀਜ਼ ਦੀ ਕੀਮਤ ਏ? ਕਈ ਆਪਣੀਆਂ ਕੁੜੀਆਂ ਇੱਥੇ ਛੱਡਣ ਵਿਚ ਝਿਜਕਦੇ ਹੋਣਗੇ ਪਰ ਇਹ ਸਭ ਕੁਝ ਖਰੀਦਿਆ ਜਾ ਸਕਦਾ ਏ। ਮੇਰਾ ਵਿਸ਼ਵਾਸ ਕਰ, ਉਹ ਇਹ ਨਹੀਂ ਕਰਦੇ। ਇਹ ਸਭ ਪਖੰਡੀ ਨੇ। ਜਿਹੜੇ ਸਾਡੇ ਖਿਲਾਫ ਸਭ ਤੋਂ ਵੱਧ ਜੋਰ ਲਾਕੇ ਬੋਲਦੇ ਨੇ ਉਨ੍ਹਾਂ ਦੇ ਹੀ ਕਈ ਕਈ ਨਿਆਣੇ ਇੱਥੇ ਨੇ।' ਉਹ ਉੱਠ ਖੜ੍ਹੀ ਹੋਈ।' ਭੁੱਲ ਜਾਹ ਇਹ ਸਭ ਕੁਝ', ਉਹੀ ਬੋਲੀ। 'ਇਹ ਕਾਰੋਬਾਰ ਹਮੇਸ਼ਾ ਇੱਥੇ ਰਿਹਾ ਏ ਤੇ ਰਹੇਗਾ ਵੀ। ਗਾਹਕਾਂ ਨੂੰ ਕਾਹਦੇ ਲਈ ਕੋਸਣਾ ਏ? ਆਖਰ ਉਹੀ ਤਾਂ ਹਨ ਜਿਨ੍ਹਾਂ ਦੇ ਸਹਾਰੇ ਅਸੀਂ ਜਿਉਂਦੇ ਹਾਂ। ਮੈਂ ਜਰਾ ਲੈਲਾ ਦੇ ਮੁੰਡੇ ਨੂੰ ਦੇਖ ਆਵਾਂ। ਉਹਦੇ ਪੇਟ ਵਿਚ ਗੜਬੜ ਏ।'

ਮਹੀਨੇ ਲੰਘ ਗਏ। ਸਲੀਮ ਪੂਰੀ ਕੋਸ਼ਿਸ਼ ਕਰਦਾ ਕਿ ਕਿਸੇ ਇਕ ਜਾਂ ਦੂਜੇ ਸੌਦੇ ਵਿਚੋਂ ਉਹ ਕੁਝ ਪੈਸੇ ਖਿਸਕਾ ਲਵੇ। ਉਹ ਹੁਣ ਘੱਟ ਗੇੜਾ ਮਾਰਦਾ ਅਤੇ ਥੋੜ੍ਹੀ ਹੀ ਦੇਰ ਰੁਕਦਾ। ਲੈਲਾ ਅਤੇ ਉਹਦੀ ਮਾਂ ਤੋਂ ਸ਼ਰਮ ਆਉਣ ਕਾਰਨ ਹੀ ਉਹ ਪਿੱਛੇ ਹਟ ਗਿਆ ਸੀ। ਜਿਸ ਖਿੱਚ ਅਤੇ ਲਲਕ ਨੇ ਉਹਨੂੰ ਇਸ ਪਾਸੇ ਖਿੱਚਿਆ ਸੀ ਉਹ ਦਬ ਚੁੱਕੀ ਸੀ। ਕੈਸਰਾ ਹਮੇਸ਼ਾ ਉਹਨੂੰ ਦਬਾਉਂਦੀ ਰਹਿੰਦੀ ਅਤੇ ਨਾਲ ਹੀ ਉਹ ਲੈਲਾ ਲਈ ਹੋਰ ਬਦਲ ਤਲਾਸ਼ਦੀ ਰਹਿੰਦੀ। ਲੈਲਾ ਸ਼ਾਮ ਨੂੰ ਨਾਚ ਕਰਦੀ ਰਹੀ ਪਰ ਉਨ੍ਹਾਂ ਨੂੰ ਹਫਤੇ ਵਿਚ ਸੰਗੀਤ ਦੇ ਦੋ ਕੁ ਰਸੀਏ ਹੀ ਔਸਤਨ ਲੱਭਦੇ ਅਤੇ ਉਨ੍ਹਾਂ ਵਿਚੋਂ ਮਹੀਨੇ ਵਿਚ ਕਰੀਬ ਇਕ ਹੀ ਹੁੰਦਾ ਜਿਹੜਾ ਸੈਕਸ ਲਈ ਰੁਕਦਾ ਜਾਂ ਮੁੜ ਕੇ ਆਉਂਦਾ। ਉਹਦਾ ਧੰਦਾ ਵਧਾਉਣ ਲਈ ਕੈਸਰਾ ਨੂੰ ਹੋਰ ਢੰਗ ਸੋਚਣੇ ਪੈਣੇ ਸਨ। ਉਹਨੇ ਲੈਲਾ ਨੂੰ ਵੈਰਾਇਟੀ ਸ਼ੋਅ ਵਿਚ ਲੈ ਜਾਣ ਦੀ ਵੀ ਕੋਸ਼ਿਸ਼ ਕੀਤੀ, ਦਰਸ਼ਕਾਂ ਤੋਂ ਵੇਲ ਖਿੱਚਣ ਵਿਚ ਵੀ ਲੈਲਾ ਕੋਈ ਚੰਗਾ ਹੁਨਰ ਨਹੀਂ ਰੱਖਦੀ ਸੀ।

ਫੇਰ ਵੀ ਛੇ ਕੁ ਮਹੀਨੇ ਤੱਕ ਪੈਰ ਘਸੀਟਣ ਤੋਂ ਬਾਦ ਸਲੀਮ ਤੁਰਦਾ ਬਣਿਆ। ਜੇਵਰਾਂ ਦੀ ਦੁਕਾਨ ਤੋਂ ਇਕ ਵਾਰੀ ਪੈਸੇ ਕੱਢਦੇ ਨੂੰ ਫੜਨ ਤੇ ਉਹ ਦੇ ਬਾਪ ਨੇ ਧਮਕੀ ਦੇ ਦਿੱਤੀ ਕਿ ਉਹ ਉਹਨੂੰ ਪੁਲਿਸ ਨੂੰ ਫੜਾ ਦੇਵੇਗਾ। ਸਲੀਮ ਨੂੰ ਅਪਣੇ ਮਾਪਿਆਂ ਨਾਲ ਵਾਅਦਾ ਕਰਨਾ ਪਿਆ ਕਿ ਉਹ ਮੁੜ ਕਦੀ ਮੁਹੱਲੇ ਨਹੀਂ ਜਾਵੇਗਾ। ਉਹ ਉਹਨੂੰ ਅਪਣੇ ਜੱਦੀ ਸਹਿਰ ਲੈ ਗਏ ਅਤੇ ਉੱਥੋਂ ਬਾਹਰ ਨਾ ਨਿਕਲਣ ਦਿੱਤਾ। ਲੈਲਾ ਕੁਝ ਦਿਨ ਉਦਾਸ ਰਹੀ ਪਰ ਕੈਸਰਾ ਨੇ ਉਹਨੂੰ ਫਿਲਮਾਂ ਵਿਚ ਕੰਮ ਕਰਨ ਲਈ ਕੋਸ਼ਿਸ਼ ਵਿਚ ਲਾ ਲਿਆ। ਇਲਾਕੇ ਦੀ ਹਰੇਕ ਨਾਚੀ ਦਾ ਸੁਪਨਾ ਫਿਲਮਾਂ ਵਿਚ ਕੰਮ ਕਰਨ ਦਾ ਹੁੰਦਾ ਏ ਅਤੇ ਕੈਸਰਾ ਨੇ ਇਹ ਜਾਣਦੇ ਹੋਏ ਕਿ ਲੈਲਾ ਇੱਕੀ ਸਾਲ ਟੱਪ ਚੁੱਕੀ ਏ,

ਇਕ ਹੋਰ ਕੋਸ਼ਿਸ਼ ਉਹਨੂੰ ਫਿਲਮਾਂ ਵਿਚ ਲੈ ਜਾਣ ਦੀ ਕਰਨੀ ਚਾਹੀ। ਲੈਲਾ ਦਾ ਵਜ਼ਨ ਵਧਦਾ ਜਾ ਰਿਹਾ ਸੀ। ਉਹ ਦੀ ਅਵਾਜ ਕਰੀਬ ਔਸਤ ਤੋਂ ਵੀ ਹੇਠਾ ਸੀ ਅਤੇ ਨਾਚ ਦਾ ਹੁਨਰ ਵੀ ਦਰਮਿਆਨਾ ਹੀ ਸੀ। ਉਹ ਦਿਲੋਂ ਬੜੀ ਚੰਗੀ ਸੀ ਪਰ ਇਹੀ ਇਕ ਕੰਮ ਫਿਲਮਾਂ ਵਿਚ ਕੰਮ ਨਹੀਂ ਦਿਵਾ ਦਿੰਦਾ।

ਕੈਸਰਾ ਨੇ ਮੈਨੂੰ ਦੱਸਿਆ ਕਿ ਉਹਨੇ ਕਿਸੇ ਨੂੰ ਇਨਾਇਤ ਕਰਨ ਲਈ ਕਿਹਾ ਹੋਇਆ ਏ ਅਤੇ ਉਸ ਨੂੰ ਪਹਿਲਾਂ ਤਾਂ ਇਸ ਤੇ ਕੁਝ ਆਸ ਵੀ ਸੀ ਪਰ ਲੈਲਾ ਅਸਲ ਵਿਚ ਕਦੀ ਵੀ ਕਿਸੇ ਡਾਇਰੈਕਟਰ ਜਾਂ ਨਿਰਮਾਤਾ ਨੂੰ ਨਹੀਂ ਮਿਲ ਸਕੀ ਸੀ। ਉਨ੍ਹਾਂ ਦੇ ਕੁਝ ਸੰਪਰਕ ਉਨ੍ਹਾਂ ਨੂੰ ਬੱਸ ਏਜੰਟਾਂ ਦੇ ਏਜੰਟਾਂ ਦੇ ਏਜੰਟਾਂ ਤੱਕ ਹੀ ਲਿਜਾ ਸਕੇ ਸਨ, ਜੋ ਬੰਦੇ ਨੂੰ ਅਰਸ਼ਾਂ ਵਿਚ ਪੁਚਾ ਦਿੰਦੇ ਨੇ ਗੱਲਾਂ ਬਾਤਾਂ ਨਾਲ ਤੇ ਪੈਸਾ ਚੋਂਦੇ ਰਹਿੰਦੇ ਹਨ। ਕੈਸਰਾ ਚੁਸਤ ਔਰਤ ਸੀ। ਉਹਨੇ ਕੁਝ ਹੋਰ ਬੰਦਿਆਂ ਦੀ ਸਲਾਹ ਲਈ ਅਤੇ ਉਹਨੂੰ ਸੰਕੇਤ ਮਿਲ ਗਿਆ ਕਿ ਉਹ ਲੈਲਾ ਤੇ ਹੋਰ ਸਮਾਂ ਬਰਬਾਦ ਨਾ ਕਰੇ ਬਲਕਿ ਲੈਲਾ ਦੀ ਛੋਟੀ ਭੈਣ ਯਾਸਮੀਨ ਤੇ ਬਹੁਤਾ ਧਿਆਨ ਦਏ। ਉਹ ਅਜੇ ਨੌਜਵਾਨ ਸੀ ਤੇ ਉਹਨੂੰ ਮੌਕਾ ਮਿਲਣ ਦੀ ਗੁੰਜ਼ਾਇਸ਼ ਹੋ ਸਕਦੀ ਸੀ।

ਲੈਲਾ ਅਜੇ ਉਸ ਮਸ਼ਹੂਰੀ ਦੇ ਖਾਬ ਹੀ ਲੈ ਰਹੀ ਸੀ ਜੋ ਉਸ ਨੂੰ ਫਿਲਮਾਂ ਵਿਚ ਕੰਮ ਮਿਲਣ ਤੋਂ ਬਾਦ ਹਾਸਲ ਹੋਣੀ ਸੀ ਕਿ ਕੈਸਰਾ ਨੇ ਅਪਣਾ ਫੈਸਲਾ ਲੈਲਾ ਨੂੰ ਸੁਣਾ ਦਿੱਤਾ। ਕੈਸਰਾ ਸਖਤ ਰੌਂਅ ਵਿਚ ਸੀ ਅਤੇ ਲੈਲਾ ਨਾਲ ਸਖਤੀ ਨਾਲ ਪੇਸ਼ ਆ ਰਹੀ ਸੀ। ਉਹਨੇ ਦੋ-ਟੁੱਕ ਗੱਲ ਆਖੀ', ਲੈਲਾ! ਮੈਨੂੰ ਤੇਰੇ ਕੋਲੋਂ ਉਸ ਤੋਂ ਵੱਧ ਹੋਰ ਕੋਈ ਆਸ ਵੀ ਨਹੀਂ ਸੀ। ਇਸ ਕੰਮ ਵਾਸਤੇ ਜੋ ਕੁਝ ਲੋੜ ਹੁੰਦੀ ਏ ਤੂੰ ਉਸ ਤੇ ਇਕ ਦਿਨ ਵੀ ਮਸਾਂ ਨਹੀਂ ਲਾਇਆ। ਫਿਲਮਾਂ ਵਿਚ ਜਾਣਾ ਕੋਈ ਸੌਖਾ ਨਹੀਂ ਏ ਨਹੀਂ ਤਾਂ ਮੁਹੱਲੇ ਦੀਆਂ ਸਾਰੀਆਂ ਹੀ ਕੁੜੀਆਂ ਫਿਲਮੀ ਜਗਤ ਵਿਚ ਚਲੀਆਂ ਜਾਂਦੀਆਂ।'

'ਇਹ ਸਾਰੀ ਸੰਪਰਕਾਂ ਦੀ ਗੱਲ ਏ!' ਲੈਲਾ ਚਿੱਲਾਈ, 'ਮੇਰੇ ਵਰਗੀਆਂ ਹੀ ਕੁੜੀਆਂ ਫਿਲਮਾਂ ਵਿਚ ਨੇ। ਉਨਾਂ ਦੇ ਸੰਪਰਕ ਸੀ ਜੋ ਕਿ ਤੇਰੇ ਅਤੇ ਸ਼ਾਹਿਦ ਭਾਈ ਕੋਲ ਨਹੀਂ ਹਨ।'

'ਤੂੰ ਬਕਵਾਸ ਕਰਦੀ ਏਂ, ਅਤੇ ਤੂੰ ਜਾਣਦੀ ਵੀ ਏਂ' ਕੈਸਰਾ ਮੁੜ ਕੇ ਚੀਖੀ, 'ਮੈਂ ਤੈਨੂੰ ਕਹਿੰਦੀ ਰਹੀ ਹਾਂ ਕਿ ਘੱਟ ਝੁਲਸਿਆ ਕਰ, ਸੁਵਖਤੇ ਉੱਠਿਆ ਕਰ ਤੇ ਨਾਚ ਦਾ ਅਭਿਆਸ ਕਰਿਆ ਕਰ।' ਉਹ ਇਹ ਕਹਿੰਦੀ ਹੋਈ ਲੈਲਾ ਕੋਲੋਂ ਉੱਠ ਕੇ ਚਲੀ ਗਈ 'ਪਰ ਤੂੰ ਅਪਣਾ ਜਿੰਦਗੀ ਦਾ ਢੰਗ ਬਦਲਿਆ ਹੀ ਨਾ। ਤੇਰਾ ਵਜ਼ਨ ਮੈਂ ਤਾਂ ਨਹੀਂ ਘਟਾਉਣਾ।'

ਲੈਲਾ ਉਹਦੇ ਮਗਰ ਤੁਰ ਪਈ ਤੇ ਬੋਲੀ, 'ਇਕ ਮਿੰਟ ਠਹਿਰ ਜ਼ਰਾ! ਮੈਂ ਖਾਂਦੀ ਕੀ ਹਾਂ? ਮੈਂ ਖਾਵਾਂ ਨਾਂ ਤੇ ਭੁੱਖੀ ਮਰ ਜਾਵਾਂ? ਮੇਰਾ ਸਰੀਰ ਹੀ ਅਜਿਹਾ ਏ ਕਿ ਵੱਧ ਫੈਲਦਾ ਏ, ਫੇਰ ਮੈਂ ਕੀ ਕਰਾਂ? ਨੱਚਦੀ ਤਾਂ ਮੈਂ ਚੰਗਾ ਹੀ ਹਾਂ।'

ਉਹਦੇ ਵੱਲ ਗੰਭੀਰਤਾ ਨਾਲ ਦੇਖਦੇ ਹੋਏ ਕੈਸਰਾ ਬੋਲੀ, 'ਮੈਂ ਤੇਰੇ ਨਾਲ ਫਜ਼ੂਲ ਨਹੀਂ ਝਗੜਨਾ ਚਾਹੁੰਦੀ। ਮੈਨੂੰ ਕਿਹਾ ਗਿਆ ਏ ਕਿ ਮੈਂ ਯਾਸਮੀਨ ਤੇ ਧਿਆਨ ਦਿਆਂ ਤੇ ਤੇਰਾ ਖਹਿੜਾ ਛੱਡਾਂ। ਤੂੰ ਅਪਣੀ ਕਿਸਮਤ ਖੁਦ ਅਪਣੇ ਤੇ ਥੋਪੀ ਏ। ਤੂੰ ਸ਼ਾਇਦ ਸੋਚਿਆ ਹੋਇਆ ਸੀ ਕਿ ਤੂੰ ਕਦੀ ਕੁਝ ਸਿੱਖਣਾ ਹੀ ਨਹੀਂ।' ਗੱਲ ਮੁਕਾ ਕੇ ਉਹ ਮੁੜੀ ਤੇ ਚਲੀ ਗਈ।

ਲੈਲਾ ਫੇਰ ਚਿੱਲਾ ਕੇ ਬੋਲੀ, 'ਮੈਂ ਫੇਰ ਗਰਭਵਤੀ ਹਾਂ!'

ਕੈਸਰਾ ਦੀਆਂ ਅੱਖਾਂ ਗੁੱਸੇ ਨਾਲ ਲਾਲ ਹੋ ਗਈਆਂ ਤੇ ਕੜਕ ਕੇ ਬੋਲੀ, 'ਢਿੱਡ ਕਰਾ ਲਿਆ ਏ! ਕਿਹੜਾ ਮਹੀਨਾ ਏ?' 'ਦੂਜਾ', ਲੈਲਾ ਨੇ ਜਵਾਬ ਦਿੱਤਾ।

'ਤੇ ਅਸੀ ਕੰਮ ਦੇਖਦੇ ਝੱਖ ਮਾਰਦੇ ਫਿਰਦੇ ਸੀ ! ਕੈਸਰਾ ਫਟ ਪਈ। ਅਚਾਨਕ ਉਹ ਸ਼ਾਂਤ ਹੋ ਗਈ ਤੇ ਬੋਲੀ। ਕੋਈ ਨਹੀ ਆਪਾ ਬੱਚਾ ਰੱਖਾਂਗੇ।'

ਲੈਲਾ ਅਪਣੀ ਦਾਦੀ ਨਾਲ ਗੁਸੇ ਸੀ, ਉਨ੍ਹਾਂ ਸਾਰੇ ਦਲਾਲਾਂ ਨਾਲ ਵੀ ਜਿਨਾਂ ਨੂੰ ਉਹ ਮਿਲਦੀ ਰਹੀ ਸੀ ਅਤੇ ਜਿਹੜੇ ਉਹ ਨੂੰ ਧਰਵਾਸ ਤੇ ਸੁਪਨੇ ਦਿੰਦੇ ਰਹੇ ਸਨ। ਸ਼ਾਹਿਦ ਤੇ ਵੀ ਜਿਸ ਦੇ ਐਨੇ ਸੰਪਰਕ ਸਨ, ਸਲੀਮ ਤੇ ਵੀ ਜਿਹੜਾ ਅਣਜਨਮੇ ਬੱਚੇ ਨੂੰ ਛੱਡ ਕੇ ਭੱਜ ਗਿਆ ਸੀ ਅਤੇ ਆਪਣੇ ਤੇ ਵੀ ਉਸ ਨੂੰ ਗੁੱਸਾ ਆ ਰਿਹਾ ਸੀ ਕਿ ਉਹ ਜ਼ਿੰਦਗੀ ਵਿੱਚ ਸਫਲ ਨਹੀ ਹੋ ਸਕੀ। ਭਾਰਤੀ ਫਿਲਮਾਂ ਦੇ ਗਾਣਿਆਂ ਦੀ ਕੈਸਿਟ ਚੱਲ ਪਈ। ਉਹ ਸੰਗੀਤ ਨਹੀਂ ਸੁਣ ਰਹੀਂ ਸੀ ਬਲਕਿ ਆਪਣੇ ਅੰਦਰਲੇ ਸ਼ੋਰ ਨੂੰ ਦਬਾਉਣ ਦਾ ਯਤਨ ਕਰ ਰਹੀਂ ਸੀ।

ਲੈਲਾ ਬੜੀ ਪ੍ਰੇਸ਼ਾਨ ਸੀ ਪਰ ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਕਿਉਂ ਉਹ ਨੇ ਸਖਤ ਮੇਹਨਤ ਕਦੀ ਪਸੰਦ ਨਹੀਂ ਕੀਤੀ ਅਤੇ ਦਸਿਆ ਜਾਂਦਾ ਸੀ ਕਿ ਐਕਟਿੰਗ ਦਾ ਕੰਮ ਬੜਾ ਮਿਹਨਤ ਵਾਲਾ ਹੈ। ਐਕਟਰੈੱਸਾਂ ਘੰਟਿਆਂ ਬੱਧੀ ਇਹ ਕੰਮ ਬੜੀ ਮੇਹਨਤ ਨਾਲ ਕਰਦੀਆਂ ਨੇ। ਪਰ ਉਹ ਅਜੇ ਵੀ ਖੁਦ ਨੂੰ ਇਹ ਯਕੀਨ ਨਾ ਦਵਾ ਸਕੀ ਕਿ ਉਹ ਇਸ ਨੂੰ ਨਹੀਂ ਚਾਹੁੰਦੀ ਸੀ। ਉਹ ਕਿਸੇ ਰੰਗੀਨ ਰਸਾਲੇ ਤੇ ਆਪਣੀ ਫੋਟੋ ਛਪੀ ਦੇਖਣ ਦੇ ਖਾਬ ਲਿਆ ਕਰਦੀ ਸੀ। ਉਹ ਚਾਹੁੰਦੀ ਸੀ ਕਿ ਅਖਬਾਰ ਦੇ ਰੰਗੀਨ ਪੰਨਿਆਂ ਤੇ ਉਸ ਦੀ ਫੋਟੋ ਛਪੇ। ਉਸ ਨੂੰ ਨੀਂਦ ਆ ਰਹੀ ਸੀ। ਉਸ ਦਾ ਥੱਕਿਆ ਮਨ ਉਹਨੂੰ ਇਕ ਸੁਪਨੇ ਵਲ ਲੈ ਗਿਆ ਜਿਥੇ ਉਹ ਲੱਕਸ ਸਾਬਨ ਦੇ ਇਸ਼ਤਿਹਾਰ ਵਿਚ ਖੁਦ ਨੂੰ ਇਹ ਕਹਿੰਦੀ ਦੇਖ ਰਹੀ ਸੀ, ਮੇਰੇ ਹੁਸਨ ਦਾ ਸ਼ਿੰਗਾਰ ਲੱਕਸ ਸਾਬਨ। ਇਸ ਸੁਪਨੇ ਦੇ ਵਿਚਕਾਰ ਉਸ ਨੂੰ ਨੀਂਦ ਆ ਗਈ।

ਦਰਵਾਜੇ ਤੇ ਤਕੜੇ ਧੱਕੇ ਨਾਲ ਉਦੀਂ ਨੀਂਦ ਖੁਲ ਗਈ। ਉਹ ਛਾਲ ਮਾਰ ਕੇ ਉੱਠੀ ਤੇ ਉਹਨੇ ਦੇਖਿਆ ਕਿ ਇਕ ਬੁੱਢੀ ਔਰਤ ਕਮਰੇ ਵਿਚ ਵੜ ਰਹੀ ਹੈ। ਉਹ ਐਨੀਂ ਗਹਿਰੀ ਨੀਂਦ ਸੁੱਤੀ ਹੋਈ ਸੀ ਕਿ ਉਸ ਨੂੰ ਸਮਝ ਹੀ ਨਾ ਪਈ ਕਿ ਕੀ ਹੋ ਰਿਹਾ ਸੀ। ਉਹ ਕਾਫੀ ਦੇਰ ਦੀ ਸੁੱਤੀ ਪਈ ਸੀ। ਉਸ ਨੇ ਆਪਣੀ ਮਾਂ ਨੂੰ ਚੀਕ ਕੇ ਉਸ ਬੁੱਢੀ ਔਰਤ ਨੂੰ ਬਾਹਰ ਨਿਕਲ ਜਾਣ ਲਈ ਕਹਿੰਦੇ ਸੁਣਿਆ। ਉਸ ਨੇ ਆਪਣੇ ਨਿਆਣੇ ਵੀ ਆਲੇ ਦੁਆਲੇ ਫਿਰਦੇ ਸੁਣੇ। ਖਾਸਾ ਸ਼ੋਰ ਸ਼ਰਾਬਾ ਹੋ ਰਿਹਾ ਸੀ ਤੇ ਫੇਰ ਅਚਾਨਕ ਸਭ ਕੁਝ ਬੰਦ ਹੋ ਗਿਆ। ਸਾਰੇ ਆਪਣੇ ਆਪਣੇ ਆਹਰੇ ਜਾ ਲਗੇ। ਇਸ ਸਾਰੇ ਰੌਲੇ ਦੇ ਅਖੀਰ ਵਿਚ ਉਸ ਨੇ ਆਪਣੀ ਮਾਂ ਨੂੰ ਕਹਿੰਦਾ ਸੁਣਿਆ, ਇਹ ਇਕ ਚੰਗੇ ਪਰਿਵਾਰ ਦੀ ਤਵਾਇਫ ਸੀ ਅਤੇ ਦੇਖ ਲਉ ਇਹ ਕੀ ਬਣ ਗਈ ਏ- ਇਕ ਮੰਗਤੀ! ਉਹ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਉਹ ਲੋਕਾਂ ਦੇ ਘਰਾਂ ਵਿਚ ਬਿਨਾਂ ਇਜਾਜ਼ਤ ਤੋਂ ਵੜ ਰਹੀ ਏ। ਕਿੰਨਾ ਦੁੱਖਦਾਈ ਹੁੰਦਾ ਹੈ ਉਨ੍ਹਾਂ ਔਰਤਾਂ ਨਾਲ ਜੋ ਇੱਥੇ ਅਸਫਲ ਹੋ ਜਾਂਦੀਆ ਨੇ।'

ਲੈਲਾ ਨੂੰ ਫੇਰ ਝਪਕੀ ਆ ਗਈ ਪਰ ਉਹ ਡਰ ਕੇ ਛੇਤੀ ਹੀ ਫੇਰ ਜਾਗ ਪਈ। ਉਹਨੂੰ ਅਚਾਨਕ ਮਹਿਸੂਸ ਹੋਇਆ ਕਿ ਉਹ ਪਛੜ ਗਈ ਏ। ਮੁਹੱਲੇ ਤੋਂ ਬਾਹਰ ਜਾਕੇ ਜਾਂ ਮੁਹੱਲੇ ਵਿਚ ਹੀ ਰਹਿ ਕੇ ਕੰਮ ਕਰਨ ਦੀ ਉਮਰ ਨਿੱਕਲ ਚੁੱਕੀ ਸੀ। ਉਹ ਦੀ ਜਵਾਂਨੀ ਜਾ ਚੁੱਕੀ ਸੀ। ਪੂਰੀ ਤਰ੍ਹਾਂ ਡਰ ਵਿਚ ਫਸੀ ਹੋਈ ਦਾ ਸਾਰਾ ਜੀਵਨ ਉਹਦੀਆਂ ਅੱਖਾਂ ਅੱਗੇ ਘੁੰਮ ਗਿਆ ਅਤੇ

ਉਹ ਸੋਚ ਰਹੀ ਸੀ ਕਿ ਹੁਣ ਕੀ ਕਰੇ। ਉਸ ਪਲ ਤਕ, ਉਹ ਹਮੇਸ਼ਾ ਸਮਝਦੀ ਰਹੀ ਸੀ ਕਿ ਸਭ ਕੁਝ ਠੀਕ-ਠਾਕ ਹੋ ਜਾਵੇਗਾ ਤੇ ਉਹਨੇ ਆਪਣੇ ਜੀਵਨ ਬਾਰੇ ਕਦੀ ਗੰਭੀਰਤਾ ਨਾਲ ਨਹੀਂ ਸੋਚਿਆ ਸੀ। ਉਹ ਕਈ ਵਾਰੀ ਮੁਹੱਲੇ ਤੋਂ ਬਾਹਰ ਨੌਕਰੀ ਲੱਭ ਕੇ ਇਸ ਧੰਦੇ ਵਿਚੋਂ ਨਿੱਕਲਣ ਬਾਰੇ ਸੋਚਦੀ ਹੁੰਦੀ ਸੀ। ਉਹ ਖ਼ਾਬ ਲਿਆ ਕਰਦੀ ਸੀ ਕਿ ਕੋਈ ਸੁੰਦਰ ਰਾਜਕੁਮਾਰ ਆਏਗਾ ਤੇ ਉਹਨੂੰ ਲੈ ਜਾਏਗਾ। ਪਿੱਛੇ ਜਿਹੇ ਉਹ ਸੋਚਦੀ ਰਹੀ ਸੀ ਕਿ ਉਹ ਫਿਲਮ ਜਗਤ ਦੀ ਸੁਪਰ ਸਟਾਰ ਬਣ ਜਾਏਗੀ ਪਰ ਜੀਵਨ ਦੇ ਯਥਾਰਥ ਨੇ ਹੁਣ ਉਹਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ ਅਤੇ ਉਹਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਉਹਦੇ ਕੱਚੇ-ਪੱਕੇ ਵਿਚਾਰ ਉਹਨੂੰ ਕਿਤੇ ਵੀ ਨਹੀਂ ਪੁਚਾ ਸਕੇ। ਬੱਚਾ ਰੱਖਣ ਦਾ ਮਤਲਬ ਏ ਕਈ ਮਹੀਨੇ ਹੋਰ ਕੰਮ ਛੱਡਣਾ ਪੈਣਾ ਅਤੇ ਕੌਣ ਜਾਣਦਾ ਏ ਕਿ ਇਸ ਵਾਰੀ ਉਹ ਦੇ ਕੁੜੀ ਹੋ ਹੀ ਜਾਵੇਗੀ। ਉਹ ਸੱਤ ਮਹੀਨੇ ਤੱਕ ਕਿਵੇਂ ਇੰਤਜਾਰ ਕਰੇਗੀ? ਉਹ ਬਹੁਤ ਪ੍ਰੇਸ਼ਾਨ ਜਿਹੀ ਹੋ ਗਈ।

ਉਸ ਤੋਂ ਮਗਰੋਂ ਲੈਲਾ ਪੂਰੀ ਤਰ੍ਹਾਂ ਗੰਭੀਰ ਹੋ ਗਈ ਅਤੇ ਅਸੁੱਰਖਿਆ ਦਾ ਡਰ ਉਹਨੂੰ ਸਤਾਉਣ ਲੱਗ ਪਿਆ। ਕੈਸਰਾ ਨੇ ਵੀ ਉਹਦੇ ਵਿਚ ਤਬਦੀਲੀ ਮਹਿਸੂਸ ਕੀਤੀ ਪਰ ਉਹਨੇ ਇਹ ਨਜ਼ਰ ਅੰਦਾਜ਼ ਕਰ ਦਿੱਤੀ। ਉਹ ਲੈਲਾ ਨੂੰ ਹਮੇਸ਼ਾ ਵਿਗੜਿਆ ਬੱਚਾ ਸਮਝਦੀ ਰਹੀ ਸੀ ਅਤੇ ਉਸੇ ਤਰ੍ਹਾਂ ਉਹ ਵਿਹਾਰ ਵੀ ਕਰਦੀ ਰਹੀ ਸੀ। ਉਹ ਕਦੀ ਵੀ ਕਿਸੇ ਗੱਲ ਬਾਰੇ ਗੰਭੀਰ ਨਹੀਂ ਹੋਈ ਸੀ, ਕਦੀ ਵੀ ਨਹੀਂ। ਲੈਲਾ ਨੇ ਅਗਲੇ ਦਿਨ ਪੇਸ਼ਾਵਰ ਦੇ ਨੇੜੇ ਇਕ ਪਿੰਡ ਵਿਚ ਵੈਰਾਇਟੀ ਸ਼ੋਅ ਤੇ ਨੱਚਣਾ ਸੀ। ਉਹ ਅਜੀਬ ਕੁੜੀ ਸੀ, ਜਿਸ ਨੂੰ ਪਤਾ ਹੀ ਨਹੀਂ ਸੀ ਕਿ ਉਹ ਕੀ ਚਾਹੁੰਦੀ ਏ ਪਰ ਉਹਨੂੰ ਇਹ ਪਤਾ ਸੀ ਕਿ ਜੀਵਨ ਲਈ ਉਹਨੂੰ ਕੁਝ ਨਾ ਕੁਝ ਕਰਨਾ ਹੀ ਪੈਣਾ ਏਂ। ਉਹਨੇ ਆਪਣੇ ਵਧੀਆ ਕੱਪੜੇ ਬੰਨ੍ਹ ਲਏ ਅਤੇ ਖੁਦ ਨੂੰ ਯਕੀਨ ਦਿਵਾਉਂਦੀ ਰਹੀ ਕਿ ਉਹ ਵਧੀਆ ਗਾ ਤੇ ਨੱਚ ਸਕਦੀ ਏ। ਇਸ ਗਰੁੱਪ ਵਿਚ ਸਾਜ਼ਿੰਦੇ, ਦੋ ਹੋਰ ਨਾਚੀਆਂ ਅਤੇ ਮਖੌਲੀਆ ਸਨ। ਇਹ ਪ੍ਰੋਗਰਾਮ ਇਕ ਵੱਡੇ ਜ਼ਿੰਮਵਾਰ ਦੇ ਘਰ ਵਿਚ ਹੋਇਆ ਜਿਸ ਦੇ ਪੁੱਤ ਦਾ ਵਿਆਹ ਸੀ। ਵੱਡੇ ਸਾਰੇ ਵਿਹੜੇ ਵਿਚ ਇਸ ਸੰਗੀਤ ਪ੍ਰੋਗਰਾਮ ਨੂੰ ਦੇਖਣ ਲਈ ਸਾਰੇ ਨਰ-ਨਾਰੀ ਇਕੱਠੇ ਹੋਏ ਸਨ ਜੋ ਵਿਆਹ ਦਾ ਜਸ਼ਨ ਮਨਾ ਰਹੇ ਸਨ।

ਬਹੁਤੇ ਦਰਸ਼ਕ ਲੰਮੇ-ਚੌੜੇ ਪਠਾਨ ਲੋਕ ਸਨ ਜਿਨ੍ਹਾਂ ਨੇ ਸਲਵਾਰ ਕਮੀਜ਼ ਪਾਈ ਹੋਈ ਸੀ ਤੇ ਵੱਡੇ-ਵੱਡੇ ਸਾਫੇ ਬੰਨ੍ਹੇ ਹੋਏ ਸਨ। ਉਨ੍ਹਾਂ ਦੇ ਮੋਢਿਆਂ ਤੇ ਬੰਦੂਕਾਂ ਲਮਕ ਰਹੀਆਂ ਸਨ ਅਤੇ ਛਾਤੀਆਂ ਤੇ ਕਾਰਤੂਸਾਂ ਦੇ ਪਟੇ ਪਾਏ ਹੋਏ ਸਨ। ਪਹਿਲੀਆਂ ਕਤਾਰਾਂ ਵਿਚ ਬੈਠੇ ਲੋਕ ਕੁਝ ਵੱਖਰੀ ਕਿਸਮ ਦੇ ਸਨ। ਐਡਵਰਡ ਕਾਲਜ ਪੇਸ਼ਾਵਰ ਦੇ ਗ੍ਰੈਜੂਏਟ ਇਹ ਲੋਕ ਲਾੜੇ ਦੇ ਜਮਾਤੀ ਤੇ ਦੋਸਤ ਸਨ ਜੋ ਉਨ੍ਹਾਂ ਨਾਲ ਹੀ ਪੜ੍ਹਦਾ ਸੀ। ਇਹ ਲੋਕ ਬਾਕੀਆਂ ਤੋਂ ਬਿਲਕੁਲ ਵੱਖਰੇ ਸਨ। ਪਠਾਨ ਆਮ ਤੌਰ ਤੇ ਲੰਬੇ ਅਤੇ ਗੋਰੇ ਹੁੰਦੇ ਹਨ ਅਤੇ ਲਾੜੇ ਦੇ ਦੋਸਤ ਨਾ ਸਿਰਫ ਸੁੰਦਰ ਸਨ ਬਲਕਿ ਪੱਛਮੀ ਤਰਜ਼ ਦੇ ਵੀ ਸਨ ਅਤੇ ਆਮ ਪੜ੍ਹੇ ਲਿਖੇ ਪਾਕਿਸਤਾਨੀ ਵਾਂਗ ਉਨ੍ਹਾਂ ਦੀ ਤੱਕਣੀ ਵਿਚ ਅੱਖੜਪੁਣਾ ਵੀ ਸੀ। ਲੈਲਾ ਨੂੰ ਉਹ ਬੜੇ ਦਿਲਕਸ਼ ਲੱਗੇ।

ਸ਼ੋਅ ਸ਼ੁਰੂ ਹੋਇਆ ਤਾਂ ਮਖੌਲੀਆ ਪੂਰੇ ਜਸ਼ਨ ਦੇ ਮਾਸਟਰ ਲਾੜੇ ਅਤੇ ਉਸ ਦੇ ਦੋਸਤਾਂ ਬਾਰੇ ਲਤੀਫੇ ਸੁਣਾਉਂਦਾ ਹੋਇਆ ਤਾੜੀਆਂ ਮਾਰ-ਮਾਰ ਕੇ ਸ਼ੋਰ ਮਚਾਉਣ ਲੱਗਾ। ਲੈਲਾ ਨੇ ਮੈਨੇਜਰ ਨੂੰ ਕਿਹਾ ਕਿ ਉਹ ਸਭ ਤੋਂ ਪਹਿਲਾਂ ਨੱਚਣ ਲਈ ਸਟੇਜ ਤੇ ਜਾਵੇਗੀ। ਜਦੋਂ ਉਹਨੇ

ਨਾਚ ਸ਼ੁਰੂ ਕੀਤਾ ਤਾਂ ਉਹ ਮਸਤ ਹੋ ਗਏ। ਉਨ੍ਹਾਂ ਨੇ ਅਪਣੀਆਂ ਸੀਟਾਂ ਛੱਡੀਆਂ ਸਟੇਜ ਦੇ ਹੋਰ ਨੇੜੇ ਹੋ ਗਏ ਤੇ ਇਸਦੇ ਦੁਆਲੇ ਬੈਠ ਗਏ। ਉਹ ਸੀਟੀਆਂ ਮਾਰਦੇ ਅਤੇ ਮਸਤੀ ਵਿਚ ਦਾਦ ਦੇ ਰਹੇ ਸਨ। ਲੈਲਾ ਵੀ ਬੇਹਤਰੀਨ ਨੱਚੀ। ਉਹਦੀ ਖੁਲ੍ਹੀ ਮੁਸਕਰਾਹਟ ਅਤੇ ਚਿਹਰੇ ਦੀ ਚਮਕ ਨੇ ਉਹਨੂੰ ਬੜੀ ਦਿਲਕਸ਼ ਬਣਾ ਦਿੱਤਾ ਸੀ। ਉਹ ਨੌਜਵਾਨਾਂ ਦੀਆਂ ਅੱਖਾਂ ਵਿਚ ਝਾਕਣ ਲੱਗੀ ਅਤੇ ਉਹਨੂੰ ਇਕ ਅਪਣੀ ਪਸੰਦ ਦਾ ਲੱਭ ਪਿਆ। ਉਹਨੇ ਮਾਵਾ ਲੱਗੀ ਸਫੇਦ ਸਲਵਾਰ ਕਮੀਜ ਪਾਈ ਹੋਈ ਸੀ ਤੇ ਉਹ ਉਹਨੂੰ ਅਪਣਾ ਰਾਜਕੁਮਾਰ ਲੱਗਦਾ ਸੀ। ਉਹ ਨੱਚਦੀ ਹੋਈ ਸਿੱਧੀ ਉਹਦੀਆਂ ਅੱਖਾਂ ਵਿਚ ਹੀ ਝਾਕਦੀ ਰਹੀ। ਉਹਨੇ ਇਹ ਦੇਖਣ ਲਈ ਇੱਧਰ-ਉੱਧਰ ਦੇਖਿਆ ਕਿ ਉਹ ਕਿਸੇ ਹੋਰ ਵੱਲ ਦੇਖ ਰਹੀ ਸੀ ਜਾਂ ਸਿਰਫ ਉਹੀ ਉਹਦੀਆਂ ਨਜ਼ਰਾਂ ਵਿਚ ਸੀ ਅਤੇ ਫੇਰ ਉਹ ਅਰਾਮ ਨਾਲ ਬਹਿਕੇ ਇਸ ਦਾ ਅਨੰਦ ਲੈਣ ਲੱਗਾ। ਸ਼ੋਅ ਚੱਲਦਾ ਰਿਹਾ ਤੇ ਉਨ੍ਹਾਂ ਦੀਆਂ ਆਪਸੀ ਸੈਨਤਾਂ ਹੋਰ ਡੂੰਘੀਆਂ ਹੁੰਦੀਆਂ ਗਈਆਂ। ਲੋਕ ਨਾਚੀਆਂ ਤੇ ਪੈਸੇ ਸੁੱਟ ਰਹੇ ਸਨ ਅਤੇ ਇਹ ਨੌਜਵਾਨ ਪੈਸੇ ਲੈਲਾ ਤੇ ਸੁੱਟਣ ਲੱਗਾ। ਲੈਲਾ ਨੂੰ ਨਸ਼ਾ ਹੋ ਗਿਆ ਕਿ ਉਹਦਾ ਜਾਦੂ ਚੱਲ ਰਿਹਾ ਸੀ।

ਸ਼ੋਅ ਖਤਮ ਹੋਣ ਤੋਂ ਪਹਿਲਾਂ ਹੀ ਉਹ ਸਟੇਜ ਦੇ ਪਿਛਲੇ ਪਾਸੇ ਆ ਵੜਿਆ ਜਿੱਥੇ ਲੈਲਾ ਅਤੇ ਇਕ ਹੋਰ ਨਾਚੀ ਸਟੇਜ ਤੇ ਜਾਣ ਦੀ ਆਪਣੀ ਵਾਰੀ ਉਡੀਕ ਰਹੀਆਂ ਸਨ। ਉਹ ਸਿੱਧਾ ਲੈਲਾ ਕੋਲ ਆਇਆ ਤੇ ਬੋਲਿਆ ਕਿ ਉਹਨੂੰ ਉਹਦਾ ਨਾਚ ਬੜਾ ਚੰਗਾ ਲੱਗਾ ਏ। ਉਹ ਸ਼ਰਾਬ ਪੀ ਕੇ ਆਇਆ ਦਿਸਦਾ ਸੀ। ਮਿਲਣੀ ਬੜੀ ਸੰਖੇਪ ਸੀ ਪਰ ਦੋਹਾਂ ਨੇ ਹੀ ਸ਼ੋਅ ਤੋਂ ਬਾਦ ਮਿਲਣ ਦੀ ਅਪਣੀ-ਅਪਣੀ ਰਜਾਮੰਦੀ ਦਰਸਾਅ ਦਿੱਤੀ। ਲੈਲਾ ਨੇ ਉਸ ਬੰਦੇ ਨਾਲ ਪ੍ਰੋਗਰਾਮ ਬਣਾ ਲਿਆ ਤੇ ਪ੍ਰਬੰਧਕ ਨੂੰ ਕਿਹਾ ਕਿ ਉਹ ਵਾਪਸ ਉਹਦੇ ਨਾਲ ਨਹੀਂ ਜਾ ਰਹੀ ਬਲਕਿ ਖੁਦ ਹੀ ਆ ਜਾਵੇਗੀ। ਪ੍ਰਬੰਧਕ ਗੁੱਸੇ ਵਿਚ ਆ ਗਿਆ ਤੇ ਬੋਲਿਆ ਕਿ ਉਹ ਉਸਦੀ ਮਨੇਜਰ ਨੂੰ ਜਵਾਬਦੇਹ ਵੇ ਅਤੇ ਉਹਦਾ ਕੋਈ ਹੱਕ ਨਹੀਂ ਬਣਦਾ ਕਿ ਉਹ ਅਪਣੀ ਮਾਂ ਅਤੇ ਹੋਰ ਵੈਰਾਇਟੀ ਸ਼ੋਅ ਪ੍ਰਬੰਧਕਾਂ ਨਾਲ ਉਸਦੇ ਸਬੰਧਾਂ ਨੂੰ ਖਤਰੇ ਵਿਚ ਪਾਏ। ਗੁੱਸੇ ਵਿਚ ਉਨ੍ਹਾਂ ਦੀ ਬਹਿਸ ਹੋ ਗਈ। ਲੈਲਾ ਬੜੀ ਖਰ੍ਹਵੀ ਬੋਲ ਰਹੀ ਸੀ, ਨਾਚੀਆਂ ਕੋਲੋਂ ਅਜਿਹੀਆਂ ਬਦਕਲਾਮੀਆਂ ਸੁਣਨ ਦਾ ਆਦੀ ਨਾ ਹੋਣ ਕਰਕੇ ਉਹ ਉਸਤਾਦ ਬੋਲਿਆ ਕਿ ਲੈਲਾ ਢੱਠੇ ਖੂਹ ਵਿਚ ਪਏ।

ਲੈਲਾ ਉਸ ਬੰਦੇ ਨਾਲ ਚਲੀ ਗਈ। ਕੈਸਰਾ ਇਹ ਸੁਣ ਕੇ ਅੱਗ-ਬਬੂਲਾ ਹੋ ਗਈ ਕਿ ਲੈਲਾ ਅਪਣੀ ਮਰਜੀ ਨਾਲ ਚਲੀ ਗਈ ਏ ਪਰ ਉਸ ਨੇ ਇਸ ਦਾ ਉਲਾਂਭਾ ਉਸਤਾਦ ਨੂੰ ਨਾ ਦਿੱਤਾ ਕਿਉਂਕਿ ਉਹ ਜਾਣਦੀ ਸੀ ਕਿ ਲੈਲਾ ਦਾ ਦਿਮਾਗ ਅਜੀਬ ਏ। ਕਈ ਦਿਨ ਇਹ ਪਤਾ ਨਾ ਲੱਗਾ ਕਿ ਉਹ ਗਈ ਕਿੱਥੇ; ਤੇ ਕੈਸਰਾ ਤੇ ਸਾਰਾ ਪਰਿਵਾਰ ਬਹੁਤ ਫਿਕਰਮੰਦ ਹੋ ਰਿਹਾ ਸੀ। ਕੈਸਰਾ ਨੇ ਜਮੀਲਾ ਨੂੰ ਕਿਹਾ ਕਿ ਉਹ ਨਾਲ ਦੀ ਦਰਗਾਹ ਤੇ ਜਾਵੇ ਤੇ ਮੰਨਤ ਮੰਨੇ ਕਿ ਜੇ ਲੈਲਾ ਸੁੱਖੀ ਜਾਂਦੀ ਵਾਪਸ ਆ ਜਾਵੇ ਤਾਂ ਉਹ ਸੁੱਖਣਾ ਉਤਾਰੇਗੀ। ਉਹ ਪੁਲਸ ਕੋਲ ਵੀ ਨਹੀਂ ਜਾ ਸਕਦੀ ਸੀ ਕਿਉਂਕਿ ਉਹ ਜਾਣਦੀ ਸੀ ਕਿ ਇਸ ਦਾ ਕੋਈ ਫਾਇਦਾ ਨਹੀਂ ਹੋਣਾ ਸਗੋਂ ਇਸ ਨਾਲ ਮਾਮਲਾ ਹੋਰ ਉਲਝੇਗਾ ਅਤੇ ਪੁਲਿਸ ਉਹਨੂੰ ਲੱਭਣ ਦੀ ਰਿਸ਼ਵਤ ਅੱਡ ਮੰਗੇਗੀ।

ਦੋ ਹਫਤੇ ਲੰਘ ਗਏ ਪਰ ਲੈਲਾ ਦੀ ਕੋਈ ਖਬਰ ਨਾ ਮਿਲੀ। ਕੈਸਰਾ ਬੜੀ ਗੁੱਸੇ ਸੀ ਕਿ ਲੈਲਾ ਨੇ ਇਹ ਦੱਸਣ ਲਈ ਵੀ ਫੋਨ ਤਕ ਨਹੀਂ ਕੀਤਾ ਕਿ ਉਹ ਠੀਕ-ਠਾਕ ਏ। ਕੈਸਰਾ ਭਾਵੇਂ ਖੁਦ ਪਠਾਣ ਦੀ ਕੁੜੀ ਸੀ ਪਰ ਫੇਰ ਵੀ ਉਹ ਡਰ ਰਹੀ ਸੀ ਕਿ ਪਠਾਣਾਂ ਨੇ ਉਹ ਦੀ ਕੁੜੀ ਨੂੰ

ਅਗਵਾ ਹੀ ਨਾ ਕਰ ਲਿਆ ਹੋਵੇ। ਉਹਨੂੰ ਰਾਤ ਨੂੰ ਭੈੜੇ-ਭੈੜੇ ਸੁਪਨੇ ਆਉਂਦੇ ਕਿ ਲੈਲਾ ਨਾਲ ਬਲਾਤਕਾਰ ਹੋ ਰਿਹਾ ਏ ਤੇ ਉਹ ਲਹੂ-ਲੁਹਾਣ ਹੋਈ ਪਈ ਏ। ਉਹ ਦਿਨ ਰਾਤ ਉਹਦੇ ਲਈ ਦੁਆਵਾਂ ਕਰਦੀ ਰਹਿੰਦੀ।

ਤਕਰੀਬਨ ਤਿੰਨ ਹਫਤੇ ਬਾਦ ਸਵੇਰੇ ਦਸ ਵਜੇ ਦੇ ਕਰੀਬ ਲੈਲਾ ਮੇਰੇ ਘਰ ਇਸਲਾਮਾਬਾਦ ਆ ਗਈ, ਉਹਦੇ ਨਾਲ ਇਕ ਸੁੰਦਰ ਨੌਜਵਾਨ ਮੁੰਡਾ ਸੀ। ਉਹਨੇ ਉਹਨੂੰ ਦੱਸਿਆ ਸੀ ਕਿ ਉਹ ਆਪਣੀ ਸਹੇਲੀ ਦੇ ਘਰ ਉਸਨੂੰ ਲੈ ਕੇ ਜਾ ਰਹੀ ਏ। ਉਹ ਮੇਰੀ ਮਾਂ ਅਤੇ ਭਰਾ ਨੂੰ ਬੜੇ ਪਿਆਰ ਨਾਲ ਮਿਲੀ ਜੋ ਉਸ ਵੇਲੇ ਘਰ ਹੀ ਸਨ। ਮੇਰੀ ਮਾਂ ਨੂੰ ਨਹੀਂ ਸੀ ਪਤਾ ਕਿ ਉਹ ਭੱਜੀ ਹੋਈ ਏ, ਇਸ ਲਈ ਉਹਨੇ ਸੋਚਿਆ ਕਿ ਉਹ ਅਚਾਨਕ ਹੀ ਆ ਗਈ ਹੋਣੀ ਏਂ ਇਸ ਲਈ ਉਹ ਵੀ ਵਾਧੂ ਕੁਝ ਨਾ ਬੋਲੀ। ਉਹ ਵੀ ਲੈਲਾ ਨੂੰ ਅਪਣੇ ਘਰ ਆਉਣ ਵਾਲੇ ਇਕ ਬੰਦੇ ਵਾਂਗ ਹੀ ਮੰਨਣ ਲੱਗ ਪਈ ਸੀ ਨਾ ਕਿ ਕੋਈ ਰੰਡੀ ਵਾਂਗ। ਮੇਰੀ ਮਾਂ ਨੇ ਮੈਨੂੰ ਦਫ਼ਤਰ ਫੋਨ ਕੀਤਾ। ਛੇਤੀ ਘਰ ਨਾ ਆ ਸਕਣ ਬਾਰੇ ਮੈਂ ਫੋਨ ਤੇ ਲੈਲਾ ਨਾਲ ਗੱਲ ਕੀਤੀ। ਉਹ ਬੜੀ ਖੁਸ਼ ਤੇ ਖਿੜੀ ਹੋਈ ਸੀ। ਮੈਂ ਉਹਨੂੰ ਦੱਸਿਆ ਕਿ ਜੇ ਉਹ ਚਾਹੇ ਤਾਂ ਘਰ ਦੇ ਫੋਨ ਤੋਂ ਆਪਣੀ ਮਾਂ ਨਾਲ ਗੱਲ ਕਰ ਸਕਦੀ ਏ। ਉਹ ਸ਼ਾਇਦ ਕਿਸੇ ਹੋਰ ਹੀ ਦੁਨੀਆਂ ਵਿਚ ਸੀ ਪਰ ਉਹਨੇ ਵਾਅਦਾ ਕੀਤਾ ਕਿ ਉਹ ਕੈਸਰਾ ਨਾਲ ਗੱਲ ਕਰ ਲਵੇਗੀ।

ਮੇਰੇ ਘਰ ਪਹੁੰਚਣ ਤੱਕ ਮੇਰੀ ਮਾਂ ਤੇ ਭਰਾ ਮਹਿਮਾਨਾਂ ਦੀ ਖਾਤਿਰ ਕਰਦੇ ਰਹੇ। ਮੇਰਾ ਭਰਾ ਇਸ ਗੱਲ ਨੂੰ ਪਚਾ ਨੀ ਪਾ ਰਿਹਾ ਸੀ ਕਿ ਐਨਾ ਸਿਆਣਾ, ਹੁਸ਼ਿਆਰ ਨੌਜਵਾਨ, ਜਿਹੜਾ ਕਿਸੇ ਚੰਗੇ ਮੱਧ ਵਰਗੀ ਪਰਿਵਾਰ ਦਾ ਲੱਗਦਾ ਸੀ, ਅਜਿਹੇ ਸਬੰਧਾਂ ਵਿਚ ਫਸ ਬੈਠੇਗਾ। ਉਹਨੇ ਬਾਦ ਵਿਚ ਸ਼ਾਮ ਨੂੰ ਇਹ ਹੈਰਾਨੀ ਮੇਰੇ ਕੋਲ ਪ੍ਰਗਟ ਕੀਤੀ ਅਤੇ ਕਿਹਾ ਕਿ ਉਹ ਖੁਦ ਦੀ ਝਲਕ ਇਸ ਨੌਜਵਾਨ ਵਿਚੋਂ ਦੇਖ ਰਿਹਾ ਏ ਕਿਉਂਕ ਮੇਰੇ ਭਰਾ ਨੇ ਵੀ ਕੁਝ ਸਾਲ ਪਹਿਲਾਂ ਪੇਸ਼ਾਵਰ ਦੇ ਉਸੇ ਕਾਲਜ ਤੋਂ ਗ੍ਰੇਜੁਏਸ਼ਨ ਕੀਤੀ ਸੀ। ਉਹਨੇ ਦੱਸਿਆ ਕਿ ਜਦੋਂ ਉਹਨੇ ਸਾਡੇ ਟੈਲੀਫੋਨ ਤੋਂ ਪੇਸਾਵਰ ਵਿਚ ਅਪਣੀ ਮਾਂ ਨਾਲ ਗੱਲ ਕੀਤੀ ਤਾਂ ਉਹ ਬਿਲਕੁਲ ਉਵੇਂ ਬੋਲ ਰਿਹਾ ਸੀ ਜਿਵੇਂ ਅਸੀਂ ਅਪਣੇ ਘਰ ਗੱਲ ਕਰਨ ਵੇਲੇ ਬੋਲ ਰਹੇ ਹੁੰਦੇ ਹਾਂ। ਉਹਨੇ ਦੱਸਿਆ ਕਿ ਉਹ ਕਹਿ ਰਿਹਾ ਸੀ ਕਿ ਉਹਦੇ ਦੋਸਤਾਂ ਦਾ ਅਚਾਨਕ ਪ੍ਰੋਗਰਾਮ ਬਣ ਗਿਆ ਕਿ ਮਰੀ ਚੱਲੀਏ ਇਸ ਲਈ ਉਹ ਉਥੋਂ ਹੀ ਬਲੋ ਰਿਹਾ ਏ ਪਰ ਛੇਤੀ ਹੀ ਘਰ ਵਾਪਸ ਆ ਜਾਏਗਾ। ਮੈਂ ਅਤੇ ਮੇਰੇ ਭਰਾ ਨੇ ਉਨ੍ਹਾਂ ਖਾਸ ਅੰਦਾਜ਼ ਵਾਲੇ ਲੋਕਾਂ ਦੀ ਗੱਲ ਕੀਤੀ ਜਿਨ੍ਹਾਂ ਨੂੰ ਰੰਡੀਆਂ ਦਾ ਸ਼ੌਕ ਹੁੰਦਾ ਏ। ਅਸੀਂ ਸੋਚਦੇ ਹਾਂ ਕਿ ਉਨ੍ਹਾਂ ਦੇ ਗਾਹਕ ਅਪਰਾਧੀ ਸਰਗਣੇ ਜਾਂ ਹੋਰ ਨਿੱਘਰੇ ਹੋਏ ਜੀਵਨ ਚਰਿੱਤਰ ਵਾਲੇ ਲੋਕ ਹੁੰਦੇ ਨੇ ਪਰ ਅਸਲੀਅਤ ਇਹ ਵੇ ਕਿ ਇਹ ਸਾਡੇ ਸਮਾਜ ਦੇ ਆਮ ਲੋਕ ਹੀ ਹੁੰਦੇ ਨੇ ਜੋ ਕਿ ਇਸ ਤਰ੍ਹਾਂ ਦੇ ਮੁਹੱਲਿਆ ਨੂੰ ਜ਼ਿੰਦਾ ਰੱਖਦੇ ਨੇ।

ਜਦੋਂ ਨੂੰ ਮੈਂ ਘਰ ਪਰਤੀ ਲੈਲਾ ਦਾ ਸਾਥੀ ਚਲਾ ਗਿਆ ਸੀ ਅਤੇ ਰਾਤ ਰਹਿਣ ਦਾ ਪ੍ਰੋਗਰਾਮ ਬਣਾਉਣ ਵਾਸਤੇ ਲੈਲਾ ਮੇਰੀ ਮਾਂ ਨਾਲ ਗੱਲਾਂ ਮਾਰ ਰਹੀ ਸੀ। ਉਹਨੇ ਕਿਹਾ ਕਿ ਉਹ ਅਗਲੇ ਦਿਨ ਲਾਹੌਰ ਵਾਪਸ ਜਾ ਰਹੀ ਏ ਤੇ ਉਹਨੇ ਮਾਂ ਨੂੰ ਫੋਨ ਕਰ ਦਿੱਤਾ ਏ ਕਿ ਉਹ ਵਾਪਸ ਘਰ ਆ ਰਹੀ ਏ। ਜਿਸ ਢੰਗ ਨਾਲ ਉਹ ਗੱਲਾਂ ਕਰ ਰਹੀ ਸੀ ਅਤੇ ਜਿਵੇਂ ਮੇਰੀ ਮਾਂ ਤੇ ਭਰਾ ਨੇ ਉਹਦੀ ਤੇ ਨੌਜਵਾਨ ਦੀ ਗੱਲਬਾਤ ਮੈਨੂੰ ਦੱਸੀ ਉਸ ਤੋਂ ਲੱਗਦਾ ਸੀ ਕਿ ਉਹ ਬਿਲਕੁਲ ਵੀ

ਨਹੀਂ ਬਦਲੀ ਏ। ਉਹ ਅਜੇ ਵੀ ਬੱਚਿਆਂ ਵਾਂਗ ਗੱਲਾਂ ਕਰਦੀ ਸੀ ਪਰ ਮੈਂ ਸਮਝ ਰਹੀ ਸੀ ਕਿ ਉਹਦੇ ਅੰਦਰ ਕੁਝ ਹੋਰ ਏ ਜਾਂ ਕੁਝ ਦੇਰ ਬਾਦ ਕੁਝ ਹੋਰ ਬਣਨ ਵਾਲਾ ਏ। ਕੋਈ ਗਾਹਕ ਫਸਾ ਕੇ ਅਤੇ ਉਹਦੇ ਜਾਣ ਤੋਂ ਬਾਦ ਉਹਦੇ ਬਾਰੇ ਕਿਸੇ ਨੂੰ ਵੀ ਕੁਝ ਨਾ ਦੱਸਣਾ ਉਹਦਾ ਆਮ ਵਿਹਾਰ ਨਹੀਂ ਸੀ। ਸ਼ਾਇਦ ਉਹ ਇਹ ਦੱਸਣਾ ਚਾਹੁੰਦਾ ਸੀ ਕਿ ਹੁਣ ਉਹ ਆਪਣੇ ਫੈਸਲੇ ਆਪ ਕਰਿਆ ਕਰੇਗੀ ਜਾਂ ਉਸ ਦੀ ਕੁਝ ਖੁਦਮੁਖਤਾਰੀ ਹੋਇਆ ਕਰੇਗੀ। ਮੈਨੂੰ ਪੱਕਾ ਪਤਾ ਨਹੀਂ ਸੀ ਲੱਗ ਰਿਹਾ। ਉਹ ਬਿਨਾਂ ਕਿਸੇ ਬਹਾਨੇ, ਸਪਸ਼ਟੀਕਰਨ ਜਾਂ ਮਾਫੀ ਦੇ ਲਾਹੌਰ ਵਾਪਸ ਚਲੀ ਗਈ। ਉਹ ਇਸ ਤਰ੍ਹਾਂ ਵਾਪਸ ਚਲੀ ਗਈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਉਹਦਾ ਰੌਂਅ ਦੇਖ ਕੇ ਕੈਸਰਾ ਨੇ ਵੀ ਗੱਲ ਅਗੇ ਨਾ ਖਿੱਚੀ। ਲੈਲਾ ਨੇ ਉਹਨੂੰ ਦੱਸਿਆ ਕਿ ਹੁਣ ਉਨ੍ਹਾਂ ਦਾ ਧੰਦਾ ਪੇਸ਼ਾਵਰ ਵਿਚ ਚੰਗਾ ਚੱਲਿਆ ਕਰੇਗਾ। ਇਸ ਗੇੜੇ ਵਿਚ ਉਹਨੇ ਕੁਝ ਏਜੰਟਾਂ ਨਾਲ ਉੱਥੇ ਚੰਗੇ ਸੰਪਰਕ ਕਾਇਮ ਕਰ ਲਏ ਨੇ।

ਸਮਾਂ ਲੰਘਦਾ ਗਿਆ ਅਤੇ ਲੈਲਾ ਸ਼ਾਮ ਨੂੰ ਆਪਣੇ ਕੋਠੇ ਤੇ ਮੁਜਰਾ ਕਰਦੀ ਰਹੀ ਤੇ ਜਦੋਂ ਮੌਕਾ ਮਿਲਦਾ ਵੈਰਾਇਟੀ ਸ਼ੋਆਂ ਤੇ ਵੀ ਜਾਂਦੀ ਰਹਿੰਦੀ। ਉਹ ਸਭ ਕੁਝ ਠੀਕ-ਠਾਕ ਕਰ ਰਹੀ ਸੀ। ਕਈ ਵਾਰੀ ਤਾਂ ਉਹ ਯਤਨ ਵੀ ਕਰਦੀ ਸੀ ਪਰ ਕਈ ਵਾਰੀ ਉਹ ਨਾ ਹੀ ਗਾਹਕਾਂ ਦੇ ਭੱਦੇ ਮਜ਼ਾਕ ਤੇ ਹੱਸਦੀ ਤੇ ਨਾ ਹੀ ਉਨ੍ਹਾਂ ਨੂੰ ਉਤੇਜਿਤ ਕਰਨ ਦੀ ਕੋਸ਼ਿਸ਼ ਹੀ ਕਰਦੀ। ਬੌਬੀ ਮਦਦ ਲਈ ਸੀ ਪਰ ਉਸਦਾ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ। ਉਹ ਲੈਲਾ ਨਾਲ ਛੇ ਕੁ ਮਹੀਨੇ ਕੰਮ ਕਰਦੀ ਰਹੀ ਤੇ ਫੈਸਲਾ ਕਰ ਲਿਆ ਕਿ ਹੁਣ ਉਹ ਹੋਰ ਕੰਮ ਨਹੀਂ ਕਰੇਗੀ। ਲੈਲਾ ਜਾਂ ਕੈਸਰਾ ਉਸ ਨੂੰ ਕਿਸੇ ਵੀ ਤਰ੍ਹਾਂ ਨਾ ਮਨਾ ਸਕੀਆਂ ਅਤੇ ਕੈਸਰਾ ਨੇ ਸੋਚਿਆ ਕਿ ਉਹਨੂੰ ਉਹਦੇ ਨਾਲ ਸਖਤੀ ਵਰਤਣੀ ਪਏਗੀ ਆਖਰ ਉਹ ਰਹਿ ਤਾਂ ਉਨ੍ਹਾਂ ਨਾਲ ਹੀ ਰਹੀ ਸੀ। ਇਸ ਵੇਲੇ ਤੱਕ ਕੈਸਰਾ ਨੂੰ ਇਹ ਵੀ ਪਤਾ ਲੱਗ ਚੁੱਕਾ ਸੀ ਕਿ ਸ਼ਮਸਾ ਨੇ ਉਹਨੂੰ ਲੰਦਨ ਤੋਂ ਵਾਪਸ ਸਿਰਫ ਸ਼ਰਾਬ ਦੀ ਆਦਤ ਕਰਕੇ ਹੀ ਨਹੀਂ ਭੇਜਿਆ ਸੀ ਬਲਕਿ ਇਸ ਲਈ ਵੀ ਕਿ ਬੌਬੀ ਕਿਸੇ ਬੰਦੇ ਨਾਲ ਲੰਦਨ ਵਿਚ ਹੀ ਫਸੀ ਹੋਈ ਸੀ ਤੇ ਸ਼ਮਸਾ ਨੂੰ ਡਰ ਸੀ ਕਿ ਉਹ ਕਿਤੇ ਉਹਦੇ ਨਾਲ ਭੱਜ ਨਾ ਜਾਵੇ। ਇਸ ਸਭ ਦੇ ਬਾਵਜੂਦ ਵੀ ਕੈਸਰਾ ਉਹਦੇ ਨਾਲ ਸਖਤੀ ਨਾ ਕਰ ਸਕੀ। ਉਹ ਸਮਝਦੀ ਸੀ ਕਿ ਬੌਬੀ ਖੁਦ ਹੀ ਇਹ ਗੱਲ ਮਹਿਸੂਸ ਕਰ ਲਵੇ ਕਿ ਉਹਨੂੰ ਵੀ ਪਰਿਵਾਰ ਦੀ ਆਮਦਨ ਲਈ ਕੁਛ ਕਰਨਾ ਚਾਹੀਦਾ ਏ ਕਿਉਂਕਿ ਉਨ੍ਹਾਂ ਦੇ ਘਰ ਦਾ ਗੁਜ਼ਾਰਾ ਤਾਂ ਇਸੇ ਤੇ ਈ ਏ। ਲੈਲਾ ਵੀ ਸਹਿਮਤ ਸੀ ਪਰ ਦੋਹਾਂ ਵਿਚੋਂ ਕੋਈ ਵੀ ਬੌਬੀ ਤੇ ਦਬਾਉ ਨਾ ਪਾ ਸਕਿਆ। ਉਹ ਦੋਵੇਂ ਮਹਿਸੂਸ ਕਰਦੀਆਂ ਸਨ ਕਿ ਉਹ ਸ਼ਮਸਾ ਦੀ ਏ ਅਤੇ ਜੇ ਸ਼ਾਹਿਦ ਸ਼ਮਸਾ ਦੇ ਨੁਮਾਇੰਦੇ ਦੇ ਤੌਰ ਤੇ ਕੁਝ ਕਰਨ ਜੋਗਾ ਹੋਇਆ ਤਾਂ ਆਪਣੇ ਆਪ ਉਹਨੂੰ ਕਾਬੂ ਕਰੇਗਾ।

ਅਪਣਾ ਪਾਸਪੋਰਟ ਅਤੇ ਵੀਜ਼ਾ ਪੇਪਰ ਖੋਣ ਕਰਕੇ ਬੌਬੀ ਬੜੀ ਪ੍ਰੇਸ਼ਾਨ ਸੀ। ਉਹ ਸਾਰਾ ਦਿਨ ਪਾਸੇ ਬੈਠੀ ਰਹਿੰਦੀ ਅਤੇ ਲੈਲਾ ਨੇ ਸੋਚਿਆ ਕਿ ਉਸਨੂੰ ਉਹਦੇ ਨਾਲ ਗੱਲ ਕਰਨੀ ਚਾਹੀਦੀ ਏ ਤਾਂ ਕਿ ਉਹਦੇ ਸਿਰ ਵਿਚ ਕੁਝ ਪਾ ਸਕੇ। ਉਹਨੇ ਬੜੀ ਵਾਰੀ ਕੋਸ਼ਿਸ਼ ਕੀਤੀ ਅਤੇ ਅਪਣੇ ਤਜ਼ਰਬੇ ਅਤੇ ਵਿਚਾਰ ਸੁਣਾਏ ਜੋ ਕਦੀ ਉਹ ਵੀ ਰੱਖਿਆ ਕਰਦੀ ਸੀ ਪਰ ਬੌਬੀ ਕਦੀ ਵੀ ਉਹਦੇ ਨਾਲ ਗੱਲੀਂ ਨਾ ਪੈਂਦੀ। ਅਚਾਨਕ ਕੁਝ ਮਹੀਨੇ ਬੰਦ ਰੱਖਣ ਤੋਂ ਬਾਦ ਬੌਬੀ ਨੇ ਫੇਰ ਕੰਮ ਸ਼ੁਰੂ ਕਰ ਦਿੱਤਾ। ਲੈਲਾ ਨੇ ਖੁਸ਼ ਹੋ ਕੇ ਬੌਬੀ ਦੇ ਕੰਮ ਤੇ ਮੁੜਨ ਦੇ ਫੈਸਲੇ ਨੂੰ ਅਪਣੀ ਕੋਸ਼ਿਸ਼ ਨਾਲ

ਜੋੜ ਲਿਆ ਕਿਉਂਕਿ ਉਹ ਕਈ ਵਾਰੀ ਉਹਦੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਚੁੱਕੀ ਸੀ ਪਰ ਅਸਲ ਵਿਚ ਕੋਈ ਨਹੀਂ ਜਾਣਦਾ ਸੀ ਕਿ ਉਹਦੇ ਮਨ ਵਿਚ ਕੀ ਏ। ਕਰੀਬ ਇਕ ਮਹੀਨੇ ਬਾਦ ਬੌਬੀ ਨੇ ਪਰਿਵਾਰ ਨੂੰ ਇਹ ਕਹਿ ਕੇ ਇਕ ਹੋਰ ਸਦਮਾ ਪੁਚਾਇਆ ਕਿ ਉਹ ਕਿਸੇ ਨੂੰ ਪਿਆਰ ਕਰਦੀ ਏ। ਕੈਸਰਾ ਉਹਦੇ ਉੱਤੇ ਚੀਖੀ ਲੈਲਾ ਵੀ ਅੱਗ-ਭਭੂਕਾ ਹੋਈ ਜਦੋਂ ਕਿ ਜਮੀਲਾ ਅਤੇ ਬਾਕੀ ਬੱਚੇ ਪਿਛਲੇ ਕਮਰੇ ਵਿਚ ਲੁਕ ਗਏ ਤੇ ਅਗਲੇ ਤੁਫਾਨ ਦੀ ਉਡੀਕ ਕਰਨ ਲੱਗੇ।

ਕੈਸਰਾ ਨੇ ਬੌਬੀ ਨੂੰ ਗਾਲ੍ਹਾਂ ਕੱਢੀਆਂ। ਉਹ ਉਸ ਪਾਪ ਦਾ ਠੂਣਾ ਅਪਣੀ ਭੈਣ ਤੋਂ ਅਪਣੇ ਸਿਰ ਤੇ ਨਹੀਂ ਭਨਵਾਉਣਾ ਚਾਹੁੰਦੀ ਸੀ ਜੋ ਉਸ ਨੇ ਕੀਤਾ ਹੀ ਨਹੀਂ ਸੀ। ਅਪਣੀ ਮਾੜੀ ਕਿਸਮ ਲਈ ਉਹਨੇ ਖੁਦ ਨੂੰ ਵੀ ਲਾਹਨਤਾਂ ਪਾਈਆਂ ਅਤੇ ਅਪਣੀ ਮੌਤ ਦੀ ਦੁਆ ਕਰਨ ਲੱਗੀ। ਪਰ ਬੌਬੀ ਤੇ ਕੋਈ ਅਸਰ ਨਾ ਹੋਇਆ। ਕੈਸਰਾ ਨੇ ਉਹਨੂੰ ਕਿਹਾ ਕਿ ਸ਼ਾਹਿਦ ਨੂੰ ਆ ਲੈਣ ਦੇ ਉਹੀ ਉਸਦਾ ਨਿਬੇੜਾ ਕਰੇਗਾ। ਉਹਨੇ ਸਥਿਤੀ ਨੂੰ ਸੁਲਝਾਉਣ ਦਾ ਪੂਰਾ ਵਾਹ ਲਾਇਆ ਪਿਆਰ, ਗੁੱਸਾ ਜੋ ਵੀ ਕੁਝ ਵਰਤ ਸਕੀ ਵਰਤਿਆ ਤਾਂ ਕਿ ਉਹ ਬੌਬੀ ਨੂੰ ਉਸ ਬੰਦੇ ਨਾਲ ਭੱਜਣ ਤੋਂ ਰੋਕ ਸਕੇ। ਉਹਨੇ ਇਹ ਵੀ ਕਿਹਾ ਕਿ ਜੇ ਉਹ ਬੰਦਾ ਵੀ ਉਹਦੇ ਤੇ ਮਰਦਾ ਏ ਤਾਂ ਉਹ ਉਹਦੇ ਨਾਲ ਲੰਬੇ ਸਮੇਂ ਦਾ ਰਿਸ਼ਤਾ ਨਿਭਾਉਣ ਲਈ ਪ੍ਰਬੰਧ ਕਰਨ ਨੂੰ ਵੀ ਤਿਆਰ ਏ ਤਾਂ ਕਿ ਬੌਬੀ ਤੇ ਉਸ ਦਾ ਇਕੱਲੇ ਦਾ ਹੀ ਹੱਕ ਰਹੇ। ਉਹਨੇ ਇਹ ਵੀ ਕਿਹਾ ਕਿ ਜੋ ਉਹ ਚਾਹੁੰਦਾ ਹੈ ਉਸ ਦੀ ਕੀਮਤ ਵੀ ਦਏ ਅਤੇ ਮਾਇਕ ਤੌਰ ਤੇ ਉਸ ਦੀ ਮਦਦ ਵੀ ਕਰੇ। ਉਹਨੇ ਗੁੱਸੇ ਵਿਚ ਐਥੋਂ ਤੱਕ ਵੀ ਕਿਹਾ ਕਿ ਜੇ ਉਹਦੇ ਵਿਚ ਇਖ਼ਲਾਕ ਨਾਂ ਦੀ ਕੋਈ ਚੀਜ਼ ਏ ਤਾਂ ਉਹ ਘੱਟੋ-ਘੱਟ ਬੌਬੀ ਨੂੰ ਪਾਲਣ ਦਾ ਖਰਚਾ ਹੀ ਤਾਂ ਦੇ ਦਏ। ਕੈਸਰਾ ਜਾਣਦੀ ਸੀ ਕਿ ਕਿਵੇਂ ਵੀ ਉਸ ਨੂੰ ਹਾਲਤ ਨਾਲ ਨਜਿੱਠਣਾ ਪਏਗਾ ਨਹੀਂ ਤਾਂ ਉਹਦੀ ਭੈਣ ਸੌਦਾ ਨਾ ਨਿੱਬੜ ਸਕਣ ਦਾ ਦੋਸ਼ੀ ਉਸੇ ਨੂੰ ਠਹਿਰਾਏਗੀ।

ਲੈਲਾ ਖੁਲ੍ਹ ਕੇ ਅਪਣੀ ਮਾਂ ਨਾਲ ਖੜੀ ਸੀ ਅਤੇ ਕੈਸਰਾ ਨਾਲ ਰਲਕੇ ਪਰਿਵਾਰ ਦੇ ਇਸ ਸੰਕਟ ਨਾਲ ਜੂਝ ਰਹੀ ਸੀ ਅਤੇ ਇਹ ਉਸਦੀ ਨਵੀਂ ਭੂਮਿਕਾ ਦੀ ਹੀ ਰੂਪ ਰੇਖਾ ਸੀ ਜੋ ਉਸਨੇ ਅੱਗੋਂ ਅਪਨਾਉਣੀ ਸੀ। ਪਰ ਬੌਬੀ ਨੇ ਉਨ੍ਹਾਂ ਨੂੰ ਉਲਝਣ ਦਾ ਬਹੁਤਾ ਮੌਕਾ ਹੀ ਨਾ ਦਿੱਤਾ ਅਤੇ ਅਗਲੇ ਦਿਨ ਹੀ ਭੱਜ ਗਈ। ਕੈਸਰਾ ਦਾ ਨਾ ਸਿਰਫ ਦਿਲ ਹੀ ਟੁੱਟ ਗਿਆ ਸੀ ਬਲਕਿ ਉਸ ਤੋਹਮਤ ਤੋਂ ਵੀ ਡਰ ਰਹੀ ਸੀ ਜੋ ਉਸ ਤੇ ਲੱਗਣੀ ਸੀ। ਜਦੋਂ ਸ਼ਾਮ ਨੂੰ ਸ਼ਾਹਿਦ ਘਰ ਵਾਪਸ ਆਇਆ ਤਾਂ ਉਹ ਬੜਾ ਗੁੱਸੇ ਵਿਚ ਸੀ। ਉਹਦਾ ਵਤੀਰਾ ਆਸ ਦੇ ਮੁਤਾਬਕ ਹੀ ਸੀ ਭਾਵੇਂ ਕਿ ਬੌਬੀ ਲੰਦਨ ਵਿਚ ਵੀ ਮੁਸ਼ਕਲਾਂ ਖੜ੍ਹੀਆਂ ਕਰਦੀ ਰਹੀ ਸੀ। ਉਹਨੇ ਕੈਸਰਾ ਨੂੰ ਬਹੁਤਾ ਕੁਝ ਨਾ ਕਿਹਾ ਪਰ ਬੌਬੀ ਅਤੇ ਉਸ ਬੰਦੇ ਨੂੰ ਗਾਲ੍ਹਾਂ ਕੱਢਦਾ ਰਿਹਾ ਜੋ ਉਹਨੂੰ ਲੈ ਗਿਆ ਸੀ। ਅਗਲੇ ਦਿਨ ਉਹ ਨੇ ਉਨ੍ਹਾਂ ਨੂੰ ਲੱਭਣ ਲਈ ਦੱਲਿਆਂ ਅਤੇ ਏਜੰਟਾਂ ਦਾ ਅਪਣਾ ਜਾਲ ਵਿਛਾ ਦਿੱਤਾ।

ਸ਼ਾਹਿਦ ਨੂੰ ਪਤਾ ਲੱਗ ਗਿਆ ਸੀ ਕਿ ਬੌਬੀ ਨੇ ਉਸ ਬੰਦੇ ਨਾਲ ਨਿਕਾਹ ਕਰਵਾ ਲਿਆ ਏ ਇਸ ਲਈ ਉਸ ਕੋਲ ਤਰਜੀਹਾਂ ਬੜੀਆਂ ਸੀਮਤ ਸਨ। ਉਹ ਉਨ੍ਹਾਂ ਦੇ ਘਰ ਵੀ ਜਾ ਵੜਿਆ ਪਰ ਬੰਦਾ ਬਾਹਰ ਗਿਆ ਹੋਇਆ ਸੀ। ਉਹਨੇ ਬੌਬੀ ਨੂੰ ਵਾਪਸ ਆਉਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ। ਉਹਨੇ ਉਹਨੂੰ ਗਾਲ੍ਹਾਂ ਵੀ ਕੱਢੀਆਂ ਅਤੇ ਜਦੋਂ ਉਹ ਹੱਥੋਪਾਈ ਹੋ ਕੇ ਉਸ ਨੂੰ ਨੁਕਸਾਨ ਪੁਚਾਉਣ ਦੀ ਨੌਬਤ ਤੇ ਪਹੁੰਚਿਆ ਤਾਂ ਉਹਨੇ ਅੱਗੋਂ ਧਮਕੀ ਦੇ ਦਿੱਤੀ ਕਿ ਬੜਾ ਬੁਰੀ ਤਰ੍ਹਾਂ ਫਸੇਂਗਾ ਜੇ ਅਜੇ ਵੀ ਨਾ ਗਿਆ ਤਾਂ। ਉਹਨੇ ਹੁਕਮ ਦਿੱਤਾ ਕਿ ਉਹ ਉਹਦੇ ਜੀਵਨ ਵਿਚੋਂ

ਦੂਰ ਚਲਾ ਜਾਵੇ ਅਤੇ ਕਿਹਾ ਕਿ ਉਸਨੇ ਇਸ ਪਰਿਵਾਰ ਤੋਂ ਹੁਣ ਕੁਝ ਲੈਣਾ-ਦੇਣਾ ਨਹੀਂ ਅਤੇ ਕੋਈ ਮੁੜ ਕੇ ਉਹਨੂੰ ਅਪਣਾ ਮੂੰਹ ਨਾ ਦਿਖਾਏ। ਸ਼ਾਹਿਦ ਨਿਰਾਸ਼ ਅਤੇ ਦੁਖੀ ਵਾਪਸ ਪਰਤ ਆਇਆ। ਉਹਨੂੰ ਪਤਾ ਸੀ ਕਿ ਜੇ ਬੌਬੀ ਬੰਦੇ ਨਾਲ ਰਹਿਣਾ ਚਾਹੁੰਦੀ ਏ ਤੇ ਉਹ ਕਾਨੂੰਨੀ ਤੌਰ ਤੇ ਨਿਕਾਹ ਕਰ ਚੁੱਕੇ ਨੇ ਤਾਂ ਉਹ ਨਾਂ ਉਸ ਤੋਂ ਪੈਸੇ ਮੰਗ ਸਕਦਾ ਹੇ ਤੇ ਨਾ ਹੀ ਜਬਰਦਸਤੀ ਉਸ ਨੂੰ ਵਾਪਸ ਲਿਜਾ ਸਕਦਾ ਏ।

ਉਹ ਵਾਪਿਸ ਆਇਆ ਤੇ ਉਹਨੇ ਕੈਸਰਾ ਨੂੰ ਦੱਸਿਆ, 'ਇਸ ਵਿਚ ਸਾਡਾ ਅਪਣਾ ਹੀ ਦੋਸ਼ ਏ। ਜਦ ਕਿਰਨ ਨੇ ਨਿਕਾਹ ਕਰਵਾਉਣਾ ਚਾਹਿਆ ਸੀ ਤਾਂ ਉਸ ਨੂੰ ਜਾਣ ਦੇ ਕੇ ਅਸੀਂ ਮਾੜੀ ਲੀਕ ਖੁਦ ਹੀ ਤੋਰੀ ਏ। ਅਸੀਂ ਪਹਿਲਾਂ ਹੀ ਕਮਜ਼ੋਰ ਹੋ ਚੁੱਕੇ ਹਾਂ। ਜਦੋਂ ਮੈਂ ਅਪਣੀ ਕੁੜੀ ਨੂੰ ਹੀ ਕਾਬੂ ਵਿਚ ਨਹੀਂ ਰੱਖ ਸਕਿਆ ਤਾਂ ਮੈਂ ਉਸ ਬੰਦੇ ਨਾਲ ਕੀ ਲੜ ਸਕਦਾ ਹਾਂ? ਜੇ ਮੈਂ ਉਹਨੂੰ ਘਰ ਘੜੀਸ ਵੀ ਲਿਆਉਂਦਾ ਤਾਂ ਕਿਹੜਾ ਉਹਨੇ ਧੰਦਾ ਕਰਨਾ ਸੀ? ਨਹੀਂ। ਉਹ ਫੇਰ ਅੜੀ ਰਹਿੰਦੀ।' ਉਹਨੇ ਕੈਸਰਾ ਨੂੰ ਕਿਹਾ ਕਿ ਦੁਆ ਕਰ ਕਿ ਉਹਦੇ ਪਤੀ ਦੀ ਘਰ ਵਿਚ ਕੋਈ ਸਮੱਸਿਆ ਪੈਦਾ ਹੋ ਜਾਵੇ ਕਿ ਉਹਨੇ ਛੁਪ ਕੇ ਨਿਕਾਹ ਕੀਤਾ ਏ। ਸਿਰਫ ਤਾਂ ਹੀ ਉਹਦੇ ਤੇ ਦਬਾਉ ਪਾਇਆ ਜਾ ਸਕਦਾ ਏ ਕਿ ਉਹ ਉਹਨੂੰ ਛੱਡ ਜਾਵੇ।

ਹਰ ਰਾਤ ਇਕੱਲੀ ਹੀ ਗਾਹਕਾਂ ਦਾ ਮਨੋਰੰਜਨ ਕਰਦੀ ਲੈਲਾ ਨੇ ਖੁਦ ਹੀ ਸਲਾਹ ਦਿੱਤੀ ਕਿ ਉਹਦੇ ਨਾਲ ਨੱਚਣ ਲਈ ਮੁਜਰੇ ਵਾਸਤੇ ਕੁਝ ਹੋਰ ਨਾਚੀਆਂ ਨੂੰ ਕਿਉਂ ਨਾ ਸੱਦ ਲਿਆ ਜਾਵੇ। ਕੈਸਰਾ ਮੰਨ ਗਈ ਤੇ ਉਹਨੇ ਪਮੀ ਅਤੇ ਉਹਦੀਆਂ ਭੈਣਾਂ ਤੇ ਇਕ ਹੋਰ ਨਾਚੀ ਸੁਰੱਈਆ ਨਾਲ ਸੰਪਰਕ ਕੀਤਾ ਜੋ ਲੈਲਾ ਨਾਲ ਵੈਰਾਇਟੀ ਸ਼ੋਅ ਵਿਚ ਕੰਮ ਕਰ ਚੁੱਕੀਆਂ ਸਨ। ਉਹ ਮੁਜ਼ਰਾ ਕਰਦੀਆਂ ਰਹੀਆਂ। ਇਕ ਦਿਨ ਦੁਪਹਿਰ ਦੇ ਨੇੜੇ ਜਦੋਂ ਸਾਰੇ ਨਾਸ਼ਤਾ ਕਰ ਰਹੇ ਸਨ ਤਾਂ ਬੌਬੀ ਆ ਗਈ। ਲੈਲਾ ਦਾ ਮੂੰਹ ਲਮਕ ਗਿਆ। ਸਿਰਫ ਜਮੀਲਾ, ਉਹਦੀ ਸਕੀ ਮਾਂ, ਦੌੜ ਕੇ ਗਈ ਅਤੇ ਜੱਫੀ ਪਾਕੇ ਉਹ ਨੂੰ ਪੁੱਛਣ ਅਤੇ ਰੋਣ ਲੱਗੀ, 'ਧੀਏ ਤੂੰ ਠੀਕ ਤਾਂ ਏਂ? ਉਹਨੇ ਤੈਨੂੰ ਕੁਝ ਕਿਹਾ ਤਾਂ ਨਹੀਂ? ਕੀ ਤੂੰ ਆਪੀ ਆਈ ਏਂ ਕਿ ਉਹਨੇ ਤੈਨੂੰ ਭਜਾ ਦਿੱਤਾ ਏ? ਦੱਸ ਮੈਨੂੰ, ਪੁੱਤਰ ਦੱਸ ਮੈਨੂੰ ਤੂੰ ਠੀਕ ਤਾਂ ਏਂ?' ਕੈਸਰਾ ਚੁੱਪ ਹੀ ਰਹੀ। ਬੌਬੀ ਕੋਲ ਕੋਈ ਜਵਾਬ ਨਹੀਂ ਸੀ। ਘਰ ਦੇ ਅੰਦਰ ਜਾ ਕੇ ਉਹ ਮੰਜੇ ਤੇ ਡਿੱਗ ਪਈ ਅਤੇ ਰੋਂਦੀ ਰਹੀ ਜਦੋਂ ਤੱਕ ਕਿ ਉਹਨੂੰ ਨੀਂਦ ਨਾ ਆ ਗਈ।

ਲੈਲਾ ਬਹੁਤ ਗੁੱਸੇ ਵਿਚ ਸੀ ਕਿ ਬੌਬੀ ਜਦ ਚਾਹੁੰਦੀ ਏ ਉਨ੍ਹਾਂ ਨੂੰ ਵਰਤ ਲੈਂਦੀ ਏ ਪਰ ਉਨ੍ਹਾਂ ਨੂੰ ਦੱਸਦੀ ਕੁਝ ਵੀ ਨਹੀਂ। ਬੌਬੀ ਦੀ ਚੁੱਪ ਨੇ ਲੈਲਾ ਦਾ ਪਿਆਰ ਤੇ ਚਿੰਤਾ ਗੁੱਸੇ ਵਿਚ ਬਦਲ ਦਿੱਤਾ ਸੀ। ਕੈਸਰਾ ਨੇ ਲੈਲਾ ਨੂੰ ਕਿਹਾ ਕਿ ਉਹਨੂੰ ਨਾ ਛੇੜੇ ਅਤੇ ਉਹਨੂੰ ਯਾਦ ਕਰਵਾਇਆ 'ਲੈਲਾ! ਚੇਤੇ ਕਰ ਜਦੋਂ ਬੌਬੀ ਲੰਦਨ ਤੋਂ ਵਾਪਸ ਆਈ ਸੀ, ਸਾਨੂੰ ਕਿਸੇ ਨੂੰ ਵੀ ਨਹੀਂ ਪਤਾ ਸੀ ਕਿ ਕੀ ਹੋਇਆ ਸੀ। ਉਹਨੇ ਕਦੀ ਨਹੀਂ ਦੱਸਿਆ ਕਿ ਉਹਨੂੰ ਕੀ ਦੁੱਖ ਏ। ਹੁਣ ਵੀ ਉਹ ਉਵੇਂ ਹੀ ਕਰ ਰਹੀ ਏ।' ਫੇਰ ਉਹ ਰੋਣ ਲੱਗੀ, 'ਸ਼ਮਸਾ ਦੇ ਨਿਆਣੇ ਸਮਝਦੇ ਨੇ ਮੇਰਾ ਇੱਥੇ ਹੋਟਲ ਵੇ। ਮੈਂ ਉਨ੍ਹਾਂ ਨੂੰ ਪੁੱਛ ਵੀ ਨਹੀਂ ਸਕਦੀ ਕਿ ਉਹ ਕਿੱਥੇ ਜਾਂਦੇ ਨੇ ਤੇ ਕਿੱਥੋਂ ਆਉਂਦੇ ਨੇ। ਪਰ ਜਦ ਉਨ੍ਹਾਂ ਨੂੰ ਮੇਰੀ ਲੋੜ ਹੁੰਦੀ ਏ ਤਾਂ ਮੇਰੇ ਕੋਲ ਆ ਵੜਦੇ ਨੇ।' ਲੈਲਾ ਉਹਦੇ ਨਾਲ ਸਹਿਮਤ ਸੀ।

ਅਗਲੇ ਕੁਝ ਦਿਨਾਂ ਵਿਚ ਘਰ ਦੀ ਹਾਲਤ ਬਿਲਕੁਲ ਹੀ ਬਦਲ ਗਈ। ਬੌਬੀ ਜਮੀਲਾ

ਨਾਲ ਬਹੁਤੀਆਂ ਗੱਲਾਂ ਕਰਦੀ ਰਹਿੰਦੀ ਜਿਸ ਕਰਕੇ ਲੈਲਾ ਕੈਸਰਾ ਦੇ ਨੇੜੇ ਆ ਗਈ। ਲੈਲਾ ਅਤੇ ਕੈਸਰਾ ਸੋਚਣ ਲੱਗੀਆਂ ਕਿ ਬੌਬੀ ਅਪਣੀ ਮਾਂ ਨਾਲ ਗੁੱਝੀਆਂ ਗੱਲਾਂ ਕਰਦੀ ਏ ਪਰ ਦੋਵੇਂ ਹੀ ਸਮੱਸਿਆਵਾਂ ਨੂੰ ਆਪਣੇ ਤੱਕ ਹੀ ਮਹਿਦੂਦ ਰੱਖਦੀਆਂ ਨੇ। ਜਮੀਲਾ ਪਰਿਵਾਰ ਬਾਰੇ ਚੰਗੀ ਤਰ੍ਹਾਂ ਜਾਣਦੀ ਸੀ ਅਤੇ ਤਣਾਉ ਮਹਿਸੂਸ ਕਰਦੀ ਸੀ। ਉਹਨੇ ਬੌਬੀ ਨੂੰ ਕਿਹਾ ਕਿ ਉਨ੍ਹਾਂ ਨਾਲ ਵੀ ਗੱਲ ਕਰੇ, ਅਤੇ ਜਦੋਂ ਉਹ ਨਾ ਮੰਨੀ ਤਾਂ ਉਹਨੇ ਉਨ੍ਹਾਂ ਨੂੰ ਕੁਝ ਦੱਸਣ ਦੀ ਇਜਾਜ਼ਤ ਲੈ ਲਈ। ਉਹਨੇ ਉਹਨੂੰ ਯਕੀਨ ਦਿਵਾਇਆ ਕਿ ਜੇ ਉਨ੍ਹਾਂ ਨੇ ਇਸੇ ਘਰ ਵਿਚ ਰਹਿਣਾ ਏ ਤਾਂ ਉਨ੍ਹਾਂ ਨੂੰ ਕੁਝ ਨਾ ਕੁਝ ਤਾਂ ਕੈਸਰਾ ਨੂੰ ਦੱਸਣਾ ਹੀ ਪੈਣਾ ਏਂ। ਘਰ ਦੀ ਮੁਖੀ ਹੋਣ ਦੇ ਨਾਤੇ ਉਹ ਦਾ ਇਹ ਜਾਣਨ ਦਾ ਹੱਕ ਏ ਕਿ ਕੀ ਹੋ ਰਿਹਾ ਏ।

ਜਮੀਲਾ ਨੇ ਥੋੜਾ ਹੌਂਸਲਾ ਕੀਤਾ ਅਤੇ ਕੈਸਰਾ ਨੂੰ ਦੱਸਿਆ ਕਿ ਬੌਬੀ ਦੇ ਪਤੀ ਨੇ ਬੌਬੀ ਨੂੰ ਕੁੱਟਿਆ ਏ। ਕੈਸਰਾ ਨੂੰ ਗੁੱਸਾ ਚੜ੍ਹ ਗਿਆ, ਉਹ ਇਹ ਸੋਚ ਵੀ ਨਹੀਂ ਸਕਦੀ ਸੀ ਕਿ ਕੋਈ ਉਸ ਘਰ ਦੀ ਕੁੜੀ ਤੇ ਹੱਥ ਚੁੱਕੇ। ਉਹਨੇ ਉੱਚੀ ਸਾਰੀ ਗਾਲ੍ਹ ਕੱਢੀ ਤੇ ਚਿੱਲਾਈ, 'ਹੁਣ ਤੈਨੂੰ ਪਤਾ ਲੱਗ ਗਿਆ ਏ ਕਿ ਵਿਆਹ ਕਰਵਾਉਣ ਵਾਲੀਆਂ ਨਾਲ ਕੀ ਹੁੰਦਾ ਏ। ਤੁਸੀਂ ਕੁੜੀਆਂ ਇਥੇ ਬੈਠ ਕੇ ਜੀਵਨ ਨੂੰ ਇਸ ਤਰ੍ਹਾਂ ਵੇਖਣ ਲੱਗਦੀਆਂ ਹੋ ਜਿਵੇਂ ਕਿ ਇਹ ਫੁੱਲਾਂ ਦੀ ਸੇਜ ਹੋਵੇ। ਪਰ ਇੱਥੋਂ ਤੁਸੀਂ ਆਪਣੀਆਂ ਸ਼ਰਤਾਂ ਮਨਾਉਂਦੀਆਂ ਹੋ ਅਤੇ ਅਪਣੀ ਮੇਹਨਤ ਦੀ ਹਲਾਲ ਦੀ ਰੋਜ਼ੀ ਕਮਾਉਂਦੀਆਂ ਹੋ। ਤੁਹਾਨੂੰ ਸਾਰੇ ਸੁਖ ਤੇ ਸਹੂਲਤਾਂ ਨੇ। ਉੱਥੇ ਤੁਸੀਂ ਇਕ ਬੰਦੇ ਸਾਮ੍ਹਣੇ ਵਿਛ ਜਾਂਦੀਆਂ ਹੋ ਤੇ ਅਪਣੇ ਜੀਵਨ ਦਾ ਸਾਰਾ ਕੁਝ ਉਹਦੇ ਕਾਬੂ ਕਰਵਾ ਦਿੰਦੀਆਂ ਹੋ, ਉਹਦਾ ਚੌਂਕਾ-ਚੁਲ੍ਹਾ ਕਰਦੀਆਂ ਹੋ ਤੇ ਫੇਰ ਗਾਲ੍ਹਾਂ ਵੀ ਸੁਣਦੀਆਂ ਹੋ। ਹੂੰਹ! ਇਹ ਹੀ ਤਾਂ ਉਨ੍ਹਾਂ ਬੰਦਿਆਂ ਨੂੰ ਫਾਇਦਾ ਏ। ਉਨ੍ਹਾਂ ਨੂੰ ਮੁਫਤ ਦੀ ਗੁਲਾਮ ਮਿਲ ਜਾਂਦੀ ਏ। ਔਰਤਾਂ ਐਨੀਆਂ ਬੇਵਕੂਫ ਨੇ ਕਿ ਉਹ ਸਿਰਫ ਮੁਫਤ ਦੀ ਗੁਲਾਮੀ ਵਿਚ ਹੀ ਨਹੀਂ ਜਾ ਫਸਦੀਆਂ ਸਗੋਂ ਉਸ ਹਰਾਮਜਾਦੇ ਦਾ ਘਰ ਭਰਨ ਲਈ ਦਾਜ ਵੀ ਲੈ ਕੇ ਜਾਂਦੀਆਂ ਨੇ ਤੇ ਫੇਰ ਬੱਚੇ ਵੀ ਉਹਦੇ ਹੀ ਹੁੰਦੇ ਨੇ। ਕੀ ਸਿਸਟਮ ਹੈ ਇਹ! 'ਉਹਨੇ ਕੁੜੀਆਂ ਵੱਲ ਦੇਖਿਆ ਤੇ ਲੈਲਾ ਨੂੰ ਪੁੱਛਿਆ, 'ਤੂੰ ਵੀ ਇਹੋ ਜਿਹੀ ਹੀ ਮੂਰਖ ਬਣਨਾ ਚਾਹੁੰਦੀ ਏਂ?' ਉਹ ਚੁੱਪ ਰਹੀਆਂ। ਗੁੱਸਾ ਅਤੇ ਰੋਣਾ ਸਾਰੀ ਸ਼ਾਮ ਚੱਲਦਾ ਰਿਹਾ। ਇਨ੍ਹਾਂ ਤੋਹਮਤਾਂ, ਗੁੱਸੇ ਅਤੇ ਹੰਝੂਆਂ ਦੇ ਵਿਚਕਾਰ ਕਿਤੇ ਬੇਚਾਰਗੀ ਤੇ ਉਦਾਸੀ ਵੀ ਛਿਪੀ ਹੋਈ ਸੀ।

ਅਗਲੇ ਦਿਨ ਬੌਬੀ ਫੇਰ ਗਾਇਬ ਹੋ ਗਈ ਅਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਹਦੇ ਪਤੀ ਨੇ ਮਾਫੀ ਦਾ ਰੁੱਕਾ ਭੇਜਿਆ ਸੀ ਤੇ ਕਿਹਾ ਸੀ ਕਿ ਉਹ ਉਹਨੂੰ ਵਾਪਸ ਚਾਹੁੰਦਾ ਏ। ਸਾਰੇ ਪਰਿਵਾਰ ਨੂੰ ਸਦਮਾ ਜਿਹਾ ਲੱਗਾ। ਜਮੀਲਾ ਤਾਂ ਬੁਰੀ ਤਰ੍ਹਾਂ ਉਦਾਸ਼ ਸੀ। ਉਹ ਘਰ ਦਾ ਕੰਮ ਕਰਦੀ ਰਹੀ ਪਰ ਉਹਦੀਆਂ ਅੱਖਾਂ ਵਿਚੋਂ ਹੰਝੂ ਨਾ ਰੁਕੇ। ਲੈਲਾ ਚੁੱਪ ਸੀ। ਉਹ ਟੈਲੀਵੀਜ਼ਨ ਦੇ ਸਾਮ੍ਹਣੇ ਬੈਠੀ ਇਕ ਤੋਂ ਬਾਦ ਇਕ ਭਾਰਤੀ ਫਿਲਮਾਂ ਦੇਖ ਰਹੀ ਸੀ। ਸੋਚਣ ਤੋਂ ਭੱਜਣ ਦਾ ਉਹਦਾ ਵਧੀਆ ਤਰੀਕਾ। ਕੈਸਰਾ ਬੈਠਕ ਵਿਚ ਬੈਠੀ ਸੋਚ ਰਹੀ ਸੀ ਕਿ ਉਹਨੂੰ ਬੌਬੀ ਨਾਲ ਬਹੁਤ ਗੁੱਸੇ ਹੋਣ ਦੀ ਬਜਾਏ ਉਹਦੇ ਨਾਲ ਲਾਡ ਨਾਲ ਪੇਸ਼ ਆਉਣਾ ਚਾਹੀਦਾ ਸੀ। ਸ਼ਾਇਦ ਉਹ ਉਹਨੂੰ ਦੱਸ ਸਕਦੀਆਂ ਕਿ ਉਹ ਉਸ ਦੀਆਂ ਮਾਫੀਆਂ ਦਾ ਭਰੋਸਾ ਨਾ ਕਰੇ ਕਿਉਂਕਿ ਉਹ ਉਹਨੂੰ ਫੇਰ ਵੀ ਜ਼ਰੂਰ ਕੁੱਟੇਗਾ। ਹੋ ਸਕਦਾ ਹੈ ਜੇ ਉਹਨੇ ਬੌਬੀ ਨੂੰ ਜੱਫੀ ਵਿਚ ਘੁੱਟਿਆ ਹੁੰਦਾ ਤਾਂ ਉਹ ਸ਼ਾਇਦ

ਵਾਪਸ ਉਹਦੇ ਕੋਲ ਨਾਂ ਹੀ ਜਾਂਦੀ। ਸਮਾਂ ਲੰਘ ਦਾ ਗਿਆ ਤੇ ਉਹਨੂੰ ਇਹ ਹਕੀਕਤ ਮੰਨਣੀ ਪਈ ਕਿ ਬੌਬੀ ਫੇਰ ਭੱਜ ਗਈ ਏ। ਉਸ ਤੋਂ ਬਾਦ ਇਕ ਸਾਲ ਤੱਕ ਉਹ ਦੀ ਕੋਈ ਉੱਘ-ਸੁੱਘ ਨਾ ਮਿਲੀ ਅਤੇ ਉਦੋਂ ਤੱਕ ਉਹ ਇਕ ਪੱਤਰ ਦੀ ਮਾਂ ਬਣ ਚੁੱਕੀ ਸੀ। ਪਰਿਵਾਰ ਨੇ ਉਹਨੂੰ ਵਾਪਸ ਲਿਆਉਣ ਲਈ ਕੁਝ ਨਾ ਕੀਤਾ।

ਲੈਲਾ ਨੇ ਦੂਜੀ ਵਾਰੀ ਮੁੰਡਾ ਜੰਮਿਆ, ਇਹ ਇਕ ਹੋਰ ਨਿਰਾਸ਼ਾ ਸੀ। ਕੈਸਰਾ ਸੋਚਦੀ ਕਿ ਸ਼ਾਇਦ ਖੁਦਾ ਇਸ ਗੱਲ ਦਾ ਕਹਿਰ ਪਰਿਵਾਰ ਤੇ ਵਰਸਾ ਰਿਹਾ ਹੈ ਕਿਉਂਕਿ ਉਸ ਪਰਿਵਾਰ ਦੀਆਂ ਦੋ ਕੁੜੀਆਂ ਨੇ ਦਸਤੂਰ ਦੀ ਉਲੰਘਣਾ ਕਰਕੇ ਨਿਕਾਹ ਕਰਵਾ ਲਏ ਸਨ। ਉਹਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਉਨ੍ਹਾਂ ਦੇ ਗੁਨਾਹਾਂ ਨੂੰ ਕਿਵੇਂ ਮਾਫ ਕਰਵਾਏ ਅਤੇ ਜੋ ਕੁਝ ਉਹ ਸੋਚ ਸਕੀ ਉਹ ਇਹੀ ਸੀ ਕਿ ਉਹ ਸਥਾਨਕ ਦਰਗਾਹ ਉੱਤੇ ਦੇਗ ਚੜ੍ਹਾਏ। ਹੁਣ ਖਾਣ ਲਈ ਉਹਦੇ ਕੋਲ ਦੋ ਮੁੰਡੇ ਹੋ ਗਏ ਸਨ। ਲੈਲਾ ਵੀ ਨਿਰਾਸ਼ ਸੀ ਪਰ ਉਹ ਇਹਦੇ ਬਾਰੇ ਮੇਰੇ ਨਾਲ ਗੱਲ ਨਾ ਕਰਦੀ ਤੇ ਜਦੋਂ ਮੈਂ ਇਹ ਵਿਸ਼ਾ ਛੋਂਹਦੀ ਤਾਂ ਉਹ ਗੱਲ ਬਦਲ ਦਿੰਦੀ। ਉਹ ਕਦੀ ਨਾ ਮੰਨਦੀ ਕਿ ਉਸ ਨੂੰ ਦੂਜੇ ਮੁੰਡੇ ਦੇ ਹੋਣ ਦਾ ਅਫਸੋਸ ਹੋਇਆ ਏ ਪਰ ਇਹ ਪ੍ਰਤੱਖ ਦਿੱਸਦਾ ਸੀ, ਭਾਵੇਂ ਕਿ ਇਸ ਦੇ ਨਾਲ ਹੀ ਉਹ ਆਪਣੇ ਵੱਡੇ ਪੁੱਤਰ ਦੇ ਨੇੜੇ ਹੋ ਰਹੀ ਸੀ ਜੋ ਦੋ ਸਾਲ ਦਾ ਹੋ ਚੁੱਕਾ ਸੀ।

ਮੈਂ ਖੋਜ ਅਧਿਐਨ ਦੇ ਹੋਰ ਪੱਖਾਂ ਵਿਚ ਉਲਝੀ ਰਹੀ ਅਤੇ ਇਸ ਦੇ ਨਾਲ ਹੀ ਮੈਂ ਅਪਣਾ ਡਿਵੈਲਪਮੈਂਟ ਕਨਸਲਟੈਂਟ ਦਾ ਕੰਮ ਵੀ ਚਲਾ ਰਹੀ ਸੀ। ਮੈਂ ਮੁੜ ਕਈ ਮਹੀਨੇ ਲੈਲਾ ਨੂੰ ਨਾ ਮਿਲ ਸਕੀ। ਮੈਂ ਬਸੰਤ ਦੇ ਤਿਉਹਾਰ ਤੇ ਫੇਰ ਲਾਹੌਰ ਆਈ ਅਤੇ ਮੁਹੱਲੇ ਵਿਚ ਅਪਣੇ ਦੋਸਤਾਂ ਨੂੰ ਮਿਲਣ ਲਈ ਕੁਝ ਦਿਨ ਰੁਕੀ। ਮੈਂ ਕਰੀਬ ਦੁਪਹਿਰ ਨੂੰ ਲੈਲਾ ਕੋਲ ਗਈ। ਉਹ ਬੈਠਕ ਦੇ ਨਾਲ ਹੀ ਬਾਲਕੋਨੀ ਵਿਚ ਆਪਣੇ ਗਿੱਲੇ ਵਾਲ ਵਾਹ ਰਹੀ ਸੀ ਅਤੇ ਉਹਨੇ ਨਾ ਮਿਲਣ ਦੀਆਂ ਸ਼ਿਕਾਇਤਾਂ ਦਾ ਹੜ੍ਹ ਹੀ ਛੱਡ ਦਿੱਤਾ। ਉਹ ਅਜਨਬੀ ਬਣ ਜਾਣ ਕਾਰਨ ਮੇਰੇ ਤੋਂ ਨਰਾਜ ਸੀ ਅਤੇ ਮੇਰੇ ਛੋਟੇ-ਛੋਟੇ ਵਾਲ ਦੇਖ ਕੇ ਸਗੋਂ ਹੋਰ ਪ੍ਰੇਸ਼ਾਨ ਸੀ। ਉਹਨੇ ਮੈਨੂੰ ਅਪਣੇ ਲੰਬੇ ਵਾਲ ਕਟਵਾਉਣ ਲਈ ਬੁਰਾ ਭਲਾ ਕਿਹਾ ਜੋ ਕਿ ਉਹਨੂੰ ਬਹੁਤ ਚੰਗੇ ਲੱਗਦੇ ਸਨ ਅਤੇ ਮੈਨੂੰ ਗਾਲ੍ਹਾਂ ਕੱਢਣ ਲਗੀ ਕਿ ਮੈਂ ਛੋਟੇ ਵਾਲਾਂ ਨਾਲ ਕਿੰਨੀ ਭੱਦੀ ਲਗਦੀ ਹਾਂ। ਮੈਂ ਉਹਨੂੰ ਦੁਬਾਰਾ ਮਿਲ ਕੇ ਬੜੀ ਖੁਸ਼ ਸੀ। ਉਹਨੇ ਕਿਹਾ ਕਿ ਉਹ ਕਈ ਵਾਰੀ ਪੇਸ਼ਾਵਰ ਗਈ ਏ ਪਰ ਉਹ ਕਦੀ ਵੀ ਮੈਨੂੰ ਮਿਲਣ ਨਹੀਂ ਆਈ। ਉਹਨੇ ਭੁੱਬਾ ਨੂੰ ਜੋਰ ਦੀ ਹਾਕ ਮਾਰੀ ਤੇ ਦੁਪੱਟੇ ਦੇ ਕੋਨੇ ਨਾਲ ਬੰਨ੍ਹੇ ਕੁਝ ਪੈਸੇ ਦੇ ਕੇ ਕਿਹਾ ਕਿ ਮੇਰੇ ਲਈ ਠੰਢਾ ਦੁੱਧ ਲੈ ਕੇ ਆਵੇ। ਮੈਂ ਇਹ ਦੇਖ ਦੇ ਬੜੀ ਹੈਰਾਨ ਹੋਈ ਕਿਉਂਕਿ ਉਹ ਸਦਾ ਹੀ ਮੰਗਾਉਣ ਲਈ ਬਚਕਾਨੀ ਅਵਾਜ ਵਿਚ ਪੈਸੇ ਕੈਸਰਾ ਤੋਂ ਮੰਗਣ ਵੀ ਆਦੀ ਸੀ। ਇਹ ਵੱਡੀ ਤਬਦੀਲੀ ਸੀ।

ਅਸੀਂ ਆਪਣੀਆਂ ਕਹਾਣੀਆਂ ਛੇੜ ਲਈਆਂ। ਉਹਨੇ ਮੈਨੂੰ ਦੱਸਿਆ ਕਿ ਇਸ ਇਲਾਕੇ ਵਿਚ ਹੋਰ ਕਿੰਨੀਆਂ ਸਹੇਲੀਆਂ ਧੰਦਾ ਕਰ ਰਹੀਆਂ ਹਨ ਜਿਨ੍ਹਾਂ ਨਾਲ ਉਹ ਅੱਜ ਕਲ੍ਹ ਗੱਲ ਕਰਦੀ ਏ ਤੇ ਕਿੰਨੀਆਂ ਹਨ ਜਿੰਨ੍ਹਾਂ ਨੂੰ ਉਹ ਦੋਸਤਾਂ ਦੀ ਅਪਣੀ ਸੂਚੀ ਵਿਚੋਂ ਕੱਢ ਚੁੱਕੀ ਏ। ਮੈਂ ਉਹਨੂੰ ਦੱਸਿਆ ਕਿ ਮੈਂ ਜਦੋਂ ਲਾਹੌਰ ਵਿਚ ਸੀ ਤਾਂ ਮੈਂ ਅਪਣੇ ਹੋਰ ਦੋਸਤਾਂ ਕੋਲ ਵੀ ਜਾਣ ਦੀ ਸੋਚ ਰਹੀ ਸਾਂ। ਕੁਝ ਦੇਰ ਚੁੱਪ ਰਹਿਣ ਤੋਂ ਬਾਦ ਉਹ ਨੇ ਅਪਣੀ ਛੋਟੀ ਭੈਣ ਯਾਸਮੀਨ ਨੂੰ ਹਾਕ ਮਾਰੀ ਜੋ ਨਾਲ ਦੇ ਕਮਰੇ ਵਿਚ ਸੁੱਤੀ ਪਈ ਸੀ। 'ਤੂੰ ਉੱਠ ਗਈ ਏਂ? ਉਹ ਬੋਲੀ, 'ਇਹ ਸੌਂਦੀ

ਬੜਾ ਏ। ਬੰਦੇ ਨੂੰ ਬਾਰਾਂ ਵਜੇ ਉੱਠ ਕੇ ਤਿਆਰ ਹੋਣਾ ਚਾਹੀਦਾ ਏ, ਪਰ ਯਾਸਮੀਨ, ਨਾ, ਯਾਸਮੀਨ ਨੂੰ ਤਾਂ ਨੀਂਦ ਨਾਲ ਹੀ ਪਿਆਰ ਏ। ਉਹ ਫੇਰ ਉੱਚੀ ਸਾਰੀ ਚੀਕੀ, 'ਯਾਸਮੀਨ! ਯਾਸਮੀਨ! ਦੇਖ ਕੌਣ ਆਇਆ ਏ। ਆਜਾ, ਫੌਜ਼ੀਆ ਨੂੰ ਸਲਾਮ ਕਹਿ। ਤੂੰ ਸੁਣ ਰਹੀਂ ਏ ਕਿ ਨਹੀਂ?'

ਲੈਲਾ ਮੇਰੇ ਵੱਲ ਮੁੜੀ ਤੇ ਬੋਲੀ, 'ਉਹਨੂੰ ਤਾਂ ਬੱਸ ਖਾਣ, ਸੌਣ ਤੇ ਹੱਸਣ ਦਾ ਹੀ ਸ਼ੌਕ ਏ। ਉਹ ਅਪਣੇ ਨਾਚ ਦੇ ਅਭਿਆਸ ਬਾਰੇ ਬਿਲਕੁਲ ਗੰਭੀਰ ਨਹੀਂ ਅਤੇ ਗਾਉਣ ਦਾ ਸਬਕ ਲੈਣ ਜਾਣ ਤੋਂ ਹਮੇਸ਼ਾ ਹੀ ਬਹਾਨੇ ਮਾਰਦੀ ਰਹਿੰਦੀ ਏ। ਹੋਰ ਤਾਂ ਜੋ ਹੈ ਸੋ ਹੈ ਉਹ ਦਾ ਵਜ਼ਨ ਵੀ ਵਧ ਰਿਹਾ ਏ। ਉਹ ਦੀ ਉਮਰ ਦੇਖ ਤੇ ਉਹਦਾ ਸਰੀਰ ਦੇਖ। 'ਉਹ ਨੇ ਪਾਨਦਾਨ ਚੁੱਕਿਆ ਅਤੇ ਅਪਣੇ ਲਈ ਪਾਨ ਬਣਾਉਣ ਲੱਗੀ। ਉਹ ਬੇਧਿਆਨੇ ਜਿਹੇ ਗੱਲਾਂ ਵੀ ਕਰਦੀ ਗਈ, '...ਤੇ ਉਹ ਮੇਰੀ ਗੱਲ ਤਾਂ ਸੁਣਦੀ ਹੀ ਨਹੀਂ। ਮੈਂ ਨਹੀਂ ਚਾਹੁੰਦੀ ਕਿ ਉਹ ਭਵਿੱਖ ਵਿਚ ਦੁੱਖ ਝੱਲੇ, ਤੈਨੂੰ ਪਤਾ ਹੀ ਏ ਪਰ ਉਹ ਦਾ ਤਾਂ ਸਵਾਦ ਹੀ ਪੂਰਾ ਨਹੀਂ ਹੁੰਦਾ...ਬੱਸ ਬੈਠੀ ਖਾਂਦੀ ਰਹਿੰਦੀ ਏ।'

ਮੈਂ ਇਹ ਸਭ ਕੁਝ ਸੁਣ ਕੇ ਐਨੀ ਚਕਾਚੌਂਧ ਸਾਂ ਕਿ ਮੈਨੂੰ ਜਵਾਬ ਹੀ ਨਾ ਅਹੁੜਿਆ ਤੇ ਮੈਂ ਉਹਦੇ ਵੱਲ ਦੇਖਦੀ ਰਹੀ। ਮੈਂ ਇਹ ਹੈਰਾਨ ਕਰਨ ਵਾਲੀ ਤਬਦੀਲੀ ਦੇਖ ਰਹੀ ਸੀ, ਲੈਲਾ ਦੇ ਪ੍ਰਬੰਧਕ ਦਾ ਰੂਪ ਕਾਇਮ ਰੱਖਣ ਦੀਆਂ ਪਰਤਾਂ ਵਿਚ ਉਹ ਦਾ ਬਚਪਨ ਕਿਤੇ ਗਵਾਚ ਹੀ ਗਿਆ ਸੀ। ਉਸ ਦਾ ਨਾਇਕਾ ਬਣਨ ਦਾ ਸਫਰ ਸ਼ੁਰੂ ਹੋ ਚੁੱਕਾ ਸੀ।

# ਜ਼ਿੰਦਾ ਰਹਿਣ ਦਾ ਇਕੋ ਰਾਹ

ਲੈਲਾ ਦਾ ਪੂਰਾ ਧਿਆਨ ਯਾਸਮੀਨ ਤੇ ਸੀ। ਭਾਵੇਂ ਉਹ ਸ਼ਾਮ ਨੂੰ ਜਾਂ ਵੈਰਾਇਟੀ ਸ਼ੋਆਂ ਤੇ ਨੱਚਦੀ ਹੁੰਦੀ ਸੀ ਪਰ ਉਹ ਦਾ ਮੁਢਲਾ ਕੰਮ ਅਪਣੀ ਭੈਣ ਲਈ ਸੰਪਰਕ ਅਤੇ ਚੰਗੇ ਗਾਹਕ ਤਿਆਰ ਕਰਨਾ ਸੀ। ਯਾਸਮੀਨ ਚੌਦਾਂ ਸਾਲ ਦੀ ਸੀ। ਉਹਦੇ ਵੱਡੇ ਗੋਲ ਚਿਹਰੇ ਤੇ ਤਿੱਖੇ ਨੈਣ-ਨਕਸ ਸਨ ਅਤੇ ਸੁਨਹਿਰੀ ਭਾਅ ਮਾਰਦਾ ਰੰਗ ਸੀ ਅਤੇ ਉਹਦੇ ਕਾਲੇ ਵਾਲ ਕੁਦਰਤੀ ਤੌਰ ਤੇ ਘੁੰਗਰਾਲੇ ਸਨ। ਉਹ ਕੁਝ ਜ਼ੁਲਫ਼ਾਂ ਮੱਥੇ ਤੇ ਖਿਲਾਰ ਲੈਂਦੀ ਸੀ। ਨਾ ਹੀ ਉਹ ਭਾਰੀ ਸੀ ਤੇ ਨਾ ਹੀ ਪਤਲੀ, ਯਾਸਮੀਨ ਆਮ ਤੌਰ ਤੇ ਅਪਣੇ ਆਪ ਵਿਚ ਮਸਤ ਰਹਿਣ ਵਾਲੀ ਸੀ ਪਰ ਆਪਣੀ ਸ਼ਕਲ ਤੇ ਉਹਨੂੰ ਬੜਾ ਮਾਣ ਸੀ। ਐਪਰ ਹਰ ਵਾਰੀ ਮੈਂ ਜਦੋਂ ਗੇੜਾ ਮਾਰਦੀ ਤਾਂ ਉਹ ਮੈਨੂੰ ਪਹਿਲਾਂ ਨਾਲੋਂ ਭਾਰੀ ਹੋ ਗਈ ਲੱਗਦੀ।

ਯਾਸਮੀਨ ਖੁਦ ਨੂੰ ਬੜੀ ਸੋਹਣੀ ਸਮਝਦੀ ਸੀ ਅਤੇ ਮੰਨਦੀ ਨਹੀਂ ਸੀ ਕਿ ਲੋਕਾਂ ਨੂੰ ਲੁਭਾਉਣ ਲਈ ਉਹਨੂੰ ਕੁਝ ਕਰਨਾ ਪਏਗਾ। ਉਹ ਲੈਲਾ ਨਾਲ ਵੈਰਾਇਟੀ ਸ਼ੋਅ ਵਿਚ ਕੰਮ ਕਰਨ ਲੱਗ ਪਈ ਸੀ। ਲੈਲਾ ਇਹ ਪੱਕਾ ਕਰਦੀ ਕਿ ਉਹ ਨੂੰ ਵੀ ਪੇਸ਼ਕਾਰੀ ਦੇ ਪੈਸੇ ਮਿਲਣ। ਉਹ ਇਸ ਲਈ ਵੀ ਉਹ ਦੀ ਦੇਖ ਭਾਲ ਕਰਦੀ ਸੀ ਕਿ ਉਹ ਦੀ ਨੱਥ ਦੀ ਰਸਮ ਅਜੇ ਨਹੀਂ ਕੀਤੀ ਗਈ ਸੀ। ਅਜਿਹੇ ਪੜਾਅ ਤੇ ਇਕ ਨਾਚੀ ਕੁੜੀ ਦੇ ਪੇਸ਼ੇ ਵਿਚ, ਜਦੋਂ ਅਜੇ ਉਹ ਬਿਲਕੁਲ ਕੁਆਰੀ ਹੁੰਦੀ ਏ ਉਸ ਵੇਲੇ ਉਸ ਦੇ ਪ੍ਰਬੰਧਕ ਅਪਣੀ ਇਸ ਜਾਇਦਾਦ ਨੂੰ ਬੜੀ ਹਿਫਾਜ਼ਤ ਨਾਲ ਰੱਖਦੇ ਨੇ। ਯਾਸਮੀਨ ਲਗਾਤਾਰ ਲੋਕਾਂ ਨਾਲ ਗੱਲਾਂ ਕਰਦੀ ਰਹਿੰਦੀ ਕਿ ਉਹ ਫਿਲਮ ਜਗਤ ਵਿਚ ਜਾਣਾ ਚਾਹੁੰਦੀ ਏ। ਗਾਹਕਾਂ ਦਾ ਇਕ ਵਰਗ ਪਾਰਟ ਟਾਈਮ ਏਜੰਟਾਂ ਵਜੋਂ ਵੀ ਕੰਮ ਕਰਦਾ ਏ। ਉਹ ਮੁਹੱਲੇ ਤੋਂ ਚੰਗੀ ਤਰ੍ਹਾਂ ਵਾਕਿਫ਼ ਹੁੰਦੇ ਨੇ ਅਤੇ ਹੋਰ ਕਾਰੋਬਾਰਾਂ ਨੂੰ ਵੀ ਜਾਣਦੇ ਹੁੰਦੇ ਨੇ ਜੋ ਜਾਂ ਉੱਥੋਂ ਦੀਆਂ ਕੁੜੀਆਂ ਭਾੜੇ ਤੇ ਲੈਂਦੇ ਨੇ ਅਤੇ ਉਹ ਅਕਸਰ ਸਾਜ਼ਿੰਦਿਆਂ ਅਤੇ ਰੰਡੀਆਂ ਦੀ ਸਿਫਾਰਸ਼ ਵੀ ਉਨ੍ਹਾਂ ਨੂੰ ਕਰਦੇ ਰਹਿੰਦੇ ਨੇ। ਇਹ ਕਾਰੋਬਾਰੀ ਉਹ ਵੀ ਹੋ ਸਕਦੇ ਨੇ ਜਿਹੜੇ ਸਟੂਡੀਉਜ਼ ਲਈ 'ਐਕਸਟਰਾ' ਦਾ ਪ੍ਰਬੰਧ ਕਰਦੇ ਨੇ, ਥੀਏਟਰ ਕੰਪਨੀਆਂ ਨੂੰ ਨਾਚੀਆਂ ਸਪਲਾਈ ਕਰਦੇ ਨੇ, ਜਾਂ ਵਿਕਰੀ ਅਤੇ ਲੋਕ ਸੰਪਰਕ ਵਰਗੀਆਂ ਕਾਰੋਬਾਰੀ ਕੰਪਨੀਆਂ ਨੂੰ ਸੁੰਦਰ ਰੰਡੀਆਂ ਸਪਲਾਈ ਕਰਦੇ ਨੇ। ਉਹ ਸਿਰਫ ਦੱਲੇ ਹੀ ਨਹੀਂ ਹੁੰਦੇ ਕਿਉਂਕਿ ਉਹ ਇਹ ਧੰਦਾ ਅਪਣੇ ਰੁਜ਼ਗਾਰ ਲਈ ਕਰਦੇ ਹੋਣ ਭਾਵੇਂ ਨਾ ਜੇ ਮੌਕਾ ਪਏ ਤਾਂ ਉਨ੍ਹਾਂ ਨੂੰ ਏਜੰਟ ਦੇ ਤੌਰ ਤੇ ਭੂਮਿਕਾ ਨਿਭਾਉਣ ਲਈ ਇਸ ਸਿਸਟਮ ਦੀ ਪੂਰੀ ਜਾਣਕਾਰੀ ਹੁੰਦੀ ਏ। ਉਹ ਗਾਹਕ ਹੀ ਹੁੰਦੇ ਨੇ, ਪਰ ਐਨੇ ਚੁਸਤ ਹੁੰਦੇ ਨੇ ਕਿ ਲੋਕਾਂ ਨੂੰ ਆਪਸ ਵਿਚ ਮਿਲਾ ਕੇ ਅਪਣਾ ਹਿੱਸਾ ਲੈ ਲੈਂਦੇ ਨੇ। ਉਹ ਕਈ ਵਾਰੀ ਜਿਸਮਾਨੀ ਸਬੰਧਾਂ ਰਾਹੀਂ ਵੀ ਅਪਣਾ ਹਿੱਸਾ ਵਸੂਲ ਕਰ ਲੈਂਦੇ ਨੇ। ਲੈਲਾ ਵਿਚ ਇਹ ਭਰੋਸਾ ਨਹੀਂ ਸੀ ਕਿ ਉਹ ਖੁਦ ਦੀ ਤਾਕਤ ਨਾਲ ਇਸ ਫਿਲਮੀ ਸਮੁੰਦਰ ਵਿਚ ਕੁੱਦ ਸਕੇ ਇਸ ਲਈ ਉਹ ਨੇੜੇ ਦੇ ਟੋਭਿਆਂ ਅਤੇ ਟੋਇਆਂ ਵਿਚ ਹੀ ਤੈਰਦੀ ਰਹਿ ਗਈ ਸੀ, ਇਸ ਕੋਸ਼ਿਸ਼

ਵਿਚ ਕਿ ਕੋਈ ਉਸ ਨੂੰ ਕਿਸੇ ਵੱਡੇ ਏਜੰਟ ਨੂੰ ਮਿਲਾ ਦਏ।

ਯਾਸਮੀਨ ਆਮਤੌਰ ਤੇ ਸਵੇਰੇ ਦੇਰ ਨਾਲ ਉੱਠਦੀ ਸੀ, ਸੋਹਣੇ ਕੱਪੜੇ ਪਾਉਂਦੀ ਕੁਝ ਦੇਰ ਸ਼ੀਸ਼ੇ ਦੇ ਸਾਮ੍ਹਣੇ ਲਾਉਂਦੀ ਤੇ ਫੇਰ ਕੋਈ ਭਾਰਤੀ ਫਿਲਮ ਦੇਖਦੀ। ਉਸ ਵਿਚ ਵੀ ਬਚਪਨਾ ਬਹੁਤ ਸੀ ਅਤੇ ਅਪਣੇ ਛੋਟੇ ਭਰਾ ਅਤੇ ਭੈਣ ਨਾਲ ਖੇਡਣਾ ਅਜੇ ਵੀ ਪਸੰਦ ਕਰਦੀ ਸੀ। ਜਦੋਂ ਕੈਸਰਾ ਤੇ ਲੈਲਾ ਉਹਨੂੰ ਬਾਕੀ ਬੱਚਿਆਂ ਨਾਲ ਨਿਆਣਿਆਂ ਵਾਲੀਆਂ ਖੇਡਾਂ ਖੇਡਦੇ ਦੇਖਦੇ ਤਾਂ ਬੜਾ ਕੁੜ੍ਹਦੇ। ਉਹ ਚਾਹੁੰਦੀਆਂ ਸਨ ਕਿ ਉਹ ਬਾਲਗ ਵਰਗਾ ਵਿਹਾਰ ਕਰੇ। ਇਕ ਵਾਰੀ ਸ਼ਹਿਰੋਂ ਬਾਹਰ ਦੀ ਪੇਸ਼ਕਾਰੀ ਤੋਂ ਬਾਦ ਜਦੋਂ ਲੈਲਾ ਉਹਨੂੰ ਝਾੜ ਰਹੀ ਸੀ ਕਿ ਉਹ ਸਵੇਰੇ ਨਹੀਂ ਉੱਠ ਰਹੀ ਤਾਂ ਉਹਨੇ ਦੱਸਿਆ ਸੀ ਕਿ ਉੱਚੀ ਅੱਡੀ ਪਾਕੇ ਸਾਰੀ ਰਾਤ ਨੱਚਣ ਨਾਲ ਉਹਦੇ ਪੈਰਾਂ ਵਿਚ ਛਾਲੇ ਪਏ ਹੋਏ ਸਨ ਕਿਉਂਕਿ ਉਸਨੂੰ ਉੱਚੀ ਅੱਡੀ ਦਾ ਸੁਭਾਉ ਨਹੀਂ ਸੀ। ਉਦੋਂ ਉਹ ਬਿਲਕੁਲ ਲੈਲਾ ਲੱਗਦੀ ਸੀ।

ਸ਼ਾਇਦ ਕੋਈ ਇਹ ਸੋਚੇ ਕਿ ਲੈਲਾ ਦੀ ਤਬਦੀਲੀ ਉਸ ਨੂੰ ਅਪਣੀ ਦਾਦੀ ਦੇ ਹੋਰ ਨੇੜੇ ਲੈ ਆਈ ਹੋਵੇਗੀ ਪਰ ਕੈਸਰਾ ਦੀ ਕਿਸਮਤ ਅਜਿਹੀ ਨਹੀਂ ਸੀ। ਲੈਲਾ ਉਹਦੇ ਨਾਲ ਉਵੇਂ ਹੀ ਰਹੀ ਜਿਵੇਂ ਦੀ ਉਹ ਪਹਿਲਾਂ ਸੀ ਮੋਹ ਭਰੀ ਪਰ ਦੂਰ-ਦੂਰ। ਬੌਬੀ ਦਾ ਸੰਕਟ ਉਨ੍ਹਾਂ ਨੂੰ ਨਜ਼ਦੀਕ ਲੈ ਆਇਆ ਸੀ ਅਤੇ ਉਹ ਪਰਿਵਾਰ ਦੇ ਅਨੁਸ਼ਾਸਨ ਦੇ ਮਾਮਲੇ ਵਿਚ ਵੀ ਕੈਸਰਾ ਦੇ ਨਾਲ ਖੜ੍ਹੀ ਰਹੀ ਸੀ। ਭਾਵੁਕ ਤੌਰ ਤੇ ਉਹ ਜਮੀਲਾ ਦੇ ਨੇੜੇ ਸੀ। ਆਪਣੀਆਂ ਪੇਸ਼ਕਾਰੀਆਂ ਤੋਂ ਵਾਪਸ ਆਉਣ ਵੇਲੇ ਉਹ ਅਪਣੇ ਗਾਹਕਾਂ ਦੇ ਲਤੀਫੇ ਉਸੇ ਨੂੰ ਸੁਣਾਉਂਦੀ। ਅਪਣੀ ਸਕੀ ਮਾਂ ਨਾਲ ਪਰਿਵਾਰ ਵੱਲੋਂ ਕੀਤੇ ਗਏ ਗ਼ਲਤ ਵਿਹਾਰ ਦੀ ਭਾਵਨਾ ਉਸ ਦੇ ਮਨ ਵਿਚ ਹੋਰ ਡੂੰਘੀ ਬੈਠ ਗਈ ਸੀ ਤੇ ਮਜਬੂਤ ਹੋ ਰਹੀ ਸੀ।

ਜਦੋਂ ਕੈਸਰਾ ਅਤੇ ਸ਼ਾਹਿਦ ਯਾਸਮੀਨ ਦਾ ਪਹਿਲਾ ਗਾਹਕ ਲੱਭਣ ਵਿਚ ਮਸ਼ਰੂਫ ਸਨ ਤਾਂ ਲੈਲਾ ਚਾਹ ਰਹੀ ਸੀ ਕਿ ਉਹ ਬਾਹਰ ਨਿੱਕਲੇ ਅਤੇ ਫਿਲਮ ਜਗਤ ਦੇ ਨੇੜੇ ਤੇੜੇ ਅਪਣੇ ਸੰਪਰਕ ਬਣਾਉਣ ਦੀ ਕੋਸ਼ਿਸ਼ ਕਰਦੀ ਰਹੇ। ਇਕ ਹੋਰ ਗਾਹਕ/ਦੋਸਤ ਰਾਹੀਂ ਉਹਨੇ ਇਕ ਫੋਟੋਗ੍ਰਾਫਰ ਦਾ ਪ੍ਰਬੰਧ ਕੀਤਾ ਜੋ ਯਾਸਮੀਨ ਦਾ ਇਕ ਪੋਰਟਫੋਲੀਉ ਬਣਾ ਦੇਵੇ। ਉਹਨੇ ਉਹ ਨੂੰ ਕਿਹਾ ਕਿ ਇਹ ਪੱਕਾ ਕਰ ਲਵੇ ਕਿ ਉਹਦੇ ਕੈਮਰੇ ਵਿਚ ਫਿਲਟਰ ਫਿੱਟ ਹੋਵੇ ਤਾਂ ਕਿ ਫੋਟੋ ਚੰਗੀ ਆਵੇ। ਉਹਨੇ ਸਭ ਤੋਂ ਵਧੀਆਂ ਫੋਟੋਆਂ ਵੱਡੀਆਂ ਕਰਵਾਈਆਂ ਅਤੇ ਇਕ ਐਲਬਮ ਵਿਚ ਲਾ ਲਈਆਂ ਤਾਂ ਕਿ ਫਿਲਮ ਜਗਤ ਦੇ ਪ੍ਰਭਾਵਸ਼ਾਲੀ ਲੋਕਾਂ ਨੂੰ ਦਿਖਾਈਆਂ ਜਾ ਸਕਣ। ਇਹ ਜੁਗਤ ਇਕ ਗਾਹਕ ਨੇ ਦੱਸੀ ਸੀ ਜੋ ਉਹਨੂੰ ਮੁਫਤ ਸਲਾਹ ਦਿੰਦਾ ਹੁੰਦਾ ਸੀ।

ਲੈਲਾ ਇਕ ਖਾਸ ਸੰਪਰਕ ਨਾਲ ਚਿੰਬੜ ਗਈ ਜਿਸ ਨੇ ਵਾਅਦਾ ਕੀਤਾ ਸੀ ਕਿ ਉਹ ਯਾਸਮੀਨ ਦੀਆਂ ਫੋਟੋਆਂ ਸਹੀ ਬੰਦਿਆ ਤਕ ਪੁਚਾ ਦਏਗਾ। ਉਹ ਇਸ ਰਿਸ਼ਤੇ ਨੂੰ ਇਸੇ ਆਸ ਵਿਚ ਪਾਲਦੀ ਰਹੀ ਕਿ ਆਖਰ ਇਸ ਦਾ ਫਾਇਦਾ ਹੋਵੇਗਾ। ਉਹਨੇ ਇਕ ਵਾਰੀ ਤਾਂ ਸਗੋਂ ਕੁਝ ਪੈਸੇ ਉਧਾਰ ਵੀ ਮੰਗ ਲਏ ਜੋ ਕਿ ਇਸ ਧੰਦੇ ਤੋਂ ਬਾਹਰੀ ਗੱਲ ਸੀ। ਜੇ ਉਧਾਰ ਦੀ ਹੀ ਗੱਲ ਹੋਵੇ ਤਾਂ ਇਹ ਦੂਜੇ ਪਾਸੇ ਨੂੰ ਹੁੰਦੀ ਏ ਪਰ ਲੈਲਾ ਨੇ ਇਹ ਵੀ ਕੀਤਾ ਅਤੇ ਅਪਣੇ ਧੰਦੇ ਦੇ ਦਸਤੂਰ ਨੂੰ ਤੋੜਿਆ। ਉਹਨੇ ਉਸ ਨੂੰ ਪੈਸੇ ਵੀ ਦਿੱਤੇ ਅਤੇ ਸਮੇਂ ਸਮੇਂ ਉਸ ਦੀ ਜਿਸਮਾਨੀ ਭੁੱਖ ਵੀ ਮਿਟਾਉਂਦੀ ਰਹੀ। ਉਹਨੇ ਉਸਨੂੰ ਉਵੇਂ ਵਰਤਿਆ ਜਿਸ ਤਰ੍ਹਾਂ ਦੀ ਸਿਖਲਾਈ ਲੈਲਾ ਨੂੰ ਹੋਰਾਂ ਨੂੰ

ਵਰਤਣ ਦੀ ਮਿਲੀ ਹੋਈ ਸੀ। ਉਹਨੇ ਦੱਸਿਆ ਕਿ ਫਲਾਣਾ ਡਾਇਰੈਕਟਰ ਛੇਤੀ ਹੀ ਫਿਲਮ ਵਾਸਤੇ ਬੰਦੇ ਰੱਖਣ ਵਾਲਾ ਹੈ ਅਤੇ ਉਹ ਕੋਸ਼ਿਸ਼ ਕਰ ਰਿਹਾ ਏ ਉਸ ਨੂੰ ਮਨਾਉਣ ਦੀ ਕਿ ਉਹ ਯਾਸਮੀਨ ਨੂੰ ਇੱਕ ਚੰਗਾ ਜਿਹਾ ਰੋਲ ਦੇ ਦੇਵੇ। ਹਰ ਵਾਰੀ ਜਦੋਂ ਉਹ ਆਉਂਦਾ ਤਾਂ ਸਟੂਡੀਉ ਵਿਚ ਆਪਣੇ ਗੇੜਿਆਂ ਦੀਆਂ ਨਵੀਆਂ ਤੋਂ ਨਵੀਆਂ ਕਹਾਣੀਆਂ ਸੁਣਾਉਂਦਾ ਰਹਿੰਦਾ ਅਤੇ ਦੱਸਦਾ ਰਹਿੰਦਾ ਕਿ ਸਹੀ ਲੋਕਾਂ ਨਾਲ ਉਸਦੀ ਕੀ ਗੱਲਬਾਤ ਹੋਈ।

ਦੇਰ ਹੋਣ ਕਾਰਨ ਲੈਲਾ ਅੱਕ ਜਿਹਾ ਗਈ ਸੀ। ਇਕ ਦਿਨ ਜਦੋਂ ਉਹ ਫੜ੍ਹ ਮਾਰ ਰਿਹਾ ਸੀ ਕਿ ਮੀਆਂ ਫਜ਼ਲ ਅਲੀ ਆਪਣੀ ਨਵੀਂ ਫਿਲਮ ਵਿਚ ਉਸਦੀ ਭੈਣ ਯਾਸਮੀਨ ਨੂੰ ਲੈ ਰਿਹਾ ਏ ਤਾਂ ਉਹਨੂੰ ਪਤਾ ਲੱਗਾ ਕਿ ਉਸ ਫਿਲਮ ਦਾ ਕੰਮ ਤਾਂ ਦੋ ਮਹੀਨੇ ਪਹਿਲਾਂ ਦਾ ਸ਼ੁਰੂ ਹੋ ਚੁੱਕਾ ਏ। ਉਹਨੂੰ ਧੱਕਾ ਵੱਜਾ ਤੇ ਉਹਨੇ ਇਹ ਪਤਾ ਕਰਨ ਦਾ ਫੈਸਲਾ ਕੀਤਾ ਕਿ ਕੀ ਹੋਇਆ ਏ ਪਰ ਖੁਦ ਸਟੂਡੀਉ ਵਿਚ ਜਾਣ ਦਾ ਉਸ ਵਿਚ ਦਮ ਨਹੀਂ ਸੀ। ਉਹਨੇ ਕਿਸੇ ਹੋਰ ਅੱਧ ਪਕੇ ਜਿਹੇ ਦਲਾਲ ਨੂੰ ਉੱਥੇ ਭੇਜਿਆ ਅਤੇ ਇਹ ਕੰਮ ਕਰਨ ਲਈ ਉਹਨੂੰ ਕੁਝ ਦਿੱਤਾ ਵੀ। ਉਹਨੇ ਉਸ ਨਿਰਮਾਤਾ ਨੂੰ ਮਿਲਣ ਦਾ ਜੁਗਾੜ ਕਰ ਲਿਆ ਅਤੇ ਉਸਨੂੰ ਦੱਸਿਆ ਗਿਆ ਕਿ ਉਸ ਏਜੰਟ ਨੇ ਉਹਨੂੰ ਕਾਫੀ ਸਾਰੀਆਂ ਕੁੜੀਆਂ ਦੀਆਂ ਫੋਟੋਆਂ ਦਿਖਾਈਆਂ ਸਨ ਪਰ ਉਹਨੇ ਫੌਰਨ ਹੀ ਦੱਸ ਦਿੱਤਾ ਸੀ ਕਿ ਇਨ੍ਹਾਂ ਵਿਚੋਂ ਕੋਈ ਨਹੀਂ ਚੱਲਣੀ। ਇਹ ਗੱਲ ਪਤਾ ਲੱਗਣ ਤੇ ਉਹ ਟੁੱਟ ਗਈ। ਉਹ ਇਸ ਵਿਹਾਰ ਨੂੰ ਚੰਗੀ ਤਰ੍ਹਾਂ ਸਮਝਦੀ ਸੀ ਕਿਉਂਕਿ ਪੈਸੇ ਲੈਣ ਲਈ ਝੂਠ ਬੋਲਣਾ ਅਤੇ ਮੁਸ਼ਕਲ ਵਿਚੋਂ ਨਿੱਕਲ ਜਾਣਾ ਉਸ ਦੇ ਵੀ ਸੁਭਾਅ ਦਾ ਹਿੱਸਾ ਹੀ ਸਨ ਪਰ ਇਹ ਪਹਿਲਾਂ ਕਦੀ ਉਸ ਦੇ ਵਿਰੁੱਧ ਨਹੀਂ ਵਾਪਰਿਆ ਸੀ। ਇਸ ਤਰ੍ਹਾਂ ਦੇ ਕੰਮ ਲਈ ਉਹਨੇ ਪਹਿਲਾਂ ਕਦੀ ਕਿਸੇ ਨੂੰ ਨਕਦ ਪੈਸੇ ਨਹੀਂ ਦਿੱਤੇ ਸਨ। ਉਹਨੇ ਇਸ ਘਟਨਾ ਨੂੰ ਇੱਕ ਵੱਡੀ ਪੇਸ਼ਾਵਰਾਨਾ ਗਲਤੀ ਮਹਿਸੂਸ ਕੀਤਾ ਅਤੇ ਉਹ ਆਪਣੇ ਤੋਂ ਨਿਰਾਸ਼ ਅਤੇ ਸੰਸਾਰ ਪ੍ਰਤਿ ਹੋਰ ਕੜਵਾਹਟ ਭਰੀ ਹੋ ਗਈ।

ਜਿਵੇਂ ਕਿ ਪ੍ਰਬੰਧਕੀ ਕੁਸ਼ਲਤਾ ਵਿਚ ਅਪਣੇ ਭਰੋਸੇ ਨੂੰ ਛੋਟਾ ਦਿਖਾਉਣ ਲਈ ਸਿਰਫ ਇਹੀ ਘਟਨਾ ਕਾਫੀ ਨਹੀਂ ਸੀ, ਉਸਦੇ ਜੀਵਨ ਦਾ ਹੋਰ ਵੱਡਾ ਦੁਖਾਂਤ ਕੁਝ ਮਹੀਨੇ ਬਾਦ ਵਾਪਰਿਆ। ਜਿਸ ਮਕਾਨ ਵਿਚ ਉਹ ਰਹਿੰਦੇ ਸਨ ਉਹ ਕੈਸਰਾ ਅਤੇ ਸ਼ਮਸਾ ਦੋਹਾਂ ਦਾ ਸੀ। ਕਿਉਂ ਜੋ ਉਹ ਇਕੱਠੀਆਂ ਕੰਮ ਨਹੀਂ ਕਰ ਸਕੀਆਂ ਸਨ ਇਸ ਲਈ ਇਮਾਰਤ ਦੋ ਹਿੱਸਿਆਂ ਵਿੱਚ ਵੰਡ ਲਈ ਗਈ ਸੀ। ਇਕ ਰਾਤ ਬਿਜਲੀ ਲੀਕ ਹੋਣ ਨਾਲ ਸ਼ਮਸਾ ਦੇ ਹਿੱਸੇ ਵਿਚ ਕਿਤੇ ਅੱਗ ਲੱਗ ਗਈ। ਉਸਦਾ ਕੁਝ ਹਿੱਸਾ ਪਰਿਵਾਰਾਂ ਨੂੰ ਕਿਰਾਏ ਤੇ ਦਿੱਤਾ ਹੋਇਆ ਸੀ ਤੇ ਕੁਝ ਖਾਲੀ ਰੱਖਿਆ ਹੋਇਆ ਸੀ ਤਾਂ ਕਿ ਜਦੋਂ ਉਹ ਪਾਕਿਸਤਾਨ ਵਿਚ ਹੋਵੇ ਇਸ ਨੂੰ ਵਰਤ ਸਕੇ। ਅੱਗ ਉਸੇ ਕਮਰੇ ਵਿਚ ਲੱਗੀ ਸੀ। ਜਦ ਤੱਕ ਇਸ ਤੇ ਕਾਬੂ ਪਾਇਆ ਜਾ ਸਕਿਆ ਉਦੋਂ ਤੱਮ ਸ਼ਮਸਾ ਵਾਲਾ ਹਿੱਸਾ ਸਾਰਾ ਹੀ ਜਲ ਚੁੱਕਾ ਸੀ। ਪਰ ਅੱਗ ਬੁਝਾਉਣ ਵਾਲਿਆ ਨੇ ਕਿਵੇਂ ਨਾ ਕਿਵੇਂ ਕੈਸਰਾ ਵਾਲਾ ਹਿੱਸਾ ਬਚਾ ਲਿਆ।

ਇਸ ਖਬਰ ਨੇ ਸ਼ਮਸਾ ਨੂੰ ਅੱਗ ਲਾ ਦਿੱਤੀ ਤੇ ਉਹ ਲੰਦਨ ਤੋਂ ਸਿੱਧੀ ਲਾਹੌਰ ਪੁੱਜੀ ਅਤੇ ਕੁਝ ਕੁ ਹੀ ਦਿਨ ਰੁਕੀ। ਉਹ ਮੰਨੇ ਹੀ ਨਾ ਕਿ ਇਹ ਕੋਈ ਹਾਦਸਾ ਸੀ ਅਤੇ ਖੁਲ੍ਹ ਕੇ ਕੈਸਰਾ ਨੂੰ ਹੀ ਦੋਸ਼ ਦੇਣ ਲੱਗੀ ਕਿ ਉਹ ਸਾਜਿਸ਼ ਵਿਚ ਰਲੀ ਹੋਈ ਏ। ਨਹੀਂ ਭਲਾ ਇਹ ਕਿਵੇਂ ਹੋ ਸਕਦਾ ਸੀ ਕਿ ਕੈਸਰਾ ਦਾ ਕੁਝ ਵਿਗੜਿਆ ਨਹੀਂ ਪਰ ਉਸਦੀ ਇਮਾਰਤ ਦਾ ਅੱਧਾ ਹਿੱਸਾ ਪੂਰੀ ਤਰ੍ਹਾਂ

ਤਬਾਹ ਹੋ ਗਿਆ। ਇਹ ਦੋਵੇਂ ਭੈਣਾਂ ਸ਼ਾਇਦ ਕਦੀ ਵੀ ਆਪਸ ਵਿਚ ਰਾਬਤਾ ਨਹੀਂ ਬਣਾ ਸਕੀਆਂ ਸਨ। ਜਦੋਂ ਕਦੀ ਕਿਤੇ ਚੰਗੀ ਗੱਲਬਾਤ ਦਾ ਮੌਕਾ ਆਉਂਦਾ ਤਾਂ ਕੁਝ ਨਾ ਸੰਕਟ ਆਕੇ ਸਭ ਕੁਝ ਤਬਾਹ ਕਰ ਦਿੰਦਾ ਅਤੇ ਦੋਵੇਂ ਭੈਣਾਂ ਫੇਰ ਪਹਿਲੀ ਹਾਲਤ ਵਿਚ ਜਾ ਖੜਦੀਆਂ। ਸ਼ਮਸਾ ਬੌਬੀ ਤੇ ਵੀ ਔਖੀ ਸੀ ਅਤੇ ਜੋ ਉਹਨੇ ਕੀਤਾ ਸੀ ਉਸ ਨੂੰ ਉਹ ਕਦੀ ਵੀ ਮਾਫ ਨਾ ਕਰ ਸਕੀ। ਉਹਨੇ ਬੌਬੀ ਦਾ ਪਾਸਪੋਰਟ ਅਤੇ ਵੀਜ਼ਾ ਪੇਪਰ ਕੈਸਰਾ ਤੋਂ ਲਏ ਅਤੇ ਸਾੜ ਦਿੱਤੇ।

ਸ਼ਮਸਾ ਦੇ ਇਸ ਗੇੜੇ ਨੇ ਕੈਸਰਾ ਨੂੰ ਬੜੀ ਤਕਲੀਫ ਦਿੱਤੀ ਅਤੇ ਉਹ ਬੀਮਾਰ ਪੈ ਗਈ। ਉਹਦੀ ਹਾਲਤ ਹਰ ਰੋਜ਼ ਹੀ ਵਿਗੜਦੀ ਜਾ ਰਹੀ ਸੀ। ਉਹ ਆਪਣੀਆਂ ਪ੍ਰਬੰਧਕੀ ਸਮੱਸਿਆਵਾਂ ਵੱਧ ਤੋਂ ਵੱਧ ਲੈਲਾ ਤੇ ਛੱਡਦੀ ਜਾ ਰਹੀ ਸੀ। ਉਹਨੇ ਪਹਿਲਾਂ ਹੀ ਇਕ ਵਿੱਲ ਵਿੱਚ ਇਹ ਲਿਖ ਛੱਡਿਆ ਸੀ ਕਿ ਉਸ ਦੀ ਮੌਤ ਤੋਂ ਬਾਦ ਉਸ ਦੀ ਵਾਰਿਸ ਲੈਲਾ ਹੋਵੇਗੀ ਅਤੇ ਇਸ ਦੀ ਇਕ ਕਾਪੀ ਉਸਨੇ ਲੈਲਾ ਨੂੰ ਵੀ ਦਿੱਤੀ ਹੋਈ ਸੀ ਤਾਂ ਕਿ ਜੇ ਕਿਤੇ ਉਹਨੂੰ ਕੋਈ ਮੁਸ਼ਕਿਲ ਆਵੇ ਤਾਂ ਇਸ ਨੂੰ ਵਰਤ ਲਵੇ। ਕੈਸਰਾ ਨੂੰ ਅਧਰੰਗ ਦਾ ਦੌਰਾ ਪੈ ਗਿਆ ਜਿਸ ਬਾਰੇ ਡਾਕਟਰਾਂ ਨੇ ਕਿਹਾ ਕਿ ਇਹ ਮਾਨਸਿਕ ਤਣਾਉ ਦਾ ਸਿੱਟਾ ਸੀ। ਉਸ ਪਾਸੋਂ ਤੁਰਨਾ-ਫਿਰਨਾ ਮੁਹਾਲ ਹੋ ਗਿਆ ਕਿਉਂਕਿ ਉਸ ਦੀ ਇਕ ਲੱਤ ਤਾਂ ਬਿਲਕੁਲ ਹੀ ਸੁੰਨ ਹੋ ਚੁੱਕੀ ਸੀ। ਇਨ੍ਹਾਂ ਦਿਨਾਂ ਵਿਚ ਲੈਲਾ ਪੇਸ਼ਕਾਰੀਆਂ ਵਾਸਤੇ ਜਾਂਦੀ ਰਹਿੰਦੀ ਸੀ ਇਸ ਲਈ ਉਸ ਤੋਂ ਕੈਸਰਾ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ ਸੀ ਇਸ ਲਈ ਕੈਸਰਾ ਦੀ ਜ਼ਿੰਮੇਵਾਰੀ ਜਮੀਲਾ ਨੇ ਸਾਂਭ ਲਈ। ਲੈਲਾ ਨੂੰ ਸਮਝ ਹੀ ਨਹੀਂ ਆ ਰਹੀ ਸੀ ਕਿ ਉਹ ਕੈਸਰਾ ਦੀ ਸੰਭਾਲ ਕਿਵੇਂ ਕਰੇ ਕਿਉਂਕਿ ਉਹ ਕੈਸਰਾ ਨੂੰ ਇਸ ਬੇਚਾਰਗੀ ਦਾ ਹਾਲਤ ਵਿਚ ਦੇਖ ਹੀ ਨਹੀਂ ਸਕਦੀ ਸੀ। ਕੈਸਰਾ ਦੀ ਹਾਲਤ ਤਾਂ ਸੁਧਰੀ ਪਰ ਬਹੁਤੀ ਦੇਰ ਲਈ ਨਹੀਂ।

ਇਕ ਘਰੇਲੂ ਲੜਾਈ ਨੇ ਉਹਦੀ ਬੀਮਾਰੀ ਹੋਰ ਵਧਾ ਦਿੱਤੀ ਅਤੇ ਲਕਵੇ ਦਾ ਇਕ ਹੋਰ ਦੌਰਾ ਪਿਆ ਜਿਸਨੇ ਉਸਦੀਆਂ ਦੋਵੇਂ ਲੱਤਾਂ ਤੇ ਅਸਰ ਕੀਤਾ। ਉਹ ਟਾਇਲਟ ਵੀ ਨਹੀਂ ਜਾ ਸਕਦੀ ਸੀ, ਉਹ ਦਾ ਸ਼ੂਗਰ ਲੈਵਲ ਵੀ ਵਧ ਗਿਆ ਜਿਸ ਕਰਕੇ ਦਿਲ ਦਾ ਰੋਗ ਵੀ ਹੋ ਗਿਆ। ਆਪਣੇ ਪਿਛਲੇ ਕੁਝ ਹਫਤਿਆਂ ਵਿਚ ਉਹ ਸਭ ਕਾਸੇ ਲਈ ਜਮੀਲਾ ਤੇ ਨਿਰਭਰ ਸੀ ਕਿਉਂਕਿ ਲੈਲਾ ਤਾਂ ਇਸ ਗੱਲੋਂ ਹੀ ਡਰੀ ਫਿਰ ਰਹੀ ਸੀ ਕਿ ਉਹ ਮਰਨ ਲੱਗੀ ਏ। ਕੈਸਰਾ ਦੀ ਮਦਦ ਤੋਂ ਬਿਨਾਂ ਤਾਂ ਉਹ ਪ੍ਰਬੰਧਕ ਬਣਨ ਲਈ ਵੀ ਰਾਜ਼ੀ ਨਹੀਂ ਸੀ।

ਲੈਲਾ ਦੇ ਦੂਰ ਰਹਿਣ ਕਰਕੇ ਉੱਧਰ ਕੈਸਰਾ ਮਾਯੂਸ ਸੀ ਅਤੇ ਸਿਰਫ ਆਪਣੀ ਨੂੰਹ ਤੇ ਨਿਰਭਰ ਹੋ ਕੇ ਰਹਿ ਜਾਣਾ ਉਸਨੂੰ ਚੁਭਦਾ ਸੀ ਅਤੇ ਕੈਸਰਾ ਦੇ ਜੀਵਨ ਦੇ ਆਖਰੀ ਪਲਾਂ ਵਿਚ ਜਮੀਲਾ ਨੇ ਉਹਨੂੰ ਕਿਹਾ ਕਿ ਉਹ ਆਪਣੀ ਵਿੱਲ ਵਿਚ ਸੋਧ ਕਰ ਦਵੇ ਅਤੇ ਕਿਸੇ ਹੋਰ ਬੱਚੇ ਦਾ ਵੀ ਕੁਝ ਹਿੱਸਾ ਰੱਖ ਦੇਵੇ। ਉਸ ਨੇ ਉਹਦੀ ਬੜੀ ਸੇਵਾ ਕੀਤੀ ਸੀ ਇਸ ਲਈ ਬਦਲੇ ਵਿਚ ਉਹ ਵੀ ਉਸ ਤੋਂ ਕੁਝ ਸੁਰੱਖਿਆ ਭਾਲਦੀ ਸੀ। ਜਮੀਲਾ ਨੂੰ ਉਸ ਕੰਜਰ ਬਿਰਾਦਰੀ ਬਾਰੇ ਬਹੁਤਾ ਕੁਝ ਜਾਨਣ ਨਹੀਂ ਦਿੱਤਾ ਗਿਆ ਸੀ ਜਿਸ ਵਿਚ ਉਸਦੀ ਸ਼ਾਦੀ ਹੋਈ ਸੀ ਇਸ ਲਈ ਉਹ ਸਮਝਦੀ ਸੀ ਕਿ ਬਾਕੀ ਸਮਾਜ ਵਾਂਗ ਹੀ ਇਥੇ ਵੀ ਨਰ ਬੱਚਿਆਂ ਨੂੰ ਹੀ ਜਾਇਦਾਦ ਵਿਰਸੇ ਵਿਚ ਮਿਲਦੀ ਏ।

ਕੁਝ ਹਫਤੇ ਬਾਦ ਕੈਸਰਾ ਨੂੰ ਦਿਲ ਦਾ ਦੌਰਾ ਪਿਆ। ਉਹ ਕੁਝ ਦਿਨ ਹਸਪਤਾਲ ਰਹੀ ਤੇ ਉੱਥੇ ਹੀ ਮਰ ਗਈ ਅਤੇ ਲੈਲਾ ਦਾ ਤਾਂ ਜਿਵੇਂ ਸੰਸਾਰ ਹੀ ਨਿੱਘਰ ਗਿਆ। ਉਸਦੇ ਦੁਆਲੇ ਦਾ

ਹਨੇਰਾ ਬੜਾ ਗਹਿਰਾ ਹੋ ਗਿਆ। ਉਹਨੂੰ ਆਪਣਾ ਕੋਈ ਭਵਿੱਖ ਨਹੀਂ ਦਿਖਾਈ ਦਿੰਦਾ ਸੀ ਅਤੇ ਖੁਦ ਲਈ ਕੋਈ ਆਸ ਨਹੀਂ ਦਿਸ ਰਹੀ ਸੀ। ਉਹਨੂੰ ਗਲੀਆਂ ਵਿਚ ਫਿਰਦੀਆਂ ਗਸਤੀਆਂ ਯਾਦ ਆਈਆਂ ਜਿਨ੍ਹਾਂ ਵਿਚੋਂ ਇਕ ਇਕ ਵਾਰੀ ਉਨ੍ਹਾਂ ਦੇ ਘਰ ਵੜ ਆਈ ਸੀ ਤੇ ਕੈਸਰਾ ਦੇ ਉਹਨੂੰ ਕਹੇ ਸ਼ਬਦ ਉਹਦੇ ਕੰਨਾਂ ਵਿਚ ਗੂੰਜਣ ਲੱਗ ਪਏ। 'ਇਹ ਚੰਗੇ ਪਰਿਵਾਰ ਦੀ ਇਕ ਤਵਾਇਫ ਸੀ ਤੇ ਹੁਣ ਦੇਖ ਲੈ ਇਹ ਕੀ ਬਣ ਗਈ ਏ, ਇਕ ਮੰਗਤੀ।' ਲੈਲਾ ਤੋਂ ਇਹ ਆਵਾਜ਼ਾਂ ਬਰਦਾਸ਼ਤ ਨਹੀਂ ਹੋ ਰਹੀਆਂ ਸਨ ਅਤੇ ਉਸ ਤੋਂ ਉਸ ਡਰ ਦਾ ਵੀ ਸਾਮ੍ਹਣਾ ਨਹੀਂ ਹੋ ਰਿਹਾ ਸੀ ਜੋ ਉਸ ਤੇ ਹਾਵੀ ਹੁੰਦਾ ਜਾ ਰਿਹਾ ਸੀ। ਉਦੋਂ ਤਕ ਤਾਂ ਉਹ ਠੀਕ-ਠਾਕ ਚੱਲ ਰਹੀ ਸੀ ਜਦੋਂ ਤੱਕ ਯਾਸਮੀਨ ਨੂੰ ਫਿਲਮਾਂ ਵਿਚ ਕੰਮ ਦਿਵਾਉਣ ਲਈ ਚਲਾਇਆ ਗਿਆ ਤੀਰ ਤੁੱਕਾ ਸਾਬਤ ਨਹੀਂ ਹੋ ਗਿਆ ਸੀ। ਵਧੀਆ ਪ੍ਰਬੰਧਕ ਬਣਨ ਲਈ ਅਜੇ ਉਹਨੂੰ ਕੁਝ ਸਮਾਂ ਹੋਰ ਚਾਹੀਦਾ ਸੀ। ਉਹ ਚਾਹੁੰਦੀ ਸੀ ਕਿ ਉਹ ਪ੍ਰਬੰਧਕ ਬਣਦੀ ਤਾਂ ਉਹਦੀ ਪਿੱਠ ਤੇ ਕੈਸਰਾ ਹੁੰਦੀ ਤਾਂ ਕਿ ਜੇ ਕੋਈ ਵੱਡੀ ਸਮੱਸਿਆ ਆ ਖੜ੍ਹੀ ਹੁੰਦੀ ਤਾਂ ਉਹ ਨਜਿੱਠ ਲੈਂਦੀ ਕਿਉਂਕਿ ਲੈਲਾ ਨੂੰ ਆਪਣੀ ਕਾਬਲੀਅਤ ਤੇ ਕਦੀ ਵੀ ਭਰੋਸਾ ਨਹੀਂ ਹੋਇਆ ਸੀ। ਉਹਨੇ ਅਪਣੇ ਵਲੋਂ ਜੁਗਤ ਲੜਾਈ ਸੀ ਅਤੇ ਆਪਣੀ ਭੈਣ ਲਈ ਕੁਝ ਚੰਗਾ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਫੇਰ ਵੀ ਉਸਨੂੰ ਪਤਾ ਸੀ ਕਿ ਜੇ ਕਿਧਰੇ ਕੁਝ ਗਲਤ ਹੋ ਵੀ ਗਿਆ ਤਾਂ ਕੈਸਰਾ ਬੈਠੀ ਏ ਉਹ ਖੁਦ ਹੀ ਸਾਂਭ ਲਏਗੀ।

ਉਹਨੇ ਮਹਿਸੂਸ ਕੀਤਾ ਕਿ ਉਹਨੂੰ ਇੱਕਲੀ ਛੱਡਕੇ ਕੈਸਰਾ ਬਹੁਤ ਛੇਤੀ ਤੁਰ ਗਈ ਏ। ਜੇ ਕੈਸਰਾ ਉਹਨੂੰ ਕੁਝ ਹੋਰ ਸਾਲਾਂ ਦੀ ਸਿਖਲਾਈ ਦੇ ਦਿੰਦੀ ਫੇਰ ਉਹ ਤਿਆਰ ਵੀ ਹੋ ਜਾਂਦੀ। ਉਹ ਜਾਣਦੀ ਸੀ ਕਿ ਧੰਦੇ ਦੇ ਹਰਬੇ ਉਸਦੀ ਸਮਝ ਵਿਚ ਐਨੀ ਛੇਤੀ ਨਹੀਂ ਆਉਂਦੇ ਜਿੰਨੇ ਹੋਰ ਕੁੜੀਆਂ ਸਿੱਖ ਲੈਂਦੀਆਂ ਨੇ। ਉਹਨੂੰ ਵੱਧ ਸਮਾਂ ਚਾਹੀਦਾ ਹੁੰਦਾ ਏ। ਸ਼ਾਇਦ ਉਹਦੀ ਦਾਦੀ ਠੀਕ ਹੀ ਕਹਿੰਦੀ ਹੁੰਦੀ ਸੀ ਕਿ ਉਹਨੂੰ ਧੰਦਾ ਗੰਭੀਰਤਾ ਨਾਲ ਲੈਣਾ ਚਾਹੀਦਾ ਏ ਅਤੇ ਜ਼ਿੰਦਾ ਰਹਿਣ ਲਈ ਦਸਤੂਰ ਤੇ ਚੱਲਣਾ ਚਾਹੀਦਾ ਏ। ਉਹਨੂੰ ਕਦੀ ਵੀ ਧੰਦਾ ਛੱਡਣ ਬਾਰੇ ਨਹੀਂ ਸੋਚਣਾ ਚਾਹੀਦਾ ਸੀ। ਆਪਣੇ ਜੀਵਨ ਲਈ ਵੱਖੋ-ਵੱਖਰੇ ਵਿਚਾਰ ਅਤੇ ਜੁਗਤਾਂ ਵਿਚ ਉਹਨੇ ਕਾਫੀ ਸਮਾਂ ਬਰਬਾਦ ਕੀਤਾ ਏ। ਆਪਣੀ ਇਸ ਢਹਿੰਦੀ ਸੋਚ ਵਿਚ ਹੀ ਉਸਨੂੰ ਆਪਣੀ ਦਾਦੀ ਦੀ ਆਵਾਜ਼ ਵੀ ਵਾਰ-ਵਾਰ ਸੁਣ ਰਹੀ ਸੀ। ''ਇਹ ਕੁਝ ਏ ਜੋ ਉਨ੍ਹਾਂ ਔਰਤਾਂ ਨਾਲ ਵਾਪਰਦਾ ਏ ਜੋ ਧੰਦੇ ਵਿਚ ਅਸਫਲ ਰਹਿ ਜਾਂਦੀਆਂ ਨੇ।'' ਉਹਨੇ ਜ਼ੋਰ ਦੇ ਕੇ ਖੁਦ ਨੂੰ ਕਿਹਾ, 'ਮੈਂ ਸਫਲ ਹੋਵਾਂਗੀ।' ਮੈਂ ਸਫਲ ਹੋਵਾਂਗੀ। ਮੈਂ ਮੰਗਤੀ ਨਹੀਂ ਬਣਨਾ। ਪਰ ਦਿਲੋਂ ਉਹ ਬੜੀ ਡਰੀ ਹੋਈ ਤੇ ਬੇਯਕੀਨੀ ਵਿਚ ਸੀ।

ਉਹਦੀ ਦਾਦੀ ਦੀ ਮੌਤ ਤੋਂ ਕੁਝ ਦਿਨ ਮਗਰੋਂ ਹੀ ਲੈਲਾ ਨੂੰ ਪਤਾ ਲੱਗ ਗਿਆ ਕਿ ਉਹਦੀ ਮਾਂ ਉਹਦੀ ਦਾਦੀ ਤੋਂ ਵਿੱਲ ਬਦਲਵਾਉਣ ਵਿਚ ਕਾਮਯਾਬ ਹੋ ਗਈ ਸੀ। ਇਮਾਰਤ ਦੀ ਮਾਲਕੀ ਜਮੀਲਾ ਦੇ ਦੋ ਪੁੱਤਰਾਂ ਅਤੇ ਲੈਲਾ ਦੇ ਵੱਡੇ ਪੁੱਤਰ ਨੂੰ ਦਿੱਤੀ ਗਈ ਸੀ। ਇਸ ਨਾਲ ਉਹ ਬਿਲਕੁਲ ਹੀ ਟੁੱਟ ਗਈ। ਉਸਨੂੰ ਗੁੱਸਾ ਆ ਰਿਹਾ ਸੀ ਕਿ ਉਹ ਐਨੀ ਸਿੱਧੜ ਰਹੀ ਕਿ ਉਹ ਆਪਣੇ ਵਿਰਾਸਤ ਦੇ ਹੱਕ ਦੀ ਰਾਖੀ ਵੀ ਨਾ ਕਰ ਸਕੀ ਜੋ ਕੰਜਰ ਟੱਬਰ ਦੀ ਸਭ ਤੋਂ ਵੱਡੀ ਕੁੜੀ ਦਾ ਹੱਕ ਹੁੰਦਾ ਏ। ਯਾਸਮੀਨ ਬਾਰੇ ਵੀ ਉਹ ਸ਼ਾਹਿਦ ਨਾਲ ਸਹਿਮਤ ਨਹੀਂ ਸੀ। ਜਦੋਂ ਉਹਨੇ ਬਾਦ ਵਿਚ ਮੈਨੂੰ ਇਹ ਦੱਸਿਆ ਸੀ ਉਦੋਂ ਲੜਾਈ ਦੇ ਵੇਰਵੇ ਪੂਰੇ ਨਹੀਂ ਸਨ ਦੱਸੇ, ਬੱਸ ਸਿਰਫ਼

ਇਹ ਦੱਸਿਆ ਸੀ ਕਿ ਸ਼ਾਹਿਦ ਨਾਲ ਤੂੰ-ਤੂੰ ਮੈਂ-ਮੈਂ ਹੋਈ ਇਸ ਲਈ ਮਨ ਪ੍ਰੇਸ਼ਾਨ ਏ। ਉਹਨੂੰ ਇਹ ਹੀ ਪਤਾ ਨਹੀਂ ਲੱਗ ਰਿਹਾ ਸੀ ਕਿ ਉਹਦਾ ਸਬੰਧ ਸ਼ਾਹਿਦ ਨਾਲ ਕਿਵੇਂ ਦਾ ਹੋਵੇ। ਉਹਦੀ ਦਾਦੀ ਨੇ ਉਹਨੂੰ ਘਰ ਦੇ ਅੰਦਰਲੇ ਸੱਤਾ ਦੇ ਸੰਘਰਸ਼ ਬਾਰੇ ਕੁਝ ਨਹੀਂ ਦੱਸਿਆ ਸੀ ਜਾਂ ਸ਼ਾਇਦ ਇਹ ਨੇ ਹੀ ਕੁਝ ਬਹੁਤਾ ਧਿਆਨ ਨਹੀਂ ਦਿੱਤਾ ਸੀ। ਉਹ ਚਾਹੁੰਦੀ ਸੀ ਕਿ ਸਭ ਕੁਝ ਕਾਬੂ ਵਿਚ ਰੱਖਕੇ ਉਹ ਪਰਿਵਾਰ ਦੇ ਧੰਦੇ ਨੂੰ ਕਿਸੇ ਤਰਤੀਬ ਵਿਚ ਕਰ ਕੇ ਚਲਾਵੇ ਪਰ ਉਹ ਅਸਫਲ ਰਹਿਣ ਤੋਂ ਬੜੀ ਘਬਰਾਉਂਦੀ ਸੀ। ਉਹ ਸ਼ਾਹਿਦ ਨਾਲ ਹੀ ਨਹੀਂ ਨਿਪਟਾ ਪਾ ਰਹੀ ਸੀ ਅਤੇ ਉਸਦੇ ਕਾਬੂ ਤੋਂ ਅਜੇ ਵੀ ਡਰਦੀ ਸੀ ਜੋ ਬਤੌਰ ਨਾਚੀ ਉਸਦਾ ਉਸ ਉੱਤੇ ਹੁੰਦਾ ਸੀ। ਕਿਉਂਕਿ ਉਹ ਉਸਦਾ ਸਕਾ ਬਾਪ ਸੀ ਇਸ ਲਈ ਉਹ ਉਹਨੂੰ ਝਿੜਕ ਕੇ ਵੀ ਕੁਝ ਨਹੀਂ ਕਹਿ ਸਕਦੀ ਸੀ।

ਅਚਾਨਕ ਲੈਲਾ ਨੇ ਕੱਪੜੇ ਬੰਨ੍ਹੇ ਤੇ ਘਰੋਂ ਨਿੱਕਲ ਗਈ। ਹਾਲਾਂਕਿ ਪਰਿਵਾਰ ਨੂੰ ਕਾਫੀ ਧੱਕਾ ਵੱਜਾ ਪਰ ਸ਼ਾਹਿਦ ਨੇ ਫੇਰ ਕੋਈ ਆਪਣਾ ਗੁਪਤ ਧੰਦਾ ਫੜ ਲਿਆ ਅਤੇ ਯਾਸਮੀਨ ਤੇ ਬਾਕੀ ਬੱਚਿਆਂ ਨੂੰ ਜਮੀਲਾ ਕੋਲ ਛੱਡ ਦਿੱਤਾ ਅਤੇ ਕੋਠਾ ਬਿਨਾਂ ਪ੍ਰਬੰਧਕ ਦੇ। ਇਨ੍ਹਾਂ ਹਾਲਤਾਂ ਨੇ ਜਮੀਲਾ ਨੂੰ ਮਜ਼ਬੂਰ ਕੀਤਾ ਕਿ ਉਹ ਹੌਂਸਲਾ ਕਰਕੇ ਘਰ ਨੂੰ ਚਲਾਵੇ ਅਤੇ ਧੰਦੇ ਨੂੰ ਵੀ ਕਾਇਮ ਰੱਖੇ। ਉਹਨੇ ਯਾਸਮੀਨ ਨੂੰ ਕਿਹਾ ਕਿ ਆਪਣਾ ਸ਼ਾਮ ਦਾ ਮੁਜਰਾ ਜਾਰੀ ਰੱਖੇ ਅਤੇ ਨਾਲ ਹੀ ਕਿਹਾ ਕਿ ਹੋਰ ਕਿਸੇ ਨਾਚੀ ਨੂੰ ਨਾਲ ਲਾ ਲੈ। ਜਮੀਲਾ ਨੇ ਆਪਣਾ ਧਿਆਨ ਕਿਰਾਇਆ ਇਕੱਠਾ ਕਰਨ ਅਤੇ ਬੱਚਿਆਂ ਨੂੰ ਪਾਲਣ ਤੇ ਲਾ ਦਿੱਤਾ।

ਲੈਲਾ ਪੇਸ਼ਾਵਰ ਚਲੀ ਗਈ ਸੀ। ਉਸ ਤੋਂ ਵੱਧ ਕਿਸੇ ਨੂੰ ਕੁਝ ਨਹੀਂ ਸੀ ਪਤਾ। ਮੇਰਾ ਅੰਦਾਜ਼ਾ ਸੀ ਕਿ ਉਹ ਇਕ ਵਾਰੀ ਫੇਰ ਆਪਣੇ ਸਿਰ ਤੇ ਕੁਝ ਕਰਨਾ ਚਾਹੁੰਦੀ ਸੀ। ਉਹ ਇਸ ਦੁਚਿੱਤੀ ਵਿਚ ਫਸੀ ਲੱਗਦੀ ਸੀ ਕਿ ਮੁਹੱਲੇ ਵਿਚ ਘਰ ਅਤੇ ਧੰਦਾ ਕੀ ਸ਼ਾਹਿਦ ਦਾ ਸੀ ਜਾਂ ਉਸਦਾ। ਜਦੋਂ ਲੈਲਾ ਘਰੋਂ ਚਲੀ ਗਈ ਸੀ ਉਦੋਂ ਇਸਲਾਮਾਬਾਦ ਵਿਚ ਮੇਰਾ ਨਿਕਾਹ ਹੋਣਾ ਸੀ। ਮੇਰੇ ਲਈ ਇਹ ਇਕ ਮੁਹੱਤਵਪੂਰਨ ਮੌਕਾ ਸੀ ਇਸ ਲਈ ਮੈਂ ਬਹੁਤ ਸਾਰੇ ਦੋਸਤਾਂ ਨੂੰ ਬੁਲਾਇਆ ਸੀ ਜਿਸ ਵਿਚ ਮੁਹੱਲੇ ਦੇ ਦੋਸਤ ਵੀ ਸ਼ਾਮਿਲ ਸਨ। ਯਾਸਮੀਨ ਨੇ ਦੱਸਿਆ ਸੀ ਕਿ ਲੈਲਾ ਤਾਂ ਹੈ ਨਹੀਂ ਪਰ ਇਹ ਵਾਦਾ ਕੀਤਾ ਕਿ ਜੇ ਉਹਦਾ ਫੋਨ ਆਇਆ ਤਾਂ ਉਹ ਸੱਦਾ ਜ਼ਰੂਰ ਉਸ ਨੂੰ ਦੱਸ ਦੇਵੇਗੀ ਪਰ ਮੈਨੂੰ ਉਸਦਾ ਕੋਈ ਸੁਨੇਹਾ ਨਾ ਮਿਲਿਆ।

ਮੇਰੇ ਨਿਕਾਹ ਵਾਲੇ ਦਿਨ ਹੀ ਲੈਲਾ ਮੇਰੇ ਘਰ ਆ ਪੁੱਜੀ ਉਹਦੇ ਹੱਥ ਵਿਚ ਸੌਗਾਤ ਸੀ। ਉਹਨੇ ਕੁਝ ਸਮਾਂ ਮੇਰੀ ਮਾਂ ਨਾਲ ਬਿਤਾਇਆ ਅਤੇ ਮੇਰੇ ਭਵਿੱਖ ਲਈ ਸ਼ੁਭ ਇੱਛਾਵਾ ਦਿੱਤੀਆਂ ਅਤੇ ਮੁੜ ਗਈ।

ਦੋ ਕੁ ਮਹੀਨੇ ਬਾਦ ਮੈਨੂੰ ਪਤਾ ਲੱਗਾ ਕਿ ਉਹ ਆਪਣੇ ਘਰ ਲਾਹੌਰ ਮੁੜ ਗਈ ਸੀ। ਉਸਨੇ ਆਪਣੇ ਸਿਰ ਤੇ ਜੀਣ ਦਾ ਆਖਰੀ ਮੌਕਾ ਖੁਦ ਨੂੰ ਦਿੱਤਾ ਸੀ ਪਰ ਉਹਨੇ ਵੇਖ ਲਿਆ ਸੀ ਕਿ ਜਿਸ ਤਰ੍ਹਾਂ ਉਸਨੂੰ ਜਨਮ ਤੋਂ ਘੜਿਆ ਗਿਆ ਸੀ ਉਹਨੂੰ ਛੱਡ ਕੇ ਹੋਰ ਕਿਸੇ ਤਰ੍ਹਾਂ ਦਾ ਕੁਝ ਕਰਨ ਦੀ ਉਸ ਪਾਸ ਕੋਈ ਸਮਰੱਥਾ ਨਹੀਂ ਸੀ। ਉਹ ਯਾ ਤਾਂ ਸ਼ਾਹੀ ਮੁਹੱਲੇ ਵਿਚ ਆਪਣੀ ਭੂਮਿਕਾ ਨਿਭਾਉਂਦੀ ਤੇ ਜਾਂ ਫੇਰ ਉਸ ਬੇਚਾਰੀ ਮੰਗਤੀ ਦੀ। ਪਰ ਉਹ ਇਹ ਮੰਗਤੀ ਬਿਲਕੁਲ ਬਣਨਾ ਨਹੀਂ ਸੀ ਚਾਹੁੰਦੀ। ਉਹਨੇ ਕੈਸਰਾ ਦੇ ਮੌਤ ਦੀਆਂ ਘੜੀਆਂ ਉਡੀਕਦੀ ਦੇ ਬੋਲ ਯਾਦ ਕੀਤੇ। ਆਪਣੇ ਮਰਨ ਤੋਂ ਕੁਝ ਪਲ ਪਹਿਲਾਂ ਕੈਸਰਾ ਨੇ ਲੈਲਾ ਨਾਲ ਇਕੱਲੇ ਦੋ ਗੱਲਾਂ ਕਰਨ

ਲਈ ਕਿਹਾ ਅਤੇ ਉਸ ਤੋਂ ਮਾਫੀ ਮੰਗੀ ਸੀ ਕਿ ਉਹ ਉਹਨੂੰ ਉਹ ਕੁਝ ਨਹੀਂ ਦੇ ਸਕੀ ਜੋ ਉਸਦਾ ਬਣਦਾ ਸੀ। ਉਸ ਵੇਲੇ ਲੈਲਾ ਨਹੀਂ ਸਮਝ ਸਕੀ ਸੀ ਕਿ ਉਹਦਾ ਇਸ਼ਾਰਾ ਕਿਸ ਚੀਜ਼ ਵੱਲ ਏ। ਫੇਰ ਕੈਸਰਾ ਨੇ ਉਹਦਾ ਹੱਥ ਫੜਿਆ ਸੀ ਤੇ ਕਿਹਾ ਸੀ ਕਿ ਉਹ ਆਪਣਾ ਮੁਹੱਲੇ ਵਾਲਾ ਘਰ ਕਦੀ ਵੀ ਨਾ ਛੱਡੇ। ਉਹਨੇ ਇਹ ਵੀ ਕਿਹਾ ਕਿ ਜੇ ਉਹ ਆਪਣੀ ਕੁੜੀ ਨੂੰ ਵੀ ਇਸੇ ਧੰਦੇ ਵਿਚ ਪਾਉਣਾ ਚਾਹੇਗੀ ਤਾਂ ਉਸ ਨੂੰ ਵੀ ਉਹ ਬਚਪਨ ਤੋਂ ਹੀ ਇਸ ਵਾਸਤੇ ਤਿਆਰ ਕਰੇ, ਸਿਖਾਏ।

ਲੈਲਾ ਬਹੁਤ ਸਵੈ ਵਿਸ਼ਵਾਸ ਨਾਲ ਪੇਸ਼ਾਵਰ ਤੋਂ ਵਾਪਸ ਆਈ ਅਤੇ ਆਕੇ ਕੋਠੇ ਦਾ ਕੰਮ ਸਾਂਭ ਲਿਆ। ਉਹਨੂੰ ਪਤਾ ਸੀ ਕਿ ਗੁਜ਼ਾਰਾ ਕਰਨ ਲਈ ਉਹਨੂੰ ਸਖਤ ਮੇਹਨਤ ਕਰਨੀ ਪਵੇਗੀ ਅਤੇ ਇਹ ਯਕੀਨੀ ਬਣਾਉਣਾ ਪਏਗਾ ਕਿ ਯਾਸਮੀਨ ਅਤੇ ਉਸਦੀ ਛੋਟੀ ਭੈਣ ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਵੇ ਤਾਂ ਕਿ ਉਹ ਇਸ ਸਿਸਟਮ ਵਿਚ ਜ਼ਿੰਦਾ ਰਹਿ ਸਕਣ।

### *ਟਿੱਪਣੀਆਂ*

#### *ਇਕ ਸਟੇਜ ਐਕਟਰ, ਸਲਮਾਨ ਸ਼ਾਹਿਦ*

*ਮੇਰੇ ਇਕ ਸਟੇਜ ਐਕਟਰ ਦੋਸਤ ਸਲਮਾਨ ਨੇ ਮੈਨੂੰ ਦੱਸਿਆ ਕਿ ਜਿਹੜੀਆਂ ਔਰਤਾਂ ਖੁਦ ਨੂੰ ਪ੍ਰਗਟਾਉਂਦੀਆਂ ਨੇ ਉਹ ਸਾਡੇ ਸਮਾਜ ਨੂੰ ਖਤਰਾ ਪੈਦਾ ਕਰਦੀਆਂ ਨੇ। ਪਾਕਿਸਤਾਨੀ ਬੰਦਾ ਕਿਸੇ ਹੱਦ ਤੱਕ ਕਿਸੇ ਹੋਰ ਔਰਤ ਦੇ ਪ੍ਰਗਟਾਵੇ ਨੂੰ ਤਾਂ ਬਰਦਾਸ਼ਤ ਵੀ ਕਰ ਲੈਂਦਾ ਏ ਪਰ ਉਹ ਇਹ ਕਦੀ ਨਹੀਂ ਸਹਿ ਸਕਦਾ ਕਿ ਉਹ ਦੀ ਖੁਦ ਦੀ ਔਰਤ ਕੁਝ ਇਸ ਤਰ੍ਹਾਂ ਦਾ ਬੋਲੇ। ਉਹ ਨੂੰ ਡਰ ਸਤਾਉਂਦਾ ਏ ਕਿ ਜੇ ਉਹ ਨੂੰ ਖੁਦ ਦੀ ਸੋਝੀ ਆ ਗਈ ਤਾਂ ਉਹ ਫੇਰ ਤਬਦੀਲੀਆਂ ਚਾਹੁਣ ਲੱਗ ਪਏਗੀ। ਪਾਕਿਸਤਾਨੀ ਬੰਦੇ, ਉਹ ਨੇ ਕਿਹਾ, ਇਸ ਗੱਲੋਂ ਬਹੁਤ ਡਰਦੇ ਨੇ ਕੁਝ ਅਜਿਹਾ ਨਾ ਵਾਪਰ ਜਾਵੇ ਕਿ ਯਥਾ-ਸਥਿਤੀ ਵਿਗੜ ਜਾਵੇ।*

*ਫੇਰ ਉਹ ਜਿਸਮਫਰੋਸ਼ਾਂ ਵੱਲ ਕਿਉਂ ਖਿੱਚੇ ਚਲੇ ਜਾਂਦੇ ਨੇ? ਮੈਂ ਪੁੱਛਿਆ।*

*'ਉਹ ਜਿਸਮਫਰੋਸ਼ਾਂ ਨੂੰ ਇਸ ਕਰਕੇ ਪਸੰਦ ਕਰਦੇ ਨੇ ਕਿਉਂਕਿ ਉਹ ਖੁਦ ਆਪਣੇ ਨਾਲ ਵੀ ਜੁੜੀਆਂ ਹੋਈਆਂ ਨਹੀਂ ਹੁੰਦੀਆਂ। ਇਹ ਔਰਤਾਂ ਉਨ੍ਹਾਂ ਵਿਚ ਉਤਸੁਕਤਾ ਪੈਦਾ ਕਦੀਆਂ ਨੇ। ਇਹ ਬੜੀ ਅਜੀਬ ਕਸ਼ਿਸ਼ ਏ: ਜਿਸਮਫਰੋਸ਼ ਉਨ੍ਹਾਂ ਵਾਸਤੇ ਇਕ ਰਹੱਸ ਦੀ ਤਰ੍ਹਾਂ ਹੁੰਦੀਆਂ ਨੇ। ਜੋ ਔਰਤਾਂ ਉਨ੍ਹਾਂ ਦੇ ਘਰੀਂ ਹੁੰਦੀਆਂ ਨੇ ਉਨ੍ਹਾਂ ਤੇ ਉਹ ਪਹਿਲਾਂ ਹੀ ਹਾਵੀ ਹੋ ਚੁੱਕੇ ਹੁੰਦੇ ਨੇ ਤੇ ਉਹ ਉਨ੍ਹਾਂ ਦੇ ਕਾਬੂ ਵਿਚ ਹੁੰਦੀਆਂ ਨੇ ਪਰ ਰੰਡੀਆਂ ਉਨ੍ਹਾਂ ਦੇ ਕਾਬੂ ਵਿਚ ਨਹੀਂ ਹੁੰਦੀਆਂ। ਉਹ ਕਸ਼ਿਸ਼ ਵਾਲੀਆਂ ਚੀਜ਼ਾਂ ਹੁੰਦੀਆਂ ਨੇ ਜੋ ਉਨ੍ਹਾਂ ਦੀਆਂ ਕਲਪਨਾਵਾਂ ਨੂੰ ਖੰਭ ਲਾ ਸਕਦੀਆਂ ਨੇ। ਦਿਲਕਸ਼, ਆਪਾ ਪ੍ਰਗਟਾਊ ਅਤੇ ਬਿਨ੍ਹਾਂ ਕਿਸੇ ਕਿਸਮ ਦੀ ਕਾਮ ਰੁਕਾਵਟ ਏ। ਬੰਦਿਆਂ ਨੂੰ ਇਹ ਚੀਜ ਚੰਗੀ ਲੱਗਦੀ ਏ। ਜਦੋਂ ਇਕ ਵਾਰੀ ਉਹ ਉਨ੍ਹਾਂ ਨੂੰ ਜਿੱਤ ਲੈਂਦੇ ਨੇ ਤਾਂ ਉਹ ਨੱਚਣ ਵਾਲੀ ਕੁੜੀ ਦੇ ਮੁਕਤ ਪ੍ਰਗਟਾਵੇ ਨਾਲ ਵੀ ਸੁਲਝ ਲੈਂਦੇ ਨੇ। ਸਾਡੇ ਕੋਲ ਮਸ਼ਹੂਰ ਐਕਟਰੈਸਾਂ ਦੀਆਂ ਕਈ ਮਿਸਾਲਾਂ ਨੇ ਜੋ ਨਿਕਾਹ ਕਰਨ ਤੋਂ ਫੌਰਨ ਬਾਦ ਐਲਾਨ ਕਰ ਦਿੰਦੀਆਂ ਨੇ ਕਿ ਉਹ ਫਿਲਮਾਂ ਵਿਚ ਕੰਮ ਨਹੀਂ ਕਰਨਗੀਆਂ। ਤੂੰ ਦੱਸ ਸਕਦੀ ਏ ਕਿਉਂ?*

'ਹਾਂ। ਮੈਨੂੰ ਕਈ ਅਜਿਹੇ ਮਾਮਲਿਆਂ ਦਾ ਪਤਾ ਏ ਐਕਟਰੈਸਾਂ, ਗਾਇਕਾਵਾਂ, ਨਾਚੀਆਂ।' ਮੈਂ ਜਵਾਬ ਦਿੱਤਾ।

'ਸ਼ਬਨਮ ਨੂੰ ਛੱਡ ਕੇ, ਜਿਸ ਦਾ ਸ਼ੌਹਰ ਅਗਾਂਹ ਵਧੂ ਸੋਚ ਦਾ ਸੀ ਅਤੇ ਉਹ ਮੁਹੱਲਾ ਬਿਰਾਦਰੀ ਨਾਲ ਸਬੰਧਤ ਨਹੀਂ ਸੀ, ਕਿਸੇ ਹੋਰ ਪਾਕਿਸਤਾਨੀ ਐਕਟਰੈਸ ਦਾ ਨਾ ਲੈ ਜੋ ਆਪਣੇ ਨਿਕਾਹ ਤੋਂ ਬਾਦ ਵੀ ਪਰਦੇ ਤੇ ਰਹੀ ਹੋਵੇ। ਕਈ ਵਾਰੀ ਜੇ ਸ਼ੌਹਰ ਡਾਇਰੈਕਟਰ ਜਾਂ ਪ੍ਰੋਡਿਊਸਰ ਹੋਵੇ, ਤਾਂ ਉਹ ਉਹਨੂੰ ਕੰਮ ਕਰ ਲੈਣ ਦਿੰਦਾ ਏ, ਪਰ ਸਿਰਫ ਆਪਣੀਆ ਫਿਲਮਾਂ ਵਿਚ ਤਾਂ ਕਿ ਉਹ ਉਸ ਉੱਤੇ ਨਜਰ ਰੱਖ ਸਕੇ। ਜੇ ਉਹ ਖੁਦ ਐਕਟਰ ਹੋਵੇ ਤਾਂ ਉਹ ਕਹਿੰਦਾ ਏ ਕਿ ਉਹ ਸਿਰਫ ਉਸੇ ਨਾਲ ਕੰਮ ਕਰ ਸਕਦੀ ਏ, ਹੋਰ ਕਿਸੇ ਨਾਲ ਨਹੀਂ। ਇਸੇ ਤਰਾਂ ਹੀ ਚੱਲਦਾ ਏ ਸਭ ਕੁਝ।'

'ਪਰ ਗੱਲ ਕਿੱਥੇ ਨਿਬੜੀ ਫੇਰ?' ਮੈਂ ਪੁੱਛਿਆ।

'ਮੈਂ ਤਾਂ ਕਹਾਂਗਾ ਗੱਲ ਨਿਯੰਤ੍ਰਣ ਦੀ ਏ, ਸਮਾਜਕ ਦਰਜਾਬੰਦੀ ਨੂੰ ਕਾਇਮ ਰੱਖਣਾ, ਜਿੱਥੇ ਔਰਤ ਘਟੀਆ ਬਣੀ ਰਹੇ,' ਸਲਮਾਨ ਬੋਲਿਆ।

# ਨੁਕਤਿਆਂ ਦੀ ਤਲਾਸ਼

ਸ਼ਾਹੀ ਮੁਹੱਲੇ ਦੇ ਲੋਕਾਂ ਦਾ ਜੀਵਨ ਇਸ ਕਿਤਾਬ ਦਾ ਅਧਾਰ ਬਣਿਆ ਏ। ਉਨ੍ਹਾਂ ਦੀਆਂ ਕਹਾਣੀਆਂ ਨੇ ਮੈਨੂੰ ਉਹ ਸਬਕ ਦਿੱਤੇ ਨੇ ਜਿਹੜੇ ਮੈਂ ਅਪਣੇ ਸਮਾਜ ਅਤੇ ਇਸ ਦੀਆਂ ਕਦਰਾਂ-ਕੀਮਤਾਂ ਬਾਰੇ ਹੋਰ ਕਿਸੇ ਤਰ੍ਹਾਂ ਵੀ ਨਹੀਂ ਸਿੱਖ ਸਕਦੀ ਸੀ। ਮੈਂ ਉਨ੍ਹਾਂ ਨਾਲ ਐਨੀ ਨੇੜਤਾ ਮਹਿਸੂਸ ਕਰਦੀ ਸਾਂ ਕਿ ਕਈ ਵਾਰੀ ਚੰਦਾ, ਲੈਲਾ, ਬੌਬ਼ੀ, ਸੋਨੀ ਅਤੇ ਰਾਣੀ ਦੀਆਂ ਸ਼ਕਲਾਂ ਮੇਰੇ ਸੁਪਨਿਆਂ ਵਿਚ ਵੀ ਆ ਜਾਂਦੀਆਂ ਸਨ। ਤਾਂ ਵੀ ਮੈਂ ਇਹ ਵੱਡੀ ਲੋੜ ਮਹਿਸੂਸ ਕੀਤੀ ਕਿ ਉਨ੍ਹਾਂ ਤੋਂ ਕੁਝ ਲਾਂਭੇ ਹਟ ਕੇ ਵੀ ਇਸ ਵਿਸ਼ਾਲ ਤਾਣੇ-ਬਾਣੇ ਨੂੰ ਸਮਝਣ ਦੀ ਕੋਸ਼ਿਸ਼ ਕਰਾਂ। ਮੈਂ ਆਪਣਾ ਮਨ ਬਣਾਇਆ ਕਿ ਇਸ ਨੁਕਤੇ ਤੇ ਹੁਣ ਵਰਤਮਾਨ ਬਾਰੇ ਅੰਕੜੇ ਇਕੱਠੇ ਕਰਨੇ ਛੱਡ ਕੇ ਅਤੀਤ ਵੱਲ ਨੂੰ  ਰੁਖ ਕੀਤਾ ਜਾਵੇ ਅਤੇ ਰਹਿ ਗਈਆਂ ਕੁਝ ਅੜਾਉਂਣੀਆਂ ਨੂੰ ਹੱਲ ਕਰਨ ਵਾਸਤੇ ਹੋਰ ਖੋਜੀਆਂ ਦੇ ਕੰਮਾਂ ਦਾ ਅਧਿਐਨ ਕੀਤਾ ਜਾਵੇ। ਤਿੰਨ ਵੱਡੇ ਸਵਾਲ ਉੱਭਰ ਕੇ ਸਾਮ੍ਹਣੇ ਆਉਣ ਲੱਗੇ: ਰੰਡੀਗਿਰੀ ਕਿਉਂ? ਇੰਨਾਂ ਵੰਡਾ ਕਲੰਕ ਕਿਉਂ? ਤੇ ਫੇਰ ਵੀ ਵਰਤਾਰਾ ਕਾਇਮ ਕਿਉਂ? ਮੈਂ ਇਸ ਯੋਜਨਾਬੱਧ ਰੰਡੀ  ਵਪਾਰ ਦੇ ਬੁਨਿਆਦੀ ਕਾਰਨਾਂ ਨੂੰ ਸਮਝਣਾ ਚਾਹੁੰਦੀ ਸੀ।

ਮੈਂ ਕਈ ਲਾਇਬ੍ਰੇਰੀਆਂ ਵਿਚ ਫਿਰੀ ਅਤੇ ਪਿਛਲੇ ਸਮਿਆਂ ਤੋਂ ਰੰਡੀਗਿਰੀ ਬਾਰੇ ਇਤਿਹਾਸਕ ਵਰਨਣ ਲੱਭਣ ਲਈ ਇੰਟਰਨੈੱਟ ਦੀ ਮਦਦ ਵੀ ਲਈ। ਇਸ ਵਿਸ਼ੇ ਉੱਤੇ ਬਹੁਤ ਸਾਰੀਆਂ ਕਿਤਾਬਾਂ ਅਤੇ ਲੇਖ ਪੜ੍ਹਨ ਤੋਂ ਬਾਦ ਮੈਂ ਇਸ ਸਿੱਟੇ ਤੇ ਪਹੁੰਚੀ ਕਿ ਭਾਵੇਂ ਇਹ ਸਾਰਾ ਖੋਜ ਸਾਹਿਤ ਮੇਰੇ ਸਵਾਲਾਂ ਦਾ ਸਿੱਧਾ ਜਵਾਬ ਨਹੀਂ ਦਿੰਦਾ ਸੀ ਪਰ ਇਨ੍ਹਾਂ ਵਿਚੋਂ ਮੈਨੂੰ ਕੁਝ ਨੁਕਤੇ ਜ਼ਰੂਰ ਲੱਭ ਪਏ ਸਨ ਜੋ ਮੈਂ ਹੋਰ ਖੋਜਕਾਰਾਂ ਨਾਲ ਵਿਚਾਰ ਸਕਦੀ ਸਾਂ। ਇਕ ਦਿਨ ਇਸਲਾਮਾਬਾਦ ਦੇ ਨੈਸ਼ਨਲ ਆਰਕਾਈਵਸ ਵਿਚ ਚਿਣੇ ਦਸਤਾਵੇਜ਼ਾਂ ਦੇ ਵੱਡੇ-ਵੱਡੇ ਢੇਰਾਂ ਵਿਚ ਫਿਰਦਿਆਂ ਮੇਰੀ ਮੁਲਾਕਾਤ ਅਪਣੇ ਇਕ ਦੋਸਤ ਪਾੱਲ ਅਮੀਨ ਨਾਲ ਹੋ ਗਈ ਜੋ ਸਿੰਧ ਅਤੇ ਰਾਜਸਥਾਨ ਦੀਆਂ ਸੰਗੀਤ ਰਵਾਇਤਾਂ ਬਾਰੇ ਖੋਜ ਕਰ ਰਿਹਾ ਸੀ। ਅਸੀਂ ਖਿੜ ਕੇ ਇਕ ਦੂਜੇ ਨੂੰ ਸਲਾਮ ਆਖੀ  ਪਰ ਫੇਰ ਉਹ ਬੇਚਾਰਾ ਮੈਥੋਂ ਮੇਰੀ ਖੋਜ ਬਾਰੇ  ਪੁੱਛਣ ਦੀ ਗਲਤੀ ਕਰ ਗਿਆ। ਮੈਂ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਇਹ ਵੀ ਅਣਗੌਲਿਆ ਕਰ ਦਿੱਤਾ ਕਿ ਉਸ ਨੂੰ ਸੁਣਨ ਵਿਚ ਦਿਲਚਸਪੀ ਹੈ ਵੀ ਜਾਂ ਨਹੀਂ। ਮੈਂ ਖੋਜ-ਪੱਤਰ ਦੀਆਂ ਲੱਭਤਾਂ ਬਾਰੇ ਉਹਨੂੰ ਦੱਸਿਆ ਅਤੇ ਜਿਸ ਢੰਗ ਨਾਲ ਇਹ ਅਕਾਦਮੀਸ਼ਨ ਰੰਡੀਗਿਰੀ ਦੇ ਧੰਦੇ ਨੂੰ ਦੇਖਦੇ ਹਨ ਤੇ ਸਾਰਾ ਧਿਆਨ ਦਾ ਕੇਂਦਰ ਔਰਤ ਨੂੰ ਹੀ ਬਦਾਉਂਦੇ ਹਨ ਤੇ ਗਾਹਕਾਂ ਅਤੇ ਹੋਰ ਦਾਅਵੇਦਾਰਾਂ ਨੂੰ ਅਣਡਿੱਠ ਛੱਡ ਦਿੰਦੇ ਹਨ ਮੈਂ ਉਹ ਸਭ ਕੁਝ ਵੀ ਬਿਆਨ ਕੀਤਾ। ਮੈਂ ਉਹਨੂੰ  ਰੰਡੀਗਿਰੀ ਦੇ ਧੰਦੇ ਨਾਲ ਹਾਕਮ ਜਮਾਤਾਂ ਦੇ ਸੰਪਰਕਾਂ ਬਾਰੇ ਵੀ ਦੱਸਿਆ ਜੋ ਮੈਂ ਇਤਿਹਾਸ ਦੀਆਂ ਕਿਤਾਬਾਂ ਵਿਚ ਪੜ੍ਹੇ ਸਨ। ਮੈਂ ਸਾਹ  ਲਏ ਬਿਨਾਂ ਹੀ ਸ਼ਾਇਦ ਘੰਟਿਆਂਬੱਧੀ ਬੋਲਦੀ ਰਹਿੰਦੀ ਪਰ ਅਚਾਨਕ ਕਿਸੇ ਨੇ ਮੇਰੇ ਮੋਢੇ ਤੇ ਥਪਥਪੀ ਜਿਹੀ ਦਿੱਤੀ। ਮੈਂ ਮੁੜ ਕੇ ਦੇਖਿਆ ਤਾਂ ਮੇਰੇ ਪਿੱਛੇ ਲਾਇਬ੍ਰੇਰੀਅਨ ਖੜ੍ਹਾ ਅਪਣੇ ਚਸ਼ਮੇ ਵਿਚੋਂ ਮੈਨੂੰ ਘੂਰ

ਰਿਹਾ ਸੀ। ਉਹਨੇ ਆਪਣੇ ਬੁਲ੍ਹਾਂ ਤੇ ਉਂਗਲ ਰੱਖ 'ਸ਼ੀਅਅਅ!' ਦਾ ਇਸ਼ਾਰਾ ਕੀਤਾ। ਪਾਲ ਮੇਰੇ ਨਾਲੋਂ ਬਹੁਤਾ ਛਿੱਥਾ ਪਿਆ। ਉਹਨੇ ਮੇਰਾ ਹੱਥ ਫੜਿਆ ਤੇ ਮੈਨੂੰ ਖਿੱਚ ਕੇ ਬਾਹਰ ਲੈ ਤੁਰਿਆ।

ਅਸੀਂ ਹੇਠਲੀ ਮੰਜਿਲ ਦੇ ਰੇਸਤਰਾਂ ਵਿਚ ਜਾ ਬੈਠੇ ਤੇ ਮੈਂ ਉਹਨੂੰ ਦੱਸਿਆ, 'ਜੋ ਸਾਹਿਤ ਮੈਨੂੰ ਮਿਲਿਆ ਉਸ ਵਿਚ ਰੰਡੀਗਿਰੀ ਦੇ ਕਾਰਨਾਂ ਬਾਰੇ ਲੇਖਕਾਂ ਦੇ ਵਿਚਾਰ ਤਾਂ ਦਰਜ ਹਨ ਪਰ ਉਹ ਇਸ ਦੀ ਮੌਜੂਦਗੀ ਦੇ ਕਾਰਨਾਂ ਨੂੰ ਇਸ ਨਾਲ ਰਲਗੱਡ ਕਰ ਜਾਦੇ ਹਨ ਕਿ ਔਰਤਾਂ ਰੰਡੀਆਂ ਕਿਉਂ ਬਣਦੀਆਂ ਹਨ। ਮੇਰੇ ਵਾਸਤੇ ਇਹ ਦੋਵੇਂ ਬਿਲਕੁਲ ਭਿੰਨ ਗੱਲਾਂ ਹਨ।'

ਪਾਲ ਨੇ ਸਵਾਲ ਕੀਤਾ, 'ਤੂੰ ਕਿਹੜੇ ਕਾਰਨਾਂ ਦਾ ਜ਼ਿਕਰ ਕਰਦੀ ਏਂ?'

ਮੈਂ ਜਵਾਬ ਦਿੱਤਾ, 'ਬਹੁਤ ਸਾਰੇ ਅਧਿਐਨ ਤਾਂ ਗੁਰਬਤ ਨੂੰ ਇਸ ਦਾ ਪਹਿਲਾ ਕਾਰਨ ਦੱਸਦੇ ਨੇ ਤੇ ਉਸ ਤੋਂ ਬਾਦ ਬੇਸਹਾਰਾ ਔਰਤ ਜੀਵਨ, ਟਰੈਫਿਕਿੰਗ ਆਦਿ।'

ਮੈਂ ਮੁਸਕਰਾਈ 'ਸਮਾਜ ਦੀਆਂ ਸਾਰੀਆਂ ਸਮੱਸਿਆਵਾਂ ਲਈ ਗੁਰਬਤ ਨੂੰ ਦੋਸ਼ੀ ਕਰਾਰ ਦੇਕੇ ਸੌਖਿਆਂ ਖਹਿੜਾ ਛੁਡਾ ਲਿਆ ਜਾਂਦਾ ਏ– ਭ੍ਰਿਸ਼ਟਾਚਾਰ, ਤਸਕਰੀ, ਤੀਵੀਆਂ ਨੂੰ ਕੁੱਟਣਾ, ਡਕੈਤੀਆਂ ਆਦਿ। ਗੁਰਬਤ ਨੂੰ ਇਸਦਾ ਕਾਰਨ ਮੰਨ ਕੇ ਅਸੀਂ ਆਪਣਾ ਧਿਆਨ ਪਾਸੇ ਕਰ ਲੈਂਦੇ ਹਾਂ ਤੇ ਇਸ ਨਾਲ ਚਿਪਕੇ ਮੁੱਦਿਆਂ ਬਾਰੇ ਧਿਆਨ ਨਹੀਂ ਕਰਦੇ। ਕਿਸੇ ਵੀ ਖੋਜੀ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਸਾਲਾਂਬੱਧੀ ਤੋਂ ਇਕ ਬਹੁਤ ਹੀ ਜ਼ਿਆਦਾ ਯੋਜਨਾਬੱਧ ਤਰੀਕੇ ਨਾਲ ਔਰਤਾਂ ਇਹ ਸੇਵਾਵਾਂ ਮੁਹੱਈਆ ਕਰਦੀਆਂ ਆ ਰਹੀਆਂ ਹਨ ਅਤੇ ਮਰਦ ਇਨ੍ਹਾਂ ਨੂੰ ਖਰੀਦਦੇ ਆ ਰਹੇ ਹਨ। ਜੇ ਇਸ ਦਾ ਕਾਰਨ ਗੁਰਬਤ ਹੀ ਹੁੰਦਾ ਤਾਂ ਇਹ ਤਾਂ ਸਾਫ ਹੈ ਕਿ ਗੁਰਬਤ ਦੀ ਮਾਰ ਸਿਰਫ਼ ਔਰਤਾਂ ਨੂੰ ਪੈਂਦੀ ਏ ਨਾ ਕਿ ਮਰਦਾਂ ਨੂੰ। ਉਹ ਇਹ ਵੀ ਦੱਸਣੋਂ ਉੱਕ ਜਾਂਦੇ ਨੇ ਕਿ ਇਹ ਜੋ ਕਲੰਕ ਲੱਗਾ ਹੋਇਆ ਏ ਇਹ ਕਾਮ ਸੇਵਾ ਦੇਣ ਵਾਲੇ ਉੱਤੇ ਵੇ ਅਤੇ ਕਾਮ ਸੇਵਾ ਲੈਣ ਵਾਲੇ ਉੱਤੇ ਨਹੀਂ ਏ ਇਸ ਦਾ ਕਾਰਨ ਕੀ ਏ। ਕੁਝ ਅਧਿਐਨ ਤਾਂ ਇਹ ਵੀ ਕਹਿੰਦੇ ਹਨ ਕਿ ਕਈ ਔਰਤਾਂ ਦੀ ਕਾਮ ਇੱਛਾ ਬੇਵਸੀਹ ਹੁੰਦੀ ਏ ਅਤੇ ਇਨ੍ਹਾਂ ਨੂੰ 'ਨਿੱਘਰੀਆਂ ਹੋਈਆਂ' ਔਰਤਾਂ ਸੱਦਦੇ ਨੇ।

ਸ਼ਬਦ 'ਰੰਡੀ' ਅਤੇ 'ਦੱਲਾ' ਬਹੁਤੇ ਸਮਾਜਾਂ ਵਿਚ ਚੋਭਕਾਰੀ ਸ਼ਬਦ ਹਨ, ਪਰ ਗਾਹਕਾਂ ਲਈ ਵਰਤੇ ਜਾਂਦੇ ਸ਼ਬਦਾਂ ਨੂੰ ਕਲੰਕਿਤ ਨਹੀਂ ਸਮਝਿਆ ਜਾਂਦਾ। ਮੇਰੇ ਵਾਸਤੇ ਅੰਤਮ ਰਹੱਸ ਇਹ ਬਣਿਆ ਹੋਇਆ ਏ ਕਿ ਕੋਈ ਵੀ ਸਮਾਜ ਅਪਣੇ ਯਤਨਾਂ ਦੇ ਬਾਵਜੂਦ ਵੀ ਜਿਸਮਫਰੋਸ਼ੀ ਨੂੰ ਖਤਮ ਕਿਉਂ ਨਹੀਂ ਕਰ ਸਕਿਆ ਏ। ਜੋ ਕੁਝ ਸਾਮ੍ਹਣੇ ਦਿਸਦਾ ਏ ਇਸ ਤੋਂ ਵੀ ਕੁਝ ਵੱਧ ਇਸ ਦੇ ਹੇਠਾਂ ਜਾਪਦਾ ਏ।'

ਪਾੱਲ ਨੇ ਕੁਝ ਦੇਰ ਸੋਚਿਆ ਅਤੇ ਬੋਲਿਆ, 'ਮੈਂ ਦੇਖ ਰਿਹਾ ਹਾਂ ਕਿ ਤੂੰ ਆਪਣੇ ਕੰਮ ਵਿਚ ਪੂਰੀ ਤਰ੍ਹਾਂ ਖੁੱਭੀ ਹੋਈ ਏਂ। ਮੈਂ ਇਸ ਹਫਤੇ ਹਰ ਰੋਜ਼ ਆਉਂਦੇ ਰਹਿਣਾ ਏ, । ਮੈਨੂੰ ਤੇਰੇ ਨਾਲ ਹੋਰ ਗੰਭੀਰ ਵਿਚਾਰ-ਚਰਚਾ ਕਰਨ ਵਿਚ ਖੁਸ਼ੀ ਹੋਵੇਗੀ।

ਉਸ ਦੀ ਪੇਸ਼ਕਸ਼ ਨੇ ਮੇਰੇ ਵਿਚ ਜੋਸ਼ ਭਰ ਦਿੱਤਾ ਕਿਉਂਕਿ ਮੈਂ ਹਮੇਸ਼ਾ ਉਸ ਦੀ ਵਿਸ਼ਲੇਸ਼ਣੀ ਯੋਗਤਾ ਦੀ ਪ੍ਰਸੰਸਕ ਰਹੀ ਹਾਂ ਅਤੇ ਇਕ ਸਮਾਜ ਸ਼ਾਸਤਰੀ ਦੇ ਤੌਰ ਤੇ ਉਸਦਾ ਸਤਿਕਾਰ ਕਰਦੀ ਹਾਂ। ਅਗਲੇ ਦਿਨ ਮੈਂ ਇਕ ਕੋਨੇ ਦੇ ਟੇਬਲ ਤੇ ਬਹਿ ਕੇ ਉਹਦਾ ਇੰਤਜ਼ਾਰ ਕਰਨ ਲੱਗੀ। ਜਿੱਥੇ ਸਾਡੀ ਗੱਲਬਾਤ ਨਾਲ ਕੋਈ ਪ੍ਰੇਸ਼ਾਨ ਨਹੀਂ ਹੋਵੇਗਾ। ਮੇਰੀਆਂ ਖੁਲ੍ਹੀਆਂ

ਕਿਤਾਬਾਂ ਦਾ ਢੇਰ ਮੇਰੇ ਸਾਮ੍ਹਣੇ ਟੇਬਲ ਤੇ ਲੱਗਾ ਹੋਇਆ ਸੀ ਅਤੇ ਕੁਝ ਕਿਤਾਬਾਂ ਨਾਲ ਦੀਆਂ ਕੁਰਸੀਆਂ ਤੇ ਵੀ ਪਈਆਂ ਸਨ। ਜਿਉਂ ਹੀ ਪਾੱਲ ਆਇਆ ਤਾਂ ਅਸੀਂ ਸਥਾਨਕ ਸੰਗੀਤ ਰਵਾਇਤਾਂ, ਉਨ੍ਹਾਂ ਦਾ ਰੰਡੀ ਦੇ ਕੋਠੇ ਦੇ ਪੇਸ਼ੇ ਨਾਲ ਸਬੰਧ ਅਤੇ ਰਾਜਸਥਾਨ ਵਿਚ ਉਨ੍ਹਾਂ ਨੂੰ ਦਿੱਤੀ ਜਾਂਦੀ ਸ਼ਾਹ ਸਰਪ੍ਰਸਤੀ ਸਬੰਧੀ ਚਰਚਾ ਸ਼ੁਰੂ ਕਰ ਦਿੱਤੀ। ਮੈਂ ਸੋਚਿਆ ਕਿ ਅਸੀਂ ਹੋਰ ਵਧੇਰੇ ਵਿਉਂਤਬੱਧ ਹੋਈਏ ਅਤੇ ਕਿਹਾ, 'ਪਹਿਲਾਂ ਮੈਂ ਤੈਨੂੰ ਇਹ ਦੱਸ ਦਿਆਂ ਕਿ ਜਦੋਂ ਮੈਂ ਸੈਕਸ ਕਾਰੋਬਾਰ ਦੇ ਅਸਲ ਕਾਰਨਾਂ ਬਾਰੇ ਡੂੰਘਾਈ ਨਾਲ ਜਾਂਚ ਕੀਤੀ ਤਾਂ ਮੈਂ ਕੀ ਵੇਖਿਆ। ਇਹ ਬਹੁਤ ਹੈਰਾਨਕੁੰਨ ਸੀ। ਮੈਂ ਰੰਡੀਗਿਰੀ ਦੀ ਸੰਸਥਾ ਨੂੰ ਸਦੀਆਂ ਤੋਂ ਚੱਲ ਰਹੇ ਸਮੁੱਚੇ ਸਮਾਜ ਦੇ ਢਾਂਚੇ ਅਤੇ ਵੰਸ਼ਾਵਲੀ ਨੂੰ ਧਿਆਨ ਵਿਚ ਰੱਖਣ ਤੋਂ ਬਿਨਾਂ ਸਮਝਣ ਦੀ ਗੱਲ ਸੋਚ ਵੀ ਨਹੀਂ ਸਕਦੀ। ਆਉ ਅਸੀਂ ਇਸ ਨੂੰ ਵਾਰੀ-ਵਾਰੀ ਦੇਖੀਏ।

ਪਾੱਲ ਆਪਣੀ ਕੁਰਸੀ ਤੇ ਅਰਾਮ ਨਾਲ ਬੈਠ ਗਿਆ ਤੇ ਮੈਂ ਕਹਿਣਾ ਸ਼ੁਰੂ ਕੀਤਾ, 'ਪਹਿਲਾਂ ਮੈਂ ਤੈਨੂੰ ਇਹ ਦੱਸ ਦਿਆਂ। ਮੈਂ ਏਸ਼ੀਆ ਵਿਚ ਦੂਜੀ ਮਹਾਂ ਜੰਗ ਦੇ ਸਮੇਂ ਰੰਡੀਗਿਰੀ ਬਾਰੇ ਡੋਲਗੋਪੋਲ ਦੀ ਇਕ ਕਿਤਾਬ ਦਾ ਅਧਿਐਨ ਕੀਤਾ ਸੀ। ਉਸ ਕਬਜ਼ੇ ਵਿਚ ਆਏ ਦੇਸ਼ਾਂ ਵਿਚੋਂ ਔਰਤਾਂ ਫੜ ਲਈਆਂ ਜਾਂਦੀਆਂ ਸਨ ਅਤੇ ਜਪਾਨੀ ਫੌਜੀਆਂ ਵਾਸਤੇ ਬਣਾਏ ਚੰਗੇ ਵਿਉਂਤਬੱਧ ਚੱਕਲਿਆਂ ਵਿਚ ਰੱਖੀਆਂ ਜਾਂਦੀਆਂ ਸਨ। ਸਰਕਾਰੀ ਫੌਜੀ ਖਰਚੇ ਵਿਚ ਅਜਿਹੇ ਚੱਕਲਿਆਂ ਨੂੰ ਸਥਾਪਤ ਕਰਨ, ਔਰਤਾਂ ਨੂੰ ਫੜਨ, ਉਨ੍ਹਾਂ ਦੀ ਢੋਆ-ਢੁਆਈ ਅਤੇ ਔਰਤਾਂ ਦੀ ਸੰਭਾਲ ਦੇ ਖਰਚਿਆਂ ਨੂੰ ਲਗਾਤਾਰ ਖਰਚਿਆਂ ਦੇ ਵਰਗ ਵਿਚ ਰੱਖਿਆ ਹੋਇਆ ਸੀ। ਖਾਸ ਤੌਰ ਤੇ ਇੰਡੋਨੇਸ਼ੀਆ, ਫਿਲੀਪੀਨਜ਼ ਅਤੇ ਕੋਰੀਆ ਦੀਆਂ ਔਰਤਾਂ ਜਪਾਨੀ ਫੌਜੀਆਂ ਦੇ ਮਨੋਰੰਜਨ ਅਤੇ ਆਨੰਦ ਵਾਸਤੇ ਇਨ੍ਹਾਂ ਚੱਕਲਿਆਂ ਵਿਚ ਰੱਖੀਆਂ ਜਾਂਦੀਆਂ ਸਨ। 1928 ਤੋਂ 1945 ਵਿਚਕਾਰ ਕਰੀਬ ਡੇਢ ਲੱਖ ਤੋਂ ਦੋ ਲੱਖ ਔਰਤਾਂ ਫੜ ਕੇ ਗੁਲਾਮ ਬਣਾ ਕੇ 'ਜਬਰਦਸਤੀ' ਇਨ੍ਹਾਂ 'ਚੱਕਲਿਆਂ' ਵਿਚ ਰੱਖੀਆਂ ਗਈਆਂ। ਇਨ੍ਹਾਂ ਜਬਰੀ ਭਰਤੀ ਕੀਤੀਆਂ ਔਰਤਾਂ ਨਾਲ ਫੌਜੀ ਪੁਲਿਸ ਹੁੰਦੀ ਸੀ ਜੋ ਉਨ੍ਹਾਂ ਨੂੰ ਉਧਾਲਣ ਵੇਲੇ ਕਿਸੇ ਰਿਸ਼ਤੇਦਾਰ ਜਾਂ ਮਾਂ-ਬਾਪ ਵੱਲੋਂ ਉਜਰ ਕਰਨ ਤੇ ਉਸ ਨੂੰ ਫੌਰਨ ਗੋਲੀ ਨਾਲ ਉਡਾ ਦਿੰਦੀ ਸੀ। ਇਕ ਵੇਲੇ ਤਾਂ ਇਨ੍ਹਾਂ ਔਰਤਾਂ ਨੂੰ 'ਵਿਸ਼ੇਸ਼ ਸੇਵਾ ਅਮਲਾ ਸਮੂਹ' ਵੀ ਕਿਹਾ ਜਾਂਦਾ ਸੀ। ਚੱਕਲਿਆਂ ਦੇ ਦੈਨਿਕ ਪ੍ਰਬੰਧ ਦੀ ਜ਼ਿੰਮੇਵਾਰੀ ਜਪਾਨੀ ਫੌਜ ਦੀ ਵੀ ਹੁੰਦੀ ਸੀ। ਇਹ ਪੂਰਾ ਹਿਸਾਬ ਰੱਖਿਆ ਜਾਂਦਾ ਸੀ ਕਿ ਕੋਈ ਫੌਜੀ ਕਿੰਨੀ ਵਾਰੀ ਚੱਕਲੇ ਵਿਚ ਆਇਆ ਤੇ ਉਹ ਕਿੰਨੀ ਵਾਰੀ ਇੱਕੋ ਕਮਰਿਆਂ ਵਿਚ ਗਿਆ। ਕੋਈ ਵੀ ਸੰਭਾਵੀ ਸੂਚਨਾ ਲੀਕ ਹੋਣ ਤੋਂ ਬਚਾਉਣ ਲਈ ਸਖ਼ਤ ਪ੍ਰਬੰਧ ਕਾਇਮ ਕੀਤਾ ਜਾਂਦਾ ਸੀ ਅਤੇ ਬਚਾਉ ਰੱਖਿਆ ਜਾਂਦਾ ਸੀ ਕਿ ਰੰਡੀ ਅਤੇ ਫੌਜੀ ਵਿਚਕਾਰ ਕੋਈ ਨੇੜਲਾ ਸਬੰਧ ਵਿਕਸਿਤ ਨਾ ਹੋ ਸਕੇ।

'ਇਸ ਅਧਿਐਨ ਨਾਲ ਮੈਨੂੰ ਇਹ ਪੱਕਾ ਸਬੂਤ ਮਿਲ ਗਿਆ ਕਿ ਮਰਦਾਂ ਨੇ ਕਿੰਝ ਰੰਡੀਗਿਰੀ ਨੂੰ ਸ਼ੁਰੂ ਕਰਨ ਅਤੇ ਕਾਇਮ ਰੱਖਣ ਲਈ ਇਕ ਪ੍ਰਣਾਲੀ ਸੋਚ-ਸਮਝ ਕੇ ਵਿਕਸਿਤ ਕੀਤੀ ਅਤੇ ਸੰਸਥਾਗਤ ਢੰਗ ਨਾਲ ਚਲਾਈ। ਇਸੇ ਨੇ ਮੈਨੂੰ ਸੋਚਣ ਵਿਚ ਲਾਇਆ। ਮੈਨੂੰ ਛੇਤੀ ਹੀ ਮਹਿਸੂਸ ਹੋ ਗਿਆ ਕਿ ਇਹ ਸਿਰਫ਼ ਜੰਗ ਵੇਲੇ ਦਾ ਵਰਤਾਰਾ ਹੀ ਨਹੀਂ ਸੀ। ਇਤਿਹਾਸਕ ਸਾਹਿਤ ਵੀ ਦੱਖਣੀ ਏਸ਼ੀਆ ਦੀਆਂ ਹਾਕਮ ਜਮਾਤਾਂ ਅਤੇ ਰੰਡੀਆਂ ਵਿਚਕਾਰ ਇਕ ਮਜ਼ਬੂਤ ਅਤੇ ਲਗਾਤਾਰ ਸਬੰਧ ਦਰਸਾਉਂਦਾ ਹੈ। ਸਿਰਫ਼ ਇਸ ਦਾ ਹੀ ਸਬੂਤ ਨਹੀਂ ਮਿਲਦਾ ਕਿ ਹਾਕਮ

ਜਮਾਤਾਂ ਨੇ ਔਰਤਾਂ ਦੇ ਨਾਚ ਅਤੇ ਕਲਾ ਦੀ ਕਦਰ ਆਪਣੇ ਦਰਬਾਰਾਂ ਵਿਚ ਰੱਖ ਕੇ ਹੀ ਕੀਤੀ ਬਲਕਿ ਉਨ੍ਹਾਂ ਨੇ ਰੰਡੀਗਿਰੀ ਦੇ ਧੰਦੇ ਦੀ ਇਮਦਾਦ ਵੀ ਕੀਤੀ. ਕਈ ਮਾਮਲਿਆਂ ਵਿਚ ਉਨ੍ਹਾਂ ਨੇ ਆਪਣੀਆ ਸਰਕਾਰਾਂ ਰਾਹੀਂ ਇਨ੍ਹਾਂ ਨੂੰ ਸੰਸਥਾਗਤ ਬਣਾਇਆ।

ਪੱਲ ਨੇ ਤਿਊੜੀ ਚਾੜ੍ਹੀ ਅਤੇ ਕਿਹਾ, 'ਪਹਿਲਾਂ ਤਾਂ ਤੂੰ ਮੈਨੂੰ ਇਹ ਦੱਸ ਕਿ ਤੇਰਾ ਹਾਕਮ ਜਮਾਤਾਂ ਤੋਂ ਕੀ ਭਾਵ ਏ, ਅਤੇ ਵਕਤ ਦੇ ਕਿਹੜੇ ਦੌਰ ਬਾਰੇ ਏ ਤਾਂ ਕਿ ਫੇਰ ਅਸੀਂ ਉਸ ਸਬੰਧ ਨੂੰ ਪਰਿਭਾਸ਼ਤ ਕਰੀਏ ਜਿਸ ਬਾਰੇ ਤੂੰ ਗੱਲ ਕਰ ਰਹੀ ਏਂ। ਸਬੰਧ ਦਾ ਮਤਲਬ ਤਾਂ ਕੁਝ ਵੀ ਹੋ ਸਕਦਾ ਏ।'

ਮੈਂ ਤੁਰੰਤ ਜਵਾਬ ਦਿੱਤਾ, 'ਸਾਹਿਤ ਦੇ ਉਹ ਕੂੰਜੀਵਤ ਖਿਡਾਰੀ ਜਿਨ੍ਹਾਂ ਨੂੰ ਮੈਂ 'ਹਾਕਮ ਜਮਾਤ' ਸਮਝਦੀ ਹਾਂ, ਉਹ ਹਨ, ਪਹਿਲਾ ਰਾਜਕੀ ਪ੍ਰਸ਼ਾਸਨ ਤੇ ਨਿਯੰਤ੍ਰਣ ਜਾਂ ਹਕੂਮਤ ਕਰਨ ਵਾਲੇ ਲੋਕ ਅਤੇ ਦੂਜਾ, ਫੌਜ ਦੇ ਲੀਡਰ। ਕਈਆਂ ਮਾਮਲਿਆਂ ਵਿਚ ਪਹਿਲੇ ਦੋ ਸਮੂਹ ਇਕ ਹੀ ਸਨ, ਇਸ ਲਈ ਅਸੀਂ ਉਨ੍ਹਾਂ ਦੋਹਾਂ ਨੂੰ ਇਕੱਠਾ ਹੀ ਕਰ ਸਕਦੇ ਹਾਂ। ਤੀਜਾ ਸਮੂਹ ਧਾਰਮਕ ਆਗੂਆਂ ਦਾ ਏ ਜਿਨ੍ਹਾਂ ਦਾ ਪ੍ਰਸ਼ਾਸਨ ਅਤੇ ਸਰਕਾਰ ਤੇ ਭਿੰਨ-ਭਿੰਨ ਦਰਜੇ ਦਾ ਨਿਯੰਤ੍ਰਣ ਅਤੇ ਪ੍ਰਭਾਵ ਹੁੰਦਾ ਸੀ।'

'ਤਾਂ ਫੇਰ ਤੇਰਾ ਮਤਲਬ ਉਸ ਖੁਸ਼ਹਾਲ ਵਰਗ ਤੋਂ ਏ ਜੋ ਇਲਾਕੇ ਦਾ ਹਾਕਮ ਹੁੰਦਾ ਸੀ ਤੇ ਕਾਨੂੰਨ ਥੋਪਦਾ ਸੀ।'

'ਨਾ ਸਿਰਫ਼ ਕਾਨੂੰਨ ਥੋਪਦਾ ਸੀ, ਬਲਕਿ ਕਾਨੂੰਨ ਬਣਾਉਂਦਾ ਸੀ, ਨਿਯਮ ਤੈਅ ਕਰਦਾ ਸੀ। ਆਪਣੀ ਹਕੂਮਤ ਰਾਹੀਂ ਸਰਕਾਰੀ ਨਿਯਮ ਅਤੇ ਧਰਮ ਰਾਹੀਂ ਸਮਾਜਕ ਨਿਯਮ ਬਣਾਉਂਦਾ ਅਤੇ ਥੋਪਦਾ ਸੀ। ਤੈਨੂੰ ਪਤਾ ਹੀ ਏ ਕਿ ਜਦੋਂ ਜੇਤੂ ਉਨ੍ਹਾਂ ਨੂੰ ਦੱਖਣੀ ਏਸ਼ੀਆ ਵਿਚ ਲੈ ਕੇ ਆਏ ਤਾਂ ਮੁੱਖ ਧਰਮਾਂ ਨੇ ਸਥਾਨਕ ਧਾਰਮਕ ਰਵਾਇਤਾਂ ਨੂੰ ਖਾ ਲਿਆ।

'ਮੂਲ ਰੂਪ ਵਿਚ ਤੇਰਾ ਮਤਲਬ ਉਨ੍ਹਾਂ ਲੋਕਾਂ ਤੋਂ ਹੈ ਜਿਨ੍ਹਾਂ ਦਾ ਕਿਸੇ ਦੇਸ਼ ਜਾ ਸਲਤਨਤ ਤੇ ਕਬਜ਼ਾ ਜਾਂ ਰਾਜ ਹੁੰਦਾ ਸੀ।' ਪਾਲ ਨੇ ਕਿਹਾ।

'ਬਿਲਕੁਲ।'

'ਹੁਣ, ਤੂੰ ਰੰਡੀਗਿਰੀ ਨਾਲ ਇਸ ਤਰ੍ਹਾਂ ਦੇ ਸਬੰਧ ਦੀ ਗੱਲ ਕਰ ਰਹੀ ਏਂ?'

'ਮੈਂ ਦੇਖਿਆ ਏ ਕਿ ਇਨ੍ਹਾਂ, ਤਿੰਨੇ ਸਮੂਹਾਂ ਦੇ ਲੋਕਾਂ ਨੇ ਰੰਡੀਆਂ ਦੇ ਵਿਕਾਸ, ਉਨ੍ਹਾਂ ਨੂੰ ਸੰਸਥਾ ਬਣਾਉਣ ਅਤੇ ਉਨ੍ਹਾਂ ਦੀ ਹਿਫਾਜਤ ਦੀ ਭੂਮਿਕਾ ਨਿਭਾਈ ਏ।'

ਪੱਲ ਨੇ ਕੁਝ ਚਿਰ ਸੋਚਿਆ, 'ਤਾਂ ਫੇਰ ਤੇਰਾ ਕਹਿਣ ਦਾ ਮਤਲਬ ਏ ਕਿ ਦੱਖਣੀ ਏਸ਼ੀਆ ਵਿਚ ਸੰਸਥਾਗਤ ਸੈਕਸ ਕਾਰੋਬਾਰ ਕਿਵੇਂ ਵਿਕਸਿਤ ਹੋਇਆ ਇਹ ਸਮਝਣ ਲਈ ਰੰਡੀਗਿਰੀ ਅਤੇ ਹਾਕਮ ਜਮਾਤ ਵਿਚਕਾਰ ਸਬੰਧ ਦਾ ਅਧਿਐਨ ਮਹੱਵਤਪੂਰਨ ਏ। ਤੂੰ ਇਹ ਵੀ ਕਹਿ ਰਹੀ ਏਂ ਕਿ ਇਹ ਸਬੰਧ ਬਹੁਤਾ ਇਕ ਮਾਲਕ ਅਤੇ ਮੁਲਾਜਮ ਵਰਗਾ ਰਿਹਾ ਏ।'

'ਨਹੀਂ, ਮੈਂ ਇਸਨੂੰ ਇੰਨਾ ਸੌੜੇ ਢੰਗ ਨਾਲ ਨਹੀਂ ਲੈਂਦੀ ਪਰ ਮੂਲ ਰੂਪ ਵਿਚ, ਹਾਂ। ਕਿਉਂਕਿ ਮੈਂ ਵੇਖ ਰਹੀ ਹਾਂ ਕਿ ਦੱਖਣੀ ਏਸ਼ੀਆ ਵਿਚ ਰੰਡੀਗਿਰੀ ਨੂੰ ਹਾਕਮ ਜਮਾਤ ਨੇ ਵਿਕਸਿਤ ਅਤੇ ਸੰਸਥਾਗਤ ਕੀਤਾ ਏ ਇਸ ਲਈ ਸਾਨੂੰ ਇਨ੍ਹਾਂ ਦੋਹਾਂ ਵਿਚਕਾਰ ਸਬੰਧਾਂ ਦਾ ਹੀ ਵਿਸਲੇਸ਼ਣ ਕਰਨਾ ਚਾਹੀਦਾ ਏ', ਮੈਂ ਭਰੋਸੇ ਨਾਲ ਕਿਹਾ, 'ਇਹ ਤਾਂ ਬਹੁਤ ਵੱਡਾ ਦਾਅਵਾ

ਏ!', ਪਾੱਲ ਨੇ ਭਵਾਂ ਸੁੰਗੇੜੀਆਂ ਤੇ ਬੋਲਿਆ, 'ਤੇਰੇ ਕੋਲ ਇਸ ਦਾ ਕੋਈ ਸਬੂਤ ਹੈ ਵੇ?'

'ਹਾਂ', ਮੈਂ ਕਿਹਾ, 'ਮੇਰੇ ਕੋਲ ਨਾ ਝੁਠਲਾਉਣ ਯੋਗ ਮਸਾਲਾ ਏ। ਇਹ ਦੇਖ', ਮੈਂ ਇਕ ਖੁਲ੍ਹੀ ਕਿਤਾਬ ਚੁੱਕੀ, ਇੱਥੇ ਜੋਆਰਦਰ ਨੇ 300 ਬੀ. ਸੀ. ਦੀ ਲਿਖੀ ਇਕ ਟੂਕ ਪੇਸ਼ ਕੀਤੀ ਏ। ਚੰਦਰ ਗੁਪਤ ਮੋਰੀਆ ਦੀ ਹਕੂਮਤ ਵੇਲੇ ਦੀਆਂ ਦਸ ਸੈਂਚੀਆਂ ਦੇ ਦਸਤਾਵੇਜ਼ਾਂ ਦਾ ਹਿੱਸਾ ਜਿਸ ਵਿੱਚ ਰੰਡੀਗਿਰੀ ਸਬੰਧੀ ਬਣਾਏ ਨਿਯਮ ਤੇ ਅਸੂਲ ਵੀ ਸਨ। ਇਸ ਲਿਖਤ ਅਨੁਸਾਰ ਹਕੂਮਤ ਨੇ ਟੈਕਸ ਦੇ ਮੰਤਵ ਲਈ ਰੰਡੀਗਿਰੀ ਦੀ ਸੰਸਥਾ ਤੇ ਪੂਰਾ ਨਿਯੰਤ੍ਰਣ ਕੀਤਾ ਹੋਇਆ ਸੀ ਅਤੇ ਇਹ ਔਰਤਾਂ ਦੀਆਂ ਗਤੀਵਿਧੀਆਂ ਨੂੰ ਰਾਜਕੀ ਸੰਪਤੀ ਦੇ ਤੌਰ ਤੇ ਨੇਮਬੱਧ ਕਰਦੀ ਸੀ। ਜਿਸਮਾਨੀ ਸੇਵਾਵਾਂ ਦੇਣ ਲਈ ਲਾਈਆਂ ਔਰਤਾਂ ਤੋਂ ਖੁਫੀਆ ਦਸਤਿਆਂ ਦੇ ਕੰਮ ਵੀ ਲਏ ਜਾਂਦੇ ਸਨ। ਉਨ੍ਹਾਂ ਦੀ ਸੇਵਾ ਅਤੇ ਆਮਦਨ ਹਕੂਮਤ ਲਈ ਹੁੰਦੀ ਸੀ। ਹਕੂਮਤ ਰੰਡੀਆਂ ਦਾ ਇਕ ਨਿਗਰਾਨ ਲਾਉਂਦੀ ਸੀ ਜੋ ਔਰਤਾਂ ਨੂੰ ਸੰਗੀਤ ਅਤੇ ਨਾਚ ਦੀ ਸਿਖਲਾਈ ਦਾ ਪ੍ਰਬੰਧ ਕਰਦਾ ਸੀ ਅਤੇ ਉਨ੍ਹਾਂ ਦੇ ਕਾਰੋਬਾਰ ਤੇ ਨਿਯੰਤ੍ਰਣ ਰੱਖਦਾ ਸੀ। ਸਮਝ ਰਿਹਾ ਏਂ ਨਾ?' ਮੈਂ ਪੁੱਛਿਆ। 'ਇਹ ਇਸ ਤਰ੍ਹਾਂ ਦਾ ਸੰਪਰਕ ਨਹੀਂ ਸੀ ਜਿੱਥੇ ਹਕੂਮਤ ਨੇ ਰੰਡੀਆਂ ਦੇ ਪ੍ਰਬੰਧਕਾਂ ਨਾਲ ਕੋਈ ਸੌਦਾ ਕੀਤਾ ਹੋਵੇ; ਹਕੂਮਤ ਖੁਦ ਇਸ ਦੀ ਪ੍ਰਬੰਧਕ ਹੁੰਦੀ ਸੀ ਅਤੇ ਉਸ ਤਵਾਇਫ ਨੂੰ ਸਜਾ ਦਿੰਦੀ ਸੀ ਜੋ ਰਾਜ ਦੀ ਹੁਕਮ ਅਦੂਲੀ ਕਰਦੀ ਸੀ। ਗੱਲ ਸਮਝ ਗਿਆ ਨਾ?'

'ਮੈਂ ਸਮਝ ਗਿਆ ਤੇਰਾ ਮਤਲਬ। ਹਕੂਮਤ ਹੀ ਮਾਲਕ ਤੇ ਪ੍ਰਬੰਧਕ ਹੁੰਦੀ ਸੀ। ਕੀ ਇਹ ਗੱਲ ਸਿਰਫ ਉਨ੍ਹਾਂ ਔਰਤਾਂ ਤੇ ਹੀ ਲਾਗੂ ਹੁੰਦੀ ਏ ਜੋ ਦਰਬਾਰ ਵਿਚ ਕੰਮ ਕਰਦੀਆਂ ਸਨ ਜਾਂ ਕਿ ਉਸ ਇਲਾਕੇ ਦੀਆਂ ਸਾਰੀਆਂ ਹੀ ਰੰਡੀਆਂ ਤੇ?' ਪਾੱਲ ਨੇ ਪੁੱਛਿਆ।

'ਰੰਡੀਆਂ ਤੱਕ ਪਹੁੰਚ ਪਾਬੰਦੀਸ਼ੁਦਾ ਸੀ। ਕਿਸਨੂੰ ਇਹ ਸੁਵਿਧਾ ਦਿੱਤੀ ਜਾਣੀ ਏ ਇਹ ਹਕੂਮਤ ਦੇ ਵਸ ਵਿਚ ਸੀ। ਮੈਂ ਬਾਦ ਦੇ ਸਮੇਂ ਦੇ ਕੁਝ ਦਸਤਾਵੇਜ਼ ਪੜ੍ਹ ਕੇ ਸੁਣਾ ਸਕਦੀ ਹਾਂ ਜਦੋਂ ਕਿ ਰਾਜਿਆਂ ਨੂੰ ਇਸ ਗੱਲ ਦੀ ਚਿੰਤਾ ਹੋਣ ਲੱਗੀ ਸੀ ਜਦੋਂ ਇਹ ਧੰਦਾ ਹੱਥੋਂ ਬਾਹਰ ਨਿੱਕਲਣ ਲੱਗ ਪਿਆ ਸੀ ਅਤੇ ਆਮ ਲੋਕ ਖਾਸ ਕਰਕੇ ਵਪਾਰੀ, ਗੈਰ ਨਿਯੰਤਰਿਤ ਰੰਡੀਗਿਰੀ ਤੱਕ ਪਹੁੰਚ ਤੋਂ ਫਾਇਦਾ ਉਠਾਉਣ ਲੱਗ ਪਏ ਸਨ।'

ਮੈਂ ਕਹਿਣਾ ਜਾਰੀ ਰੱਖਿਆ, 'ਵੈਦਿਕ ਯੁਗ ਤੋਂ ਹੀ (ਸੀ. 1000 ਬੀ. ਸੀ) ਕਿਹਾ ਜਾਂਦਾ ਏ ਭਾਰਤ ਉਨ੍ਹਾਂ ਤਵਾਇਫਾਂ ਲਈ ਮਸ਼ਹੂਰ ਰਿਹਾ ਏ ਜੋ ਸੰਗੀਤ ਅਤੇ ਨਾਚ ਵਿਚ ਉੱਚ ਕਲਾ ਰੱਖਦੀਆਂ ਸਨ। ਆਰਿਆ ਲੋਕਾਂ ਵਿਚ ਰਵਾਇਤ ਸੀ ਕਿ ਉਹ ਇਨ੍ਹਾਂ ਸੁੰਦਰ ਔਰਤਾਂ ਨੂੰ ਦੂਜੇ ਰਾਜਿਆਂ ਨੂੰ ਆਪਣੀ ਮੀਜ਼ਬਾਨੀ ਅਤੇ ਮੋਹ ਦਰਸਾਉਣ ਲਈ ਅਨੰਦ ਦੀ ਸੌਗਾਤ ਵਜੋਂ ਪੇਸ਼ ਕਰਦੇ ਸਨ। ਵੈਦਿਕ ਸਾਹਿਤ ਵਿਚ ਰੰਡੀਆਂ ਦੇ ਕਈ ਤਰ੍ਹਾਂ ਦੇ ਸਰੋਤਾਂ ਅਤੇ ਸਮਾਜ ਵਿਚ ਉਨ੍ਹਾਂ ਦੀ ਥਾਂ ਬਾਰੇ ਬਹੁਤ ਸਾਰੇ ਹਵਾਲੇ ਦਰਜ ਹਨ। ਇਨ੍ਹਾਂ ਵਿਚ ਦੱਸਿਆ ਗਿਆ ਏ ਕਿ ਰੰਡੀਗਿਰੀ ਨਾ ਸਿਰਫ ਮੌਜੂਦ ਸੀ ਬਲਕਿ ਇਹ ਇਕ ਜਥੇਬੰਦ ਸੰਸਥਾ ਦੇ ਤੌਰ ਤੇ ਵੀ ਕਾਇਮ ਸੀ ਜੋ ਸਮਾਜਕ ਤੌਰ ਤੇ ਪ੍ਰਵਾਣਤ ਸੀ ਅਤੇ ਇਸ ਦੀਆਂ ਕਈ ਜ਼ਿੰਮੇਵਾਰੀ ਨਿਸ਼ਚਿਤ ਸਨ। ਮਹਾਂਭਾਰਤ ਬਾਰੇ ਹੋਈਆਂ ਖੋਜਾਂ ਤੋਂ ਬਹੁਤ ਸਾਰੇ ਹਵਾਲੇ ਮਿਲਦੇ ਹਨ ਕਿ ਉਨ੍ਹਾਂ ਦਿਨਾਂ ਵਿਚ ਦੇਹ ਵਪਾਰ ਬਹੁਤ ਜ਼ਿਆਦਾ ਫੈਲਿਆ ਹੋਇਆ ਨਹੀਂ ਸੀ ਬਲਕਿ ਇਹ ਸ਼ਾਹੀ ਲੋਕਾਂ ਦੇ ਇਕ ਸੀਮਤ ਵਰਗ ਤਕ ਮਹਿਦੂਦ ਸੀ। ਉਨ੍ਹਾਂ ਦਿਨਾਂ ਵਿਚ ਵੀ ਰੰਡੀਆਂ ਦਾ ਵਰਗੀਕਰਨ ਪੂਰੀ ਤਰ੍ਹਾਂ ਕੀਤਾ ਹੋਇਆ

ਸੀ ਜਿਸ ਤੋਂ ਇਕ ਚੰਗੀ ਵਿਕਸਿਤ ਪ੍ਰਵਾਲੀ ਦੀ ਝਲਕ ਪੈਂਦੀ ਏ ਜਿਵੇਂ ਕਿ ਇਹ ਖੁਦ ਸ਼ਾਹੀ ਲੋਕਾਂ ਦੀ ਵੰਸਾਵਲੀ ਵਿਚ ਦੇਖਣ ਨੂੰ ਮਿਲਦਾ ਸੀ।

ਪਾੱਲ ਨੇ ਇਕ ਕੁਰਸੀ ਤੇ ਪਈ ਕਿਤਾਬ ਚੁੱਕੀ ਅਤੇ ਕਿਹਾ, 'ਤੂੰ ਅਲ-ਬੈਰੂਨੀ ਦੀ ਇਕ ਟੂਕ ਤੇ ਨਿਸ਼ਾਨ ਕਿਉਂ ਲਾਇਆ ਹੋਇਆ ਏ?'

'ਅਲ-ਬੈਰੂਨੀ ਇਕ ਮਸ਼ਹੂਰ ਚਿੰਤਕ ਅਤੇ ਯਾਤਰੀ ਸੀ ਜੋ ਕਿ ਕਰੀਬ 1030 ਏ. ਡੀ ਵਿਚ ਹੋਇਆ ਸੀ। ਉਸਨੇ ਭਾਰਤੀ ਰਜਵਾੜਾ ਰਿਆਸਤਾਂ ਦੇ ਰੰਡੀਗਿਰੀ ਨਾਲ ਵਿਸ਼ੇਸ਼ ਕਿਸਮ ਦੇ ਸਬੰਧਾਂ ਬਾਰੇ ਟਿੱਪਣੀ ਕੀਤੀ ਏ। ਤੂੰ ਹੀ ਕਿਉਂ ਨਹੀਂ ਇਹ ਪੜ੍ਹ ਲੈਂਦਾ?' ਮੈਂ ਕਿਹਾ

ਪਾੱਲ ਨੇ ਪੜਨਾ ਸ਼ੁਰੂ ਕੀਤਾ, 'ਅਸਲ ਵਿਚ, ਗੱਲ ਉਵੇਂ ਨਹੀਂ ਏ ਜਿਵੇਂ ਲੋਕ ਸਮਝਦੇ ਨੇ, ਬਲਕਿ ਇਸ ਤਰ੍ਹਾ ਏ ਕਿ ਰੰਡੀਆਂ ਨੂੰ ਸਜਾ ਦੇਣ ਦੇ ਮਾਮਲੇ ਵਿੱਚ ਹਿੰਦੂ ਬਹੁਤ ਸਖਤ ਨਹੀਂ ਨੇ। ਇਸ ਬਾਰੇ ਕਸੂਰ ਭਾਵੇਂ ਰਾਜਿਆਂ ਦਾ ਏ ਕੌਮ ਦਾ ਨਹੀਂ। ਇਸ ਵਿਚ ਵੀ ਕੋਈ ਵੀ ਬ੍ਰਾਹਮਣ ਜਾਂ ਪੁਜਾਰੀ ਤਕਲੀਫ ਨਹੀਂ ਸਮਝਦਾ ਸੀ ਜੇਕਰ ਉਨ੍ਹਾਂ ਦੇ ਬੁੱਤਾਂ ਵਾਲੇ ਮੰਦਰਾਂ ਵਿਚ ਕੋਈ ਔਰਤ ਗਾਉਂਦੀ, ਨੱਚਦੀ ਤੇ ਕਲੋਲ ਕਰਦੀ ਰਹੇ। ਰਾਜਿਆਂ ਨੇ ਉਨ੍ਹਾਂ ਨੂੰ ਸ਼ਹਿਰਾਂ ਲਈ ਇਕ ਆਕ੍ਰਸ਼ਣ ਬਣਾ ਦਿੱਤਾ ਸੀ, ਆਪਣੀ ਜਨਤਾ ਲਈ ਅਨੰਦ ਦਾ ਇਕ ਵਸੀਲਾ, ਕਿਸੇ ਹੋਰ ਕਾਰਨ ਨਹੀਂ ਬਲਕਿ ਸਿਰਫ ਮਾਇਕ ਪੱਖੋਂ। ਇਸ ਵਪਾਰ ਵਿਚੋਂ ਜੁਰਮਾਨੇ ਅਤੇ ਟੈਕਸ ਰਾਹੀਂ ਜੋ ਮਾਲੀ ਵਸੂਲੀ ਕੀਤੀ ਜਾਂਦੀ ਸੀ ਉਸ ਨਾਲ ਉਹ ਉਸ ਧਨ ਦੀ ਪੂਰਤੀ ਕਰਦੇ ਸਨ ਜੋ ਉਨ੍ਹਾਂ ਨੇ ਆਪਣੀ ਫੌਜ* ਤੇ ਖਰਚ ਕੀਤਾ ਹੁੰਦਾ ਸੀ।

ਤੂੰ ਦੇਖਿਆ ਉਸ ਵਿਚ ਹਕੂਮਤ ਦੀ ਸ਼ਮੂਲੀਅਤ ਦੇ ਵਿਚੋਂ ਦੀ ਦੇਖਣ ਦੀ ਸੂਝ ਸੀ।', ਮੈਂ ਇਕ ਜੇਤੂ ਮੁਸਕਰਾਹਟ ਨਾਲ ਕਿਹਾ ਅਤੇ ਅੱਗੇ ਬੋਲੀ, 'ਮੈਂ ਤੈਨੂੰ ਹੋਰ ਦੱਸਦੀ ਹਾਂ। ਮੁਗਲ ਜਿੱਤਾਂ ਤੋਂ ਥੋੜਾ ਪਹਿਲਾਂ ਦੇ ਭਾਰਤੀ ਰਾਜਾਂ ਵਿਚ ਰੰਡੀਗਿਰੀ ਸਲਤਨਤ ਦੇ ਪ੍ਰਸ਼ਾਸ਼ਨ ਦਾ ਇਕ ਮਹੱਤਵਪੂਰਨ ਹਿੱਸਾ ਸੀ। ਇਸ ਤਰ੍ਹਾਂ ਦੀ ਨੀਤੀ ਬਣਾਈ ਜਾਂਦੀ ਸੀ ਜਿੱਥੇ ਦੇਹ ਵਪਾਰ ਤੋਂ ਪ੍ਰਾਪਤ ਹੋਈ ਆਮਦਨ ਨਾਲ ਵੱਡਾ ਪੁਲਿਸ ਬਲ ਕਾਇਮ ਕੀਤਾ ਜਾਂਦਾ ਸੀ। ਰੰਡੀਆਂ ਲਗਾਤਾਰ ਫੌਜ ਦੀ ਸੇਵਾ ਕਰਦੀਆਂ ਅਤੇ ਇਹ ਕੁਝ ਉਹ ਸ਼ਾਹੀ ਅਤੇ ਉੱਚ ਕੁਲ ਦੇ ਲੋਕਾਂ ਦੇ ਨਾਲ-ਨਾਲ ਕਰਦੀਆਂ। ਰੰਡੀਗਿਰੀ ਦੇ ਪੇਸ਼ੇ ਨੂੰ ਪੈਦਾ ਕਰਨ, ਹੱਲਾ ਸ਼ੇਰੀ ਦੇਣ, ਉਨ੍ਹਾਂ ਦੀ ਹਿਫਾਜ਼ਤ ਕਰਨ ਅਤੇ ਇਸ ਸਮੁੱਚੇ ਵਰਤਾਰੇ ਨੂੰ ਨਿਯਮਿਤ ਕਰਨ ਵਿਚ ਹਾਕਮ ਉੱਚ ਵਰਗ ਸਿੱਧਾ ਸ਼ਾਮਲ ਦਿਸਦਾ ਏ। ਇਸ ਵਿਚ ਮੁੱਖ ਫਾਇਦਾ ਉਨ੍ਹਾਂ ਨੂੰ ਹੀ ਹੁੰਦਾ ਸੀ। ਕਿਹਾ ਜਾ ਸਕਦਾ ਏ ਕਿ ਵਿਹਾਰਕ ਤੌਰ ਤੇ ਰੰਡੀਗਿਰੀ, ਇਨ੍ਹਾਂ ਹੀ ਸੰਸਥਾਵਾਂ ਦੇ ਦੁਆਲੇ ਸ਼ੁਰੂ ਹੋਈ ਤੇ ਫੈਲੀ।'

'ਆਉ ਚਾਹ ਪੀ ਕੇ ਆਈਏ' ਪਾੱਲ ਵਿਚੋਂ ਬੋਲਿਆ,' ਉੱਥੇ ਬਹਿਕੇ ਕੁਝ ਹੋਰ ਸੋਚ ਸਕਾਂਗੇ।' 'ਠੀਕ ਹੈ!', ਮੈਂ ਗਹਿਰਾ ਸਾਹ ਲਿਆ। ਮੈਂ ਨਾਲ ਹੀ ਕਿਹਾ, 'ਆਪਾਂ ਮੁਗਲਾਂ ਬਾਰੇ ਗੱਲਾਂ ਰੇਸਤਰਾਂ ਵਿਚ ਹੀ ਕਰ ਲਵਾਂਗੇ।' ਮੈਨੂੰ ਮੁਗਲ ਦੌਰ ਬਾਰੇ ਪਾੱਲ ਦੇ ਅਧਿਐਨ ਦਾ ਪਤਾ ਸੀ ਅਤੇ ਪੇਸ਼ਕਾਰੀ ਕਲਾਵਾਂ ਬਾਰੇ ਉਹਨੂੰ ਵਿਸ਼ੇਸ਼ ਗਿਆਨ ਸੀ। ਉਹ ਮੇਰੇ ਤੇ ਮੁਸਕਰਾਇਆ ਤੇ ਬੋਲਿਆ, 'ਤਾਂ ਫੇਰ ਇਹ ਗੱਲ ਏ ਕਿ ਮੁਗਲ ਦੌਰ ਬਾਰੇ ਗੱਲਾਂ ਕਰਦਿਆਂ, ਮੇਰੇ ਨਾਲ

---

ਜੋਅਰਦਾਰ, 1984, ਪ੍ਰੱਸਟੀਚਿਊਸਨ ਇਨ ਹਿਸਟਾੱਰਿਕਲ ਐਂਡ ਮਾਡਰਨ ਪਰਸਪੈਕਟਿਵ, ਨਵੀਂ ਦਿੱਲੀ· ਇੰਟਰ-ਇੰਡੀਆ ਪਬਲੀਕੇਸ਼ਨਜ਼

ਹੁੰਦਿਆਂ ਤੈਨੂੰ ਇਨ੍ਹਾਂ ਕਿਤਾਬਾਂ ਦੀ ਲੋੜ ਨਹੀਂ ਪਏਗੀ।'

ਮੈਂ ਵੀ ਹੱਸ ਪਈ।

ਰੇਸਤਰਾਂ ਬੜ੍ਹਾ ਖੁਲ੍ਹਾ ਤੇ ਚਾਨਣਾ ਸੀ ਅਤੇ ਉਸ ਭਰੇ ਹੋਏ ਲਾਇਬ੍ਰੇਰੀ ਹਾਲ ਤੋਂ ਐਨ ਉਲਟ ਸੀ। ਪਾੱਲ ਨੇ ਚਾਹ ਲਈ ਤੇ ਮੈਂ ਕੋਕ ਲਈ ਕਿਹਾ, ਤੇ ਮੇਰੇ ਕੰਨ ਵਿਚ ਲੈਲਾ ਦੀ ਆਵਾਜ਼ ਗੂੰਜ ਪਈ ਜੋ ਮੈਨੂੰ ਕਹਿ ਰਹੀ ਸੀ 'ਪੇਂਡੂ'।

ਮੈਂ ਤੇ ਪਾੱਲ ਫੇਰ ਸ਼ੁਰੂ ਹੋ ਗਏ ਜਿਵੇਂ ਕਿ ਮੈਂ ਸਿਰਫ ਇਸੇ ਗੱਲ ਤੋਂ ਬਿਨਾਂ ਹੋਰ ਕੁਝ ਸੋਚ ਹੀ ਨਹੀਂ ਸਕਦੀ। 'ਮੈਨੂੰ ਕੁਝ ਮੁਗਲਾਂ ਬਾਰੇ ਦੱਸ', ਮੈਂ ਕਿਹਾ।

'ਮੁਗ਼ਲ!' ਪਾੱਲ ਨੇ ਕਹਿਣਾ ਸ਼ੁਰੂ ਕੀਤਾ, 'ਇਹ ਮੁਸਲਿਮ ਮੰਗੋਲ ਧਾੜਵੀ ਸਨ ਜੋ ਸੋਲਵੀਂ ਸਦੀ ਦੇ ਮੁੱਢਲੇ ਹਿੱਸੇ ਵਿਚ ਪਰਸ਼ੀਆ ਤੋਂ ਆਏ ਅਤੇ ਕਰੀਬ ਅੱਧੇ ਦੱਖਣੀ ਏਸ਼ੀਆ ਤੇ ਕਾਬਜ਼ ਹੋ ਗਏ। ਤੂੰ ਕੀ ਸਮਝਦੀ ਏਂ ਮੈਂ ਢਾਈ ਸਦੀਆਂ ਬਾਰੇ ਇਕ ਚਾਹ ਦੇ ਕੱਪ ਤੇ ਹੀ ਦੱਸ ਦਿਆਂ?' ਉਹ ਕੁਝ ਰੁਕਿਆ ਤੇ ਅੱਗੇ ਬੋਲਿਆ, 'ਦਰ ਅਸਲ ਮੇਰੇ ਲਈ ਇਹ ਕਰੀਬ ਅਸੰਭਵ ਏ ਕਿ ਮੈਂ ਉਨ੍ਹਾਂ ਦੀ ਸੰਗੀਤ ਅਤੇ ਨਾਚ ਅਤੇ ਦੂਜੇ ਪਾਸੇ ਰੰਡੀਗਿਰੀ ਬਾਰੇ ਸਰਪ੍ਰਸਤੀ ਨੂੰ ਅੱਡ-ਅੱਡ ਕਰ ਕੇ ਦੱਸ ਸਕਾਂ ਕਿਉਂਕਿ ਮੈਂ ਉਨ੍ਹਾਂ ਨੂੰ ਇਕ ਰੂਪ ਵਿਚ ਹੀ ਵੇਖਦਾ ਹਾਂ। ਅਸਲ ਵਿਚ ਮੈਂ ਇਕੱਲੀ ਰੰਡੀਗਿਰੀ ਨੂੰ ਹੀ ਇਸ ਤਰ੍ਹਾਂ ਨਹੀਂ ਦੇਖਦਾ ਕਿਉਂਕਿ ਉਦੋਂ ਦੇ ਦਸਤੂਰ ਸਾਡੇ ਅੱਜ ਨਾਲੋਂ ਬਿਲਕੁਲ ਭਿੰਨ ਸਨ ਜਾਂ ਜਿਸਨੂੰ ਅਸੀਂ ਰੰਡੀਗਿਰੀ ਦਾ ਵਿਸ਼ਸ਼ ਪੱਛਮੀ ਸੰਕਲਪ ਕਹਿੰਦੇ ਹਾਂ।' ਪਾੱਲ ਨੇ ਆਪਣੀ ਦਾਹੜੀ ਤੇ ਹੱਥ ਫੇਰਿਆ ਤੇ ਖਿੜਕੀ ਵਿਚੋਂ ਬਾਹਰ ਦੇਖਣ ਲੱਗਾ। ਉਹਨੇ ਕਹਿਣਾ ਜਾਰੀ ਰੱਖਿਆ, 'ਮੁਗਲਾਂ ਨੇ ਨਾ ਸਿਰਫ ਗਾਇਕਾਂ ਅਤੇ ਨਾਚੀਆਂ ਨੂੰ ਸਰਪ੍ਰਸਤੀ ਦਿੱਤੀ ਬਲਕਿ ਉਹ ਕਾਵਿ, ਕਲਾਕਿਰਤਾਂ, ਸੰਗੀਤ, ਹਸਤਕਲਾ ਅਤੇ ਨਿਰਮਾਣਕਲਾ ਦੇ ਵੀ ਬਹੁਤ ਵੱਡੇ ਪ੍ਰਸੰਸਕ ਸਨ, ਉਨ੍ਹਾਂ ਨੇ ਹਰ ਤਰ੍ਹਾਂ ਦੇ ਕਲਾਕਾਰ ਨੂੰ ਸਰਪ੍ਰਸਤੀ ਦਿੱਤੀ। ਇਨ੍ਹਾਂ ਵਿਚ ਔਰਤ ਅਤੇ ਮਰਦ ਦੋਹਾਂ ਤਰ੍ਹਾਂ ਦੇ ਕਲਾਕਾਰ ਸਨ। ਦੂਰ-ਦੁਰਾਡੇ ਦੇ ਅਤੇ ਹੋਰ ਦੇਸ਼ਾਂ ਦੇ ਦਸਤਕਾਰਾਂ ਅਤੇ ਬੁੱਧੀਜੀਵੀਆਂ, ਕਵੀਆਂ ਨੂੰ ਸੱਦਿਆ ਜਾਂਦਾ ਸੀ ਤਾਂ ਕਿ ਉਹ ਆਪਣਾ ਗਿਆਨ ਅਤੇ ਕਲਾਂ ਉਨ੍ਹਾਂ ਨਾਲ ਸਾਂਝੀ ਕਰਨ। ਉਨ੍ਹਾਂ ਨੇ ਕਲਾਸਕੀ ਸੰਗੀਤ ਦੇ ਮਹਾਨ ਉਸਤਾਦਾਂ ਦੀ ਮਦਦ ਕੀਤੀ ਜਿਨ੍ਹਾਂ ਵਿਚ ਮਰਦ ਅਤੇ ਔਰਤਾਂ ਦੋਵੇਂ ਸ਼ਾਮਲ ਸਨ। ਇਨ੍ਹਾਂ ਕਲਾਕਾਰਾਂ ਨੂੰ ਨਿਸ਼ਚਿਤ ਭੱਤੇ, ਰਹਿਣ ਲਈ ਮਕਾਨ ਅਤੇ ਦਰਬਾਰ ਵਿਚ ਹਾਜ਼ਰ ਰਹਿਣ ਲਈ ਨਿਯਮਿਤ ਤੌਰ ਤੇ ਰੱਖਿਆ ਗਿਆ ਸੀ। ਔਰਤਾਂ ਕਲਾਕਾਰ ਆਮ ਤੌਰ ਤੇ ਮਨੋਰੰਜਨਾਂ ਦੀਆਂ ਉੱਚ ਦਰਜੇ ਦੀਆਂ ਬਿਰਾਦਰੀਆਂ ਨਾਲ ਸਬੰਧਤ ਹੁੰਦੀਆਂ ਸਨ। ਉਨ੍ਹਾਂ ਨੂੰ ਮਸ਼ਹੂਰੀ ਉਨ੍ਹਾਂ ਦੇ ਗਾਉਣ ਅਤੇ ਨੱਚਣ ਨਾਲ ਹੀ ਮਿਲਦੀ ਸੀ, ਪਰ ਉਨ੍ਹਾਂ ਨੂੰ ਸ਼ਾਹੀ ਲੋਕਾਂ ਦੀ ਸੇਵਾ ਕਰਦਿਆਂ ਸਿਰਫ ਮਨੋਰੰਜਨ ਤੋਂ ਅਗਾਂਹ ਜਾ ਕੇ ਸ਼ਾਹੀ ਲੋਕਾਂ ਨੂੰ ਕਾਮ ਸੇਵਾਵਾਂ ਦੇਣਾ ਵੀ ਪ੍ਰਵਾਨ ਸੀ ਬਲਕਿ ਇਸ ਤਰ੍ਹਾਂ ਦਾ ਦਸਤੂਰ ਹੀ ਸੀ।'

ਮੈਂ ਕਿਹਾ, 'ਹਰਮ ਬਣਾਏ ਜਾਂਦੇ ਸਨ ਜਿੱਥੇ ਸੈਂਕੜੇ ਨੌਜਵਾਨ ਦਾਸੀਆਂ ਹੁੰਦੀਆਂ ਸਨ ਜਿਨ੍ਹਾਂ ਨੇ ਮਹਿਲ ਨੂੰ ਠੀਕ-ਠਾਕ ਤਰੀਕੇ ਨਾਲ ਸਾਂਭ-ਸੰਭਾਲ ਕੇ ਰੱਖਣਾ ਹੁੰਦਾ ਸੀ। ਦਸਤੂਰ ਵਜੋਂ ਇਹ ਔਰਤਾਂ ਸ਼ਾਹੀ ਲੋਕਾਂ ਵਿਚੋਂ ਕਿਸੇ ਨੂੰ ਕਾਮ ਵੀ ਵਾਵਾਂ ਦੇਣ ਲਈ ਉਪਲਬਧ ਹੁੰਦੀਆਂ ਸਨ।

ਪਾੱਲ ਨੇ ਚਾਹ ਦੀ ਘੁੱਟ ਭਰੀ ਤੇ ਬੋਲਿਆ', 'ਹਾਂ, ਪਰ ਮੈਂ ਇਸ ਨੂੰ ਹਮੇਸ਼ਾ ਸੱਭਿਆਚਾਰਕ

ਦ੍ਰਿਸ਼ਟੀਕੋਣ ਤੋਂ ਦੇਖਿਆ ਏ।'

ਮੈਂ ਵਿਚੋਂ ਟੋਕਿਆ, 'ਮੈਂ ਤੇਰੀ ਆਵਾਜ਼ ਵਿਚ ਤਣਾਉ ਮਹਿਸੂਸ ਕਰ ਰਹੀ ਹਾਂ, ਪਾਲ। ਤੇਰੇ ਵਰਗੇ ਇਹ ਸੱਭਿਆਚਾਰ ਵਾਲੇ ਤਵਾਇਫਾਂ ਦੀਆਂ ਪੇਸ਼ਕਾਰੀ ਕਲਾਵਾਂ ਨੂੰ ਮਾਨਤਾ ਦੇਣ ਅਤੇ ਦਾਦ ਦੇਣ ਵਿਚਕਾਰ ਫਟੇ ਹੋਏ ਹਨ ਅਤੇ ਇਸ ਤੱਥ ਨੂੰ ਮੰਨਦੇ ਹਨ ਕਿ ਹਾਕਮ ਲੋਕਾਂ ਵਾਸਤੇ ਉਹ ਸੈਕਸ ਸੇਵਾ ਲਈ ਵੀ ਉਪਲਬਧ ਹੁੰਦੀਆਂ ਸਨ।'

ਪੱਲ ਮੁਸਕੁਰਾਇਆ ਤੇ ਬੋਲਿਆ, 'ਤੂੰ ਤਾਂ ਖੁਦ ਨੂੰ ਸੱਭਿਆਚਾਰ ਵਾਲਾ ਵਰਗ ਨਾਲੋਂ ਬੜਾ ਸੌਖਾ ਅੱਡ ਕਰ ਲਿਆ! ਤੂੰ ਵੀ ਸਾਡੇ ਵਿਚੋਂ ਇਕ ਏਂ। ਤੈਨੂੰ ਤਣਾਉ ਮਹਿਸੂਸ ਨਹੀਂ ਹੋ ਰਿਹਾ?'

'ਹਾਂ, ਪਰ ਮੈਂ ਪਹਿਲਾਂ ਔਰਤਵਾਦੀ ਹਾਂ। ਮੈਨੂੰ ਔਰਤਾਂ ਅਤੇ ਮਰਦਾਂ ਵਿਚਕਾਰ ਚੱਲਦੀ ਸੱਤਾ ਗਤੀਸ਼ੀਲਤਾ ਦਾ ਪਤਾ ਏ ਅਤੇ ਇਹ ਵੀ ਪਤਾ ਏ ਕਿ ਸਾਰੇ ਸਮਾਜ ਕਿਵੇਂ ਇਕ ਹੀ ਸਿਧਾਂਤ ਦੇ ਦੁਆਲੇ ਉੱਸਰੇ ਹੋਏ ਹਨ। ਮੈਂ ਤੈਨੂੰ ਜ਼ਰਾ ਇਕ ਗੱਲ ਸਪਸ਼ਟ ਕਰ ਦਿਆਂ, ਮੈਂ ਪਕਿਆਈ ਨਾਲ ਕਿਹਾ, 'ਜਿਨ੍ਹਾਂ ਨੇ ਦੇਹ ਵਪਾਰ ਫੈਲਣ ਵਿਚ ਮਦਦ ਕੀਤੀ ਏ ਉਸ ਦੇ ਸਿੱਧੇ ਲਾਭਪਾਤਰੀ ਅਤੇ ਸਮਾਜ ਦੇ ਉਨ੍ਹਾਂ ਹਿੱਸਿਆਂ ਦੀ ਖੋਜ ਦਾ ਮੰਤਵ ਮੇਰੇ ਖਿਆਲ ਵਿਚ ਇਸ ਸਮਾਜਕ ਬਿਰਾਦਰੀ ਦੀ ਸੰਗੀਤ ਨੂੰ ਦਾਦ ਅਤੇ ਪੇਸ਼ਕਾਰੀ ਕਲਾਵਾਂ ਦੇ ਵਿਕਾਸ ਅਤੇ ਤਵਾਇਫਾਂ ਦੇ ਉਨ੍ਹਾਂ ਅਮੁੱਲ ਯੋਗਦਾਨਾਂ ਨੂੰ ਛੁਟਿਆਉਣਾ ਨਹੀਂ ਜਿਨ੍ਹਾਂ ਦੀ ਸੰਗੀਤ, ਕਵਿਤਾ ਅਤੇ ਸਾਹਿਤ ਲਈ ਵੱਡੀ ਦੇਣ ਏਂ। ਪਰ ਰੰਡੀਗਿਰੀ ਕਿਉਂ ਫਲੀ-ਵਧੀ ਅਤੇ ਸਦੀਆਂ ਬੱਧੀਂ ਦੱਖਣੀ ਏਸ਼ੀਆ ਵਿਚ ਕਾਇਮ ਰਹੀ ਇਸ ਗੱਲ ਦੀ ਗਤੀਸ਼ੀਲਤਾ ਨੂੰ ਸਮਝਣ ਵਾਸਤੇ ਮੈਨੂੰ ਉਸ ਨਿਰੀ ਦਾਦ ਅਤੇ ਆਦਰ ਤੋਂ ਵੀ ਹੋਰ ਡੂੰਘੇਰੇ ਜਾ ਕੇ ਵੇਖਣ ਦੀ ਲੋੜ ਏ। ਤੂੰ ਸਮਝ ਗਿਆ ਏਂ ਨਾਂ ਮੇਰੀ ਗੱਲ?'

'ਉਂਵੇਂ ਹੀਂ ਜਦੋਂ ਮੈਂ ਮਿਸਰ ਦੇ ਪਿਰਾਮਿਡ ਵੇਖੇ ਤਾਂ ਜਿਸ ਸ਼ਕਤੀ ਦੀ ਉਹ ਨੁਮਾਇੰਦਗੀ ਕਰਦੇ ਸਨ ਉਸ ਤੋਂ ਭੈਭੀਤ ਹੋ ਗਿਆ ਸਾਂ, ਸਮਾਜ ਦਾ ਉਹ ਵਿਕਾਸ ਕਿੰਨੇ ਅਵਿਸ਼ਵਾਸ਼ੀ ਪਰਿਮਾਣ ਵਾਲਾ ਸੀ, ਪਰ ਨਾਲ ਹੀ ਮੈਨੂੰ ਪਤਾ ਸੀ ਕਿ ਪਤਾ ਨਹੀਂ ਕਿੰਨੇ ਗੁਲਾਮ ਇਨ੍ਹਾਂ ਥਾਵਾਂ ਤੇ ਕੰਮ ਕਰਦੇ ਮਰੇ ਹੋਣਗੇ। ਵੱਡੇ-ਵੱਡੇ ਮਹਿਲਾਂ ਅਤੇ ਸੋਹਜ ਵਾਲੀਆਂ ਚੀਜ਼ਾਂ ਦੀ ਪ੍ਰਸੰਸਾ ਕਰਨ ਵੇਲੇ ਵੀ ਮੇਰੇ ਮਨ ਵਿਚ ਇਹੀ ਵਿਚਾਰ ਆਉਂਦਾ ਰਹਿੰਦਾ ਏ। ਮੈਂ ਇਹ ਸੋਚ ਕੇ ਦੁਖੀ ਹੋ ਜਾਂਦਾ ਹਾਂ ਕਿ ਇਕ ਉੱਚ ਵਰਗ ਦੇ ਘੱਟ ਗਿਣਤੀ ਅਮੀਰਾਂ ਨੇ ਗਰੀਬਾਂ ਤੇ ਕਿੰਨਾ ਜ਼ੁਲਮ ਕੀਤਾ ਏ, ਜੋ ਕਿ ਵੱਡੀ ਗਿਣਤੀ ਵਿਚ ਸਨ। ਸ਼ਾਇਦ ਮੇਰੇ ਲਈ ਇਹ ਇਕ ਔਰਤ ਦੇ ਤੌਰ ਤੇ ਕਹਿਣਾ ਵਧੇਰੇ ਸੌਖਾ ਏ ਕਿ ਕੁਝ ਕੁ ਦੀ ਸ਼ਾਨ ਸ਼ੌਕਤ ਲਈ ਵੱਡੀ ਗਿਣਤੀ ਵਿਚ ਲੋਕਾਂ ਤੇ ਜਬਰ ਕੀਤਾ ਜਾਂਦਾ ਰਿਹਾ ਏ। ਔਰਤਾਂ ਨੂੰ ਅਜਿਹੀਆਂ ਸਥਿਤੀਆਂ ਬਾਰੇ ਆਮ ਪਤਾ ਹੁੰਦਾ ਏ। ਮੁਗਲਾਂ ਬਾਰੇ ਵੀ ਮੈਨੂੰ ਇਹ ਪਤਾ ਏ ਕਿ ਉਹ ਇਕ ਸੰਸਥਾ ਦੇ ਤੌਰ ਤੇ ਦੇਹ ਵਪਾਰ ਨੂੰ ਮਾਨਤਾ ਦਿੰਦੇ ਸਨ ਅਤੇ ਰਾਜਾ ਦੇ ਮਿੱਥੇ ਖਾਸ ਅਹਿਲਕਾਰਾਂ ਰਾਹੀਂ ਇਸ ਪੇਸੇ ਤੇ ਨਿਯੰਤ੍ਰਣ ਰੱਖਿਆ ਜਾਂਦਾ ਸੀ। ਇਸ ਪੇਸ਼ੇ ਉੱਤੇ ਸਾਰੇ ਮੁਗਲ ਹਾਕਮਾਂ ਨੇ ਥੋੜ੍ਹਾ ਜਾਂ ਬਹੁਤਾ ਨਿਯੰਤ੍ਰਣ ਜਰੂਰ ਰੱਖਿਆ ਏ।', ਮੈਂ ਕਿਹਾ।

'ਹਾਂ', ਪੱਲ ਨੇ ਅੱਗੇ ਗੱਲ ਤੋਰੀ, 'ਬਹੁਤੇ ਮੁਗਲ ਹਾਕਮ ਨੱਚਣ ਅਤੇ ਗਾਉਣ ਵਾਲੀਆਂ ਔਰਤਾਂ ਦੇ ਸਰਪ੍ਰਸਤ ਸਨ; ਰੰਡੀਗਿਰੀ ਕਾਨੂੰਨਨ ਖੁਲ੍ਹੀ ਸੀ ਤੇ ਟੈਕਸ ਦੇਣਾ ਪੈਂਦਾ ਸੀ। ਅਕਬਰ ਨੂੰ (1556-1605) ਸੰਗੀਤ ਅਤੇ ਨਾਚ ਦਾ ਸਭ ਤੋਂ ਵੱਡਾ ਸਰਪ੍ਰਸਤ ਮੰਨਿਆਂ ਜਾਂਦਾ ਏ ਅਤੇ

ਉਹ ਖੁਦ ਇਕ ਮਸ਼ਹੂਰ ਬੁੱਧੀਜੀਵੀ ਵੀ ਸੀ, ਜਦੋਂ ਕਿ ਸ਼ਹਿਨਸ਼ਾਹ ਔਰੰਗਜ਼ੇਬ (1658-1707) ਦੂਜੇ ਚਰਮ 'ਤੇ ਸੀ। ਇਕ ਕੱਟੜ ਮੁਸਲਮਾਨ ਦੇ ਤੌਰ ਤੇ ਉਹਨੇ ਰੰਡੀਗਿਰੀ ਤੇ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਪਰ ਇਸ ਨੂੰ ਖਤਮ ਨਾ ਕਰ ਸਕਿਆ। ਜਿੰਨੀ ਛੇਤੀ ਉਹਨੇ ਦਿੱਲੀ ਦੇ ਬਾਜ਼ਾਰ ਬੰਦ ਕੀਤੇ ਤਾਂ ਤਵਾਇਫ਼ਾਂ ਦੂਜੇ ਇਲਾਕਿਆਂ ਵਿਚ ਚਲੀਆਂ ਗਈਆਂ ਜਿੱਥੇ ਹੋਰ ਮਸ਼ਹੂਰ ਧਨੀ ਸ੍ਰਪਸਤਾਂ ਨੇ ਉਨ੍ਹਾਂ ਨੂੰ ਸੁਰੱਖਿਅਤ ਕਰ ਲਿਆ। ਫੇਰ ਵੀ ਉਸ ਸਮੇਂ ਦੌਰਾਨ ਕਈ ਇਸ਼ਕ ਦੇ ਕਿੱਸੇ ਮਸ਼ਹੂਰ ਹੋਏ ਅਤੇ ਉਸ ਸਮੇਂ ਦੀਆਂ ਤਵਾਇਫ਼ਾਂ ਦੀਆਂ ਯਾਦਾਂ ਵਿਚ ਕਿਲੇ ਅਤੇ ਮਕਬਰੇ ਬਣਦੇ ਰਹੇ।

ਮੈਂ ਵਿਚੋਂ ਟੋਕਿਆ, 'ਮੇਰੀ ਜਾਣਕਾਰੀ ਵਿਚ ਇਹ ਵੇ ਕਿ ਅਕਬਰ ਨੂੰ ਮਹਿਸੂਸ ਹੋ ਗਿਆ ਸੀ ਕਿ ਰੰਡੀਗਿਰੀ ਦਾ ਧੰਦਾ ਹਕੂਮਤ ਦੇ ਨਿਯੰਤ੍ਰਣ ਵਿਚੋਂ ਬਾਹਰ ਹੋ ਰਿਹਾ ਏ ਇਸ ਲਈ ਉਹਨੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਰੰਡੀ ਕੋਲ ਪਹੁੰਚ ਹਰੇਕ ਜਣੇ-ਖਣੇ ਦੀ ਨਾ ਹੋ ਸਕੇ। ਜੇ ਕਿਸੇ ਨੂੰ ਵੀ ਕੋਈ ਕੁਆਰੀ ਕੁੜੀ ਚਾਹੀਦੀ ਹੁੰਦੀ ਸੀ ਤਾ ਉਸਨੂੰ ਦਰਬਾਰ ਤੋਂ ਇਜਾਜ਼ਤ ਲੈਣੀ ਪੈਂਦੀ ਸੀ। ਉਹਨੇ ਸ਼ੈਤਾਨਪੁਰਾ ਵਿਚ ਇਸ ਬਿਰਾਦਰੀ ਨੂੰ ਇਕੱਠ ਕਰਕੇ ਵਸਾ ਦਿੱਤਾ ਸੀ ਅਤੇ ਉਨ੍ਹਾਂ ਦੇ ਇਲਾਕੇ ਦੇ ਪ੍ਰਬੰਧ ਲਈ ਉਹਨੇ ਅਹਿਲਕਾਰ ਨਿਯੁਕਤ ਕਰ ਦਿੱਤੇ ਸਨ, ਜਿਨ੍ਹਾਂ ਸਤਾਰਾਂ ਸਾਲਾਂ ਤੱਕ ਉਸ ਨੇ ਲਹੌਰ ਵਿਚ ਦਰਬਾਰ ਲਾਇਆ, ਉਦੋਂ ਇਸ ਇਕੱਲੇ ਸ਼ਹਿਰ ਵਿਚ ਹੀ ਰੰਡੀਆਂ ਦੇ ਕੋਈ ਛੇ ਹਜ਼ਾਰ ਤੋਂ ਵੱਧ ਘਰ ਸਨ।'

'ਬਹੁਤ ਅੱਛਾ ! ਤੂੰ ਜਾਂਚ ਕਾਫੀ ਡੂੰਘਾਈ ਨਾਲ ਕੀਤੀ ਏ।', ਪੌਲ ਨੇ ਵਿਚੋਂ ਕਿਹਾ, 'ਪਰ ਤੈਨੂੰ ਇਹ ਯਾਦ ਰੱਖਣਾ ਚਾਹੀਦਾ ਏ ਇਹ ਸਭ ਦਸਤੂਰ ਤੇ ਚੱਲਦਾ ਏ।'

'ਪਰ ਇਹ ਦਸਤੂਰ ਕਿਸ ਦੇ ਨਿਯੰਤ੍ਰਣ ਵਿਚ ਸੀ?', ਮੈਂ ਉਹਨੂੰ ਪੁੱਛਿਆ, 'ਦਸਤੂਰ ਤੇ ਰਵਾਇਤਾਂ, ਸਮਾਜਕ ਹੋਣ ਜਾਂ ਧਾਰਮਕ ਸਾਰੀਆਂ ਖੁਸ਼ਹਾਲ ਹਾਕਮ ਜਮਾਤ ਵੱਲੋਂ ਥੋਪੀਆਂ ਜਾਂਦੀਆਂ ਨੇ।'

ਪਾਲ ਨੇ ਜਵਾਬ ਦਿੱਤਾ, 'ਜਿੱਥੋਂ ਤਕ ਸਮਾਜਕ ਬਣਤਰ ਅਤੇ ਸੱਤਾ ਢਾਂਚੇ ਦਾ ਸਬੰਧ ਏ, ਮੈਂ ਸਹਿਮਤ ਹਾਂ। ਇਨ੍ਹਾਂ ਨਾਲ ਜੋੜੇ ਦਸਤੂਰ ਤੇ ਰਵਾਇਤਾਂ ਉੱਚ ਵਰਗਾਂ ਦੀ ਘਾੜਤ ਸਨ ਜੋ ਉਨ੍ਹਾਂ ਨੂੰ ਸੂਤ ਬਹਿੰਦੀਆਂ ਸਿਆਸੀ ਲੋੜਾਂ ਦੇ ਮੁਤਾਬਕ ਬਣੀਆਂ।

ਫੌਜੀ ਸੱਤਾ ਦਾਇਰਿਆਂ ਵੱਲ ਤੁਰਦੇ ਹੋਏ ਮੈਂ ਕਿਹਾ, 'ਕਿਉਂਕਿ ਸ਼ਾਹੀ ਲੋਕਾਂ ਲਈ ਨਵੇਂ ਇਲਾਕੇ ਜਿੱਤਣਾ ਅਤੇ ਹਕੂਮਤ ਦੀ ਸੁਰੱਖਿਆ ਕਰਨੀ ਦੋ ਅਹਿਮ ਮੁੱਦੇ ਸਨ ਇਸ ਲਈ ਸੀਨੀਅਰ ਫੌਜੀ ਅਫਸਰਾਂ ਨੂੰ ਉੱਚੇ ਰੁਤਬੇ ਅਤੇ ਦਰਬਾਰ ਵਿਚ ਸਤਿਕਾਰ ਮਿਲਦਾ ਸੀ, ਤਾਂਕਿ ਫੌਜੀਆਂ ਦਾ ਸ਼ੁਗਲ ਹੁੰਦਾ ਰਹੇ। ਉਸ ਲਈ ਵੱਖਰੇ ਕੈਂਪ ਬਣਾਏ ਜਾਂਦੇ ਸਨ ਅਤੇ ਅਫਸਰ ਅਤੇ ਫੌਜੀ ਉਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਪ੍ਰਾਪਤ ਕਰ ਸਕਦੇ ਸਨ। ਬਹੁਤੀਆਂ ਨੱਚਣ ਦੀਆਂ ਮਾਹਿਰ ਔਰਤਾਂ ਅਫਸਰਾਂ ਦੇ ਵੱਡੇ ਸਾਰੇ ਇਕੱਠ ਦਾ ਵੀ ਮਨੋਰੰਜਨ ਕਰਦੀਆਂ ਹੁੰਦੀਆਂ ਸਨ। ਸ਼ਾਹੀ ਰੁਤਬੇ ਵਿਚ ਆਉਂਦੇ ਵਿਗਾੜ ਦੇ ਨਾਲ-ਨਾਲ ਰੰਡੀਆਂ ਦੇ ਇਸ ਧੰਦੇ ਵਿਚ ਵੀ ਨਿਘਾਰ ਆਉਂਦਾ ਗਿਆ ਪਰ ਇਸ ਤੇ ਨਿਯੰਤ੍ਰਣ ਸਿਰਫ ਸ਼ਾਹੀ ਲੋਕਾਂ ਦਾ ਹੀ ਨਹੀਂ ਸੀ। ਹੋਰ ਵੀ ਬਹੁਤ ਅਹਿਮ ਸਿਆਸੀ ਤਾਕਤਾਂ ਇਸ ਪਿੜ ਵਿਚ ਆ ਗਈਆਂ। ਠੀਕ?'

ਪਰ ਮੈਂ ਜਵਾਬ ਦਾ ਇੰਤਜ਼ਾਰ ਨਾ ਕੀਤਾ, 'ਇਤਿਹਾਸਕ ਦਸਤਾਵੇਜ ਦੱਸਦੇ ਹਨ ਕਿ

ਪੁਰਤਗਾਲੀ ਫਰਾਂਸੀਸੀ ਅਤੇ ਅੰਗਰੇਜ਼ ਵਪਾਰੀਆਂ ਦੇ ਆਉਣ ਨਾਲ ਰੰਡੀਗਿਰੀ ਦਾ ਧੰਦਾ ਬੰਬਈ, ਕਲਕੱਤਾ, ਕੋਚੀਨ ਅਤੇ ਮਦਰਾਸ ਦੀਆ ਬੰਦਰਗਾਹਾਂ ਤੇ ਵੀ ਫੈਲ ਗਿਆ। ਵਿਦੇਸ਼ੀ ਵਪਾਰੀ ਬਿਨਾਂ ਟੱਬਰਾਂ ਤੋਂ ਭਾਰਤ ਆਉਂਦੇ ਅਤੇ ਭਾਰਤੀ ਲੋਕਾ ਨਾਲ ਆਪਣੀ ਜਿਣਸੀ ਭੁੱਖ ਮਿਟਾਉਂਦੇ। ਕਈਆਂ ਨੇ ਰਖੇਲਾਂ ਰੱਖ ਲਈਆਂ। ਕਪੂਰ ਦੇ ਅਨੁਸਾਰ ਨਿਰੋਲ ਵਪਾਰਕ ਰੰਡੀਗਿਰੀ ਦਾ ਧੰਦਾ ਉਪਮਹਾਂਦੀਪ ਵਿਚ ਸਤਾਰਵੀਂ ਸਦੀ ਵਿਚ ਫੈਲਿਆ ਜਦੋਂ ਵਪਾਰੀ ਲੋਕ ਇਨ੍ਹਾਂ ਦੇ ਮੁੱਖ ਗਾਹਕ ਬਣ ਗਏ। ਬੰਦਰਗਾਹਾਂ ਤੋਂ ਇਹ ਵੱਡੇ ਸ਼ਹਿਰਾਂ ਵਿਚ ਫੈਲ ਗਈ ਅਤੇ ਫੇਰ ਖੇਤਰ ਦੇ ਹੋਰ ਹਿੱਸਿਆਂ ਵਿਚ ਵੀ। ਦਸਤੂਰ ਨਾਲੋਂ ਮੁਨਾਫਾ ਵਧੇਰੇ ਅਹਿਮ ਹੋ ਗਿਆ ਅਤੇ ਇਸ ਦੇ ਨਾਲ ਹੀ ਔਰਤਾਂ ਨੂੰ ਜਬਰਦਸਤੀ ਚੱਕਲਿਆਂ ਵਿਚ ਦਾਖਲ ਕੀਤਾ ਗਿਆ।'

ਪੱਲ ਨੇ ਨਾਲ ਗੱਲ ਜੋੜੀ, 'ਮੇਰਾ ਖਿਆਲ ਏ ਕਿ ਵਪਾਰੀ ਹੋਰ ਦੇਸ਼ਾਂ ਦੀਆਂ ਔਰਤਾਂ ਨੂੰ ਵੀ ਬੰਦਰਗਾਹਾਂ ਦੇ ਨੇੜੇ ਚੱਕਲਿਆਂ ਵਿਚ ਲਿਆਉਂਦੇ ਰਹੇ ਜਿੱਥੇ ਉਨ੍ਹਾਂ ਦਾ ਕਾਰੋਬਾਰ ਚਮਕਦਾ ਰਿਹਾ। ਈਸਟ ਇੰਡੀਆਂ ਕੰਪਨੀ ਦੀ ਹਕੂਮਤ ਵੇਲੇ, ਜਿਸ ਤੋਂ ਬਾਦ ਅੰਗਰੇਜ਼ੀ ਹਕੂਮਤ ਕਾਇਮ ਹੋਈ, ਰੰਡੀਗਿਰੀ ਵਧੀ ਅਤੇ ਉਨ੍ਹਾ ਅੰਗਰੇਜ਼ਾਂ ਦੇ ਸ਼ੁਗਲ ਲਈ ਬਹੁਤ ਸਾਰੇ ਕੰਜਰੀਖਾਨੇ ਖੁਲ੍ਹ ਗਏ ਜੋ ਜਾਂ ਤਾਂ ਅਣਵਿਆਹੇ ਸਨ ਤੇ ਜਾਂ ਆਪਣੇ ਟੱਬਰਾਂ ਤੋਂ ਬਿਨਾਂ ਭਾਰਤ ਆਏ ਸਨ। ਇਸ ਕਰਕੇ ਮੌਜੂਦਾ ਐਂਗਲੋ-ਇੰਡੀਅਨ ਪਰਿਵਾਰਾਂ ਵਿਚ ਵਾਧਾ ਹੋਇਆ।' ਮੈਂ ਇਹ ਵੇਖਿਆ ਏ', ਮੈਂ ਕਹਿਣਾ ਜਾਰੀ ਰੱਖਿਆ ਕਿ 1870-71 ਵਿਚ ਇਕ ਫੌਜੀ ਬਜਟ ਵਿਚ ਚਾਲੀ ਹਜ਼ਾਰ ਪੌਂਡ 2700 ਰਜਿਸਟਰਡ ਰੰਡੀਆਂ ਫੌਜੀਆਂ ਨੂੰ ਮੁਹੱਈਆ ਕਰਵਾਉਣ ਲਈ ਖਰਚੇ ਗਏ। ਇਸ ਤਰ੍ਹਾਂ ਬਰਤਾਨਵੀਆਂ ਵਿਚ ਵੀ ਅਪਣੇ ਫੌਜੀਆਂ ਨੂੰ ਵਿਦੇਸ਼ੀ ਰੰਡੀਆਂ, ਮੁਹੱਈਆ ਕਰਵਾਉਣ ਦਾ ਦਸਤੂਰ ਸੀ।

ਪੱਲ ਨੇ ਮੁਸਕੁਰਾ ਕੇ ਜਵਾਬ ਦਿੱਤਾ, ਕਲਕੱਤੇ ਦੀਆਂ ਸਾਰੀਆਂ ਨਾਚੀਆਂ ਅਤੇ ਉਨ੍ਹਾਂ ਦੇ ਸਾਜ਼ਿੰਦੇ ਮੁਸਲਮਾਨ ਸਨ। ਸਥਾਨਕ ਧਨੀਆਂ ਤੋਂ ਬਿਨਾਂ ਇਹ ਕੁੜੀਆਂ ਅੰਗਰੇਜ਼ਾਂ ਵਿਚ ਵੀ ਘੁਸਪੈਠ ਕਰ ਗਈਆਂ। ਅੰਗਰੇਜ਼ ਕਲਾਕਾਰ ਚਿੱਤਰ ਬਣਾਉਣ ਲਈ ਅਕਸਰ ਇਨ੍ਹਾਂ ਨੰਗੀਆਂ ਨਾਚੀਆਂ ਨੂੰ ਵਰਤਦੇ ਸਨ।'

ਮੈਂ ਵਿਚੋਂ ਟੋਕਿਆ, 'ਲਹੌਰ ਦੀਆਂ ਜ਼ੁਬਾਨੀ ਰਵਾਇਤਾਂ ਮੁਤਾਬਕ ਮਸ਼ਹੂਰ ਅਨਾਰਕਲੀ ਬਾਜ਼ਾਰ ਹੋਂਦ ਵਿਚ ਹੀ ਅੰਗਰੇਜ਼ਾਂ ਕਾਰਨ ਆਇਆ ਸੀ। ਉਨ੍ਹਾਂ ਦੀ ਫੌਜ ਵੱਡੇ ਸ਼ਹਿਰਾਂ ਦੇ ਬਾਹਰ ਕੈਂਪ ਲਾਉਂਦੀ ਸੀ ਅਤੇ ਉਨ੍ਹਾਂ ਨੇ ਛਾਵਣੀਆਂ ਵਸਾ ਲਈਆਂ ਸਨ। ਇਸੇ ਤਰ੍ਹਾਂ ਦੀ ਇਕ ਛਾਉਣੀ ਲਹੌਰ ਸ਼ਹਿਰ ਦੇ ਬਾਹਰ ਸੀ। ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੈਂਪ ਤੋਂ ਲੈਕੇ ਸ਼ਹਿਰ ਤਕ ਦੇ ਰਾਹ ਵਿਚ ਇਕ ਬਾਜ਼ਾਰ ਵੱਸ ਗਿਆ। ਫੌਜੀਆਂ ਦੇ ਆਕ੍ਰਸ਼ਣ ਕਾਰਨ ਰੰਡੀਆਂ ਆ ਕੇ ਦੁਕਾਨਾਂ ਦੀਆਂ ਉਪਰਲੀਆਂ ਮੰਜ਼ਲਾਂ ਵਿਚ ਆਪਣੇ ਕਾਰੋਬਾਰ ਜਮਾ ਕੇ ਬੈਠ ਗਈਆਂ।

'ਇਹ ਗੱਲ ਮੇਰੇ ਲਈ ਨਵੀਂ ਏਂ', ਪੱਲ ਨੇ ਕਿਹਾ, ਇਹ ਸੁਣ ਕੇ ਉਹਨੂੰ ਹੈਰਾਨੀ ਹੋਈ ਸੀ। 'ਫੇਰ ਇਹਨੂੰ ਅਨਾਰਕਲੀ ਬਾਜ਼ਾਰ ਕਿਉਂ ਕਿਹਾ ਜਾਣ ਲੱਗਾ?'

'ਜਿੱਥੇ ਅੰਗਰੇਜ਼ਾਂ ਨੇ ਅਪਣੀ ਛਾਉਣੀ ਵਸਾਈ ਸੀ ਉਸ ਦੇ ਨੇੜੇ ਹੀ ਮੁਗਲ ਸਮਰਾਟ ਜਹਾਂਗੀਰ ਦੀ ਪ੍ਰੇਮਕਾ ਦਾ ਮਕਬਰਾ ਦੱਸਿਆ ਜਾਂਦਾ ਸੀ ਜਿਨ੍ਹਾਂ ਦੀਆਂ ਪਿਆਰ ਕਥਾਵਾਂ ਬੜੀਆਂ ਮਸ਼ਹੂਰ ਨੇ। ਹੁਣ ਲੋਕ ਕਹਿੰਦੇ ਨੇ ਇਹ ਉੱਥੇ ਵੇ ਜਿੱਥੇ ਸਕੱਤਰੇਤ ਦੀ ਇਮਾਰਤ ਏ।' ਮੈਂ ਜਵਾਬ ਦਿੱਤਾ।

'ਮੈਂ ਜਦੋਂ ਅਗਲੀ ਵਾਰੀ ਲਹੌਰ ਗਿਆ ਤਾਂ ਅਨਾਰਕਲੀ ਦੇ ਮਕਬਰੇ ਤੇ ਮੱਥਾ ਟੇਕ ਕੇ ਆਵਾਂਗਾ, 'ਉਹ ਹੱਸਿਆ।

'ਮੇਰਾ ਨੁਕਤਾ ਇਹ ਵੇ ਕਿ 1900 ਵਿਆਂ ਦੇ ਸ਼ੁਰੂ ਵਿਚ ਅੰਗਰੇਜ਼ ਰੰਡੀਆਂ ਦੇ ਗਾਹਕ ਤੇ ਰੰਡੀਗਿਰੀ ਦੇ ਸੁਧਾਰਕ ਦੋਵੇਂ ਹੀ ਸਨ। ਦੇਹ ਵਪਾਰ ਤੇ ਨਿਯੰਤ੍ਰਣ ਰੱਖਣ ਲਈ ਉਨ੍ਹਾਂ ਨੇ ਕਾਨੂੰਨਾਂ ਵਿਚ ਸੋਧ ਕੀਤੀ। ਸਾਰੀਆਂ ਰੰਡੀਆਂ ਨੂੰ ਸਰਕਾਰ ਨਾਲ ਰਜਿਸਟਰਸ਼ੁਦਾ ਹੋਣਾ ਪੈਂਦਾ ਸੀ। ਕਲਕੱਤੇ ਦੀਆਂ ਨਾਚੀਆਂ ਬਾਰੇ ਇਕ ਖੋਜ ਅਧਿਐਨ ਦੱਸਿਆ ਗਿਆ ਕਿ ਇਨ੍ਹਾਂ ਔਰਤਾਂ ਨੂੰ ਇਕ ਖਾਸ ਸਵਾਲ ਪੁੱਛਿਆ ਜਾਂਦਾ ਸੀ ਕਿ ਉਨ੍ਹਾਂ ਨੇ ਰਜਿਸਟਰ ਹੋਣ ਲਈ ਪੁਲਿਸ ਕਮਿਸ਼ਨਰ ਨੂੰ ਅਰਜ਼ੀ ਕਦੋਂ ਦਿੱਤੀ ਸੀ। ਕੋਈ ਵੀ 16 ਸਾਲ ਤੋਂ ਘੱਟ, ਗਰਭਵਤੀ ਜਾਂ ਵਿਆਹੀ ਹੋਈ ਕੁੜੀ, ਜਿਸ ਨੂੰ ਠੀਕ ਤਰ੍ਹਾਂ ਤਲਾਕ ਨਾ ਦਿੱਤਾ ਗਿਆ ਹੋਵੇ ਰਜਿਸਟਰ ਨਹੀਂ ਹੋ ਸਕਦੀ ਸੀ। ਕਈ ਵਾਰੀ ਜੇ ਕੁੜੀ ਕੁਆਰੀ ਹੁੰਦੀ ਤਾਂ ਉਹਦੇ ਸਰਬਰਾਹਾਂ ਨੂੰ ਕਿਹਾ ਜਾਂਦਾ ਕਿ ਉਹ ਊਸ ਨੂੰ ਇਸ ਧੰਦੇ ਤੋਂ ਬਾਹਰ ਹੀ ਰੱਖਣ ਜਦੋਂ ਤੱਕ ਇਹ ਕੁਝ ਵੱਡੀ ਨਹੀਂ ਹੋ ਜਾਂਦੀ। ਔਰਤਾਂ ਦੀ ਡਾਕਟਰੀ ਜਾਂਚ ਅਤੇ ਜੇ ਲੋੜ ਹੋਵੇ ਜਾਂ ਇਲਾਜ ਕੀਤਾ ਜਾਂਦਾ ਸੀ। ਉਨ੍ਹਾਂ ਦੇ ਕਾਰਡਾਂ ਤੇ ਡਾਕਟਰੀ ਜਾਂਚ ਦੀ ਤਰੀਕ ਦੇ ਖਾਨੇ ਬਣੇ ਹੁੰਦੇ ਸਨ। ਜਨਗਣਨਾ ਵਿਚ ਰੰਡੀਆਂ ਦੀ ਗਿਣਤੀ ਦਰਜ ਹੁੰਦੀ ਸੀ ਜਿਸ ਤੋਂ ਸਪਸ਼ਟ ਹੁੰਦਾ ਸੀ ਕਿ ਰੰਡੀਗਿਰੀ ਇਕ ਕਾਨੂੰਨੀ ਪੇਸ਼ਾ ਸੀ। 1921 ਦੀ ਜਨਗਣਨਾ ਰਿਪਰੋਟ ਵਿਚ ਦਰਜ ਏ ਕਿ ਕਲਕੱਤੇ ਵਿਚ 10, 814 ਰੰਡੀਆਂ ਸਨ। ਇਹ ਸਮੂਹ ਘਰੇਲੂ ਨੌਕਰਾਂ ਦੇ 20,999 ਦੇ ਸਮੂਹ ਤੋਂ ਦੂਜੇ ਥਾਂ ਆਉਂਦਾ ਸੀ। ਇਸ ਤਰ੍ਹਾਂ, ਅਗਰੇਜ਼ਾਂ ਨੇ ਆਪਣੀ ਹਕੂਮਤ ਦੌਰਾਨ ਰੰਡੀਗਿਰੀ ਨੂੰ ਖਤਮ ਕਰਨ ਲਈ ਉੱਕਾ ਹੀ ਕੁਝ ਨਹੀਂ ਕੀਤਾ। ਬਲਕਿ ਬਹੁਤ ਢੰਗਾਂ ਨਾਲ ਉਨ੍ਹਾਂ ਦੀਆਂ ਪ੍ਰਸ਼ਾਸ਼ਕੀ ਰਵਾਇਤਾਂ ਨੇ ਇਸ ਨੂੰ ਹੋਰ ਸੰਸਥਾਗਤ ਅਤੇ ਕਾਨੂੰਨੀ ਰੂਪ ਦਿੱਤਾ।'

ਪਾੱਲ ਨੇ ਆਪਣੀ ਪਿੱਠ ਸਿੱਧੀ ਕੀਤੀ, ਆਪਣੀ ਘੜੀ ਤੇ ਨਜ਼ਰ ਮਾਰੀ ਤੇ ਹੱਸਿਆ, 'ਮੇਰਾ ਖਿਆਲ ਏ ਅਸੀਂ ਕਾਫੀ ਦੇਰ ਦੀ ਬਰੇਕ ਕਰ ਲਈ ਏ।'

ਮੈਂ ਵੀ ਮੁਸਕੁਰਾਈ, 'ਮੇਰਾ ਖਿਆਲ ਏ ਕਿ ਇਹ ਤੇਰੇ ਲਈ ਤਾਂ ਕੋਈ ਬਰੇਕ ਨਹੀਂ ਸੀ, ਪਰ ਮੈਨੂੰ ਗੱਲਾਂ ਦਾ ਸੱਚੀਂ-ਮੁੱਚੀਂ ਅਨੰਦ ਆਇਆ ਏ। ਇਸ ਨਾਲ ਮੇਰੇ ਵਿਚਾਰ ਕਾਫੀ ਸਪਸ਼ਟ ਹੋ ਗਏ ਨੇ। ਤੂੰ ਉਸ ਗੱਲ ਦੀ ਪੁਸ਼ਟੀ ਕੀਤੀ ਏ ਜੋ ਮੈਂ ਇਤਿਹਾਸ ਦੀਆਂ ਕਿਤਾਬਾ ਵਿਚ ਪੜ੍ਹੀਆਂ ਨੇ। ਪਰ ਮੈਂ ਤੇਰੇ ਨਾਲ ਇਹ ਚਰਚਾ ਵੀ ਕਰਨੀ ਚਾਹਾਂਗੀ ਕਿ ਉੱਚ ਵਰਗ ਦੇ ਧਾਰਮਕ ਲੋਕਾਂ ਨੇ ਵੀ ਰੰਡੀਗਿਰੀ ਦੀ ਹਮਾਇਤ ਵਿਚ ਕੀ ਕੁਝ ਕੀਤਾ ਏ।

ਪਾੱਲ ਅਪਣੀ ਕੁਰਸੀ ਤੋਂ ਉੱਠਿਆ ਤੇ ਕਿਹਾ ਕਿ ਅਸੀਂ ਆਪਣੇ-ਆਪਣੇ ਆਹਰੇ ਲੱਗੀਏ ਤੇ ਬਾਕੀ ਚਰਚਾ ਕੱਲ੍ਹ ਕਰਾਂਗੇ। ਅਸੀਂ ਦੋਵੇਂ ਉੱਪਰ ਚਲੇ ਗਏ। ਪਾੱਲ ਅਪਣੇ ਕੰਮ ਵਿਚ ਗਵਾਚ ਗਿਆ ਅਤੇ ਮੈਂ ਆਪਣੇ ਕਾਗਜ਼ਾਂ ਤੇ ਰੰਡੀਗਿਰੀ ਨੂੰ ਧਾਰਮਿਕ ਲੋਕਾਂ ਦੀ ਸਰਪ੍ਰਸਤੀ ਕਿਵੇਂ ਹੈ ਇਸ ਬਾਰੇ ਨੋਟ ਤਿਆਰ ਕਰਨ ਲੱਗੀ। ਰੰਡੀਗਿਰੀ ਦੇ ਧੰਦੇ ਦੇ ਅਸਲ ਕਾਰਨਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਮੈਂ ਜੋ ਕਿਤਾਬਾਂ ਕੱਢੀਆਂ ਸਨ ਉਨ੍ਹਾਂ ਨੂੰ ਕਤਾਰ ਵਿਚ ਰੱਖਿਆ ਅਤੇ ਅਪਣੇ ਕਾਗਜ਼ ਚੁੱਕ ਕੇ ਤੁਰਦੀ ਬਣੀ।

ਅਗਲੇ ਦਿਨ ਮੈਂ ਨੌਂ ਵਜੇ ਦੇ ਕਰੀਬ ਲਾਇਬ੍ਰੇਰੀ ਪਹੁੰਚ ਗਈ ਅਤੇ ਉਸੇ ਸ਼ਾਂਤ ਨੁੱਕਰ

ਵਿਚ ਜਮ ਗਈ ਅਤੇ ਲਾਇਬ੍ਰੇਰੀਅਨ ਤੋਂ ਦੂਰ ਬੈਠ ਕੇ ਮੈਂ ਆਪਣੇ ਕਾਗਜ਼ ਖਿਲਾਰ ਲਏ। ਪਾੱਲ ਘੰਟਾ ਕੁ ਬਾਦ ਆਇਆ। ਅਸੀਂ ਹੈਲੋ ਕੀਤੀ ਤੇ ਆਪਣੀ ਚਰਚਾ ਸ਼ੁਰੂ ਕਰ ਦਿੱਤੀ। ਪਾੱਲ. ਬੋਲਿਆ, 'ਹਾਂ, ਬੋਲ। ਪਹਿਲਾਂ ਮੈਨੂੰ ਅਪਣੀ ਦਲੀਲ ਦੇਹ।'

ਮੈਂ ਸ਼ੁਰੂ ਕਰ ਦਿੱਤਾ, 'ਮੇਰੇ ਕੋਲ ਦਸਤਾਵੇਜ ਹਨ ਕਿ ਸੰਸਾਰ ਦੇ ਵਿਭਿੰਨ ਹਿੱਸਿਆਂ ਦੇ ਧਾਰਮਕ ਸੰਸਥਾਨ ਰੰਡੀਗਿਰੀ ਵੱਲ ਕਿਸ ਨੁਕਤੇ ਨਾਲ ਦੇਖਦੇ ਨੇ ਜਾਂ ਇਸ ਨਾਲ ਕਿਵੇਂ ਸਬੰਧਤ ਨੇ, ਪਰ ਮੇਰੇ ਬਹੁਤੇ ਦਸਤਾਵੇਜ਼ ਦੇਵਦਾਸੀ ਦੀ ਦੱਖਣੀ ਏਸ਼ੀਆਈ ਰਵਾਇਤ ਵੱਲ ਸੇਧਤ ਨੇ। ਸਾਈਪਰੱਸ ਵਿਚ ਰਾਜਾ ਸਿਨੀਰਸ ਨੇ ਪਵਿੱਤਰ ਰੰਡੀਗਿਰੀ ਚਲਾਈ। ਉੱਥੋਂ ਦੇ ਵਸਨੀਕਾਂ ਵਿਚ ਇਹ ਦਸਤੂਰ ਸੀ ਕਿ ਉਹ ਅਪਣਾ ਦਹੇਜ਼ ਰੰਡੀਗਿਰੀ ਰਾਹੀਂ ਕਮਾਉਣ ਲਈ ਆਪਣੀਆਂ ਕੁੜੀਆਂ ਨੂੰ ਸਮੁੰਦਰੀ ਤਟਾਂ ਤੇ ਵੇਚ ਦਿੰਦੇ ਸਨ ਅਤੇ ਉਨ੍ਹਾਂ ਨੂੰ ਕਹਿੰਦੇ ਸਨ ਕਿ ਅਪਣੇ ਚੰਗੇ ਭਵਿੱਖ ਵਿਚ ਮਦਦ ਲਈ ਉਹ ਵੀਨਸ ਦੀ ਪੂਜਾ ਕਰਨ। ਮੈਸੋਪੋਟੇਮੀਆ ਦੇ ਸੁਮੇਰੀਅਨ ਸੱਭਿਆਚਾਰ ਵਿਚ ਔਰਤਾਂ ਨੂੰ ਹਰੇਕ ਮੰਦਰ ਦੇ ਨਾਲ ਛੋਟੇ-ਮੋਟੇ ਕੰਮਾਂ ਲਈ ਲਾਇਆ ਜਾਂਦਾ ਸੀ ਜਾਂ ਪੁਜਾਰੀਆਂ ਦੀਆਂ ਸੇਵਕਾਂ ਦੇ ਤੌਰ ਤੇ। ਕਈ ਸੱਭਿਆਚਾਰਾਂ ਵਿਚ ਇਹ ਅਖੌਤੀ ਨਿੱਘਰੀਆਂ ਔਰਤਾਂ ਜਿਨ੍ਹਾਂ ਦੇ ਖਾਵੰਦ ਲੜਾਈ ਵਿਚ ਮਰ ਜਾਂ ਹਾਰ ਗਏ ਸਨ, ਮੰਦਰਾਂ ਵਿਚ ਕਾਮ ਸੇਵਾ ਲਈ ਰੱਖ ਲਈਆਂ ਜਾਂਦੀਆਂ ਸਨ।'

ਉਸ ਤੋਂ ਬਾਦ ਇਕ ਪਾਸੇ ਤਾਂ ਰੋਮਨਾਂ ਨੇ ਰੰਡੀਆਂ ਨੂੰ ਨਿਯਮਿਤ ਕੀਤਾ, ਉਨ੍ਹਾਂ ਨੂੰ ਰਜਿਸਟਰ ਕੀਤਾ ਅਤੇ ਉਨ੍ਹਾਂ ਤੋਂ ਟੈਕਸ ਲੈਣ ਲੱਗੇ ਤੇ ਦੂਜੇ ਪਾਸੇ ਇਹ ਸਖਤ ਨਿਰਦੇਸ਼ ਕੀਤੇ ਕਿ ਕੋਈ ਉਨ੍ਹਾਂ ਪਰਿਵਾਰਾਂ ਵਿਚ ਵਿਆਹ ਨਾ ਕਰਵਾਏ ਅਤੇ ਉਨ੍ਹਾਂ ਨੂੰ ਸਮਾਜਕ ਤੌਰ ਤੇ ਛੇਕ ਦਿੱਤਾ। ਬਾਦ ਦੇ ਅਰਸੇ ਵਿਚ ਭਾਵੇਂ ਪ੍ਰਸ਼ਾਸਨ ਅਤੇ ਧਰਮ ਦੋਹਾਂ ਨੇ ਹੀ ਇਹਨੂੰ ਪੂਰੀ ਤਰ੍ਹਾਂ ਪ੍ਰਵਾਨ ਕਰ ਲਿਆ। ਹਰਨੀਕਸ ਨੇ ਦੇਖਿਆ ਕਿ ਰੋਮ ਦੇ ਰਾਜਾ ਜਸਟੀਨਿਅਨ ਨੇ ਖੁਦ (ਛੇਵੀਂ ਸਦੀ ਏ. ਡੀ) ਇਕ ਰੰਡੀ ਨਾਲ ਵਿਆਹ ਕਰਵਾ ਲਿਆ ਤੇ ਉਨ੍ਹਾਂ ਪੁਨਰ ਵਸੇਬੇ ਲਈ ਵੀ ਯਤਨ ਕੀਤੇ। ਮੱਧਕਾਲੀ ਯਰੂਪ ਵਿਚ ਰੰਡੀਆਂ ਨੂੰ ਮਾਰ ਦਿੱਤਾ ਜਾਂਦਾ ਸੀ ਪਰ ਉਨ੍ਹਾਂ ਨੂੰ ਇਕ ਜਰੂਰੀ ਬੁਰਾਈ ਦੇ ਤੌਰ ਤੇ ਸਮਝਿਆ ਜਾਂਦਾ ਸੀ ਅਤੇ ਜਨਤਕ ਖਰਚੇ ਉੱਤੇ ਕੰਜਰੀਖਾਨੇ ਸਥਾਪਤ ਕੀਤੇ ਜਾਂਦੇ ਸੀ। ਉਨ੍ਹਾਂ ਔਰਤਾਂ ਨੇ ਇਕ ਵਿਸ਼ੇਸ਼ ਲਿਬਾਸ ਪਾਉਣਾ ਹੁੰਦਾ ਸੀ ਅਤੇ ਸਹਿਰ ਤੋਂ ਬਾਹਰਵਾਰ ਰਹਿਣਾ ਹੁੰਦਾ ਸੀ। ਇਸ ਆਮਦਨ ਵਿਚੋਂ ਸਿਵਲ ਅਤੇ ਚਰਚ ਅਧਿਕਾਰੀ ਅੱਧਾ-ਅੱਧਾ ਹਿੱਸਾ ਲੈਂਦੇ ਸਨ।.'

'ਹੁਣ ਮੈਂ ਤੈਨੂੰ ਦੱਸਦੀ ਹਾਂ ਕਿ ਹਿੰਦੂ ਧਾਰਮਕ ਰਵਾਇਤਾਂ ਵਿਚ ਦੇਵਦਾਸੀ ਬਾਰੇ ਮੈਨੂੰ ਕੀ ਪਤਾ ਏ। ਤੈਨੂੰ ਉਹਦੇ ਬਾਰੇ ਪਤਾ ਏ, ਹੈ ਕਿ ਨਹੀਂ?'

'ਬਹੁਤ ਥੋੜਾ', ਪਾੱਲ ਨੇ ਜਵਾਬ ਦਿੱਤਾ, 'ਪਰ ਮੈਨੂੰ ਉਨ੍ਹਾਂ ਦੀਆਂ ਸੰਗੀਤ ਰਵਾਇਤਾਂ ਬਾਰੇ ਕਾਫੀ ਪਤਾ ਏ। ਤੈਨੂੰ ਪਤਾ ਏ ਉਨ੍ਹਾਂ ਵਰਗੇ ਭਜਨ ਕੋਈ ਨਹੀਂ ਸੀ ਗਾ ਸਕਦੀ ਅਤੇ ਪੂਜਾ ਕਰਵਾਉਣ ਲਈ ਉਨ੍ਹਾਂ ਨੂੰ ਧਨੀ ਘਰਾਂ ਵਿਚ ਸੱਦਿਆ ਜਾਂਦਾ ਸੀ। ਇਹ ਰਵਾਇਤ ਉਪਮਹਾਂਦੀਪ ਵਿਚ 300 ਏ ਡੀ. ਦੇ ਕਰੀਬ ਆਈ। ਠੀਕ? ਉਹਨੇ ਕਿਹਾ।

'ਉਸ ਵੇਲੇ ਬਾਰੇ, ਹਾਂ। ਇਹ ਰਵਾਇਤ ਇਕ ਕੁੜੀ ਨੂੰ ਖਰੀਦ ਕੇ ਮੁਕਤੀ ਦੇ ਰਾਹ ਪੈਣ ਲਈ ਸੀ। ਇਹ ਆਮ ਤੌਰ ਤੇ ਹੇਠਲੀ ਜਾਤ ਦੀ ਹੁੰਦੀ ਸੀ ਅਤੇ ਉਹਨੂੰ ਰੱਬ ਦੇ ਨਾਂ ਤੇ ਮੰਦਰ ਵਿਚ ਚੜ੍ਹਾ ਦਿੱਤਾ ਜਾਂਦਾ ਸੀ। ਇਨ੍ਹਾਂ ਕੁੜੀਆਂ ਨੂੰ ਦੇਵਦਾਸੀਆਂ ਕਿਹਾ ਜਾਂਦਾ ਸੀ ਜਾਂ ਉੱਤਰ

ਵਿਚ ਮੰਗਲਮੁਖੀਆਂ, ਦੇਵਰਤਿਆਲ ਜਾਂ ਕੁੜੀਖਰ। ਉਨ੍ਹਾਂ ਦਾ ਕੰਮ ਮੰਦਰ ਸਾਫ ਕਰਨਾ, ਦੇਵਤਾ ਨੂੰ ਹਵਾ ਕਰਨੀ ਅਤੇ ਭਗਤਾਂ ਵਾਸਤੇ ਨੱਚਣਾ ਤੇ ਗਾਉਣਾ ਸੀ। ਜਾਇਦਾਦ ਉਨ੍ਹਾਂ ਦੇ ਨਾਂ ਲਵਾ ਦਿੱਤੀ ਜਾਂਦਾ ਸੀ ਤੇ ਮੰਦਰ ਦੀ ਆਮਦਨ ਵਿਚੋਂ ਉਨ੍ਹਾਂ ਨੂੰ ਹਿੱਸਾ ਮਿਲਦਾ ਸੀ ਜਿਸ ਨਾਲ ਇਹ ਰਵਾਇਤ ਛੇਤੀ ਫੈਲਣ ਵਿਚ ਮਦਦ ਮਿਲਦੀ ਸੀ। ਸਾਹਿਤ ਸੰਕੇਤ ਕਰਦਾ ਏ ਕਿ ਦੇਵਦਾਸੀਆਂ ਵੱਲੋਂ ਪੇਸ਼ਾ ਕਰਵਾਉਣਾ ਗੁਪਤ ਰੂਪ ਵਿਚ ਸ਼ੁਰੂ ਹੋਇਆ ਅਤੇ ਇਸ ਹੱਦ ਤਕ ਸੰਸਥਾਗਤ ਹੋ ਗਿਆ ਕਿ ਦੇਵਦਾਸੀ ਦਾ ਮਤਲਬ ਹੀ 'ਧਾਰਮਿਕ ਵੇਸਵਾ' ਹੋ ਗਿਆ। ਦੱਖਣੀ ਭਾਰਤ ਵਿਚ ਦੇਵਦਾਸੀ ਦੀ ਪ੍ਰਥਾ ਪੱਲਣ ਅਤੇ ਚੋਲਾ ਘਰਾਣਿਆਂ ਦੇ ਦੌਰ ਵਿਚ ਵਧੀ, ਛੇਵੀ ਤੋਂ ਤੇਰਵੀਂ ਸਦੀ ਏ. ਡੀ. ਤਕ। ਬਹੁਤ ਸਾਰੇ ਇਤਿਹਾਸਕਾਰ ਮੰਨਦੇ ਹਨ ਕਿ ਇਹ ਭਾਰਤ ਵਿਚ ਅਪਣੇ ਸਿਖਰ ਤੇ ਪਹੁੰਚੀ ਅਤੇ ਇਹ ਮੰਦਰਾਂ ਦੇ ਨਿਰਮਾਣ ਦੇ ਨਾਲ ਹੀ ਤੇਜੀ ਨਾਲ ਵਧੀ। ਅਸਲ ਵਿਚ ਇਸ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਪਾਬੰਦੀ ਲਾ ਦਿੱਤੀ ਗਈ ਸੀ ਪਰ ਕਈ ਥਾਵਾਂ ਤੇ ਇਹ ਫੇਰ ਵੀ ਜਾਰੀ ਰਹੀ।

ਪਾੱਲ ਨੇ ਮੈਨੂੰ ਪੁੱਛਿਆ ਕਿ ਮੈਂ ਕਿਧਰੇ ਮੁਸਲਿਮ ਧਾਰਮਕ ਢਾਂਚੇ ਵਿਚ ਵੀ ਇਸ ਤਰ੍ਹਾਂ ਦੀ ਸਰਪ੍ਰਸਤੀ ਦੇ ਸਬੂਤ ਦੇਖੇ ਹਨ ਅਤੇ ਮੈਂ ਜਵਾਬ ਦਿੱਤਾ, 'ਨਹੀਂ, ਮੈਨੂੰ ਇਸ ਤਰ੍ਹਾਂ ਦੇ ਕੋਈ ਦਸਤਾਵੇਜ਼ ਨਹੀਂ ਮਿਲੇ ਜੋ ਇਹ ਸ਼ਾਹਦੀ ਭਰਦੇ ਹੋਣ ਕਿ ਮੁਸਲਿਮ ਧਾਰਮਕ ਚਿੰਤਕਾਂ ਜਾਂ ਸੂਫੀਆਂ ਵੱਲੋਂ ਰੰਡੀਆਂ ਨੂੰ ਭਾੜੇ ਤੇ ਕੀਤਾ ਗਿਆ, ਪ੍ਰਬੰਧ ਚਲਾਇਆ ਗਿਆ ਜਾਂ ਹੱਲਾਸ਼ੇਰੀ ਦਿੱਤੀ ਗਈ।' ਪਾਲ ਸਿੱਧਾ ਹੋ ਕੇ ਬੈਠ ਗਿਆ ਤੇ ਬੋਲਿਆ, 'ਦੇਵਦਾਸੀਆਂ ਲਈ ਘੜੀ ਗਈ ਇਹ ਭੂਮਿਕਾ ਬੜੀ ਗੁੰਝਲਦਾਰ ਸੀ। ਨੀਵੇਂ ਦਰਜੇ ਦੀਆਂ ਅਤੇ ਕੁਝ ਕਲੰਕਿਤ, ਉਨ੍ਹਾਂ ਨੂੰ ਫੇਰ ਵੀ ਸਮਾਜ ਵਿਚ ਸਤਿਕਾਰਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਇਹ ਚੰਗੀ ਤਰ੍ਹਾਂ ਨਿਸ਼ਚਿਤ ਪ੍ਰਭਾਵਕ ਭੂਮਿਕਾ ਸੀ। ਕਿਉਂਕਿ ਉਹ ਦੇਵਤਿਆਂ ਨਾਲ ਵਿਆਹੀਆਂ ਹੁੰਦੀਆਂ ਸਨ ਇਸ ਲਈ ਉਹ ਅਮਰ ਹੁੰਦੀਆਂ ਸਨ। ਉਹ ਕਦੀ ਵਿਧਵਾ ਨਹੀਂ ਹੁੰਦੀਆਂ ਸਨ। ਇਹ ਬੜੀ ਸਾਕਾਰੀ ਚੀਜ਼ ਸੀ ਅਤੇ ਉਹ ਹਮੇਸ਼ਾ ਚੰਗੀ ਕਿਸਮਤ ਅਤੇ ਖੁਸ਼ਹਾਲੀ ਲੈਕੇ ਹੀ ਪੈਦਾ ਹੁੰਦੀਆਂ ਦੱਸੀਆਂ ਜਾਂਦੀਆਂ ਸਨ।'

'ਕੀ ਤੈਨੂੰ ਪਤਾ ਏ ਇਹ ਹੋਰ ਰਵਾਇਤੀ ਵੇਸਵਾਵਾਂ ਲਈ ਵੀ ਸੱਚ ਏ, 'ਮੈਂ ਕਿਹਾ, 'ਉਹ ਵੀ ਕਲੰਕਿਤ ਹੁੰਦੀਆਂ ਸਨ ਪਰ ਨਾਲ ਹੀ ਉਨ੍ਹਾਂ ਦਾ ਸਮਾਜ ਵਿਚ ਰੁਤਬਾ ਵੀ ਹੁੰਦਾ ਸੀ। ਪਰ ਮੇਰਾ ਮੁੱਖ ਨੁਕਤਾ ਇਹ ਵੇ ਕਿ ਜਦੋਂ ਤਵਾਇਫਾਂ ਸ਼ਾਹੀ ਸਰਪ੍ਰਸਤੀ ਹੇਠ ਵਧੀਆਂ-ਫਲੀਆਂ ਨੇ ਤਾਂ ਦੇਵਦਾਸੀਆਂ ਨੂੰ ਮੰਦਰ ਦੇ ਪੁਜਾਰੀਆਂ ਦੇ ਸਵਾਰਥੀ ਹਿਤਾਂ ਨੇ ਹੱਲਾਸ਼ੇਰੀ ਅਤੇ ਇਮਦਾਦ ਦਿੱਤੀ। ਕੁਝ ਇਤਿਹਾਸਕਾਰ ਦਲੀਲ ਦਿੰਦੇ ਹਨ ਕਿ ਬਹੁਤੇ ਮੰਦਰਾਂ ਦੀ ਮਸ਼ਹੂਰੀ ਹੀ ਇਸੇ ਕਾਰਨ ਸੀ ਕਿ ਉਨ੍ਹਾਂ ਨਾਲ ਚੰਗੀਆਂ ਚਟਕ ਮਟਕ ਵਾਲੀਆਂ ਔਰਤਾਂ ਜੁੜੀਆਂ ਹੋਈਆਂ ਸਨ।'

ਪਾੱਲ ਨੇ ਹੌਕਾ ਲਿਆ ਤੇ ਬੋਲਿਆ, 'ਇਹ ਗੱਲ ਮੈਨੂੰ ਕੁਝ ਜਚਦੀ ਏ।, ਇਸ ਦਾ ਅੱਜ ਨਾਲ ਕਿਸ ਤਰ੍ਹਾਂ ਸਬੰਧ ਬਣਦਾ ਏ?'

''ਚੰਗਾ ਕੀਤਾ ਤੂੰ ਪੁੱਛ ਲਿਆ, ਮੈਂ ਦੰਦ ਕੱਢੇ, ਮੈਂ ਕਹਾਂਗੀ ਕਿ ਰੰਡੀਗਿਰੀ ਦਾ ਸਬੰਧ ਹਾਕਮ ਜਮਾਤ ਨਾਲ ਅਜੇ ਵੀ ਬਹੁਤ ਤਗੜਾ ਏ। ਜਰਾ ਹੁਣ ਦੀ ਹਾਕਮ ਜਮਾਤ ਦੀ ਬਣਤਰ ਨੂੰ ਹੀ ਵੇਖ ਲੈ।'

'ਠੀਕ ਏ', ਪਾੱਲ ਬੋਲਿਆ, 'ਅਸੀਂ ਕ'ਹਿ ਸਕਦੇ ਹਾਂ ਕਿ ਇਸ ਵਿਚ ਸਿਆਸਤਦਾਨ, ਰੋਟੀ ਦੇ ਵਪਾਰੀ, ਫੌਜੀ ਅਤੇ ਪੱਕੀ ਗੱਲ ਏ, ਅਫਸਰਸ਼ਾਹ ਵੀ ਸ਼ਾਮਿਲ ਹਨ। ਮੇਰਾ ਖਿਆਲ ਏ ਧਾਰਮਿਕ ਸਮੂਹ ਅਫਸਰਸ਼ਾਹਾਂ ਜਾਂ ਸਿਆਸਤਦਾਨਾਂ ਰਾਹੀਂ ਕਿਰਿਆਸ਼ੀਲ ਹਨ ਤੇ ਹੋ ਸਕਦਾ ਏ ਉਹ ਹਾਕਮ ਉੱਚ ਵਰਗ ਦਾ ਹਿੱਸਾ ਨਾ ਵੀ ਹੋਣ।'

'ਹਾਂ', ਮੈਂ ਗੱਲ ਤੋਰੀ', ਪਰ ਜੋ ਅਮਲ ਮੈਂ ਦੱਸਿਆ ਏ ਉਸਦੇ ਸਿੱਟੇ ਅਨੁਸਾਰ ਹੀ ਸਾਨੂੰ ਮੌਜੂਦਾ ਸਥਿਤੀ ਤੇ ਝਾਤ ਪਾਉਣੀ ਚਾਹੀਦੀ ਏ। ਇਹ ਉਸ ਦਾ ਹੀ ਸਿੱਟਾ ਏ। ਸਭ ਕੁਝ ਕਾਬੂ ਤੋਂ ਬਾਹਰ ਹੋ ਚੁੱਕਾ ਏ। ਇਹ ਸਮੂਹ ਖੜ੍ਹਾ ਕੀਤਾ ਗਿਆ ਸੀ ਕਿ ਉਹ ਇਕ ਛੋਟੀ ਤਾਕਤਵਰ ਘੱਟ ਗਿਣਤੀ ਦਾ ਸ਼ੁਗਲ ਕਰਾਵੇ ਪਰ ਜੋ ਰਵਾਇਤਾਂ ਇਸ ਨੂੰ ਸਥਿਰਤਾ ਦਿੰਦੀਆਂ ਸਨ ਉਹ ਨਹੀਂ ਰਹੀਆਂ। ਪਾਕਿਸਤਾਨੀ ਸਮਾਜ ਵੱਡੀ ਤਬਦੀਲੀ ਵਿਚੋਂ ਗੁਜ਼ਰ ਰਿਹਾ ਏ ਅਤੇ ਹਾਕਮ ਜਮਾਤਾਂ ਵਿਚ ਇਹ ਤਬਦੀਲੀ ਬੜੀ ਤਿੱਖੀ ਏ। ਆਮ ਤੌਰ ਤੇ ਸਭ ਕੁਝ ਕਾਬੂ ਤੋਂ ਬਾਹਰ ਹੋ ਚੁੱਕਾ ਏ। ਇਸ ਸਭ ਕਾਸੇ ਵਿਚ ਦੇਹ ਵਪਾਰ ਬਾਰੇ ਵਤੀਰਾ ਆਟੇ ਵਿਚ ਲੂਣ ਬਰਾਬਰ ਏ। ਪੁਲਿਸ ਦਾ ਕੰਜਰ ਜਾਂ ਮਿਰਾਸੀ ਨਾਲ ਸਬੰਧ ਉਸ ਨਾਲੋਂ ਬਿਲਕੁਲ ਵਖਰਾ ਹੀ ਏ ਜੋ ਪੁਲਿਸ ਦਾ ਵਤੀਰਾ ਸਾਡੇ ਸਮਾਜ ਦੇ ਆਮ ਲੋਕਾਂ ਨਾਲ ਏ। ਸ਼ਾਹੀ ਮੁਹੱਲੇ ਵਿਚ ਜ਼ਿਆਦਤੀ ਉਤਲੇ ਪੱਧਰ ਦੀ ਏ ਅਤੇ ਇਹ ਰੋਜ਼ ਦੀ ਰੋਜ਼ ਏ। ਪੁਲਿਸ ਦੀਆਂ ਜ਼ਿਆਦਤੀਆਂ ਤੋਂ ਪੂਰੇ ਪਾਕਿਸਤਾਨ ਵਿਚ ਹੀ ਕੋਈ ਬਚਿਆ ਹੋਇਆ ਨਹੀਂ ਏ। ਬੱਸ ਇਸ ਵਿਚ ਫਰਕ ਸਿਰਫ ਐਨਾ ਹੁੰਦਾ ਏ ਕਿ ਸਿਆਸੀ ਦਮਨ ਅਤੇ ਮਨਮਰਜ਼ੀ ਦੇ ਪ੍ਰਸ਼ਾਸ਼ਕੀ ਸ਼ੋਸ਼ਣ ਦਾ ਰੁਖ ਹਵਾ ਦੇਖ ਕੇ ਬਦਲ ਜਾਂਦਾ ਏ।

'ਸ਼ਾਹੀ ਮੁਹੱਲੇ ਦੀ ਗੁੰਝਲਦਾਰ ਸਮਾਜਕ ਬਣਤਰ ਵਿਚ ਰੰਡੀਗਿਰੀ ਦੇ ਧੰਦੇ ਉੱਤੇ ਹਾਵੀ ਰਵਾਇਤਾਂ ਖੁਦ ਹੀ ਟੁੱਟ-ਫੁੱਟ ਰਹੀਆਂ ਹਨ। ਪੁਲਿਸ ਅਤੇ ਪ੍ਰਸ਼ਾਸ਼ਨ ਤਾਂ ਉਨ੍ਹਾਂ ਨੂੰ ਸਗੋਂ ਹੋਰ ਵਧੇਰੇ ਛੇਤੀ ਖਤਮ ਹੋਣ ਵਿਚ ਮਦਦ ਹੀ ਕਰ ਰਿਹਾ ਏ ਨਹੀਂ ਤਾਂ ਉਹ ਅਜੇ ਹੋਰ ਕਾਇਮ ਰਹਿੰਦੀਆਂ ਅਤੇ ਮੈਂ ਇਹ ਵੀ ਦੱਸ ਦਿਆਂ ਕਿ ਇਸ ਨਾਲ ਸ਼ਹਿਰ ਵਿਚ ਚੱਲ ਰਹੇ ਦੇਹ ਵਪਾਰ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਆਈ। ਇਹ ਸਮਝਣ ਲਈ ਆਮ ਲੋਕਾਂ ਨੂੰ ਇਸ ਨੂੰ ਨਜ਼ਰ ਵਿਚ ਰੱਖਣਾ ਚਾਹੀਦਾ ਏ ਕਿ ਇਤਿਹਾਸ ਜਿਸ ਚੀਜ਼ ਦੇ ਹੱਕ ਵਿਚ ਰਿਹਾ ਏ ਉਸ ਦਾ ਦੂਜੇ ਵੇਲੇ ਸੌਖਿਆਂ ਹੀ ਸਫਾਇਆ ਕੀਤਾ ਜਾ ਸਕਦਾ ਏ। ਜਿਸ ਚੀਜ਼ ਨੂੰ ਉੱਚ ਵਰਗ ਨੇ ਬਣਾਇਆ ਏ ਉਸ ਨੂੰ ਉੱਚ ਵਰਗ ਹੀ ਖਤਮ ਕਰ ਸਕਦਾ ਏ। ਬਦਕਿਸਮਤੀ ਨਾਲ ਜਿਵੇਂ ਔਰੰਗਜ਼ੇਬ ਨਾਲ ਹੋਈ ਸੀ। ਦਮਨ ਦੇ ਰਵਾਇਤੀ ਉਪਰਾਲੇ ਅਕਸਰ ਉਨ੍ਹਾ ਨੂੰ ਖਤਮ ਕਰਨ ਦਾ ਸਿੱਟਾ ਨਹੀਂ ਕੱਢਦੇ ਬਲਕਿ ਉਨ੍ਹਾਂ ਦਾ ਵਿਕਾਸ ਇਕ ਨਿਰੋਲ ਨਵੇਂ ਰੂਪ ਵਿਚ ਹੋ ਜਾਂਦਾ ਹੈ ਜਿੱਥੇ ਉਨ੍ਹਾਂ ਤੇ ਨਿਯੰਤ੍ਰਣ ਬਿਲਕੁਲ ਪੂਰਾ ਹੋ ਜਾਂਦਾ ਏ।

ਕੋਠੀਖਾਨੇ ਆਬਾਦ ਹੋਣ ਵਿਚ ਜਿਨ੍ਹਾਂ ਵਿਚ ਉਹ ਕੁੜੀਆਂ ਭਰੀਆਂ ਪਈਆਂ ਹਨ ਜਿਨ੍ਹਾਂ ਨੂੰ ਇਸ ਧੰਦੇ ਵਿਚ ਜਬਰਦਸਤੀ ਪਾਇਆ ਗਿਆ ਏ ਜਾਂ ਕੁਝ ਸ਼ੌਕੀਆ ਇਸ ਧੰਦੇ ਵਿਚ ਹਨ, ਜਾਂ ਮੱਧ ਵਰਗੀ ਕੁੜੀਆਂ ਹਨ ਜੋ ਵਾਧੂ ਪੈਸਿਆਂ ਲਈ ਦੇਹ ਵਪਾਰ ਵਿਚ ਲੱਗੀਆਂ ਹੋਈਆਂ ਹਨ, ਵਿਚ ਆਧੁਨਿਕ ਉੱਚ ਵਰਗ ਦਾ ਵੀ ਹੱਥ ਏ, ਜਿਨ੍ਹਾਂ ਨੇ ਕੰਜਰਾਂ ਦੇ ਖਿਲਾਫ ਕਾਰਵਾਈ ਵਿੱਢੀ ਏ। ਜਿਨ੍ਹਾਂ ਰਵਾਇਤਾਂ ਨੂੰ ਉਹ ਖਤਮ ਕਰਨ ਵਿਚ ਰੁੱਝੇ ਹੋਏ ਹਨ, ਦੀਰਘ ਕਾਲੀ ਸਿੱਟੇ ਉਨ੍ਹਾਂ ਤੋਂ ਵੀ ਕਿਤੇ ਭਿਆਨਕ ਨਿੱਕਲਣ ਵਾਲੇ ਹਨ।' 'ਇਸ ਲਈ ਜੋ ਮੈਂ ਕਹਿ ਰਹੀ ਹਾਂ ਕਿ ਭਾਵੇਂ ਅਸੀਂ

ਇਸ ਵਿਚ ਉਹੀ ਅਤੀਤ ਵਾਲੀ ਬਣਤਰ ਨਾ ਵੇਖ ਸਕੀਏ ਜਦੋਂ ਹਾਕਮ ਜਮਾਤ ਹੀ ਰੰਡੀਗਿਰੀ ਨੂੰ ਵਧਾਉਣ ਵਿਚ ਪੂਰੀ ਦੇਣ ਪਾਉਂਦੀ ਸੀ ਪਰ ਉਸ ਵਿਚੋਂ ਥੋੜ੍ਹਾ ਬਹੁਤ ਅੱਜ ਵੀ ਸਪਸ਼ਟ ਏ ਪਰ ਸਾਨੂੰ ਅੱਜ ਦੇ ਦੌਰ ਨੂੰ ਉਸ ਪ੍ਰਾਚੀਨ ਸੰਸਥਾਗਤ ਪ੍ਰਬੰਧ ਦਾ ਸਿੱਟਾ ਹੀ ਸਮਝਣਾ ਚਾਹੀਦਾ ਏ। ਲੋਕ ਆਮ ਕਰਕੇ ਰੰਡੀਗਿਰੀ ਬਾਰੇ ਆਪਣੇ ਪੱਖਪਾਤਾਂ ਅਤੇ ਕਲਪਨਾਵਾਂ ਤੇ ਖੜ੍ਹੇ ਹਨ, ਜਿਵੇਂ ਕਿ ਇਹ ਖਾਸਤੌਰ ਤੇ ਮੁਹੱਲੇ ਵਿਚ ਚੱਲ ਰਹੀ ਏ ਪਰ ਇਹ ਧੰਦਾ ਆਮ ਲੋਕਾਂ ਦੀ ਪੁੱਜਤ ਤਕ ਆਮ ਹੋ ਗਿਆ ਏ ਤੇ ਜੰਗਲ ਦੀ ਅੱਗ ਵਾਂਗ ਫੈਲ ਰਿਹਾ ਏ।

## ਅਸਲ ਕਾਰਨ
## ਚੰਦਾ ਅਤੇ ਫੌਜ਼ਾ ਨਾਲ ਗੱਲਬਾਤ

ਮੈਂ ਆਪਣਾ ਇਤਿਹਾਸਕ ਖੋਜ ਅਧਿਐਨ ਸਮੇਟਣ ਤੋਂ ਬਾਦ ਬੇਅਰਾਮ ਜਿਹਾ ਮਹਿਸੂਸ ਕਰਨ ਲੱਗੀ। ਮੈਂ ਅਜੇ ਵੀ ਵੇਸ਼ਵਾਵਾਂ ਦੇ ਸੁਧਾਰ ਦੇ ਅਪਣੇ ਸਮਾਜ ਦੇ ਦੋਹਰੇ ਮਿਆਰਾਂ ਅਤੇ ਪਖੰਡ ਨੂੰ ਹੱਲ ਕਰਨ ਵਿਚ ਪੂਰੀ ਤਰ੍ਹਾਂ ਸਮਰਥ ਨਹੀਂ ਹੋ ਸਕੀ ਆਂ। ਉਸ ਵੇਲੇ ਤਕ ਪਾੱਲ ਅਮੀਨ ਵੀ ਪਾਕਿਸਤਾਨ ਤੋਂ ਜਾ ਚੁੱਕਾ ਸੀ। ਮੈਂ ਕੋਈ ਹੋਰ ਚਾਹੁੰਦੀ ਸਾਂ ਜੋ ਮੇਰੇ ਵਿਚਾਰਾਂ ਨੂੰ ਸੁਣ ਸਕੇ। ਸੁਧਾਰ ਦੇ ਐਨੇ ਖੁਲ੍ਹੇ ਉਪਰਾਲੇ ਕਰਨ ਦੇ ਬਾਵਜੂਦ ਵੀ ਇਹੀ ਸੁਧਾਰਕ ਫੇਰ ਕਹਿ ਦਿੰਦੇ ਨੇ ਵੇਸਵਾਵਾਂ ਦਾ ਕਦੀ ਵੀ ਸੁਧਾਰ ਨਹੀਂ ਕੀਤਾ ਜਾ ਸਕਦਾ? ਲਿਖਤਾਂ ਵਿਚੋਂ ਤਾਂ ਮੈਂ ਇਹ ਸਾਫ ਦੱਸ ਸਕਦੀ ਹਾਂ ਕਿ ਸੰਸਥਾਗਤ ਰੰਡੀਗਿਰੀ ਦਾ ਹਮੇਸ਼ਾ ਹੀ ਉੱਚ ਵਰਗੀ ਜਮਾਤਾਂ ਨਾਲ ਡੂੰਘਾ ਸੰਬੰਧ ਰਿਹਾ ਏ (ਭਾਵੇਂ ਉਹ ਹਾਕਮ ਹੋਣ, ਪ੍ਰਸ਼ਾਸ਼ਕ, ਫੌਜੀ ਲੋਕ ਜਾਂ ਧਾਰਮਕ ਆਗੂ ਹੋਣ), ਜਿਹੜੇ ਬਦਲ-ਬਦਲ ਕੇ ਇਸ ਪੇਸ਼ੇ ਨੂੰ ਹਿਮਾਇਤ, ਸੁਰੱਖਿਆ ਜਾਂ ਨੇਮ ਬੱਧ ਕਰਦੇ ਰਹੇ ਹਨ ਜਾਂ ਇਸ ਵਿਚ 'ਸੁਧਾਰ' ਕਰਦੇ ਰਹੇ ਹਨ। ਐਨਾ ਕੁ ਤਾਂ ਸਪਸ਼ਟ ਸੀ ਪਰ ਜੋ ਧੱਬਾ ਇਸ ਤੇ ਲੱਗਾ ਹੋਇਆ ਸੀ ਮੈਨੂੰ ਉਸ ਦੀ ਸਮਝ ਨਹੀਂ ਪੈ ਰਹੀ ਸੀ। ਇਕ ਅਜਿਹਾ ਦਾਗ ਜੋ ਐਨਾਂ ਗਹਿਰਾ ਸੀ ਕਿ ਇਖਲਾਕੀ ਬੰਧਨਾਂ ਦੀ ਉਲੰਘਣਾ ਕਰਨ ਵਾਲੀ ਕਿਸੇ ਵੀ ਹੋਰ ਸਮਾਜਕ ਗਤੀਵਿਧੀ ਤੇ ਨਹੀਂ ਲੱਗਦਾ ਸੀ।

ਇਕ ਸਵੇਰ ਮੈਂ ਆਪਣੇ ਇਨ੍ਹਾਂ ਵਿਚਾਰਾਂ ਬਾਰੇ ਗੱਲਬਾਤ ਕਰਨ ਲਈ ਚੰਦਾ ਦੇ ਘਰ ਜਾਣ ਦਾ ਮਨ ਬਣਾਇਆ। ਜਦੋਂ ਹੀ ਮੈ ਜਾਣ ਲੱਗੀ ਫੌਜ਼ਾ ਨੇ ਮੈਨੂੰ ਕਿਹਾ ਕਿ ਕੀ ਉਹ ਵੀ ਚੱਲ ਸਕਦੀ ਏ। ਮੈਂ ਆਪਣੀ ਸਾਰੀ ਖੋਜ ਦੌਰਾਨ ਫੌਜ਼ਾ ਨੂੰ ਮੇਰੇ ਵਿਚਾਂਰਾਂ ਨੂੰ ਹੋਰ ਸਪਸ਼ਟ ਕਰਨ ਲਈ ਵਰਤਦੀ ਰਹੀ ਹਾਂ। ਮੈਂ ਫੌਰਨ ਉਹਨੂੰ ਵੀ ਨਾਲ ਜਾਣ ਲਈ ਸੱਦ ਲਿਆ ਤੇ ਸੋਚਿਆ ਕਿ ਸ਼ਾਇਦ ਮੇਰੀ ਸੋਚ ਵਿਚ ਉਹ ਵੀ ਕੋਈ ਨਵਾਂ ਪੱਖ ਜੋੜ ਸਕੇ ਜੋ ਫਾਇਦੇਮੰਦ ਸਾਬਿਤ ਹੋਵੇ। ਪਹਿਲਾਂ ਅਸੀਂ ਉਹਦੇ ਕਾਲਜ ਗਈਆਂ ਤਾਂ ਕਿ ਉਹ ਅਪਣਾ ਕੁਝ ਕੰਮ ਮੁਕਾ ਲਵੇ ਅਤੇ ਕਰੀਬ 11 ਵਜੇ ਅਸੀਂ ਮੁਹੱਲੇ ਵੱਲ ਤੁਰ ਪਈਆਂ। ਰਾਹ ਵਿਚ ਮੈਂ ਉਸ ਨਾਲ ਉਹ ਕੁਝ ਸਾਂਝਾ ਕੀਤਾ ਜੋ ਕਦੀ ਮੇਰੇ ਗੁਰੂ ਨੇ ਮੈਨੂੰ ਕਿਹਾ ਸੀ। ਉਹ ਇਹ ਸੁਣ ਕੇ ਹੈਰਾਨ ਹੋ ਗਈ ਕਿ ਮੇਰਾ ਵੀ ਗੁਰੂ ਏ ਤੇ ਮੈਂ ਉਹਨੂੰ ਦੱਸਿਆ ਕਿ ਮੇਰੇ ਤਾਂ ਕਈ ਗੁਰੂ ਨੇ ਜੋ ਮੈਨੂੰ ਬੜੀ ਕੀਮਤੀ ਸਲਾਹ ਦਿੰਦੇ ਨੇ। ਮੈਂ ਉਹਨੂੰ ਦੱਸਿਆ ਕਿ ਇਕ ਵਾਰੀ ਮੇਰੇ ਗੁਰੂ ਨੇ ਮੈਨੂੰ ਕਿਹਾ ਸੀ ਕਿ ਜੇ ਮੈਨੂੰ ਕਿਸੇ ਸਮੱਸਿਆ ਦਾ ਹੱਲ ਸਾਫ ਨਾ ਨਜਰ ਆਉਂਦਾ ਹੋਵੇ ਤਾਂ ਮੈਂ ਆਪਣੀਆਂ ਅੱਖਾਂ ਉਦੋਂ ਤੱਕ ਬੰਦ ਕਰ ਲਵਾਂ ਜਦੋਂ ਤਕ ਕਿ ਮੇਰੀ ਨਜ਼ਰ ਧੁੰਦਲੀ ਨਹੀਂ ਪੈ ਜਾਂਦੀ ਅਤੇ ਸਿਰਫ ਉਦੋਂ ਹੀ ਮੈਂ ਉਹ ਦੇਖ ਸਕਾਂਗੀ ਜੋ ਸਭ ਤੋਂ ਮਹੱਤਵਪੂਰਨ ਏ। ਫੌਜ਼ਾ ਨੇ ਅਜੀਬ ਜਿਹੇ ਢੰਗ ਨਾਲ ਮੇਰੇ ਵੱਲ ਦੇਖਿਆ, ਇਸ ਲਈ ਮੈਂ ਸਪਸਟ ਕੀਤਾ ਕਿ ਉਹਦੇ ਕਹਿਣ ਦਾ ਮਤਲਬ ਸੀ ਕਿ ਜਦੋਂ ਅਸੀਂ ਸਭ ਕੁਝ ਸਾਫ ਦੇਖ ਰਹੇ

ਹੁੰਦੇ ਹਾਂ ਤਾਂ ਅਸੀਂ ਉਨ੍ਹਾਂ ਚੀਜ਼ਾਂ ਨੂੰ ਦੇਖਣ ਵਿਚ ਹੀ ਰੁੱਝ ਜਾਂਦੇ ਹਾਂ ਜੋ ਬਹੁਤ ਨੇੜੇ ਹੁੰਦੀਆਂ ਹਨ ਅਤੇ ਅਸੀਂ ਉਨ੍ਹਾਂ ਦੇ ਵੇਰਵਿਆਂ ਵਿਚ ਰੁੱਝੇ ਹੁੰਦੇ ਹਾਂ। ਜਦੋਂ ਅਸੀਂ ਆਪਣੀਆਂ ਅੱਖਾਂ ਮੀਟ ਕੇ ਅਪਣੀ ਨਜ਼ਰ ਨੂੰ ਧੁੰਦਲਾ ਕਰ ਲੈਂਦੇ ਹਾਂ ਤਾਂ ਸਾਨੂੰ ਤਾਣੇ-ਬਾਣੇ ਚੰਗੀ ਤਰ੍ਹਾਂ ਦਿਸਣ ਲੱਗ ਪੈਂਦੇ ਹਨ ਅਤੇ ਕਈ ਵਾਰੀ ਸਾਰੇ ਵੇਰਵਿਆਂ ਨਾਲੋਂ ਵਿਸਤ੍ਰਿਤ ਤਾਣੇ-ਬਾਣੇ ਵੇਖਣਾ ਹੀ ਵਧੇਰੇ ਅਹਿਮ ਹੁੰਦਾ ਏ। ਹ ਸਕਦਾ ਏ ਮੈਨੂੰ ਵਿਸਤ੍ਰਿਤ ਤਾਣੇ-ਬਾਣੇ ਵੇਖਣ ਦੀ ਲੋੜ ਹੋਵੇ ਅਤੇ ਸਿਰਫ ਅਪਵਾਦਾਂ ਅਤੇ ਵੇਰਵਿਆਂ ਵਿਚ ਉਲਝਣ ਦੀ ਲੋੜ ਨਾ ਹੋਵੇ।

ਅਸੀਂ ਚੰਦਾ ਦੇ ਘਰ ਪਹੁੰਚ ਗਈਆਂ। ਖੁਸ਼ਕਿਸਮਤੀ ਨਾਲ ਉਹਦੀ ਮਾਂ ਦਾਤਾ ਸਾਹਿਬ ਦੇ ਗਈ ਹੋਈ ਸੀ। ਉਹ ਅਜੇ ਉੱਠੀ ਹੀ ਸੀ ਇਸ ਲਈ ਅਸੀਂ ਉਸ ਦੇ ਬੈੱਡ ਤੇ ਹੀ ਬੈਠ ਗਈਆਂ। ਮੈਂ ਉਹਨੂੰ ਦੱਸਿਆ ਕਿ ਮੈਂ ਰੰਡੀਗਿਰੀ ਦੀਆਂ ਜੜ੍ਹਾਂ ਬਾਰੇ ਉਹਦੇ ਨਾਲ ਗੰਭੀਰ ਚਰਚਾ ਕਰਨੀ ਚਾਹੁੰਦੀ ਹਾਂ।

'ਮੈਂ ਤੈਨੂੰ ਕੀ ਦੱਸ ਸਕਦੀ ਹਾਂ?' ਉਹਨੇ ਕਿਹਾ।

'ਮੈਂ ਤਾਂ ਸਿਰਫ ਇਹੀ ਜਾਣਦੀ ਹਾਂ ਕਿ ਕਿਸੇ ਨੇ ਸਾਡੇ ਲਈ ਇਹ ਮਘੋਰਾ ਬਣਾ ਦਿੱਤਾ ਅਤੇ ਅਸੀਂ ਇਸ ਵਿਚ ਫਸੀਆਂ ਹੋਈਆਂ ਹਾਂ, ਕੋਈ ਸਵਾਲ ਨਹੀਂ ਕਰ ਸਕਦੀਆਂ। ਖੁਦਾ ਗਵਾਹ ਏ, ਅਸੀਂ ਇਹ ਨਹੀਂ ਚੁਣਿਆ ਸੀ। ਇਹ ਭੂਮਿਕਾ ਤਾਂ ਸਾਡੇ ਤੇ ਥੋਪੀ ਗਈ ਏ। ਮੈਨੂੰ ਕਿਹਾ ਗਿਆ ਸੀ ਕਿ ਚੰਗੀ ਧੀ ਬਣਨ ਲਈ ਮੈਨੂੰ ਅਪਣਾ ਧੰਦਾ ਠੀਕ ਤਰ੍ਹਾਂ ਕਰਨਾ ਚਾਹੀਦਾ ਏ ਅਤੇ ਅਪਣੀ ਮਾਂ ਨੂੰ ਖੁਸ਼ ਰੱਖਣਾ ਚਾਹੀਦਾ ਏ। ਮੈਂ ਪੂਰੀ ਦਿਆਨਤ ਨਾਲ ਇਹੀ ਕਰ ਰਹੀ ਹਾਂ, ਪਰ ਮੈਂ ਇਹ ਖੁਦ ਲਈ ਚੁਣਿਆਂ ਕਦੀ ਨਹੀਂ,'

'ਚੰਦਾ', ਮੈਂ ਜਵਾਬ ਦਿੱਤਾ, 'ਜੋ ਤੂੰ ਹੁਣੇ ਕਿਹਾ ਏ ਇਹ ਬੜਾ ਅਹਿਮ ਏ। ਤੂੰ ਸਮਝਦੀ ਏਂ ਇਹ?'

ਉਹ ਨਾਸਮਝੀ ਜਿਹੀ ਨਾਲ ਮੁਸਕਰਾਈ। ਅਪਣੀ ਬੈੱਡ ਸ਼ੀਟ ਦੇ ਵੱਟ ਕੱਢਦੀ ਹੋਈ ਨੇ ਉਹਨੇ ਫੈਜ਼ਾ ਨੂੰ ਹੋਰ ਅਰਾਮ ਨਾਲ ਬੈੱਡ ਤੇ ਬੈਠ ਜਾਣ ਲਈ ਕਿਹਾ।

ਮੈਂ ਬੋਲੀ, 'ਮੈਂ ਇਸ ਸਭ ਕਾਸੇ ਬਾਰੇ ਬੜਾ ਸੋਚਦੀ ਰਹੀ ਹਾਂ ਅਤੇ ਜੋ ਲੋਕਾਂ ਨੇ ਇਸ ਬਾਰੇ ਲਿਖਿਆ ਏ ਉਹ ਵੀ ਪੜ੍ਹਦੀ ਰਹੀ ਹਾਂ। ਇਹ ਸਾਰਾ ਕੁਝ ਮੈਨੂੰ ਪਿਤਰੀਤਵ ਨਾਲ ਜੋੜਦਾ ਲੱਗਦਾ ਏ।'

'ਇਹ ਪਿਤਰੀਤਵ ਕੀ ਹੁੰਦਾ ਏ, ਫੌਜੀਆ?' ਉਹਨੇ ਪੁੱਛਿਆ। ਫੌਜਾ ਬੋਲੀ, 'ਇਹ ਮਰਦ ਦੇ ਹਾਵੀ ਪੁਣੇ ਦਾ ਤੰਤਰ ਹੁੰਦਾ ਏ ਜਿੱਥੇ ਧੁਰਾ ਮਰਦ ਹੁੰਦੇ ਨੇ।

ਠੀਕ ਏ ਬਾਜੀ?'

'ਹਾਂ', ਮੈਂ ਸਿਰ ਹਿਲਾਇਆ, 'ਪਿਤਰੀਤਵ ਇਕ ਸਮਾਜਕ ਤੰਤਰ ਏ ਜੋ ਮਰਦ ਦੇ ਵੰਸ਼ ਤੇ ਆਧਾਰਤ ਏ ਜਿਥੇ ਕਿਸੇ ਵੀ ਸਮਾਜਕ ਇਕਾਈ ਦਾ ਮੁਖੀ ਮਰਦ ਹੁੰਦਾ ਏ-ਪਰਿਵਾਰ, ਗਵਾਂਢ, ਪਿੰਡ ਜਾਂ ਦੇਸ਼ ਦਾ! ਅਸਲ ਵਿਚ ਇਸ ਤੰਤਰ ਦੀ ਧੁਰੀ ਹੀ ਇਹ ਮਰਦ ਏ-ਤਾਂ ਕਿ ਉਹ ਆਪਣੇ ਜੀਨਾਂ ਦੀ ਨਿਰੰਤਰਤਾ ਨੂੰ ਕਾਇਮ ਰੱਖੇ ਤਾਂ ਕਿ ਉਹ ਅਗਲੀ ਪੀੜ੍ਹੀ ਵਿਚ ਉਸ ਨੂੰ ਲੈ ਜਾਣ। ਉਸ ਨੇ ਇਸ ਨੂੰ ਯਕੀਨੀ ਬਣਾਉਣ ਲਈ ਹੀ ਇਹ ਤੰਤਰ ਰਚਿਆ ਏ।

ਚੰਦਾ ਨੇ ਗੱਲ ਤੋਰੀ, 'ਤਾਂ ਫੇਰ, ਮੂਲ ਰੂਪ ਵਿਚ ਇਹ ਤੰਤਰ ਮਰਦ ਨੇ ਆਪਣੇ ਲਈ ਹੀ

ਰਚਿਆ ਏ?'

ਝਿਜਕ ਜਿਹੀ ਨਾਲ ਮੈਂ ਜਵਾਬ ਦਿੱਤਾ: 'ਨਹੀਂ , ਇੰਝ ਨਹੀਂ ਹੈ ਕਿ ਕਿਸੇ ਨਿਸ਼ਚਿਤ ਵਿਅਕਤੀ ਨੇ ਇਕੱਲੇ ਹੀ ਇਹ ਯੋਜਨਾ ਘੜ ਲਈ ਹੋਵੇ ਅਤੇ ਜਾਣ-ਬੁਝ ਕੇ ਔਰਤਾਂ ਨੂੰ ਵੱਖਰਾ ਛੱਡ ਦਿੱਤਾ ਹੋਵੇ, ਬਲਕਿ ਇਹ ਤੰਤਰ ਸਦੀਆਂ ਵਿਚ ਵਿਕਸਿਤ ਹੋਇਆ ਏ, ਇਨ੍ਹਾਂ ਹੀ ਮਰਦਾਂ ਦੇ ਪ੍ਰਭਾਵ ਥੱਲੇ ਜੋ ਸੱਤਾ ਤੇ ਕਾਬਜ਼ ਰਹੇ ਹਨ। ਜਰੂਰੀ ਨਹੀਂ ਕਿ ਸਾਰੇ ਮਰਦਾਂ ਲਈ ਵੀ ਇਹ ਠੀਕ ਹੋਵੇ ਪਰ ਇਸਦਾ ਫਾਇਦਾ ਉਨ੍ਹਾਂ ਮਰਦਾਂ ਨੂੰ ਤਾਂ ਹੁੰਦਾ ਈ ਜੋ ਸੱਤਾ ਵਿਚ ਹੁੰਦੇ ਹਨ।'

ਫੌਜ਼ਾ ਵੀ ਇਸ ਤੇ ਪੂਰਾ ਧਿਆਨ ਕੇਂਦਰਤ ਕਰ ਰਹੀ ਸੀ। ਬੁਨਿਆਦੀ ਰੂਪ ਵਿਚ ਜੇ ਅਸੀਂ ਪਿਤਰੀਤਵ ਦਾ ਵਿਸ਼ਲੇਸ਼ਣ ਦੇਹ ਵਪਾਰ ਦੇ ਧੰਦੇ ਦੇ ਸੰਦਰਭ ਵਿਚ ਕਰੀਏ ਤਾਂ ਅਸੀਂ ਇਹ ਸਵਾਲ ਕਰ ਸਕਦੇ ਹਾਂ, '' ਇਹ ਤੰਤਰ ਕਿਸ ਦੀ ਸੇਵਾ ਲਈ ਏ?'' ਤਾਂ ਜਵਾਬ ਹੋਵੇਗਾ ਮਰਦ ਜੋ ਸਤਾ ਵਿੱਚ ਨੇ, ਠੀਕ?''

'ਬਹੁਤ ਚੰਗਾ, ਫੈਜ਼ਾ, ਬਹੁਤ ਚੰਗਾ! ਇਸ ਤੇ ਨਜ਼ਰ ਮਾਰਨ ਦਾ ਇਹ ਦੂਜਾ ਢੰਗ ਵੀ ਏ।' ਮੈਂ ਕਿਹਾ।

'ਹੁਣ ਦੱਸ ਕਿ ਤੇਰਾ ਜੀਨਜ਼ ਦੇ ਤਬਾਦਲੇ ਤੋਂ ਕੀ ਮਤਲਬ ਏ?' ਚੰਦਾ ਨੇ ਸ਼ਰਾਰਤੀ ਮੁਸਕਾਨ ਨਾਲ ਪੁੱਛਿਆ, 'ਇਹਦੇ ਬਾਰੇ ਮੈਨੂੰ ਦੱਸ।'

'ਪਿਤਰੀਤਵੀ ਸਮਾਜ ਵਿੱਚ, ਵੰਸ਼ ਮਰਦ ਤੋਂ ਚੱਲਦਾ ਏ।' ਮੈਂ ਕਹਿਣਾ ਸ਼ੁਰੂ ਕੀਤਾ।' ਬੱਚੇ ਉਹਦੇ ਹੁੰਦੇ ਨੇ; ਉਨ੍ਹਾਂ ਨੂੰ ਉਸ ਦਾ ਨਾਂ ਮਿਲਦਾ ਏ, ਉਸ ਦਾ ਰੁਤਬਾ, ਉਸ ਦਾ ਧਰਮ ਤੇ ਉਸ ਦੀ ਜਾਇਦਾਦ। ਇਸੇ ਲਈ ਇਕ ਔਰਤ ਮਰਦ ਦੇ ਘਰ ਜਾ ਕੇ ਵੱਸਦੀ ਏ ਨਾ ਕਿ ਮਰਦ ਔਰਤ ਦੇ ਘਰ। ਉਹ ਉਸੇ ਦਾ ਨਾਂ ਅਪਣਾਅ ਲੈਂਦੀ ਏ ਅਤੇ ਸਾਰੇ ਬੱਚਿਆਂ ਨੂੰ ਮਰਦ ਦਾ ਨਾਂ ਮਿਲਦਾ ਏ। ਮੈਂ ਤੈਨੂੰ ਕੁਝ ਹੋਰ ਵੀ ਦੱਸਾਂਗੀ। ਇਕ ਦਿਨ ਜਦੋਂ ਮੈਂ ਨਿੱਕੀ ਸਾਂ, ਮੇਰਾ ਅੱਬਾ ਮੇਰੀ ਦਾਦੀ ਦੀਆਂ ਪੁਰਾਣੀਆਂ ਚੀਜ਼ਾਂ ਦੇਖ ਰਿਹਾ ਸੀ ਅਤੇ ਉਸਨੂੰ ਪਰਿਵਾਰ ਦੇ ਪੁਰਖਿਆਂ ਦੇ ਨਾਵਾਂ ਦਾ ਇਕ ਦਸਤਾਵੇਜ ਮਿਲ ਗਿਆ ਜਿਸ ਵਿਚ ਸਾਡੇ ਪਰਿਵਾਰ ਦੀਆਂ ਸੱਤ ਪੁਸ਼ਤਾਂ ਦੇ ਨਾਂ ਲਿਖੇ ਹੋਏ ਸਨ। ਮੈਂ ਬੜੀ ਉਤੇਜਿਤ ਸੀ ਤੇ ਬਾਰ ਬਾਰ ਪੁੱਛ ਰਹੀ ਸੀ, 'ਮੈਨੂੰ ਦੱਸੋ, ਮੈਨੂੰ ਦੱਸੋ ਇਸ ਵਿਚ ਮੈਂ ਕਿਹੜੀ ਹਾਂ?' ਮੈਨੂੰ ਇਹ ਦੇਖ ਕੇ ਬੜੀ ਨਿਰਾਸ਼ਾ ਹੋਈ ਕਿ ਉਸ ਵਿਚ ਕਿਤੇ ਵੀ ਕਿਸੇ ਔਰਤ ਦਾ ਨਾਂ ਨਹੀਂ ਸੀ। ਮੇਰੇ ਭਰਾ ਦਾ ਲਿਖਿਆ ਹੋਇਆ ਸੀ। ਅਸੀਂ ਕੋਈ ਵੀ ਭੈਣ ਉਸ ਵਿੱਚ ਕਿਧਰੇ ਨਹੀਂ ਸਾਂ।'

ਫੈਜ਼ਾ ਨੇ ਪੁੱਛਿਆ, 'ਕਈ ਪੱਛਮੀ ਦੇਸ਼ਾਂ ਵਿੱਚ ਕੀ ਉਹ ਅੱਜ ਕੱਲ੍ਹ ਵੰਸ ਬਿਰਛ ਵਿੱਚ ਪਤਨੀਆਂ ਅਤੇ ਕੁੜੀਆਂ ਦੇ ਨਾਂ ਵੀ ਨਹੀਂ ਸ਼ਾਮਲ ਕਰਨ ਲੱਗ ਪਏ?'

'ਹਾਂ, ਪਰ ਵੰਸ਼ ਅਜੇ ਵੀ ਮਰਦ ਦੇ ਅਨੁਸਾਰ ਹੀ ਚੱਲਦਾ ਏ। ਪੱਛਮੀ ਸਮਾਜਾਂ ਵਿੱਚ ਔਰਤਾਂ ਬਹੁਤ ਹੀ ਕਸਬੀ ਬਣ ਗਈਆਂ ਨੇ ਪਰ ਬਹੁਤੀਆਂ ਅਜੇ ਵੀ ਵਿਆਹ ਤੋਂ ਬਾਅਦ ਨਾਂ ਬਦਲ ਲੈਂਦੀਆਂ ਨੇ ਅਤੇ ਹੋਰ ਵੀ ਪੁੱਠਾ ਗੇੜ ਏ ਕਿ ਉਹ ਹਰੇਕ ਹੋਰ ਹਰੇਕ ਪਤੀ ਨਾਲ ਹੀ ਆਪਣਾ ਨਾਂ ਬਦਲ ਲੈਂਦੀਆਂ ਨੇ। ਅੰਗਰੇਜ਼ਾਂ ਨੇ ਹੀ ਆਦਮੀ ਦਾ ਨਾਂ ਅਪਨਾਉਣ ਦੀ ਇਹ ਰਵਾਇਤ ਦੱਖਣੀ ਏਸ਼ੀਆ ਵਿਚ ਲਿਆਂਦੀ ਏ।'

ਫੈਜ਼ਾ ਨੇ ਹਵਾ ਨੂੰ ਘੂਰਦੀ ਨੇ ਕਿਹਾ।' ਮੈਨੂੰ ਇਸ ਦਾ ਥੋੜ੍ਹਾ ਬਹੁਤ ਤਾਂ ਪਤਾ ਸੀ, ਪਰ ਤੈਨੂੰ

ਪਤਾ ਈ ਏ ਅਸੀਂ ਇਸ ਬਾਰੇ ਕਦੀ ਬਹੁਤਾ ਨਹੀਂ ਸੋਚਿਆ! ਅਸੀਂ ਤਾਂ ਉਸ ਨੂੰ ਤੈਅਸ਼ੁਦਾ ਹੀ ਮੰਨਦੀਆਂ ਹਾਂ।

ਚੰਦਾ ਬੋਲੀ।' ਪਰ ਸਾਡੇ ਸਮਾਜ ਵਿਚ ਤਾਂ ਸਭ ਕੁਝ ਇਸਦੇ ਉਲਟ ਏ। ਮਾਂ ਹੀ ਸਭ ਤੋਂ ਅਹਿਮ ਹੁੰਦੀ ਏ।'

'ਹਾਂ, ਚੰਦਾ, ਤੁਹਾਡਾ ਇਕ ਵਿਸ਼ੇਸ਼ ਦੱਖਣੀ ਏਸ਼ੀਆਈ ਉੱਪ ਸੱਭਿਆਚਾਰ ਏ। ਅਸੀਂ ਉਹਦੀ ਵੀ ਗੱਲ ਕਰਾਂਗੇ ਪਰ ਅਸੀਂ ਪਹਿਲਾਂ ਵਿਸਤ੍ਰਿਤ ਤੰਤਰ ਨੂੰ ਦੇਖ ਲਈਏ। ਬਾਦ ਵਿਚ ਅਸੀਂ ਨੁਕਤਾ ਲੱਭਾਂਗੀਆਂ ਕਿ ਤੁਹਾਡਾ ਤੰਤਰ ਬਾਕੀ ਦਿਆਂ ਨਾਲੋਂ ਕਿਉਂ ਵੱਖਰਾ ਏ ਜਾਂ ਕਿ ਕੀ ਇਹ ਭਿੰਨ ਹੈ ਵੀ। ਪਿਤਰਤਵੀ ਤੰਤਰ ਵਿਸਤ੍ਰਿਤ ਸਮਾਜ ਵਿਚ ਵਿਆਪਤ ਏ। ਹੁਣ ਆਉ ਅਸੀਂ ਖੁਦ ਤੋਂ ਪੁੱਛੀਏ, ਨਵੀਂ ਪੀੜ੍ਹੀ ਵਿਚ ਜੀਨਜ਼ ਦੇ ਤਬਾਦਲੇ ਲਈ ਆਖ਼ਰ ਮਰਦ ਕਰਦਾ ਕੀ ਏ?'

ਫੈਜ਼ਾ ਨੇ ਕਿਹਾ, ''ਉਹ ਵਿਆਹ ਕਰਵਾਉਂਦਾ ਏ।'

'ਠੀਕ ਏ, ਮੈਂ ਗੱਲ ਜਾਰੀ ਰੱਖੀ।' ਇਸ ਤਰ੍ਹਾਂ ਵਿਆਹ ਦਾ ਤੰਤਰ ਇਸ ਲਈ ਸਥਾਪਿਤ ਕੀਤਾ ਗਿਆ ਤਾਂ ਕਿ ਉਹ ਕਿਸੇ ਔਰਤ ਨਾਲ ਪਤਨੀ ਦਾ ਰਿਸ਼ਤਾ ਕਾਇਮ ਕਰ ਸਕੇ ਅਤੇ ਇਹ ਰਿਸ਼ਤਾ ਸਮਾਜਕ ਤੌਰ ਤੇ ਜਸ਼ਨਾਂ ਅਤੇ ਗੀਤਾਂ ਨਾਲ ਐਲਾਨਿਆਂ ਜਾਂਦਾ ਏ। ਇਹ ਇਕ ਜਨਤਕ ਐਲਾਨ ਹੁੰਦਾ ਏ ਕਿ ਔਰਤ ਆਪਣੇ ਪਿਉ ਦੇ ਵੰਸ਼ ਤੋਂ ਚਲੀ ਗਈ ਏ ਅਤੇ ਆਦਮੀ ਦੇ ਪਰਿਵਾਰ ਵਿਚ ਸ਼ਾਮਿਲ ਹੋ ਗਈ ਏ। ਇਸ ਤਰ੍ਹਾਂ ਹੁਣ ਉਹ 'ਪਾਤਰ' ਨਹੀਂ ਰਹੀ ਏ, ਅਸੀਂ ਕਹਿ ਲਈਏ, ਉਸ ਨੂੰ ਕੋਈ ਆਦਮੀ ਵਿਆਹ ਕੇ ਲੈ ਗਿਆ ਏ।''

'ਬਿਲਕੁਲ', ਫੈਜ਼ਾ ਨੇ ਕਿਹਾ।' ਇਸੇ ਲਈ ਤਾਂ ਸਾਡੇ ਸੱਭਿਆਚਾਰ ਵਿਚ ਕੁੜੀ ਦੇ ਘਰਵਾਲੇ ਰੋਂਦੇ ਨੇ ਕਿਉਂਕਿ ਉਨ੍ਹਾਂ ਦੀ ਕੁੜੀ ਵਿਛੜ ਰਹੀ ਹੁੰਦੀ ਏ ਤੇ ਮੁੰਡੇ ਦੇ ਘਰ ਵਾਲੇ ਜ਼ਸਨ ਮਨਾ ਰਹੇ ਹੁੰਦੇ ਨੇ, ਕਿਉਂਕਿ ਉਨ੍ਹਾਂ ਨੂੰ ਨੂੰਹ ਮਿਲ ਰਹੀ ਹੁੰਦੀ ਏ। ਉਹ ਆਪਣੇ ਘਰ ਪਰਿਵਾਰ ਨੂੰ ਛੱਡ ਕੇ ਆਪਣੇ ਪਤੀ ਤੇ ਘਰ ਵਿਚ ਜਾ ਰਹੀ ਹੁੰਦੀ ਏ।'

ਚੰਦਾ ਵੀ ਬੋਲ ਪਈ।' ਵਿਆਹ ਇਸ ਗੱਲ ਦਾ ਵੀ ਤਾਂ ਐਲਾਨ ਏ ਕਿ ਹੁਣ ਔਰਤ ਦਾ ਇਕ ਪਤੀ ਏ।'

'ਹਾਂ, ਬਿਲਕੁਲ।' ਮੈਂ ਸਹਿਮਤੀ ਜਤਾਈ। 'ਜੇ ਅਸੀਂ ਕੱਚੇ ਜਿਹੇ ਤੌਰ ਤੇ ਵੇਖੀਏ ਤਾਂ ਔਰਤ ਤਾਂ ਸਿਰਫ਼ ਬੱਚਾ ਜੰਮਣ ਵਾਲਾ ਇਕ ਭਾਂਡਾ ਹੀ ਏ। ਹੁਣ ਉਹ ਉਹਦੀ ਹੋ ਗਈ ਏ ਇਸ ਲਈ ਉਹਦੀ ਜ਼ਿੰਮੇਵਾਰੀ ਹੈ ਕਿ ਉਹ ਪਾਕ ਰਹੇ ਅਤੇ ਸਿਰਫ ਉਹਦੇ ਜੀਨਜ਼ ਹੀ ਧਾਰਨ ਕਰੇ, ਕਿਸੇ ਹੋਰ ਦੇ ਨਹੀਂ। ਤਾਂ ਫੇਰ ਉਹ ਕੀ ਕਰਦਾ ਏ?'

ਫੈਜ਼ਾ ਬੋਲੀ।' ਉਹ ਉਸ ਉੱਤੇ ਇਖ਼ਲਾਕ ਦਾ ਬੋਝ ਲੱਦ ਦਿੰਦਾ ਏ। ਉਹ ਉਸ ਨੂੰ ਖੁਦ ਲਈ ਪਾਕ ਰੱਖਣਾ ਚਾਹੁੰਦਾ ਏ। ਉਹ ਚਾਹੁੰਦਾ ਹੈ ਕਿ ਉਹ ਸਿਮਟੀ ਰਹੇ, ਬਹੁਤਾ ਬਾਹਰ ਨਾ ਜਾਵੇ, ਬਹੁਤਾ ਬੋਲੇ ਨਾ, ਬਹੁਤਾ ਲੋਕਾਂ ਦੇ ਸਾਹਮਣੇ ਨਾ ਆਵੇ, ਤੇ ਬਹੁਤਾ ਸਫਰ ਨਾ ਕਰੇ। ਉਹ ਨਹੀਂ 'ਚਾਹੁੰਦਾ ਕਿ ਉਹ ਬਹੁਤੀ ਚੁਸਤ ਹੋਵੇ, ਬਹੁਤੀ ਪੜ੍ਹੀ ਲਿਖੀ ਹੋਵੇ ਤੇ ਬਹੁਤੀ ਸਮਰੱਥ ਹੋਵੇ,ਠੀਕ?'' ਫੈਜ਼ਾ ਪਿੱਛੇ ਨੂੰ ਲੇਟ ਗਈ ਤੇ ਆਪਣੇ ਵਿਚਾਰਾਂ ਵਿਚ ਖੋ ਗਈ। ਫੇਰ ਉਹ ਸਿੱਧੀ ਉੱਠ ਬੈਠੀ ਤੇ ਬੋਲੀ, 'ਬਾਜੀ, ਵਿਆਹ ਲਈ ਚੁਣਨ ਵੇਲੇ ਤਾਂ ਹੀ ਦੱਬੂ ਔਰਤ ਨੂੰ ਚੁਣਿਆ ਜਾਂਦਾ ਏ, ਠੀਕ ਏ ਨਾਂ। ਮਰਦ ਅਜਿਹੀ ਔਰਤ ਚਾਹੁੰਦੇ ਹਨ ਜੋ ਕਾਬੂ ਰਹਿ ਸਕੇ। ਜਦੋਂ ਵੀ ਕੋਈ

ਪਰਿਵਾਰ ਆਪਣੀ ਸੰਭਾਵੀ ਨੂੰਹ ਦੇ ਤੌਰ ਤੇ ਮੈਨੂੰ ਦੇਖਣ ਆਉਂਦਾ ਏ ਤਾਂ ਮੇਰੀ ਅੰਮੀ ਮੈਨੂੰ ਬੋਲਣ ਤੋਂ ਮਨ੍ਹਾਂ ਕਰ ਦਿੰਦੀ ਏ ਜਦੋਂ ਕਿ ਮੈਥੋਂ ਕੋਈ ਸਿੱਧਾ ਸਵਾਲ ਨਹੀਂ ਪੁੱਛਿਆ ਜਾਂਦਾ। ਮੈਨੂੰ ਕਿਹਾ ਜਾਂਦਾ ਏ ਕਿ ਮੈਂ ਸਿਰਫ਼ ਉਹਦਾ ਜਵਾਬ ਦਿਆਂ ਜੋ ਪੁੱਛਿਆ ਜਾਂਦਾ ਏ ਤੇ ਗੱਲਬਾਤ ਨੂੰ ਅੱਗੇ ਨਾ ਚਲਾਵਾਂ। ਤਾਂ ਹੀ ਇਹ ਕਿਹਾ ਜਾਂਦਾ ਏ?'

ਚੰਦਾ ਨੇ ਸਹਿਮਤੀ ਜਤਾਈ।'' ਤੂੰ ਸੁਣਿਆ ਨਹੀਂ ਕਿ ਪਾਕਿਸਤਾਨੀ ਲੋਕ ਜਦੋਂ ਵਿਦੇਸ ਜਾਂਦੇ ਨੇ ਤਾਂ ਉਹ ਪੱਛਮੀ ਔਰਤਾਂ ਦੇ ਦੁਆਲੇ ਚਕਰਾਉਂਦੇ ਫਿਰਦੇ ਨੇ ਪਰ ਜਦੋਂ ਵਿਆਹ ਕਰਵਾਉਣਾ ਹੁੰਦਾ ਏ ਤਾਂ ਆਪਣੀ ਆਪਣੀ ਅੰਮੀ ਕੋਲ ਮੁੜ ਆਉਂਦੇ ਨੇ ਤੇ ਆਪਣੇ ਤੋਂ ਅੱਧੀ ਉਮਰ ਦੀ ਕੁੜੀ ਨਾਲ ਨਿਕਾਹ ਕਰ ਲੈਂਦੇ ਨੇ ਜਿਸਨੇ ਪਹਿਲਾਂ ਕਦੀ ਮਰਦ ਦਾ ਮੂੰਹ ਨਾ ਦੇਖਿਆ ਹੋਵੇ ਅਤੇ ਜੋ ਆਪਣੇ ਸ਼ਹਿਰੋਂ ਵੀ ਬਾਹਰ ਨਾ ਗਈ ਹੋਵੇ।' ਉਹ ਖਿੜ ਖਿੜਾ ਕੇ ਹੱਸ ਪਈ।

ਜਦੋਂ ਮੈਂ ਅਮਰੀਕਾ ਵਿੱਚ ਪੜ੍ਹਦੀ ਸਾਂ ਤਾਂ ਮੈਂ ਬਿਲਕੁਲ ਇਹੀ ਚੀਜ਼ ਦੇਖੀ ਸੀ, 'ਮੈਂ ਪੁਸ਼ਟੀ ਕੀਤੀ।

ਫੈਜ਼ਾ ਗੱਲ ਕਰਦੀ ਰਹੀ।' ਨੈਤਿਕਤਾ ਔਰਤਾਂ ਲਈ ਏ, ਪਰ ਮਰਦ ਦੇ ਵਿਹਾਰ ਦੇ ਮਿਆਰ ਦੀ ਕਦੀ ਕੋਈ ਗੱਲ ਨਹੀਂ ਕਰਦਾ। ਮਰਦ ਇਸ ਤਰ੍ਹਾਂ ਗੱਲ ਕਰਦੇ ਨੇ ਜਿਵੇਂ ਉਹੀ ਔਰਤ ਦੇ ਵਿਹਾਰ ਦੇ ਸਰਬਰਾਹ ਹੋਣ ਤੇ ਔਰਤਾਂ ਨੂੰ ਕਦੀ ਵੀ ਮਰਦਾਂ ਦੇ ਵਿਹਾਰ ਦੀਆਂ ਸਰਬਰਾਹ ਨਹੀਂ ਸਮਝਿਆ ਜਾਂਦਾ। ਨੈਤਿਕ ਤੰਤਰ ਦੀ ਸਥਾਪਤੀ ਦਾ ਕਾਰਨ ਹੀ ਇਹ ਜਾਪਦਾ ਏ ਕਿ ਔਰਤ ਦੇ ਵਿਹਾਰ ਨੂੰ ਕਾਬੂ ਵਿੱਚ ਰੱਖਿਆ ਜਾਵੇ ਅਤੇ ਸਭ ਤੋਂ ਵੱਧ ਕੇ ਉਹਦੀ ਕਾਮੁਕਤਾ ਨੂੰ। ਬਾਹਰ ਜਾਣ ਵਾਲੀਆਂ ਔਰਤਾਂ ਤੋਂ ਮਰਦ ਖਤਰਾ ਮਹਿਸੂਸ ਕਰਦੇ ਨੇ ਅਤੇ ਡਰਦੇ ਨੇ ਕਿ ਜੇ ਅਜਿਹੀ ਔਰਤ ਉਨ੍ਹਾਂ ਦੀ ਪਤਨੀ ਬਣ ਗਈ ਤਾਂ ਹੋ ਸਕਦਾ ਏ ਕਿ ਉਹ ਕਿਸੇ ਹੋਰ ਮਰਦ ਤਕ ਪਹੁੰਚ ਬਣਾ ਲਏ ਤੇ ਉਨ੍ਹਾਂ ਲਈ ਨਾਪਾਕ ਹੋ ਜਾਵੇ।

ਫੈਜ਼ਾ ਨੇ ਖੁਰਵੇਂ ਜਿਹੇ ਢੰਗ ਨਾਲ ਕਿਹਾ, ' ਯਾ ਅੱਲ੍ਹਾ! ਜ਼ਰਾ ਅੰਦਾਜ਼ਾ ਤਾਂ ਲਾ, ਭਾਂਡਾ ਉਹਦਾ ਹੋਵੇ ਤੇ ਜੀਨਜ਼ ਕਿਸੇ ਹੋਰ ਮਰਦ ਦੇ ਚੁੱਕੀ ਫਿਰੇ!' ਅਸੀਂ ਸਾਰੀਆਂ ਹੱਸ ਪਈਆਂ।

ਮਰਦਾਂ ਨੇ ਇਹ ਨੈਤਿਕਤਾ ਔਰਤਾਂ ਨੂੰ ਕਾਬੂ ਰੱਖਣ ਲਈ ਘੜੀ ਏ।' ਮੈਂ ਕਿਹਾ, 'ਅਤੇ ਇਸ ਵਿਚ ਮਦਦ ਕਰਨ ਲਈ ਧਰਮ ਨੂੰ ਵਰਤਿਆ। ਬਹੁਤੇ ਧਾਰਮਿਕ ਗ੍ਰੰਥਾਂ ਵਿੱਚ ਔਰਤਾਂ ਦੇ ਢੁਕਵੇਂ ਵਿਹਾਰ ਤੇ ਹੀ ਧਿਆਨ ਕੇਂਦਰਤ ਕੀਤਾ ਹੁੰਦਾ ਏ, ਆਪਣੇ ਸਰੀਰ ਢਕ ਕੇ ਰੱਖਣ, ਨਜ਼ਰ ਨੀਵੀਂ ਰੱਖਣ। ਕੋਈ ਵੀ ਇਸ ਤਰ੍ਹਾਂ ਦੀਆਂ ਰਹੁ ਰੀਤਾਂ ਦੀ ਗੱਲ ਨਹੀਂ ਕਰਦਾ ਜਿਸ ਨਾਲ ਮਰਦਾਂ ਦੇ ਵਿਹਾਰ ਤੇ ਕਾਬੂ ਰੱਖਿਆ ਜਾ ਸਕੇ।'

ਚੰਦਾ ਨੇ ਸਹਿਤੀ ਜਤਾਈ।' ਨੈਤਿਕਤਾ ਬਾਰੇ ਆਖੀ ਗਈ ਤੇਰੀ ਇਹ ਗੱਲ ਮੈਨੂੰ ਬੜੀ ਪਸੰਦ ਆਈ ਏ। ਮੈਂ ਹਮੇਸ਼ਾਂ ਹੀ ਧਾਰਮਿਕ ਲੋਕਾਂ ਤੇ ਹੱਸਦੀ ਹੁੰਦੀ ਹਾਂ, ਇਨ੍ਹਾਂ ਦਾ ਇਲਜ਼ਾਮ ਤਾਂ ਔਰਤਾਂ ਤੇ ਹੀ ਮੁੱਕਦਾ ਏ। ਉਹ ਔਰਤਾਂ ਤੇ ਵੱਧ ਤੋਂ ਵੱਧ ਪਾਬੰਦੀਆਂ ਲਾਉਂਦੇ ਰਹਿੰਦੇ ਨੇ। ਉਹ ਕਦੀ ਵੀ ਅਖ਼ਬਾਰਾਂ ਨੂੰ ਮਰਦਾਂ ਦੇ ਭਰਿਸ਼ਟਾਚਾਰ ਦੀਆਂ ਗੱਲਾਂ ਨਹੀਂ ਦੱਸਦੇ ਹਾਲਾਂਕਿ ਸਾਡੇ ਗਾਹਕ ਸਾਰੇ ਹੀ ਮਰਦ ਹੁੰਦੇ ਨੇ ਉਹ ਉਨ੍ਹਾਂ ਬਾਰੇ ਇੱਕ ਵੀ ਗੱਲ ਨਹੀਂ ਕਰਦੇ। ਜੇ ਕੋਈ ਕੁੜੀ ਆਪਣੇ ਪਰਿਵਾਰ ਦੀ ਮਰਜ਼ੀ ਦੇ ਖਿਲਾਫ ਵਿਆਹ ਕਰਵਾਉਣਾ ਚਾਹੁੰਦੀ ਏ, ਜੋ ਉਸ ਦਾ ਕਾਨੂੰਨੀ ਹੱਕ ਵੀ ਏ, ਤਾਂ ਉਹ ਟੁੱਟ ਕੇ ਪੈਂਦੇ ਨੇ ਤੇ ਗੈਰ-ਮੁਸਲਿਮ ਗਰਦਾਨ ਦਿੰਦੇ ਨੇ।

ਉਹ ਹਰ ਵੇਲੇ ਚਾਹੁੰਦੇ ਹਨ ਕਿ ਔਰਤਾਂ ਛੁਪੀਆਂ ਹੀ ਰਹਿਣ। ਔਰਤਾਂ ਦੇ ਸਰੀਰ ਬਾਰੇ ਕਿੰਨੀਆਂ ਸਾਰੀਆਂ ਪਾਬੰਦੀਆਂ , ਪਰ ਔਰਤਾਂ 'ਤੇ ਲਾਲਾਂ ਸੁੱਟਣ ਵਾਲੇ ਕਿਸੇ ਮਰਦ ਨੂੰ ਕਦੀ ਸਜ਼ਾ ਹੋਈ ਏ। ਇਹ ਧਾਰਮਕ ਮਤ ਚਾਹੁੰਦੇ ਹਨ ਕਿ ਔਰਤ ਹੋਰ ਵੱਧੋ ਵੱਧ ਆਪਣੇ ਆਪ ਨੂੰ ਕੱਜਦੀ ਰਹੇ। ਕਦੇ ਉਹ ਉਸ ਦਾ ਸਿਰ ਢਕਵਾ ਦਿੰਦੇ ਨੇ, ਕਦੇ ਹੱਥ ਅਤੇ ਉਸ ਦੁਆਲੇ ਕਾਲੇ ਕੱਪੜੇ ਲਪੇਟ ਦਿੰਦੇ ਨੇ ਜਿਵੇਂ ਕਿ ਉਹ, ਮੁਰਦਾ ਹੋਵੇ-ਕੁਝ ਤਾਂ ਭਾਵੇਂ ਹੋ ਵੀ ਸਕਦੀਆਂ ਨੇ। ਉਹ ਖੁੱਲ੍ਹ ਕੇ ਹੱਸੀ।' ' ਤੂੰ ਇਕ ਰੰਡੀ ਦੀ ਰਾਏ ਮੰਗਦੀ ਏਂ? ਮੇਰਾ ਖ਼ਿਆਲ ਏ ਕਿ ਉਹ ਔਰਤਾਂ ਬਾਰੇ ਹੀ ਬਹੁਤਾ ਸੋਚਦੇ ਰਹਿੰਦੇ ਨੇ।'

ਮੈਂ ਮੁਸਕਰਾਈ ਤੇ ਉਹਦੇ ਵੱਲ ਦੇਖਿਆ। ਨੈਤਿਕਤਾ ਨੂੰ ਸਿਰਫ਼ ਔਰਤਾਂ ਦੀ ਕਾਮੁਕਤਾ ਨੂੰ ਨਿਯੰਤ੍ਰਣ ਰੱਖਣ ਲਈ ਵਰਤਿਆ ਜਾਂਦਾ ਏ। ਉਹ ਖੁਦ ਤੇ ਨਿਯੰਤ੍ਰਣ ਕਿਉਂ ਰੱਖਣਗੇ? ਜੇ ਮਰਦ ਤੇਰੇ ਮੁਹੱਲੇ ਆਉਂਦੇ ਨੇ ਤੇ 'ਪਾਪ' ਕਰਦੇ ਨੇ ਤਾਂ ਇਹ ਵੀ ਤੇਰਾ ਕਸੂਰ ਏ। ਉਨ੍ਹਾਂ ਨੂੰ ਕਿਸੇ ਨੈਤਿਕਤਾ ਵਿਚ ਨਹੀਂ ਬੰਨਿਆ ਜਾ ਸਕਦਾ। ਸਮਾਜ ਦੇ ਬੁਰੇ ਕੰਮਾਂ ਦਾ ਬੋਝ ਔਰਤ ਨੂੰ ਹੀ ਚੁੱਕਣਾ ਪਏਗਾ। ਇਸ ਲਈ ਜੇ ਕਿਸੇ ਔਰਤ ਨੂੰ ਬਸ ਸਟਾਪ ਤੇ ਪ੍ਰੇਸ਼ਾਨ ਕੀਤਾ ਜਾਂਦਾ ਏ ਤਾਂ ਇਹ ਉਸ ਦਾ ਪਹਿਲਾ ਕਸੂਰ ਏ ਕਿ ਉਹ ਘਰੋਂ ਬਾਹਰ ਕਿਉਂ ਆਈ। ਕੋਈ ਇਹ ਨਹੀਂ ਸੋਚਦਾ ਕਿ ਜਿਹੜਾ ਮਰਦ ਉਹਨੂੰ ਪ੍ਰੇਸ਼ਾਨ ਕਰ ਰਿਹਾ ਸੀ ਕਸੂਰ ਉਹਦਾ ਵੀ ਹੋ ਸਕਦਾ ਏ।'

ਫੈਜ਼ਾਂ ਦੀਆਂ ਅੱਖਾਂ ਲਿਸ਼ਕੀਆਂ।' ਬਾਜ਼ੀ, ਤਾਂ ਕੀ ਇਹੀ ਕਾਰਨ ਏ ਕਿ ਸਾਡੇ ਨੈਤਿਕਤਾ ਦੇ ਦੋਹਰੇ ਮਿਆਰ ਨੇ, ਇਕ ਮਰਦਾਂ ਲਈ ਤੇ ਇਕ ਔਰਤਾਂ ਲਈ। ਮੈਂ ਹਮੇਸ਼ਾ ਹੈਰਾਨ ਹੁੰਦੀ ਸੀ ਕਿ ਮੇਰਾ ਭਰਾ ਜੋ ਮਰਜ਼ੀ ਕਰਦਾ ਫਿਰੇ ਪਰ ਮੈਨੂੰ ਨਿੱਕੀ ਜਿਹੀ ਗੱਲ ਤੇ ਹੀ ਝਾੜ ਦਿੱਤਾ ਜਾਂਦਾ ਏ। ਉਹ ਉੱਚੀ ਹੱਸ ਸਕਦਾ ਏ, ਉਹ ਬਾਹਰ ਜਾ ਸਕਦਾ ਏ। ਮੇਰੇ ਵੀ ਦੋ ਲੱਤਾਂ ਨੇ, ਪਰ ਚੀਜ਼ ਲੈਣ ਬਾਜ਼ਾਰ ਉਹੀ ਜਾਂਦਾ ਏ, ਮੈਂ ਨਹੀਂ, ਭਾਵੇਂ ਇਹ ਘਰ ਦੇ ਸਾਹਮਣਿਉਂ ਹੀ ਲਿਆਉਣੀ ਹੋਵੇ। ਉਹ ਸ਼ਾਮ ਨੂੰ ਜਿੰਨੀ ਦੇਰ ਮਰਜ਼ੀ ਦੋਸਤਾਂ ਨਾਲ ਘੁੰਮਦਾ ਫਿਰੇ ਪਰ ਮੇਰੇ ਸਮੇਂ ਦੀ ਗਿਣਤੀ ਹੁੰਦੀ ਏ। ਮੈਂ ਕਦੀ ਵੀ ਨਹੀਂ ਸਮਝ ਸਕੀ ਕਿ ਇਹ ਦੋਹਰੇ ਮਿਆਰ ਕਿਉਂ ਕਾਇਮ ਨੇ।'

ਜੇਕਰ ਇਹ ਨੈਤਿਕਤਾ ਪ੍ਰਭਾਵੀ ਲੋਕਾਂ ਨੇ ਬਣਾਈ ਏ।' ' ਮੈਂ ਕਿਹਾ, 'ਤਾਂ ਉਹ ਇਸ ਦੇ ਜਿੰਨੇ ਮਰਜ਼ੀ ਮਿਆਰ ਘੜ ਲੈਣ। ਉਨ੍ਹਾਂ ਨੇ ਕਿਹੜਾ ਕਿਸੇ ਨੂੰ ਪੁੱਛਣਾ ਜਾਂ ਸਪਸ਼ਟੀਕਰਨ ਦੇਣਾ ਏਂ। ਮਜ਼ਬੂਰੀ ਇਹ ਏ ਕਿ ਬਾਕੀ ਦੇ ਸਮਾਜ ਨੂੰ ਇਸ ਤਰ੍ਹਾਂ ਸਿਧਾਇਆ ਗਿਆ ਏ ਕਿ ਉਨ੍ਹਾਂ ਨੇ ਇਨ੍ਹਾਂ ਦੀ ਗੱਲ ਬਿਨਾਂ ਕਿੰਤੂ-ਪ੍ਰੰਤੂ ਦੇ ਮੰਨਣੀ ਏਂ ਕਿਉਂਕਿ ਜੇ ਨੈਕਿਤਕਾ, ਖਾਸ ਤੌਰ ਤੇ ਧਰਮ ਵਿਚ ਵਲ੍ਹੇਟ ਕੇ ਪੇਸ਼ ਕੀਤੀ ਗਈ ਹੋਵੇ ਤਾਂ ਇਸ ਉੱਤੇ ਕਿੰਤੂ ਨਹੀਂ ਕੀਤਾ ਜਾ ਸਕਦਾ।'

ਚੰਦਾ ਪੁੱਛਣ ਲੱਗੀ।' ਇਹ ਇਸੇ ਲਈ ਏ ਕਿ ਮਰਦ ਤਾਂ ਇਸ਼ਕ-ਮਸ਼ੂਕੀ ਕਰ ਸਕਦੇ ਨੇ। ਪਰ ਔਰਤਾਂ ਨਹੀਂ? ਜੇ ਵਿਆਹ ਤੋਂ ਪਹਿਲਾਂ ਮਰਦ ਸੈਕਸ ਕਰ ਲਵੇ ਤਾਂ ਕੋਈ ਨਹੀਂ ਪੁੱਛਦਾ ਭਾਵੇਂ ਉਹ ਤੀਵੀਂ ਦੇ ਹੁੰਦੇ ਹੋਏ ਵੀ ਇੰਝ ਕਰ ਲਵੇ। ਮਰਦ ਸਾਥੀਆਂ ਵਿਚ ਤਾਂ ਉਹ ਇਸ ਦੀ ਫੜ ਵੀ ਮਾਰਦਾ ਏ। ਪਰ ਜੇ ਉਸੇ ਮਰਦ ਦੀ ਤੀਵੀਂ, ਭੈਣ ਜਾਂ ਪ੍ਰੇਮਿਕਾ ਉਸ ਨੂੰ ਆਪਣਾ ਇਸ ਤਰ੍ਹਾਂ ਦਾ ਇਕ ਵੀ ਤਜ਼ਰਬਾ ਦੱਸ ਦੇਵੇ ਕਿਸੇ ਹੋਰ ਬੰਦੇ ਨਾਲ ਤਾਂ ਤੇਨੂੰ ਪਤਾ ਏ ਕੀ ਵਾਪਰੇਗਾ?'

ਫੈਜ਼ਾ ਚੀਕੀ।' ਜੇ ਉਹ ਉਸਦੀ ਤੀਵੀਂ ਜਾਂ ਭੈਣ ਹੋਈ ਤਾਂ ਉਹ ਉਸਨੂੰ ਕਤਲ ਕਰ ਦਏਗਾ। ਜੇ ਇਹ ਉਹ ਔਰਤ ਹੋਈ ਜਿਸ ਨਾਲ ਉਹਨੇ ਨਿਕਾਹ ਕਰਨਾ ਏ ਤਾਂ ਉਹ ਉਹਦੇ ਨਾਲ

ਬਿਲਕੁਲ ਨਿਕਾਹ ਨਹੀਂ ਕਰੇਗਾ।'

'ਬਿਲਕੁਲ, ਕਿਉਂਕਿ ਅਜਿਹੀ ਔਰਤ ਤੋਂ ਉਨ੍ਹਾਂ ਨੂੰ ਹਮੇਸ਼ਾ ਖਤਰਾ ਰਹੇਗਾ, 'ਮੈਂ ਉਹਦੀ ਪੁਸ਼ਟੀ ਕੀਤੀ। ਉਹ ਉਹਦੀ ਕਾਮੁਕਤਾ ਨੂੰ ਕਾਬੂ ਵਿਚ ਨਹੀਂ ਰੱਖ ਸਕੇਗਾ। ਉਹ ਉਹਨੂੰ ਨਾਪਾਕ ਗਿਣੇਗਾ। ਇਹੀ ਕਾਰਨ ਏ ਕਿ ਸਮਾਜ ਕੁਆਰੇਪਣ ਦੀ ਐਨੀ ਕੀਮਤ ਲਾਉਂਦੀ ਏ। ਕਈ ਰਵਾਇਤਾਂ ਤਾਂ ਇਸ ਤਰ੍ਹਾਂ ਨੇ ਕਿ ਲਾੜੇ ਨੂੰ ਆਪਣੀ ਲਾੜੀ ਦੇ ਕੁਆਰੇਪਣ ਨੂੰ ਸਾਬਤ ਕਰਨ ਲਈ ਉਸ ਦਾ ਲਹੂ ਆਪਣੇ ਰੁਮਾਲ ਤੇ ਦਿਖਾਉਣਾ ਪੈਂਦਾ ਏ। ਪੱਛਮੀ ਦੇਸ਼ਾਂ ਵਿੱਚ ਚਿੱਟਾ ਲਿਬਾਸ ਸਿਰਫ਼ ਕੁਆਰੀਆਂ ਲਾੜੀਆਂ ਲਈ ਹੀ ਹੁੰਦਾ ਏ। ਜੇ ਤੂੰ ਕੁਆਰੀ ਨਹੀਂ ਤਾਂ ਇਹ ਦਰਸਾਉਣ ਲਈ ਤੈਨੂੰ ਘਸਮੈਲੇ ਰੰਗ ਦਾ ਲਿਬਾਸ ਪਹਿਨਣਾ ਪਏਗਾ।'

ਫੈਜ਼ਾ ਜੋਸ਼ ਨਾਲ ਉੱਠ ਬੈਠੀ।' ਮੇਰੇ ਯਾਦ ਆ ਰਿਹਾ ਏ ਜਦੋਂ ਰਾਜਕੁਮਾਰੀ ਡਾਇਨਾ ਨੂੰ ਕੁਆਰੇਪਣ ਦਾ ਟੈਸਟ ਕਰਵਾਉਣਾ ਪਿਆ ਸੀ ਅਤੇ ਅਸੀਂ ਸਾਰੀਆਂ ਹੈਰਾਨ ਹੋਈਆਂ ਸੀ ਮਰਦ ਦੇ ਕੁਆਰੇਪਣ ਦਾ ਅਜਿਹਾ ਟੈਸਟ ਕਿਉਂ ਨਹੀਂ ਕੀਤਾ ਜਾਂਦਾ। ਜੇ ਜਿਸਮਾਨੀ ਤੌਰ ਤੇ ਨਾ ਸਹੀ ਤਾਂ ਪ੍ਰਿੰਸ ਚਾਰਲਸ ਆਪਣਾ ਹੱਥ ਬਾਈਬਲ ਤੇ ਰੱਖ ਕੇ ਤਾਂ ਇਹ ਸਹੁੰ ਚੁੱਕ ਸਕਦਾ ਸੀ ਕਿ ਉਹ ਵੀ ਅਜੇ ਕੁਆਰਾ ਏ।'

ਅਸੀਂ ਹੱਸਣ ਲੱਗੀਆਂ। ਮੈਂ ਕਿਹਾ।'' ਉਨ੍ਹਾਂ ਲਈ ਕੁਆਰਪੁਣਾਂ ਬੜਾ ਮਹੱਤਵ ਰੱਖਦਾ ਏ ਤੇ ਉਵੇਂ ਹੀ ਸੈਕਸੁਅਲ ''ਪਾਕੀਗਜ਼ੀ' ਵੀ।'

ਫੈਜ਼ਾ ਬੋਲੀ।' ਉਹ ਉਸ ਔਰਤ ਦਾ ਸਾਮ੍ਹਣਾ ਹੀ ਨਹੀਂ ਕਰ ਸਕਦੇ ਜਿਸਨੂੰ ਸੈਕਸ ਬਾਰੇ ਕੋਈ ਇਲਮ ਏ। ਔਰਤਾਂ ਨੂੰ ਹਮੇਸ਼ਾ ਹੀ ਪਾਖੰਡ ਕਰਨਾ ਪੈਂਦਾ ਏ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਨਹੀਂ ਪਤਾ ਤੇ ਉਹ ਇਸ ਨੂੰ ਪਸੰਦ ਵੀ ਨਹੀਂ ਕਰਦੀਆਂ।'

'ਬਿਲਕੁਲ ਠੀਕ।'' ਮੈਂ ਕਿਹਾ, '' ਸੰਸਾਰ ਦੇ ਕੁਝ ਹਿੱਸਿਆਂ ਵਿੱਚ ਉਹ ਅਜੇ ਵੀ ਔਰਤ ਦਾ ਕਲਿਟੋਰਿਸ ਕੱਟ ਦਿੰਦੇ ਨੇ। ਇਸੇ ਤੋਂ ਮਰਦਾਂ ਦਾ ਆਪਣੀ ਔਰਤ ਵੱਲੋਂ ਸੈਕਸ ਦਾ ਸ਼ੁਗਲ ਕਰਨ ਦਾ ਡਰ ਸਪਸ਼ਟ ਹੁੰਦਾ ਏ।' ਅਸੀਂ ਉਨ੍ਹਾਂ ਮਿਆਰਾਂ ਦੀਆਂ ਗੱਲਾਂ ਕਰਦੇ ਰਹੇ ਜਿਨ੍ਹਾਂ ਤੋਂ ਇਕ ਔਰਤ ਚੰਗੀ ਸਾਬਤ ਹੁੰਦੀ ਏ, ਜੋ ਵਿਆਹ ਦੇ ਯੋਗ ਹੁੰਦੀ ਏ। ਅਸੀਂ ਉਸ ਨੈਤਿਕਤਾ ਬਾਰੇ ਚਰਚਾ ਕੀਤੀ ਜੋ ਇਕ ਬੰਦੇ ਲਈ ਪਾਕ ਰਹਿਣ ਵਾਸਤੇ ਉਸ ਉੱਤੇ ਦਬਾਉ ਪਾਉਂਦੀ ਏ। ਸ਼ਕਤੀਸ਼ਾਲੀ ਮਰਦਾਂ ਅਤੇ ਧਾਰਮਕ ਲੋਕਾਂ ਨੇ ਉਨ੍ਹਾਂ ਲਈ ਨੈਤਿਕਤਾ ਦਾ ਇਕ ਹੋਰ ਮਿਆਰ ਬਣਾਇਆ ਹੋਇਆ ਏ ਕਿ ਚੰਗੀਆਂ ਔਰਤਾਂ ਸਿਰਫ ਆਪਣੇ ਮਰਦਾਂ ਨਾਲ ਹੀ ਰਹਿੰਦੀਆਂ ਨੇ।

ਹੈਰਾਨ ਹੋ ਕੇ ਚੰਦਾ ਨੇ ਪੁੱਛਿਆ। ਇਹ ਕੀ ਹੁੰਦਾ ਏ?'

ਮੈਂ ਬੋਲੀ।'' ਤੂੰ ਸੋਚ ਜ਼ਰਾ, ਕੋਈ ਵੀ ਸੋਚਣ ਵਾਲੀ ਔਰਤ ਉਸ ਤੰਤਰ ਦੇ ਵਿਰੁੱਧ ਬਗਾਵਤ ਕਰ ਦੇਵੇਗੀ ਜੋ ਪੱਖਪਾਤੀ ਹੋਵੇ ਅਤੇ ਦੋਹਰੇ ਮਿਆਰ ਰੱਖਦਾ ਹੋਵੇ। ਇਸ ਲਈ ਉਹ ਉਸ ਨੂੰ ਰਵਾਇਤਾਂ ਅਤੇ ਨੈਤਿਕ ਮੁੱਲਾਂ ਨਾਲ ਬੰਨ੍ਹ ਦਿੰਦੇ ਨੇ ਜਿਨ੍ਹਾਂ ਨੂੰ ਉਹ ਖਤਰਨਾਕ ਸਿੱਟਿਆਂ ਤੋਂ ਬਿਨਾਂ ਛੱਡ ਨਹੀਂ ਸਕਦੀ। ਇਸੇ ਲਈ ਇਹ ਰਵਾਇਤ ਏ ਕਿ ਜੇ ਔਰਤ ਆਪਣੇ ਪਤੀ ਨੂੰ ਛੱਡ ਜਾਂਦੀ ਏ ਤਾ ਉਸ ਦਾ ਸਤਿਕਾਰ, ਸਮਾਜਕ ਰੁਤਬਾ ਅਤੇ ਕਈ ਵਾਰੀ ਉਹ ਦੀ ਮਾਇਕ ਇਮਦਾਦ ਵੀ ਖ਼ਤਮ ਹੋ ਜਾਂਦੇ ਨੇ। ਫੇਰ ਸਾਰਾ ਹੀ ਬੋਝ ਉਹਦੇ ਮੋਢਿਆਂ ਤੇ ਆ ਪੈਣ ਕਰਕੇ ਵੀ ਉਸਨੂੰ ਬੰਨ੍ਹਦੀ ਏ। ਜੇ ਪਤੀ ਉਹਨੂੰ ਮਾਰਦਾ ਏ ਤਾਂ ਵੀ ਉਸੇ ਦਾ ਕਸੂਰ ਏ। ਮੈਂ ਲੰਮੇ ਸਮੇਂ ਤੋਂ

ਔਰਤਾਂ ਲਈ ਸਲਾਹਕਾਰ ਸੰਸਥਾਵਾਂ ਨਾਲ ਕੰਮ ਕਰ ਰਹੀ ਹਾਂ ਤਾਂ ਮੈਨੂੰ ਇਹ ਸੁਣ ਕੇ ਬੜਾ ਅਚੰਭਾ ਹੁੰਦਾ ਏ ਕਿ ਪਤੀ ਉਨ੍ਹਾਂ ਨੂੰ ਸਾਲਾਂ ਤੋਂ ਕੁੱਟਦੇ ਰਹੇ ਹਨ ਪਰ ਉਹ ਫੇਰ ਵੀ ਉਨ੍ਹਾਂ ਨਾਲ ਹੀ ਰਹਿੰਦੀਆਂ ਰਹੀਆਂ ਨੇ। ਉਹ ਇਸੇ ਕਰਕੇ ਨਾਲ ਰਹਿੰਦੀਆਂ ਨੇ ਕਿਉਂਕਿ ਉਨ੍ਹਾਂ ਨੂੰ ਉਸ ਝੂਠੀ ਨੈਤਿਕਤਾ ਦਾ ਡਰ ਏ ਕਿ ਜੇ ਉਹ ਛੱਡ ਵੀ ਗਈਆਂ ਤਾਂ ਵੀ ਦੋਸ਼ ਉਨ੍ਹਾਂ ਤੇ ਹੀ ਮੜ੍ਹਿਆ ਜਾਵੇਗਾ। ਜੋ ਉਨ੍ਹਾਂ ਦਾ ਸਮਾਜ ਵਿੱਚੋਂ ਰੁਤਬਾ ਹੀ ਖਤਮ ਕਰ ਦਏਗਾ। ਔਰਤਾਂ ਤਾਂ ਇਸ ਬਾਰੇ ਸੋਚਦੀਆਂ ਤੱਕ ਵੀ ਨਹੀਂ। ਇਸ ਦੀਆਂ ਜੜ੍ਹਾਂ, ਐਨੀਆਂ ਗਹਿਰੀਆਂ ਨੇ।''

'ਕਿਨਾ ਸੌਖਾ ਏ ਸਭ ਕੁਝ,'ਫੈਜ਼ਾ ਨੇ ਕਿਹਾ, ''ਮਰਦ ਦੀ ਇਹ ਤਸੱਲੀ ਰਹਿੰਦੀ ਏ ਕਿ ਔਰਤ ਨੇ ਰਹਿਣਾ ਹੀ ਰਹਿਣਾ ਏ ਤੇ ਉਹ ਦੋਹਰੇ ਮਿਆਰਾਂ ਤੇ ਕਦੀ ਇਤਰਾਜ਼ ਨਹੀਂ ਕਰ ਸਕਦੀ। ਉਨ੍ਹਾਂ ਦਾ ਕਾਬੂ ਸੰਪੂਰਨ ਏ।'

'ਹਾਂ, ਇਹ ਨੈਤਿਕ ਰਵਾਇਤਾਂ ਸਾਡੇ ਸਮਾਜ ਵਿਚ ਬੜੀਆਂ ਗਹਿਰੀਆਂ ਬੈਠੀਆਂ ਹੋਈਆਂ ਨੇ। ਵਿਹਾਰ ਨੂੰ ਸੇਧ ਅਕਸਰ ਰਵਾਇਤਾਂ ਤੋਂ ਮਿਲਦੀ ਏ ਤੇ ਲੋਕਾਂ ਨੂੰ ਕਦੀ ਪਤਾ ਹੀ ਨਹੀਂ ਚੱਲਦਾ ਕਿ ਉਹ ਜੋ ਕਰ ਰਹੇ ਨੇ ਉਹ ਕਿਉਂ ? ਫੈਜ਼ਾ ਸੋਚਦੀ ਰਹੀ।' ਇਸ ਤੋਂ ਬਿਨਾਂ ਜਦੋਂ ਔਰਤ ਦਾ ਨਿਕਾਹ ਹੋ ਜਾਂਦਾ ਏ ਤਾਂ ਉਸ ਦੇ ਮਾਪੇ ਉਸ ਨੂੰ ਪੀਆ ਦੇ ਘਰ ਭੇਜ ਦਿੰਦੇ ਨੇ। ਇਹ ਘਰ ਉਸ ਦੇ ਪਤੀ ਦਾ ਹੁੰਦਾ ਏ ਉਹਦਾ ਨਹੀਂ। ਨਿਕਾਹ ਤੋਂ ਵੀਹ ਸਾਲ ਬਾਅਦ ਵੀ ਉਸ ਦੇ ਪਤੀ ਦਾ ਹੱਕ ਹੁੰਦਾ ਏ ਕਿ ਉਹਨੂੰ ਤਿੰਨ ਕੱਪੜਿਆਂ ਦੇ ਵਿੱਚ ਹੀ ਸੜਕ ਤੇ ਸੁੱਟ ਸਕਦਾ ਏ- ਸਲਵਾਰ, ਕਮੀਜ਼ ਦੇ ਦੁਪੱਟਾ - ਕਿਉਂਕਿ ਅਸਲ ਵਿੱਚ ਇਹ ਘਰ ਉਸਦਾ ਹੈ ਹੀ ਨਹੀਂ ਸੀ ਬਲਕਿ ਹਮੇਸ਼ਾ ਉਹਦੇ ਪਤੀ ਦਾ ਹੀ ਸੀ। ਇਸ ਲਈ ਜੇ ਉਹ ਕਦੀ ਉਸ ਨੂੰ ਛੱਡਦੀ ਵੀ ਏ ਤਾਂ ਉਸ ਦਾ ਸਾਰਾ ਸਮਾਜਕ ਰੁਤਬਾ ਅਤੇ ਸਭ ਕੁਝ ਖ਼ਤਮ ਹੋ ਜਾਂਦਾ ਏ। ਜੇ ਹੌਲੀ ਹੌਲੀ ਕੋਈ ਫਰਕ ਵੀ ਪੈ ਜਾਂਦਾ ਏ ਤਾਂ ਅਮਰ ਵਤੀਰਾ ਤਾਂ ਇਹੀ ਰਹਿੰਦਾ ਏ। ਇਹ ਦੋਹਰਾ ਮਿਆਰ ਇਸ ਗੱਲ ਦੀ ਗਰੰਟੀ ਦਿੰਦਾ ਏ ਕਿ ਜੋ ਆਜ਼ਾਦੀ ਮਰਦ ਚਾਹੁੰਦੇ ਨੇ ਉਹ ਕਦੀ ਵੀ ਉਨ੍ਹਾਂ ਦੀਆਂ ਔਰਤਾਂ ਦੇ ਨੇੜੇ ਨਾ ਆਵੇ। ਔਰਤਾਂ ਦਾ ਜੀਵਨ ਅਤੇ ਉਨ੍ਹਾਂ ਦੀ ਕਾਮੁਕਤਾ ਇਨ੍ਹਾਂ ਇਖਲਾਕੀ ਰਵਾਇਤਾਂ ਨਾਲ ਪੂਰੀ ਤਰ੍ਹਾਂ ਬੰਨ੍ਹ ਦਿੱਤੇ ਗਏ ਨੇ।'

ਮੈਂ ਕਿਹਾ,' ਹਾਂ ਅਤੇ ਇਸ ਤੋਂ ਸਭ ਤੋਂ ਉੱਪਰ ਇਹ ਏ ਕਿ ਉਨ੍ਹਾਂ ਨੇ ਇਸ ਨੂੰ ਇੱਜ਼ਤ ਦਾ ਸੰਕਲਪ ਬਣਾ ਦਿੱਤਾ ਏ। ਇਹ ਸਾਲਾਂ ਤੋਂ ਮੈਨੂੰ ਉਲਝਾਉਂਦਾ ਅ ਰਿਹਾ ਏ। ਮਰਦਾਂ ਨੇ ਇਹ ਸੰਕਲਪ ਬਣਾ ਲਿਆ ਤੇ ਔਰਤਾਂ ਦੇ ਜਿਸਮ ਵਿਚ ਬੀਜ ਦਿੱਤਾ ਏ। ਇਸ ਲਈ ਮੈਂ ਅੱਬਾ ਦੀ ਇੱਜ਼ਤ ਹਾਂ, ਆਪਣੇ ਭਰਾ ਦੀ ਇੱਜ਼ਤ ਹਾਂ ਅਤੇ ਆਪਣੇ ਪਤੀ ਦੀ ਇੱਜ਼ਤ ਹਾਂ। ਜੇ ਬੰਦਾ ਕੁਝ ਕਰਦਾ ਏ ਤਾਂ ਉਸ ਦੀ ਆਪਣੀ ਇੱਜ਼ਤ ਨੂੰ ਕੋਈ ਫਰਕ ਨਹੀਂ ਪੈਂਦਾ ਪਰ ਜੇ ਉਹਦੀ ਆਪਣੀ ਔਰਤ ਇਨ੍ਹਾਂ ਝੂਠੇ ਨੈਤਿਕ ਬੰਧਨਾਂ ਨੂੰ ਉਲੰਘਦੀ ਏ ਤਾਂ ਮਰਦ ਦੀ ਇੱਜ਼ਤ ਖਰਾਬ ਹੋ ਜਾਂਦੀ ਏ।'

ਚੰਦਾ ਨੇ ਉਲਝ ਕੇ ਪੁੱਛਿਆ, '' ਮੈਂ ਤੇਰਾ ਮਤਲਬ ਨਹੀਂ ਸਮਝੀ।'

ਮੈਂ ਉਹਨੂੰ ਪੁੱਛਿਆ, 'ਤੂੰ ਜਿੰਨ ਅਤੇ ਤੋਤੇ ਦੀ ਕਹਾਣੀ ਸੁਣੀ ਏਂ? ਜਿੰਨ ਦੀ ਆਤਮਾ ਤੋਤੇ ਵਿਚ ਸੀ। ਕੋਈ ਵੀ ਜਿੰਨ ਨੂੰ ਨਹੀਂ ਮਾਰ ਸਕਦਾ ਸੀ ਜਦੋਂ ਤੱਕ ਉਹ ਤੋਤੇ ਤੱਕ ਨਹੀਂ ਪਹੁੰਚਦਾ ਸੀ। ਆਪਣੇ ਤੋਤੇ ਨੂੰ ਛੁਪਾਉਣ ਵਾਸਤੇ ਜਿੰਨ ਨੇ ਬੜੀ ਸਾਰੀ ਪਹਾੜੀ ਤੇ ਇਕ ਗੁਪਤ ਥਾਂ ਬਣਾਈ ਹੋਈ ਸੀ। ਇਕ ਵਾਰੀ ਤੋਤਾ ਉੱਥੇ ਛੁਪਾ ਦਿੱਤਾ ਤਾਂ ਜਿੰਨ ਨੂੰ ਕੋਈ ਨਹੀਂ ਸੀ ਮਰ

ਸਕਦਾ, ਉਹ ਜਿੱਥੇ ਮਰਜ਼ੀ ਫਿਰੇ ਜੋ ਮਰਜ਼ੀ ਕਰੇ। ਇੱਥੇ ਵੀ ਇਹੀ ਜੁਗਤ ਏ। ਮਰਦ ਆਪਣੀ ਇੱਜ਼ਤ ਆਪਣੀ ਤੀਵੀਂ ਦੇ ਸਰੀਰ ਵਿੱਚ ਰੱਖ ਦਿੰਦਾ ਏ ਅਤੇ ਉਹਨੂੰ ਆਪਣੇ ਘਰ ਵਿਚ ਛੁਪਾ ਦਿੰਦਾ ਏ। ਖੁਦ ਆਜ਼ਾਦ ਹੋ ਜਾਂਦਾ ਏ ਅਤੇ ਜੋ ਮਰਜ਼ੀ ਕਰਦਾ ਅਤੇ ਜਿੱਥੇ ਮਰਜ਼ੀ ਜਾਂਦਾ ਫਿਰਦਾ ਏ ਪਰ ਉਸ ਦੀ ਇੱਜ਼ਤ ਮਹਿਫੂਜ ਰਹਿੰਦੀ ਏ। ਉਹ ਤੇਰੇ ਮੁਹੱਲੇ ਵੀ ਆ ਸਕਦਾ ਏ, ਉਹ ਬਲਾਤਕਾਰ ਵੀ ਕਰ ਸਕਦਾ ਏ, ਉਹ ਆਪਣੀ ਤੀਵੀਂ ਨੂੰ ਗਾਲ੍ਹਾਂ ਵੀ ਕੱਢ ਸਕਦਾ ਏ, ਉਹ ਕਾਨੂੰਨ ਵਿਰੋਧੀ ਕੰਮ ਕਰਕੇ ਗ੍ਰਿਫਤਾਰ ਵੀ ਹੋ ਸਕਦਾ ਏ, ਪਰ ਉਸ ਦੀ ਇੱਜ਼ਤ ਤੇ ਕਦੀ ਆਂਚ ਨਹੀਂ ਆਉਂਦੀ।

ਉਸ ਦੀ ਇੱਜ਼ਤ ਉਦੋਂ ਹੀ ਖਤਰੇ ਵਿੱਚ ਪੈਂਦੀ ਏ ਜਦੋਂ ਉਸ ਦੀ ਛੁਪਾਈ ਹੋਈ ਔਰਤ ਨਾਲ ਸਬੰਧਤ ਕੁਝ ਹੋ ਜਾਂਦਾ ਏ। ਜੇ ਪਰਿਵਾਰ ਦੇ ਬਾਹਰ ਦਾ ਕੋਈ ਬੰਦਾ ਉਸ ਵੱਲ ਨਜ਼ਰ ਭਰ ਕੇ ਦੇਖ ਵੀ ਲੈਂਦਾ ਏ ਤਾਂ ਉਹਦੀ ਇੱਜ਼ਤ ਖਤਰੇ ਵਿੱਚ ਪੈ ਜਾਂਦੀ ਏ। ਭਾਵੇਂ ਔਰਤ ਨੇ ਗੈਰ-ਇਖਲਾਕੀ ਕੁਝ ਵੀ ਨਾ ਕੀਤਾ ਹੋਵੇ। ਪਾਕਿਸਤਾਨ ਦੇ ਖਾਸ ਕੱਟੜ ਇਲਾਕਿਆਂ ਵਿੱਚ ਜੇ ਕੋਈ ਬੰਦਾ ਸੜਕ ਤੇ ਕਿਸੇ ਔਰਤ ਦੇ ਚਿਹਰੇ ਦੀ ਝਲਕ ਵੀ ਦੇਖ ਲੈਂਦਾ ਏ ਤਾਂ ਉਸਦੇ ਆਦਮੀ ਦੀ ਇੱਜ਼ਤ ਖਤਰੇ ਵਿੱਚ ਪੈ ਜਾਂਦੀ ਏ। ਉੱਤਰ ਪੱਛਮੀ ਸਰਹੱਦੀ ਸੂਬੇ ਵਿੱਚ ਇਹ ਇਕ ਖੁਲ੍ਹਾ ਭੇਤ ਵੇ ਕਿ ਜੇ ਉਨ੍ਹਾਂ ਦੀ ਔਰਤ ਕਿਸੇ ਗੈਰ ਮਰਦ ਨਾਲ ਥੋੜਾ ਜਿਹਾ ਬੋਲ ਵੀ ਪਵੇ ਤਾਂ ਉਹ ਉਸ ਔਰਤ ਦਾ ਬੰਦੇ ਦਾ ਕਤਲ ਕਰ ਦਿੰਦੇ ਨੇ। ਸਿੰਧ ਵਿਜ ਇੱਜ਼ਤ ਪਿੱਛੇ ਇਸ ਕਤਲ ਨੂੰ ਕਾਰੋਕਾਰੀ ਅਤੇ ਬਲੋਚਿਤਸਾਨ ਵਿਚ ਸੀਆ ਕਾਰੀ ਕਹਿੰਦੇ ਹਨ ਤੇ ਇਸ ਨੂੰ ਸਮਾਜਕ ਮਾਨਤਾ ਹਾਸਲ ਏ। ਪਿੱਛੇ ਜਿਹੇ ਤੱਕ ਤਾਂ ਅਦਾਲਤਾਂ ਵੀ ਅਜਿਹੇ ਕਤਲਾਂ ਨੂੰ ਮਾਨਤਾ ਦਿੰਦੀਆਂ ਸਨ ਅਤੇ ਇੱਜ਼ਤ ਦੇ ਨਾਂ ਤੇ ਇਹ ਕਤਲ ਹੋਣ ਦਿੰਦੀਆਂ ਸਨ। ਔਰਤਾਂ ਜੋ ਚਾਦਨ ਉੜ੍ਹਦੀਆਂ ਹਨ ਜੇ ਉਨ੍ਹਾਂ ਦੀ ਚਾਦਰ ਲਾਹ ਦਿੱਤੀ ਜਾਵੇ ਤਾਂ ਇਹ ਜ਼ੁਰਮ ਏ ਤਾਂ ਇਸ ਨਾਲ ਉਸ ਦੇ ਆਦਮੀ ਦੀ ਇੱਜ਼ਤ ਖਤਰੇ ਵਿਚ ਪੈ ਸਕਦੀ ਏ। ਔਰਤ ਭਾਵੇਂ ਕੁਝ ਵੀ ਸੋਚਦੀ ਹੋਵੇ ਉਸ ਦੀ ਜੋ ਹਰਕਤ ਉਹਦੇ ਪਤੀ ਦੇ ਉਲਟ ਜਾਂਦੀ ਏ ਉਹਦੇ ਨਾਲ ਉਸ ਦੇ ਪਤੀ ਦੀ ਇੱਜ਼ਤ ਖਤਰੇ ਵਿਚ ਪੈ ਜਾਂਦੀ ਏ।

ਚੰਦਾ ਨੇ ਹੈਰਾਨ ਹੋ ਕੇ ਕਿਹਾ, ''ਸੱਚੀਂ ਮੁੱਚੀਂ ਇੰਜ ਏ?'

'ਮੈਂ ਆਪਣੇ ਦੇਸ਼ ਦੀਆਂ ਅੱਜ ਦੀਆਂ ਕਦਰਾਂ-ਕੀਮਤਾਂ ਦੀ ਗੱਲ ਕਰ ਰਹੀ ਹਾਂ, ਮੈਂ ਜ਼ੋਰ ਦੇ ਕੇ ਕਿਹਾ।' ਕਈ ਥਾਵਾਂ ਤੇ ਤਾਂ ਔਰਤ ਨਾਲ ਬਲਾਤਕਾਰ ਹੋ ਜਾਵੇ ਤਾਂ ਉਸ ਦੇ ਆਪਣੇ ਭਰਾ ਤੇ ਚਾਚੇ ਤਾਏ ਉਸਦਾ ਕਤਲ ਕਰ ਸਕਦੇ ਨੇ। ਕਿਉਂ? ਕਿਉਂਕਿ ਉਸ ਦੇ ਬਲਾਤਕਾਰ ਨਾਲ ਉਨ੍ਹਾਂ ਦੀ ਇੱਜ਼ਤ ਜਾਂਦੀ ਰਹੀ ਏ। ਇਨ੍ਹਾਂ ਲੋਕਾਂ ਨੂੰ ਪੁੱਛੋ ਕਿ ਇਸ ਦਲੀਲ ਦਾ ਆਧਾਰ ਕੀ ਏ ਤਾਂ ਉਹ ਚੁੱਪ ਰਹਿ ਜਾਣਗੇ। ਉਹ ਬਹੁਤ ਜ਼ਿਆਦਾ ਜਜ਼ਬਾਤੀ ਹੋ ਜਾਂਦੇ ਨੇ। ਉਨ੍ਹਾਂ ਦਾ ਕਈ ਸਦੀਆਂ ਤੋਂ ਸਮਾਜਕੀਰਨ ਹੀ ਇਸ ਤਰ੍ਹਾਂ ਦਾ ਕੀਤਾ ਗਿਆ ਏ।

ਫੈਜ਼ਾ ਬੋਲੀ।' ਬਲਾਤਕਾਰੀਆਂ ਦੀ ਇੱਜ਼ਤ ਨੂੰ ਕੋਈ ਖਤਰਾ ਨਹੀਂ ਹੁੰਦਾ, ਠੀਕ, ਜਾਂ ਉਨ੍ਹਾਂ ਦੇ ਪਰਿਵਾਰਾਂ ਦੀ ਇੱਜ਼ਤ ਨੂੰ? ਪਰ ਅਸੀਂ ਇਹ ਹਰ ਵੇਲੇ ਦੇਖਦੇ ਹਾਂ ਇਨ੍ਹਾਂ ਕੁਝ ਕੁ ਚਰਮ ਮਾਮਲਿਆਂ ਵਿਚ ਹੀ ਨਹੀਂ। ਮੈਂ ਆਪਣੇ ਘਰ ਵਿਚ ਹੀ ਇਸ ਗੱਲ ਨੂੰ ਮਹਿਸੂਸ ਕਰਦੀ ਹਾਂ। ਜਦੋਂ ਮੇਰਾ ਕਿਸੇ ਮਰਦ ਦੋਸਤ ਦਾ ਫੋਨ ਆ ਜਾਵੇ ਤਾਂ ਕੁਝ ਹੋਰ ਹੋ ਜਾਂਦਾ ਏ ਤੇ ਜਦੋਂ ਮੇਰੇ ਭਰਾ ਨੂੰ ਕਿਸੇ ਔਰਤ ਦੋਸਤ ਦਾ ਫੋਨ ਆ ਜਾਵੇ ਤਾਂ ਕੁਝ ਨਹੀਂ ਹੁੰਦਾ। ਉਸ ਦੇ ਵਾਸਤੇ ਤਾਂ ਮਜ਼ਾਕ

ਨਾਲ ਐਨਾ ਭਰ ਕਹਿ ਦਿੱਤਾ ਜਾਵੇਗਾ, ''ਸਾਡਾ ਪੁੱਤਰ ਜਵਾਨ ਹੋ ਗਿਆ ਏ।'' ਪਰ ਮੈਨੂੰ ਸੌ ਸਵਾਲ ਪੁੱਛੇ ਜਾਣਗੇ, ''ਕੌਣ ਸੀ ਇਹ, ਉਹ ਕੀ ਕਰਦਾ ਏ, ਤੂੰ ਉਹਨੂੰ ਕਿਵੇਂ ਜਾਣਦੀ ਏਂ, ਉਹਨੇ ਕੀ ਕਿਹਾ?'' ਇਹ ਬੜਾ ਸਪਸ਼ਟ ਵੀ ਹੋਵੇ ਤਾਂ ਵੀ ਮੇਰੇ ਤੇ ਨਿਯੰਤ੍ਰਣ ਬਹੁਤਾ ਏ ਅਤੇ ਮੇਰੇ ਸੋਚੇ ਬਿਨਾਂ ਵੀ ਮੈਂ ਕਿਵੇਂ ਮਹਿਸੂਸ ਕਰਦੀ ਹਾਂ, ਮੇਰੇ ਅੱਬਾ ਤੇ ਭਰਾ ਦੀ ਇੱਜ਼ਤ ਹੀ ਇਕ ਮੁੱਦਾ ਬਣ ਜਾਵੇਗੀ।'

ਮੈਂ ਕਿਹਾ।' ਆਉ ਅਸੀਂ ਮੁਹੱਲੇ ਬਾਰੇ ਚੰਦਾ ਦੇ ਪਹਿਲੇ ਨੁਕਤੇ ਤੇ ਮੁੜ ਆਈਏ। ਮਰਦ ਉਨ੍ਹਾਂ ਔਰਤਾਂ ਤੇ ਪਾਬੰਦੀਆਂ ਚਾਹੁੰਦੇ ਨੇ ਜੋ ਉਨ੍ਹਾਂ ਲਈ ਬੱਚੇ ਪੈਦਾ ਕਰਦੀਆਂ ਨੇ ਅਤੇ ਉਹ ਉਨ੍ਹਾਂ ਦੇ ਕਾਮ-ਬਾਰੇ ਪੂਰਾ ਨਿਯੰਤ੍ਰਣ ਚਾਹੁੰਦੇ ਨੇ। ਪਰ ਖੁਦ ਲਈ ਉਹ ਹੋਰ ਵੱਧ ਚਾਹੁੰਦੇ ਨੇ। ਇਸ ਲਈ ਉਨ੍ਹਾਂ ਨੇ ਆਪਣੀ ਖੇਡ ਦੇ ਮੈਦਾਨ ਬਣਾ ਲਏ। ਉਨ੍ਹਾਂ ਨੇ ਆਪਣੇ ਸ਼ੁਗਲ ਲਈ ਛੋਟੇ ਛੋਟੇ ਉਪ ਸੱਭਿਆਚਾਰ ਖਿੱਤੇ ਬਣਾ ਲਏ। ਬਾਦ ਵਿੱਚ ਬੜੇ ਹੀ ਦੂਰਕਾਰਨ ਵਾਲੇ ਢੰਗ ਨਾਲ ਉਨ੍ਹਾਂ ਨੇ ਇਨ੍ਹਾਂ ਨੂੰ ਮਾੜੀਆਂ ਥਾਵਾਂ ਦੀ ਚੇਪੀ ਲਾ ਦਿੱਤੀ ਇਸ ਤਰ੍ਹਾਂ ਸਿਰਫ ਸ਼ਕਤੀ ਵਾਲੇ ਹੀ ਇੱਥੇ ਅਨੰਦ ਕਰ ਸਕਦੇ ਸਨ। ਆਪਣੀਆਂ ਬੀਵੀਆਂ ਤੋਂ ਬਿਨਾਂ ਹੋਰ ਔਰਤਾਂ ਦਾ ਪ੍ਰਬੰਧ ਉਨ੍ਹਾਂ ਨੇ ਕਈ ਤਰ੍ਹਾਂ ਨਾਲ ਕੀਤਾ, ਹਰਮ ਬਣਾਕੇ, ਗੁਲਾਮ ਔਰਤਾਂ ਰੱਖ ਕੇ, ਔਰਤ ਦਾਸੀਆਂ ਨੂੰ ਸੇਵਾ ਲਈ ਰੱਖ ਕੇ ਅਤੇ ਉਨ੍ਹਾਂ ਨੂੰ ਵੇਸਵਾਵਾਂ ਬਣਾ ਕੇ ਤੇ ਉਨ੍ਹਾ ਨੂੰ ਧੰਦਾ ਕਰਨ ਦੀ ਇਜਾਜ਼ਤ ਦੇ ਕੇ। ਉਨ੍ਹਾਂ ਨੇ ਔਰਤਾਂ ਦਾ ਇਕ ਵਰਗ ਤਿਆਰ ਕੀਤਾ ਜੋ ਖੁਲ੍ਹ ਕੇ ਸੈਕਸ ਮੁਹੱਈਆ ਕਰਿਆ ਕਰੇਗਾ ਅਤੇ ਉਹ ਸਾਰਾ ਸ਼ੁਗਲ ਵੀ ਜਿਸ ਬਾਰੇ ਉਹ ਸੋਚ ਸਕਦੇ ਹੋਣ। ਉਹ ਹਰ ਤਰ੍ਹਾਂ ਦੀ ਕਲਪਨਾ ਦੀ ਖੇਡ ਖੇਡ ਸਕਦੇ ਸਨ। ਇਨ੍ਹਾਂ ਔਰਤਾਂ ਨਾਲ ਉਹ ਆਪਣਾ ਸ਼ੁਗਲ ਕਰਦੇ ਪਰ ਇਨ੍ਹਾਂ ਨੂੰ ਬਹੁਤ ਘਟੀਆ ਸਮਝਦੇ। ਉਨ੍ਹਾਂ ਦੇ ਮਨਾਂ ਵਿੱਚ ਔਰਤਾਂ ਚੰਗੀਆਂ ਨੇ ਜਾਂ ਮਾੜੀਆਂ ਜਾਂ ਪਾਕ ਅਤੇ ਨਾਪਾਕ। ਸਾਰੀਆਂ ਔਰਤਾਂ ਹੀ ਕਿਸੇ ਇਕ ਜਾਂ ਦੂਜੇ ਵਰਗ ਵਿਚ ਹੁੰਦੀਆਂ ਨੇ। ਚੰਗੀਆਂ ਵਿਚੋਂ ਮਾਵਾਂ, ਭੈਣਾਂ, ਕੁੜੀਆਂ ਅਤੇ ਬੀਵੀਆਂ ਨੇ। ਮਰਦ ਨਾਲ ਸਬੰਧਤ ਸਾਰੇ ਰਿਸ਼ਤੇ ਅਤੇ ਗੰਦੀਆਂ ਵਾਲੀਆਂ ਸਾਰੀਆਂ ਕੰਜਰੀਆਂ ਨੇ। ਅਜੇ ਵੀ ਮਰਦਾਂ ਨੂੰ ਕਿਸੇ ਔਰਤ ਦੇ ਦੂਜੇ ਵਰਗ ਵਿਚ ਪਾਉਣ ਵਿੱਚ ਵਕਤ ਲੱਗਦਾ ਏ। ਉਹ ਜਾਂ ਤਾਂ ਘਰ ਦੀ ਔਰਤ ਹੁੰਦੀ ਏ ਤਾਂ ਜਾਂ ਕੋਠੇ ਦੀ। ਇਸੇ ਲਈ ਤਾਂ ਦਫ਼ਤਰਾਂ ਅਤੇ ਫੈਕਟਰੀਆਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਸਿਰਫ ਆਪਣੇ ਲਈ ਔਰਤਾਂ ਹੋਣ ਦਾ ਇਕ ਨਵਾਂ ਵਰਗ ਪੈਦਾ ਕਰਨ ਲਈ ਸੰਘਰਸ਼ ਕਰ ਰਹੀਆਂ ਹਨ।

ਚੰਦਾ ਬੜੀ ਗੰਭੀਰ ਹੋ ਗਈ ਅਤੇ ਚੁੱਪ ਛਾ ਗਈ। ਉਹ ਉਦਾਸ ਲੱਗ ਰਹੀ ਸੀ ਅਤੇ ਗੰਭੀਰ ਸੋਚ ਵਿੱਚ ਡੁੱਬ ਗਈ। ਅੰਤ ਵਿਚ ਉਹ ਬੋਲੀ।'' ਫੌਜ਼ੀਆ, ਮੈਂ ਜਾਣਦੀ ਹਾਂ ਕਿ ਮੈਂ ਇਹ ਭੂਮਿਕਾ ਨਹੀਂ ਚੁਣੀ ਬਲਕਿ ਇਹ ਮੈਨੂੰ ਦਿੱਤੀ ਗਈ ਏ, ਪਰ ਹੁਣ ਮੈਂ ਇਹ ਦੇਖਣਾ ਸ਼ੁਰੂ ਕਰ ਦਿੱਤਾ ਏ ਕਿ ਉਹ ਮੈਨੂੰ ਖੁਦਾ ਦੀ ਦਿੱਤੀ ਕਿਸਮਤ ਨਹੀਂ ਏ। ਕੁਝ ਪ੍ਰਭਾਵਸ਼ਾਲੀ ਲੋਕਾਂ ਨੇ ਇਕ ਤੰਤਰ ਰਚਿਆ ਅਤੇ ਸਾਡੇ ਧੰਦੇ ਅਤੇ ਸਮਾਜ ਨੇ ਇਸ ਨੂੰ ਪ੍ਰਵਾਨ ਕਰ ਲਿਆ।'

'ਸਾਡਾ ਸਮਾਜ!' ਮੈਂ ਚੰਦਾ ਵੱਲ ਦੇਖ ਕੇ ਕਿਹਾ।

ਉਹ ਮੁਸਕਰਾਈ, 'ਅਸੀਂ ਕਾਫੀ ਦੇਰ ਤੋਂ ਖੁਦ ਅਤੇ ਉਨ੍ਹਾਂ ਬਾਰੇ ਸੋਚਦੇ ਰਹੇ ਹਾਂ। ਇਸ ਲਈ ਮੈਨੂੰ ਸਮੁੱਚੇ ਸਮਾਜ ਬਾਰੇ ਸ਼ਬਦ ਵਰਤਣ ਲਈ ਅਜੇ ਕੋਸ਼ਿਸ਼ ਕਰਨੀ ਪਏਗੀ।'

ਮੈਂ ਉਹਦੀ ਅੱਖ ਵਿਚ ਹੰਝੂ ਦੇਖਿਆ ਅਤੇ ਉਹਨੇ ਆਪਣਾ ਸਿਰ ਚੁੱਕਿਆ।' ਇਸ ਤਰ੍ਹਾਂ

ਸਮਾਜਕ ਰਵਾਇਤਾਂ ਨੇ ਬਹੁਤ ਚਿਰ ਪਹਿਲਾਂ ਸਾਡੀ ਥਾਂ ਨਿਸ਼ਚਿਤ ਕਰ ਦਿੱਤੀ। ਅਤੇ ਇਕ ਕਾਫੀ ਯੋਜਨਾਬੱਧ ਏ, ਚੰਗੀ ਸਥਾਪਤ ਏ ਅਤੇ ਸੁਰੱਖਿਅਤ ਵੀ। ਮੇਰੇ ਵੱਲ ਦੇਖੋ।' ਉਹਦੀ ਆਵਾਜ਼ ਤੇਜ਼ ਹੋਈ ਮੇਰੇ ਵੱਲ ਦੇਖ, ਮੈਂ ਅਜੇ ਵੀ ਹਰੇਕ ਨਿਯਮ ਤੇ ਚੱਲਦੀ ਹਾਂ।' ਉਹ ਕੁਝ ਚਿਰ ਚੁੱਪ ਰਹੀ, ' ਪਰ ਮੈਨੂੰ ਇੱਕ ਗੱਲ ਸਮਝ ਨਹੀਂ ਪਈ। ਸਾਡੀਆਂ ਮਾਵਾਂ ਵੀ ਇਸੇ ਤਰ੍ਹਾਂ ਕਰਦੀਆਂ ਰਹੀਆਂ ਅਤੇ ਸਾਡੇ ਵਿੱਚ ਇਹੀ ਮੁੱਲ ਭਰਦੀਆਂ ਰਹੀਆਂ ਜਦੋਂ ਕਿ ਇਹ ਸਾਡੇ ਖਿਲਾਫ਼ ਜਾਂਦੇ ਸਨ? ਉਨ੍ਹਾਂ ਨੇ ਸਾਡਾ ਸਮਾਜੀਕਰਨ ਇਸ ਢੰਗ ਨਾਲ ਕਿਉਂ ਕੀਤਾ ਕਿ ਅਸੀਂ ਇਹੀ ਭੂਮਿਕਾ ਇਸੇ ਤਰ੍ਹਾਂ ਨਿਭਾਉਂਦੀਆਂ ਰਹੀਏ?'

ਫੈਜ਼ਾ ਨੇ ਤੁਰੰਤ ਜਵਾਬ ਦਿੱਤਾ।' ਮੇਰੇ ਸੰਸਾਰ ਵਿਚ, ਇਕ ਮਾਂ ਆਪਣੀ ਧੀ ਦਾ ਸਮਾਜੀਕਰਨ ਕਰਦੀ ਏ ਤਾਂ ਕਿ ਉਹ ਆਪਣੇ ਆਦਮੀ ਦੀ ਆਗਿਆਕਾਰ ਅਤੇ ਉਸ ਤੋਂ ਦਬਦੀ ਰਹੇ। ਉਹ ਜਾਣਦੀ ਏ ਕਿ ਉਸਨੇ ਇਹ ਰਵਾਇਤ ਆਪਣੀ ਧੀ ਨੂੰ ਦੇਣੀ ਏਂ ਤਾਂ ਕਿ ਉਹ ਤੰਤਰ ਵਿੱਚ ਜੀਵਤ ਰਹਿ ਸਕੇ। ਉਹ ਨਹੀਂ ਚਾਹੁੰਦੀ ਕਿ ਉਸ ਦੀ ਧੀ ਇਸ ਤੋਂ ਕਿਸੇ ਹੋਰ ਪਾਸੇ ਜਾ ਕੇ ਦੁੱਖ ਝੱਲੇ। ਕੋਈ ਵੀ ਮਾਂ ਆਪਣੀ ਧੀ ਲਈ ਇਹ ਨਹੀਂ ਚਾਹੁੰਦੀ। ਭਾਵੇਂ ਉਹ ਤੰਤਰ ਦੇ ਅੰਦਰ ਨਾ ਝਾਤੀ ਮਾਰ ਸਕਦੀ ਹੋਵੇ ਪਰ ਉਸਦੀ ਜ਼ਿੰਮੇਵਾਰੀ ਆਪਣੇ ਬੱਚਿਆਂ ਦਾ ਸਮਾਜੀਕਰਨ ਕਰਨ ਦੀ ਏ ਤਾਂ ਕਿ ਉਹ ਨਿਰਧਾਰਤ ਮਰਦ ਅਤੇ ਔਰਤ ਭੂਮਿਕਾਵਾਂ ਨਿਭਾ ਸਕਣ। ਮੇਰੀ ਮਾਂ ਮੇਰੇ ਲਈ ਸਮਾਜਕ ਮਾਨਤਾ ਚਾਹੁੰਦੀ ਏ। ਉਹ ਨਹੀਂ ਸਮਝਦੀ ਕਿ ਉਹ ਖੁਦ ਦੇ ਘਟੀਆਪੁਣੇ ਨੂੰ ਮਜ਼ਬੂਤ ਕਰ ਰਹੀ ਏ। ਉਹ ਸਿਰਫ ਇਹ ਚਾਹੁੰਦੀ ਏ ਕਿ ਉਹਦੀ ਧੀ ਜ਼ਿੰਦਾ ਰਹੇ ਅਤੇ ਇਸ ਤੰਤਰ ਵਿਚ ਸਫਲ ਰਹੇ।

'ਮੈਂ ਇਹ ਸਮਝ ਗਈ। ਮੇਰੀ ਮਾਂ ਹਮੇਸ਼ਾ ਮੈਨੂੰ ਕਹਿੰਦੀ ਏ ਕਿ ਮੈਂ ਨਹੀਂ ਚਾਹੁੰਦੀ ਸੀ ਕਿ ਮੈਂ ਤੈਨੂੰ ਪਿੱਛੇ ਛੱਡ ਕੇ ਦੁੱਖ ਸਹਿਤ ਜੀਣ ਦਿਆਂ। ਉਸ ਨੇ ਮੈਨੂੰ ਇਹ ਸਭ ਕੁਝ ਸਿਖਾਇਆ ਜੋ ਇਸ ਤੰਤਰ ਵਿਚ ਜ਼ਿੰਦਾ ਰਹਿਣ ਲਈ ਉਹ ਜਾਣਦੀ ਸੀ ' ਚੰਦਾ ਨੇ ਕਿਹਾ ਅਤੇ ਆਪਣਾ ਸਿਰ ਫੈਜ਼ਾ ਦੇ ਮੋਢੇ ਤੇ ਰੱਖ ਲਿਆ।' ਉਹ ਸਮਾਜਕ ਤੰਤਰ ਦੀ ਵੱਡੀ ਤਸਵੀਰ ਨੂੰ ਨਹੀਂ ਸਮਝਦੀ ਅਤੇ ਮੈਂ ਵੀ ਇਨਾਂ ਕੁ ਹੀ ਸਮਝਦੀ ਹਾਂ। ਉਹ ਬੱਸ ਐਨਾ ਹੀ ਜਾਣਦੀ ਏ ਕਿ ਉਹਨੇ ਮੈਨੂੰ ਪਾਲ ਕੇ ਇਸੇ ਤੰਤਰ ਵਿੱਚ ਫਿੱਟ ਕਰਵਾ ਦਿੱਤਾ ਅਤੇ ਜਿੱਥੇ ਸਮਾਜ ਉਨ੍ਹਾਂ ਨੂੰ ਰਾਹ ਤੋੜਨ ਕਰਕੇ ਸਜ਼ਾ ਦਾ ਭਾਗੀਦਾਰ ਨਾਂ ਬਣਾ ਦੇਵੇ। ਉਹਨੇ ਮੈਨੂੰ ਦੱਸਿਆ ਕਿ ਨਿਕਾਹ ਕਰਨਾ ਅਤੇ ਬਿਨਾ ਜਿਸਮ ਵੇਚੇ ਜੀਵਨ ਜੀਉਣਾ ਨਿਯਮਾਂ ਦੇ ਖਿਲਾਫ ਏ ਅਤੇ ਇਸ ਦੀ ਇਜਾਜ਼ਤ ਨਹੀਂ ਏ। ਉਹ ਨਹੀਂ ਚਾਹੁੰਦੀ ਸੀ ਕਿ ਮੈਂ ਆਪਣੀ ਬਿਰਾਦਰੀ ਦੇ ਕਿਸੇ ਬੰਦੇ ਨਾਲ ਨਿਕਾਹ ਕਰਵਾ ਲਵਾਂ ਕਿਉਂਕਿ ਇਸ ਤਰ੍ਹਾਂ ਮੈਂ ਨਿਯਮਾਂ ਦੇ ਖਿਲਾਫ਼ ਜਾਣ ਲਈ ਦੁਰਕਾਰੀ ਜਾਵਾਂਗੀ। ਉਹ ਨਹੀਂ ਚਾਹੁੰਦੀ ਸੀ ਕਿ ਮੈਂ ਇਕੱਲੀ ਰਹਿ ਜਾਵਾਂ। ਉਹ ਸਿਰਫ਼ ਇਹ ਚਾਹੁੰਦੀ ਸੀ ਕਿ ਮੈਨੂੰ ਸਮਾਜਕ ਮਾਨਤਾ ਮਿਲ ਜਾਵੇ। ਉਹ ਚਾਹੁੰਦੀ ਸੀ ਕਿ ਮੈਂ ਨਿਯਮਾਂ ਤੇ ਚੱਲਾਂ ਤਾਂ ਕਿ ਮੈਨੂੰ ਤਕਲੀਫ ਨਾ ਹੋਵੇ।'

ਕੁਝ ਦੇਰ ਦੀ ਭਾਰੂ ਚੁੱਪ ਪਿੱਛੋਂ ਮੈਂ ਗੱਲ ਜਾਰੀ ਰੱਖੀ।' ਮਰਦ ਉਨ੍ਹਾਂ ਔਰਤਾਂ ਵਿਚਕਾਰ ਇਹ ਫਰਕ ਰੱਖਣਾ ਚਾਹੁੰਦੇ ਨੇ ਜੋ ਤਵਾਇਫ਼ਾਂ ਹੁੰਦੀ ਨੇ ਤੇ ਜੋ ਉਹਨਾਂ ਦੇ ਬੱਚੇ ਪੈਦਾ ਕਰਦੀਆਂ ਨੇ। ਇਹ ਹੀ ਉਸ ਕਲੰਕ ਦੀ ਕੀਮਤ ਏ। ਮਰਦਾਂ ਲਈ ਬਣਾਏ ਗਏ ਖੇਡ ਦੇ ਮੈਦਾਨ ਬਹੁਤ ਕਲੰਕਿਤ ਨੇ। ਉੱਥੇ ਜਾਣਾ ਐਨਾ ਮਾੜਾ ਨਹੀਂ। ਉੱਥੇ ਜੋ ਔਰਤਾਂ ਕੰਮ ਕਰਦੀਆਂ ਨੇ ਉਹ

ਬਦਨਾਮ ਹਨ। ਇਹ ਕਲੰਕ ਉਨ੍ਹਾਂ ਪੁਰਾਣੀਆਂ ਜੰਮੀਆਂ ਹੋਈਆਂ ਮਿੱਥਾਂ ਕਰਕੇ ਏ ਜੋ ਇਸ ਸਥਿਤੀ ਨੂੰ ਉਵੇਂ ਕਿਵੇਂ ਰੱਖਣਾ ਚਾਹੁੰਦੀਆਂ ਨੇ। ਪਹਿਲਾ, ਇਹ ਔਰਤਾਂ ਨਿਕਾਹ ਲਈ ਨਹੀਂ ਹਨ। ਉਨ੍ਹਾਂ ਦਾ ਮੰਤਵ ਸ਼ੁਗਲ ਕਰਵਾਉਣਾ ਏ ਨਾਂ ਕਿ ਮਰਦ ਦੇ ਵੰਸ਼ ਨੂੰ ਚਲਾਉਣਾ।

ਇਸੇ ਕਲੰਕ ਕਾਰਨ ਲੋਕ ਮਹਿਸੂਸ ਕਰਦੇ ਨੇ ਕਿ ਇਹ ਔਰਤਾਂ ਜਨਮ ਤੋਂ ਹੀ ਭੈੜੀਆਂ ਨੇ ਤੇ ਸਮਾਜ ਦੀਆਂ ਬੁਰਾਈਆਂ ਲਈ ਜ਼ਿੰਮੇਵਾਰ ਨੇ। ਉਨ੍ਹਾਂ ਨੂੰ ਕਦੀ ਵੀ ਮੁੱਖਧਾਰਾ ਸਮਾਜ ਵਿਚ ਨਿਕਾਹ ਕਰਵਾਉਣ ਦੀ ਇਜਾਜਤ ਨਹੀਂ ਹੋਣੀ ਚਾਹੀਦੀ ਜਿੱਥੇ ਕਿ ਉਹ ਲੋਕਾਂ ਦੀਆਂ ਕਦਰਾਂ ਕੀਮਤਾਂ ਅਤੇ ਨੈਤਿਕਤਾ ਨੂੰ ਵੀ ਭਰਿਸ਼ਟ ਕਰ ਸਕਦੀਆਂ ਹਨ। ਮੂਲ ਰੂਪ ਵਿਚ ਇਹ ਕਲੰਕ ਹੀ ਉਨ੍ਹਾਂ ਨੂੰ ਨਿਖੇੜ ਕੇ ਅਤੇ ਦੂਰ ਰੱਖਦਾ ਏ ਜਿੱਥੇ ਇਸ ਸਮੱਸਿਆ ਲਈ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਜਾ ਸਕੇ ਤੇ ਸੰਤਾਨ ਉਤਪੱਤੀ ਲਈ ਵਰਤਿਆ ਨਾ ਜਾ ਸਕੇ।

ਦੂਜੇ, ਇਸ ਨਾਲ ਇਹ ਵੀ ਯਕੀਨੀ ਬਣਦਾ ਏ ਕਿ ਉਹ ਅਪਣੇ ਵੇਸਵਾ ਦੇ ਤੌਰ ਤੇ ਨਿਰਧਾਰਤ ਰੋਲ ਵਿਚੋਂ ਵੀ ਨਹੀਂ ਨਿਕਲ ਸਕਦੀਆਂ। ਇਹ ਕਲੰਕ ਉਨ੍ਹਾਂ ਲਈ ਕਿਸੇ ਹੋਰ ਤਰ੍ਹਾਂ ਦੀ ਜੀਵਨ-ਜਾਚ ਬਾਰੇ ਸੋਚਣ ਦੀ ਸੰਭਾਵਨਾ ਤੱਕ ਨਹੀਂ ਛੱਡਦਾ। ਸਾਰੀਆਂ ਮਿੱਥਾਂ, ਜਿਵੇਂ, '' ਇਕ ਵਾਰੀ ਵੇਸਵਾ ਸਦਾ ਲਈ ਵੇਸਵਾ।'' ''ਇਕ ਵੇਸਵਾ ਨੂੰ ਸਮਾਜ ਵਿਚ ਕਦੀ ਪ੍ਰਵਾਨ ਨਹੀਂ ਕੀਤਾ ਜਾਂਦਾ'' ਆਦਿ ਵੀ ਇਹ ਯਕੀਨੀ ਬਣਾਉਣ ਲਈ ਹਨ ਤੈਂ ਕਿ ਇਹ ਬੇਕਬਜ਼ਾ ਔਰਤਾਂ ਦਾ ਸਮੂਹ ਮਰਦਾਂ ਲਈ ਹਮੇਸ਼ਾ ਉਪਲਬਧ ਰਹੇ। ਤੀਜਾ, ਇਹ ਕਲੰਕ ਉਨ੍ਹਾਂ ਨੂੰ ਚੰਗੀਆਂ ਔਰਤਾਂ ਵਿਚ ਰਚਣ ਮਿਚਣ ਨਹੀਂ ਦਿੰਦਾ ਤਾਂ ਕਿ ਉਹ ਵੀ ਭਰਿਸ਼ਟ ਨਾ ਹੋ ਜਾਣ। ਇਹ ਵਰਗਵੰਡ ਨੂੰ ਮਜ਼ਬੂਤ ਕਰਦਾ ਏ ਅਤੇ ਇਨ੍ਹਾਂ ਮਾੜੀਆਂ ਔਰਤਾਂ ਦਾ ਭੈਅ ਚੰਗੀਆਂ ਔਰਤਾਂ ਵਿੱਚ ਕਾਇਮ ਰੱਖਦਾ ਏ ਤਾਂ ਕਿ ਚੰਗੀਆਂ ਔਰਤਾਂ ਉਨ੍ਹਾਂ ਦੇ ਪ੍ਰਭਾਵ ਤੋਂ ਹੀ ਦੂਰ ਰਹਿਣ। ਇਸ 'ਨਰਮ' ਸਮਾਜ ਦੀ ਕੋਈ ਔਰਤ ਜੇ ਇਨ੍ਹਾਂ ਪੇਸ਼ਕਾਰੀ ਕਲਾਵਾਂ ਵਿਚ ਕੋਈ ਦਿਲਚਸਪੀ ਖੁਲ੍ਹੇ ਰੂਪ ਵਿਚ ਦਿਖਾਉਂਦੀ ਏ ਤਾਂ ਉਸ ਤੇ ਪੂਰਾ ਦਬਾਉ ਏ ਕਿ ਉਹ ਇਸ ਤਰ੍ਹਾਂ ਨਾ ਕਰੇ। ਉਸ ਦੀ ਹਰਕਤ ਨੂੰ ਵੀ ਵੇਸਵਾਵਾਂ ਦੀ 'ਨਾਂਹਪੱਖੀ' ਭੂਮਿਕਾ ਨਾਲ ਜੋੜਿਆ ਜਾਂਦਾ ਏ। ਇਹ ਕਲੰਕ ਇਹ ਯਕੀਨੀ ਬਣਾਉਂਦਾ ਏ ਕਿ ਇਹ ਦੋਵੇਂ ਵਰਗਾਂ ਦੀਆਂ ਔਰਤਾਂ ਆਪਸ ਵਿਚ ਰਚ-ਮਿਚ ਨਾ ਸਕਣ, ਜਿਸ ਨਾਲ ਉਨ੍ਹਾਂ ਦੀਆਂ 'ਖਰੀਆਂ' ਔਰਤਾਂ ਦੇ 'ਖਰੀਆਂ' ਰਹਿਣ ਦੀ ਜਾਮਨੀ ਹੁੰਦੀ ਏ ਅਤੇ'ਬੁਰੀਆਂ' ਔਰਤਾਂ 'ਬੁਰੀਆਂ' ਦੇ ਤੌਰ ਤੇ ਨਿੱਖੜ ਕੇ ਪਾਸੇ ਰਹਿ ਜਾਂਦੀਆਂ ਨੇ।'

ਫੈਜ਼ਾ ਦੀਆਂ ਅੱਖਾਂ ਫੈਲ ਗਈਆਂ ਤੇ ਉਹਨੇ ਹੌਕਾ ਭਰ ਕੇ ਹੱਥ ਆਪਣੇ ਮੂੰਹ ਤੇ ਰੱਖ ਲਿਆ।' ਤੇਰੇ ਯਾਦ ਏ ਕਿ ਜਦੋਂ ਮੈਂ ਨਵੇਂ ਸਾਲ ਦੇ ਦਿਨ ਪਹਿਲੀ ਵਾਰੀ ਇੱਥੇ ਤੇਰੇ ਨਾਲ ਆਈ ਸੀ ਤਾਂ ਕਿੰਨੀ ਭੈਭੀਤ ਸੀ? ਮੈਨੂੰ ਡਰ ਆਖਰ ਕਿਸ ਚੀਜ਼ ਦਾ ਸੀ?' ਉਹਨੇ ਖੁਦ ਨੂੰ ਸਵਾਲ ਕੀਤਾ। ਉਹ ਬੇਚੈਨੀ ਨਾਲ ਕਮਰੇ ਵਿੱਚ ਦੇਖਣ ਲੱਗੀ ਅਤੇ ਫੇਰ ਰੁਕ ਕੇ ਇੱਕ ਕੰਧ ਵੱਲ ਤੱਕਣ ਲੱਗੀ, 'ਮੈਂ ਇਨ੍ਹਾਂ ਦੋ ਵਰਗਾਂ ਦੀ ਸੀਮਾ ਰੇਖਾ ਤੋੜ ਰਹੀ ਸੀ, ਇਕ ਵਰਜਿਤ ਸੰਸਾਰ ਵਿਚ ਦਾਖਲ ਹੋ ਰਹੀ ਸੀ ਜੋ ਮੇਰੇ ਵਰਗੀਆਂ ਔਰਤਾਂ ਲਈ ਵਰਜਿਤ ਏ, ਇਹ ਸੀ ਗੱਲ, ਅਤੇ ਹੁਣ ਦੇਖੋ ਮੈਂ ਚੰਦਾ ਨਾਲ ਕਿੰਨੇ ਅਰਾਮ ਨਾਲ ਬੈਠੀ ਗੱਲਾਂ ਕਰ ਰਹੀ ਹਾਂ!' ਉਸ ਦੇ ਚਿਹਰੇ ਤੇ ਮੁਸਕਰਾਹਟ ਛਾ ਗਈ।

'ਇਹ ਕਲੰਕ ਆਪਣੇ ਆਪ ਵਿਚ ਇਕ ਦਿਲਚਸਪ ਵਰਤਾਰਾ ਏ।', ਮੈਂ ਅੱਗੇ ਕਿਹਾ,

'ਇੱਜ਼ਤ ਵਾਂਗ ਹੀ, ਇਹ ਵੀ ਬਹੁਤਾ ਔਰਤਾਂ ਦੀ ਕਾਮੁਕਤਾ ਤੇ ਕਾਬੂ ਰੱਖਣ ਲਈ ਵਰਤਿਆ ਜਾਂਦਾ ਏ। ਸਾਨੂੰ ਇਹ ਪੁੱਛਣਾ ਪੈਣਾ ਏਂ ਕਿ ਇਸ ਧੰਦੇ ਵਿਚ ਜੰਮੀ ਔਰਤ ਇਸ ਵਤੀਰੇ ਦੀ ਕਿਉਂ ਸ਼ਿਕਾਇਤ ਨਹੀਂ ਕਰਦੀ।'

ਚੰਦਾ ਬੋਲੀ, 'ਕਿਉਂਕਿ ਉਹੀ ਤਾਂ ਹੈ ਜੋ ਕਲੰਕਿਤ ਹੈ, ਆਪਣੀ ਉਮਰ ਭਰ ਲਈ।'

'ਹਾਂ, ਇਹ ਵੀ ਪੁੱਠਾ ਗੇੜ ਨਹੀਂ? ਉਨ੍ਹਾਂ ਨੂੰ ਉਸ ਜੁਰਮ ਦੀ ਸਜਾ ਮਿਲ ਰਹੀ ਏ ਜੋ ਉਹਨੇ ਕੀਤਾ ਹੀ ਨਹੀਂ। ਕਿਉਂ? ਖੈਰ, ਚੰਦਾ, ਮੈਨੂੰ ਇੱਕ ਗੱਲ ਦੱਸ, ਜੇ ਕੋਈ ਮਰਦ ਆਉਂਦਾ ਏ ਤੇ ਤੈਨੂੰ ਸੈਕਸ ਲਈ ਕਹਿੰਦਾ ਏ, ਤੇ ਜੋ ਉਹ ਚਾਹੁੰਦਾ ਏ ਪਾ ਲੈਂਦਾ ਏ ਅਤੇ ਇਹਦੇ ਪੈਸੇ ਦੇ ਦਿੰਦਾ ਏ। ਇਹਦਾ ਜ਼ਿੰਮੇਵਾਰ ਕੌਣ ਹੋਇਆ? ਫੈਜ਼ਾ ਹੈਰਾਨ ਹੋ ਕੇ ਬੋਲੀ, 'ਮਰਦ ਤੰਤਰ ਦੇ ਹਿਸਾਬ ਨਾਲ ਤਾਂ ਚੰਦਾ ਹੀ ਹੋਈ।'

ਚੰਦਾ ਨੇ ਮੂੰਹ ਅੱਡ ਕੇ ਫੈਜ਼ਾ ਵਲ ਦੇਖਿਆ।

'ਬਿਲਕੁਲ ਠੀਕ' ਮੈਂ ਹੱਸ ਕੇ ਬੋਲੀ। 'ਭਾਵੇਂ ਉਹ ਜੋ ਪਾਉਂਦਾ ਏ ਉਹਦੇ ਪੈਸੇ ਦਿੰਦਾ ਏ, 'ਪਰ ਸੁਧਾਰ ਚੰਦਾ ਦਾ ਹੋਣਾ ਚਾਹੀਦਾ ਏ, ਉਹਦਾ ਨਹੀਂ। ਮੈਂ ਕਿਤੇ ਪੜ੍ਹਿਆ ਏ ਕਿ ਜਦੋਂ 1920 ਵਿਆਂ ਵਿੱਚ ਨਹਿਰੂ ਆਲਾਹਾਬਾਦ ਮਿਉਂਸਪੈਲਟੀ ਦਾ ਪ੍ਰਧਾਨ ਸੀ ਤਾਂ ਕੁਝ ਲੋਕਾਂ ਨੇ ਉਹਨੂੰ ਰੰਡੀਗਿਰੀ ਬਾਰੇ ਸ਼ਿਕਾਇਤ ਕੀਤੀ ਤੇ ਉਹਨੂੰ ਕਿਹਾ ਕਿ ਉਹ ਇਹ ਹੁਕਮ ਜਾਰੀ ਕਰੇ ਕਿ ਵੇਸਵਾਵਾਂ ਇਕ ਨਿਸ਼ਚਿਤ ਥਾਂ ਤੋਂ ਧੰਦਾ ਕਰਨ ਨਾ ਕਿ ਸਾਰੇ ਸ਼ਹਿਰ ਵਿਚ ਕਿਤੋਂ ਵੀ। ਪਰ ਉਹਨੇ ਇਹ ਕਰਨੋਂ ਨਾਂਹ ਕਰ ਦਿੱਤੀ ਤੇ ਕਿਹਾ ਕਿ ਇਹ ਚੀਜ਼ ਤਾਂ ਹੀ ਕਰੇਗਾ ਜੇ ਉਹ ਉੱਥੇ ਜਾਣ ਵਾਲਿਆਂ ਲਈ ਵੀ ਇਸੇ ਤਰ੍ਹਾਂ ਦਾ ਇਲਾਕਾ ਦੇ ਸਕੇਗਾ। ਕੀ ਇਹ ਜਵਾਬ ਦਿਲਚਸਪ ਨਹੀਂ ਸੀ?' ਚੰਦਾ ਵਿਚੋਂ ਬੋਲੀ, '' ਜੋ ਗੱਲ ਮੇਰੇ ਸਮਝ ਨਹੀਂ ਆਉਂਦੀ ਉਹ ਏ ਕਿ ਲੋਕਾਂ ਨੂੰ ਇਹ ਕਿਉਂ ਨਹੀਂ ਦਿਸਦਾ। ਕਿਉਂ ਕਈ ਵਾਰੀ ਹੁਸ਼ਿਆਰ ਲੋਕ ਵੀ ਇਹੀ ਸਮਝਦੇ ਨੇ ਕਿ ਕਸੂਰ ਸਾਡਾ ਏ ਕਿ ਮਰਦ ਸਾਡੇ ਕੋਲ ਆਉਂਦੇ ਨੇ। ਅਸੀਂ ਉਨ੍ਹਾਂ ਨੂੰ ਬੁਲਾਉਣ ਨਹੀਂ ਜਾਦੀਆਂ। ਉਹੀ ਸਾਡੇ ਪਿੱਛੇ ਆਉਂਦੇ ਨੇ।'

ਮੈਂ ਕੋਸ਼ਿਸ਼ ਕਰਦੀ ਹਾਂ ਇਸ ਦਾ ਜਵਾਬ ਦੇਣ ਦੀ, 'ਮੈਂ ਕਿਹਾ।'' ਪਹਿਲਾ ਇਹ ਮਿਆਰ ਆਮ ਲੋਕਾਂ ਦੇ ਨਹੀਂ ਬਣਾਏ ਹੋਏ। ਜੋ ਲੋਕ ਸੱਤਾ ਤੇ ਹੁੰਦੇ ਨੇ ਉਹ ਬਣਾਉਂਦੇ ਨੇ। ਇਸੇ ਲਈ ਕਿਉਂਕਿ ਇਹ ਉਨ੍ਹਾਂ ਦੇ ਹਿਤ ਵਿਚ ਨਹੀਂ ਹੁੰਦਾ ਕਿ ਉਹ ਸਾਹਮਣੇ ਆਉਣ ਪਰ ਉਨ੍ਹਾਂ ਦਾ ਤੁਹਾਡੇ ਤੇ ਕਲੰਕ ਲਾਉਣ ਦਾ ਮਕਸਦ ਪੂਰਾ ਰਹਿੰਦਾ ਏ। ਦੂਜਾ, ਇੱਥੋਂ ਦੇ ਹੋਰ ਮਿੱਥ ਵੀ ਅਹਿਮ ਨੇ। ਬਹੁਤ ਸਾਰੇ ਇਤਿਹਾਸਕਾਰ ਰੰਡੀਗਿਰੀ ਨੂੰ ਜ਼ਰੂਰੀ ਭੈੜ ਕਹਿੰਦੇ ਨੇ, ਅਤੇ ਕਹਿੰਦੇ ਨੇ ਕਿ ਪਰਿਵਾਰਕ ਕਦਰਾਂ-ਕੀਮਤਾਂ ਦੀ ਸੁਰੱਖਿਆ ਲਈ ਵੇਸਵਾਵਾਂ ਨੂੰ ਬਰਦਾਸ਼ਤ ਕਰਨਾ ਹੀ ਪੈਣਾ ਏਂ। ਨਹੀਂ ਤਾਂ ਬਿਗੜੇ ਹੋਏ ਮਰਦ ਇੱਜ਼ਤਦਾਰ ਔਰਤਾਂ ਨੂੰ ਖਰਾਬ ਕਰਨਗੇ। ਹੋਰ ਮਿੱਥ ਇਹ ਵੇ ਕਿ ਮਰਦ ਜੈਵ ਵਿਗਿਆਨਕ ਤੌਰ ਤੇ ਬਹੁ-ਪਤਨੀਕ ਹੁੰਦੇ ਨੇ।

ਫੈਜ਼ਾ ਨੇ ਤੁਰਸ਼ੀ ਨਾਲ ਕਿਹਾ, 'ਯਾ ਖੁਦਾ! ਇਹ ਗੱਲ ਮੈਂ ਬੜੀ ਵਾਰੀ ਸੁਣੀ ਏਂ। ਇਸ ਤਰ੍ਹਾਂ ਹੀ ਉਹ ਬਹੁ-ਨਿਕਾਹ ਨੂੰ ਉਚਿਤ ਠਹਿਰਾਉਂਦੇ ਨੇ। ਮਰਦ ਵੱਲੋਂ ਕਿਸੇ ਔਰਤ ਨਾਲ ਜ਼ਬਰ ਜ਼ਿਨਾਹ ਨੂੰ ਉਚਿਤ ਠਹਿਰਾਉਣ ਲਈ ਲੋਕ ਕੀ ਕੁਝ ਕਰਦੇ ਨੇ।

''ਆਖਰ ਉਹ ਮਰਦ ਬੱਚਾ ਏ। ਤੁਹਾਨੂੰ ਪਤਾ ਈ ਏ ਮਰਦ ਦੀਆਂ ਸੈਕਸ ਦੀਆਂ ਲੋੜਾਂ

ਕੀ ਹੁੰਦੀਆਂ ਨੇ।'' ਉਸ ਦੀਆਂ ਸੈਕਸ ਦੀਆਂ ਲੋੜਾਂ ਆਖਰ ਹਨ ਕੀ? ਇਹ ਬੜੀ ਵਧੀਆ ਗੱਲ ਏ ਕਿ ਉਸ ਨੇ ਆਪਣਾ ਅਕਸ ਅਜਿਹਾ ਬਣਾ ਲਿਆ ਤਾਂ ਕਿ ਉਹ ਬਲਾਤਕਾਰ ਕਰਕੇ ਵੀ ਬਚ ਜਾਣ।'

ਚੰਦਾ ਨੇ ਕਿਹਾ।' ਮਰਦਾਂ ਨੇ ਇਹ ਅਕਸ ਆਪਣੀ ਸਹੂਲਤ ਲਈ ਬਣਾਇਆ ਏ ਕਿ ਉਸ ਦੀ ਕਾਮ ਵਾਸਨਾ ਵਧੇਰੇ ਹੁੰਦੀ ਏ ਤੇ ਇਸ ਲਈ ਕੁਦਰਤੀ ਤੌਰ ਤੇ ਉਨ੍ਹਾਂ ਨੂੰ ਕਈ ਜੀਵਨ ਸਾਥੀ ਚਾਹੀਦੇ ਹੁੰਦੇ ਨੇ। ਬਹੁਤ ਵਧੀਆ ਤਾਂ ਕਿ ਔਰਤਾਂ ਨੂੰ ਪੂਰੀ ਤਰ੍ਹਾਂ ਦਬਾ ਕੇ ਰੱਖਿਆ ਜਾ ਸਕੇ। ਖਾਸ ਕਰਕੇ ਸੈਕਸੁਅਲ ਪੱਖੋਂ। ਉਨ੍ਹਾਂ ਨੂੰ ਕਦੀ ਇਸ ਬਾਰੇ ਗੱਲ ਹੀ ਨਹੀਂ ਕਰਨ ਦਿੱਤੀ ਜਾਂਦੀ, ਇਸ ਬਾਰੇ ਸੋਚਣ ਸੋਚਣ ਹੀ ਨਹੀਂ ਦਿੱਤਾ ਜਾਂਦਾ ਕਿਉਂਕਿ ਇਹੀ ਉਨ੍ਹਾਂ ਦੀ ਜੈਵਵਿਗਿਆਨਕ ਕਿਸਮ ਨੂੰ ਸੂਤ ਬਹਿੰਦਾ ਏ।'

ਮੈਂ ਬੋਲੀ।' ਇਸੇ ਲਈ ਉਹ ਤੈਨੂੰ ਮਾੜੀ ਕਹਿੰਦੇ ਨੇ, ਚੇਤੇ ਰੱਖ। ਜੇ ਮਰਦ ਕੋਈ ਗਲਤੀ ਕਰੇ ਤਾਂ ਉਹ ਜੈਵਵਿਗਿਆਨਕ ਏ ਤੇ ਜੇ ਕੋਈ ਔਰਤ ਸੈਕਸ ਦਾ ਆਨੰਦ ਲੈ ਲਵੇ ਤਾਂ ਉਹ 'ਗੰਦੀ' ਏ।'

ਚੰਦਾ ਨੇ ਇਸ ਦਾ ਹੁੰਗਾਰਾ ਭਰਿਆ।'' ਮੈਂ ਆਪਣੇ ਕੁਲ ਬਾਰੇ ਜੋ ਕਹਿ ਰਹੀ ਸੀ, ਸਾਡੀ ਔਰਤ ਕੁਲ ਜੋ ਏ ਇਹ ਅਸਾਂ ਨਹੀਂ ਚੁਣੀ ਏ ਬਲਕਿ ਇਹ ਇਸ ਲਈ ਏ ਕਿ ਮਰਦ ਅਪਣੇ ਬੱਚਿਆਂ ਨਾਲ ਕੋਈ ਸਬੰਧ ਰੱਖਣਾ ਹੀ ਨਹੀਂ ਚਾਹੁੰਦੇ। ਅਸੀਂ 'ਗੰਦੀਆਂ' ਹਾਂ ਇਸ ਲਈ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਸਾਡੇ ਜੰਮਣ।'

'ਬਿਲਕੁਲ' ਮੈਂ ਕਿਹਾ।' ਤੇ ਉਹ ਬੜੇ ਸੌਖੇ ਢੰਗ ਨਾਲ ਇਨ੍ਹਾਂ ਬੱਚਿਆਂ ਨੂੰ ਹਰਾਮੀ ਕਹਿ ਦਿੰਦੇ ਨੇ। ਜੋ ਬੱਚਾ ਕਿਸੇ ਮਰਦ ਦੀ ਉਂਗਲ ਨਾਲ ਨਹੀਂ ਜੁੜਿਆ ਹੋਇਆ ਉਹ ਹਰਾਮੀ ਏ ਭਾਵੇਂ ਮਾਂ ਉਹਦੀ ਨੂੰ ਪਤਾ ਵੀ ਹੋਵੇ। ਇਹ ਮਰਦ ਦੀ ਮਰਜ਼ੀ ਏ । ਮੁਹੱਲੇ ਵਿਚ ਸਭ ਔਰਤਾਂ ਦੀ ਹੀ ਚੱਲਦੀ ਇਹ ਭਾਵੇਂ ਲੱਗਦਾ ਹੋਵੇ ਕਿ ਕਰਦੇ ਸਭ ਮਰਦ ਹੀ ਨੇ। ਪਰ ਤੈਨੂੰ ਚੁਣ ਲੈਂਦਾ ਏ ਤੇ ਆਪਣੇ ਨਾਲ ਜੋੜ ਕੇ ਤੈਨੂੰ ਰੁਤਬਾ ਦੇ ਦਿੰਦਾ ਏ ਤੇ ਜਦੋਂ ਉਹ ਚਾਹੇ ਤੈਨੂੰ ਰੱਖ ਤੇ ਛੱਡ ਸਕਦਾ ਏ।'

ਚੰਦਾ ਨੇ ਹਾਮੀ ਭਰੀ।' ਇਹ ਠੀਕ ਏ। ਮੈਂ ਇਜ਼ਤਦਾਰ ਨਹੀਂ ਹਾਂ। ਮਰਦ ਮੇਰੇ ਕੋਲ ਆ ਸਕਦਾ ਏ, ਸ਼ੁਗਲ ਕਰ ਸਕਦਾ ਏ ਤੇ ਫੇਰ ਮੈਨੂੰ ਗਾਲ੍ਹਾਂ ਕੱਢ ਸਕਦਾ ਏ, ਮੈਨੂੰ ਰੰਡੀ ਕਹਿ ਕੇ ਮੇਰੇ ਮੂੰਹ ਤੇ ਪੈਸੇ ਮਾਰ ਸਕਦਾ ਏ।'

ਫੈਜ਼ਾ ਹੌਲੀ ਜਿਹੀ ਬੋਲੀ, 'ਚੰਦਾ ਮੈਂ ਤੇਰੇ ਕੋਲੋਂ ਮਾਫੀ ਮੰਗਣੀ ਏਂ। ਮੈਂ ਇਹੀ ਸ਼ਬਦ ਹੋਰ ਔਰਤਾਂ ਦੀ ਬੇਇਜ਼ਤੀ ਲਈ ਵਰਤਦੀ ਰਹੀ ਹਾਂ। ਮੈਂ ਸੱਚੀਂ ਸੋਚਦੀ ਸੀ ਕਿ ਤੁਸੀਂ ਸਾਰੀਆਂ ਬੜੀਆਂ ਗੰਦੀਆਂ ਹੋ ਅਤੇ ਸਾਰੀ ਗੰਦਗੀ ਦੀ ਜੜ੍ਹ ਹੋ।

ਚੰਦਾ ਨੇ ਉਦਾਸ ਜਿਹੀ ਮੁਸਕਾਨ ਨਾਲ ਉਹਦੇ ਵੱਲ ਵੇਖਿਆ, 'ਕਈ ਵਾਰੀ ਅਸੀਂ ਵੀ ਇਹ ਸ਼ਬਦ ਉਨ੍ਹਾਂ ਰੰਡੀਆਂ ਲਈ ਵਰਤਦੀਆਂ ਹਾਂ ਜਿਨ੍ਹਾਂ ਨੂੰ ਅਸੀਂ ਪਸੰਦ ਨਹੀਂ ਕਰਦੀਆਂ। ਜਦੋਂ ਅਸੀਂ ਕਿਸੇ ਔਰਤ ਤੇ ਖ਼ਫਾ ਹੋਈਏ ਤਾਂ ਅਸੀਂ ਉਹਨੂੰ ਗਸ਼ਤੀ ਕਹਿ ਕੇ ਗਾਲ੍ਹ ਕੱਢਦੀਆਂ ਹਾਂ। ਉਹ ਰੋਣ ਲੱਗ ਪਈ। ਇਸ ਤੰਤਰ ਨੇ ਸਾਨੂੰ ਐਨਾ ਹੇਠਲਾ ਰੁਤਬਾ ਦਿੱਤਾ ਏ ਕਿ ਅਸੀਂ ਇਕ ਗਾਲ੍ਹ ਬਣਕੇ ਹੀ ਰਹਿ ਗਈਆਂ ਹਾਂ ਪਰ ਫੇਰ ਵੀ ਉਹ ਸਾਡੇ ਕੋਲ ਆਉਂਦੇ ਨੇ।'

'ਭੈਣੇ ਉਦਾਸ ਨਾ ਹੋ। ਮੈਨੂੰ ਅਹਿਸਾਸ ਹੋ ਰਿਹਾ ਏ ਕਿ ਮੈਂ ਵੀ ਇਹੀ ਕਰਦੀ ਰਹੀ ਹਾਂ।

ਖੁਦ ਨੂੰ ਬੁਰਾ ਕਹਿੰਦੀ ਰਹੀ ਹਾਂ, 'ਫੈਜ਼ਾ ਦੀ ਦੀ ਆਵਾਜ਼ ਲੜਖੜਾ ਗਈ। ਚੰਦਾ ਅਸੀਂ ਸਭ ਇਵੇਂ ਹੀ ਕਰਦੀਆਂ ਹਾਂ। ਅਸੀਂ ਇੱਜ਼ਤ ਵਾਲੀਆਂ ਤੇ ਖਰੀਆਂ ਔਰਤਾਂ ਵੀ 'ਔਰਤ' ਸ਼ਬਦ ਨੂੰ ਗਾਲ੍ਹ ਵਾਂਗ ਹੀ ਵਰਤਦੀਆਂ ਹਾਂ ਪਰ ਇਹ ਨਹੀਂ ਸਮਝਦੀਆਂ ਕਿ ਜੋ ਹੇਠਲਾ ਰੁਤਬਾ ਸਾਨੂੰ ਦਿੱਤਾ ਗਿਆ ਏ ਅਸੀਂ ਉਸ ਨੂੰ ਮਜ਼ਬੂਤ ਕਰ ਰਹੀਆਂ ਹਾਂ। ਜਦੋਂ ਮੈਂ ਆਪਣੇ ਭਰਾ ਦੇ ਡਰ ਅਤੇ ਉਹਦੇ ਕੁੜੀਆਂ ਵਰਗੇ ਵਿਹਾਰ ਨੂੰ ਵੇਖਦੀ ਹਾਂ ਤਾਂ ਮੈਂ ਉਹਨੂੰ ਸਿੱਸੀ ਕਹਿ ਕੇ ਬੁਲਾਉਂਦੀ ਹਾਂ। ਮੈਂ ਆਪਣੇ ਦੋਸਤਾਂ ਨੂੰ ਕਹਿੰਦੀ ਹਾਂ, ''ਜਾਉ ਔਰਤਾਂ ਵਾਂਗ ਚੂੜੀਆਂ ਪਹਿਨ ਕੇ ਆਪਣੇ ਘਰ ਬੈਠ ਜਾਉ '' ਜਦੋਂ ਮੈਨੂੰ ਲੱਗਦਾ ਏ ਕਿ ਉਹ ਸਭ ਡਰਪੋਕ ਨੇ। ਪਰ ਇਹ ਮੈਂ ਬਿਲਕੁਲ ਮਹਿਸੂਸ ਨਹੀਂ ਕਰਦੀ ਕਿ ਇਹ ਕਹਿ ਕੇ ਖੁਦ ਨੂੰ ਹੀ ਕੋਸ ਰਹੀ ਹਾਂ। ਅਸੀਂ ਖੁਦ ਨੂੰ ਹੀ ਕੋਸਦੀਆ ਰਹਿੰਦੀਆਂ ਹਾਂ ਚੰਦਾ।'

ਚੰਦਾ ਨੇ ਮੈਨੂੰ ਜੱਫੀ ਵਿੱਚ ਘੁਟ ਲਿਆ। ਉਹ ਨੂੰ ਧੀਰਜ ਦੇਣ ਲਈ ਉਹਨੇ ਫੈਜ਼ਾ ਦੀ ਪਿੱਠ ਥਪਥਪਾਈ ਪਰ ਖੁਦ ਉਹ ਟੁੱਟੀ ਹੋਈ ਲੱਗਦੀ ਸੀ। ਉਹਨੂੰ ਲੱਗਿਆ ਕਿ ਉਹ ਇਕ ਦਿਨ ਹੋਰ ਅਜੇ ਕੋਠੇ ਤੇ ਬੈਠਣ ਜੋਗੀ ਨਹੀਂ ਰਹੇਗੀ ਜਦਕਿ ਗਾਹਕ ਆਉਂਦੇ ਰਹਿਣਗੇ ਤੇ ਉਹਨੂੰ ਕੋਠੇ ਤੇ ਨਾ ਦੇਖ ਕੇ ਚਲੇ ਜਾਂਦੇ ਰਹਿਣਗੇ। ਪਰ ਉਹ ਫੈਜ਼ਾ ਬਾਰੇ ਕੁਝ ਨਹੀਂ ਸੋਚ ਰਹੀ ਸੀ। ਫੈਜ਼ਾ ਨੇ ਚੰਦਾ ਦਾ ਹੱਥ ਘੁੱਟ ਕੇ ਫੜਿਆ ਹੋਇਆ ਸੀ ਤੇ ਉਹ ਸੋਚ ਰਹੀ ਸੀ ਕਿ ਉਹ ਹੁਣ ਕਿਸੇ ਵੀ ਨਿਕਾਹ ਦੀ ਪੇਸ਼ਕਸ਼ ਵਿਚ ਇਵੇਂ ਨਹੀਂ ਬੈਠੇਗੀ ਕਿ ਲੋਕ ਆਉਣ ਜਿਵੇਂ ਕਿ ਉਹ ਕਿਸੇ ਨੁਮਾਇਸ਼ ਵਿਚ ਕਿਸੇ ਚੀਜ਼. ਨੂੰ ਵੇਖ ਰਹੇ ਹੋਣ। ਅਤੇ ਉਹ ਚੰਦਾ ਬਾਰੇ ਬਿਲਕੁਲ ਨਹੀਂ ਸੋਚ ਰਹੀ ਸੀ।

ਫੈਜ਼ਾ ਫੁਸਫੁਸਾਈ, ਸਾਡੇ ਸੰਸਾਰ ਵੱਖਰੇ ਨਹੀਂ ਹਨ ਚੰਦਾ। ਮੈਂ ਖੁਸ਼ ਹਾਂ ਕਿ ਮੈਂ ਆਪਣੇ ਲਈ ਤਾਂ ਇਹ ਸੀਮਾ ਰੇਖਾਵਾਂ ਮਿਟਾ ਦਿੱਤੀਆਂ ਹਨ ਅਤੇ ਰੁਕਾਵਟਾਂ ਦੇ ਵਿਚੋਂ ਦੀ ਵੇਖ ਲਿਆ ਏ।' ਉਨ੍ਹਾਂ ਨੇ ਆਸ ਨਾਲ ਮੇਰੇ ਵੱਲ ਦੇਖਿਆ।

ਮੈਂ ਆਪਣੇ ਵਲਵਲੇ ਨਾ ਰੋਕ ਪਾਈ ਤੇ ਬੋਲੀ, 'ਗੱਲ ਲਈ ਮੇਰੇ ਵੱਲ ਨਾ ਦੇਖੋ। ਮੇਰੇ ਵਾਸਤੇ ਵੀ ਇਹ ਉਵੇਂ ਹੀ ਏ। ਇਕ ਮੱਧ ਵਰਗੀ ਔਰਤ ਉਸ ਵੇਸਵਾ ਨੂੰ ਕੋਸ ਰਹੀ ਜੋ ਸ਼ਹਿਰ ਦੇ ਕਿਸੇ ਚੰਗੇ ਹਿੱਸੇ ਵਿੱਚ ਜਾਂ ਵੱਸੀ ਏ, ਮਰਦ ਬਸ ਦੀ ਇੰਤਜ਼ਾਰ ਵਿੱਚ ਖੜ੍ਹੀ ਇਕ ਡਰੀ ਹੋਈ ਕੁੜੀ ਵੱਲ ਝਈਆਂ ਲੈ-ਲੈ ਪੈ ਰਿਹਾ ਏ, ਇਕ ਬੱਸ ਇਹ ਸੋਚ ਰਿਹਾ ਏ ਕਿ ਕਿਸੇ ਵੀ ਔਰਤ ਮੁਲਾਜ਼ਮ ਨਾਲ ਸ਼ੁਗਲ ਕਰ ਸਕਦਾ ਏ, ਇਕ ਖਾਵੰਦ ਆਪਣੀ ਬੀਵੀ ਨੂੰ ਕੁੱਟਦਾ ਹੋਇਆ, ਮਾਂ ਆਪਣੀ ਧੀ ਨੂੰ ਸਮਝਾਉਂਦੀ ਹੋਈ ਕਿ ਆਗਿਆਕਾਰੀ ਰਹਿਣਾ ਹੀ ਸਭ ਕੁਝ ਏ, ਇਹ ਸਾਰੀਆਂ ਕਹਾਣੀਆਂ ਇਹੀ ਪ੍ਰਚਾਰ ਕਰਦੀਆਂ ਨੇ ਕਿ ਚੰਗੀ ਕੁੜੀ ਕੀ ਹੋਣੀ ਚਾਹੀਦੀ ਏ। ਮੇਰੇ ਲਈ ਇਹ ਸਭ ਇਕੋ ਜਿਹੀਆਂ ਨੇ। ਫੈਜ਼ਾ ਤੇਰਾ ਸੰਸਾਰ ਤੇ ਚੰਦਾ ਤੇਰਾ ਸੰਸਾਰ ਉਹ ਸਭ ਇਸੇ ਤਰ੍ਹਾਂ ਦੇ ਨੇ।

ਮੈਂ ਆਪਣੀ ਇਕ ਬਾਂਹ ਫੈਜ਼ਾ ਤੇ ਦੂਜੀ ਚੰਦਾ ਦੁਆਲੇ ਲਪੇਟ ਲਈ ਅਤੇ ਰਲ ਕੇ ਰੋਣ ਲੱਗ ਪਈਆਂ।' ਉਸੇ ਸਿੱਕੇ ਦੇ ਦੋ ਰੂਪ, ''ਮੈਂ ਸੋਚਿਆ। ਇਕ ਮੁਹੱਲੇ ਵਿਚ ਗੰਦੀ ਔਰਤ ਦੇ ਪਾਪ ਦੇ ਨਾਂ ਤੇ ਚਲਦਾ ਏ ਅਤੇ ਦੂਜਾ ਇੱਜ਼ਤ ਅਤੇ ਇਖ਼ਲਾਕ ਦੇ ਨਾਂ ਤੇ ਚੰਗੀਆਂ ਔਰਤਾਂ ਦੇ ਰੂਪ ਵਿੱਚ ਚੱਲਦਾ ਏ ਅਤੇ ਦੋਵੇਂ ਹੀ ਆਪਣੀ ਭੂਮਿਕਾ ਨਿਭਾ ਰਹੀਆਂ ਨੇ ਜੋ ਉਨ੍ਹਾਂ ਨੂੰ ਇਸ ਮਰਦਾਵੇਂ ਸਿਸਟਮ ਨੇ ਦਿੱਤੀਆਂ ਹਨ।

## ਲਹੌਰ ਦੀ ਹੀਰਾ ਮੰਡੀ ਦਾ ਗੁੱਝਾ ਸੱਭਿਆਚਾਰ

ਇਹ ਕਿਤਾਬ ਤੁਹਾਨੂੰ ਲਹੌਰ ਦੇ ਸ਼ਾਹੀ ਮੁਹੱਲੇ ਦੇ ਮਸ਼ਹੂਰ ਲਾਲ ਬੱਤੀ ਖੇਤਰ ਵਿਚ ਇਕ ਖੋਜ-ਯਾਤਰਾ ਤੇ ਲੈ ਜਾਂਦੀ ਏ। ਲੇਖਿਕਾ ਸ਼ਾਹੀ ਮੁਹੱਲੇ ਨਾਲ ਜੁੜੇ ਲੋਕਾਂ; ਰੰਡੀਆਂ ਉਨ੍ਹਾਂ ਦੇ ਦੱਲਿਆਂ ਪ੍ਰਬੰਧਕਾਂ ਅਤੇ ਗਾਹਕਾਂ ਨਾਲ ਹੀ ਸਾਜ਼ਿੰਦਿਆਂ ਅਤੇ ਹੋਰਨਾਂ, ਦੇ ਜੀਵਨਾਂ ਰਾਹੀਂ ਆਪਣੀ ਕਹਾਣੀ ਕਹਿੰਦੀ ਏ। ਉਨ੍ਹਾਂ ਦੀਆਂ ਕਹਾਣੀਆਂ ਰਾਹੀਂ, ਇਹ ਕਿਤਾਬ ਉਨ੍ਹਾਂ ਦੇ ਯੋਗਦਾਨ ਨੂੰ ਵੀ ਲਕੀਰਦੀ ਏ ਜੋ ਇਨ੍ਹਾਂ ਲੋਕਾਂ ਨੇ ਪਾਕਿਸਤਾਨ ਦੀਆਂ ਪੇਸ਼ਕਾਰੀ ਕਲਾਵਾਂ ਦੇ ਸੰਸਾਰ ਲਈ ਪਾਇਆ ਏ।

ਇਸ ਗੱਲ ਨੂੰ ਸਪਸ਼ਟ ਕਰਨ ਲਈ ਕਿ ਰੰਡੀਗਿਰੀ ਦਾ 'ਚੰਗੇ ਲੋਕਾਂ' ਨਾਲ ਕੋਈ ਨਾਤਾ ਨਹੀਂ, ਪਾਕਿਸਤਾਨ ਸਮਾਜ ਨੇ ਕਈ ਮਿਥਾਂ ਘੜੀਆਂ ਹਨ ਤੇ ਉਨ੍ਹਾਂ ਨੂੰ ਮਜ਼ਬੂਤੀ ਦਿੱਤੀ ਏ। ਇਹ ਮਿਥ ਸਾਰਾ ਦੋਸ਼ ਮਾੜੀਆਂ ਔਰਤਾਂ ਤੇ ਮੜ੍ਹਦੇ ਨੇ ਕਿ ਉਹ ਚੰਗੇ ਲੋਕਾਂ ਨੂੰ ਮਾੜੇ ਕੰਮਾਂ ਵਿਚ ਚਾਲ ਨਾਲ ਫਸਾ ਲੈਂਦੀਆਂ ਨੇ। ਸਾਡਾ ਸਮਾਜ ਇਨ੍ਹਾਂ ਮਿਥਾਂ ਤੇ ਕਿੰਤੂ ਕਰਨ ਵਾਲੇ ਕਿਸੇ ਨੂੰ ਵੀ ਬੁਰੀ ਤਰ੍ਹਾਂ ਨਿਰਉਤਸ਼ਾਹਤ ਕਰਦਾ ਏ। ਰੰਡੀਗਿਰੀ ਬਾਰੇ ਸਾਡੀਆਂ ਮਿਥਾਂ ਨੂੰ ਨੰਗਾ ਕਰਕੇ ਇਹ ਕਿਤਾਬ ਸਾਡੇ ਸਮੁੱਚੇ ਸਮਾਜ ਵਿਚ ਸਾਰੀਆਂ ਔਰਤਾਂ ਵੱਲੋਂ ਅਨੁਭਵ ਕੀਤੇ ਜਾ ਰਹੇ ਸ਼ਕਤੀ ਸਬੰਧਾਂ ਪ੍ਰਤਿ ਸਾਡੀ ਸੋਚ ਵਿਚ ਇਕ ਅੰਨ੍ਹੇ ਬਿੰਦੂ ਨੂੰ ਖਤਮ ਕਰਨ ਵਿਚ ਮਦਦ ਕਰਦੀ ਏ।

---

ਮਿਨੀਸੋਟਾ ਯੂਨੀਵਰਸਿਟੀ ਤੋਂ ਸਿੱਖਿਆ ਵਿਚ ਪੀ ਐਚ ਡੀ ਨਾਲ **ਫੌਜ਼ੀਆ ਸਈਦ** ਨੇ ਪਾਕਿਸਤਾਨ ਵਿਚ ਸਮਾਜਕ ਤਬਦੀਲੀ ਲਿਆਉਣ ਵਾਲੇ ਕੰਮਾਂ ਨਾਲ ਸਬੰਧਿਤ ਅਹੁਦਿਆਂ ਤੇ ਪਿਛਲੇ ਬਾਰਾਂ ਸਾਲ ਬਿਤਾਏ ਨੇ ਜਿਨ੍ਹਾਂ ਵਿਚ ਨੈਸ਼ਨਲ ਇਂਸਟੀਚਿਊਟ ਆੱਫ ਫੋਕ ਐਂਡ ਟਰੈਡੀਸ਼ਨਲ ਹੈਰੀਟੇਜ, ਆਗਾ ਖਾਨ ਫਾਉਂਡੇਸ਼ਨ ਅਤੇ ਯੂ ਏ ਡੀ ਪੀ, ਪਾਕਿਸਤਾਨ ਵਰਗੀਆਂ ਸੰਸਥਾਵਾਂ ਸ਼ਾਮਿਲ ਹਨ। ਉਹ ਪਾਕਿਸਤਾਨ ਵਿਚ ਪਹਿਲੀ ਨਿੱਜੀ ਸੰਸਥਾ ਦੀ ਸਥਾਪਕ ਏ ਜੋ ਮਨੋਵਿਗਿਆਨਕ ਸੰਕਟ। ਖਾਸ ਕਰਕੇ ਉਹ ਜਿਨ੍ਹਾਂ ਦਾ ਸਬੰਧ ਬਲਾਤਕਾਰ ਅਤੇ ਘਰੇਲੂ ਹਿੰਸਾ ਨਾਲ ਏ, ਬਾਰੇ ਔਰਤਾਂ ਨੂੰ ਸਿੱਧੀਆਂ ਸੇਵਾਵਾਂ ਮੁਹੱਈਆਂ ਕਰਦੀ ਏ।

---

unistarbooks.com

UNISTAR BOOKS PVT. LTD.
INDIA
**Chandigarh** : 26-27 Top Floor, Sector 34A
Ph.: +91-172-5077427, 5077428, 5089761
**Ludhiana** : Punjabi Bhawan • +9198154 71219

ISBN 978-93-5017-282-7
9 789350 172827
₹ 250/-